ਪੰਜਾਬੀ

# ਬਰਾਂਗੇ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਇਸੇ ਕਲਮ ਤੋਂ—

ਪੰਜਾਬੀ ਬੋਲੀ ਦਾ ਇਤਿਹਾਸ
ਗੁਰਮੁਖੀ ਲਿਪੀ ਦਾ ਇਤਿਹਾਸ
ਹਿੰਦੁਸਤਾਨੀ ਕਵਿਤਾ
ਹਿੰਦੁਸਤਾਨੀ ਕਵੀ
ਹਿੰਦੁਸਤਾਨੀ ਕਲਾ
ਸਾਡੇ ਗੁਰਦੇਵ
ਪੁਸ਼ਪਾਂਜਲੀ
ਸੋਲਾਂ ਕਲਾਂ

ਮਹਾਂ ਕਵੀ ਸੰਤੋਖ ਸਿੰਘ
ਪੰਜਾਬੀ ਮਹਾਰਾਜਾ
ਪੰਜਾਬੀ ਵਾਰਾਂ
ਪੰਜਾਬੀ ਮਾਝਾਂ
ਹਾਸ਼ਮ ਰਦਨਾਵਲੀ
ਸੋਹਣੀ ਹਾਸ਼ਮ
ਹੀਰ ਕਿਸ਼ਨ ਸਿੰਘ
ਹੀਰ ਭਗਵਾਨ ਸਿੰਘ

ਹੱਕ ਰਾਖਵੇਂ ਹਨ ।
ਪ੍ਰਕਾਸ਼ਕ :
ਸਰਦਾਰ ਸਾਹਿਤ ਭਵਨ ਪਟਿਆਲਾ
ਛਾਪਕ :
ਨੈਸ਼ਨਲ ਪ੍ਰਿੰਟਿੰਗ ਪ੍ਰੈਸ, ਪਟਿਆਲਾ
ਪਹਿਲੀ ਵਾਰ
ਸਾਲ ੧੯੫੯
ਕੀਮਤ ੧੦॥)

Sri Satguru Jagjit Singh Ji eLibrary NamdhariElibrary@gmail.com

# ਤਤਕਰਾ


| | | ਪੰਨਾ |
|---|---|---|
| ਭੂਮਿਕਾ—ਕਵਿਤਾ ਤੇ ਕੁਦਰਤ | | ੯ |
| ਭਾਰਤੀ ਸਾਹਿਤ ਵਿਚ ਕੁਦਰਤ-ਕਾਵਿ ਪਰੰਪਰਾ | | ੧੨ |
| ਕਾਲੀਦਾਸ ਦਾ 'ਰਿਤੂ ਸੰਹਾਰ' | | ੧੫ |
| ਅੱਦਹਮਾਣ ਦਾ 'ਰਿਤੂ ਵਰਣਨ' | | ੨੮ |
| ਗੁਰੂ ਅਰਜਨ ਸਾਹਿਬ ਦੀ 'ਰੁਤੀ' | | ੩੨ |
| ਭਾਰਤੀ ਸਾਹਿਤ ਵਿਚ ਬਾਰਾਂਮਾਹ | | ੩੫ |
| ਪੰਜਾਬੀ ਸਾਹਿਤ ਵਿਚ ਬਾਰਾਂਮਾਹ | | ੪੩ |
| ਬਾਰਾਂਮਾਹਿਆਂ ਦੇ ਭੇਦ | | ੪੮–ਸ |
| ਬਾਰਾਂਮਾਹ ਦਾ ਛੰਦ | | ੪੮–ਕ |
| ਸੰਪਾਦਕੀ ਨੋਟ | | ੪੮–ਖ |
| ਬਾਰਾਂਮਾਹਿਆਂ ਦਾ ਪਾਠ : | | |
| ੧ | ਬਾਰਾਂਮਾਹ ਤੁਖਾਰੀ—ਗੁਰੂ ਨਾਨਕ | ੫੦ |
| ੨ | ,, ਮਾਝ—ਗੁਰੂ ਅਰਜਨ | ੫੪ |
| ੩ | ,, ਲੋਕ ਗੀਤ | ੫੯ |
| ੪ | ,, ,, | ੬੦ |
| ੫ | ,, ,, | ੬੧ |
| ੬ | ,, ,, | ੬੩ |
| ੭ | ,, ਬੁਲ੍ਹੇਸ਼ਾਹ ਕਾ | ੬੫ |
| ੮ | ,, ਸ਼ਾਹ ਮੁਰਾਦ ਕਾ | ੬੯ |
| ੯ | ,, ਸ੍ਰੀ ਰਾਮ ਚੰਦ੍ਰ ਜੀ ਕਾ (ਗੁਰਦਾਸ ਸਿੰਘ) | ੭੨ |
| ੧੦ | ,, ਸ਼ਾਹ ਮੁਰਾਦ (ਦੂਜੇ) ਕਾ | ੮੦ |
| ੧੧ | ,, ਬਰਖੁਰਦਾਰ ਕਾ | ੮੫ |
| ੧੨ | ,, ਕੇਸੋ ਗੁਣੀ | ੯੦ |
| ੧੩ | ,, ਭਾ. ਦਿਆਲ ਸਿੰਘ ਦਾ | ੯੭ |
| ੧੪ | ,, ਮੁਹੰਮਦ ਅਜ਼ੀਮ ਦਾ | ੧੦੩ |
| ੧੫ | ,, ਹਕੂਮਤਿ ਦਾ | ੧੧੨ |
| ੧੬ | ,, ਫ਼ਰਦ ਫ਼ਕੀਰ ਕਾ | ੧੨੨ |
| ੧੭ | ,, ਮੂਸੇ ਮਿਸਕੀਂ ਕਾ | ੧੨੮ |
| ੧੮ | ,, ਅਮਰਦਾਸ ਦਾ | ੧੩੦ |
| ੧੯ | ,, ਨਾਜ਼ਕ ਦਾ (ਕੇਸਰ ਸਿੰਘ) | ੧੩੪ |
| ੨੦ | ,, ਕੇਸਰ ਸਿੰਘ ਦਾ | ੧੩੫ |
| ੨੧ | ,, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਾ (ਬੀਰ ਸਿੰਘ) | ੧੩੮ |
| ੨੨ | ,, ਰਾਮ ਸਿੰਘ | ੧੪੪ |
| ੨੩ | ,, ਕੰਵਰ ਨੌਨਿਹਾਲ ਸਿੰਘ (ਅਗਿਆਤ) | ੧੫੦ |
| ੨੪ | ,, ਹੀਰ ਕਾ (ਸੁਖਾ ਸਿੰਘ) | ੧੫੧ |
| ੨੫ | ,, ਹੀਰ ਦਾ (ਬੁਧ ਸਿੰਘ) | ੧੫੮ |
| ੨੬ | ,, ਢੋਲ ਸੰਮੀ ਦਾ(ਮੁਨਸਫ਼ ਮਹਿਣੀ) | ੧੬੪ |
| ੨੭ | ,, ਸਾਹਿਬ ਸਿੰਘ ਮ੍ਰਿਗਿੰਦ | ੧੭੦ |
| ੨੮ | ,, ਗੁਲਾਮ ਹੁਸੈਨ ਦਾ | ੧੮੮ |




Sri Satguru Jagjit Singh ji eLibrary

| | | | |
|---|---|---|---|
| ੨੯ | ਬਾਰਾਂਮਾਹ | ਕੇਸੋ ਦਾ | ੧੯੫ |
| ੩੦ | ,, | ਮੂਲ ਸਿੰਘ ਜੀ ਕਾ | ੧੯੭ |
| ੩੧ | ,, | ਨੱਥੋ ਭੱਢੇ ਦਾ | ੧੯੯ |
| ੩੨ | ,, | ਦਿਲ ਚਮਨ ਦਾ (ਭਈਆਰਾਮ) | ੨੦੧ |
| ੩੩ | ,, | ਬਖਸ਼ੁਲਾ ਕਾ | ੨੦੩ |
| ੩੪ | ,, | ਵਿਯੋਗ (ਅਗਿਆਤ) | ੨੦੫ |
| ੩੫ | ,, | ਫ਼ਜ਼ਲ ਸ਼ਾਹ | ੨੧੦ |
| ੩੬ | ,, | ਸ਼ਾਹ ਹਦਾਇਤ | ੨੧੫ |
| ੩੭ | ,, | ਹੀਰ ਦਾ (ਭਗਵਾਨ ਸਿੰਘ) | ੨੧੭ |
| ੩੮ | ,, | ਕਿਸ਼ਨ ਸਿੰਘ ਆਰਿਫ | ੨੨੧ |
| ੩੯ | ,, | ,, | ੨੨੩ |
| ੪੦ | ,, | ਮੌਲਵੀ ਅਬਦੁਲ ਸਤਾਰ | ੨੨੫ |
| ੪੧ | ,, | ਬਾਵਾ ਦੇਸ ਰਾਜ | ੨੩੨ |
| ੪੨ | ,, | ਈਸ਼ਰ ਦਾਸ ਉਦਾਸੀ ਕਾ | ੨੩੮ |
| ੪੩ | ,, | ਬਿਸ਼ਨਦਾਸ ਗਹਿਰ ਗੰਭੀਰੀਆ | ੨੪੩ |
| ੪੪ | ,, | ਬੁਲਾਕੀ ਦਾਸ ਗੁਲਾਬਦਾਸੀਆ | ੨੪੫ |
| ੪੫ | ,, | ਨਾਰਾਇਣ ਸਿੰਘ | ੨੪੭ |
| ੪੬ | ,, | ਭਗਵਾਨ ਸਿੰਘ ਬਨੂੜੀ | ੨੫੧ |
| ੪੭ | ,, | ਮੌਲੇਸ਼ਾਹ | ੨੫੪ |
| ੪੮ | ,, | ਪੰਡਤ ਤੇਜਾ ਸਿੰਘ | ੨੫੬ |
| ੪੯ | ,, | ,, | ੨੫੭ |
| ੫੦ | ,, | ਹੀਰ ਦਾ (ਮੀਰਾਂ ਸ਼ਾਹ) | ੨੫੯ |
| ੫੧ | ,, | ਸ਼ੀਰੀਂ ਦਾ (ਮੁਹੰਮਦ ਬੂਟਾ) | ੨੬੧ |
| ੫੨ | ,, | ਦੇਵੀ ਜੀ ਕਾ (ਅਗਿਆਤ) | ੨੬੩ |
| ੫੩ | ,, | ਸੱਸੀ ਦਾ (ਕਰੀਮ ਬਖਸ਼) | ੨੬੫ |
| ੫੪ | ,, | ਅਬਦੁਲ ਰਹਿਮਾਨ | ੨੬੭ |
| ੫੫ | ,, | ਮਾਲੀ ਬੁਲਬੁਲ (ਗੁਲਾਮ ਰਸੂਲ) | ੨੬੯ |
| ੫੬ | ,, | ਭਾਈ ਚੰਦਾ ਸਿੰਘ | ੨੭੧ |
| ੫੭ | ,, | ਨਾਰਾਇਣ ਸਿੰਘ | ੨੭੯ |
| ੫੮ | ,, | ਹਿਦਾਇਤੁਲਾ | ੨੮੧ |
| ੫੮ | ,, | ਜਵਾਹਰ ਯਾਰ | ੨੮੩ |
| ੬੦ | ,, | ਪਾਲ ਸਿੰਘ ਆਰਿਫ | ੨੮੫ |
| ੬੧ | ,, | ਹਸਨ ਸ਼ਾਮ ਕਾ | ੨੮੮ |
| ੬੨ | ,, | ਮੁਸਾਫਰ ਸ਼ਾਇਰ | ੨੯੦ |
| ੬੩ | ,, | ਮੋਤੀ ਰਾਮ | ੨੯੨ |
| ੬੪ | ,, | ਦਰਦਮੰਦਾਂ (ਰਹੀਮ ਯਾਰ) | ੨੯੪ |
| ੬੫ | ,, | ਮੁਹੰਮਦੀ (ਰਹੀਮ ਯਾਰ) | ੨੯੬ |
| ੬੬ | ,, | ਮੁਹੰਮਦੀ (ਕਰੀਮ ਬਖਸ਼ ਬਦਰ) | ੨੯੮ |
| ੬੭ | ,, | ਰਹੀਮ ਬਖਸ਼ ਸਾਅਦ | ੩੦੦ |
| ੬੮ | ,, | ਅਹਿਮਦ ਦੀਨ | ੩੦੨ |
| ੬੯ | ,, | ਮਿਆਰਾਜ਼ੁਲ ਦੀਨ ਸ਼ਾਦ | ੩੦੪ |
| ੭੦ | ,, | ਮੁਹੰਮਦੀ (ਚੰਨਣ ਦੀਨ) | ੩੦੬ |




Sri Satguru Jagjit Singh Ji eLibrary NamdhariElibrary@gmail.com

| | | | |
|---|---|---|---|
| ੭੧ | ,, | ਗੌਂਸੀਆ (ਚੰਨਣ ਦੀਨ) | ੩੦੮ |
| ੭੨ | ,, | ਮੁਹੰਮਦੀ (ਪੀਰ ਨੇਕ ਆਲਮ) | ੩੧੦ |
| ੭੩ | ,, | ਮੇਲਾ ਰਾਮ (ਦਰ ਫਿਰਾਕ ਰਸੂਲ) | ੩੧੨ |
| ੭੪ | ,, | ਮਿਲਖੀ ਰਾਮ (ਦਰ ਸ਼ਾਨੇ ਰਸੂਲ) | ੩੧੪ |
| ੭੫ | ,, | ਮੁਹੰਮਦੀ (ਮਿਲਖੀ ਰਾਮ) | ੩੧੬ |
| ੭੬ | ,, | ਸ੍ਰੀ ਕ੍ਰਿਸ਼ਨ ਕਾ (ਮਿਲਖੀ ਰਾਮ) | ੩੧੮ |
| ੭੭ | ,, | ਕ੍ਰਿਸ਼ਨ ਲੀਲ੍ਹਾ (ਹਕੂਮਤ ਜਨ) | ੩੨੦ |
| ੭੮ | ,, | ਬੰਸੀ ਵਾਲੇ ਦਾ (ਖੁਸ਼ੀ ਰਾਮ ਆਰਿਫ) | ੩੨੨ |
| ੭੯ | ,, | ਪ੍ਰਹਿਲਾਦ ਭਗਤ (ਅਗਿਆਤ) | ੩੨੪ |
| ੮੦ | ,, | ਨਰਸੀ ਭਗਤ (ਲਾਲ ਦਾਸ ਵੈਰਾਗੀ) | ੩੨੬ |
| ੮੧ | ,, | ਰਾਣੀ ਸੁੰਦਰਾਂ ਕਾ (ਕਵੀ ਕਾਲੀਦਾਸ) | ੩੨੮ |
| ੮੨ | ,, | ਸੰਤ ਪ੍ਰੀਤਮ ਸਿੰਘ ਕੌਮੀ ਦੀਵਾਨਾ | ੩੩੨ |
| ੮੩ | ,, | ,, ,, ,, | ੩੩੪ |
| ੮੪ | ,, | ਹਕੀਕੀ ਮਜਾਜ਼ੀ (ਕੁੰਦਨ ਰਾਮ) | ੩੩੬ |
| ੮੫ | ,, | ਹਕੀਕੀ (ਇਸਮਾਈਲ ਨਕੋਦਰੀ) | ੩੩੯ |
| ੮੬ | ,, | ਸ਼ਾਹ ਨੂਰ ਆਲਮ | ੩੪੧ |
| ੮੭ | ,, | ਵੈਰਾਗ (ਵਰਿਆਮ ਸਿੰਘ) | ੩੪੩ |
| ੮੮ | ,, | ਵਿਯੋਗ (ਕਿਸ਼ਨ ਸਿੰਘ ਕਕਰਾਲਾ) | ੩੪੫ |
| ੮੯ | ,, | ਦਿਲਫ਼ਿਰਾਕ(ਠਾਕਰ ਸਿੰਘ ਸੰਤਰੀ) | ੩੪੭ |
| ੯੦ | ,, | ਕਵਿ ਰਾਮਦਾਸ | ੩੪੯ |
| ੯੧ | ,, | ਦਿਉਰ ਭਾਬੀ (ਗੋਪਾਲ ਸਿੰਘ) | ੩੫੧ |
| ੯੨ | ,, | ਨੱਢੜਾ ਨਿਦਾਨ (ਪ੍ਰੇਮ ਦਾਸ) | ੩੫੩ |
| ੯੩ | ,, | ਰਾਧਾ ਵਿਰਲਾਪ (ਰਲਿਆ ਰਾਮ ਭਗਤ ਦੇਵੀ ਦਾਸ) | ੩੫੫ |
| ੯੪ | ,, | ਨਾਅਤ (ਇਕਬਾਲ ਮੁਹੰਮਦ) | ੩੫੬ |
| ੯੫ | ,, | ਸਾਬਰੀ (ਮੁਨਸ਼ੀ ਨਜ਼ੀਰ ਅਹਿਮਦ) | ੩੫੭ |
| ੯੬ | ,, | ਪੁਰ ਦਰਦ (ਹਾਫਜ਼ ਮੁਹੰਮਦ ਦੀਨ ਦਰਦੀ) | ੩੫੮ |
| ੯੭ | ,, | ਕੰਤ ਮਹੇਲੀ (ਭਾ. ਵੀਰ ਸਿੰਘ) | ੩੫੯ |
| ੯੮ | ,, | ਮੌਲਾ ਬਖਸ਼ ਕੁਸ਼ਤਾ | ੩੬੧ |
| ੯੮ | ,, | ਅੰਮ੍ਰਿਤਾ ਪ੍ਰੀਤਮ | ੩੬੨ |
| ੧੦੦ | ,, | ਕਿਸਾਨਾਂ ਦਾ (ਗਿ: ਗੁਰਦਿਤ ਸਿੰਘ) | ੩੬੩ |

# ਅੱਖਰ-ਕ੍ਰਮ ਅਨੁਸਾਰ ਕਵੀ-ਸੂਚੀ


ਅਹਿਮਦ ਦੀਨ ੩੦੨
ਅਬਦੁਲ ਸਤਾਰ ਮੌਲਵੀ ੨੨੫
ਅਬਦੁਲ ਰਹਿਮਾਨ ੨੬੭
ਅਮਰਦਾਸ ੧੩੦
ਅੰਮ੍ਰਿਤਾ ਪ੍ਰੀਤਮ ੩੬੨
ਇਸਮਾਈਲ ਨਕੋਦਰੀ ੩੩੯
ਇਕਬਾਲ ਮੁਹੰਮਦ ੩੫੬
ਈਸ਼ਰ ਦਾਸ ਉਦਾਸੀ ੨੩੮
ਸ਼ਾਹ ਹਦਾਇਤ ੨੧੫
ਸ਼ਾਹ ਨੂਰ ਆਲਮ ੩੪੧
ਸ਼ਾਹ ਮੁਰਾਦ ੬੯
ਸ਼ਾਹ ਮੁਰਾਦ (ਦੂਜਾ) ੮੦
ਸਾਹਿਬ ਸਿੰਘ ਮ੍ਰਿਗਿੰਦ ੧੭੦
ਸੁੱਖਾ ਸਿੰਘ ੧੫੧
ਹਸਨ ੨੮੮
ਹਕੂਮਤ ਰਾਇ ੧੧੨
ਹਕੂਮਤ ਜਨ ੩੨੦
ਹਿਦਾਇਤੁਲਾ ੨੮੧
ਕੁੰਦਨ ਰਾਮ ੩੩੬
ਕਾਲੀਦਾਸ ੩੨੮
ਕਿਸ਼ਨ ਸਿੰਘ ਆਰਿਫ ੨੨੧, ੨੨੩
ਕਿਸ਼ਨ ਸਿੰਘ ਕਕਰਾਲਾ ੩੪੫
ਕਰੀਮ ਬਖਸ਼ ੨੬੫
ਕਰੀਮ ਬਖਸ਼ ਬਦਰ ੨੯੮
ਕੇਸਰ ਸਿੰਘ ੧੩੪, ੧੩੭
ਕੇਸੋ ੧੯੫
ਕੇਸੋ ਗੁਣੀ ੯੦
ਖੁਸ਼ੀ ਰਾਮ ਆਰਿਫ਼ ੩੨੨
ਗੁਰੂ ਅਰਜਨ ੫੪
ਗੁਰਦਾਸ ਸਿੰਘ ੭੨
ਗੁਰਦਿਤ ਸਿੰਘ ੩੬੩
ਗੁਰੂ ਨਾਨਕ ੫੦
ਗੁਲਾਮ ਹੁਸੈਨ ੧੮੮
ਗੁਲਾਮ ਰਸੂਲ ੨੬੯
ਗੋਪਾਲ ਸਿੰਘ ੩੫੧
ਚੰਦਾ ਸਿੰਘ ੨੭੧
ਚੰਨਣ ਦੀਨ ੩੦੬, ੩੦੮
ਜਵਾਹਰ ੨੮੩
ਠਾਕਰ ਸਿੰਘ ਸੰਤਰੀ ੩੪੭
ਤੇਜਾ ਸਿੰਘ (ਪੰਡਿਤ) ੨੫੬, ੨੫੭
ਦਿਆਲ ਸਿੰਘ ੯੭
ਦੇਸ ਰਾਜ (ਬਾਵਾ) ੨੩੨
ਨਾਰਾਇਣ ਸਿੰਘ ੨੪੭, ੨੭੯
ਨਜ਼ੀਰ ਅਹਿਮਦ (ਮੁਨਸ਼ੀ) ੩੫੭
ਪ੍ਰੀਤਮ ਸਿੰਘ ਕੌਮੀ (ਸੰਤ) ੩੩੨-੩੩੪
ਪਾਲ ਸਿੰਘ ਆਰਿਫ਼ ੨੮੫
ਪੀਰ ਨੇਕ ਆਲਮ ੩੧੦
ਪ੍ਰੇਮ ਦਾਸ ੩੫੩
ਫਜ਼ਲ ਸ਼ਾਹ ੨੧੦
ਫਰਦ ਫ਼ਕੀਰ ੧੨੨
ਬਖਸ਼ੁੱਲਾ ੨੦੩
ਬਰਖ਼ੁਰਦਾਰ ੮੫
ਬਿਸ਼ਨ ਦਾਸ ੨੪੩
ਬੀਰ ਸਿੰਘ ੧੩੮




Sri Satguru Jagjit Singh Ji eLibrary NamdhariElibrary@gmail.com

ਬੁਧ ਸਿੰਘ ੧੫੮
ਬੁਲਾਕੀ ਦਾਸ ੨੪੫
ਬੁਲ੍ਹੇਸ਼ਾਹ ੬੫
ਭਈਆ ਰਾਮ ੧੯੯, ੨੦੧
ਭਗਵਾਨ ਸਿੰਘ ੨੧੭
ਭਗਵਾਨ ਸਿੰਘ ਬਨੂੜੀ ੨੫੧
ਮਿਅਰਾਜ਼ੁਲਦੀਨ ਸ਼ਾਦ ੩੦੪
ਮਿਲਖੀ ਰਾਮ ੩੧੪, ੩੧੬, ੩੧੮
ਮੀਰਾਂ ਸ਼ਾਹ ੨੫੯
ਮੁਸਾਫ਼ਰ ਸ਼ਾਇਰ ੨੯੦
ਮੁਹੰਮਦ ਅਜ਼ੀਮ ੧੦੩
ਮੁਹੰਮਦ ਦੀਨ ਦਰਦੀ ੩੫੮
ਮੁਹੰਮਦ ਬੂਟਾ ੨੬੧
ਮੁਨਸਫ਼ ਮਹਿਣੀ ੧੬੪
ਮੂਸੇ ਮਿਸਕੀਂ ੧੨੮
ਮੂਲ ਸਿੰਘ ੧੯੭
ਮੇਲਾ ਰਾਮ ੩੧੨
ਮੋਤੀ ਰਾਮ ੨੯੨
ਮੌਲੇ ਸ਼ਾਹ ੨੫੪
ਮੌਲਾ ਬਖਸ਼ ਕੁਸ਼ਤਾ ੩੬੧
ਰਹੀਮ ਬਖਸ਼ ਸਾਅਦ ੩੦੦
ਰਹੀਮ ਯਾਰ ੨੯੪, ੨੯੬
ਰਲਿਆਰਾਮ ਵ ਭਗਤ ਦੇਵੀਦਾਸ ੩੫੫
ਰਾਮ ਸਿੰਘ ੧੪੪
ਰਾਮ ਦਾਸ ੩੪੯
ਲਾਲ ਦਾਸ ਵੈਰਾਗੀ ੩੨੬
ਲੋਕ-ਕਵੀ ੫੯–੬੪
ਵਰਿਆਮ ਸਿੰਘ ੩੪੩
ਵੀਰ ਸਿੰਘ ੩੫੯

# ਦੋ ਸ਼ਬਦ

ਪ੍ਰਾਚੀਨ ਸਾਹਿਤ ਦੀ ਸੰਭਾਲ ਸਮੇਂ ਦੀ ਸਭ ਤੋਂ ਜ਼ਰੂਰੀ ਮੰਗ ਹੈ। ਇਸ ਤੋਂ ਬਿਨਾਂ ਅਸੀਂ ਆਪਣੇ ਸਾਹਿਤ ਜਾਂ ਕਿਸੇ ਸਾਹਿਤਕਾਰ ਦੀ ਇਤਿਹਾਸਕ ਵਿਕਾਸ ਵਿਚ ਸਹੀ ਕੀਮਤ ਨਹੀਂ ਥਾਪ ਸਕਦੇ। ਹੁਣ ਜਦੋਂ ਕਿ ਲੋਕਰਾਜ ਆਉਣ ਨਾਲ ਪੰਜਾਬੀ ਜ਼ਬਾਨ ਦੇ ਭਾਗ ਜਾਗੇ ਹਨ ਤੇ ਇਸ ਨੂੰ ਆਪਣੀ ਯੋਗ ਪਦਵੀ ਮਿਲਣ ਲੱਗੀ ਹੈ ਤਾਂ ਜ਼ਰੂਰੀ ਹੈ ਕਿ ਅਸੀਂ ਇਸ ਦੇ ਪੁਰਾਣੇ ਖਜ਼ਾਨੇ ਢੂੰਡੀਏ ਤੇ ਇਸ ਦੀ ਅਮੀਰੀ ਲੋਕੀ ਸਾਮ੍ਹਣੇ ਲਿਆਈਏ।

ਖੋਜੀ ਸੱਜਣ ਜਾਣਦੇ ਹਨ ਕਿ ਅਜੇ ਤਕ ਪ੍ਰਾਚੀਨ ਪੰਜਾਬੀ ਵਾਰਤਕ ਤੇ ਕਵਿਤਾ ਦੀਆਂ ਸੈਂਕੜੇ ਰਚਨਾਵਾਂ ਹੱਥਲਿਖਤ ਰੂਪ ਵਿਚ ਹੀ ਪਈਆਂ ਹਨ, ਉਨ੍ਹਾਂ ਨੂੰ ਛਾਪੇਖ਼ਾਨੇ ਦੇ ਦਰਸ਼ਨ ਨਸੀਬ ਨਹੀਂ ਹੋਏ, ਬਹੁਤ ਸਾਰੀਆਂ ਤਾਂ ਕਾਗਜ਼-ਕੀਟਾਣੂਆਂ ਦੀ ਖ਼ੁਰਾਕ ਬਣਕੇ ਸਾਥੋਂ ਸਦਾ ਲਈ ਗੁਆਚ ਗਈਆਂ ਹਨ। ਲੋੜ ਹੈ, ਬਚਦੇ ਸਾਹਿਤ ਦੀ ਸਮੇਂ ਸਿਰ, ਸਹੀ ਤਰ੍ਹਾਂ ਸੰਭਾਲ ਕੀਤੀ ਜਾਵੇ। ਸਾਹਿਤ ਤੇ ਭਾਸ਼ਾ ਦੇ ਇਤਿਹਾਸ ਅਤੇ ਆਲੋਚਨਾਤਮਕ ਵਿਸ਼ਲੇਸ਼ਨ ਲਈ ਵੀ ਮੂਲ ਚੀਜ਼ਾਂ ਦੀ ਸ਼ੁਧ ਰੂਪ ਵਿਚ ਪ੍ਰਾਪਤੀ ਇਕ ਪਹਿਲਾ ਤੇ ਜ਼ਰੂਰੀ ਕਰਮ ਹੈ।

'ਪੰਜਾਬੀ ਵਾਰਾਂ' ਦੇ ਸੰਪਾਦਨ ਉਪਰੰਤ ਮੈਂ ੧੯੫੦ ਈ. ਵਿਚ ਹੀ ਬਾਰਾਂਮਾਹਿਆਂ ਨੂੰ ਐਡਿਟ ਕਰਨ ਦਾ ਕੰਮ ਹੱਥ ਵਿਚ ਲੈ ਲਿਆ ਸੀ, ਇਤਨੇ ਸਮੇਂ ਵਿਚ ਜੋ ਕੁਝ ਜਿਥੋਂ ਜਿਥੋਂ ਮਿਲਿਆ, ਉਹ ਸੰਗ੍ਰਹਿ ਕੀਤਾ ਜਾਂਦਾ ਰਿਹਾ। ਤਿੰਨ ਸੌ ਤੋਂ ਉਤੇ ਬਾਰਾਂਮਾਹੇ ਮੇਰੇ ਧਿਆਨ ਵਿਚ ਆਏ, ਜਿਨ੍ਹਾਂ ਵਿਚੋਂ ਕੇਵਲ ਇਹ ਇਕ ਸੌ ਚੁਣਿਆ ਗਿਆ ਹੈ। ਕਾਵਿ-ਉਤਮਤਾ ਤੋਂ ਬਾਦ ਵਿਸ਼ੇ-ਵੰਨਗੀ ਤੇ ਭਾਸ਼ਾ-ਵੰਨਗੀ ਦਾ ਵੀ ਧਿਆਨ ਰੱਖਿਆ ਗਿਆ ਹੈ। ਸੰਤ ਕਵੀਆਂ, ਵੇਦਾਂਤੀ ਸਾਧੂਆਂ, ਸੂਫ਼ੀ ਫ਼ਕੀਰਾਂ, ਦੀਨੀ ਲੋਕਾਂ, ਕ੍ਰਿਸ਼ਣ-ਪੁਜਾਰੀਆਂ, ਸ਼ਿੰਗਾਰੀ ਕਵੀਆਂ ਤੇ ਪੇਂਡੂ ਕਿੱਸਾਕਾਰਾਂ ਆਦਿ ਲਿਖਾਰੀਆਂ ਦੀ ਵੰਨਸੁਵੰਨਤਾ ਨੂੰ ਵੀ ਓਝਲ ਨਹੀਂ ਹੋਣ ਦਿਤਾ ਗਿਆ।

ਇਹ ਸਾਹਿਤ-ਸੰਭਾਲ ਦਾ ਨਿਮਾਣਾ ਜੇਹਾ ਜਤਨ ਹੈ, ਇਸ ਤੋਂ ਜਿਥੇ ਕਾਵਿ ਦੇ ਵਧੀਆ ਨਮੂਨੇ ਮਿਲਣਗੇ, ਉਥੇ ਕਈ ਅਪ੍ਰਗਟ ਕਵੀਆਂ ਦਾ ਵੀ ਪਤਾ ਲਗੇਗਾ। ਜਿਥੇ ਪੈਂਤੀ ਦੇ ਲਗਭਗ ਹਥਲਿਖਤ ਰਚਨਾਵਾਂ ਦੀ ਸੰਭਾਲ ਹੋ ਜਾਵੇਗੀ, ਉਥੇ ਕਿਤਨੀਆਂ ਹੀ ਦੁਰਲਭ ਚੀਜ਼ਾਂ ਵੀ ਪਾਠਕਾਂ ਲਈ ਆਮ ਸੁਲਭ ਹੋ ਜਾਣਗੀਆਂ।

ਅੰਤ ਵਿਚ ਅਸੀਂ ਸਮੂਹ ਬਾਰਾਂਮਾਹ–ਰਚਣਹਾਰਿਆਂ, ਉਨ੍ਹਾਂ ਦੇ ਉਤਾਰਾ ਕਰਨਹਾਰਿਆਂ ਤੇ ਪ੍ਰਕਾਸ਼ਕਾਂ ਦੇ ਧੰਨਵਾਦੀ ਹਾਂ, ਜਿਨ੍ਹਾਂ ਸਾਹਿਤ ਦੇ ਭੰਡਾਰੇ ਨੂੰ ਭਰਪੂਰ ਕਰਨ ਵਿਚ ਯਥਾਯੋਗ ਹਿੱਸਾ ਪਾਇਆ ਹੈ।

ਕਲਮ ਮੰਦਰ
ਪਟਿਆਲਾ
ਅਪ੍ਰੈਲ, ੧੯੫੯

ਪਿਆਰਾ ਸਿੰਘ ਪਦਮ



Sri Satguru Jagjit Singh Ji eLibrary NamdhariElibrary@gmail.com

# ਭੂਮਿਕਾ

ਕੁਦਰਤ ਤੇ ਮੁਹੱਬਤ ਕਵਿਤਾ ਦੀਆਂ ਸਕੀਆਂ ਭੈਣਾਂ ਹਨ ਤੇ ਇਨ੍ਹਾਂ ਦਾ ਸਹੇਲ ਬੜਾ ਨਿੱਘਾ ਤੇ ਆਦਿ ਜੁਗਾਦਿ ਦਾ ਹੈ। ਜੇ ਦੁਨੀਆਂ ਦੀ ਅੱਧੀ ਤੋਂ ਵਧੇਰੇ ਕਵਿਤਾ ਮੁਹੱਬਤ ਦੇ ਮਾਮਲਿਆਂ ਦੁਆਲੇ ਘੁੰਮਦੀ ਹੈ ਤਾਂ ਬਾਕੀ ਕਵਿਤਾ ਦਾ ਕਾਫੀ ਭਾਗ ਬਹੁ-ਭਾਂਤੀ ਜਾਂ ਬਹੁ-ਰੰਗੀ ਕੁਦਰਤ ਦੇ ਰੰਗਾਂ ਵਿਚ ਰੰਗੀਜਿਆ ਹੋਇਆ ਹੈ। ਇਸ ਹਕੀਕਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕੁਦਰਤ ਮਨੁਖ ਦੀ ਸਭ ਤੋਂ ਪੁਰਾਣੀ ਸਾਥਣ ਹੈ, ਜਿਥੇ ਇਹ ਆਦਮੀ ਦੀਆਂ ਸਰੀਰਕ ਲੋੜਾਂ ਨੂੰ ਪੂਰਾ ਕਰਦੀ ਆਈ ਹੈ, ਉਥੇ ਇਸਦੀ ਵਚਿਤ੍ਰਤਾ ਤੇ ਸੁੰਦਰਤਾ ਨੇ ਮਨੁਖ ਦੇ ਅੰਦਰਲੇ ਅਨੁਭਵ ਨੂੰ ਨੂੰ ਵੀ ਬੜਾ ਗੂੜ੍ਹਾ ਰੰਗ ਚਾੜ੍ਹਿਆ ਹੈ। ਕੁਦਰਤ ਨੂੰ ਜੜ੍ਹ ਕਹਿਣ ਦੀ ਗੱਲ ਤਾਂ ਬੜੀ ਪੁਰਾਣੀ ਹੋ ਚੁਕੀ ਹੈ, ਹੁਣ ਤਾਂ ਵਿਗਿਆਨੀਆਂ ਨੇ ਵੀ ਇਸਦੀ ਚੇਤਨਤਾ ਦੇ ਸਬੂਤ ਲਭ ਲਏ ਹਨ।

## ਕਵਿਤਾ ਤੇ ਕੁਦਰਤ

ਸੂਰਜ, ਚੰਦ, ਸਤਾਰੇ, ਸਾਗਰ, ਦਰਿਆ, ਝੀਲਾਂ, ਆਬਸ਼ਾਰਾਂ, ਪਹਾੜ, ਜੰਗਲ ਤੇ ਤਮਾਮ ਬਨਾਸਪਤੀ ਜ਼ਿੰਦਗੀ ਦੀਆਂ ਸਥੂਲ ਲੋੜਾਂ ਤਾਂ ਪੂਰੀਆਂ ਕਰਦੇ ਹੀ ਹਨ, ਇਨ੍ਹਾਂ ਦਾ ਸੁਹਜ-ਭਰਿਆ ਵਚਿਤ੍ਰ ਤੇ ਵਿਸ਼ਾਲ ਰੂਪ ਸਾਡੇ ਮਨ ਨੂੰ ਇਕ ਸੂਖਮ ਹੁਲਾਰਾ ਦਿੰਦਾ ਹੈ ਤੇ ਇਸ ਹੁਲਾਰੇ ਨਾਲ ਕਵਿਤਾ ਨੂੰ ਬਹੁਤ ਕੁਛ ਹਾਸਲ ਹੋਇਆ ਹੈ। ਸਾਨੂੰ ਮਨੋ-ਵਿਗਿਆਨ ਦੇ ਦੱਸੇ ਇਸ ਨਤੀਜੇ ਤੋਂ ਵੀ ਇਨਕਾਰੀ ਹੋਣ ਦੀ ਲੋੜ ਨਹੀਂ ਕਿ ਕੁਦਰਤ ਦੇ ਰੂਪ ਰੰਗ, ਟਹਿਕ ਮਹਿਕ ਤੇ ਦਰਸ਼ਨ ਪਰਸਨ ਸਾਡੇ ਇੰਦ੍ਰਿਆਂ ਨੂੰ ਇਕ ਤਰ੍ਹਾਂ ਦੀ ਤ੍ਰਿਪਤੀ ਬਖਸ਼ਦੇ ਹਨ, ਸੰਤੁਸ਼ਟਾ ਪ੍ਰਦਾਨ ਕਰਦੇ ਹਨ, ਜਿਸ ਕਾਰਣ ਸਾਡੀ ਕੁਦਰਤ ਲਈ ਖਿੱਚ ਇਕ ਤਰ੍ਹਾਂ ਦਾ ਸੁਭਾਵਕ ਤੇ ਲਾਜ਼ਮੀ ਅਮਲ ਹੈ। ਪਰ ਇਸ ਤੋਂ ਇਲਾਵਾ ਕੁਛ ਕੁਛ ਹੋਰ ਵੀ ਹੈ, ਜੋ ਮਨੁਖੀ ਆਤਮਾ ਨੇ ਕੇਵਲ ਕੁਦਰਤ ਦੀ ਗੋਦ ਵਿਚੋਂ ਹੀ ਪਰਾਪਤ ਕੀਤਾ ਹੈ। ਕਵਿਤਾ ਨੂੰ ਇਤਨਾ ਸੁਹੱਪਣ ਕਿਸੇ ਇਕ ਵਿਅਕਤੀ ਤੋਂ ਨਸੀਬ ਨਹੀਂ ਹੋਇਆ ਜਿਤਨਾ ਕਿ ਕੁਦਰਤ ਤੋਂ ਮਿਲਿਆ ਹੈ। ਕੁਦਰਤ-ਵਰਣਨ ਕਵਿਤਾ ਵਿਚ ਇਕ ਖਾਸ ਕਿਸਮ ਦਾ ਹੁਸਨ ਪੈਦਾ ਕਰਦਾ ਹੈ, ਜਿਸ ਲਈ ਰਸੀਏ ਮਨ ਇਸ ਵਲ ਕੁਦਰਤੀ ਖਿਚੇ ਜਾਂਦੇ ਹਨ।

ਦੂਸਰੇ, ਕਿਧਰੇ ਕਿਧਰੇ ਜ਼ਿੰਦਗੀ ਨੂੰ ਚਿਤ੍ਰਨ ਲੱਗਿਆਂ ਪ੍ਰਕ੍ਰਿਤੀ-ਚਿਤ੍ਰਨ ਨੂੰ ਬਤੌਰ ਪਿਛਵਾੜੇ (back ground) ਦੇ ਵੀ ਵਰਤਿਆ ਜਾਂਦਾ ਹੈ। ਇਥੇ ਮਕਸਦ ਉਸ ਤਸਵੀਰ ਦੇ ਰੰਗ ਨੂੰ ਚਮਕਾ ਕੇ ਪੇਸ਼ ਕਰਨਾ ਹੁੰਦਾ ਹੈ ਤੇ ਕੁਦਰਤ ਦਾ ਰੰਗ ਰੂਪ ਉਸਦੇ ਚਮਕਾਉਣ ਵਿਚ ਬਹੁਤ ਸਹਾਈ ਹੁੰਦਾ ਹੈ, ਜਿਵੇਂ ਕਿ ਬਾਰਾਂ-ਮਾਹਿਆਂ ਅੰਦਰ ਪ੍ਰਕ੍ਰਿਤੀ-ਚਿਤ੍ਰਨ ਦੇ ਪਿਛਵਾੜੇ ਵਿਚ ਬਿਰਹਾ ਦਾ ਗ਼ਮ ਜ਼ਰਾ ਹੋਰ ਵਧੇਰੇ ਤੀਖਣ ਹੋਇਆ ਨਜ਼ਰੀ ਪੈਂਦਾ ਹੈ। ਜਦੋਂ ਗੁਰੂ ਨਾਨਕ ਆਪਣੇ ਤੁਖਾਰੀ ਬਾਰਾਂਮਾਹ ਵਿਚ ਗ਼ਮਗੀਨ ਜ਼ਿੰਦਗੀ ਨੂੰ ਚਿਤ੍ਰਦੇ ਇਉਂ ਕਹਿੰਦੇ ਹਨ :—

'ਬਰਸੈ ਨਿਸਿ ਕਾਲੀ ਕਿਉ ਸੁਖ ਬਾਲੀ, ਦਾਦਰ ਮੋਰ ਲਵੰਤੇ
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ, ਭੁਯੰਗਮ ਫਿਰਹਿ ਡਸੰਤੇ।'

ਤਾਂ ਪਾਠਕ ਨੂੰ ਬਿਰਹਾ ਦਾ ਨਾਗ ਆਪਣੇ ਸਾਮ੍ਹਣੇ ਡੰਗ ਮਾਰਦਾ ਦਿਖਾਈ ਦਿੰਦਾ ਹੈ।

ਅਜੇਹੇ ਕੁਦਰਤ-ਵਰਣਨ ਲਈ ਕਵੀ ਅੰਦਰ ਖ਼ਾਸ ਤੌਰ ਤੇ ਇਨ੍ਹਾਂ ਗੱਲਾਂ ਦੀ ਸੋਝੀ ਹੋਣੀ ਜ਼ਰੂਰੀ ਹੈ :—

੧. ਸੁਹਜ-ਸੋਝੀ (Sence of beauty)
੨. ਚੋਣ-ਸੋਝੀ (Sence of selection)
੩. ਤਨਾਸਬ-ਸੋਝੀ (Sence of proportion)

ਇਸ ਸੋਝੀ ਤੋਂ ਬਗ਼ੈਰ ਉਲੀਕਿਆ ਚਿਤ੍ਰ ਉਹ ਖਿਚ ਜਾਂ ਅਸਰ ਪੈਦਾ ਨਹੀਂ ਕਰੇਗਾ, ਜਿਸਦੀ ਕਿ ਸਾਹਿਤ ਤੋਂ ਆਸ ਕੀਤੀ ਜਾਂਦੀ ਹੈ। ਇਸ ਵਰਣਨ ਦੇ ਵੀ ਦੋ ਪਾਸੇ ਹੁੰਦੇ ਹਨ, ਇਕ ਪਾਸੇ ਤਾਂ ਕਵੀ ਸਾਂਗੋ-ਪਾਂਗ ਦ੍ਰਿਸ਼-ਚਿਤ੍ਰਨ ਕਰੀ ਜਾਂਦਾ ਹੈ, ਦੂਸਰੇ ਪਾਸੇ ਨਾਲੋ-ਨਾਲ ਆਪਣੇ ਮਨ ਦੇ ਭਾਵ ਮੂਰਤੀਮਾਨ ਕਰਦਾ ਹੈ। ਇਉਂ ਇਹ ਭਾਵ-ਚਿਤ੍ਰ, ਕੁਦਰਤ-ਚਿਤ੍ਰਨ ਦੇ ਚੌਖਟੇ ਵਿਚ ਜੜੇ ਦੂਣੇ-ਚੌਗੁਣੇ ਪ੍ਰਭਾਵਸ਼ਾਲੀ ਸਿੱਧ ਹੁੰਦੇ ਹਨ।

ਇਹ ਦੋ ਮੁਖ ਪਰਕਾਰਾਂ ਤੋਂ ਇਲਾਵਾ ਪ੍ਰਕ੍ਰਿਤੀ-ਚਿਤ੍ਰਨ ਦਾ ਤੀਸਰਾ ਰੂਪ ਪ੍ਰਤੀਕਾਤਮਕ ਜਾਂ ਅਲੰਕਾਰਕ ਭਾਂਤ ਦਾ ਹੈ, ਜਿਸ ਨਾਲ ਕਵੀ ਜੁਗਾਂ ਜੁਗਾਂ ਤੋਂ ਆਪਣੀ ਕਵਿਤਾ ਨੂੰ ਸ਼ਿੰਗਾਰਦੇ ਆਏ ਹਨ। ਜਦੋਂ ਮਾਸ਼ੂਕ ਦੇ ਮੁਖੜੇ ਨੂੰ ਚੰਦ੍ਰਮਾ ਜਾਂ ਕੰਵਲ ਨਾਲ ਉਪਮਾ ਦਿਤੀ ਜਾਂਦੀ ਹੈ ਤਾਂ ਕਵੀ ਦਾ ਮਕਸਦ ਆਪਣੀ ਵਸਤੂ ਨੂੰ ਕੁਦਰਤ ਦੇ ਪ੍ਰਮਾਣੀਕ ਵੱਟਿਆਂ ਨਾਲ ਤੋਲਕੇ ਹਰ ਤਰ੍ਹਾਂ ਪੂਰਾ ਸਿੱਧ ਕਰਨਾ ਹੁੰਦਾ ਹੈ। ਇਹ ਇਕ ਐਸੀ ਸਾਹਿਤਕ ਰੀਤ ਹੈ, ਜਿਸ ਦੁਆਰਾ ਕਵਿਤਾ ਨੇ ਕੁਦਰਤ ਤੋਂ ਬੜਾ ਹੀ ਕੁਝ ਲਿਆ ਹੈ ਤੇ ਸਾਰੀਆਂ ਜ਼ਬਾਨਾਂ ਦੇ ਸਾਹਿਤ ਵਿਚ ਇਸਦੇ ਆਮ ਉਦਾਹਰਣ ਮਿਲਦੇ ਹਨ। ਚੌਥੀ ਭਾਂਤ ਦਾ ਪ੍ਰਕ੍ਰਿਤੀ-ਚਿਤ੍ਰਨ ਹੋਰ ਹੈ, ਜਦੋਂ ਕਵੀ ਆਪਣੀ ਕਲਪਨਾ ਆਸਰੇ ਕੁਦਰਤ ਵਿਚੋਂ ਕੋਈ ਸਿਖਿਆ ਜਾਂ ਸਬਕ ਲੱਭ ਕੇ ਦਿੰਦਾ ਹੈ। 'ਫੁਲ ਮਹਿਕਾਂ ਵੰਡਣ ਦਾ ਸੰਦੇਸ਼ ਦਿੰਦੇ ਹਨ, ਨਦੀਆਂ ਤੁਰ ਜਾਣ ਦਾ ਪੈਗ਼ਾਮ ਦਿੰਦੀਆਂ



Sri Satguru Jagjit Singh Ji eLibrary NamdhariElibrary@gmail.com

ਹਨ।' ਵੈਸੇ ਇਹ ਗੱਲਾਂ ਫੁੱਲਾਂ ਜਾਂ ਨਦੀਆਂ ਤੋਂ ਸਾਨੂੰ ਸੁਣਾਈ ਨਹੀਂ ਦਿੰਦੀਆਂ। ਕਵੀ ਇਨ੍ਹਾਂ ਵਿਚ ਆਰੋਪ ਕਰਕੇ ਇਸ ਸਿਖਿਆ ਨੂੰ ਇਕ ਅਨੂਠੀ ਮਨੋਹਰਤਾ ਬਖਸ਼ਦਾ ਹੈ। ਪੰਜਵੀਂ ਤਰ੍ਹਾਂ ਦਾ ਪ੍ਰਕ੍ਰਿਤੀ-ਚਿਤ੍ਰਣ ਰਹੱਸਵਾਦੀ ਭਾਂਤ ਦਾ ਹੈ, ਜਿਥੇ ਕੁਦਰਤ ਕਾਦਰ ਦੀ ਅਭੇਦਤਾ ਤੋਂ ਇਕ ਵਿਸਮਾਦ ਦਾ ਅਨੰਦ ਮਾਣਿਆ ਜਾਂਦਾ ਹੈ। ਅਜੇਹਾ ਚਿਤ੍ਰਣ ਸੰਤ ਕਵੀਆਂ ਦੀ ਉਤਕ੍ਰਿਸ਼ਟ ਭਾਂਤ ਦੀ ਰਚਨਾ ਵਿਚ ਹੀ ਮਿਲਦਾ ਹੈ, ਜਿਵੇਂ ਕਿ ਗੁਰੂ ਨਾਨਕ ਸਾਹਿਬ ਦੇ 'ਸੋਦਰ' ਵਿਚ ਜਾਂ 'ਵਿਸਮਾਦ ਨਾਦ ਵਿਸਮਾਦ ਵੇਦ, ਵਾਲੇ ਆਸਾ ਦੀ ਵਾਰ ਦੇ ਸਲੋਕ ਵਿਚ। ਉਥੇ ਕਵੀ ਇਹ ਦਾਅਵਾ ਨਹੀਂ ਕਰਦਾ ਕਿ ਕਵੀ ਦੀ ਕਲਮ ਹੇਠ ਚਿਤ੍ਰਣ ਦੀ ਸਾਰੀ ਤਸਵੀਰ ਆ ਗਈ ਹੈ, ਸਗੋਂ ਉਹ ਤੇ ਇਸ ਵਰਣਨ ਤੋਂ ਵਿਸਮਾਦ ਦੀ ਕਸਤੂਰੀ ਲੈ ਕੇ ਨਿੰਮ੍ਰਤਾ-ਸ਼ੀਲ ਹੁੰਦਾ ਹੈ।

'ਬਲਿਹਾਰੀ ਕੁਦਰਤ ਵਸਿਆ,
ਤੇਰਾ ਅੰਤ ਨ ਜਾਈ ਲਖਿਆ।'
'ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨਾ ਆਵਨਿ,
ਨਾਨਕ ਕਿਆ ਬੀਚਾਰੇ।'

ਪ੍ਰਕ੍ਰਿਤੀ-ਚਿਤ੍ਰਣ ਦੇ ਇਹ ਵੱਖ ਵੱਖ ਸਰੂਪ ਧਿਆਨ-ਗੋਚਰੇ ਕਰਨ ਤੋਂ ਮੰਤਵ ਇਹ ਹੈ ਕਿ ਅਸੀਂ ਜਾਣ ਸਕੀਏ ਕਿ ਇਹ ਬਹੁ-ਰੰਗੀ, ਬਹੁ-ਭਾਂਤੀ ਵਚਿਤ੍ਰ ਕੁਦਰਤ ਦਾ ਕਵਿਤਾ ਨਾਲ ਕਿਸ ਕਿਸ ਤਰ੍ਹਾਂ ਦਾ ਕਿੰਨਾ ਕੁ ਸਹੇਲ ਜਾਂ ਸਨੇਹ ਹੈ। ਦੂਜੀ ਗੱਲ ਰਹੀ ਕਵਿਤਾ ਤੇ ਮੁਹਬਤ ਦੇ ਸਬੰਧ ਦੀ। ਇਹ ਗੱਲ ਬਿਨਾਂ ਕਿਸੇ ਬਹਿਸ ਦੇ ਹੀ ਸੰਸਾਰ ਦੇ ਤਮਾਮ ਸਾਹਿਤ ਦੇ ਇਤਿਹਾਸਾਂ ਤੋਂ ਸਿਧ ਹੈ ਕਿ ਮੁਹੱਬਤ ਦੇ ਮਾਮਲਿਆਂ ਜੇਹਾ ਮਿਠਾ ਮਧੁਰ ਮਜ਼ਮੂਨ ਕਵਿਤਾ ਦੇਵੀ ਨੂੰ ਹੋਰ ਕੋਈ ਬਿਲਕੁਲ ਨਹੀਂ ਮਿਲਿਆ। ਜੇ ਅਧਿਆਤਮਕ ਸਾਹਿਤ ਇਸ਼ਕ ਹਕੀਕੀ ਦੇ ਦੁਆਲੇ ਚੱਕਰ ਕੱਟਦਾ ਹੈ ਤਾਂ ਬਾਕੀ ਸੰਸਾਰੀ ਸਾਹਿਤ ਇਸ਼ਕ-ਮਜ਼ਾਜ਼ੀ ਤੋਂ ਬਿਨਾਂ ਆਪਣਾ ਗੁਜ਼ਾਰਾ ਨਹੀਂ ਤੋਰ ਸਕਦਾ। ਅੱਜ ਜੇ ਅਸੀਂ ਆਪਣੇ ਪੰਜਾਬੀ ਸਾਹਿਤ ਵਿਚੋਂ ਭਗਤੀ ਕਾਵਿ, ਸੂਫੀ ਕਾਵਿ ਤੇ ਕਿੱਸਾ ਕਾਵਿ ਨੂੰ ਇਕ ਪਾਸੇ ਧਰ ਦੇਈਏ ਤਾਂ ਸਾਡੇ ਪੱਲੇ ਸਿਵਾਇ ਬੀਰ ਕਾਵਿ ਦੀ ਖੜਖੜਾਹਟ ਦ ਕੁਝ ਵੀ ਨਹੀਂ ਰਹਿ ਜਾਵੇਗਾ। ਜੇਕਰ ਅਸੀਂ ਵੀਣਾ ਦੀ ਮਧੁਰ ਧੁਨੀ ਦੇ ਮੁਸ਼ਤਾਕ ਹਾਂ ਤਾਂ ਉਹ ਤਾਂ ਪ੍ਰੀਤ-ਕਾਵਿ ਜਾਂ ਰੋਮਾਂਟਿਕ ਰਚਨਾ ਵਿਚੋਂ ਹੀ ਸੁਣੀ ਜਾ ਸਕੇਗੀ। ਇਹ ਹੈ ਕਾਵਿ-ਖੇਤਰ ਵਿਚ ਪ੍ਰੀਤ ਜਾਂ ਮੁਹੱਬਤ ਦੀ ਅਹਿਮੀਅਤ।

ਇਸ ਵੀਚਾਰ ਤੋਂ ਸਪਸ਼ਟ ਹੈ ਕਿ ਕਵਿਤਾ ਨਾਲ ਕੁਦਰਤ ਤੇ ਮੁਹੱਬਤ ਦੀ ਦੋਸਤੀ ਬੜੀ ਪੱਕੀ ਦੋਸਤੀ ਹੈ, ਘੱਟ ਤੋਂ ਘੱਟ ਕਵਿਤਾ ਬੇਚਾਰੀ ਇਨ੍ਹਾਂ ਬਗੈਰ ਜੀਊ ਨਹੀਂ ਸਕਦੀ। ਕਿਤੇ ਉਸਦਾ ਜੀਵਨ-ਅਧਾਰ ਪ੍ਰਕ੍ਰਿਤੀ-ਚਿਤ੍ਰਣ ਬਣਦਾ ਹੈ ਤੇ ਕਿਧਰੇ ਪ੍ਰੀਤਿ-ਚਿਤ੍ਰਣ। ਪਰੰਤੂ ਬਾਰਾਂਮਾਹ ਕਾਵਿ-ਰੂਪ ਐਸਾ ਹੈ, ਜਿਥੇ ਕਵਿਤਾ ਨੂੰ

ਕੁਦਰਤ ਤੇ ਮੁਹੱਬਤ ਦੀ ਦੇਵੀ ਦੋਵੇਂ ਕਲਿੰਗੜੀ ਪਾ ਕੇ ਮਿਲਦੀਆਂ ਤੇ ਅਜੇਹਾ ਰੋਮਾਂਸ-ਭਰਿਆ ਕੋਰਸ ਗੀਤ ਗਾਉਂਦੀਆਂ ਹਨ ਜੋ ਬਾਰਾਂ ਮਹੀਨਿਆਂ ਦੇ ਪ੍ਰਕ੍ਰਿਤੀ-ਰੰਗਾਂ ਦੇ ਅਧਾਰ ਤੇ ਬਿਰਹਾ ਦੀਆਂ ਸੁਰਾਂ ਛੇੜਦਾ ਹੋਇਆ ਮਿਲਾਪ ਦਾ ਨਗ਼ਮਾ ਗਾਉਂਦਾ ਹੈ। ਜਦੋਂ ਇਉਂ ਪ੍ਰਕ੍ਰਿਤੀ-ਚਿਤ੍ਰਣ ਦੀ ਝੰਕਾਰਦੀ ਵੀਣਾ ਨਾਲ ਬਿਰਹਾ ਦਾ ਗ਼ਮ ਗਾਇਆ ਜਾਂਦਾ ਹੈ ਤਾਂ ਸਾਹਿਤਕ ਸੁਹਜ ਦੇ ਭਾਗ ਜਾਗ ਪੈਂਦੇ ਹਨ। ਬਾਰਾਂਮਾਹਿਆਂ ਦੀ ਰੋਮਾਂਟਕ ਕਵਿਤਾ ਦੀ ਇਹ ਗੱਲ ਸਚਮੁਚ ਬੜੀ ਮਹੱਤਤਾ ਵਾਲੀ ਹੈ। ਇਸ ਕਵਿਤਾ ਵਿਚ ਇਸ਼ਕ ਦਾ ਦੇਵਤਾ ਫੁਲਾਂ ਦਾ ਤੀਰ ਕਮਾਨ ਲੈ ਕੇ ਬਿਰਹੀ ਵਿਯੋਗੀਆਂ ਦਾ ਸ਼ਿਕਾਰ ਕਰਦਾ ਹੈ, ਉਹ ਸ਼ਿਕਾਰ ਹੋ ਕੇ ਮੁੜ ਜ਼ਿੰਦਾ ਹੁੰਦ ਹਨ। ਫਿਰ ਮੁਹੱਬਤ ਦੀ ਦੇਵੀ ਨੂੰ ਮਨਾਇਆ ਜਾਂਦਾ ਹੈ ਤੇ ਕੁਦਰਤ ਉਨ੍ਹਾਂ ਦਾ ਮਿਲਾਪ-ਗੀਤ ਗਾਉਂਦੀ ਹੈ। ਗੱਲ ਵਿਯੋਗ ਤੋਂ ਆਰੰਭ ਕਰ ਕੇ ਸੰਜੋਗ ਵਲ ਨੂੰ ਲਿਜਾਈ ਜਾਂਦੀ ਹੈ। ਦੂਜੇ ਸ਼ਬਦਾਂ ਵਿਚ ਇਉਂ ਵੀ ਕਹਿ ਸਕਦੇ ਹਾਂ ਕਿ ਤਾਣਾ ਪੇਟਾ ਤਾਂ ਬਿਰਹਾ ਵਿਯੋਗ ਦਾ ਹੀ ਹੁੰਦਾ ਹੈ ਤੇ ਅੰਤ ਕਪੜਾ ਸੰਜੋਗ ਦਾ ਬੁਣਿਆ ਜਾਂਦਾ ਹੈ। ਪਰ ਇਸ ਕਪੜੇ ਦੇ ਬੁਣਨ ਵਾਲੀ ਕੁਦਰਤ ਹੈ, ਜੋ ਗਿਆਰਾਂ ਮਹੀਨੇ ਦੀ ਲੁੱਛਦੀ ਫਿੱਕੀ ਫਿੱਕੀ ਜ਼ਿੰਦਗੀ ਨੂੰ ਫੱਗਣ ਦੀਆਂ ਬਹਾਰਾਂ ਵਿਚ ਵਸਲ ਦੇ ਰੰਗ ਨਾਲ ਰੰਗ ਕੇ ਇਕ ਨਵੀਂ ਹੋਲੀ ਖੇਡਦੀ ਹੈ।

## ਭਾਰਤੀ ਸਾਹਿਤ ਵਿਚ ਕੁਦਰਤ-ਕਾਵਿ ਪਰੰਪਰਾ

ਭਾਰਤ ਕੁਦਰਤ ਦੀ ਲੀਲ੍ਹਾ-ਭੂਮੀ ਹੈ। ਇਥੋਂ ਦੇ ਪਰਬਤ, ਦਰਿਆ, ਨਦੀਆਂ ਨਾਲੇ, ਹਰੇ ਭਰੇ ਜੰਗਲ, ਪਸ਼ੂ ਪੰਛੀ ਸਭ ਦੇ ਸਭ ਸੁਤੰਤਰ ਵਿਚਰਦੇ ਨਜ਼ਰ ਆਉਂਦੇ ਹਨ। ਸਾਹਿਤ ਅੰਦਰ ਸਮੇਂ ਦੇ ਚੱਕਰਾਂ ਨੂੰ ਰੁਤ-ਵਰਣਨ ਵਿਚ ਤੇ ਥਾਵਾਂ ਦੀ ਵਚਿਤ੍ਰਤਾ ਨੂੰ ਦ੍ਰਿਸ਼-ਚਿਤ੍ਰਣ ਵਿਚ ਕਲਮਬੰਦ ਕੀਤਾ ਗਿਆ ਹੈ, ਇਸੇ ਲਈ ਭਾਰਤੀ ਸਾਹਿਤ ਵਿਚ ਕੁਦਰਤ-ਵਰਣਨ ਕਾਫ਼ੀ ਮਿਲਦਾ ਹੈ। ਵੇਦ-ਰਚਨਾ ਤੋਂ ਇਲਾਵਾ ਬਾਲਮੀਕਿ ਤੇ ਕਾਲੀਦਾਸ ਆਦਿ ਮਹਾਨ ਕਵੀਆਂ ਪ੍ਰਕ੍ਰਿਤੀ ਦੇ ਚੰਗੇ ਅੱਛੇ ਮਨੋਹਰ ਨਜ਼ਾਰੇ ਅੰਕਿਤ ਕੀਤੇ ਹਨ ਭਾਵੇਂ ਇਹ ਕੁਦਰਤ-ਵਰਣਨ ਉਨ੍ਹਾਂ ਦੇ ਮਹਾਂਕਾਵਾਂ ਦਾ ਅਭੇਦ ਅੰਗ ਬਣ ਕੇ ਰਮਿਆ ਹੋਇਆ ਹੈ ਪਰੰਤੂ ਇਹ 'ਖਟ ਰਿਤੂ ਵਰਣਨ' ਦਾ ਸੁਤੰਤਰ ਕਾਵਿ ਰੂਪ ਧਾਰ ਕੇ ਵੀ ਭਾਰਤੀ ਸਾਹਿਤ ਪ੍ਰਣਾਲੀ ਵਿਚ ਸਦੀਆਂ ਤੋਂ ਬਾਕਾਇਦਾ ਚਲਿਆ ਆ ਰਿਹਾ ਹੈ ਤੇ ਇਹੋ ਛੇ-ਰੁਤਾ ਪ੍ਰਕ੍ਰਿਤੀ ਚਿਤ੍ਰਣ ਬਾਰਾਂਮਾਹ ਕਾਵਿ ਰੂਪ ਦਾ ਪਿਤਾ ਪਿਤਾਮਾ ਹੈ। ਖਟ ਰਿਤੂ ਵਰਣਨ ਵਿਚ ਛੇ ਰੁਤਾਂ—ਗ੍ਰੀਖਮ, ਬਰਖਾ, ਸ਼ਰਦ, ਹੇਮੰਤ, ਸ਼ਿਸਰ ਤੇ ਬਸੰਤ ਦੀ ਬਦਲਦੀ ਕੁਦਰਤ-ਝਾਕੀ ਚਿਤ੍ਰਣ ਕੀਤੀ ਜਾਂਦੀ ਸੀ ਤੇ ਬਾਰਾਂਮਾਹ ਵਿਚ ਛੇਆਂ ਦੀ ਥਾਂ ਬਾਰਾਂ ਮਹੀਨਿਆਂ ਦੇ ਆਸਰੇ ਇਹ ਵਰਣਨ ਕੀਤਾ ਜਾਣ ਲੱਗਾ। ਇਉਂ ਇਕ ਤਰ੍ਹਾਂ ਬਾਰਾਂਮਾਹ ਨੂੰ 'ਖਟ ਰਿਤੂ ਵਰਣਨ' ਦਾ ਉਤਰਾਧਕਾਰੀ ਜਾਂ ਵਾਰਸ ਹੀ ਮੰਨਣਾ ਪੈਂਦਾ ਹੈ। ਸੋ ਪੇਸ਼ਤਰ, ਇਸ ਦੇ ਕਿ



Sri Satguru Jagjit Singh Ji eLibrary NamdhariElibrary@gmail.com

ਅਸੀਂ ਬਾਰਾਂਮਾਹ ਤੇ ਵੀਚਾਰ-ਚਰਚਾ ਕਰੀਏ, 'ਖਟ ਰਿਤੁ ਵਰਣਨ' ਜਾਂ ਛੇ-ਰੁਤਾ ਪ੍ਰਕ੍ਰਿਤੀ-ਚਿਤ੍ਰਣ ਦਾ ਇਤਿਹਾਸਕ ਜਾਇਜ਼ਾ ਲੈਣਾ ਜ਼ਰੂਰੀ ਸਮਝਦੇ ਹਾਂ ਤਾਂਕਿ ਸਾਨੂੰ ਪਤਾ ਲਗ ਸਕੇ ਕਿ ਇਹ ਸਾਹਿਤਕ ਪਰੰਪਰਾ ਕਿਤਨੀ ਕੁ ਚਿਰ ਦੀ ਹੈ ਤੇ ਕਿਸ ਕਿਸ ਰੂਪ ਵਿਚ ਚਲਦੀ ਆਈ ਹੈ।

ਭਾਰਤੀ ਸਾਹਿਤ ਵਿਚ ਛੇ-ਰੁਤਾ ਵਰਨਣ ਦੀ ਪਰੰਪਰਾ ਦੋ ਹਜ਼ਾਰ ਵਰ੍ਹੇ ਤੋਂ ਘੱਟ ਪੁਰਾਣੀ ਨਹੀਂ। ਸੰਸਕ੍ਰਿਤ ਦੇ ਪ੍ਰਾਚੀਨ ਗ੍ਰੰਥਾਂ ਵਿਚ ਜਿਥੇ ਮਹਾਂਕਾਵਿ ਦੇ ਵਿਸ਼ੇਸ਼ ਲੱਛਣ ਵਰਣਨ ਕੀਤੇ ਗਏ ਹਨ, ਉਨ੍ਹਾਂ ਵਿਚ 'ਖਟ ਰਿਤੂ ਵਰਣਨ' ਇਕ ਜ਼ਰੂਰੀ ਤੇ ਲਾਜ਼ਮੀ ਸ਼ਰਤ ਰੱਖੀ ਗਈ ਹੈ। ਹੁੰਦਾ ਇਉਂ ਰਿਹਾ ਹੈ ਕਿ ਕਵੀ ਜਿਸ ਨਾਇਕ ਦੀ ਕਹਾਣੀ ਉਸਾਰ ਰਿਹਾ ਹੁੰਦਾ ਹੈ, ਉਸ ਉਸਾਰੀ ਵਿਚ ਸੁਹੱਣਪ ਤੇ ਰਸ ਪੈਦਾ ਕਰਨ ਲਈ ਨਾਇਕ ਜਾਂ ਨਾਇਕਾ ਦੀਆਂ ਖੁਸ਼ੀਆਂ ਗ਼ਮੀਆਂ ਨੂੰ ਅੰਕਤ ਕਰਨ ਲੱਗਿਆਂ 'ਖਟ ਰਿਤੂ ਵਰਣਨ' ਦਾ ਬਹਾਨਾ ਲੱਭਿਆ ਜਾਂਦਾ ਹੈ ਤਾਂਕਿ ਪ੍ਰਕ੍ਰਿਤੀ-ਚਿਤ੍ਰਣ ਦੇ ਚੌਖਟੇ ਵਿਚ ਇਹ ਤਸਵੀਰ ਵਧੇਰੇ ਚੰਗੀ ਉਘੜ ਸਕੇ। ਭਾਵੇਂ ਮਹਾਂਕਵੀ ਕਾਲੀਦਾਸ ਨੇ ਆਪਣੇ ਵੱਖ ਵੱਖ ਮਹਾਂਕਾਵਾਂ ਜਾਂ ਨਾਟਕਾਂ ਵਿਚ ਖ਼ਾਸ ਖ਼ਾਸ ਰੁਤਾਂ ਦਾ ਵਰਣਨ ਬੜੇ ਸ਼ੌਕ ਤੇ ਰੀਝ ਨਾਲ ਕੀਤਾ ਹੈ ਜਿਵੇਂ 'ਕੁਮਾਰ ਸੰਭਵ' ਵਿਚ ਬਸੰਤ ਦਾ, ਵਿਕ੍ਰਮੋਰਵਸ਼ੀ ਨਾਟਕ ਤੇ 'ਮੇਘਦੂਤ' ਵਿਚ ਬਰਸਾਤ ਦਾ ਬਹੁਤ ਸੁੰਦਰ ਵਰਣਨ ਹੈ, 'ਰਘੂਵੰਸ਼' ਮਹਾਂ-ਕਾਵਿ ਵਿਚ ਕਵੀ ਨੇ ਛੇ ਰੁਤਾਂ ਦਾ ਇਕੱਠਾ ਵਰਣਨ ਵੀ ਕੀਤਾ ਹੈ, ਪਰੰਤੂ ਇਹਨਾਂ ਰਚਨਾਵਾਂ ਵਿਚ ਪ੍ਰਸੰਗ-ਗਤ ਰੁਤਾਂ ਦੇ ਬਿਆਨ ਤੋਂ ਇਲਾਵਾ ਕਾਲੀਦਾਸ ਨੇ ਆਪਣੀ ਨਿਕੀ ਜੇਹੀ ਮੁਢਲੀ ਰਚਨਾ 'ਰਿਤੂ ਸੰਹਾਰ' ਵਿਚ ਮੌਸਮਾਂ ਦਾ ਚਿਤ੍ਰਣ ਕਰਕੇ 'ਖਟ ਰਿਤੂ ਵਰਣਨ' ਦੀ ਸੁਤੰਤਰ ਕਾਵਿ ਪਰੰਪਰਾ ਨੂੰ ਵੀ ਸੁਰਜੀਤ ਰੱਖਿਆ ਹੈ। ਇਹ ਆਖਣਾ ਜ਼ਰਾ ਔਖਾ ਹੈ ਕਿ ਕਾਲੀਦਾਸ ਹੀ ਇਸ ਪਰੰਪਰਾ ਦਾ ਮੋਢੀ ਸੀ, ਇਸਤੋਂ ਪਹਿਲਾਂ ਅਜੇਹੀ ਰੀਤ ਨਹੀਂ ਸੀ। ਹਾਂ, ਇਹ ਜ਼ਰੂਰ ਹੈ ਕਿ ਕਵੀ ਨੇ 'ਮੇਘਦੂਤ' ਵਿਚ ਇਕੋ ਬਰਸਾਤ ਰੁਤ ਦੇ ਕਈ ਰੂਪ ਪੇਸ਼ ਕਰਕੇ ਇਕ ਨਵਾਂ ਤਜਰਬਾ ਕੀਤਾ, ਜੋ ਕਿ ਉਸਦੀ ਮੌਲਿਕ ਕਲਪਣਾ ਦੀ ਗਵਾਹੀ ਦਿੰਦਾ ਹੈ। 'ਰਿਤੂ ਸੰਹਾਰ' ਪਿਛੋਂ ਸੰਸਕ੍ਰਿਤ ਵਿਚ ਛੇ-ਰੁਤਾ ਪ੍ਰਕ੍ਰਿਤੀ-ਚਿਤ੍ਰਣ ਦੀ ਪਰੰਪਰਾ ਦੇਰ ਤਕ ਚਲਦੀ ਰਹੀ (ਜਿਵੇਂ ਅੱਠਵੀਂ ਸਦੀ ਦੀ ਰਚਨਾ 'ਅਮਰ ਸ਼ਤਕ' ਵਿਚ) ਤੇ ਇਹ ਪਿਰਤ ਅਗੋ ਪ੍ਰਾਕ੍ਰਿਤਾਂ ਤੇ ਅਪਭ੍ਰੰਸ਼ਾਂ ਨੂੰ ਵੀ ਵਿਰਾਸਤ ਵਿਚ ਮਿਲਦੀ ਗਈ।

ਚੁਨਾਂਚਿ ਜਦੋਂ ਅਸੀਂ ਦਸਵੀਂ ਸਦੀ ਦੇ ਮੁਲਤਾਨ ਵਾਸੀ ਅਪਭ੍ਰੰਸ਼ ਕਵੀ ਅੱਦਹਮਾਣ ਦੀ ਰਚਨਾ 'ਸੰਨੇਹ ਰਾਸਇ' ਪੜ੍ਹਦੇ ਹਾਂ, ਇਸ ਵਿਚ ਇਹ ਛੇ-ਰੁਤਾ ਵਰੰਨਣ ਬੜੇ ਸੁੰਦਰ ਰੂਪ ਵਿਚ ਪ੍ਰਾਪਤ ਹੁੰਦਾ ਹੈ। 'ਸੰਨੇਹ ਰਾਸਇ' ਦੇ ਤਿੰਨ ਕਾਂਡ ਹਨ ਤੇ ਕੁਲ ੨੨੩ ਛੰਦ। ਪਹਿਲੇ ਦੋ ਕਾਂਡਾਂ ਵਿਚ ਵਿਜੋਗਣ ਦੇ ਮੂੰਹੋਂ ਪਰਦੇਸੀ ਪਤੀ ਦੇ ਨਾਂ ਉਹ ਸਨੇਹਾ (ਜਾਂਦੇ ਰਾਹੀ ਨੂੰ) ਕਹਾਇਆ ਗਿਆ ਹੈ ਤੇ ਫਿਰ ਤੀਜੇ



Sri Satguru Jagjit Singh Ji eLibrary NamdhariElibrary@gmail.com

ਕਾਂਡ ਵਿਚ 'ਖਟ ਰਿਤੁ ਵਰਣਨ' ਕਰਕੇ ਕੁਦਰਤ ਪਿਛਵਾੜੇ ਵਿਚ ਬ੍ਰਿਹਣੀ ਦੀ ਦੁਖੀ ਦਸ਼ਾ ਅੰਕਿਤ ਕੀਤੀ ਹੈ।

ਅਪਭ੍ਰੰਸ਼ਾਂ ਤੋਂ ਬਾਦ ਸਾਡੀਆਂ ਆਧੁਨਿਕ ਬੋਲੀਆਂ ਵਿਕਸਤ ਹੋਈਆਂ ਪਰੰਤੂ ਬਾਵਜੂਦ ਇਹ ਜ਼ਬਾਨਾਂ ਦੀ ਅਦਲਾ-ਬਦਲੀ ਤੇ ਸਾਹਿਤਕ ਪਰਿਵਰਤਨ ਦੇ 'ਖਟ ਰਿਤੁ ਵਰਣਨ' ਦੀ ਪਰੰਪਰਾ ਨੂੰ ਜ਼ਰਾ ਜ਼ੋਹਫ ਨਹੀਂ ਪਹੁੰਚਿਆ। ਹਿੰਦੀ ਸਾਹਿਤ ਵਿਚ ਇਹ ਪਰੰਪਰਾ ਇਵੇਂ ਜਿਵੇਂ ਚਲਦੀ ਦਿਸਦੀ ਹੈ ਤੇ ਪੰਜਾਬ ਵਿਚ ਵੀ ਇਸ ਨੂੰ ਕਾਫੀ ਅਰਸਾ ਇਹੋ ਮਾਣ ਪ੍ਰਾਪਤ ਰਿਹਾ। ਚੁਨਾਂਚਿ ਜਦੋਂ ਅਸੀਂ ਅੱਦਹਮਾਣ ਤੋਂ ਪੰਜ ਛੇ ਸੌ ਵਰ੍ਹਾ ਬਾਦ ਸੋਲਵੀਂ ਸਦੀ ਵਿਚ ਗੁਰੂ ਅਰਜਨ ਦੇਵ ਜੀ ਨੂੰ ਰਾਮਕਲੀ ਰਾਗ ਵਿਚ 'ਰੁਤੀ' ਸਿਰਲੇਖ ਹੇਠ ਪੰਜਾਬੀ-ਪ੍ਰਧਾਨ ਸੰਤ ਭਾਸ਼ਾ ਅੰਦਰ ਇਹ ਛੇ-ਰੁਤਾ ਵਰਣਨ ਅਧਿਆਤਮਕ ਰੰਗ ਵਿਚ ਰੰਗੀਜਕੇ ਪੇਸ਼ ਕਰਦੇ ਵੇਖਦੇ ਹਾਂ, ਤਾਂ ਸਾਨੂੰ ਹੈਰਾਨੀ ਹੁੰਦੀ ਹੈ ਕਿ ਇਹ ਸਾਹਿਤਕ ਕਾਵਿ-ਰੂਪ ਕਿਵੇਂ ਆਪਣਾ ਆਪ ਬਚਾਈ ਚਲਾ ਆਇਆ,ਖਾਸ ਕਰਕੇ ਉਸ ਸਮੇਂ ਜਦੋਂ ਇਸ ਦਾ ਵਿਸਥਾਰਕ ਰੂਪ-ਬਾਰਾਂਮਾਹ ਵੀ ਵਜੂਦ ਵਿਚ ਆ ਚੁਕਾ ਸੀ। ਇਸ ਤੋਂ ਸਿਧ ਹੈ ਕਿ ਬਾਰਾਂਮਾਹੇ ਦੇ ਜੁਆਨ ਹੋ ਜਾਣ ਦੇ ਬਾਵਜੂਦ 'ਖਟ ਰਿਤੁ ਵਰਣਨ' ਨੇ ਆਪਣਾ ਕਾਇਆ ਕਲਪ ਕਰ ਕੇ ਆਪਣੇ ਆਪ ਨੂੰ ਸਦੀਆਂ ਤਕ ਜੀਉਂਦਿਆਂ ਰੱਖਿਆ। ਇਹੋ ਕਾਰਣ ਹੈ ਜਿਥੇ ੧੯ਵੀਂ, ਵੀਹਵੀਂ ਸਦੀ ਦੇ ਹਿੰਦੀ ਕਵੀਆਂ ਦੇ ਸਾਨੂੰ ਕਿਤਨੇ ਹੀ ਬਾਰਹਮਾਸੇ ਮਿਲਦੇ ਹਨ, ਉਥੇ 'ਖਟ ਰਿਤੁ ਵਰਣਨ' ਨਾਂ ਹੇਠ ਵੀ ਕਈ ਰਚਨਾਵਾਂ ਮਿਲਦੀਆਂ ਹਨ, ਜਿਵੇਂ ਕਿ—ਗਵਾਲ ਦਾ ਖਟ ਰਿਤੁ-ਵਰਣਨ, ਜਗਮੋਹਨ ਸਿੰਘ ਦਾ ਰਿਤੁ ਪ੍ਰਕਾਸ਼, ਸੀਆਦਾਸ ਦਾ 'ਖਟ ਰਿਤੁ ਬਿਨੋਦ', ਪ੍ਰਯਾਗ ਨਾਰਾਇਣ ਮਿਸ਼ਰ ਦਾ 'ਰਿਤੁ ਕਾਵਿ' ਅਜੁਧਿਆ ਸਿੰਹੁ ਉਪਾਧਿਆਇ ਦਾ ਰਿਤੁ ਮੁਕਰ, ਪਰਮਾਨੰਦ ਸੁਹਾਨੇ ਦਾ 'ਖਟ ਰਿਤੁ ਹਜ਼ਾਰਾ' ਆਦਿ। 'ਹਫੀਜ਼ੁਲਾ ਖਾਂ ਨੇ ੧੯੮੯ ਬਿਕ੍ਰਮੀ ਵਿਚ ਨਵਲ ਕਿਸ਼ੋਰ ਕਾਨ੍ਹਪੁਰ ਤੋਂ ਇਕ 'ਖਟ ਰਿਤੁ ਕਾਵਿ ਸੰਗ੍ਰਹਿ' ਪ੍ਰਕਾਸ਼ਤ ਕਰਾਇਆ ਸੀ, ਜਿਸ ਵਿਚ ਕਈ ਚੋਣਵੇਂ 'ਖਟ ਰਿਤੁ ਕਾਵਿ' ਸੰਕਲਿਤ ਕੀਤੇ ਗਏ ਸਨ।

ਇਤਨੀ ਭਰਪੂਰ ਕਾਵਿ-ਪਰੰਪਰਾ ਦੀ—ਜਿਸ ਸਾਡੇ ਸਾਹਿੱਤ ਵਿਚ ਪ੍ਰਕ੍ਰਿਤੀ-ਚਿਤ੍ਰਣ ਨੂੰ ਸੁਤੰਤਰ ਤੌਰ ਤੇ ਇਤਨੀਆਂ ਸਦੀਆਂ ਤਕ ਜਾਰੀ ਰੱਖਿਆ ਤੇ ਫਿਰ ਬਾਰਾਂਮਾਹ ਜੇਹੀ ਰੋਮਾਂਟਿਕ ਕਾਵਿ-ਧਾਰਾ ਨੂੰ ਜਨਮ ਦਿਤਾ,—ਰੂਪ ਰੇਖਾ ਵੇਖਣ ਲਈ ਤੇ ਖਾਸ ਕਰਕੇ ਬਾਰਾਂਮਾਹ ਕਾਵਿ-ਰੂਪ ਦੇ ਪਿਛਵਾੜੇ ਨੂੰ ਸਮਝਣ ਲਈ ਇਹ ਜ਼ਰੂਰੀ ਹੈ ਕਿ 'ਖਟ ਰਿਤੁ ਵਰਣਨ' ਦੇ ਦੋ ਤਿੰਨ ਆਦਰਸ਼ਕ ਉਦਾਹਰਣ ਆਪਣੇ ਸਾਮ੍ਹਣੇ ਲਿਆਈਏ। ਇਸੇ ਗੱਲ ਨੂੰ ਮੁੱਖ ਰੱਖ ਕੇ ਅਸੀਂ ਜਿਥੇ ਡੇਢ ਹਜ਼ਾਰ ਵਰ੍ਹੇ ਤੋਂ ਵਧ ਪੁਰਾਣੀ ਕਾਲੀਦਾਸ ਦੀ ਸੰਸਕ੍ਰਿਤ ਰਚਨਾ 'ਰਿਤੁ ਸੰਹਾਰ' ਦਾ ਪੰਜਾਬੀ ਰੂਪ ਅਗੇ ਦੇ ਰਹੇ ਹਾਂ, ਉਥੇ ਪੰਜਾਬ ਦੇ ਦੋ ਮਹਾਨ ਕਵੀਆਂ – ਅੱਦਹਮਾਣ ਤੇ ਗੁਰੂ ਅਰਜਨ



Sri Satguru Jagjit Singh Ji eLibrary NamdhariElibrary@gmail.com

ਸਾਹਿਬ ਦਾ ਛੇ-ਰੁਤਾ ਵਰਨਣ ਵੀ ਪਾਠਕਾਂ ਸਾਹਮਣੇ ਰੱਖਣਾ ਜ਼ਰੂਰੀ ਸਮਝਿਆ ਹੈ। ਅੰਦਾਜ਼ਾ ਦਾ ਇਸ ਲਈ ਕਿ ਉਸ ਤੋਂ ਅਸੀਂ ਉਸ ਸਮੇਂ ਦੀ ਪੰਜਾਬੀ ਭਾਸ਼ਾ ਦੀ ਕੁਝ ਕੁਝ ਝਲਕ ਵੇਖ ਸਕਾਂਗੇ। ਗੁਰੂ ਅਰਜਨ ਸਾਹਿਬ ਸਮੇਂ ਬਾਰਾਂਮਾਹੀ ਰਚਨਾ ਜੋਬਨ ਤੇ ਸੀ ਤੇ ਉਨ੍ਹਾਂ ਆਪ ਵੀ ਮਾਝ ਰਾਗ ਵਿਚ ਬਾਰਾਂਮਾਹ ਲਿਖਿਆ ਪਰ ਫਿਰ ਵੀ ਰੁਤ-ਵਰਨਣ ਦੀ ਰੀਤ ਜੀਉਂਦੀ ਸੀ ਤੇ ਗੁਰੂ ਸਾਹਿਬ ਨੇ ਇਸ ਛੇ-ਰੁਤੇ ਪ੍ਰਕ੍ਰਿਤੀ ਚਿਤ੍ਰਣ ਨੂੰ ਅਧਿਆਤਮਕ ਰੰਗ ਦੇ ਕੇ ਪੇਸ਼ ਕੀਤਾ, ਸੋ ਇਹ ਮਿਸਾਲ ਵੀ ਪੰਜਾਬ ਦੀ ਸਾਹਿਤ-ਪਰੰਪਰਾ ਨੂੰ ਸਮਝਣ ਲਈ ਬੜਾ ਕੁਝ ਦੱਸਦੀ ਹੈ।

## ਕਾਲੀਦਾਸ ਦਾ 'ਰਿਤੂ ਸੰਹਾਰ'

ਹਿੰਦੁਸਤਾਨੀ ਸਾਹਿਤ ਵਿਚ ਕਾਲੀਦਾਸ ਇਕ ਲਾਸਾਨੀ ਨਾਂ ਹੈ, ਉਸਦੀਆਂ ਰਿਤੂ ਸੰਹਾਰ, ਮੇਘਦੂਤ, ਰਘੂਵੰਸ਼, ਕੁਮਾਰ ਸੰਭਵ, ਸ਼ਕੁੰਤਲਾ, ਵਿਕ੍ਰਮੋਰਵਸ਼ੀ ਤੇ ਮਾਲਵਕ-ਗਨੀ ਮਿਤ੍ਰ ਸੱਤ ਪਰਸਿੱਧ ਰਚਨਾਵਾਂ ਹਨ। ਇਨ੍ਹਾਂ ਵਿਚੋਂ 'ਰਿਤੂ ਸੰਹਾਰ' ਸਭ ਤੋਂ ਨਿਕੀ ਰਚਨਾ ਹੈ, ਜਿਸ ਵਿਚ ਕਵੀ ਨੇ ਛੇ ਰੁਤਾਂ ਦਾ ਪ੍ਰਕ੍ਰਿਤੀ ਚਿਤ੍ਰਣ ਤੇ ਪ੍ਰੇਮੀਆਂ ਦਾ ਮਨੋ ਚਿਤ੍ਰਣ ਬੜੇ ਸਾਦੇ ਪਰ ਸੂਝ-ਭਰੇ ਢੰਗ ਨਾਲ ਕੀਤਾ ਹੈ। ਸ਼ਿੰਗਾਰ ਵਰਣਨ ਵਿਚ ਕਾਫੀ ਖੁਲ੍ਹ ਲਈ ਗਈ ਹੈ, ਜੋ ਕਿ ਉਸ ਸਮੇਂ ਦੇ ਰਾਜੇ ਰਾਣੀਆਂ ਦੇ ਬਿਲਾਸੀ ਯੁਗ ਦੇ ਮੁਤਾਬਿਕ ਹੀ ਹੈ। ਪਾਠਕਾਂ ਦੀ ਦਿਲਚਸਪੀ ਲਈ ਇਸਦਾ ਪੰਜਾਬੀ ਰੂਪ ਹੇਠਾਂ ਦਿਤਾ ਜਾਂਦਾ ਹੈ।

੧. ਗ੍ਰੀਖਮ—

ਪ੍ਰੀਤਮਾ! ਗਰਮੀ ਦੀ ਰੁਤ ਆ ਗਈ ਹੈ, ਸੂਰਜ ਤਿਖਾ ਤਿਖਾ ਤੇ ਚੰਦ ਜ਼ਰਾ ਮਨਭਾਉਣਾ ਲਗਦਾ ਹੈ, ਸਰੋਵਰ ਦਾ ਪਾਣੀ ਘੱਟ ਹੁੰਦਾ ਜਾ ਰਿਹਾ ਹੈ।੧। ਲੋਕ ਇਸ ਰੁਤ ਵਿਚ ਚਾਨਣੀਆਂ ਰਾਤਾਂ, ਅਨੋਖੇ ਫੁਹਾਰਿਆਂ, ਵੰਨ-ਸੁਵੰਨੀਆਂ ਮਣੀਆਂ ਤੇ ਸੀਤਲ ਚੰਦਨ ਦੀ ਵਰਤੋਂ ਕਰਦੇ ਹਨ।੨। ਪ੍ਰੇਮੀ ਲੋਕ ਸੁੰਦਰ ਤੇ ਸੁਗੰਧਤ ਭੌਰਿਆਂ ਪ੍ਰੀਤਮਾ ਦੇ ਨਸ਼ੀਲੀ ਮਹਿਕ ਵਾਲੇ ਸੁਆਸਾਂ ਤੇ ਪ੍ਰੀਤ ਜਗਾਉਣ ਵਾਲੀ ਵੀਣਾ ਦੇ ਸੰਗੀਤ ਦਾ ਅਨੰਦ ਮਾਣਦੇ ਹਨ।੩। ਭਾਰੇ ਭਾਰੇ ਤੇ ਗੋਲ ਗੋਲ ਤੜਾਗੀਦਾਰ ਨਿਤੰਬਾਂ ਵਾਲੀਆਂ ਰੇਸ਼ਮੀ ਪੁਸ਼ਾਕ ਨਾਲ ਸਜੀਆਂ, ਚੰਨਣ ਲਿਪਤ ਛਾਤੀਆਂ ਤੇ ਧੋਤੇ ਸਵਾਰੇ ਸੁਗੰਧਤ ਕੇਸਾਂ ਵਾਲੀਆਂ ਸੁੰਦਰੀਆਂ ਆਪਣੇ ਪ੍ਰੇਮੀਆਂ ਦਾ ਸੀਨਾ ਠਾਰ ਰਹੀਆਂ ਹਨ।੪। ਸੁੰਦਰੀਆਂ ਦੇ ਝਾਂਜਰਾਂ ਵਾਲੇ ਲਾਖ ਰਸ ਨਾਲ ਰੱਤੇ ਪੈਰ, ਕਦਮ ਕਦਮ ਤੇ ਹੰਸਾਂ ਦੀ ਮਧੁਰ ਧੁਨੀ ਉਪਜਾ ਕੇ ਦਿਲਾਂ ਵਿਚ ਇਸ਼ਕ ਜਗਾ ਰਹੇ ਹਨ।੫। ਚੰਦਨ ਲਿਪਤ ਛਾਤੀਆਂ, ਸਿਰਾਂ ਤੇ ਸਜੇ ਬਰਫ ਵਰਗੇ ਚਿਟੇ ਹਾਰ, ਅਤੇ ਸੋਨ-ਤੜਾਗੀਆਂ ਨਾਲ ਸਜੇ ਨਿਤੰਬ ਕਿਸਦੇ ਮਨ ਵਿਚ ਉਤਕੰਠਾ ਨਹੀਂ ਜਗਾਉਂਦੇ।੬। ਪਸੀਨੇ ਨਾਲ ਸਾਂਵਲੇ ਹੋ ਰਹੇ ਅੰਗ, ਜੋੜਾਂ ਤੇ ਉਭਰੇ ਸੀਨੇ ਵਾਲੀਆਂ ਮੁਟਿਆਰਾਂ ਭਾਰੇ ਬਸਤ੍ਰ ਲਾਹਕੇ ਬਰੀਕ ਕਪੜੇ ਪਹਿਨਣ ਲਗ ਪਈਆਂ ਹਨ। ੭। ਚੰਨਣ ਤੇ



Sri Satguru Jagjit Singh Ji eLibrary NamdhariElibrary@gmail.com

ਪਾਣੀ ਨਾਲ, ਸੀਤਲ ਅਤੇ ਪੱਖਿਆਂ ਦੀ ਪੌਣ ਨਾਲ, ਸੀਨੇ ਤੇ ਸਜੀਆਂ ਹਾਰ ਦੀਆਂ ਲੜੀਆਂ ਨਾਲ ਅਤੇ ਵੀਣਾ ਦੀ ਮਧੁਰ ਧੁਨ ਨਾਲ ਮਾਨੋ ਸੁੱਤੇ ਇਸ਼ਕ ਨੂੰ ਜਗਾਇਆ ਜਾ ਰਿਹਾ ਹੈ ।੮। ਰਾਤ ਸਮੇਂ ਚਿਟੇ ਧੌਲਰਾਂ ਤੇ ਆਰਾਮ ਨਾਲ ਸੁੱਤੀਆਂ ਸੁੰਦਰੀਆਂ ਦੇ ਚੇਹਰੇ ਜੀਅ ਭਰ ਕੇ ਵੇਖਦਾ ਚੰਨ ਮਾਨੋ ਆਖ਼ਰ ਸ਼ਰਮ ਨਾਲ ਪੀਲਾ ਫੱਕ ਹੁੰਦਾ ਜਾ ਰਿਹਾ ਹੈ ੯। ਬਿਰਹੁ ਦੀ ਅੱਗ ਦੇ ਭੁੰਨੇ ਪਰਦੇਸੀ, ਤੇਜ਼ ਲੋਆਂ ਦੇ ਵਾਵਰੋਲਿਆਂ ਤੇ ਸੜਦੀ ਭਜਦੀ ਧਰਤੀ ਨੂੰ ਤਾਂ ਵੇਖ ਵੀ ਨਹੀਂ ਸਕਦੇ ।੧੦। ਤੇਜ਼ ਧੁਪਾਂ ਕਰਕੇ ਸੜੇ ਸੁਕੇ ਟੋਭਿਆਂ ਕਾਰਣ ਤਿਹਾਏ ਮ੍ਰਿਗ ਨਿਰਮਲ ਅਸਮਾਨ ਨੂੰ ਤੱਕਕੇ ਪਾਣੀ ਦੇ ਭੁਲੇਖੇ ਵਸ ਦੂਸਰੇ ਜੰਗਲ ਵਲ ਨੂੰ ਦੌੜੇ ਜਾ ਰਹੇ ਹਨ।੧੧। ਚੰਨ ਵਰਗੇ ਮਨੋਹਰ ਭੂਸ਼ਣ ਨਾਲ ਸਜੀਆਂ ਸ਼ਾਮਾਂ ਵਾਂਙ ਨਖਰੇਲੀਆਂ ਸੁੰਦਰੀਆਂ ਆਪਣੀ ਮੁਸਕ੍ਰਾਹਟ ਤੇ ਬਾਂਕੀ ਨਜ਼ਰ ਨਾਲ ਪ੍ਰਦੇਸੀਆਂ ਦੇ ਸੀਨਿਆਂ ਵਿਚ ਇਸ਼ਕ ਦੇ ਭਾਂਬੜ ਬਾਲ ਰਹੀਆਂ ਹਨ ।੧੨। ਸੂਰਜੀ ਕਿਰਣਾਂ ਨਾਲ ਤਪ ਰਹੀ ਧੂੜੀ ਵਾਲੇ ਰਾਹ ਵਿਚੋਂ ਹੌਂਕਦਾ ਆਇਆ ਸੱਪ ਸਿਰ ਸਿਟ ਕੇ ਮੋਰ ਦੇ ਖੰਭਾਂ ਹੇਠ ਹੀ ਆ ਟਿਕਿਆ ਹੈ ।੧੩। ਬਲ ਹੀਣ ਤੇ ਸਾਹਸ ਹੀਣ ਤਿਹਾਇਆ ਸ਼ੇਰ,ਜਿਸ ਦੀ ਗਰਮੀ ਨਾਲ ਜੀਭ ਨਿਕਲੀ ਹੋਈ ਹੈ,ਸਿਰ ਦੇ ਵਾਲ ਕੰਬ ਰਹੇ ਹਨ ਨਜ਼ਦੀਕ ਬੈਠੇ ਹਾਥੀਆਂ ਨੂੰ ਵੀ ਕੁਛ ਨਹੀਂ ਕਹਿ ਰਿਹਾ।੧੪। ਗਰਮੀ ਮਾਰੇ ਤਿਹਾਏ ਬੌਂਦਲੇ ਹਾਥੀ ਆਪਣੇ ਆਪਣੇ ਸੁੱਕੇ ਸੰਘਾਂ ਵਿਚ ਜਲਬੂੰਦਾਂ ਪਾ ਰਹੇ ਹਨ ਤੇ ਸ਼ੇਰਾਂ ਤੋਂ ਜ਼ਰਾ ਭੈ ਨਹੀਂ ਖਾ ਰਹੇ ।੧੫। ਹੋਮ ਦੀ ਲਾਟਾਂ ਵਾਲੀ ਅੱਗ ਵਰਗੀਆਂ ਸੂਰਜੀ ਕਿਰਣਾਂ ਦੀ ਤਪਸ਼ ਨਾਲ ਬੌਂਦਲੇ ਮੋਰ, ਆਪਣੇ ਖੰਭਾਂ ਹੇਠ ਪਏ ਸੱਪ ਨੂੰ ਵੀ ਕੁਝ ਨਹੀਂ ਕਹਿ ਰਹੇ ।੧੬। ਗਰਮੀ ਦਾ ਭੁੰਨਿਆ ਸੂਰਾਂ ਦਾ ਝੁੰਡ ਨਾਗਰਮੋਥੇ ਵਾਲੇ ਸੁੱਕੇ ਚਿਕੜ ਵਿਚ ਆਪਣੀਆਂ ਬੂਥਨੀਆਂ ਘਸੋਂਦਾ ਮਾਨੋਂ ਧਰਤੀ ਦੇ ਅੰਦਰ ਹੀ ਵੜ ਜਾਣਾ ਚਾਹੁੰਦਾ ਹੈ ।੧੭। ਡੱਡੂ ਤਿਖੀ ਧੁੱਪ ਨਾਲ ਤਪਦੇ ਚਿਕੜ ਵਾਲੇ ਤਲਾ ਵਿਚੋਂ ਉਛਲਕੇ ਤਿਹਾਏ ਸੱਪ ਦੇ ਫਣ ਦੀ ਛਤਰੀ ਹੇਠ ਆ ਬੈਠਾ ਹੈ ।੧੮। ਉਖੜੇ-ਪੁਖੜੇ ਕੌਲਾਂ ਵਾਲਾ, ਮੋਈਆਂ ਮੱਛੀਆਂ ਵਾਲਾ, ਡਰਕੇ ਭੱਜ ਗਏ ਸਾਰਸਾਂ ਵਾਲਾ, ਟੋਭਾ ਆਪੋ ਵਿਚ ਖਹਿੰਦੇ ਹਾਥੀਆਂ ਕਾਰਣ ਨਿਰਾ ਚਿਕੜ ਹੀ ਚਿਕੜ ਹੋਇਆ ਪਿਆ ਹੈ ।੧੯। ਧੁੱਪ ਨਾਲ ਚਮਕ ਰਹੀ ਸਿਰ ਦੀ ਮਣੀ ਵਾਲਾ, ਤੇਜ਼ ਜੀਭ ਨਾਲ ਹਵਾ ਭਖ ਰਿਹਾ, ਜ਼ਹਿਰ ਅਤੇ ਸੂਰਜ ਦੀ ਅੱਗ ਦਾ ਸਾੜਿਆ ਸੱਪ, ਡੱਡੂਆਂ ਨੂੰ ਬਿਲਕੁਲ ਹੀ ਨਹੀਂ ਮਾਰ ਰਿਹਾ ੨੦। ਜੰਗਲੀ ਮਹਿਆਂ ਦਾ ਤਿਹਾਇਆ ਝੁੰਡ ਪਹਾੜ ਦੀ ਗੁਫਾ ਵਿਚੋਂ ਨਿਕਲਕੇ ਪਾਣੀ ਦੀ ਢੂੰਡ ਪਿਆ ਕਰ ਰਿਹਾ ਹੈ, ਇਨ੍ਹਾਂ ਦੀਆਂ ਜੀਭਾਂ ਨਿਕਲੀਆਂ ਹੋਈਆਂ ਹਨ ਅਤੇ ਲੰਮੀਆਂ ਬੂਥਨੀਆਂ ਵਿਚੋਂ ਝਗ ਨਿਕਲ ਰਹੀ ਹੈ।੨੧। ਤੇਜ਼ ਦਾਵਾਨਲ ਨਾਲ ਸਾੜੇ ਫੂਕੇ ਘਾਹ ਫੂਸ, ਹਨੇਰੀਆਂ ਝੱਖੜਾਂ ਦੀ ਤੇਜ਼ੀ ਨਾਲ ਉਡਾਏ ਜਾ ਰਹੇ ਸੁੱਕੇ ਪੱਤੇ ਅਤੇ ਧੁਪਾਂ ਦੇ ਸਾੜੇ ਪਾਣੀ-ਵਿਹੂਣੇ ਜੰਗਲੀ ਇਲ਼ਾਕੇ ਡਰਾਉਣੇ ਲਗਦੇ ਹਨ ।੨੨। ਸੁੱਕੇ ਪੱਤਿਆਂ ਵਾਲੇ ਬ੍ਰਿਛਾਂ ਉਤੇ ਪੰਛੀ ਮੂੰਹ ਟੱਡੀਂ ਬੈਠੇ ਹਨ । ਥੱਕਿਆ ਟੁੱਟਿਆ ਬਾਂਦਰਾਂ ਦਾ ਟੋਲਾ ਪਹਾੜੀ ਦਾਮਨ ਵਲ ਨੂੰ ਜਾ



Sri Satguru Jagjit Singh Ji eLibrary NamdhariElibrary@gmail.com

ਰਿਹਾ ਹੈ, ਰੋਝ ਪਾਣੀ ਦੀ ਤਲਾਸ਼ ਵਿਚ ਚਾਰੇ ਪਾਸੇ ਘੁੰਮ ਰਹੇ ਹਨ ਤੇ ਸ਼ਰਭਾਂ ਦਾ ਟੋਲਾ ਖੂਹ ਵਿਚੋਂ ਪਾਣੀ ਪੀ ਰਿਹਾ ਹੈ ।੨੩। ਨਵੇਂ ਖਿੜੇ ਕੇਸੂ ਦੇ ਫੁਲਾਂ ਤੇ ਸੰਧੂਰੀ ਰੰਗ ਵਾਲੀ ਭੜਕ ਰਹੀ ਅੱਗ, ਨਦੀ ਦੇ ਕਿਨਾਰੇ ਦੇ ਰੁਖਾਂ ਨੂੰ ਆਪਣੀ ਜੱਫੀ ਵਿਚ ਲੈ ਕੇ ਧਰਤੀ ਨੂੰ ਢਕਦੀ ਜਾ ਰਹੀ ਹੈ ।੨੪। ਜੰਗਲੀ ਅੱਗ ਭੜਕ ਭੜਕ ਕੇ ਪਹਾੜੀ ਗੁਫਾਵਾਂ ਨੂੰ ਆਪਣੀ ਲਪੇਟ ਵਿਚ ਲੈ ਰਹੀ ਹੈ, ਸੁੱਕੇ ਬਾਂਸਾਂ ਦੇ ਜੰਗਲ ਤੜ ਤੜ ਕਰ ਕੇ ਸੜ ਰਹੇ ਹਨ. ਤੇ ਬੇਚਾਰੇ ਹਰਨਾਂ ਦੀਆਂ ਡਾਰਾਂ ਵਿਆਕੁਲ ਹੋਈਆਂ ਫਿਰ ਰਹੀਆਂ ਹਨ ।੨੫। ਹਵਾ ਨਾਲ ਭੜਕੀ ਜੰਗਲੀ ਅੱਗ ਸੁੱਕੇ ਸਿੰਮਲ ਦੇ ਰੁੱਖਾਂ ਤੇ ਉਛਲ ਰਹੀ ਹੈ ਤੇ ਉਨ੍ਹਾਂ ਬ੍ਰਿਛਾਂ ਦੇ ਪੱਤੇ ਝੁਲਸ ਕੇ ਹੇਠ ਡਿਗ ਰਹੇ ਹਨ। ਇਉਂ ਜੰਗਲੀ ਅੱਗ ਸਾਰੇ ਮਾਰ ਕਰ ਰਹੀ ਹੈ ।੨੬। ਹਾਥੀ, ਰੋਝ, ਸ਼ੇਰ ਵਗੈਰਾ ਅੱਗ ਦੇ ਸਾੜੇ ਫੂਕੇ ਗੁਫਾ ਤੋਂ ਨਿਕਲ ਕੇ ਪਰਸਪਰ ਵੈਰ ਨੂੰ ਭੁਲਾ ਕੇ ਮਿਤ੍ਰਾਂ ਵਾਂਙ ਇਕੱਠੇ ਨਦੀ ਵਿਚ ਵੜ ਰਹੇ ਹਨ ।੨੭। ਪ੍ਰੀਤਮੇ ! ਤਲਾ ਵਿਚ ਕੌਲ ਖਿੜੇ ਹੋਏ ਹਨ, ਗੁਲਾਬ ਦੀ ਭਿੰਨੀ ਖੁਸ਼ਬੋ ਆ ਰਹੀ ਹੈ, ਨ੍ਹਾਉਣਾ ਚੰਗਾ ਚੰਗਾ ਲਗਦਾ ਹੈ, ਚੰਦ ਦੀਆਂ ਕਿਰਣਾਂ ਪਿਆਰੀਆਂ ਲਗਦੀਆਂ ਹਨ, ਇਸ ਕਿਸਮ ਦੇ ਮਾਹੌਲ ਵਿਚ ਸੁੰਦਰ ਗੀਤਾਂ ਵਾਲੇ ਮਹਿਲਾਂ ਅੰਦਰ ਸਹੇਲੀਆਂ ਦੇ ਝੁਰਮਟ ਵਿਚ ਤੇਰੀ ਇਹ ਗਰਮੀ ਦੀ ਰੁਤ ਚੰਗੀ ਲੰਘੇ ।੨੮।

੨. ਬਰਸਾਤ—

ਹੇ ਪ੍ਰੀਤਮੇ ! ਇਹ ਰਾਹੀਆਂ ਦੀ ਪਿਆਰੀ ਬਰਸਾਤ ਜਲ-ਭਰਪੂਰ ਮੇਘਾਂ ਦੇ ਹਾਥੀ ਤੇ ਸਵਾਰ ਹੋ ਕੇ ਬਿਜਲੀ ਦਾ ਝੰਡਾ ਝੁਲਾਂਦੀ ਤੇ ਗਰਜਾਂ ਦੇ ਨਗਾਰੇ ਵਜਾਂਦੀ, ਸ਼ਹਿਨਸ਼ਾਹ ਵਾਂਙ ਆ ਪਧਾਰੀ ਹੈ ।੧। ਨੀਲ ਕਮਲ ਵਰਗੇ ਨੀਲੇ ਮੇਘਾਂ, ਕਿਤੇ ਕਿਤੇ ਪੀਸੇ ਹੋਏ ਸੁਰਮੇ ਵਾਂਙ ਕਾਲੇ ਅਤੇ ਕਿਧਰੇ ਕਿਧਰੇ ਗਰਭਵਤੀ ਇਸਤ੍ਰੀ ਦੇ ਕੁਚਾਂ ਵਾਂਙ ਅਧ-ਕਾਲੇ ਬੱਦਲਾਂ ਨਾਲ ਅਸਮਾਨ ਢਕਿਆ ਪਿਆ ਹੈ ।੨। ਪਿਆਸੇ ਪਪੀਹਿਆਂ ਦੇ ਮਨ ਭਾਉਂਦੇ ਪਾਣੀ ਨਾਲ ਭਰਪੂਰ, ਮੂਸਲਾਧਾਰ ਵਰਖਾ ਬਰਸਾਉਣ ਵਾਲੇ ਤੇ ਕੰਨਾਂ ਨੂੰ ਸੋਹਣੀ ਲੱਗਣ ਵਾਲੀ ਗਰਜ ਵਾਲੇ ਮੇਘਲੇ ਹੌਲੀ ਹੌਲੀ ਘੁੰਮਦੇ ਫਿਰ ਰਹੇ ਹਨ ।੩। ਗਰਜ ਰੂਪੀ ਧੌਂਸੇ ਵਾਲੇ ਇਹ ਮੇਘ, ਬਿਜਲੀ ਦੀ ਕਮਾਨ ਨਾਲ ਵਾਛੜ ਦੇ ਤੀਰ ਮਾਰ ਮਾਰ ਕੇ ਪ੍ਰਦੇਸੀਆਂ ਦੇ ਦਿਲ ਵਿੰਨ੍ਹ ਰਹੇ ਹਨ ।੪। ਤਰਾਸ਼ੇ ਹੋਏ ਕੂਲੇ ਕੂਲੇ ਨੀਲਮ ਵਾਂਙ ਹਰੇ ਹਰੇ ਘਾਹ ਨਾਲ ਸਜੀ, ਨਵੇਂ-ਉਗ ਰਹੇ ਕੰਦਲੀ ਦੇ ਪੱਤਿਆਂ ਨਾਲ ਭਰਪੂਰ ਤੇ ਵੀਰ-ਵਹੁਟੀਆਂ ਵਾਲੀ ਧਰਤੀ,—ਸਫੈਦ ਤੋਂ ਬਿਨਾ ਹੋਰ ਅਨੇਕ ਭਾਂਤੀ ਰੰਗਾਂ ਦੇ ਰਤਨਾਂ ਨਾਲ ਸ਼ਿੰਗਾਰੀ ਕੰਚਨੀ ਵਾਂਙ, ਸਜ ਫਬ ਰਹੀ ਹੈ ।੫।

ਬੱਦਲ ਦੀ ਗਰਜ ਤੇ ਰੀਝ ਕੇ ਪੈਲਾਂ ਪਾਉਣ ਵਾਲੇ ਮਿਠੀ ਅਵਾਜ਼ ਵਾਲੇ ਮੋਰ ਆਪਣੀਆਂ ਮੋਰਨੀਆਂ ਦੇ ਗਲੇ ਲਗਾਕੇ ਚੁੰਬਨ ਕਰਦੇ ਕਰਦੇ ਨਾਚ ਕਰ ਰਹੇ ਹਨ ।੬ ਕਾਮ ਵਿਚ ਅੰਨ੍ਹੀਆਂ ਦੁਸ਼ਟ ਇਸਤ੍ਰੀਆਂ ਵਾਂਙ ਇਹ ਨਦੀਆਂ ਗੰਧਲੇ ਪਾਣੀ ਨਾਲ



Sri Satguru Jagjit Singh Ji eLibrary NamdhariElibrary@gmail.com

ਭਰੀਆਂ, ਕੰਢਿਆਂ ਦੇ ਰੁੱਖਾਂ ਨੂੰ ਡੇਗਦੀਆਂ ਸਾਗਰ ਵਲ ਨੂੰ ਜਾ ਰਹੀਆਂ ਹਨ ।੭। ਹਰਣੀਆਂ ਦੇ ਮੂੰਹ ਨਾਲ ਚਰੀ ਹੋਈ ਹਰੀ ਹਰੀ ਘਾਹ ਵਾਲੇ, ਨਵੇਂ ਨਵੇਂ ਪੱਤਿਆਂ ਵਾਲੇ ਬ੍ਰਿਛਾਂ ਦੇ ਬਿੰਧਿਆਚਲ ਦੇ ਜੰਗਲ ਸਭ ਦਾ ਮਨ ਮੋਹ ਰਹੇ ਹਨ ।੮। ਕੌਲ ਫੁਲ ਵਾਂਙ ਸੁਹਾਵਣੇ ਚੰਚਲ-ਨੈਣੇ ਸੁਨੱਖੇ ਹਿਰਣਾਂ ਵਾਲਾ ਰੇਤਲਾ ਬਣ ਦਿਲ ਨੂੰ ਧੂਹਾਂ ਪਾ ਰਿਹਾ ਹੈ ।੯। ਲਗਾਤਾਰ ਗਰਜਦੇ ਬੱਦਲਾਂ ਵਾਲੀ ਕਾਲੀ ਬੋਲੀ ਰਾਤ ਵਿਚ ਬਿਜਲੀ ਦੀ ਚਮਕ ਨਾਲ ਰਾਹ ਲੱਭਦੀਆਂ ਅਭਿਸਾਰਕਾ ਨਾਇਕਾਵਾਂ ਆਪਣੇ ਯਾਰਾਂ ਨੂੰ ਮਿਲਣ ਜਾ ਰਹੀਆਂ ਹਨ ।੧੦। ਮੇਘਾਂ ਦੀ ਕਠੋਰ ਗਰਜ ਸੁਣ ਕੇ ਤੇ ਬਿਜਲੀ ਦੀ ਲਿਸ਼ਕ ਨਾਲ ਚਕਾਚੂੰਧ ਹੋਈਆਂ ਸੁੰਦਰੀਆਂ ਆਪਣੇ ਕਸੂਰਵਾਰ ਪ੍ਰੇਮੀਆਂ ਨਾਲ ਵੀ ਲਿਪਟਦੀਆਂ ਜਾ ਰਹੀਆਂ ਹਨ ।੧੧। ਬੇਚਾਰੀਆਂ ਪਰਦੇਸੀਆਂ ਦੀਆਂ ਨਾਰਾਂ ਬਿੰਬ ਵਰਗੇ ਲਾਲ ਤੇ ਨਵੀਆਂ ਕਰੂੰਬਲਾਂ ਵਰਗੇ ਕੋਮਲ ਬੁਲ੍ਹਾਂ ਉਤੇ ਅਪਣੇ ਕੰਵਲ ਨੈਣਾਂ ਤੋਂ ਹੰਝੂ ਵਹਾ ਰਹੀਆਂ ਹਨ । ਉਨ੍ਹਾਂ ਹਾਰ, ਗਹਿਣੇ ਤੇ ਤੇਲ ਫੁਲੇਲ ਦੀ ਵਰਤੋਂ ਵੀ ਛਡ ਦਿਤੀ ਹੈ । ਮਾਲੂਮ ਹੁੰਦਾ ਹੈ ਜਿਵੇਂ ਉਹ ਕੰਤ ਦੇ ਆਉਣ ਵਲੋਂ ਬਿਲਕੁਲ ਬੇਆਸ ਹੋ ਚੁਕੀਆਂ ਹਨ ।੧੨ ਨਿਕਿਆਂ ਨਿਕਿਆਂ ਕੀੜਿਆਂ, ਮਿਟੀ, ਘਾਸ ਫੂਸ ਨੂੰ ਵਹਾ ਕੇ ਲਿਜਾਂਦਾ ਗੰਧਲਾ ਬਰਸਾਤੀ ਪਾਣੀ ਸੱਪ ਵਾਂਙ ਵਲ ਖਾ ਕੇ ਚਲਦਾ ਨੀਵੇਂ ਪਾਸੇ ਨੂੰ ਦੌੜਿਆ ਜਾ ਰਿਹਾ ਹੈ ਤੇ ਡੱਡੂ ਉਸ ਨੂੰ ਸਚੀਂ ਮੁਚੀਂ ਦਾ ਸੱਪ ਸਮਝ ਕੇ ਡਰੇ ਬੈਠੇ ਹਨ ।੧੩। ਕੌਲ ਦੇ ਪੱਤੇ ਤੇ ਫੁੱਲ ਖਤਮ ਹੋ ਗਏ, ਭੌਰ ਬੋਲੀ ਵੀ ਛਡ ਗਏ ਤੇ ਹੁਣ ਉਹੋ ਘਬਰਾਏ ਭੌਰੇ ਭਿਨਭਿਨਾਹਟ ਕਰਦੇ ਕਰਦੇ, ਮੋਰ ਖੰਭਾਂ ਨੂੰ ਕੌਲ ਸਮਝ ਕੇ ਉਨ੍ਹਾਂ ਦੇ ਮੰਡਲਾ ਰਹੇ ਹਨ ।੧੪। ਨਵੇਂ ਮੇਘਲਿਆਂ ਦੀ ਗੜਗੜ ਨਾਲ ਜੰਗਲੀ ਹਾਥੀ ਮਸਤ ਹੋ ਰਹੇ ਹਨ ਤੇ ਉਨ੍ਹਾਂ ਦੇ ਮੱਥਿਓਂ ਮਦ ਚੋ ਰਿਹਾ ਹੈ । ਭੌਰੇ ਉਨ੍ਹਾਂ ਦੇ ਮੱਥਿਆਂ ਨੂੰ ਚੰਬੜੇ ਪਏ ਹਨ, ਇਉਂ ਲਗਦਾ ਹੈ ਜਿਵੇਂ ਹਾਥੀਆਂ ਦੇ ਮਸਤਕ, ਕਮਲ ਹੀ ਬਣ ਗਏ ਹਨ ।੧੫। ਜਿਨ੍ਹਾਂ ਚਟਾਨਾਂ ਨੂੰ ਚਿਟੇ ਕੌਲ ਵਾਂਙ ਬੱਦਲ ਚੁੰਮ ਰਹੇ ਹਨ ਤੇ ਜਿਨ੍ਹਾਂ ਉਤੇ ਮੋਰ ਪੈਲਾਂ ਪਏ ਪਾਉਂਦੇ ਹਨ ਤੇ ਜਿਥੋਂ ਆਬਸ਼ਾਰਾਂ ਪਈਆਂ ਵਹਿ ਰਹੀਆਂ ਹਨ, ਉਨ੍ਹਾਂ ਚਟਾਨਾਂ ਵਾਲੇ ਪਹਾੜਾਂ ਨੂੰ ਤੱਕ ਤੱਕ ਲੋਕਾਂ ਦਾ ਮਨ ਮਚਲ ਮਚਲ ਪੈਂਦਾ ਹੈ ।੧੬। ਕਦੰਬ, ਸਾਲ, ਅਰਜਨ ਤੇ ਕੇਤਕੀ ਦੇ ਬਣ ਨੂੰ ਹਲੂਣੇ ਦੇਂਦੀ, ਮਹਿਕ ਨਾਲ ਭਰਪੂਰ ਅਤੇ ਨਿਕੀਆਂ ਨਿਕੀਆਂ ਬੂੰਦਾਂ ਵਾਲੇ ਮੇਘਲਿਆਂ ਵਿਚੀਂ ਲੰਘ ਕੇ ਆ ਰਹੀ ਠੰਢੀ ਪੌਣ ਕਿਸ ਨੂੰ ਖੁਸ਼ੀਆਂ ਨੂੰ ਨਹੀਂ ਬਖਸ਼ ਰਹੀ ।੧੭।

ਏਸ ਰੁੱਤ ਵਿਚ ਮੁਟਿਆਰਾਂ ਆਪਣੇ ਭਾਰੇ ਨਿਤੰਬਾਂ ਉਤੇ ਆਪਣੀ ਲੰਮੀ ਗੁਤ ਲਮਕਾ ਕੇ, ਕੰਨਾਂ ਨੂੰ ਫੁਲਾਂ ਨਾਲ ਸਜਾ ਕੇ, ਛਾਤੀਆਂ ਤੇ ਹਾਰ ਪਹਿਨ ਕੇ, ਮਦਰਾ ਪਾਨ ਨਾਲ ਆਪਣੇ ਮੂੰਹ ਸੁਗੰਧਤ ਕਰ ਕੇ ਆਸ਼ਕਾਂ ਦੇ ਮਨ ਵਿਚ ਇਸ਼ਕ ਦੀਆਂ ਚੁਆਤੀਆਂ ਲਾਉਂਦੀਆਂ ਹਨ ।੧੮। ਬਿਜਲੀ ਦੇ ਚਿੱਲੇ ਤੇ ਸਜਿਆ ਇੰਦ੍ਰ ਧਨੁਖ, ਸਤਰੰਗੀ ਪੀਂਘ, ਪਾਣੀ ਦੇ ਭਾਰ ਨਾਲ ਉਮੜੀ ਮੇਘ ਮੰਡਲੀ



Sri Satguru Jagjit Singh Ji eLibrary NamdhariElibrary@gmail.com

ਤੜਾਗੀ ਤੇ ਰਤਨ ਜੜਤ ਕੁੰਡਲਾਂ ਨਾਲ ਸਜੀਆਂ ਮੁਟਿਆਰ ਸੁੰਦਰੀਆਂ ਇਕੋ ਵਕਤ ਪਰਦੇਸੀਆਂ ਦੇ ਮਨ ਨੂੰ ਤੜਪਾ ਰਹੀਆਂ ਹਨ।੧੯। ਨਾਰਾਂ ਸ਼ਿੰਗਾਰ ਲਈ ਇਸ ਰੁੱਤ ਵਿਚ ਨਵੇਂ ਕੇਸਰ, ਕੇਤਕੀ, ਕਦੰਬ ਦੇ ਫੁਲਾਂ ਦੇ ਹਾਰ ਆਪਣੇ ਜੂੜੇ ਵਿਚ ਗੁੰਦਦੀਆਂ ਹਨ ਤੇ ਅਪਣੀ ਮਰਜ਼ੀ ਮੁਤਾਬਿਕ ਕਕੁਭ ਦੇ ਫੁਲ ਕੰਨਾਂ ਵਿਚ ਟੁੰਗਦੀਆਂ ਹਨ।੨੦। ਉਹ ਤਨ ਤੇ ਅਗਰ ਚੰਦਨ ਦਾ ਲੇਪ ਵੀ ਕਰਦੀਆਂ ਹਨ, ਉਨ੍ਹਾਂ ਦੇ ਵਾਲ ਫੁੱਲਾਂ ਦੇ ਗੁੱਛਿਆਂ ਨਾਲ ਸੁਗੰਧਤ ਹੋ ਰਹੇ ਹਨ। ਉਹ ਸੁੰਦਰੀਆਂ, ਸ਼ਾਮਾਂ ਵੇਲੇ ਬੱਦਲ ਦੀ ਗਰਜ ਸੁਣ ਕੇ ਆਪਣੇ ਵਡਾਰੂਆਂ ਕੋਲੋਂ ਉਠ ਕੇ 'ਸੇਜਾ ਭਵਨ' ਵਲ ਉਠ ਤੁਰਦੀਆਂ ਹਨ।੨੧। ਕੌਲ ਪੱਤਿਆਂ ਵਾਂਙ ਨੀਲੇ, ਪਾਣੀ ਦੇ ਭਾਰ ਨਾਲ ਝੁਕ ਕੇ ਜ਼ਮੀਨ ਦੇ ਨਾਲ ਲੱਗੇ, ਮੱਧਮ ਪੌਣ ਦੇ ਸਹਾਰੇ ਹੌਲੀ ਹੌਲੀ ਚਲਣ ਵਾਲੇ, ਸਤਰੰਗੀ ਪੀਂਘਾਂ ਨਾਲ ਸਜੇ ਬੱਦਲਾਂ ਨੇ ਪਰਦੇਸੀ ਪੀਆ ਦੇ ਵਿਯੋਗ ਵਿਚ ਬੈਠੀਆਂ ਨਾਜ਼ਕ ਨਾਰਾਂ ਦੀ ਹੋਸ਼ ਭੁਲਾ ਛੱਡੀ ਹੈ।੨੨। ਜੰਗਲ ਵਿਚ ਕਦੰਬ ਦੇ ਫੁਲ ਖਿੜ ਪਏ ਹਨ, ਇਉਂ ਜਾਪਦਾ ਹੈ ਜਿਵੇਂ ਬਾਰਸ਼ ਦੇ ਤਾਜ਼ੇ ਪਾਣੀ ਨਾਲ ਗਰਮੀ ਦੂਰ ਹੋ ਜਾਣ ਕਾਰਨ ਸਾਰਾ ਬਣ ਖੁਸ਼ੀ ਵਿਚ ਨੱਚ ਉਠਿਆ ਹੈ। ਪੌਣ ਦੇ ਬੁਲਿਆਂ ਨਾਲ ਝੂਲਦੀਆਂ ਟਾਹਣੀਆਂ ਮਾਨੋ ਗਿੱਧਾ ਪਾ ਰਹੀਆਂ ਹਨ ਤੇ ਕੇਤਕੀ ਦੀਆਂ ਸਫੈਦ ਚਿਟੀਆਂ ਕਲੀਆਂ ਸਾਰੇ ਜੰਗਲ ਦਾ ਹਾਸਾ ਪਰਗਟਾ ਰਹੀਆਂ ਹਨ।੨੩। ਇਉਂ ਵੀ ਪਰਤੀਤ ਹੁੰਦਾ ਹੈ ਜਿਵੇਂ ਇਹ ਬਰਸਾਤ ਰੁਤ ਕਿਸੇ ਆਸ਼ਕ ਵਾਂਙ ਆਪਣੇ ਮਾਸ਼ੂਕ ਲਈ ਰੰਗ ਬਰੰਗੇ ਫੁਲਾਂ ਦੇ ਗਹਿਣੇ ਤਿਆਰ ਕਰ ਰਹੀ ਹੋਵੇ। ਜੂਹੀ, ਮਾਲਤੀ ਤੇ ਮੌਲਸਿਰੀ ਨੂੰ ਨਵੀਆਂ ਨਵੀਆਂ ਕਲੀਆਂ ਫੁਟ ਆਈਆਂ ਹਨ ਤੇ ਬਰਸਾਤ ਇਨ੍ਹਾਂ ਨਾਲ ਰਮਣੀਆਂ ਦੇ ਸਿਰ ਗੁੰਦ ਰਹੀ ਹੈ ਤੇ ਕੰਨਾਂ ਵਿਚ ਕਦੰਬ ਦੇ ਫੁਲਾਂ ਦਾ ਗਹਿਣਾ ਸਜਾ ਰਹੀ ਹੈ।੨੪। ਇਸ ਰੁਤ ਵਿਚ ਸੁੰਦਰੀਆਂ ਆਪਣੀ ਉਭਰੀ ਛਾਤੀ ਉਤੇ ਮੋਤੀਆਂ ਦੇ ਹਾਰ ਵੀ ਪਹਿਨਦੀਆਂ ਤੇ ਨਿਤੰਬਾਂ ਨੂੰ ਸਫ਼ੈਦ ਰੇਸ਼ਮੀ ਸਾੜ੍ਹੀਆਂ ਨਾਲ ਸਜਾਉਂਦੀਆਂ ਹਨ। ਉਨ੍ਹਾਂ ਦੇ ਪੇਟ ਤੇ ਦਿਖਾਈ ਦੇ ਰਹੀ ਤਿੰਨ-ਵਲੀ, ਬਰਸਾਤ ਦੀ ਨਵੀਂ ਬੂੰਦਾ-ਬਾਂਦੀ ਨਾਲ ਰੋਮਾਂਚਤ ਹੋ ਰਹੀ ਹੈ।੨੫। ਬਰਸਾਤੀ ਫੁਹਾਰ ਨਾਲ ਠੰਢੀ ਹੋਈ ਪੌਣ, ਫੁਲਾਂ ਦੇ ਬੋਝ ਨਾਲ ਨੀਵੇਂ ਹੋਏ ਬੂਟਿਆਂ ਨੂੰ ਨਚਾਉਂਦੀ ਹੋਈ, ਕੇਤਕੀ ਦੇ ਫੁਲਾਂ ਦੀ ਮਕਰੰਦ ਲੈ ਕੇ ਚਾਰੇ ਪਾਸੇ ਸੁਗੰਧ ਖਿਲਾਰਦੀ ਪਰਦੇਸੀਆਂ ਦਾ ਮਨ ਲੁਭਾ ਰਹੀ ਹੈ।੨੬। ਪਾਣੀ ਦੇ ਭਾਰ ਨਾਲ ਝੁਕੇ ਮੇਘ ਆਪਣੀ ਫੁਹਾਰ ਨਾਲ ਬਿੰਧਿਆਚਲ ਦੀ ਤਪਸ਼ ਨੂੰ ਇਸ ਲਈ ਬੁਝਾ ਰਹੇ ਹਨ, ਉਹ ਸਮਝਦੇ ਹਨ ਕਿ ਜਦੋਂ ਅਸੀਂ ਪਾਣੀ ਦੇ ਬੋਝ ਨਾਲ ਦਬ ਜਾਂਦੇ ਹਾਂ ਤਾਂ ਇਹੋ ਪਰਬਤ ਸਾਨੂੰ ਆਸਰਾ ਦਿੰਦਾ ਹੈ।੨੭। ਹੇ ਪ੍ਰੀਤਮੇ ! ਅਨੇਕਾਂ ਸਿਫਤਾਂ ਨਾਲ ਸੁਹਾਵਣਾ ਬਣਿਆ, ਇਸਤਰੀਆਂ ਦੇ ਚਿਤ ਨੂੰ ਚੁਰਾਉਣ ਵਾਲਾ, ਬੂਟਿਆਂ ਬੇਲਾਂ ਦਾ ਸੱਚਾ ਦੋਸਤ ਤੇ ਸਾਰੇ ਜੀਅ ਜੰਤੂਆਂ ਦੀ ਜ਼ਿੰਦਗੀ ਦਾ ਆਧਾਰ ਇਹ ਬਰਸਾਤ ਤੇਰੀਆਂ ਵੀ ਮਨ ਦੀਆਂ ਮੁਰਾਦਾਂ ਪੂਰਿਆ ਕਰੇ।੨੮।



Sri Satguru Jagjit Singh Ji eLibrary NamdhariElibrary@gmail.com

੩. ਸ਼ਰਦ—

ਚਿਟੀ ਚਿਟੀ ਕਾਹੀਂ ਦੀ ਪੁਸ਼ਾਕ ਵਾਲੀ, ਖਿੜੇ ਹੋਏ ਕੌਲ ਵਰਗੇ ਮੁਖੜੇ ਵਾਲੀ, ਮਸਤ ਹੰਸਾਂ ਦੀ ਗੂੰਜ ਵਰਗੀ ਝਾਂਜਰ ਪਹਿਨੀਂ, ਪੱਕੇ ਹੋਏ ਧਾਨਾਂ ਵਾਂਙ ਝੁਲੇ ਖਾਂਦੀ ਹੋਈ ਸ਼ਰਦ ਰੁਤ ਨਵੀਂ ਵਹੁਟੀ ਵਾਂਙ ਬਣ ਤਣ ਕੇ ਆ ਰਹੀ ਹੈ ।੧। ਚਿਟੀ ਚਿਟੀ ਕਾਹੀਂ ਨੇ ਧਰਤੀ ਨੂੰ, ਚੰਦ ਚਾਨਣੀ ਨੇ ਰਾਤ ਨੂੰ, ਹੰਸਾਂ ਨੇ ਨਦੀਆਂ ਦੇ ਪਾਣੀ ਨੂੰ, ਕੌਲਾਂ ਨੇ ਤਲਾਬਾਂ ਨੂੰ, ਫੁਲਾਂ ਨਾਲ ਲੱਦੇ ਹੋਏ ਛਤਿਬਨ ਦੇ ਬੂਟਿਆਂ ਨੇ ਬਣ ਨੂੰ, ਤੇ ਚੰਬੇਲੀ ਦੇ ਫੁਲਾਂ ਨੇ ਬਗੀਚਿਆਂ ਨੂੰ ਚਿੱਟਾ ਉੱਜਲ ਬਣਾ ਦਿਤਾ ਹੈ ।੨। ਉਛਲ-ਦੀਆਂ ਸੁੰਦਰ ਮਛਲੀਆਂ ਦੀ ਤੜਾਗੀ ਵਾਲੀਆਂ, ਕੰਢੇ ਤੇ ਬੈਠੇ ਚਿਟੇ ਬਗਲਿਆਂ ਦੇ ਹਾਰਾਂ ਵਾਲੀਆਂ, ਉਚੇ ਟਿਲਿਆਂ ਦੇ ਨਿਤੰਬਾਂ ਵਾਲੀਆਂ ਨਦੀਆਂ, ਮਸਤ ਸੁੰਦਰੀਆਂ ਵਾਂਙ ਹੌਲੀ ਹੌਲੀ ਜਾ ਰਹੀਆਂ ਹਨ ।੩। ਚਾਂਦੀ, ਸੰਖ ਤੇ ਕੌਲ ਵਾਂਙ ਚਿਟੇ, ਵਰ੍ਹਨ ਤੋਂ ਬਾਦ ਹਲਕੇ ਹੋਕੇ, ਹਵਾ ਦੇ ਬੁਲਿਆਂ ਨਾਲ ਇਧਰ ਉਧਰ ਦੌੜਨ ਵਾਲੇ ਬੱਦਲ, ਅਸਮਾਨ ਵਿਚ ਘੁੰਮਦੇ ਫਿਰਦੇ ਹਨ । ਇਉਂ ਲਗਦਾ ਹੈ ਜਿਵੇਂ ਗਗਨ ਰੂਪੀ ਸੁਲਤਾਨ ਦੇ ਸਿਰ ਉਤੇ ਸੈਂਕੜੇ ਚੌਰ ਝੁਲਾਏ ਜਾ ਰਹੇ ਹੋਣ ।੪। ਪੀਸੇ ਹੋਏ ਸੁਰਮੇ ਵਾਂਙ ਨੀਲੇ ਅਸਮਾਨ, ਦੁਪਹਿਰੀਏ ਫੁਲਾਂ ਨਾਲ ਸਜੀ ਲਾਲ ਧਰਤੀ ਤੇ ਪੱਕੇ ਧਾਨਾਂ ਨਾਲ ਸਜੇ ਖੇਤਾਂ ਨੂੰ ਵੇਖਕੇ ਕਿਸ ਗੱਭਰੂ ਦਾ ਮਨ ਮਚਲ ਨਹੀਂ ਉਠਦਾ ।੫। ਜਿਸ ਦੀਆਂ ਟਾਹਣੀਆਂ ਨੂੰ ਮੱਧਮ ਪੌਣ ਹਿਲਾ ਰਹੀ ਹੈ, ਜਿਸ ਦੇ ਬੇਅੰਤ ਫੁਲ ਖਿੜੇ ਹੋਏ ਹਨ, ਜਿਸ ਦੀਆਂ ਪੱਤੀਆਂ ਬੜੀਆਂ ਕੋਮਲ ਹਨ, ਜਿਸ ਦੇ ਮਕਰੰਦ ਦਾ ਮਸਤ ਭੌਰੇ ਮਜ਼ੇ ਨਾਲ ਪੀ ਰਹੇ ਹਨ, ਐਸਾ ਕਚਨਾਰ ਦਾ ਬ੍ਰਿਛ ਕਿਸ ਦਾ ਦਿਲ ਟੋਟੇ ਟੋਟੇ ਨਹੀਂ ਕਰ ਰਿਹਾ ? ।੬। ਨਵੀਂ ਨਵੇਲੀ ਮੁਟਿਆਰ ਵਰਗੀ ਅੱਜ ਕਲ ਦੀ ਰਾਤ, ਬੱਦਲਾਂ ਤੋਂ ਖ਼ਾਲੀ, ਚੰਦ ਜੇਹੇ ਮੁਖੜੇ ਵਾਲੀ, ਤਾਰਿਆਂ ਦੇ ਗਹਿਣਿਆਂ ਨਾਲ ਲੱਦੀ, ਚੰਦ ਚਾਨਣੀ ਦੀ ਚਿਟੀ ਸਾੜ੍ਹੀ ਵਾਲੀ, ਦਿਨ ਬਦਿਨ ਵਧ ਹੀ ਰਹੀ ਹੈ ।੭। ਕੌਲ ਫੁਲਾਂ ਦੇ ਪਰਾਗ ਨਾਲ ਲਾਲ ਲਾਲ ਪਾਣੀ ਵਾਲੀ, ਗਾ ਰਹੇ ਹੰਸਾਂ ਵਾਲੀ ਜਲ ਪੰਛੀਆਂ ਦੀਆਂ ਚੁੰਝਾਂ ਨਾਲ ਟਕਰਾਂਦੀਆਂ ਲਹਿਰਾਂ ਵਾਲੀ ਤੇ ਘੁੰਮਰ ਪਾ ਰਹੇ ਸਾਰਸਾਂ ਵਾਲੀ ਨਦੀ ਬੜੀ ਹੀ ਸੋਹਣੀ ਲਗ ਰਹੀ ਹੈ ।੮। ਨੈਣਾਂ ਵਿਚ ਠੰਢ ਪਾਉਣ ਵਾਲੀਆਂ ਆਕਰਸ਼ਕ ਚੰਦ ਦੀਆਂ ਕਿਰਣਾਂ, ਤੇ ਸੀਤਲ ਫੁਹਾਰ ਬਰਸਾਉਣ ਵਾਲਾ ਚੰਦ, ਵਿਛੋੜੇ ਦੇ ਜ਼ਹਿਰੀਲੇ ਤੀਰਾਂ ਨਾਲ ਫੱਟੀਆਂ ਵਿਜੋਗਣਾਂ ਨੂੰ ਸਗੋਂ ਹੋਰ ਸਾੜ ਰਿਹਾ ਹੈ ।੯। ਧਾਨਾਂ ਦੀਆਂ ਬੱਲੀਆਂ ਨੂੰ ਝੁਲਾਉਂਦਾ ਹੋਇਆ, ਫੁਲਾਂ ਲੱਦੇ ਬ੍ਰਿਛਾਂ ਨੂੰ ਨਚਾਉਂਦਾ ਤੇ ਖਿੜੀਆਂ ਹੋਈਆਂ ਕੁਮਦਨੀਆਂ ਨੂੰ ਹਲੂਣਦਾ ਹੋਇਆ ਪੌਣ ਦੇਵਤਾ ਗੱਭਰੂਆਂ ਦੇ ਦਿਲ ਡੁਲਾ ਰਿਹਾ ਹੈ ।੧੦। ਮਸਤ ਹੰਸਾਂ ਦੀ ਜੋੜੀਆਂ ਨਾਲ ਸਜੇ, ਸੋਹਣੇ ਸੁੰਦਰ ਖਿੜੇ ਕੌਲਾਂ ਵਾਲੇ, ਹੌਲੀ ਹੌਲੀ ਪ੍ਰਭਾਤ ਦੀ ਪੌਣ ਨਾਲ ਹਿਲੋਰੇ ਲੈਂਦੇ ਪਾਣੀਆਂ ਵਾਲੇ ਤਲਾ ਦਿਲਾਂ ਨੂੰ ਉਤਕੰਠਿਤ ਕਰ ਰਹੇ ਹਨ ।੧੧। ਹੁਣ ਸਤਰੰਗੀ ਪੀਂਘ ਵੀ ਦਿਖਾਈ ਨਹੀਂ ਦਿੰਦੀ, ਅਸਮਾਨ ਦੀ ਝੰਡੀ ਬਿਜਲੀ ਵੀ ਨਹੀਂ ਲਿਸ਼ਕ



Sri Satguru Jagjit Singh Ji eLibrary NamdhariElibrary@gmail.com

ਰਹੀ, ਬਗਲੇ ਅਸਮਾਨ ਨੂੰ ਆਪਣੇ ਖੰਭਾਂ ਦੀ ਹਵਾ ਵੀ ਨਹੀਂ ਕਰ ਰਹੇ, ਤੇ ਨਾ ਹ ਮੋਰ ਉਪਰ ਮੂੰਹ ਉਠਾ ਕੇ ਗਗਨਾਂ ਵਲ ਤੱਕਦੇ ਹਨ ।੧੨। ਮੋਰਾਂ ਨੇ ਨਾਚ ਛੱਡ ਦਿਤਾ ਹੈ, ਇਸ ਲਈ ਹੁਣ ਕਾਮਦੇਵ ਉਨ੍ਹਾਂ ਹੰਸਾਂ ਪਾਸ ਚਲਿਆ ਗਿਆ ਹੈ, ਜੋ ਮਿਠਾ ਮਿਠਾ ਕੂਜ ਰਹੇ ਹਨ । ਫੁਲਾਂ ਦੇ ਖੇੜੇ ਦਾ ਸੁਹੱਪਣ ਵੀ ਕਦੰਬ, ਕੁਟਜ, ਅਰਜਨ, ਸਾਲ ਤੇ ਅਸ਼ੋਕ ਬ੍ਰਿਛ ਵਗ਼ੈਰਾ ਨੂੰ ਛੱਡ ਕੇ ਛਤਿਬਨ ਤੇ ਚਲਿਆ ਗਿਆ ।੧੩। ਮਨੋਹਰ ਫੁਲਾਂ ਦੀ ਸੁਹਾਵਣੀ ਮਹਿਕ ਵਾਲੇ, ਨਿਸਚਿੰਤ ਚਿੜੀਆਂ ਦੀ ਚਹਿਚਹਾਅਟ ਨਾਲ ਭਰਪੂਰ ਕਮਲ ਨੈਣੀਆਂ-ਹਰਨੀਆਂ ਵਾਲੇ ਉਪਬਨਾਂ ਨੂੰ ਵੇਖਕੇ ਲੋਕਾਂ ਦਾ ਮਨ ਮਸਤ ਹੋ ਰਿਹਾ ਹੈ ।੧੪। ਕੋਕਵੇਲ, ਕੁਮਦ ਤੇ ਕਮਲ ਨੂੰ ਝੂਣ ਝੂਣ ਕੇ ਉਸਦੇ ਸਪਰਸ਼ ਨਾਲ ਸੀਤਲ ਹੋਈ, ਪੱਤਿਆਂ ਦੀ ਨੋਕ ਤੇ ਪਈਆਂ ਬੂੰਦਾਂ ਨੂੰ ਗਿਰਾਂਦੀ ਹੋਈ ਪੌਣ ਦਿਲ ਨਾਲ ਛੇੜਖਾਨੀਆਂ ਕਰ ਰਹੀ ਹੈ ।੧੫। ਕਿਧਰੇ ਖੇਤਾਂ ਵਿਚ ਧਾਨ ਲਹਿਰਾ ਰਹੇ ਹਨ, ਕਿਧਰੇ ਨਿਸਚਿੰਤ ਗਊਆਂ ਦਾ ਵੱਗ ਬੈਠਾ ਹੈ, ਕਿਧਰੇ ਹੰਸ ਕੂੰਜ ਰਹੇ ਹਨ । ਕਿਤੇ ਸਾਰਸ ਕੂਕ ਰਹੇ ਹਨ, ਇਸ ਤਰ੍ਹਾਂ ਦੇ ਥਾਂ ਮਨ ਵਿਚ ਖੁਸ਼ੀਆਂ ਪੈਦਾ ਕਰ ਰਹੇ ਹਨ ।੧੬। ਹੰਸਾਂ ਨੇ ਸੁੰਦਰੀਆਂ ਦੀ ਮੋਹਣੀ ਚਾਲ ਨੂੰ, ਖਿੜੇ ਕੌਲ ਫੁਲਾਂ ਨੇ ਉਨ੍ਹਾਂ ਦੇ ਮੁਖੜੇ ਦੀ ਸ਼ਾਨ ਨੂੰ, ਨੀਲ ਕੰਵਲਾਂ ਨੇ ਉਨ੍ਹਾਂ ਦੀਆਂ ਮਦਭਰੀਆਂ ਅੱਖੀਆਂ ਨੂੰ ਤੇ ਲਹਿਰਾਂ ਨੇ ਉਨ੍ਹਾਂ ਦੇ ਨੈਣਾਂ ਦੀ ਚੰਚਲਤਾ ਨੂੰ ਚੁਰਾ ਲਿਆ ਹੈ ।੧੭। ਫੁਲਾਂ ਦੇ ਭਾਰ ਨਾਲ ਝੁਕੀਆਂ ਟਾਹਣੀਆਂ ਵਾਲੀਆਂ ਬੇਲਾਂ ਨੇ ਇਕ ਤਰ੍ਹਾਂ ਇਸਤਰੀਆਂ ਦੇ ਗਹਿਣਿਆਂ ਨਾਲ ਸਜੀਆਂ ਬਾਹਾਂ ਦੀ ਖੂਬਸੂਰਤੀ ਖੋਹ ਲਈ ਹੈ । ਕੇਲੀ ਤੇ ਨਵੀਂ ਮਾਲਤੀ ਦੇ ਫੁਲਾਂ ਨੇ ਦੰਦਾਂ ਦੀ ਲਿਸ਼ਕ ਨਾਲ ਜਗਮਗਾਉਣ ਵਾਲੀ ਚੰਦ੍ਰਕਾਂਤਮਣੀ ਸਮਾਨ ਮੁਸਕ੍ਰਾਹਟ ਨੂੰ ਚੁਰਾ ਲਿਆ ਹੈ ।੧੮। ਇਸਤਰੀਆਂ ਆਪਣੀਆਂ ਘੁੰਗਰਾਲੀਆਂ ਕਾਲੀਆਂ ਜ਼ੁਲਫਾਂ ਵਿਚ ਮਾਲਤੀ ਦੇ ਨਵੇਂ ਨਵੇਂ ਫੁਲ ਗੁੰਦ ਰਹੀਆਂ ਹਨ । ਸੋਨੇ ਦੇ ਕੁੰਡਲ ਪਹਿਨਣ ਵਾਲੇ ਕੰਨਾਂ ਨੇ ਹੁਣ ਤਰ੍ਹਾਂ ਤਰ੍ਹਾਂ ਦੇ ਨੀਲ ਕੰਵਲ ਹੀ ਪਹਿਨ ਲੀਤੇ ਹਨ ।੧੯। ਕਈ ਸੁੰਦਰੀਆਂ ਆਪਣੇ ਸੀਨੇ ਤੇ ਮੋਤੀਆਂ ਦੀਆਂ ਮਾਲਾ ਪਹਿਨਦੀਆਂ ਤੇ ਚੰਦਨ ਲੇਪਨ ਕਰਦੀਆਂ ਹਨ, ਭਾਰੇ ਨਿਤੰਬਾਂ ਤੇ ਤੜਾਗੀ ਸਜਾਉਂਦੀਆਂ ਹਨ ਤੇ ਕਮਲਾਂ ਵਰਗੇ ਮਲੂਕ ਪੈਰਾਂ ਨਾਲ ਝਾਂਜਰਾਂ ਬੰਨ੍ਹ ਕੇ ਉਮੰਗਾਂ ਨਾਲ ਭਰੀਆਂ ਰਹਿੰਦੀਆਂ ਹਨ ।੨੦। ਚਿਟੇ ਕੌਲ ਫੁਲਾਂ ਨਾਲ ਭਰਪੂਰ, ਹੰਸਾਂ ਨਾਲ ਰੌਣਕੀਲੇ, ਚਿਟੀ ਮਣੀ ਵਰਗੇ ਨਿਰਮਲ ਜਲ ਵਾਲੇ ਵਡੇ ਵਡੇ ਤਲਾਆਂ ਦੀ ਸ਼ੋਭਾ, ਚੰਦ ਸਤਾਰਿਆਂ ਵਾਲੇ ਨਿਰਮਲ ਅਸਮਾਨ ਨੇ ਮੱਲ ਲਈ ਹੈ ।੨੧। ਕਮਲਾਂ ਨੂੰ ਛੇੜ ਛਾੜ ਕਰਦੀ ਠੰਢੀ ਪੌਣ ਚਲ ਰਹੀ ਹੈ, ਬੱਦਲ ਨ ਹੋਣ ਕਰਕੇ ਚਾਰੇ ਪਾਸੇ ਬੜੇ ਸੁਹਾਵਣੇ ਜਾਪਦੇ ਹਨ, ਪਾਣੀ ਦਾ ਗੰਧਲਾਪਣ ਦੂਰ ਹੋ ਗਿਆ ਹੈ, ਧਰਤੀ ਦਾ ਚਿਕੜ ਸੁੱਕ ਚੁਕਾ ਹੈ । ਤਾਰਿਆਂ ਨਾਲ ਚਿਤ੍ਰਤ ਨਿਰਮਲ ਚੰਦ ਵਾਲਾ ਅਸਮਾਨ ਬੜਾ ਹੀ ਸੋਹਣਾ ਲਗ ਰਿਹਾ ਹੈ ।੨੨। ਸਵੇਰੇ ਸਵੇਰੇ ਜਦੋਂ ਸੂਰਜ ਆਪਣੀਆਂ ਕਿਰਣਾਂ ਦੀ ਛੁਹ ਨਾਲ ਕਮਲ ਨੂੰ ਜਗਾਉਂਦਾ



Sri Satguru Jagjit Singh Ji eLibrary NamdhariElibrary@gmail.com

ਹੈ ਤਾਂ ਉਹ ਕਮਲ ਸੁੰਦਰੀ ਦੇ ਚੇਹਰੇ ਵਾਂਙ ਵਿਗਸ ਪੈਂਦਾ ਹੈ। ਜਿਵੇਂ ਪੀਆ ਦੇ ਪਰਦੇਸ ਜਾਣ ਨਾਲ ਸੁੰਦਰੀਆਂ ਦੀ ਖੁਸ਼ੀ ਚਲੀ ਜਾਂਦੀ ਹੈ, ਤਿਵੇਂ ਚੰਨ ਦੇ ਛਿਪ ਜਾਣ ਤੇ ਕੁਮਦਨੀਆਂ ਬੇਚਾਰੀਆਂ ਮੁਰਝਾ ਹੀ ਗਈਆਂ ਹਨ।੨੩। ਜਦੋਂ ਪਰਦੇਸੀ, ਨੀਲੇ ਕੌਲਾਂ ਵਿਚ ਆਪਣੀਆਂ ਪ੍ਰੀਤਮਾ ਦੇ ਸਾਂਵਲੇ ਨੈਣਾਂ ਦਾ ਰੂਪ ਵੇਖਦੇ ਹਨ ਤੇ ਮਸਤ ਹੰਸਾਂ ਦੀ ਆਵਾਜ਼ ਵਿਚ ਤੜਾਗੀ ਦੀ ਰੁਣਝੁਣ ਸੁਣਦੇ ਹਨ ਤੇ ਗੁਲ ਦੁਪਹਰੀਆ ਦੇ ਫੁਲਾਂ ਵਿਚ ਉਨ੍ਹਾਂ ਦੇ ਹੋਠਾਂ ਦੀ ਲਾਲੀ ਵੇਖਦੇ ਹਨ ਤਾਂ ਉਹ ਸੁਧ ਬੁਧ ਗਵਾ ਕੇ ਰੋਣ ਲਗ ਜਾਂਦੇ ਹਨ। ੨੪। ਸ਼ਰਦ ਰੁਤ ਦੀ ਸ਼ਾਨ ਚੰਦ ਦੀ ਚਮਕ ਨੂੰ ਛੱਡਕੇ ਮੁਟਿਆਰਾਂ ਦੇ ਮੁਖੜਿਆਂ ਤੇ, ਹੰਸਾਂ ਦੀ ਮਧੁਰ ਧੁਨ ਉਨ੍ਹਾਂ ਦੀਆਂ ਰਤਨ-ਜੜਤ ਝਾਂਜਰਾਂ ਵਿਚ, ਦੁਪਹਰੀਆਂ ਦੇ ਫੁਲਾਂ ਦੀ ਲਾਲੀ ਉਨ੍ਹਾਂ ਤੇ ਹੋਠਾਂ ਤੇ ਚਲੀ ਜਾ ਰਹੀ ਹੈ। ੨੫। ਖਿੜੇ ਕੌਲ ਵਰਗੇ ਮੁਖੜੇ ਵਾਲੀ, ਨੀਲੇ ਕੌਲਾਂ ਵਰਗੇ ਨੈਣਾਂ ਵਾਲੀ, ਕਾਹੀਂ ਵਰਗੇ ਚਿਟੇ ਬਸਤ੍ਰਾਂ ਵਾਲੀ ਕੁਮਦ ਵਰਗੇ ਸੁੰਦਰ ਰੂਪ ਵਾਲੀ ਇਹ ਸ਼ਰਦ ਰੁਤ ਮਦਮਸਤ ਸੁੰਦ੍ਰੀ ਵਾਂਙ ਤੁਹਾਡੇ ਅੰਦਰ ਪ੍ਰੀਤ ਦਾ ਨਗ਼ਮਾ ਛੇੜੇ। ੨੬।

## ੪. ਹੇਮੰਤ—

ਵੇਖੋ ! ਇਹ ਬਰਫ-ਬਰਸਾਉਂਦੀ ਹੇਮੰਤ-ਰੁਤ ਆ ਗਈ। ਕਣਕਾਂ ਦੀਆਂ ਬੱਲੀਆਂ ਦਾਣਾ ਪੈ ਜਾਣ ਨਾਲ ਬੜੀਆਂ ਸੋਹਣੀਆਂ ਲਗ ਰਹੀਆਂ ਹਨ। ਲੋਧ ਦੇ ਬ੍ਰਿਛ ਫੁਲਾਂ ਨਾਲ ਸਜ ਰਹੇ ਹਨ, ਧਾਨ ਪੱਕ ਗਏ ਹਨ ਤੇ ਕਮਲ ਮੁਰਝਾ ਗਏ ਹਨ। ੧। ਇਸ ਰੁੱਤ ਵਿਚ ਬਾਂਕੀਆਂ ਨਾਰਾਂ ਆਪਣੇ ਗੋਲ ਗੋਲ ਕੁਚਾਂ ਨੂੰ ਕੇਸਰ ਦੇ ਮਨਮੋਹਨ ਲਾਲ ਰੰਗ ਨਾਲ ਅਤੇ ਬਰਫ, ਮਰਤਬਾਨ ਦੇ ਫੁਲ ਤੇ ਚੰਦ ਚਾਨਣੀ ਵਾਂਙ ਚਿਟੇ ਹਾਰਾਂ ਨਾਲ ਨਹੀਂ ਸ਼ਿੰਗਾਰਦੀਆਂ। ੨। ਅੱਜ ਕਲ ਮੁਟਿਆਰਾਂ ਨ ਤਾਂ ਆਪਣੀਆਂ ਦੋਹਾਂ ਬਾਹਾਂ ਵਿਚ ਕੰਗਣ ਤੇ ਨਾ ਹੀ ਬਾਜ਼ੂਬੰਦ ਪਾਉਂਦੀਆਂ ਹਨ ; ਨ ਉਹ ਗੋਲ ਨਿਤੰਬਾਂ ਤੇ ਰੇਸ਼ਮੀ ਸਾੜ੍ਹੀ ਹੀ ਸਜਾਉਂਦੀਆਂ ਹਨ ਤੇ ਨਾ ਉਭਰੀ ਛਾਤੀ ਤੇ ਬਰੀਕ ਮਲਮਲ ਪਹਿਨਦੀਆਂ ਹਨ। ੩। ਨ ਕਮਰ ਦੁਆਲੇ ਸੋਨੇ ਤੇ ਰਤਨਾਂ-ਜੜੀ ਤੜਾਗੀ ਧਾਰਨ ਕਰਦੀਆਂ ਹਨ, ਅਤੇ ਨਾ ਹੀ ਕਵਲ ਸਮਾਨ ਕੂਲੇ ਪੈਰਾਂ ਵਿਚ ਹੰਸਾਂ ਵਾਂਙ ਕੂਜਣ ਵਾਲੀ ਰੁਣ ਝੁਣ ਕਰਦੀ ਝਾਂਜਰ। ੪। ਭੋਗ-ਬਿਲਾਸ ਦੀ ਤਿਆਰੀ ਵਿਚ ਇਸਤ੍ਰੀਆਂ ਬਦਨ ਤੇ ਇਕ ਤਰ੍ਹਾਂ ਦਾ ਪੌਡਰ ਲਗਾਉਂਦੀਆਂ ਹਨ, ਕਮਲ ਸਮਾਨ ਚੇਹਰੇ ਤੇ ਬੇਲਬੂਟੇ ਬਣਾਉਂਦੀਆਂ ਤੇ ਅਗਰ ਚੂਰਣ ਨਾਲ ਆਪਣੇ ਕੇਸਾਂ ਨੂੰ ਸੁਗੰਧਿਤ ਕਰ ਰਹੀਆਂ ਹਨ। ੫। ਭੋਗ ਬਿਲਾਸ ਦੀ ਥਕਾਵਟ ਨਾਲ ਇਸਤ੍ਰੀਆਂ ਦੇ ਚੇਹਰੇ ਕੁਝ ਫਿੱਕੇ ਪੈ ਗਏ ਹਨ, ਹੱਸਣ ਦੀ ਗੱਲ ਕਰਦਿਆਂ ਵੀ ਉਹ ਇਸ ਲਈ ਉਚੀ ਨਹੀਂ ਹਸਦੀਆਂ ਕਿ ਉਨ੍ਹਾਂ ਦੇ ਬੁਲ੍ਹਾਂ ਤੇ ਤਿਖੇ ਦੰਦਾਂ ਦੇ,ਪਿਆਰ-ਨਿਸ਼ਾਨ ਕਿਤੇ ਦਿਖਾਈ ਨ ਦੇ ਜਾਣ।੬। ਪ੍ਰਭਾਤ ਸਮੇਂ ਘਾਹ ਉਤੇ ਪਏ ਤ੍ਰੇਲ-ਤੁਪਕਿਆਂ ਨੂੰ ਦੇਖ ਕੇ ਇਉਂ ਮਾਲੂਮ ਹੁੰਦਾ ਹੈ ਜਿਵੇਂ ਹੇਮੰਤ ਗ਼ਮ



Sri Satguru Jagjit Singh Ji eLibrary NamdhariElibrary@gmail.com

ਦੇ ਹੰਝੂ, ਵਹਾ ਰਹੀ ਹੁੰਦੀ ਹੈ। ਇਸ ਗੱਲ ਨੂੰ ਵੇਖਕੇ ਕਿ ਮੁਟਿਆਰਾਂ ਦਿਆਂ ਕਠੋਰ ਕੁਚਾਂ ਨੂੰ ਕਿਉਂ ਦਬਾਇਆ ਗਿਆ ਹੈ। ੭। ਧਾਨਾਂ ਦੇ ਹਰੇ-ਭਰੇ ਲਹਿਲਹਾਂਦੇ ਖੇਤਾਂ, ਉਛਲ ਕੁਦਦੀਆਂ ਹਰਣੀਆਂ ਅਤੇ ਬੋਲ ਰਹੇ ਸਾਰਸਾਂ ਦੇ ਦ੍ਰਿਸ਼ਾਂ ਨੂੰ ਤੱਕ ਕੇ ਮਨ ਮਚਲ ਮਚਲ ਪੈਂਦਾ ਹੈ। ੮। ਤਲਾ ਵਿਚ ਖਿੜ ਨੀਲੇ ਕਵਲ ਲਹਿਰਾ ਰਹੇ ਹਨ, ਮਸਤ ਹੰਸ ਤਾਰੀਆਂ ਪਏ ਲਾਉਂਦੇ ਹਨ, ਨਿਰਮਲ ਪਾਣੀ ਨਾਲ ਭਰੇ ਤਾਲ ਮਨ ਨੂੰ ਮੱਲੋਮੱਲੀ ਬੇਕਾਬੂ ਕਰੀ ਜਾਂਦੇ ਹਨ। ੯ ! ਪ੍ਰੀਤਮਾ ! ਪਾਲੇ ਦੀ ਮਾਰੀ ਹੋਈ ਇਹ ਪ੍ਰਿਅੰਗੂ ਵੇਲ ਪੱਕ ਕੇ ਇਸ ਤਰ੍ਹਾਂ ਪੀਲੀ ਪੈ ਗਈ ਹੈ, ਜਿਵੇਂ ਪਤੀ ਵਿਛੋੜੇ ਵਿਚ ਵਿਯੋਗਣ ਦਾ ਰੰਗ ਜ਼ਰਦ ਵਿਸਾਰ ਹੋ ਜਾਂਦਾ ਹੈ।੧੦। ਫੁਲਾਂ ਦੀ ਮਦਰਾ ਨਾਲ ਸੁਗੰਧਤ ਮੂੰਹਾਂ ਵਾਲੇ, ਮੁਖੜੇ ਨਾਲ ਮੁਖੜਾ ਜੋੜ ਕੇ ਤੇ ਮਹਿਕਦੇ ਸੁਆਸਾਂ ਨੂੰ ਅਭੇਦ ਕਰਕੇ ਮਿਲਾਪ ਦਾ ਅਨੰਦ ਮਾਣਦੇ ਜੋੜੇ ਗਲਵੱਕੜੀਆਂ ਪਾਈ ਪਏ ਹਨ। ੧੧। ਬਿਲ਼ਾਸੀ ਪ੍ਰੇਮੀਆਂ ਨੇ ਆਪਣੀਆਂ ਨਵੀਆਂ ਨਵੇਲੀਆਂ ਪ੍ਰੀਤਮਾਵਾਂ ਦੇ ਹੋਠਾਂ ਉਤੇ ਦੰਦਾਂ ਦੇ ਨਿਸ਼ਾਨ ਪਾ ਦਿਤੇ ਹਨ ਤੇ ਛਾਤੀ ਉਤੇ ਨਹੁੰਆਂ ਦੇ ਨਿਸ਼ਾਨ ਵੀ ਪਏ ਦਿਸਦੇ ਹਨ। ਮਾਲੂਮ ਹੁੰਦਾ ਹੈ ਕਿ ਉਹ ਦਿਲੋਂ ਮਨੋ ਵਸਲ ਦਾ ਰਸ ਮਾਣ ਰਹੇ ਹਨ।੧੨। ਦੇਖੋ ! ਕੋਈ ਕੋਈ ਸੁੰਦਰੀ ਹੱਥ ਵਿਚ ਸ਼ੀਸ਼ਾ ਫੜਕੇ ਸਵੇਰੇ ਸਵੇਰੇ ਧੁਪੇ ਬੈਠ ਕੇ ਆਪਣੇ ਕਮਲ ਵਰਗੇ ਸੁੰਦਰ ਮੁਖੜੇ ਦਾ ਸ਼ਿੰਗਾਰ ਕਰ ਰਹੀ ਹੈ, ਜਿਨ੍ਹਾਂ ਹੋਠਾਂ ਦਾ ਰਸ ਪਾਨ ਕੀਤਾ ਜਾ ਚੁਕਾ ਹੈ ਤੇ ਜਿਨ੍ਹਾਂ ਤੇ ਕੁਝ ਕੁਝ ਨਿਸ਼ਾਨ ਵੀ ਦਿਸਦੇ ਹਨ, ਉਨ੍ਹਾਂ ਬੁਲ੍ਹਾਂ ਨੂੰ ਉਂਗਲਾਂ ਨਾਲ ਖਿਚ ਖਿੱਚ ਵੇਖਿਆ ਜਾ ਰਿਹਾ ਹੈ। ੧੩। ਇਕ ਹੋਰ ਸੁੰਦਰੀ ਭੋਗ ਬਿਲਾਸ ਦੀ ਥਕਾਵਟ ਕਰਕੇ ਉਂਘਲਾ ਰਹੀ ਹੈ, ਉਸਦੀਆਂ ਅੱਖੀਆਂ ਜਗਰਾਤੇ ਕਰਕੇ ਲਾਲ ਹੋ ਗਈਆਂ ਹਨ ਤੇ ਜ਼ੁਲਫਾਂ ਮੋਢਿਆਂ ਤੇ ਖਿਲਰੀਆਂ ਪਈਆਂ ਹਨ। ੧੪। ਲੰਮੀਆਂ ਕਾਲੀਆਂ ਤੇ ਸੰਘਣੀਆਂ ਜ਼ੁਲਫਾਂ ਵਾਲੀਆਂ ਇਸਤ੍ਰੀਆਂ, ਜਿਨ੍ਹਾਂ ਦੇ ਸਰੀਰ ਸ਼ਥੂਲ ਤੇ ਛਾਤੀ ਦੇ ਭਾਰ ਨਾਲ ਝੁਕੇ ਹੋਏ ਹਨ ਆਪਣੇ ਕੇਸ ਸਵਾਰ ਰਹੀਆਂ ਹਨ ਤੇ ਉਹ ਗਲ ਦੇ ਉਹ ਹਾਰ ਵੀ ਉਤਾਰ ਰਹੀਆਂ ਹਨ, ਜਿਨ੍ਹਾਂ ਦੀ ਮਹਿਕ ਦਾ ਅਨੰਦ ਰਾੜੀਂ ਮਾਣਿਆ ਜਾ ਚੁਕਾ ਹੈ। ੧੫। ਕਈ ਸੁੰਦਰੀਆਂ ਜਿਨ੍ਹਾਂ ਦੇ ਅੰਗ ਨਹੁੰਆਂ ਨਾਲ ਵਲੂੰਧਰੇ ਗਏ ਹਨ, ਖਿਲਰੇ ਕਾਲੇ ਵਾਲ਼ਾਂ ਨਾਲ ਅੱਖਾਂ-ਢਕੀਂ ਪ੍ਰੀਤਮ ਦੁਆਰਾ ਮਾਣੇ ਗਏ ਸਰੀਰ ਨੂੰ ਵੇਖ ਵੇਖ ਮਗਨ ਹੋ ਰਹੀਆਂ ਹਨ ਤੇ ਹੋਠਾਂ ਨੂੰ ਰੰਗਦੀਆਂ ਹੋਈਆਂ ਚੋਲੀਆਂ ਬੰਨ੍ਹ ਰਹੀਆਂ ਹਨ। ੧੬। ਦੇਰ ਤਕ ਰੰਗਰਲੀਆਂ ਮਾਣਨ ਨਾਲ ਜਿਨ੍ਹਾਂ ਦੇ ਕੋਮਲ ਅੰਗ ਥਕਾਵਟ ਕਾਰਣ ਢਿਲੇ ਪੈ ਗਏ ਹਨ ਤੇ ਜੰਘਾਂ ਤੇ ਕੁਚਾਂ ਵਿਚ ਰੋਮਾਂਚ ਪੈਦਾ ਹੋ ਗਿਆ ਹੈ, ਉਹ ਹੁਣ ਬੈਠਕੇ ਸੁਰਮਾ ਲਾ ਰਹੀਆਂ ਹਨ ਤੇ ਸੁਗੰਧਤ ਵਟਨਾ ਮਲ ਕੇ ਮਾਲਸ਼ ਕਰ ਰਹੀਆਂ ਹਨ। ੧੭। ਜੋ ਰੁਤ ਆਪਣੀਆਂ ਕਈ ਖੂਬੀਆਂ ਕਰਕੇ ਮਨ ਨੂੰ ਖਿੱਚ ਪਾਉਣ ਵਾਲੀ ਹੈ, ਇਸਤ੍ਰੀਆਂ ਦੇ ਦਿਲਾਂ ਨੂੰ ਟੁੰਬਣ ਵਾਲੀ ਹੈ, ਜਿਸ ਰੁਤ ਵਿਚ ਪਿੰਡਾਂ ਦੇ ਲਾਗੇ-ਚਾਗੇ ਧਾਨਾਂ ਦੇ ਖੇਤ ਲਹਿਲਹਾਉਂਦੇ ਹਨ, ਪਾਲਾ ਪੈਂਦਾ ਰਹਿੰਦਾ ਹੈ ਤੇ



Sri Satguru Jagjit Singh Ji eLibrary NamdhariElibrary@gmail.com

ਸਾਰਸ ਬੋਲਦੇ ਹਨ, ਅਜੇਹੀ ਹੇਮੰਤ ਰੁਤ ਤੁਹਾਨੂੰ ਵੀ ਸੁਖੀ ਰਖੇ । ੧੮ ।

੫. ਸ਼ਿਸ਼ਰ–

ਸੋਹਣੀਆਂ ਜੰਘਾਂ ਵਾਲੀ ਸੁੰਦਰੀ! ਸ਼ਿਸ਼ਰ ਰੁਤ ਆ ਗਈ। ਧਾਨ ਤੇ ਕਮਾਦ ਦੇ ਖੇਤ ਭਰਪੂਰ ਨਜ਼ਰ ਆ ਰਹੇ ਹਨ, ਕਿਤੇ ਕਿਤੇ ਸਾਰਸ ਦੀ ਆਵਾਜ਼ ਵੀ ਕੰਨੀਂ ਪੈਂਦੀ ਹੈ, ਇਸ਼ਕ ਦਾ ਜਜ਼ਬਾ ਤੇਜ਼ ਹੋ ਰਿਹਾ ਹੈ ਤੇ ਇਹ ਰੁਤ ਖਾਸ ਕਰਕੇ ਇਸਤ੍ਰੀਆਂ ਨੂੰ ਤਾਂ ਬਹੁਤ ਹੀ ਪਿਆਰੀ ਹੈ।੧। ਅੱਜ ਕਲ ਲੋਕੀਂ ਆਪਣੇ ਘਰਾਂ ਦੇ ਦਰਵਾਜ਼ੇ ਬੰਦ ਕਰਕੇ ਸੌਂਦੇ ਹਨ, ਅੱਗ, ਧੁੱਪ, ਮੋਟੇ ਭਾਰੇ ਕਪੜੇ ਤੇ ਨਵੀਆਂ ਨਵੇਲ ਨਾਰਾਂ, ਇਹੋ ਜ਼ਿਆਦਾਤਰ ਪਸੰਦੀਦਾ ਚੀਜ਼ਾਂ ਹਨ।੨ ਇਨ੍ਹੀਂ ਦਿਨੀਂ ਨ ਤਾਂ ਚੰਦ ਚਾਨਣੀ ਨਾ ਹੀ ਚੰਦਨ, ਅੱਛਾ ਲਗਦਾ ਹੈ ਅਤੇ ਨਾ ਹੀ ਸ਼ਰਦ ਰੁਤ ਦੇ ਠੰਢੇ ਚੰਦ ਵਰਗੀਆਂ ਸ਼ਾਂਤ ਛੱਤਾਂ ਤੇ ਬਰਫ ਨਾਲ ਸੀਤਲ ਹੋਈ ਪੌਣ ਵੀ ਨਹੀਂ ਭਾਉਂਦੀ।੩। ਸਖਤ ਪਾਲੇ ਕਾਰਣ ਕਾਂਬਾ ਛੇੜਨ ਵਾਲੀ, ਚੰਦ ਚਾਨਣੀ ਨਾਲ ਹੋਰ ਵੀ ਠੰਢੀ ਹੋਈ, ਪੀਲੇ ਪੀਲੇ ਤਾਰਿਆਂ ਵਾਲੀ, ਰਾਤ ਕੋਈ ਵੀ ਪਸੰਦ ਨਹੀਂ ਕਰਦਾ। ੪। ਫੁਲਾਂ ਦੀ ਮਦਰਾ ਪੀ ਕੇ ਆਪਣਾ ਕਮਲ ਵਰਗਾ ਮੁਖੜਾ ਮਹਿਕਾਉਂਦੀਆਂ ਸੁੰਦਰੀਆਂ ਪਾਨ ਖਾ ਕੇ ਅਤਰ ਫੁਲੇਲ ਮਲ ਕੇ ਤੇ ਹਾਰ ਪਹਿਨ ਕੇ ਅਗਰ ਨਾਲ ਸੁਗੰਧਤ ਕੀਤੇ ਸੇਜਾ ਮੰਦਰਾਂ ਵਲ ਨੂੰ ਬੜੇ ਚਾਅ ਮਲਾਰ ਨਾਲ ਜਾ ਰਹੀਆਂ ਹਨ। ੪। ਕਿਸੇ ਕਸੂਰ ਕਰਕੇ ਕਈ ਨਾਇਕਾਵਾਂ ਆਪਣੇ ਕੰਤ ਨੂੰ ਤ੍ਰਿਸਕਾਰ ਰਹੀਆਂ ਹਨ ਪਰ ਰਾਤੀਂ ਜਦੋਂ ਉਹ ਘਬਰਾਏ ਹੋਏ ਤੇ ਪਾਲੇ ਨਾਲ ਕੁੰਗੜੇ ਉਨ੍ਹਾਂ ਪਾਸ ਆਉਂਦੇ ਹਨ, ਤਾਂ ਸਭ ਕਸੂਰ ਭੁਲ ਭੁਲਾ ਕੇ ਉਨ੍ਹਾਂ ਨਾਲ ਭੋਗ-ਅਨੰਦ ਮਾਣਨ ਲਗ ਜਾਂਦੀਆਂ ਹਨ। ੬। ਜਿਨ੍ਹਾਂ ਨਵੇਲੀਆਂ ਨੇ ਗੱਭਰੂਆਂ ਨਾਲ ਲੰਮੀ ਰਾਤ ਤਕ ਸੇਜਾ ਮਾਣੀਆਂ ਹਨ ਉਹ ਥਕਾਵਟ ਕਾਰਣ ਸਵੇਰੇ ਹੌਲੀ ਹੌਲੀ ਟਹਿਲਦੀਆਂ ਪਈਆਂ ਹਨ। ੭। ਚੋਲੀਆਂ ਨਾਲ ਆਪਣੀ ਛਾਤੀ ਕਸੀਂ, ਰੇਸ਼ਮੀ ਬਸਤ੍ਰ ਪਹਿਨੀਂ, ਕੇਸਾਂ ਵਿਚ ਫੁਲ ਗੁੰਦੀਂ ਸੁੰਦ੍ਰੀਆਂ ਇਉਂ ਲਗਦੀਆਂ ਹਨ, ਜਿਵੇਂ ਠੰਢ ਦਾ ਉਤਸ਼ਵ ਮਨਾਉਣ ਦੀ ਤਿਆਰੀ ਕੀਤੀ ਜਾ ਰਹੀ ਹੋਵੇ। ੮। ਮਨਚਲੇ ਪ੍ਰੇਮੀ ਕੇਸਰ ਨਾਲ ਰੰਗੀਆਂ ਛਾਤੀਆਂ ਵਾਲੀਆਂ, ਰੰਗਰਲੀਆਂ ਮਾਣਦੀਆਂ, ਨਿੱਘ-ਭਰਪੂਰ, ਮਦ-ਮੱਤੀਆਂ ਮੁਟਿਆਰਾਂ ਨੂੰ ਸੀਨੇ ਨਾਲ ਲਾ ਕੇ ਪਾਲੇ ਦੀ ਪਰਵਾਹ ਨ ਕਰਕੇ ਰਾਤ ਗੁਜ਼ਾਰਦੇ ਹਨ। ੯। ਇਸਤ੍ਰੀਆਂ ਰਾਤ ਨੂੰ ਬੜੀ ਮਸਤੀ ਨਾਲ ਆਪਣੇ ਪ੍ਰੇਮੀਆਂ ਨਾਲ ਨਸ਼ਾ ਦੇਣ ਵਾਲੀ ਤੇ ਕਾਮ ਉਤੇਜਤ ਕਰਨ ਵਾਲੀ ਵਧੀਆ ਕਿਸਮ ਦੀ ਸ਼ਰਾਬ ਪੀਂਦੀਆਂ ਹਨ ਤੇ ਉਸ ਸ਼ਰਾਬ ਵਿਚ ਕੌਲ ਫੁਲ ਪਏ ਤਰਦੇ ਹਨ ਜੋ ਨਾਰਾਂ ਦੇ ਸਵਾਸਾਂ ਨਾਲ ਥਰਥਰਾਂਦੇ ਪਏ ਫਿਰਦੇ ਹਨ। ੧੦।

ਇਕ ਇਸਤ੍ਰੀ, ਜਿਸ ਰਾਤ ਭਰ ਸੇਜਾ ਮਾਣੀ ਹੈ ਤੇ ਹੁਣ ਜਿਸਦਾ ਨਸ਼ਾ ਉਤਰ ਗਿਆ ਹੈ; ਉਹ ਆਪਣੇ ਦਲੇਮਲੇ ਸਰੀਰ ਨੂੰ ਤੱਕਦੀ ਤੇ ਮੁਸਕ੍ਰਾਂਦੀ



Sri Satguru Jagjit Singh Ji eLibrary NamdhariElibrary@gmail.com

ਹੋਈ ਸੇਜਾ-ਮੰਦਰ ਤੋਂ ਨਿਕਲ ਕੇ ਦੂਜੇ ਘਰ ਵਲ ਜਾ ਰਹੀ ਹੈ । ੧੧ । ਇਕ ਹੋਰ ਰੂਪਵਾਨ ਸੁੰਦਰੀ ਸਵੇਰੇ ਸਵੇਰੇ, ਹਾਰ ਬਿਨਾ, ਅਗਰ ਨਾਲ ਸੁਗੰਧਤ, ਖਿਲਰੀਆਂ ਘੁੰਗਰੀਲੀਆਂ ਜ਼ੁਲਫਾਂ ਨੂੰ ਇਕ ਹੱਥ ਨਾਲ ਫੜੀਂ ਪਲੰਘ ਤੋਂ ਉਠ ਰਹੀ ਹੈ, ਉਸਦੇ ਭਾਰੀ ਨਿਤੰਬ, ਡੂੰਘੀ ਨਾਭੀ, ਲਚਕਦਾਰ ਕਮਰ ਤੇ ਮਨੋਹਰ ਸੂਰਤ ਦੇਖਣੀ ਹੀ ਬਣਦੀ ਹੈ । ੧੨ । ਇਸ ਰੁਤ ਵਿਚ ਸਵੇਰ ਵੇਲੇ ਇਸਤ੍ਰੀਆਂ ਦੇ ਲਾਲ ਲਾਲ ਹੋਠਾਂ ਵਾਲੇ, ਲਾਲ ਕੰਨਾਂ ਤਕ ਕੁਝ ਪਸਰੇ ਨੈਣਾਂ ਵਾਲੇ, ਕੰਨ੍ਹਿਆਂ ਤਕ ਖਿਲਰੀਆਂ ਜ਼ੁਲਫਾਂ ਨਾਲ ਸ਼ਿੰਗਾਰੇ, ਸੁਨਹਿਰੀ ਕਮਲ ਵਾਂਙ ਲਿਸ਼ਕਦੇ ਮੁਖੜਿਆਂ ਨੂੰ ਵੇਖਕੇ ਇਉਂ ਲਗਦਾ ਹੈ, ਜਿਵੇਂ ਘਰ ਘਰ ਲੱਛਮੀ ਦਾ ਵਾਸਾ ਹੋਇਆ ਹੁਦਾ ਹੈ । ੧੩ । ਮੋਟੇ ਪੱਟਾਂ ਤੇ ਪਤਲੀ ਕਮਰ ਵਾਲੀਆਂ, ਛਾਤੀ ਦੇ ਭਾਰ ਨਾਲ ਦਰਮਿਆਨੋਂ ਝੁਕੀਆਂ ਤੇ ਹੌਲੀ ਹੌਲੀ ਚਲਣ ਵਾਲੀਆਂ ਅਨੇਕਾਂ ਮੁਟਿਆਰਾਂ ਰਾਤ ਦੇ ਭੋਗ ਬਿਲਾਸ ਵਾਲੇ ਕਪੜੇ ਉਤਾਰ ਕੇ ਦਿਨ ਦੀ ਪੁਸ਼ਾਕ ਪਹਿਨ ਰਹੀਆਂ ਹਨ । ੧੪ । ਸਵੇਰੇ ਸਵੇਰੇ ਕੰਤ ਦੇ ਨਹੁੰਆਂ ਨਾਲ ਵਿਲੂੰਧਰੀ ਛਾਤੀ ਵਾਲੀਆਂ ਤੇ ਕੋਮਲ ਬੁਲ੍ਹਾਂ ਤੇ ਲਗੇ ਦੰਦਾਂ ਦੇ ਘਾਉ ਵੇਖਦੀਆਂ, ਆਪਣੀ ਮਨ ਭਾਉਂਦੀ ਭੋਗ ਬਿਲਾਸ ਦੀ ਪੁਸ਼ਾਕ ਤੇ ਖੁਸ਼ ਹੁੰਦੀਆਂ ਸੁੰਦਰੀਆਂ, ਆਪਣਾ ਚੇਹਰਾ ਸਜਾ ਰਹੀਆਂ ਹਨ । ੧੫ । ਇਹ ਸ਼ਿਸ਼ਰ ਰੁਤ ਤੁਹਾਡਾ ਭਲਾ ਕਰੇ, ਜਿਸ ਵਿਚ ਗੁੜ ਨਾਲ ਬਣੇ ਪਦਾਰਥ (ਤਿਲੁਣੇ), ਮਿਠੇ ਗੰਨੇ, ਇੱਖ ਦਾ ਰਸ ਆਮ ਮਿਲਦਾ ਹੈ । ਇਸ਼ਕ ਦਾ ਮਾਨ ਜਗਾਉਣ ਵਾਲੀ ਤੇ ਵਿਜੋਗੀਆਂ ਨੂੰ ਸਤਾਉਣ ਵਾਲੀ, ਇਹ ਰੁਤ ਤੁਹਾਨੂੰ ਸੁਖਦਾਈ ਹੋਵੇ । ੧੬ ।

### ੬. ਬਸੰਤ–

ਪ੍ਰੀਤਮੇ ! ਬਾਂਕਾ ਬੀਰ ਬਸੰਤ ਪ੍ਰਫੁਲਤ ਅੰਬਾਂ ਦੀ ਮੰਜਰੀ ਦੇ ਤਿਖੇ ਬਾਣ ਲੈ ਕੇ ਤੇ ਆਪਣੇ ਧਨੁਖ ਤੇ ਭੌਰਿਆਂ ਦੀ ਪਾਲ ਦਾ ਚਿੱਲਾ ਚੜ੍ਹਾ ਕੇ ਬਿਲਾਸੀ ਪ੍ਰੇਮੀਆਂ ਨੂੰ ਵਿੰਨ੍ਹਣ ਲਈ ਆ ਹੀ ਗਿਆ ਹੈ । ੧ । ਬ੍ਰਿਛ ਪ੍ਰਫੁਲਤ ਹੋ ਉਠੇ, ਪਾਣੀ ਵਿਚ ਕੌਲ ਖਿੜ ਪਏ, ਇਸਤ੍ਰੀਆਂ ਦੀਵਾਨੀਆਂ ਹੋ ਗਈਆਂ, ਪੌਣ ਮਹਿਕਦਾਰ ਹੋ ਗਈ, ਸ਼ਾਮਾਂ ਸੁਹਾਵਣੀਆਂ ਲਗਣ ਲਗ ਪਈਆਂ, ਗੱਲ ਕੀ ਬਸੰਤ ਵਿਚ ਸਭ ਕੁਝ ਹੀ ਸੋਹਣਾ ਸੋਹਣਾ ਪਿਆ ਲਗਦਾ ਹੈ । ੨ । ਖੂਹਾਂ ਦਾ ਪਾਣੀ, ਮਣੀਆਂ ਦੀਆਂ ਤੜਾਗੀਆਂ, ਚੰਦ ਦੀਆਂ ਕਿਰਣਾਂ, ਨਾਰਾਂ, ਪ੍ਰਫੁਲਤ ਅੰਬਾਂ ਦੇ ਬੂਟੇ, ਸਭ ਕਾਸੇ ਨੂੰ ਹੀ ਬਸੰਤ ਨੇ ਸੁੰਦਰ ਬਣਾ ਦਿਤਾ ਹੈ । ੩ । ਸੁੰਦਰੀਆਂ ਨੇ ਆਪਣੇ ਨਿਤੰਬਾਂ ਉਤੇ ਲਾਲ ਫੁਲਾਂ ਵਰਗੀ ਲਾਲ ਲਾਲ ਸਾੜ੍ਹੀ ਪਹਿਨ ਲਈ ਹੈ ਤੇ ਛਾਤੀ ਉਤੇ ਕੇਸਰੀ ਰੰਗ ਦੀ ਚੋਲੀ ਸਜਾ ਲਈ ਹੈ । ੪ । ਕੰਨਾਂ ਵਿਚ ਨਵੇਂ ਕਨੇਰ ਦੇ ਫੁੱਲ, ਉਡਦੀਆਂ ਉਡਦੀਆਂ ਕਾਲੀਆਂ ਜ਼ੁਲਫਾਂ ਵਿਚ ਅਸ਼ੋਕ ਦੇ ਫੁੱਲ ਤੇ ਚੰਬੇਲੀ ਦੀਆਂ ਕਲੀਆਂ ਮਨੋਹਰ ਲਗਦੀਆਂ ਹਨ । ੪ । ਆਪਣੇ ਕੰਤ ਨਾਲ ਭੋਗ-ਬਿਲਾਸ ਲਈ ਉਤਸੁਕ



Sri Satguru Jagjit Singh Ji eLibrary NamdhariElibrary@gmail.com

ਨਾਰਾਂ ਦੀ ਹਿੱਕ ਤੇ ਚਿਟੇ ਚੰਨਣ ਨਾਲ ਭਿੰਨੇ ਮੋਤੀਆਂ ਦੇ ਹਾਰ ਪਹਿਨੇ ਹੋਏ ਹਨ, ਬਾਹਾਂ ਵਿਚ ਬਾਜੂਬੰਦ ਤੇ ਕੰਗਣ ਪਾਏ ਹੋਏ ਤੇ ਨਿਤੰਬਾਂ ਤੇ ਤੜਾਗੀ ਬੰਨ੍ਹੀ ਹੋਈ ਹੈ। ੬। ਬੇਲ ਬੂਟੇਦਾਰ ਸੁਨਹਿਰੀ ਕਮਲ ਵਰਗੇ ਨਾਰੀਆਂ ਦੇ ਚੇਹਰਿਆਂ ਉਤੇ ਪਸੀਨੇ ਦੇ ਕਿਣਕੇ ਇਉਂ ਲਗਦੇ ਹਨ, ਜਿਵੇਂ ਭਾਂਤ ਭਾਂਤ ਦੇ ਰਤਨਾਂ ਵਿਚਾਲੇ ਬਹੁਤ ਸਾਰੇ ਮੋਤੀ ਜੜ ਦਿਤੇ ਗਏ ਹੁੰਦੇ ਹਨ। ੭। ਵਸਲ ਦੀ ਭੁਖ ਨਾਲ ਨਾਰਾਂ ਦੇ ਅੰਗ ਪੀੜਤ ਹੋ ਗਏ ਹਨ, ਉਹ ਆਪਣੇ ਪ੍ਰੇਮੀਆਂ ਦ ਪਾਸ ਬੈਠੀਆਂ ਹੋਈਆਂ ਵੀ ਲੰਮੇ ਲੰਮੇ ਹਉਕੇ ਭਰਦੀਆਂ, ਭੋਗ-ਬਿਲਾਸ ਲਈ ਉਤਾਵਲੀਆਂ ਹੋ ਰਹੀਆਂ ਹਨ। ੮। ਜ਼ਿਆਦਾ ਕਾਮਵਾਸ਼ਨਾ ਕਰਕੇ ਨਾਰਾਂ ਦੇ ਅੰਗ ਸ਼ਿਥਿਲ ਹੋ ਗਏ ਹਨ, ਉਹ ਬਾਰ ਬਾਰ ਉਬਾਸੀਆਂ ਲੈਂਦੀਆਂ ਹਨ, ਪਰ ਇਸ ਮੌਕੇ ਕਾਮਦੇਵ ਨੇ ਉਨ੍ਹਾਂ ਦੇ ਅੰਗ ਅੰਗ ਵਿਚ ਰਸੀਲਾਪਣ ਵੀ ਭਰ ਦਿਤਾ ਹੈ। ੯।

ਨਾਰਾਂ ਦੇ ਨੈਣਾਂ ਵਿਚ ਚੰਚਲਤਾ ਬਣ ਕੇ, ਕਪੋਲਾਂ ਤੇ ਪੀਲੱਤਣ ਹੋ ਕੇ, ਛਾਤੀਆਂ ਤੇ ਕਠੋਰਤਾ ਰੂਪ ਹੋ ਕੇ, ਕਮਰ ਵਿਚ ਲਚਕ ਤੇ ਨਿਤੰਬਾਂ ਵਿਚ ਉਭਾਰ ਦੇ ਰੂਪ ਵਿਚ ਕਾਮਦੇਵ ਸਮਾਇਆ ਹੋਇਆ ਹੋਇਆ ਹੈ। ੧੦ ਕਾਮਦੇਵ ਕਾਰਣ ਸੁੰਦਰੀਆਂ ਵਿਚ ਆਲਸ ਆ ਗਿਆ ਹੈ। ਉਨ੍ਹਾਂ ਦੇ ਬੋਲਣ ਵਿਚ ਨਸ਼ਾ ਨਸ਼ਾ ਜੇਹਾ ਲਗਦਾ ਹੈ ਤੇ ਉਨ੍ਹਾਂ ਦੀਆਂ ਨਜ਼ਰਾਂ ਵਿਚ ਜ਼ਰਾ ਜ਼ਰਾ ਬਾਂਕਪਣ ਝਲਕ ਰਿਹਾ ਹੈ। ੧੧। ਅੱਜ ਕੱਲ ਮਦਮਸਤ ਸੁੰਦਰੀਆਂ ਆਪਣੀ ਗੋਰੀ ਛਾਤੀ ਤੇ ਅਗਰ, ਕੇਸਰ ਤੇ ਕਸਤੂਰੀ ਵਗ਼ੈਰਾ ਮਿਲਾ ਕੇ ਚੰਦਨ ਦਾ ਲੇਪ ਕਰਦੀਆਂ ਹਨ। ੧੨। ਇਨ੍ਹੀਂ ਦਿਨੀਂ ਕਾਮ-ਮਦ ਵਿਚ ਮੱਤੀਆਂ ਆਪਣੇ ਮੋਟੇ ਕਪੜੇ ਲਾਹ ਕੇ ਲਾਖ ਦੇ ਰੰਗ ਵਿਚ ਰੰਗੇ, ਅਗਰ ਨਾਲ ਸੁਗੰਧਤ ਬਾਰੀਕ ਬਸਤਰ ਪਹਿਨਦੀਆਂ ਹਨ। ੧੩। ਵੇਖੋ ! ਇਹ ਨਰ-ਕੋਇਲ ਅੰਬਾਂ ਦੀ ਮੰਜਰੀ ਦਾ ਰਸ ਪੀ ਕੇ ਮਸਤ ਹੋਇਆ ਹੋਇਆ ਖੁਸ਼ੀ ਵਿਚ ਮਾਦਾ ਕੋਇਲ ਨੂੰ ਪਿਆਰ ਨਾਲ ਚੁੰਬ ਰਿਹਾ ਹੈ। ੧੪। ਕੌਲ ਫੁਲ ਤੇ ਬੈਠਾ ਗੁੰਜਾਰਾਂ ਪਾਉਂਦਾ ਇਹ ਭੌਰਾ ਵੀ ਆਪਣੀ ਪ੍ਰੀਤਮਾ ਨੂੰ ਖੁਸ਼ ਕਰਨ ਦੀ ਕੋਸ਼ਸ਼ ਕਰ ਰਿਹਾ ਹੈ। ੧੫। ਲਾਲ ਲਾਲ ਕਰੂੰਬਲਾਂ ਦੇ ਗੁੱਛਿਆਂ ਨਾਲ ਝੁਕੇ ਪ੍ਰਫੁਲਤ ਟਾਹਣੀਆਂ ਵਾਲੇ ਅੰਬ ਦੇ ਰੁੱਖ, ਜਦੋਂ ਪੌਣ ਨਾਲ ਝੁਲਦੇ ਹਨ ਤਾਂ ਮੁਟਿਆਰਾਂ ਦਾ ਮਨ ਬੇਕਾਬੂ ਹੋ ਜਾਂਦਾ ਹੈ। ੧੬। ਅਸ਼ੋਕ ਦੇ ਦਰਖਤ ਤੇ ਜੜਾਂ ਤੋਂ ਲੈ ਕੇ ਸਿਰੇ ਤਕ ਨਵੀਆਂ ਕਰੂੰਬਲਾਂ ਫੁਟ ਰਹੀਆਂ ਹਨ, ਉਨ੍ਹਾਂ ਵਿਚ ਮੂੰਗੇ ਜੇਹੇ ਲਾਲ ਲਾਲ ਫੁਲ ਲਗੇ ਹੋਏ ਹਨ, ਪਰ ਇਨ੍ਹਾਂ 'ਅਸ਼ੋਕਾਂ' ਨੂੰ ਵੇਖਕੇ ਸੁੰਦਰੀਆਂ ਦਾ ਮਨ ਸ਼ੋਕਵਾਨ ਹੋ ਜਾਂਦਾ ਹੈ। ੧੭। ਸੋਹਣੀਆਂ ਸੋਹਣੀਆਂ ਵੇਲਾਂ ਦਿਆਂ ਫੁਲਾਂ ਨੂੰ ਭੌਰੇ ਚੁੰਮ ਰਹੇ ਹਨ, ਅੰਬ ਦੇ ਕੂਲੇ ਤੇ ਨਵੇਂ ਪੱਤੇ ਹਵਾ ਨਾਲ ਹਿਲ ਰਹੇ ਹਨ, ਉਨ੍ਹਾਂ ਨੂੰ ਵੇਖ ਵੇਖ ਕੇ ਪ੍ਰੇਮੀਆਂ ਦਾ ਮਨ ਚੰਚਲ ਹੋ ਹੋ ਜਾਂਦਾ ਹੈ। ੧੭। ਹੇ ਪ੍ਰੀਤਮੇ ! ਤਾਜ਼ੇ ਤਾਜ਼ੇ ਖਿੜੇ, ਹੁਸੀਨ ਦੇ ਚਿਹਰਿਆਂ ਵਾਂਙ ਸੁੰਦਰ, ਕੁਰਬਕ ਫੁਲਾਂ ਦਾ ਸੁਹਾਵਣਾ ਰੂਪ ਵੇਖਕੇ ਕਿਸ ਦਿਲ ਵਾਲੇ ਦਾ ਦਿਲ ਕਾਮਦੇਵ ਦੇ ਤੀਰਾਂ ਨਾਲ ਜ਼ਖਮੀ ਨਹੀਂ ਹੋ ਜਾਂਦਾ ? ੧੮। ਇਸ



Sri Satguru Jagjit Singh Ji eLibrary NamdhariElibrary@gmail.com

ਬਸੰਤ ਰੁਤ ਵਿਚ ਫੁਲਾਂ ਦੇ ਬੋਝ ਨਾਲ ਝੁਕੀਆਂ ਕੇਸੂ ਦੀਆਂ ਟਾਹਣੀਆਂ ਹਵਾ ਨਾਲ ਹਿਲਦੀਆਂ ਅੱਗ ਦੀਆਂ ਲਪਟਾਂ ਵਾਂਙ ਦਿਖਾਈ ਦਿੰਦੀਆਂ ਹਨ ਤੇ ਉਨ੍ਹਾਂ ਨਾਲ ਢਕੀ ਲਾਲ ਧਰਤੀ 'ਸਾੜ੍ਹੀ-ਪਹਿਨੀਂ ਨਵੀਂ ਵਹੁਟੀ' ਵਾਂਙ ਲਗਦੀ ਹੈ । ੧੯ । ਤੋਤੇ ਦੀ ਚੁੰਝ ਦੇ ਸਮਾਨ ਲਾਲ ਲਾਲ ਕੇਸੂ ਦੇ ਫੁਲਾਂ ਨੇ ਹੀ (ਪ੍ਰੀਤਮਾਵਾਂ ਦੀ ਨੁਹਾਰ ਸੀਨੇ ਅੰਦਰ ਰੱਖਣ ਵਾਲੇ) ਪ੍ਰੇਮੀਆਂ ਦੇ ਦਿਲ ਟੋਟੇ ਟੋਟੇ ਨਹੀਂ ਕਰ ਦਿਤੇ ? ਜਾਂ ਕਨੇਰ ਦੇ ਫੁਲਾਂ ਨੇ ਹੀ ਨਹੀਂ ਫੂਕ ਸੁੱਟਿਆ, ਜੋ ਹੁਣ ਇਹ ਕੋਇਲ ਮਿਠੀ ਆਵਾਜ਼ ਨਾਲ ਹੋਰ ਚੋਟ ਮਾਰ ਰਹੀ ਹੈ । ੨੦ । ਖੁਸ਼ੀ ਹੋਕੇ ਮਿਠੀ ਸੁਰ ਵਿਚ ਬੋਲਣ ਵਾਲੀ ਕੋਇਲ ਨੇ, ਮਸਤੀ ਵਿਚ ਗੁੰਜਾਰਦੇ ਭੌਰਿਆਂ ਨੇ, ਕੁਲੀਨ ਪਰਿਵਾਰਾਂ ਦੀਆਂ ਸਤਵੰਤੀਆਂ ਨਾਰਾਂ ਦੇ ਲੱਜਿਆ ਤੇ ਹਲੀਮੀ ਵਾਲੇ ਦਿਲਾਂ ਨੂੰ ਵੀ ਪਲ ਭਰ ਲਈ ਚਲਾਇਮਾਨ ਕਰ ਦਿਤਾ ਹੈ ! ੨੧ । ਠੰਢ ਨਾਲ ਮੱਧਮ ਚਾਲ ਹੋਈ, ਅੰਬ ਦੇ ਬੂਰ ਨੂੰ ਹਿਲਾਂਦੀ ਹੋਈ, ਕੋਇਲ ਦੀ ਕੂਕ ਨੂੰ ਚਾਰੇ ਪਾਸੇ ਫੈਲਾਂਦੀ, ਮਨ ਨੂੰ ਮਸਤ ਕਰਨ ਵਾਲੀ ਸੁਹਾਵਣੀ ਪੌਣ ਵਗ ਰਹੀ ਹੈ । ੨੨ । ਮਟਕੀਲੀਆਂ ਨਵੇਲੀਆਂ ਨਾਰਾਂ ਦੇ ਅਨੋਖੇ ਹਾਸੇ ਵਾਂਙ ਉਜਲ, ਕੁੰਦ ਦੇ ਫੁਲਾਂ ਵਾਂਗ ਖਿੜੇ ਹੋਏ ਮਨੋਹਰ ਬਗੀਚੇ ਤਾਂ ਆਪਣੀ ਖਿਚ ਨਾਲ ਬਿਰਕਤ ਰਿਸ਼ੀਆਂ ਦਾ ਵੀ ਮਨ ਚੁਰਾ ਲੈਂਦੇ ਹਨ, ਫਿਰ ਪ੍ਰੇਮ ਮਾਰਗ ਦੇ ਪਾਂਧੀ ਨੌਜੁਆਨਾਂ ਬਾਰੇ ਤਾਂ ਗੱਲ ਹੀ ਕਰਨੀ ਹੈ, ਉਨ੍ਹਾਂ ਦਾ ਦਿਲ ਤਾਂ ਪਹਿਲਾਂ ਹੀ ਲੁਟ ਲਿਜਾਂਦੇ ਹਨ । ੨੩ । ਚੇਤ ਦੇ ਮਹੀਨੇ ਜਦੋਂ ਕੋਇਲ ਕੂ ਕੂ ਕਰਦੀ ਹੈ ਤੇ ਭੌਰੇ ਗੁੰਜਾਰਾਂ ਪਾਉਂਦੇ ਹਨ, ਉਸ ਵੇਲੇ ਲੱਕ ਦੁਆਲੇ ਸੋਨੇ ਦੀ ਤੜਾਗੀ ਪਹਿਨ ਕੇ ਤੇ ਸੀਨੇ ਤੇ ਮੋਤੀਆਂ ਦਾ ਹਾਰ ਸਜਾ ਕੇ, ਪ੍ਰੇਮ ਵਿਚ ਮਸਤ ਸਿਥਿਲ ਜਿਸਮ ਵਾਲੀਆਂ ਮੁਟਿਆਰਾਂ ਲੋਕਾਂ ਦਾ ਮਨ ਮੱਲੋ-ਮੱਲੀ ਆਪਣੇ ਵਲ ਖਿਚ ਲੈਂਦੀਆਂ ਹਨ । ੨੪ । ਰਮਣੀਕ ਫੁਲ-ਬੂਟਿਆਂ ਨਾਲ ਸਜੇ, ਕੋਇਲਾਂ ਦੀ ਕੂ ਕੂ ਨਾਲ ਗੁੰਜਾਰ ਰਹੇ ਤੇ ਬਨਸਪਤੀ ਨਾਲ ਢਕੀਆਂ ਚੋਟੀਆਂ ਵਾਲੇ ਇਹ ਪਹਾੜ ਸਭ ਦਾ ਚਿਤ ਪ੍ਰਸੰਨ ਕਰ ਰਹੇ ਹਨ । ੨੫ । ਆਪਣੀ ਪ੍ਰੀਤਮਾ ਦੇ ਵਿਛੋੜੇ ਵਿਚ ਪੀੜਤ ਪਰਦੇਸੀ ਜਦੋਂ ਦੀਵਾਨੇ ਹੋਏ ਅੰਬਾਂ ਦਾ ਬੂਰ ਦੇਖਦੇ ਹਨ ਤਾਂ ਆਪਣੀਆਂ ਅੱਖਾਂ ਬੰਦ ਕਰ ਲੈਂਦੇ ਹਨ, ਹੌਕੇ ਲੈ ਕੇ ਪਛਤਾਂਦੇ ਤੇ ਹੰਝੂ ਕੇਰਦੇ ਹਨ । ਨੱਕ ਵੀ ਬੰਦ ਕਰ ਲੈਂਦੇ ਹਨ ਤਾਂ ਕਿ ਬੂਰ ਦੀ ਮਹਿਕ ਕਿਤੇ ਪ੍ਰੀਤਮਾ ਦੀ ਯਾਦ ਨੂੰ ਜਗਾ ਨ ਦੇਵੇ ।੨੬। ਮਦਮਸਤ ਕੋਇਲ ਤੇ ਭੌਰਾਂ ਦੀ ਗੁੰਜਾਰ ਨਾਲ ਪ੍ਰਫੁਲਤ ਅੰਬਾਂ ਨਾਲ ਭਰੇ ਹੋਏ ਤੇ ਸੋਹਣੇ ਕਨੇਰ ਦੇ ਫੁਲਾਂ ਦੇ ਤਿਖੇ ਤੀਰਾਂ ਦੁਆਰਾ ਇਹ ਬਸੰਤ ਜੋਧਾ ਮਾਨਨੀ ਇਸਤ੍ਰੀਆਂ ਦੇ ਮਨਾਂ ਨੂੰ ਵਿੰਨ੍ਹ ਰਿਹਾ ਹੈ ।੨੭। ਅੰਬ ਦਾ ਮੌਰ ਜਿਸਦੇ ਤੀਰ ਹਨ, ਕੇਸੂ ਦੇ ਫੁਲ ਧਨੁਖ ਹੈ, ਭੌਰਾਂ ਦੀ ਪੰਗਤੀ ਡੋਰੀ ਹੈ, ਬੇਦਾਗ ਚੰਦ੍ਰਮਾ ਚਿਟਾ ਛੱਤ੍ਰ ਹੈ, ਮਲਯ ਪਹਾੜ ਵਲੋਂ ਆਈ ਮਹਿਕਦਾਰ ਪੌਣ ਹੀ ਮਸਤ ਹਾਥੀ ਹੈ, ਕੋਇਲ ਜਿਸਦਾ ਜਸ ਗਾਉਣ ਵਾਲਾ ਭੱਟ ਹੈ; ਬੇਸਰੀਰੇ ਹੀ ਜਿਸ ਕਾਮਦੇਵ ਨੇ ਸਾਰੀ ਦੁਨੀਆਂ ਨੂੰ ਜਿੱਤ ਲਿਆ ਹੈ, ਉਹ ਕਾਮਦੇਵ ਆਪਣੇ ਬਸੰਤ ਮਿਤ੍ਰ ਦੇ ਨਾਲ ਤੁਹਾਡੇ ਤੇ ਰਹਿਮਤ ਬਰਸਾਵੇ । ੨੮ ।



Sri Satguru Jagjit Singh Ji eLibrary NamdhariElibrary@gmail.com

## (੨) ਅੱਦਹਮਾਣ ਦਾ 'ਰਿਤੂ ਵਰਣਨ'

ਅੱਦਹਮਾਣ ਮੁਲਤਾਨ ਦਾ ਵਸਨੀਕ ਸੀ, ਜਿਸ ਅਪਣੀ ਅਪਭ੍ਰੰਸ਼-ਰਚਨਾ 'ਸੰਨੇਹ ਰਾਸਇ' ਦਸਵੀਂ ਸਦੀ ਵਿਚ ਲਿਖੀ। ਇਸ ਰਚਨਾ ਦੇ ਤਿੰਨ ਕਾਂਡ (ਪ੍ਰਾਕ੍ਰਮ) ਹਨ ਤੇ ਤੀਜੇ ਵਿਚ ਰੁਤ-ਵਰਣਨ ਕੀਤਾ ਗਿਆ ਹੈ। ਕਿੱਸੇ ਦੀ ਕਹਾਣੀ ਇਉਂ ਹੈ ਕਿ ਕੋਈ ਹਲਕਾਰਾ ਆਪਣੇ ਮਾਲਕ ਦਾ ਪੈਗ਼ਾਮ ਲੈ ਕੇ ਮੁਲਤਾਨ ਤੋਂ ਖੰਭਾਤ (ਗੁਜਰਾਤ ਕਾਠੀਆਵਾੜ) ਵਲ ਨੂੰ ਜਾਂਦਾ ਰਸਤੇ ਵਿਚ ਵਿਜੈ ਨਗਰ ਜਾਂ ਵਿਕ੍ਰਮਪੁਰ (ਰਿ. ਜੈਸਲਮੇਰ) ਵਿਚੀਂ ਗੁਜ਼ਰਦਾ ਹੈ, ਇਥੇ ਇਕ ਬ੍ਰਿਹਣੀ ਆਪਣੇ ਮਾਹੀਏ ਦਾ ਧਿਆਨ ਧਰੀ ਖੜੀ ਹੈ ਤੇ ਅਪਣੇ ਖੰਭਾਤ ਗਏ ਪਰਦੇਸੀ ਪਤੀ ਨੂੰ ਸਨੇਹਾ ਦਿੰਦੀ ਹੈ, ਇਹੋ ਸਨੇਹਾ ਸਾਰੇ ਕਾਵਿ ਦਾ ਮਜ਼ਮੂਨ ਹੈ। ਕਵੀ ਨੇ ਛੇ ਰੁਤਾਂ ਦੇ ਵਰਣਨ ਨਾਲ ਬਿਰਹੁੰ ਦੇ ਬਦਲਦੇ ਰੂਪ ਬੜੀ ਕਾਵਿ-ਚਤੁਰਾਈ ਨਾਲ ਅੰਕਤ ਕੀਤੇ ਹਨ। ਅੰਤ ਬਸੰਤ ਸਮੇਂ ਮਿਲਾਪ ਹੋ ਜਾਂਦਾ ਹੈ। ਇਸ ਵਿਚੋਂ ਰਿਤੂ-ਵਰਣਨ ਦੀ ਸੰਖੇਪ ਵੰਨਗੀ ਇਥੇ ਦਿਤੀ ਜਾਂਦੀ ਹੈ :

੧. ਗ੍ਰੀਖਮ–

ਜਮ ਜੀਹਇ ਣੰ ਚੰਚਲੁ, ਣਹਯਲੁ ਲਹਲਹਇ
ਤੜਤੜਯੜ ਘਰ ਤਿੜਇ, ਣ ਤੇਯਹ ਭਰੁ ਸਹਇ
ਆਇਉਨੁਉ ਵੋਮਯਲਿ, ਪਹੰਜਣੁ ਜੰ ਵਹਇ
ਤੰ ਝੰਖਰੁ ਵਿਰਹਣਿਹਿ ਅੰਗੁ ਫਰਿਸਿਉ ਦਹਇ ।੧੩੨।

ਕਾਲ ਦੀ ਜੀਭ ਵਾਂਙ ਅਸਮਾਨ ਵਿਚ ਅਲੰਬੇ ਬਲ ਰਹੇ ਹਨ. ਧਰਤੀ ਤਪਸ਼ ਨਾ ਸਹਾਰਦੀ ਤੜ ਤੜ ਕਰਕੇ ਪਾਟ ਰਹੀ ਹੈ, ਐਸੇ ਵਾਤਾਵਰਣ ਵਿਚ ਚਲਦੀ ਤੱਤੀ ਲੂਅ ਬ੍ਰਿਹਣੀਆਂ ਦੇ ਤਨ ਨੂੰ ਫੂਕਦੀ ਜਾਂਦੀ ਹੈ ।੧੩੨।

ਰਾਈਵ ਚੰਦੁ ਚੰਦਣੁ ਰਯਣ ਸਿਸਰ, ਭਣਵਿ ਜਗ ਸੰਸਿਯਹਿ
ਉਲੁਵਇ ਣ ਕੇਣਇ ਵਿਰਹ ਝਲ ਪੁਣ ਵਿ ਅੰਗ ਪਰਿਹਿੰਸਿਯਹਿ ।੧੩੭।

ਤਣੁ ਘਣਸਾਰਿਣ ਚੰਦਣਿਣ, ਅਲਿਉ ਜਿ ਕਿਵਿ ਚਚੰਤਿ
ਪੁਣ ਵਿ ਪਿਏਣ ਵ ਉਲੁਵਇ, ਪਿਯ ਬਿਰਹੱਗਿ ਨਿਭੰਤਿ ।੧੩੮।

ਕੌਲ, ਚੰਦ, ਚੰਨਣ ਆਦਿ ਭਾਵੇਂ ਠੰਢੇ ਕਹੇ ਜਾਂਦੇ ਹਨ ਪਰ ਬਿਰਹੁੰ ਦੀ ਤਪਸ਼ ਨੂੰ ਕੋਈ ਵੀ ਸ਼ਾਂਤ ਨਹੀਂ ਕਰ ਸਕਦਾ, ਸਗੋਂ ਇਹ ਤਾਂ ਅੰਗਾਂ ਨੂੰ ਹੋਰ ਤਪਾਉਂਦੇ ਹਨ ।੧੩੭। ਬਿਰਹੁ-ਪੀੜਤ ਜਿਸਮ ਉਤੇ ਲੋਕੀਂ ਕਪੂਰ ਚੰਦਨ ਚਰਚਦੇ ਹਨ ਪਰ ਇਹ ਬਿਅਰਥ ਹੈ। ਪ੍ਰੀਤਮ-ਵਿਛੋੜੇ ਦੀ ਅੱਗ ਨੂੰ ਤਾਂ ਕੇਵਲ ਪ੍ਰੀਤਮ ਹੀ ਸ਼ਾਂਤ ਕਰ ਸਕਦਾ ਹੈ ।੧੩੮।



Sri Satguru Jagjit Singh Ji eLibrary NamdhariElibrary@gmail.com

੨. ਵਰਖਾ–

ਝੰਪਵਿ ਤਮ ਬੱਦਲਿਣ ਦਸਹ ਦਿਸਿ ਛਾਯਉ ਅੰਬਰੁ
ਉੱਨਵਿਅਉ ਘੁਰਹੁਣਇ, ਘੋਰ ਘਣੁ ਕਿਸਣਾਡੰਬਰੁ
ਣਹਹਮੱਗਿ ਣਹਵਲਿਯ ਤਰਲ ਤੜਯੜਿ ਵਿ ਤੜੱਕਇ
ਦਦੁਰ ਰੱਡਣ ਰਉਦੁ ਸੱਦੁ ਕੁਵਿ ਸਹਵਿ ਨ ਸਕਇ
ਨਿਬੜ ਨਿਰੰਤਰ ਨੀਰਹਰ ਦੁਧਰ ਧਰ ਧਾਰੋਹ ਭਰੁ
ਕਿਮ ਸਹਉ ਪਹਿਯ ! ਸਹਰਠਿਯਇ ਦੁਸਹਉ ਕੋਇਲ ਰਸਇ ਸਰੁ।੧੪੯

ਅਸਮਾਨ ਦਸਾਂ ਪਾਸਿਆਂ ਤੋਂ ਕਾਲੇ ਬੱਦਲਾਂ ਨਾਲ ਢਕਿਆ ਹੋਇਆ ਹੈ। ਸਾਂਵਲੇ ਮੇਘਲੇ ਉਮਡ ਉਮਡ ਕੇ ਘਨਘੋਰ ਰਹੇ ਹਨ। ਅਸਮਾਨੀ ਵੇਲ-ਬਿਜਲੀ ਤੜ ਤੜ ਕਰਕੇ ਕੜਕ ਰਹੀ ਹੈ। ਡੱਡੂਆਂ ਦੀ ਗੜੈਂ ਗੜੈਂ ਸੁਣ ਕੇ ਕੋਈ ਸਹਿ ਨਹੀਂ ਸਕਦਾ। ਹੇ ਰਾਹੀ ! ਲਗਾਤਾਰ ਬਰਸ ਰਹੀ ਮੋਹਲੇਧਾਰ ਬਾਰਸ਼ ਵਿਚ ਫਿਰ ਮੈਂ ਕੋਇਲ ਦੀ ਆਵਾਜ਼ ਕਿਵੇਂ ਸੁਣਦੀ ਰਹਾਂ।੧੪੯।

ਰਾਯਰੁਧ ਕੰਠੱਗਿ ਵਿਉਧੀ ਜੰ ਸਿਵਣਿ
ਕਹ ਹਉਂ ਕਹ ਪਿਉ ਪਥਰੰਗਿ ਜੋ ਨ ਮੁਇਯ ਖਣਿ
ਜਇ ਣਹੁ ਣਿਗਉ ਜੀਉ, ਪਾਵਬੰਧਿਹਿ ਜੜਿਉ
ਹਿਯਉ ਨ ਕਿਣ ਕਿਰਿ ਫੁੱਟਉ, ਣੰ ਵੱਜਿਹਿ ਘੜਿਉ।੧੫੪।

ਜਦ ਮੈਂ ਰਾਤ ਨੂੰ ਰੁਕੇ ਗਲ ਨਾਲ ਜਾਗਦੀ ਹਾਂ, ਮੈਂ ਸੋਚਦੀ ਹਾਂ ਮੈਂ ਕਿਥੇ ਹਾਂ, ਮੇਰਾ ਪੀਆ ਕਿਥੇ ਹੈ ? ਮੈਂ ਪੱਥਰ ਮਰ ਕਿਉਂ ਨਹੀਂ ਗਈ। ਅਜੇ ਤਕ ਜਾਨ ਨਹੀਂ ਨਿਕਲੀ ਕਿਉਂਕਿ ਮੇਰਾ ਤਨ ਪਾਪਾਂ-ਜੜਤ ਸੀ, ਮੇਰਾ ਦਿਲ ਵੀ ਨਹੀਂ ਫੁੱਟਿਆ ਕਿਉਂਕਿ ਇਹ ਵੀ ਪੱਥਰ ਦਾ ਘੜਿਆ ਹੋਇਆ ਸੀ।੧੫੪।

ਜਾਮਿਣਿ ! ਜੀ ਵਯਣਿੱਜ ਤੁਅ, ਤੈਂ ਤਿਹੁਯਣਿ ਣਹੁ ਮਾਇ
ਦੁਖਹਿ ਹੋਇ ਚਉਗਣੀ, ਝਿਜਇ ਸੁਹ ਸੰਗਾਇ।੧੫੬।

ਹੇ ਰਾਤ ! ਤੇਰੀ ਨਿੰਦਿਆ ਤਿੰਨਾਂ ਲੋਕਾਂ ਵਿਚ ਨਹੀਂ ਸਮਾ ਰਹੀ। ਤੂੰ ਦੁਖਾਂ ਵਿਚ ਤਾਂ ਚੌਗੁਣੀ ਹੋ ਜਾਂਦੀ ਹੈਂ ਤੇ ਖੁਸ਼ੀ ਸਮੇਂ ਛੇਤੀ ਛਿਜ ਜਾਂਦੀ ਹੈ।੧੫੬।

੩. ਸ਼ਰਦ–

ਗਯ ਵਿਦੱਠਵਿ ਵਲਾਹਯ ਗਯਣਹਿ, ਮਣਹਰ ਰਿਖ ਪਲੋਇਯ ਰਯਣਿਹਿ
ਹੁਯਉ ਵਾਸੁ ਛੰਮਯਲਿ ਫਣਿੰਦਹ, ਫੁਰਿਯ ਜੁੰਨ੍ਹ ਨਿਸਿ ਨਿੰਮਲ ਚੰਦਹ।੧੬੦।
ਸੋਹਇ ਸਲ਼ਲ ਸਰਹਿ ਸਯੱਵਤਿਹਿ, ਵਿਵਿਹ ਤਰੰਗ ਤਰੰਗਿਣਿ ਜੰਤਿਹ
ਜੇ ਹਯ ਹੀਯ ਗਿੰਭਿ ਣਵਸਰਯਹ, ਤੈਂ ਪੁਣ ਸੋਹ ਚੜ੍ਹੀ ਣਵ ਸਰਯਹ।੧੬੧।

ਕੂੰਜਾਂ ਅਸਮਾਨ ਵਿਚੋਂ ਚਲੀਆਂ ਗਈਆਂ ਹਨ, ਰਾਤ ਨੂੰ ਰੁੱਖ ਸੋਹਣੇ ਸੋਹਣੇ ਲਗਦੇ ਹਨ, ਸੱਪ ਪਤਾਲ ਵਿਚ ਜਾ ਵਸੇ ਹਨ, ਨਿਰਮਲ ਚੰਦ ਦੀ ਚਾਨਣੀ



Sri Satguru Jagjit Singh Ji eLibrary NamdhariElibrary@gmail.com

ਸੁਹਾਵਣੀ ਲਗਦੀ ਹੈ।੧੬੦। ਝੀਲਾਂ ਦਾ ਪਾਣੀ ਕੰਵਲਾਂ ਨਾਲ ਸ਼ੋਭ ਰਿਹਾ ਹੈ, ਨਦੀਆਂ ਵਿਚ ਲਹਿਰਾਂ ਸੋਭਾ ਪਾ ਰਹੀਆਂ ਹਨ, ਦਰਿਆ ਭਰੇ ਭਰੇ ਜਾਂਦੇ ਹਨ, ਗ੍ਰੀਖਮ ਵਿਚ ਝੀਲਾਂ ਨੇ ਜੋ ਸ਼ਾਨ ਖੋ ਲਈ ਸੀ, ਉਹ ਉਨ੍ਹਾਂ ਮੁੜ ਹਾਸਲ ਕਰ ਲਈ ਹੈ।੧੬੧।

ਅੱਛਹਿ ਜਿਹ ਨਾਰਿਭਿ ਨਰ ਰਮਿਰਇ, ਸੋਹਇ ਸਰਹ ਤੀਰਿ ਤਿਹ ਭਮਿਰਇ
ਬਾਲਯ ਵਰ ਜੁਵਾਣ ਖਿਲੰਤਯ, ਦੀਸਇ ਘਰਿ ਘਰਿ ਪੜਹ ਵਜੰਤਯ।੧੭੪।
ਦਾਰਯ ਕੁੰਡਵਾਲ ਤੰਡਵ ਕਰ, ਭਮਹਿ ਰੱਛਿ ਵਾਯੰਤਯ ਸੁੰਦਰ
ਸੋਹਹਿ ਸਿਜ ਤਰੁਣਿ ਜਣ ਸੱਥਿਹਿ,ਘਰਿ ਘਰਿ ਰਮਿਯਹਿ ਰੇਹ ਪਲਿਥਹ।੧੭੫
ਦਿੰਤਿਯ ਨਿਸਿ ਦੀਵਾਲਿਯ ਦੀਵਯ, ਣਵ ਸਸਰੇਹ ਸਰਿਸ ਕਰਿ ਲੀਅਯ
ਮੰਡਿਯ ਭੁਵਣੁ ਤਰੁਣ ਜੋਇਖਹਿੰ.ਮਹਿਲਿਯ ਦਿੰਤਿ ਸਲਾਇਯ ਅੱਖਹਿੰ।੧੭੬

ਝੀਲਾਂ ਦੇ ਕਿਨਾਰੇ ਮਨੋਹਰ ਲਗਦੇ ਹਨ ਕਿਉਂਕਿ ਉਥੇ ਸੁੰਦ੍ਰੀਆਂ ਆਪਣੇ ਸਾਥੀਆਂ ਨਾਲ ਖੇਡ ਰਹੀਆਂ ਹਨ.ਮੁਟਿਆਰਾਂ ਵੀ ਕਲੋਲਾਂ ਪਈਆਂ ਕਰਦੀਆਂ ਹਨ, ਘਰ ਘਰ ਨਗਾਰੇ ਵੱਜ ਰਹੇ ਹਨ। ੧੭੪। ਮੁੰਡੇ ਘੇਰਾ ਘੱਤਕੇ ਨੱਚਦੇ ਟੱਪਦੇ ਤੇ ਗਲੀਆਂ ਵਿਚ ਗਾਉਂਦੇ ਵਜਾਉਂਦੇ ਫਿਰਦੇ ਹਨ। ਸੇਜਾਵਾਂ ਜੋਬਨਮਤੀਆਂ ਸੁੰਦਰੀਆਂ ਨਾਲ ਸਜ ਰਹੀਆਂ ਹਨ, ਘਰ ਘਰ ਨਰ ਨਾਰੀ ਰੰਗ-ਰਲੀਆਂ ਕਰਦੇ ਹਨ।੧੭੫। ਦੀਵਾਲੀ ਵਾਲੀ ਰਾਤ ਨੂੰ ਦੀਵੇ ਜਗਾਏ ਹੋਏ ਹਨ, ਮਾਨੋ ਸੁੰਦਰੀਆਂ ਏਕਮ ਦੇ ਚੰਦ ਵਾਂਙ ਹੱਥ ਵਿਚ ਦੀਵੇ ਫੜੀਂ ਰਾਤ ਰਾਣੀ ਨੂੰ ਭੇਟ ਕਰ ਰਹੀਆਂ ਹਨ। ਇਨ੍ਹਾਂ ਦੀਵਿਆਂ ਨੇ ਦੁਨੀਆਂ ਸਜਾ ਛੱਡੀ ਹੈ, ਇਨ੍ਹਾਂ (ਦੀਵਿਆਂ) ਦੀ ਲੋਅ ਕਈ ਸੁੰਦਰੀਆਂ ਅੱਖਾਂ ਵਿਚ ਵੀ ਪਾ ਰਹੀਆਂ ਹਨ। ੧੭੬।

੪. ਹੇਮੰਤ–

ਸੇਰੰਧਿਹਿ ਘਣਸਾਰੁ ਣ ਚੰਦਣੁ ਪੀਸਯਇ
ਅਹਰਕ ਓਲਾ ਲੰਕਿਹਿੰ ਮਯਣੁ ਸਮੀਸਿਯਇ
ਸੀਹੰਡਿਹਿ ਣੰਜਿਯਉ ਘੁਸਿਣੁ ਤਣਿ ਲੇਵਿਯਇ
ਚੰਪਏਲੁ ਮਿਯਣਾ ਹਿਣ ਸਰਿਸਉ ਸੇਵਿਯਇ। ੧੮੭।

(ਅੱਜਕੱਲ) ਗੋਲੀਆਂ ਕਪੂਰ ਤੇ ਚੰਦਨ ਨਹੀਂ ਪੀਸਦੀਆਂ. ਸੁਰਖੀ ਸ਼ਹਿਦ ਮੱਖੀਆਂ ਦੀ ਮੋਮ ਨਾਲ ਤਿਆਰ ਹੋ ਰਹੀ ਹੈ, ਚੰਨਣ ਦੀ ਥਾਂ ਕੇਸਰ ਦਾ ਲੇਪਨ ਹੁੰਦਾ ਹੈ ਤੇ ਲੋਕੀ ਚੰਬੇਲੀ ਦਾ ਤੇਲ ਕਸਤੂਰੀ ਪਾ ਕੇ ਵਰਤਦੇ ਹਨ।

ਧੂਇਜਇ ਤਹ ਅਗਰੁ ਘੁਸਿਣੁ ਤਣਿ ਲਾਇਯਇ
ਗਾਢਉ ਨਿਬਡਾਲਿੰਗਣੁ, ਅੰਗਿ ਸੁਹਾਇਯਇ
ਅੰਨਹ ਦਿਵਸਹ ਸੰਨਿਹਿ, ਅੰਗੁਲ ਮਤ ਹੁਯ
ਮਹੁ ਇੱਕਹ ਪਰਿ ਪਹਯ !, ਣਿਵੇ ਹਿਯ ਏਮ ਜੁਯ।੧੮੯।



Sri Satguru Jagjit Singh Ji eLibrary NamdhariElibrary@gmail.com

ਸੁਗੰਧ ਲਈ ਅਗਰ ਦੀ ਧੂਫ ਧੁਖਾਈ ਜਾ ਰਹੀ ਹੈ, ਸਰੀਰ ਤੇ ਕੇਸਰ ਲਾਇਆ ਜਾਂਦਾ ਹੈ, ਘੁਟ ਕੇ ਪਾਈ ਗਲਵੱਕੜੀ ਸੁਖਾਂਦੀ ਹੈ। ਮੁਕਾਲਬਤਨ ਜਿਥੇ ਹੋਰ ਲੋਕਾਂ ਲਈ ਦਿਨ ਉਂਗਲੀ ਭਰ (ਭਾਵ ਛੋਟਾ) ਲਗਦਾ ਹੈ, ਉਥੇ ਮੈਂ ਇਕੱਲੀ ਵਾਸਤੇ ਇਹ ਦਿਨ ਬ੍ਰਹਿਮਯੁਗ ਵਰਗਾ ਭਾਸ ਰਿਹਾ ਹੈ। ੧੯੯।

੫. ਸ਼ਿਸ਼ਰ–

ਇਮ ਕੱਟਹਿ ਮਇ ਗਮਿਉ ਪਹਿਯ ! ਹੇਮੰਤਰਿਉ
ਸਿਸਿਰੁ ਪਹੁਤਉ ਧੁਤੁ ਣਾਹੁ ਦੂਰੰਤਰਿਉ
ਉਠਿਅਉ ਝੱਖੜ ਗਯਣਿ, ਖਰਫਰਸੁ ਪਵਣਿ ਹਯ
ਤਿਣਿ ਸੂੜਿਯ ਝੜਿ ਕਰ ਅਸਸ ਤਹਿੰ ਤਰੁਯ ਗਯ ।੧੯੨।
ਛਾਯ ਫੁੱਲ ਫਲ ਰਹਿਯ ਅਸੇਵਿਯ ਸਉਣਿਯਣ
ਤਿਮਿਰੰਤਰਿਯ ਦਿਸਾ ਯ ਤੁਹਿਣ ਧੂਇਣ ਭਰਿਣ
ਮੱਗ ਭੱਗ ਪੰਥਯਹ ਣ ਪਵਸਿਹਿ ਹਿਮ ਡਰਿਣ
ਉਜਾਣਹੂੰ ਢੰਖਰ ਇਮਾ ਸੋਸਿਯ ਕੁਸੁਮ ਵਣ ।੧੯੩।

ਹੇ ਰਾਹੀ ! ਇਸ ਤਰ੍ਹਾਂ ਮੈਂ ਦੁਖਾਂ ਵਿਚ ਹੇਮੰਤ ਕੱਟ ਲਈ; ਪਤਝੜ ਆ ਪਹੁੰਚੀ ਪਰ ਉਹ ਕਮਬਖ਼ਤ (ਧੂਰਤ) ਨਹੀਂ ਆਇਆ। ਅਸਮਾਨ ਵਿਚ ਝੱਖੜ ਸ਼ੁਰੂ ਹੋ ਗਏ, ਰੁੱਖਾਂ ਦੇ ਪੱਤੇ ਵੀ ਝੜ ਗਏ ।੧੯੨। ਹੁਣ ਸਾਰੇ ਹੀ ਬ੍ਰਿਛ ਫਲਾਂ ਫੁਲਾਂ ਤੇ ਛਾਇਆ ਤੋਂ ਸੱਖਣੇ ਹਨ, ਪੰਛੀ ਵੀ ਉਨ੍ਹਾਂ ਤੇ ਕੋਈ ਨਹੀਂ। ਚਾਰੇ ਪਾਸੇ ਅਨ੍ਹੇਰਾ ਹੀ ਅਨ੍ਹੇਰਾ ਛਾਇਆ ਹੋਇਆ ਹੈ, ਪਾਲੇ ਤੋਂ ਡਰਦੇ ਮੁਸਾਫਰ ਰਾਹ ਨਹੀਂ ਤੁਰਦੇ, ਫੁਲ ਬਗੀਚੇ ਮੁਰਝਾ ਗਏ ਹਨ ਤੇ ਸਭੇ ਬ੍ਰਿਛ ਰੁੰਡ-ਮਰੁੰਡ ਹੋਏ ਖੜੋਤੇ ਹਨ ।੧੯੩।

੬. ਬਸੰਤ–

ਗਯਉ ਸਿਸਿਰੁ ਵਣ ਤਿਣ ਦਹੰਤ, ਮਹੁ ਮਾਸੁ ਮਣੋਹਰੁ ਇਥ ਪੱਤੁ
ਗਿਰਿ ਮਲਯ ਸਮੀਰਣੁ ਣਿਰੁ ਸਰੰਤੁ. ਮਯਣੱਗਿ ਵਿਉਯਹ ਵਿਫੁਰੰਤੁ ।੨੦੦।
ਸੰ ਕੇਵਇ ਜਣਇ ਸੁਹੰ ਵਿਆਸੁ, ਵਿਅਸੰਤੁ ਰਵੰਨਉ ਦਹ ਦਿਸਾਸੁ
ਣਵ ਕੁਸਮ ਪੱਤ ਹੁਯ ਵਿਵਿਹ ਵੇਸਿ, ਅਇ ਰੇਹਇ ਣਵਸਰਇ ਵਿਸ਼ੇਸਿ ।੨੦੧
ਬਹੁ ਵਿਵਿਹਰਾਇ ਘਣ ਮਣਹਰੇਹਿ, ਸਿਯ ਸਾਵਰੱਤ ਪੁਫੰਵਰੇਹਿ
ਪੰਗੁਰਣਿਹਿ ਚੱਚਿਉ ਤਣੁ ਵਿਚਿਤੁ, ਮਿਲਿ ਸਹੀਯਹਿ ਗੋਉ ਗਿਰੰਤਿ ਣਿਤੁ।੨੦੨

ਵਣਤਿਣ ਨੂੰ ਸਾੜਦਾ ਸ਼ਿਸਰ-ਪਤਝੜ ਲੰਘ ਗਿਆ, ਬਸੰਤ ਦਾ ਮਹੀਨਾ ਆ ਗਿਆ ਹੈ। ਵਿਯੋਗੀਆਂ ਦੀ ਅੱਗ ਨੂੰ ਭੜਕਾਉਣ ਵਾਲੀ ਮਲਯਾਨਲ-ਮਹਿਕਦਾਰ ਪੌਣ ਵਗ ਰਹੀ ਹੈ ।੨੦੦। ਕੇਤਕੀ ਦਾ ਫੁਲ ਪੂਰੀ ਤਰ੍ਹਾਂ ਖਿੜ ਗਿਆ ਹੈ, ਅਨੇਕ ਭਾਂਤ ਦੇ ਨਵੇਂ ਨਵੇਂ ਪੱਤੇ ਤੇ ਫੁਲ ਸਭ ਪਾਸੇ ਵਿਗਸ ਪਏ ਹਨ। ਝੀਲਾਂ, ਸਰਾਂ ਦਾ ਸੁਹਣੱਪ ਸਭ ਨੂੰ ਚੰਗਾ ਲਗ ਰਿਹਾ ਹੈ ।੨੦੧। ਸੋਹਣੇ ਸੋਹਣੇ ਰੰਗ-ਬਰੰਗੇ



Sri Satguru Jagjit Singh Ji eLibrary NamdhariElibrary@gmail.com

ਬਸਤ੍ਰਾਂ ਨਾਲ ਸਜੀਆਂ ਤੇ ਚਿਟੇ ਅਤੇ ਲਾਲ ਫੁਲਾਂ ਨਾਲ ਸ਼ਿੰਗਾਰੀਆਂ ਸੁੰਦ੍ਰੀਆਂ ਆਪਣੀਆਂ ਸਹੀਆਂ ਨਾਲ ਗੀਤ ਗਾ ਰਹੀਆਂ ਹਨ ।੨੦੨।

ਜਲ ਰਹਿਯ ਮੇਹ ਸੰਤਵਿਅ ਕਾਇ, ਕਿਮ ਕੋਇਲ ਕਲ ਰਉ ਸਹਣ ਜਾਇ
ਰਮਣੀਯਣ ਰਥਿਹਿ ਪਰਿਭਮੰਤਿ, ਤੂਰਾਰਵਿ ਤਿਹੁਯਣ ਬਹਿਰਯੰਤਿ ।੨੧੮।
ਚੱਚਰਿਹਿ ਗੇਉ ਝੁਣਿ ਕਰਿਵਿ ਤਾਲੁ, ਨੱਚੀਯਇ ਅਉਬ ਬਸੰਤ ਕਾਲੁ
ਘਣ ਨਿਬੜ ਹਾਰ ਪਰਿ ਖਿਲਰੀਹਿੰ, ਰੁਝੁਝੁਣ ਰਉ ਮੇਹਲ ਕਿੰਕਣੀਹਿੰ ।੨੧੯।
ਗੱਜੰਤਿ ਤਰੁਣਿ ਣਵਜੁਵਣੀਹਿ,ਮੁਣਿ ਪਢਿਯ ਗਾਹ ਪਿਅ ਕੰਖਿਰੀਹਿ...੨੨੦।

ਜਦੋਂ ਜਲ ਰਹਿਤ ਮੇਘਲੇ ਹੀ ਸਰੀਰ ਨੂੰ ਸੰਤਾ ਰਹੇ ਹਨ, ਤਾਂ ਕੋਇਲ ਦੀ ਕੂ ਕੂ ਕਿਵੇਂ ਸਹੀ ਜਾ ਸਕਦੀ ਹੈ। ਸੁੰਦਰੀਆਂ ਗਲੀਆਂ ਵਿਚ ਘੁੰਮ ਰਹੀਆਂ ਹਨ, ਢੋਲਾਂ ਦੀ ਆਵਾਜ਼ ਨੇ ਤਿੰਨੇ ਲੋਕ ਗੂੰਜਾ ਦਿਤੇ ਹਨ ।੨੧੮। ਗਵੰਤ੍ਰੀ ਲੋਕ ਗਿਧਾ ਪਾ ਪਾ ਕੇ ਨੱਚ ਰਹੇ ਹਨ ਤੇ ਬਸੰਤ ਖੁਦ ਨ੍ਰਿਤਕਾਰੀ ਕਰ ਰਿਹਾ ਹੈ। ਸੁੰਦਰੀਆਂ ਦੀਆਂ ਹਮੇਲਾਂ ਤੇ ਝਾਂਜਰਾਂ ਨੇ ਰੁਝੁਝੁਣ ਲਾ ਛੱਡੀ ਹੈ। ੨੧੯। ਜੋਬਨਵੰਤੀਆਂ ਮੁਟਿਆਰਾਂ ਫਰਾਟੇ ਮਾਰਦੀਆਂ ਫਿਰ ਰਹੀਆਂ ਹਨ ਤੇ ਗਾਥਾ ਗਾ ਗਾ ਕੇ ਪ੍ਰੀਤਮ ਲਈ ਉਤਕੰਠਿਤ ਹੋ ਰਹੀਆਂ ਹਨ ।੨੨੦।

## ਗੁਰੂ ਅਰਜਨ ਸਾਹਿਬ ਦੀ 'ਰੁਤੀ'

ਭਗਤੀ ਸਾਹਿਤ ਵਿਚ ਗੁਰੂ ਅਰਜਨ ਸਾਹਿਬ (੧੫੬੩-੧੬੦੬ ਈ.) ਦੀ ਬਾਣੀ ਸਭਨਾਂ ਸੰਤ ਕਵੀਆਂ ਤੋਂ ਵਧ ਹੈ। ਫਿਰ ਖੂਬੀ ਇਹ ਹੈ ਜਿਤਨੇ ਰਾਗਾਂ, ਜਿਤਨੇ ਕਾਵਿ-ਰੂਪਾਂ ਤੇ ਜਿਤਨੀਆਂ ਭਾਸ਼ਾਵਾਂ ਵਿਚ ਇਹ ਬਾਣੀ ਰਚੀ ਗਈ ਹੈ, ਉਤਨੀ ਵੰਨਗੀ ਹੋਰ ਕਿਸੇ ਇਕ ਕਵੀ ਦੀ ਨਹੀਂ ਮਿਲਦੀ। ਗੁਰੂ ਸਾਹਿਬ ਦਾ ਛੇ ਰੁਤਾ ਪ੍ਰਕ੍ਰਿਤੀ ਵਰਣਨ ਵੀ ਅਦੁਤੀ ਕਿਸਮ ਦਾ ਹੈ। ਕਿਸੇ ਕਵੀ ਨੇ ਅਧਿਆਤਮਕ ਵਸਤੂ ਨੂੰ ਲੈ ਕੇ ਨ ਉਨ੍ਹਾਂ ਤੋਂ ਪਹਿਲਾਂ ਤੇ ਨਾਹੀ ਪਿਛੋਂ ਰੁਤ-ਵਰਣਨ ਨਹੀਂ ਕੀਤਾ। ਜਿਥੇ ਇਹ 'ਰੁਤੀ' ਨਾਂ ਦੇਸੀ ਰੂਪ ਦਾ ਸੂਚਕ ਹੈ, ਉਥੇ ਗੁਰੂ ਜੀ ਨੇ ਇਸਦਾ ਅਰੰਭ ਵੀ ਗ੍ਰੀਖਮ ਦੀ ਥਾਂ ਬਸੰਤ ਨਾਲ ਕੀਤਾ ਹੈ।

ਰਾਮਕਲੀ ਮਹਲਾ ੫ ਰੁਤੀ

ੴ ਸਤਿਗੁਰ ਪ੍ਰਸਾਦਿ ॥

ਸਲੋਕ–ਕਰਿ ਬੰਦਨ ਪ੍ਰਭੁ ਪਾਰਬ੍ਰਹਿਮੁ, ਬਾਛਉ ਸਾਧਹ ਧੂਰਿ
ਆਪੁ ਨਿਵਾਰਿ ਹਰਿ ਹਰਿ ਭਜਉ, ਨਾਨਕ ਪ੍ਰਭੁ ਭਰਪੂਰਿ ।੧।
ਕਿਲ ਵਿਖ ਕਾਟਣ ਭੈ ਹਰਣ, ਸੁਖ ਸਾਗਰ ਹਰਿਰਾਇ
ਦੀਨ ਦਇਆਲ ਦੁਖ ਭੰਜਨੋ, ਨਾਨਕ ਨੀਤ ਧਿਆਇ ।੨।



Sri Satguru Jagjit Singh Ji eLibrary NamdhariElibrary@gmail.com

ਛੰਤੁ–ਜਸੁ ਗਾਵਹੁ ਵਡਭਾਗੀਹੋ, ਕਰਿ ਕਿਰਪਾ ਭਗਵੰਤ ਜੀਉ
ਰੁਤੀ ਮਾਹ ਮੂਰਤ ਘੜੀ, ਗੁਣ ਉਚਰਤ ਸੋਭਾਵੰਤ ਜੀਉ
ਗੁਣ ਰੰਗਿ ਰਾਤੇ ਧੰਨ ਤੇ ਜਨ, ਜਿਨੀ ਇਕ ਮਨ ਧਿਆਇਆ
ਸਫਲ ਜਨਮ ਭਇਆ ਤਿਨ ਕਾ, ਜਿਨੀ ਸੋ ਪ੍ਰਭੁ ਪਾਇਆ
ਪੁੰਨ ਦਾਨ ਨ ਤੁਲ ਕਿਰਿਆ, ਹਰਿ ਸਰਬ ਪਾਪਾ ਹੰਤ ਜੀਉ
ਬਿਨਵੰਤਿ ਨਾਨਕ ਸਿਮਰ ਜੀਵਾਂ, ਜਨਮ ਮਰਣ ਰਹੰਤ ਜੀਉ ।੧।
ਸਲੋਕ–ਉਦਮੁ ਅਗਮ ਅਗੋਚਰੋ, ਚਰਨ ਕਮਲ ਨਮਸ਼ਕਾਰ
ਕਥਨੀ ਸਾ ਤੁਧ ਭਾਵਸੀ, ਨਾਨਕ ਨਾਮ ਆਧਾਰ ।੧।
ਸੰਤ ਸਰਣਿ ਸਾਜਨ ਪਰਹੁ, ਸੁਆਮੀ ਸਿਮਰ ਅਨੰਤ
ਸੂਕੇ ਤੇ ਹਰਿਆ ਥੀਆ, ਨਾਨਕ ਜਪਿ ਭਗਵੰਤ ।੨।
ਛੰਤੁ–ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ
ਹਰਿ ਜੀਉ ਨਾਹੁ ਮਿਲਿਆ ਮਉਲਿਆ ਮਨੁ ਤਨੁ ਸਾਸੁ ਜੀਉ
ਘਰਿ ਨਾਹੁ ਨਿਹਚਲੁ ਅਨਦੁ ਸਖੀਏ, ਚਰਨ ਕਮਲ ਪ੍ਰਫੁਲਿਆ
ਸੁੰਦਰੁ ਸੁਘੜੁ ਸੁਜਾਣੁ ਬੇਤਾ, ਗੁਣ ਗੋਵਿੰਦ ਅਮੁਲਿਆ
ਵਡਭਾਗਿ ਪਾਇਆ ਦੁਖ ਗਵਾਇਆ, ਭਈ ਪੂਰਨ ਆਸ ਜੀਉ
ਬਿਨਵੰਤਿ ਨਾਨਕ ਸਰਣਿ ਤੇਰੀ, ਮਿਟੀ ਜਮ ਕੀ ਤ੍ਰਾਸ ਜੀਉ ।੨।
ਸਲੋਕ–ਸਾਧ ਸੰਗਤਿ ਬਿਨੁ ਭ੍ਰਮਿ ਮੁਈ, ਕਰਤੀ ਕਰਮ ਅਨੇਕ
ਕੋਮਲ ਬੰਧਨ ਬਾਧੀਆ, ਨਾਨਕ ਕਰਮਹਿ ਲੇਖ ।੧।
ਜੋ ਭਾਣੇ ਸੇ ਮੇਲਿਆ, ਵਿਛੋੜੇ ਭੀ ਆਪਿ
ਨਾਨਕ ਪ੍ਰਭੁ ਸਰਣਾਗਤੀ, ਜਾਕਾ ਵਡ ਪਰਤਾਪੁ ।੨।
ਛੰਤੁ–ਗ੍ਰੀਖਮ ਰੁਤਿ ਅਤਿ ਗਾਖੜੀ, ਜੇਠ ਅਖਾੜੈ ਘਾਮ ਜੀਉ
ਪ੍ਰੇਮ ਬਿਛੋਹੁ ਦੁਹਾਗਣੀ, ਦ੍ਰਿਸਟਿ ਨ ਕਰੀ ਰਾਮ ਜੀਉ
ਨਹ ਦ੍ਰਿਸਟਿ ਆਵੈ ਮਰਤ ਹਾਵੈ, ਮਹਾਂ ਗਾਰਬਿ ਮੁਠੀਆ
ਜਲ ਬਾਝੁ ਮਛਲੀ ਤੜਫੜਾਵੈ, ਸੰਗਿ ਮਾਇਆ ਰੁਠੀਆ
ਕਰਿ ਪਾਪ ਜੋਨੀ ਭੈਭੀਤ ਹੋਈ, ਦੇਇ ਸਾਸਨ ਜਾਮ ਜੀਉ
ਬਿਨਵੰਤਿ ਨਾਨਕ ਓਟ ਤੇਰੀ, ਰਾਖੁ ਪੂਰਨ ਕਾਮ ਜੀਉ ।੩।
ਸਲੋਕ–ਸਰਧਾ ਲਾਗੀ ਸੰਗਿ ਪ੍ਰੀਤਮੈ, ਇਕੁ ਤਿਲੁ ਰਹਣੁ ਨ ਜਾਇ
ਮਨ ਤਨ ਅੰਤਰਿ ਰਵਿ ਰਹੇ, ਨਾਨਕ ਸਹਿਜ ਸੁਭਾਇ ।੧।
ਕਰੁ ਗਹਿ ਲੀਨੀ ਸਾਜਨਹਿ, ਜਨਮ ਜਨਮ ਕੇ ਮੀਤ
ਚਰਨਹ ਦਾਸੀ ਕਰਿ ਲਈ, ਨਾਨਕ ਪ੍ਰਭ ਹਿਤ ਚੀਤ ।੨।
ਛੰਤ–ਰੁਤਿ ਬਰਸੁ ਸੁਹੇਲੀਆ, ਸਾਵਣ ਭਾਦਵੇ ਆਨੰਦ ਜੀਉ
ਘਣ ਉਨਵਿ ਵੁਠੇ ਜਲ ਥਲ ਪੂਰਿਆ ਮਕਰੰਦ ਜੀਉ



Sri Satguru Jagjit Singh Ji eLibrary NamdhariElibrary@gmail.com

ਪ੍ਰਭ ਪੂਰਿ ਰਹਿਆ ਸ੍ਰਬ ਠਾਈ, ਹਰਿਨਾਮ ਨਵਨਿਧ ਗ੍ਰਿਹ ਭਰੇ
ਸਿਮਰਿ ਸੁਆਮੀ ਅੰਤਰਜਾਮੀ, ਕੁਲ ਸਮੂਹਾ ਸਭਿ ਤਰੇ
ਪ੍ਰਿਅ ਰੰਗਿ ਜਾਗੇ ਨਹ ਛਿਦ੍ਰ ਲਾਗੇ, ਕ੍ਰਿਪਾਲ ਸਦ ਬਖਸਿੰਦੁ ਜੀਉ
ਬਿਨਵੰਤਿ ਨਾਨਕ ਹਰਿ ਕੰਤੁ ਪਾਇਆ, ਸਦਾ ਮਨ ਭਾਵੰਦੁ ਜੀਉ ।੪।
ਸਲੋਕ—ਆਸ ਪਿਆਸੀ ਮੈਂ ਫਿਰਉ, ਕਬ ਪੇਖਉ ਗੋਪਾਲ
ਹੈ ਕੋਈ ਸਾਜਨੁ ਸੰਤ ਜਨੁ, ਨਾਨਕ ਪ੍ਰਭ ਮੇਲਣਹਾਰ ।੧।
ਬਿਨੁ ਮਿਲਬੇ ਸ਼ਾਂਤਿ ਨ ਊਪਜੈ, ਤਿਲੁ ਪਲੁ ਰਹਿਣ ਨ ਜਾਇ
ਹਰਿ ਸਾਧਹ ਸਰਣਾਗਤੀ, ਨਾਨਕ ਆਸ ਪੁਜਾਇ ।੨।
ਛੰਤੁ—ਰੁਤਿ ਸਰਦ ਅਡੰਬਰੋ, ਅਸੂ ਕਤਕੇ ਹਰਿ ਪਿਆਸ ਜੀਉ
ਖੋਜੰਤੀ ਦਰਸਨੁ ਫਿਰਤ, ਕਬ ਮਿਲੀਐ ਗੁਣਤਾਸ ਜੀਉ
ਬਿਨੁ ਕੰਤ ਪਿਆਰੇ ਨਹ ਸੁਖ ਸਾਰੇ, ਹਾਰ ਕੰਙਣ ਧ੍ਰਿਗ ਬਨਾ
ਸੁੰਦਰਿ ਸੁਜਾਣਿ ਚਤੁਰਿ ਬੇਤੀ, ਸਾਸ ਬਿਨ ਜੈਸੇ ਤਨਾ
ਈਤ ਊਤ ਦਹਦਿਸ ਅਲੋਕਨ, ਮਨਿ ਮਿਲਨ ਕੀ ਪ੍ਰਭ ਪਿਆਸ ਜੀਉ
ਬਿਨਵੰਤਿ ਨਾਨਕ ਧਾਰਿ ਕਿਰਪਾ, ਮੇਲਹੁ ਪ੍ਰਭ ਗੁਣਤਾਸ ਜੀਉ ।੫।
ਸਲੋਕ—ਜਲਣਿ ਬੁਝੀ ਸੀਤਲ ਭਏ, ਮਨਿ ਤਨਿ ਉਪਜੀ ਸਾਂਤਿ
ਨਾਨਕ ਪ੍ਰਭ ਪੂਰਨ ਮਿਲੇ, ਦੁਤੀਆ ਬਿਨਸੀ ਭ੍ਰਾਂਤਿ ।੧।
ਸਾਧ ਪਠਾਏ ਆਪਿ ਹਰਿ, ਹਮ ਤੁਮ ਤੇ ਨਾਹੀ ਦੂਰਿ
ਨਾਨਕ ਭ੍ਰਮ ਭੈ ਮਿਟਿ ਗਏ, ਰਮਣ ਰਾਮ ਭਰਪੂਰ ।੨।
ਛੰਤੁ—ਰੁਤਿ ਸਿਸੀਅਰ ਸੀਤਲ ਹਰਿ ਪ੍ਰਗਟੇ ਮੰਘਰ ਪੋਹਿ ਜੀਉ
ਜਲਨਿ ਬੁਝੀ ਦਰਸੁ ਪਾਇਆ, ਬਿਨਸੇ ਮਾਇਆ ਧ੍ਰੋਹ ਜੀਉ
ਸਭਿ ਕਾਮ ਪੂਰੇ ਮਿਲਿ ਹਜੂਰੇ, ਹਰਿ ਚਰਣ ਸੇਵਕ ਸੇਵਿਆ
ਹਾਰ ਡੋਰ ਸੀਗਾਰ ਸਭਿ ਰਸ, ਗੁਣ ਗਾਉ ਅਲਖ ਅਭੇਵਿਆ
ਭਾਉ ਭਗਤਿ ਗੋਵਿੰਦ ਬਾਂਛਤ, ਜਮੁ ਨ ਸਕੈ ਜੋਹਿ ਜੀਉ
ਬਿਨਵੰਤਿ ਨਾਨਕ ਪ੍ਰਭਿ ਆਪਿ ਮੇਲੀ, ਤਹ ਨ ਪ੍ਰੇਮ ਬਿਛੋਹ ਜੀਉ ।੬।
ਸਲੋਕ—ਹਰਿ ਧਨ ਪਾਇਆ ਸੋਹਾਗਣੀ, ਡੋਲਤ ਨਾਹੀ ਚੀਤ
ਸੰਤ ਸੰਜੋਗੀ ਨਾਨਕਾ, ਗ੍ਰਿਹਿ ਪ੍ਰਗਟੇ ਪ੍ਰਭ ਮੀਤ ।੧।
ਨਾਦ ਬਿਨੋਦ ਅਨੰਦ ਕੋਡ, ਪ੍ਰਿਅ ਪ੍ਰੀਤਮ ਸੰਗ ਬਨੇ
ਮਨ ਬਾਂਛਤ ਫਲ ਪਾਇਆ, ਹਰਿ ਨਾਨਕ ਨਾਮ ਭਨੇ ।੨।
ਛੰਤੁ—ਹਿਮਕਰੁ ਰੁਤਿ ਮਨਿ ਭਾਵਤੀ, ਮਾਘੁ ਫਗਣੁ ਗੁਣਵੰਤ ਜੀਉ
ਸਖੀ ਸਹੇਲੀ ਗਾਉ ਮੰਗਲੋ, ਗ੍ਰਿਹਿ ਆਏ ਹਰਿ ਕੰਤੁ ਜੀਉ
ਗ੍ਰਿਹਿ ਲਾਲ ਆਏ ਮਨਿ ਧਿਆਏ, ਸੇਜ ਸੁੰਦਰਿ ਸੋਹੀਆ
ਵਣੁ ਤ੍ਰਿਣੁ ਤ੍ਰਿਭਵਣ ਭਏ ਹਰਿਆ, ਦੇਖਿ ਦਰਸ਼ਨ ਮੋਹੀਆ


Sri Satguru Jagjit Singh Ji eLibrary NamdhariElibrary@gmail.com

ਮਿਲੇ ਸੁਆਮੀ ਇਛ ਪੁੰਨੀ, ਮਨਿ ਜਪਿਆ ਨਿਰਮਲ ਮੰਤ ਜੀਉ
ਬਿਨਵੰਤਿ ਨਾਨਕ ਨਿਤ ਕਰਹੁ ਰਲੀਆ, ਹਰਿ ਮਿਲੇ ਸ੍ਰੀਧਰ ਕੰਤ ਜੀਉ ।੭।
ਸਲੋਕ—ਮੰਤ ਸਹਾਈ ਜੀਅ ਕੇ, ਭਵਜਲ ਤਾਰਣਹਾਰ
ਸਭ ਤੇ ਊਚੇ ਜਾਣੀਅਹਿ, ਨਾਨਕ ਨਾਮ ਪਿਆਰ ।੧।
ਜਿਨ ਜਾਨਿਆ ਸੇਈ ਤਰੇ, ਸੇ ਸੂਰੇ ਸੇ ਬੀਰ
ਨਾਨਕ ਤਿਨ ਬਲਿਹਾਰਣੈ, ਹਰਿ ਜਪਿ ਉਤਰੇ ਤੀਰ ।੨।
ਛੰਤੁ—ਚਰਣ ਬਿਰਾਜਿਤ ਸਭ ਉਪਰੇ, ਮਿਟਿਆ ਸਗਲ ਕਲੇਸੁ ਜੀਉ
ਆਵਣ ਜਾਵਣ ਦੁਖ ਹਰੇ, ਹਰਿ ਭਗਤਿ ਕੀਆ ਪਰਵੇਸੁ ਜੀਉ
ਹਰਿ ਰੰਗ ਰਾਤੇ ਸਹਿਜ ਮਾਤੇ, ਤਿਲੁ ਨ ਮਨ ਤੇ ਬੀਸਰੈ
ਤਜਿ ਆਪਿ ਸਰਣੀ ਪਰੇ ਚਰਣੀ, ਸਰਬ ਗੁਣ ਜਗਦੀਸਰੈ
ਗੋਬਿੰਦ ਗੁਣਨਿਧਿ ਸ੍ਰੀ ਰੰਗ ਸੁਆਮੀ, ਆਦਿ ਕਉ ਆਦੇਸ ਜੀਉ
ਬਿਨਵੰਤਿ ਨਾਨਕ ਮਇਆ ਧਾਰਹੁ, ਜੁਗ ਜੁਗੋ ਇਕ ਵੇਸੁ ਜੀਉ ।੮।੧।

## ਭਾਰਤੀ ਸਾਹਿਤ ਵਿੱਚ ਬਾਰਾਂਮਾਹ

ਜਿਹਾ ਕਿ ਅਸਾਂ ਪਿਛੇ ਕਿਹਾ ਹੈ ਕਿ ਬਾਰਾਂਮਾਹ ਕਾਵਿ ਰੂਪ ਦੀਆਂ ਲਗਰਾਂ 'ਖਟ ਰਿਤੂ ਵਰਨਣ' ਜਾਂ 'ਰੁਤੀ' ਵਿਚੋਂ ਹੀ ਫੁੱਟੀਆਂ ਹਨ। ਪਹਿਲੇ ਪਹਿਲ ਬਸੰਤ (ਚੇਤ ਵਿਸਾਖ) ਗ੍ਰੀਖਮ (ਜੇਠ ਹਾੜ), ਬਰਸਾਤ (ਸੌਣ ਭਾਦੋਂ), ਸ਼ਰਦ (ਅੱਸੂ ਕੱਤਕ), ਹੇਮੰਤ (ਮੱਘਰ ਪੋਹ) ਤੇ ਸ਼ਿਸਰ (ਮਾਘ ਫੱਗਣ) ਦਾ ਇਕੱਠਾ ਵਰਨਣ ਕਰਦੇ ਜੀਵਨ ਦੀਆਂ ਖੁਸ਼ੀਆਂ ਗ਼ਮੀਆਂ ਨੂੰ ਚਿਤ੍ਰਤ ਕਰਦੇ ਸਨ। ਬਾਦ ਵਿਚ ਇਹੋ ਵਰਣਨ ਸਾਲ ਦੀਆਂ ਛੇ ਰੁਤਾਂ ਦੀ ਥਾਂ ਬਾਰਾਂ ਮਹੀਨਿਆਂ ਦੇ ਹਿਸਿਆਂ ਵਿਚ ਵੰਡ ਕੇ ਕੀਤਾ ਜਾਣ ਲਗਾ। ਵੈਸੇ ਅੰਤਰਗਤੀ ਵਸਤੂ ਦਾ ਕੋਈ ਬਹੁਤਾ ਭਿੰਨ ਭੇਦ ਨਹੀਂ ਸੀ, ਕੇਵਲ ਬਾਹਰਲੇ ਰੂਪ ਨੇ ਜ਼ਰਾ ਵਿਸਤ੍ਰਿਤ ਰੂਪ ਧਾਰਨ ਕਰ ਲਿਆ ਸੀ। ਹੌਲੀ ਹੌਲੀ ਇਸ ਗੱਲ ਦਾ ਵਿਸ਼ੇਸ਼ ਭੇਦ ਜ਼ਰੂਤ ਬਣਿਆ, ਜੈਸਾ ਕਿ ਪੁਰਾਣੀਆਂ ਰਚਨਾਵਾਂ ਤੋਂ ਪਰਗਟ ਹੁੰਦਾ ਹੈ ਕਿ ਆਮ ਤੌਰ ਤੇ ਕਵੀ ਜਨ ਖੁਸ਼ੀ ਮੰਗਲ ਦੇ ਪ੍ਰਗਟਾਉ ਸਮੇਂ 'ਖਟ ਰਿਤੂ ਵਰਣਨ' ਕਰਦੇ ਸਨ ਤੇ ਬਿਰਹੁ-ਵਿਯੋਗ ਦੇ ਵਰਨਣ ਲਈ 'ਬਾਰਹ ਮਾਸੇ' ਜਾਂ ਬਾਰਾਂਮਾਹ ਦਾ ਆਸਰਾ ਲਿਆ ਜਾਂਦਾ ਸੀ। ਉਦਾਹਰਣ ਵਜੋਂ ਜਦ ਅਸੀਂ ਵੇਖਦੇ ਹਾਂ, ਮਲਕ ਮੁਹੰਮਦ ਜਾਇਸੀ ਰਚਿਤ ਪਦਮਾਵਤ (੧੫੨੮ ਈ.) ਮਹਾਂਕਾਵਿ ਵਿਚ ਮਹਾਰਾਣੀ ਪਦਮਨੀ ਦੀਆਂ ਰੰਗ ਰਲੀਆਂ ਨੂੰ 'ਖਟ ਰਿਤੂ ਵਰਣਨ' ਹੇਠ ਬਿਆਨ ਕੀਤਾ ਗਿਆ ਹੈ ਤੇ ਬਾਦ ਵਿਚ ਜਦੋਂ ਰਾਣੀ ਨਾਗਮਤੀ ਰਾਜਾ ਰਤਨਸੇਨ ਦੇ ਵਿਛੋੜੇ ਵਿਚ ਵਿਆਕੁਲ ਹੁੰਦੀ ਹੈ ਤਾਂ ਉਸ ਦਾ ਜੀਵਨ-ਚਿਤ੍ਰ ਕਵੀ ਬਾਰਹਮਾਸੇ ਵਿਚ ਅੰਕਿਤ ਕਰਦਾ ਹੈ—ਅਸਾੜ੍ਹ ਤੋਂ ਲੈ ਕੇ ਜੇਠ ਤਕ। ਇਸ ਤੋਂ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ



Sri Satguru Jagjit Singh Ji eLibrary NamdhariElibrary@gmail.com

ਬਾਰਾਂਮਾਹ ਕਾਵਿਰੂਪ ਵਿਸ਼ੇਸ਼ ਕਰ ਕੇ ਬਿਰਹੁ-ਵਰਣਨ ਦਾ ਮਾਧਿਅਮ ਬਣਿਆ। ਬਿਰਹਾ ਇਸ ਦਾ ਵਿਸ਼ੇਸ਼ ਮਜ਼ਮੂਨ ਸੀ ਤੇ ਰਿਹਾ। ਉਂਜ ਭਾਰਤੀ ਜੀਵਨ-ਸਿਧਾਂਤ ਅਨੁਸਾਰ ਦੁਖਾਂ ਉਪਰੰਤ ਸੁਖ ਮਿਲਦਾ ਦੱਸਿਆ ਜਾਂਦਾ ਹੈ ਤੇ ਇਹੋ ਢਾਂਚਾ ਸਾਡੇ ਪ੍ਰਾਚੀਨ ਸੰਸਕ੍ਰਿਤ ਨਾਟਕਾਂ ਵਿਚ ਮਿਲਦਾ ਹੈ। ਦੁਖਾਂਤ ਦਰਸਾਉਣਾ ਵਿਸ਼ੇਸ਼ ਕਰਕੇ ਪੱਛਮੀ ਸਾਹਿਤ ਦਾ ਖ਼ਾਸਾ ਰਿਹਾ ਹੈ। ਭਾਰਤੀ ਸਾਹਿਤ ਸੁਖਾਂਤ ਦੁਆਰਾ ਜ਼ਿੰਦਗੀ ਨੂੰ ਦੁਖਾਂ ਤੇ ਕਾਬੂ ਪਾਉਂਦੀ ਤੇ ਖੁਸ਼ੀਆਂ ਮਾਣਦੀ ਦਰਸਾ ਕੇ ਆਸ਼ਾ-ਭਰਪੂਰ ਭਵਿਸ਼ਤ ਵਲ ਸੰਕੇਤ ਕਰਦਾ ਆਇਆ ਹੈ। ਇਹੋ ਗੱਲ ਬਾਰਾਂਮਾਂਹ ਵਿਚ ਵਰਤਦੀ ਦਿਸਦੀ ਹੈ। ਭਾਵੇਂ ਕਵੀ ਵਿਯੋਗ ਦੇ ਸੰਕਟਾਂ ਨੂੰ ਗਿਣ ਗਿਣ ੧੧ ਮਹੀਨਿਆਂ ਦਾ ਤੜਫਾਂ-ਭਰਿਆ ਚਿਤ੍ਰ ਖਿਚਦਾ ਹੈ ਪਰ ਅੰਤਲੇ ਮਹੀਨੇ ਵਿਚ ਸਾਰੇ ਗ਼ਮਾਂ ਦੇ ਬੱਦਲ ਹਟਾ ਕੇ ਖੁਸ਼ੀਆਂ ਦਾ ਚੰਦ ਚੜ੍ਹਦਾ ਵਿਖਾਇਆ ਜਾਂਦਾ ਹੈ ਤੇ ਜ਼ਿੰਦਗੀ ਸੰਜੋਗ ਦੇ ਮਿਠੇ ਅਨੰਦ ਮਾਣਦੀ ਹੈ। ਉਂਜ ਗ਼ਮ ਜਾਂ ਪੀੜ ਨੂੰ ਹਰ ਕਿਸੇ ਨੇ ਦੁਖਾਵੀਂ ਮੰਨਿਆ ਹੈ। ਪ੍ਰੇਮ ਦੀ ਪੀੜਾ ਜਾਂ ਪ੍ਰੀਤ ਵੇਦਨਾ (ਬਿਰਹਾ) ਵੀ ਭਾਵੇਂ ਦੁਖਾਵੀਂ ਹੀ ਜਾਣੀ ਗਈ ਹੋਵੇ ਪਰ ਇਹ ਕਵਿਤਾ ਲਈ ਬੜੀ ਸੁਖਾਵੀਂ ਸਿਧ ਹੋਈ ਹੈ। ਸੱਚ ਪੁਛੋ ਤਾਂ ਦੁਨੀਆਂ ਦੀ ਅੱਧੀ ਤੋਂ ਵਧ ਹੁਸੀਨ ਸ਼ਾਇਰੀ ਬਿਰਹੁੰ ਤੇ ਹਿਜਰ ਦੀ ਸ਼ਾਇਰੀ ਹੈ। ਇਸੇ ਕਰਕੇ ਬਾਬਾ ਫਰੀਦ ਵਰਗਾ ਮਹਾਨ ਕਵੀ ਬਿਰਹਾ ਦੇ ਸਿਰ ਤੇ ਸ਼ਾਹੀ ਤਾਜ ਸਜਾਉਂਦਾ ਆਖਦਾ ਹੈ:–

> 'ਬਿਰਹਾ ਬਿਰਹਾ ਆਖੀਐ, ਬਿਰਹਾ ਤੂ ਸੁਲਤਾਨ
> ਜਿਤ ਤਨ ਬਿਰਹੁ ਨ ਊਪਜੈ, ਸੋ ਤਨ ਜਾਣ ਮਸਾਨ।'

ਅੱਜ ਵੀ ਇਹ ਸਚਾਈ ਇਵੇਂ ਮੰਨੀ ਜਾਂਦੀ ਹੈ। ਉਰਦੂ ਸ਼ਾਇਰ ਸ਼ਕੀਲ ਬਦਾਯੂਨੀ ਗ਼ਮ ਦੀ ਮਹੱਤਤਾ ਦਸਦਾ ਕਹਿੰਦਾ ਹੈ:–

> ਮੇਰੀ ਜ਼ਿੰਦਗੀ ਹੈ ਜ਼ਾਲਿਮ !, ਤੇਰੇ ਗ਼ਮ ਸੇ ਆਸ਼ਕਾਰਾ
> ਤੇਰਾ ਗ਼ਮ ਹੈ ਦਰਹਕੀਕਤ, ਮੁਝੇ ਜ਼ਿੰਦਗੀ ਸੇ ਪਿਆਰਾ।

ਅੰਗਰੇਜ਼ੀ ਕਵੀ ਸ਼ੈਲੇ ਨੇ ਵੀ ਬੜੇ ਲੰਮੇ ਤਜਰਬੇ ਬਾਦ ਇਹ ਗੱਲ ਆਖੀ ਸੀ ਕਿ ਸਾਡੇ ਸਭ ਤੋਂ ਉਤਮ ਗੀਤ ਉਹੋ ਹਨ, ਜਿਨ੍ਹਾਂ ਵਿਚ ਸਭ ਤੋਂ ਵਧੇਰੇ ਗ਼ਮਾਂ ਦੀ ਉਦਾਸੀ ਨੂੰ ਚਿਤ੍ਰਿਆ ਗਿਆ ਹੈ:–

> Our sweetest songs are those
> That tell of saddest thought.

ਬਾਰਾਂਮਾਹ ਕਾਵਿ ਰੂਪ ਦੀ ਖੁਸ਼ਕਿਸਮਤੀ ਹੈ ਕਿ ਇਸਨੂੰ ਪ੍ਰੀਤ-ਵੇਦਨਾ ਜਾਂ ਬਿਰਹਾ ਜੇਹਾ ਵਿਸ਼ਾ-ਵਸਤੂ ਮਿਲਿਆ, ਇਸੇ ਆਸਰੇ ਇਹ ਰੋਮਾਂਟਿਕ ਕਵਿਤਾ ਵਿਚ ਇਕ ਵਿਸ਼ੇਸ਼ ਦਰਜਾ ਰਖਦਾ ਹੈ। ਜੇਕਰ ਇਹ ਲਾਜ਼ਮੀ ਵਿਸ਼ਾ ਨ ਹੁੰਦਾ ਤਾਂ ਸ਼ਾਇਦ ਇਸ ਕਾਵਿ ਰੂਪ ਨੂੰ ਇਤਨੀ ਲੋਕ-ਪ੍ਰਿਯਤਾ ਵੀ ਪ੍ਰਾਪਤ ਨ ਹੁੰਦੀ। ਬਹੁਤ ਘਟ ਕਾਵਿ-ਰੂਪ ਹਨ, ਜੋ ਲੋਕ-ਸਾਹਿਤ ਵਿਚ ਵੀ ਪ੍ਰਵਾਨਗੀ ਪ੍ਰਾਪਤ ਕਰ



Sri Satguru Jagjit Singh Ji eLibrary NamdhariElibrary@gmail.com

ਸਕੇ ਹਨ । ਇਹ ਗੱਲ ਤਾਂ ਆਮ ਵੇਖਣ ਵਿਚ ਆਈ ਹੈ ਕਿ ਲੋਕ-ਸਾਹਿਤ ਵਿਚ ਪ੍ਰਚਲਤ ਕਾਵਿ-ਰੂਪ ਕਵੀਆਂ ਦੀਆਂ ਰਚਨਾਵਾਂ ਦਾ ਆਸਰਾ ਬਣੇ ਹਨ ਤੇ ਉਨ੍ਹਾਂ ਸਾਹਿਤ ਵਿਚ ਆਪਣੀ ਥਾਂ ਬਣਾ ਲਈ ਹੈ ਪਰੰਤੂ ਅਜੇਹੇ ਕਾਵਿ-ਰੂਪ ਵਿਰਲੇ ਹੀ ਹਨ ਜਿਨ੍ਹਾਂ ਆਪਣੀਆਂ ਖੂਬੀਆਂ ਕਰਕੇ ਲੋਕਾਂ ਵਿਚ ਜਾਂ ਲੋਕ-ਸਾਹਿਤ ਵਿਚ ਵੀ ਚੰਗੀ ਵਡਿਆਈ ਪਾਈ ਹੋਵੇ । ਬਾਰਾਂਮਾਹ ਨੂੰ ਇਹ ਮਾਣ ਹਾਸਲ ਹੈ ਕਿ ਉਸ ਨੇ ਲੋਕ-ਸਾਹਿਤ ਤੇ ਦੂਸਰੇ ਸਾਹਿਤ ਦੋਹਾਂ ਵਿਚ ਬਰਾਬਰ ਜਸ ਖੱਟਿਆ ।

ਅਸੀਂ ਇਸ ਬਹਿਸ ਵਿਚ ਪੈਣ ਦੀ ਲੋੜ ਨਹੀਂ ਸਮਝਦੇ ਕਿ ਇਹ ਕਾਵਿਰੂਪ ਲੋਕ ਕਾਵਿ ਤੋਂ ਇਧਰ ਆਇਆ ਜਾਂ ਸਾਹਿਤਕ ਪਾਸੇ ਤੋਂ ਲੋਕ ਕਾਵਿ ਵਲ ਗਿਆ । ਇਹ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਸਾਡੇ ਸਾਹਿਤ ਦੀਆਂ ਜੜ੍ਹਾਂ ਲੋਕ-ਸਾਹਿਤ ਵਿਚ ਹਨ । ਮਹਾਨ ਕਵੀ ਲੋਕ-ਸਾਹਿਤ ਦੀਆਂ ਤਰਜ਼ਾਂ ਤੇ ਧੁਨਾਂ ਨੂੰ ਲੈ ਕੇ ਹੀ ਸਾਹਿਤ ਸਿਰਜਣਾ ਕਰਦੇ ਰਹੇ ਹਨ ਤਾਂਕਿ ਉਨ੍ਹਾਂ ਦੇ ਵੀਚਾਰਾਂ ਨੂੰ ਸਹਿਜੇ ਹੀ ਲੋਕ-ਜ਼ਿੰਦਗੀ ਵਿਚ ਥਾਂ ਮਿਲ ਸਕੇ । ਇਹ ਅਨੁਮਾਨ ਕਰਨਾ ਵੀ ਭੁਲ ਨਹੀਂ ਹੋਵੇਗੀ ਕਿ ਬਾਰਾਮਾਂਹ ਸ਼ਾਇਦ 'ਖਟ ਰਿਤੂ ਵਰਣਨ' ਦਾ ਹੀ ਇਕ ਲੋਕ-ਰੂਪ ਹੋਵੇ । ਤੇ ਇਸੇ ਲੋਕ ਕਾਵਿ ਰੂਪ ਤੋਂ ਸਾਹਿਤ ਨੇ ਮੁੜ ਉਧਾਰ ਲਿਆ ਹੋਵੇ । ਇਸ ਗੱਲ ਦੀ ਪੁਸ਼ਟੀ ਇਸ ਚੀਜ਼ ਤੋਂ ਵੀ ਹੁੰਦੀ ਹੈ ਕਿ ਉਤਰੀ ਹਿੰਦ ਦੀਆਂ (ਇਕ ਦੋ ਨੂੰ ਛੱਡ ਕੇ) ਤਮਾਮ ਪ੍ਰਾਂਤਕ ਬੋਲੀਆਂ ਦੇ ਲੋਕ-ਸਾਹਿਤ ਵਿਚ ਬਾਰਹਮਾਸਾ ਕਾਵਿ ਰੂਪ ਆਮ ਪ੍ਰਾਪਤ ਹੈ ਤੇ 'ਰੁਤ-ਵਰਣਨ' ਨਾਂ ਦੀ ਕੋਈ ਚੀਜ਼ ਨਹੀਂ ਮਿਲਦੀ । ਸਪਸ਼ਟ ਹੈ ਕਿ ਲੋਕਾਂ ਵਿਚ ਇਹ ਕਾਵਿ ਰੂਪ ਬਹੁਤ ਹਰਮਨ ਪਿਆਰਾ ਰਿਹਾ ਤੇ ਇਸ ਰਾਹੀਂ ਲੋਕੀਂ ਆਪਣੇ ਬਿਰਹਾ ਵਿਯੋਗ ਨੂੰ ਗਾਉਂਦੇ ਸਨ । ਪਰੰਤੂ ਦੱਖਣੀ ਹਿੰਦ ਦੀਆਂ ਦ੍ਰਾਵੜ ਭਾਸ਼ਾਵਾਂ ਵਿਚ ਇਹ ਕਾਵਿ ਰੂਪ ਕਿਧਰੇ ਨਹੀਂ ਮਿਲਦਾ, ਨ ਲੋਕ-ਸਾਹਿਤ ਵਿਚ ਤੇ ਨਾ ਹੀ ਦੂਜੇ ਸਾਹਿਤ ਵਿਚ । ਦ੍ਰਾਵੜ ਬੋਲੀਆਂ ਦੀ ਗੁਆਂਢਣ ਆਰਿਆਈ ਜ਼ਬਾਨ ਮਰਾਠੀ ਵਿਚ ਵੀ ਬਾਰਾਂਮਾਹ ਰਚਨਾ ਦੀ ਰੀਤ ਨਹੀਂ ਮਾਤ੍ਰ ਹੈ, 'ਰੁਤ ਵਰਣਨ' ਜ਼ਰੂਰ ਹੈ । ਪੰਜਾਬੀ, ਹਿੰਦੀ, ਰਾਜਸਥਾਨੀ, ਗੁਜਰਾਤੀ ਤੇ ਬੰਗਾਲੀ ਆਦਿ ਦੇ ਲੋਕ ਸਾਹਿਤ ਤੇ ਦੂਸਰੇ ਸਾਹਿਤ ਵਿਚ ਇਸਦੇ ਆਮ ਉਦਾਹਰਣ ਮਿਲਦੇ ਹਨ ।

ਇਨ੍ਹਾਂ ਉਤਰੀ ਹਿੰਦ ਦੀਆਂ ਬੋਲੀਆਂ ਦੀ ਜਨਮਦਾਤੀ ਮਾਂ ਅਪਭ੍ਰੰਸ਼ ਹੈ, ਤੇ ਅਪਭ੍ਰੰਸ਼ ਸਾਹਿਤ ਵਿਚ ਬਾਰਾਂਮਾਹ ਲਿਖਣ ਦੀ ਪਰਪਾਟੀ ਚਲ ਪਈ ਸੀ, ਇਸਦੇ ਕੁਝ ਪ੍ਰਮਾਣ ਵਿਦਵਾਨਾਂ ਢੂੰਡ ਲਏ ਹਨ । ਹੁਣ ਤਕ ਦੀ ਹੋਈ ਖੋਜ ਨੂੰ ਭਾਰਤੀ ਸਾਹਿਤ ਵਿਚ ਜੋ ਸਭ ਤੋਂ ਪੁਰਾਣਾ ਬਾਰਾਂਮਾਹ ਮਿਲਿਆ ਹੈ, ਉਹ ਤੇਰ੍ਹਵੀਂ ਸਦੀ ਦੀ ਅਪਭ੍ਰੰਸ਼ ਰਚਨਾ 'ਧਰਮ ਸੂਰੀ ਸਤੁਤੀ' ਹੈ ਤੇ ਅੰਤ ਵਿਚ ਇਸ ਦਾ ਨਾਂ 'ਬਾਰਹ ਨਾਵਉ' ਵੀ ਕਿਹਾ ਗਿਆ ਹੈ । ਸ੍ਰੀ ਅਗਰ ਚੰਦ ਨਾਹਟਾ ਜੀ ਨੇ 'ਜਿਣ ਧਮ ਸੂਰੀ ਕ੍ਰਿਤ ਬਾਰਹ ਨਾਵਉ' ਸਿਰਲੇਖ ਹੇਠ ਇਸਦਾ ਸਾਰਾ ਪਾਠ ਭਾਰਤੀ ਹਿੰਦੀ ਪਰਿਸ਼ਦ ਪ੍ਰਯਾਗ ਦੀ ਪੱਤ੍ਰਕਾ 'ਹਿੰਦੀ ਅਨੁਸ਼ੀਲਨ' (ਵਰਖ ੬, ਅੰਕ ੪) ਵਿਚ ਦਿਤਾ ਹੈ । ਇਸੇ ਤਰ੍ਹਾਂ ਤੇਰ੍ਹਵੀਂ



Sri Satguru Jagjit Singh Ji eLibrary NamdhariElibrary@gmail.com

ਸਦੀ ਦੇ ਅੰਤ ਵਿਚ ਲਿਖੀ ਗਈ ਵਿਨਯਚੰਦ੍ਰ ਸੂਰੀ ਰਚਿਤ 'ਨੇਮੀਨਾਥ ਚਤੁਸ਼ਪਦਿਕਾ' ਨਾਂ ਦੀ ਇਕ ਹੋਰ ਰਚਨਾ ਮਿਲਦੀ ਹੈ, ਜੋ 'ਪ੍ਰਾਚੀਨ ਗੁਰਜਰ ਕਾਵਿ ਸੰਗ੍ਰਹਿ' ਦੇ ਪੰਨਾ ੮ ਤੇ ਦਿਤੀ ਗਈ ਹੈ, ਇਹ ਵੀ ਦਰਅਸਲ ਇਕ ਬਾਰਾਂਮਾਹ ਹੀ ਹੈ, ਜੋ ਸਾਵਣ ਤੋਂ ਤੁਰਦਾ ਹੈ ਚੌਪਈ ਛੰਦ ਵਿਚ ਹੋਣ ਕਰਕੇ ਨਾਂ ਜ਼ਰੂਰ ਉਤੇ 'ਚਤੁਸ਼ਪਦਿਕਾ' ਦਿਤਾ ਗਿਆ ਹੈ। ਵੈਸੇ 'ਬਾਰਾਮਾਸ' ਨਾਮ ਮੁਢ ਵਿਚ ਹੀ ਵਰਤਿਆ ਮਿਲਦਾ ਹੈ :

ਸੋਹਰਾ ਸੁੰਦਰ ਘੜ਼ਾਲਾ ਥੰਨ, ਸੁਮਰਵਿ ਸਾਮਿਉ ਸਾਮਲ ਵੰਨੁ
ਸਖਿ ਪਤਿ ਰਾਜਲ ਚੜਿ ਉਤਰਿਯ, ਬਾਰਮਾਸ ਸੁਣਿ ਜਿਮ ਬੱਜਰਿਯ।

ਹਿੰਦੀ ਦਾ ਸਭ ਤੋਂ ਪੁਰਾਣਾ ਬਾਰਹਮਾਸਾ ਜਾਇਸੀ ਕ੍ਰਿਤ 'ਪਦਮਾਵਤ' ਵਿਚ ਮਿਲਦਾ ਹੈ ਪਰ ਸੁਤੰਤਰ ਤੌਰ ਤੇ ਸ਼ਾਇਦ ਅਕਬਰ ਦੇ ਦਰਬਾਰੀ ਕਵੀ ਗੰਗ ਭੱਟ ਨੇ ਬਾਰਹਮਾਸਾ ਲਿਖਿਆ, ਜੋ ਕਿ 'ਅਨੂਪ ਸੰਸਕ੍ਰਿਤ ਪੁਸਤਕਾਲਯ' ਵਿਚ ਪਏ ਇਕ ਕੈਥੀ ਲਿਪੀ ਵਿਚ ਲਿਖੇ ਖਰੜੇ ਵਿਚ ਦਰਜ ਹੈ। ਵੈਸੇ ਇਕ ਬਾਰਹਮਾਸਾ ਕਬੀਰ ਦੇ ਨਾਂ ਤੇ ਵੀ ਪ੍ਰਾਪਤ ਹੈ, ਮੁਹੰਮਦ ਅਫਜ਼ਲ ਪਾਨੀਪਤੀ (੧੬੨੬ ਈ: ਦੇਹਾਂਤ) ਦਾ ਬਾਰਹਮਾਸਾ ਫਾਰਸੀ ਰੰਗ ਵਾਲਾ ਹੋਣ ਕਰ ਕੇ ਉਰਦੂ ਜ਼ਬਾਨ ਦਾ ਪਹਿਲਾ ਬਾਰਹਮਾਸਾ ਕਿਹਾ ਜਾ ਸਕਦਾ ਹੈ। ਇਸ ਪਿਛੋਂ ਕੇਸ਼ਵ ਦਾਸ, ਸੁੰਦਰ ਦਾਸ, ਨੰਦ ਦਾਸ, ਸੈਨਾਪਤਿ, ਬਿਹਾਰੀ ਤੇ ਬ੍ਰਿੰਦ ਆਦਿ ਅਨੇਕਾਂ ਕਵੀਆਂ ਦੇ ਬਾਰਹਮਾਸੇ ਮਿਲਦੇ ਹਨ ਜੋ 'ਖਟ ਰਿਤੂ ਵਰਣਨ' ਦੇ ਪ੍ਰਭਾਵ ਸਦਕਾ ਵਧੇਰੇ 'ਅਸਾੜ' ਮਹੀਨੇ ਤੋਂ ਹੀ ਸ਼ੁਰੂ ਹੁੰਦੇ ਹਨ। ਰੁਤਾਂ ਵਿਚੋਂ ਪਹਿਲੋ ਗਰਮੀ ਦੀ ਰੁਤ-ਗ੍ਰੀਖਮ ਦਾ ਬਿਆਨ ਕੀਤਾ ਜਾਂਦਾ ਸੀ ਤੇ ਇਸੇ ਕਰਕੇ ਬਾਰਹਮਾਸਿਆਂ ਦਾ ਅਰੰਭ ਵੀ ਇਸੇ ਤਰ੍ਹਾਂ ਕੀਤਾ ਜਾਣ ਲੱਗਾ। ਰਾਜਸਥਾਨੀ ਵਿਚ ਵਧੇਰੇ ਬਾਰਹਮਾਸੇ ਜੈਨੀ ਕਵੀਆਂ ਦੇ ਲਿਖੇ ਮਿਲਦੇ ਹਨ, ਜਾਂ ਫਿਰ ਗ਼ੈਰ ਜੈਨੀ ਸਾਹਿਤ ਵਿਚ 'ਮਾਧਵਾਨਲ ਕਾਮਕੰਦਲਾ' ਦੇ ਕਿੱਸਿਆਂ ਵਿਚ ਵੀ ਇਹ ਕਾਵਿ-ਰੂਪ ਆਮ ਵਰਤਿਆ ਗਿਆ ਹੈ। ਹਿੰਦੀ ਤੇ ਰਾਜਸਥਾਨੀ ਵਿਚ ਜੈਨ ਕਵੀਆਂ ਦੇ ਲਿਖੇ ਸੌ ਤੋਂ ਉਪਰ ਬਾਰਹਮਾਸੇ ਸ੍ਰੀ ਅਗਰ ਚੰਦ ਨਾਹਟਾ ਬੀਕਾਨੇਰ ਵਾਲਿਆਂ ਆਪਣੀ ਲਾਇਬ੍ਰੇਰੀ ਵਿਚ ਸੰਭਾਲੇ ਹੋਏ ਹਨ, ਇਨ੍ਹਾਂ ਦਾ ਸੰਕਲਨ ਸੁਰਗਵਾਸੀ ਮੋਹਨ ਲਾਲ ਦਲੀ ਚੰਦ ਨੇ ਬੜੀ ਮੇਹਨਤ ਨਾਲ ਕੀਤਾ ਸੀ। ਇਨ੍ਹਾਂ ਵਿਚੋਂ ਤਿੰਨ ਚੌਥਾਈ ਬਾਰਹਮਾਸੇ ਤਾਂ ਜੈਨੀਆਂ ਦੇ ੨੨ਵੇਂ ਤੀਰਥੰਕਰ ਨੇਮੀਨਾਥ ਤੇ ਰਾਜੀਮਤਿ ਬਾਰੇ ਹੀ ਹਨ। ਨੇਮੀਨਾਥ ਇਕ ਤਰ੍ਹਾਂ ਜੈਨੀਆਂ ਦੇ ਕ੍ਰਿਸ਼ਨ ਭਗਵਾਨ ਹਨ, ਉਨ੍ਹਾਂ ਦੀ ਵਿਘਨ-ਪੂਰਣ ਸ਼ਾਦੀ ਪਿਛੋਂ ਉਨ੍ਹਾਂ ਦੇ ਘਰ ਵਾਲੀ ਰਾਜੀਮਤੀ ਜਾਂ ਰਾਜੁਲ਼ ਵਿਯੋਗ ਵਿਚ ਰੁਦਨ ਕਰਦੀ ਹੈ, ਇਹ ਰੁਦਨ ਹੀ ਬਾਰਾਂ-ਮਾਸਿਆਂ ਦਾ ਵਿਸ਼ੇਸ਼ ਮਜ਼ਮੂਨ ਹੈ। ਗੁਜਰਾਤੀ ਵਿਚ ਵੀ ਇਸੇ ਭਾਂਤ ਦੇ ਬਾਰਹਮਾਸੇ ਵਧੇਰੇ ਮਿਲਦੇ ਹਨ, ਇਨ੍ਹਾਂ ਵਿਚੋਂ ਕਈਆਂ ਨੂੰ 'ਬਾਰਹਮਾਸੀ' ਨਾਮ ਦਿਤਾ ਗਿਆ ਹੈ। ਵੈਸੇ ਵੀ ਗੁਜਰਾਤੀ ਲੋਕ ਵਧੇਰੇ ਵਪਾਰੀ ਹਨ ਤੇ ਵਪਾਰ ਲਈ ਪਰਦੇਸ ਤੁਰੇ ਰਹਿੰਦੇ ਹਨ, ਇਸ ਕਰਕੇ ਉਥੋਂ ਦੇ ਬਾਰਹਮਾਸੀ ਕਾਵਿ ਵਿਚ ਵਿਯੋਗਣ ਪਤਨੀਆਂ



Sri Satguru Jagjit Singh Ji eLibrary NamdhariElibrary@gmail.com

ਦਾ ਵਿਰਲਾਪ ਆਮ ਮਿਲਦਾ ਹੈ, ਜਿਸ ਤਰ੍ਹਾਂ ਕਿ ਸਾਡੇ ਪੰਜਾਬੀ ਬਾਰਾਂਮਾਹਿਆਂ ਵਿਚ। ਬੰਗਾਲੀ ਸਾਹਿਤ ਦੇ ਪ੍ਰਾਚੀਨ ਕਥਾਕਾਵਾਂ ਵਿਚ ਬਾਰਹਮਾਸ਼ੀ ਆਮ ਮਿਲਦਾ ਹੈ, ਜਿਵੇਂ ਵਿਪ੍ਰਦਾਸ ਦੇ 'ਮਾਨੁਸ ਵਿਜਯ' (੧੪੯੫ ਈ.) ਵਿਚ ਤੇ ਹੋਰ ਮੰਗਲ-ਕਾਵਾਂ ਵਿਚ। ਪਰ ਪ੍ਰੋ. ਸੁਕੁਮਾਰ ਸੇਨ ਜੀ ਦੇ ਦੱਸਣ ਅਨੁਸਾਰ ਸੁਤੰਤਰ ਰੂਪ ਵਿਚ ਰਚੇ ਬਾਰਹਮਾਸ਼ੀ ੧੮ਵੀਂ ਸਦੀ ਤੋਂ ਹੀ ਮਿਲ ਸਕੇ ਹਨ।

ਪੰਜਾਬੀ ਵਿਚ ੧੬ਵੀਂ ਸਦੀ ਦੇ ਬਾਰਾਂਮਾਹ ਮਿਲਦੇ ਹਨ, ਇਸਤੋਂ ਪਹਿਲਾਂ ਦੇ ਬਾਰਾਂਮਾਹਿਆਂ ਦੀ ਅਪ੍ਰਾਪਤੀ ਦੀ ਜ਼ਿੰਮੇਵਾਰੀ ਰਾਜਨੀਤਕ ਗੜਬੜਾਂ ਦੇ ਸਿਰ ਹੈ।

ਇਹੋ ਨਹੀਂ ਕਿ ਉਤਰੀ ਹਿੰਦ ਦੀਆਂ ਆਰਿਆਈ ਭਾਸ਼ਾਵਾਂ ਵਿਚ ਹੀ ਇਹ ਕਾਵਿ-ਰੂਪ ਆਮ ਪ੍ਰਾਪਤ ਹੈ ਬਲਕਿ ਪ੍ਰਾਚੀਨ ਅੰਗਰੇਜ਼ੀ ਸਾਹਿਤ ਵਿਚ ਵੀ ਇਸਦੀ ਵਰਤੋਂ ਮਿਲਦੀ ਹੈ, ਜਿਵੇਂ ਸਪੈਨਸਰ ਦਾ 'The Shepherd's calendar'। ਇਹ ਇਕ ਤਰ੍ਹਾਂ ਦਾ ਬਾਰਾਂਮਾਹ ਹੀ ਹੈ, ਜੋ ਅੰਗਰੇਜ਼ੀ ਮਹੀਨਿਆਂ ਦੇ ਆਧਾਰ ਤੇ ਰਚਿਆ ਗਿਆ ਹੈ।

ਲੋਕ-ਸਾਹਿਤ ਵਿਚ ਚਲੀ ਆ ਰਹੀ ਬਾਰਾਂਮਾਹਿਆਂ ਦੀ ਪਰੰਪਰਾ ਕਾਫ਼ੀ ਪੁਰਾਣੀ ਤੇ ਸਰਬਵਰਤੀ ਹੈ ਤੇ ਲਗਭਗ ਉਤਰੀ ਹਿੰਦ ਦੀ ਹਰ ਬੋਲੀ ਵਿਚ ਇਹ ਰੂਪ ਪ੍ਰਾਪਤ ਹੈ। ਅਸੀਂ ਚਾਹੁੰਦੇ ਹਾਂ ਕਿ ਤੁਲਨਾਤਮਕ ਅਧਿਐਨ ਲਈ ਵੰਨਗੀ ਵਜੋਂ ਦੋ ਤਿੰਨ ਗੁਆਂਢੀ ਬੋਲੀਆਂ ਦੇ ਬਾਰਹਮਾਸੇ ਪਾਠਕਾਂ ਦੀ ਦ੍ਰਿਸ਼ਟੀ-ਗੋਚਰ ਕਰੀਏ ਤਾਂਕਿ ਪੰਜਾਬੀ ਬਾਰਾਂਮਾਹਿਆਂ ਦੀ ਤੋਰ ਸਮਝਣ ਵਿਚ ਕੁਝ ਸਹਾਇਤਾ ਮਿਲ ਸਕੇ।

## ਹਿੰਦੁਸਤਾਨੀ (ਯੂ.ਪੀ. ਦਾ) ਬਾਰਹਮਾਸਾ

ਬੀਬੀ ਆਇਆ ਹੈ ਅਸਾਢ ਜੋ ਮਾਹ, ਅਸਾਢ ਮੇਂ ਧਾਨ ਬੁਵਾਵਤੀ
ਬੀਬੀ ਤੇਰੇ ਭੈਯਾ ਹੈਂ ਨਿਪਟ ਗੰਵਾਰ, ਭਰੀ ਹੈ ਜਵਾਨੀ ਚਲੇ ਚਾਕਰੀ।੧।
ਬੀਬੀ ਮ੍ਹਾਰੇ ਭੈਯਾ ਹੈਂ ਚਤੁਰ ਸੁਜਾਨ, ਨੌਕਰੀ ਕਰੇਂ ਰਾਜੇ ਰਾਮ ਕੀ
ਬੀਬੀ ਪਕੜੂੰਗੀ ਘੋੜੇ ਕੀ ਬਾਗ਼, ਪਹਰਾ ਨ ਸਰਕਨ ਦੂੰਗੀ
ਗੋਰੀ ਛੋੜੋ ਹੋ ਘੋੜੇ ਕੀ ਬਾਗ਼, ਸੰਗ ਕੇ ਸਿਪਾਹੀ ਮ੍ਹਾਰੇ ਦੂਰ ਗਏ
ਤੇਰੇ ਸੰਗ ਕੋ ਡਸੇ ਕਾਲਾ ਨਾਗ, ਤੁਮ ਕੋ ਤੋ ਮਾਰੇਗੀ ਬੀਜਲੀ
ਬੀਬੀ ਆਇਆ ਹੈ ਸਾਵਨ ਮਾਸ, ਸਾਵਨ ਮੇਂ ਹਿੰਡੋਲੇ ਗੜਾਵਤੀ,
ਬੀਬੀ ਤੇਰੇ ਭਯਾ......।੨।

ਬੀਬੀ ਆਇਆ ਹੈ ਭਾਦੋਂ ਮਾਸ, ਭਾਦੋਂ ਮੇਂ ਗਰਜੇ ਹੈ ਬਾਦਲਾ।੩। ਬੀਬੀ ਤੇਰੇ...
ਬੀਬੀ ਆਇਆ ਅਸੂਜ ਜੋ ਮਾਸ, ਅਸੌਜ ਮੇਂ ਬ੍ਰਾਹਮਣ ਜਿਮਾਵਤੀ।੪। ਬੀਬੀ ਤੇਰੇ...
ਬੀਬੀ ਆਇਆ ਹੈ ਕਾਤਕ ਜੋ ਮਾਸ, ਕਾਤਕ ਮੇਂ ਗੰਗਾ ਨ੍ਹਾਵਤੀ।੫। ਬੀਬੀ ਤੇਰੇ...
ਬੀਬੀ ਆਇਆ ਹੈ ਅਗਹਨ ਜੋ ਮਾਸ, ਅਗਹਨ ਮੇਂ ਗਹਨਾ ਘੜਾਵਤੀ।੬।ਬੀਬੀ...
ਬੀਬੀ ਆਇਆ ਹੈ ਪੂਸ਼ ਜੋ ਮਾਸ, ਚੰਦਨ ਅੰਗੀਠੀ ਜਲਾਵਤੀ।੭। ਬੀਬੀ ਤੇਰੇ...



Sri Satguru Jagjit Singh Ji eLibrary NamdhariElibrary@gmail.com

ਬੀਬੀ ਆਇਆ ਹੈ ਮਾਹ ਜੋ ਮਾਸ, ਮਾਹ ਮੇਂ ਕਪੜੇ ਬਨਾਵਤੀ ।੮। ਬੀਬੀ ਤੇਰੇ...
ਬੀਬੀ ਆਇਆ ਹੈ ਫਾਗਨ ਜੋ ਮਾਸ, ਫਾਗਨ ਮੇਂ ਫਗਵਾ ਖਿਲਾਵਤੀ ।੯। ਬੀਬੀ...
ਬੀਬੀ ਆਇਆ ਹੈ ਚੈਤ ਜੋ ਮਾਸ,ਚੈਤ ਮੇਂ ਦੇਵੀ ਕੋ ਧਿਆਵਤੀ ।੧੦। ਬੀਬੀ ਤੇਰੇ...
ਬੀਬੀ ਆਇਆ ਹੈ ਬੈਸਾਖ ਜੋ ਮਾਸ,ਬੈਸਾਖ ਮੇਂ ਖੇਤੀ ਕਟਾਵਤੀ ।੧੧। ਬੀਬੀ ਤੇਰੇ...
ਬੀਬੀ ਆਇਆ ਹੈ ਜੇਠ ਜੋ ਮਾਸ, ਜੇਠ ਮੇਂ ਪੰਖਾ ਢੁਲਾਵਤੀ ।੧੨। ਬੀਬੀ ਤੇਰੇ...
ਬੀਬੀ ਤੇਰੇ ਭੈਯਾ ਹੈਂ ਨਿਪਟ ਗੰਵਾਰ, ਭਰੀ ਹੈ ਜਵਾਨੀ ਚਲੇ ਚਾਕਰੀ......।

## ਰਾਜਸਥਾਨੀ ਬਾਰਹਮਾਸਾ (ਲੋਕ-ਗੀਤ)

'ਸਾੜ੍ਹ ਮਹੀਨੇ ਬਿਰਖਾ ਲਾਗੀ, ਬਾਜਰੀਆਂ ਰੀ ਵਾਹ
ਮਾਊ ਜੀ ਮ੍ਹਾਰੇ ਭਾਤੇ ਲਾਵੈ, ਵਾਹ ਰੇ ਸਾਈਂ ਵਾਹ ।
ਸਾਵਣ ਮਹੀਨੇ ਬਾਜਰ ਲਾਗੀ, ਨੀਨਾਣਾਂ ਰੀ ਨਾਹ
ਕਾਚਰੀਆਂ ਰੀ ਬੇਲਾਂ ਟਾਲਾਂ, ਵਾਹ ਰੇ ਸਾਈਂ ਵਾਹ ।
ਭਾਦੋਂ ਮਹੀਨੇ ਭੂੰਗਾ ਹੋਸੀ, ਤੀਵਣੀਆਂ ਰੀ ਤਾਹ
ਬਾਜਰੀਆਂ ਰੀ ਰੋਟੀ ਖਾਵਾਂ, ਵਾਹ ਰੇ ਸਾਈਂ ਵਾਹ ।
ਆਸੋਜਾਂ ਮੇਂ ਆਸਾ ਲਾਗੀ, ਹੱਕਾਲਾਂ ਰੀ ਹਾਹ
ਰਾਤੀ ਬਾਸੇ ਰੋਹੀ ਰਹਸਿਆਂ, ਵਾਹ ਰੇ ਸਾਈਂ ਵਾਹ ।
ਕਾਤੀਂ ਮਹੀਨੇ ਕਰੜਾ ਸਿੱਟਾ, ਭਾਵੈ ਇਤਾ ਖਾਹ
ਕਾਤੀ ਮਹੀਨੇ ਸਿਟਾ ਕੀਨਾ, ਵਾਹ ਰੇ ਸਾਈਂ ਵਾਹ ।
ਮਿਗਸਰ ਮਹੀਨੇ ਮੋਕਾ ਮਹਤਾ, ਲੇਖੋ ਲੇਸੀ ਸਾਹ
ਲੇਯਰ ਦੇਯਰ ਦੂਰਾਂ ਹੋਸਿਆਂ, ਵਾਹ ਰੇ ਸਾਈਂ ਵਾਹ ।
ਪੋਹ ਮਹੀਨੇ ਪਾਲੋ ਪੜਸੀ, ਖਾਲੜੀ ਰੋ ਖੋਹ
ਖਾਲੜੀ ਰੋ ਪੋਹ ਕੀਨੋ, ਵਾਹ ਰੇ ਸਾਂਈਂ ਵਾਹ ।
ਮਾਹ ਮਹੀਨੇ ਪਾਲੋ ਪੜਸੀ, ਪਾਣੀ ਪਥਰ ਖਾਹ
ਪਾਣੀ ਰੋ ਤੇ ਪਥਰ ਕੀਨੋ, ਵਾਹ ਰੇ ਸਾਈਂ ਵਾਹ ।
ਫਾਗਣ ਮਹੀਨੇ ਫਾਗ ਖੇਲੈ, ਗੋਪੀਆਂ ਰੋ ਨਾਹ
ਸ਼ਾਹੂੜੇ ਰੋ ਮਦ ਪੀਓ, ਵਾਹ ਰੇ ਸਾਈਂ ਵਾਹ ।
ਚੈਤ ਮਹੀਨੇ ਚੰਪਾ ਮੋਰੀ, ਚੰਚਲ ਮੋਰਿਆ ਸਾਹ
ਬਿਨ ਬੂਠਾਂ ਹੀ ਹਰਿਆ ਹੋਸੀ, ਵਾਹ ਰੇ ਸਾਈਂ ਵਾਹ
ਬੈਸਾਖਾਂ ਮੇਂ ਧੂਪ ਪੜਸੀ, ਤਾਵੜੀਏ ਰੀ ਤਾਹ
ਪੜਛਾਇਆਂ ਮੇਂ ਪੜਿਆ ਰਹਸਿਆ, ਵਾਹ ਰੇ ਸਾਈਂ ਵਾਹ ।
ਜੇਠ ਮਹੀਨੇ ਧੂਪ ਪੜਸੀ, ਤਾਵੜੀਏ ਰੀ ਤਾਹ
ਖੇਜੜ ਚਢ' ਰ ਖੋਖਾ ਖਾਸਿਆਂ, ਵਾਹ ਰੇ ਸਾਈਂ ਵਾਹ ।



Sri Satguru Jagjit Singh Ji eLibrary NamdhariElibrary@gmail.com

## ਗੁਜਰਾਤੀ ਬਾਰਹਮਾਸਾ—

ਸ੍ਰੀ ਰੁਧਿ ਵਿਜਯ ਕ੍ਰਿਤ ਸ੍ਰੀ ਨੇਮ ਰਾਜੁਲ ਨਾ ਬਾਰਾਮਾਸਾ

ਆਸ਼ਾਢੇ ਅੰਬਰ ਮੇਹ, ਗੜਗੜੀ ਗਾਜੇ ਰੇ, ਬਨ ਮਾਂ ਟਹੁਕੇ ਮੋਰ, ਹੈਯੜੇ ਬਾਜੇ ਰੇ
ਬਾਪੈੜੋ ਬੋਲੇ ਜ਼ੋਰ ਪੀਉ ਪੀਉ ਬਾਣੀ ਰੇ, ਸਖੀ ਮਾਹਾ ਰੇ ਮਨਮਥ ਬਾਣ,
ਹੈਯੜੇ ਤਾਣੀ ਰੇ ।੧।
ਬੀਜਲੀ ਨੇ ਚਮਕਾਰ, ਚਮਕੇ ਬਾਲਾ ਰੇ, ਊਠੀ ਅੰਤਰ ਮਾਹੇ, ਬਿਰਹਨੀ ਜਵਾਲਾ ਰੇ
ਇਵੇਂ ਅਵਸਰ ਆਧਾਰ ਅੰਗਸ਼ ਮਲੀਯੇਂ ਰੇ, ਰਾਜੁਲ ਨਾ ਨੇਮ ਜੀ ਨਾਥ,
ਹੇਤੇਂ ਭਲੀਯੇਂ ਰੇ ।੨।
ਸਖੀ ! ਸੁੰਦਰ ਸ੍ਰਾਵਣ ਮਾਸ, ਸਰਵੜੇ ਬਰਸੇ ਰੇ, ਜੋਵਾ ਪੀਉ ਮੁਖ ਚੰਦ ਹੈਯੜੂ ਤਰਸੇ ਰੇ
ਏਤੋ ਪਾਵਸ ਬੈਠਾ ਬਗ ਬਾਂਧੀ ਮਾਲਾ ਰੇ, ਪੀਊੜੋ ਫਰੇ ਪਰਦੇਸ ਛਾਂਡੀ ਬਾਲਾ ਰੇ ।੧।
ਏਤੋ ਪਰਨੀ ਬੇਦਨ ਕੋਇ, ਹੈਯੜੇ ਨਾਣੇ ਰੇ, ਬੀਤੇ ਜੇਹਨੇ ਵਾਤ ਤੇਹਿਜ ਜਾਣੇ ਰੇ
ਤੇ ਵਿਰਲਾ ਸੰਸਾਰ ਪਰ ਦੁਖ ਭਾਂਜੇ ਰੇ, ਰਾਜੁਲ ਨਾ ਪ੍ਰਾਣ ਅਧਾਰ ਗਿਰਿਵਰ ਰਾਜੇ ਰੇ।੨
ਏਤੋ ਭਾਦ੍ਰਵੜੇ ਭਰਪੂਰ, ਨਦੀਓ ਚਾਲੀ ਰੇ, ਵੇਲੜੀ ਵਸਤੇ ਬਾਨ ਬਨ ਰੂਹ ਡਾਲੀ ਰੇ
ਏਤੋ ਦਾਦਰ ਕਰੇ ਅਤਿ ਸ਼ੋਰ ਘੋਰ ਅੰਧਾਰੇ ਰੇ, ਏਣੇ ਅਵਸਰ ਵਿਣ ਨਾਹ
ਕੌਣ ਸੰਭਾਰੇ ਰੇ ।੧।
ਨ ਘਟੇ ਨੇਮ ਕੁਮਾਰ ਏਹਵੁੰ ਤੁਜਨੇ ਰੇ, ਬਿਰਹ ਵਿਛੋਹਿਆਂ ਦੀਘ ਨਾਥ ਜੀ ਮੁਜਨੇ ਰੇ
ਤੁਮ ਵਿਣ ਜੇ ਘੜੀ ਏਕ, ਪ੍ਰਭੁ ਜੀ ਜਾਏ ਰੇ, ਰਾਜੁਲਨਾ ਜੀਵਨ ਤੇਹ ਭਵ ਸਮ ਥਾਏ ਰੇ।੨
ਆਸੋ ਮਾਸੇ ਸਾਰ ਸਰਵਨੇ ਸਾਮੀਰੇ, ਦੇਖੋ ਕਿਮ ਰਹੇਵਾਯ ਅੰਤਰਜਾਮੀ ਰੇ
ਸੀਤਲਪਣ ਮੁਜ ਦੇਹ, ਤੁਜ ਵਿਣ ਤਾਪੇਰੇ, ਨਿਰਬਲਨੇ ਸਹੁ ਕੋਈ ਗੁਨਹੀ ਥਾਪੇ ਰੇ ।੧।
ਜਿਮ ਜਿਮ ਦੇਖੁੰ ਚੰਦ, ਸੀਤਲ ਛਾਯਾ ਰੇ, ਬਾਧੇ ਬ੍ਰਿਹਨੁ ਜ਼ੋਰ ਕੰਧੇ ਕਾਇਆ ਰੇ
ਏਤੋ ਕੋਮਲ ਕੰਚਨ ਵਾਨ ਕਾਇਆ ਸੂਕੀ ਰੇ, ਰਾਜੁਲ ਕਹੇ ਵਿਣ ਵਾਂਕ ਸ਼ੁੰ ਮੁਜ ਮੂਕੀ ਰੇ
ਸਖੀ ! ਕਾਰਤਿਕੇਂ ਕਾਮਨੀ ਕੰਤ, ਸੇਵ ਸੁਹਾਲੀ ਰੇ, ਖੇਲੇ ਖਾਏ ਖੰਤ ਬੇਠਾ ਜਾਲੀ ਰੇ
ਅੰਜਨ ਮੰਜਨ ਵੇਸ ਬਾਲਾ ਬਨਾਵੇ ਰੇ, ਗਾਤੀ ਗੀਤ ਸੁ ਕੰਠ ਪੀਊ ਸੰਗ ਜਾਵੇ ਰੇ।੧।
ਸੁੰਦਰ ਸਘਲੇ ਧਾਨ ਖੇਤਰ ਪਾਕਿਆਂ ਰੇ, ਪਣ ਪੀਊ ਨਾਵ ਯੋ ਘੇਰ, ਕਹੀਨੇ ਥਾਕਿਆਂ ਰੇ
ਨਿ ਸਨੇਹੀ ਸ਼ੁੰ ਜ਼ੋਰ ਕੇਹਨੂੰ ਨ ਚਾਲੇ ਰੇ, ਰਾਜੁਲ ਨੇ ਨਣਦੀ ਵੀਰ ਹੈਯੜੇ ਸ਼ਾਲੇ ਰੇ ।੨।
ਸਖੀ ! ਮਾਗਸਿਰੇਂ ਮੂਕੀ ਮਨ ਮਾਨਨੀ ਮਨ ਸ਼ੁੰ ਰੇ, ਆਲਿੰਗੇ ਆਧਾਰ ਪੀਯੁ ਤਨ
ਤਮਸ਼ੁੰ ਰੇ ।੧।
ਏਤੋ ਸੇਂਜ ਤਲਾਈ ਸਾਜ ਸੀਤ ਬਿਨਾਸ਼ੀ ਰੇ, ਵਿਆਪੀ ਵਿ ਜੋਗਨੀ ਜਾਲ–
ਹੈਯੜੇ ਮਾੜੀ ਰੇ; ਛਣ ਛਣ ਪੀਊ ਸੰਭਾਰੀ, ਫਾਟੇ ਛਾਤੀ ਰੇ
ਏਤੋ ਟਾਢ ਤਣੇ ਝਣਕਾਰ, ਕੰਪੇ ਕਾਇਆ ਰੇ, ਰਾਜੁਲ ਨਾ ਮਾਨੀਤਾ ਨਾਹ,
ਘੇਰੇਂ ਨਾਵਿਆ ਰੇ ।੨।



Sri Satguru Jagjit Singh Ji eLibrary NamdhariElibrary@gmail.com

ਸਖੀ ! ਪੋਸ਼ੇ ਪਦਮਨੀ ਪਿੰਡ, ਪਤਿਨੋ ਪੋਸ਼ੇ ਰੇ, ਬਿਰਹਨੀ ਬਿਲਖੀ ਨਾਰ ਬ੍ਰਿਹੇ ਸ਼ੋਸ਼ੇ ਰੇ
ਤੇਲ ਤੰਬੋਲਨੇ ਤਾਪ ਤਰੁਣੀ ਤਾਤੀ ਰੇ, ਲੇਈ ਨਿਜ ਪੀਊਂ ਸੰਗ ਸਮੀਪੇਂ ਜਾਤੀ ਰੇ ।੧।
ਅਮੇਂ ਏਕਲੜਾਂ ਨਿਰਧਾਰ, ਸੇਜੇਂ ਸੂਤਾਂ ਰੇ, ਭੀਨਾਂ ਚੂਨੜੀ ਚੀਰ ਆਂਸੁੜਾਂ ਲੂਤਾਂ ਰੇ
ਤੋਹੇ ਪਣ ਭਰਤਾਰ ਨ ਆਣੇ ਮਾਇਆ ਰੇ, ਰਾਜੁਲ ਨਾ ਨਣਦੀ ਵੀਰ
ਗੁਮਾਨੀ ਰਾਯਾ ਰੇ ।੨।

ਸਖੀ ਮਾਘ ਤੋ ਬਾਘ ਸਮਾਂਨ ਮਾਸ ਮੇਂ ਦੀਠੋ ਰੇ, ਆਵੇ ਜੁ ਪੀਊ ਘੇਰ ਤੋ ਮੁਜ ਮੀਠੋ ਰੇ
ਏਤੋ ਸਰਵਰ ਨਦੀ ਮੇਂ ਨੀਰ ਟਾਢੇਂ ਠਰਿਆਂ ਰੇ, ਦਵ ਜਿਮ ਦੀਧਾਂ ਬੰਨ
ਸ਼ੀਤੇਂ ਭਰੀਆਂ ਰੇ ।੧।
ਹੂੰ ਏਕਲੜੀ ਨਿਰਧਾਰ ਟਾਢੇਂ ਕੰਪੂੰਰੇ, ਪੀਊਂ ਪੀਊ ਮੁਖ ਥੀਂ ਬਾਣ, ਅਹੋਨਿਸ ਜੰਪੂੰਰੇ
ਸੂਤਾਂ ਕਿਮਹੀ ਨ ਜਾਇ ਵੇਰਣ ਰਾਤੜੀ ਰੇ, ਰਾਜੁਲ ਕਹੇ ਮਹਾਂ ਰਾਇ
ਸੁਣੋ ਮੁਜ ਵਾਤੜੀ ਰੇ ।੨।

ਫਾਗੁਣ ਮਾਸੇਂ ਫਾਗੁ, ਪੀਊ ਸੰਘੇ ਗੋਰੀ ਰੇ, ਊਡੇ ਅਬਿਰ ਗੁਲਾਲ ਖੇਲੇ ਹੋਰੀ ਰੇ
ਏਤੋ ਕੇਸ਼ਰ ਨੀ ਪਿਚਕਾਰੀ ਭਰੀਨੇ ਛਾਂਟੇ ਰੇ, ਤਿਮ ਤਿਮ ਬਿਰਹਣੀ ਦੇਹ
ਸੂਕੇ ਉਚਾਟੇਂ ਰੇ ।੧।

ਵਾਹਾਲਾ ਵਿਣ ਕੌਣ ਸਾਥ ਹੋਲੀ ਰਮੀਏਂ ਰੇ
ਸਖੀ ਗਹਿਲਾ ਜਿਮ ਗੇਹ ਸੇਰੀਯੇ ਭਮੀਯੇਂ ਰੇ
ਅਬਲਾ ਬਾਲਾ ਨਾਰੀ ਸੁਣੋਨੇ ਬੇਹੇਨੀ ਰੇ
ਏਤੋ ਜਾਣੈ ਹੈਯੜਾਂ ਮਾਹੇ ਵਿਆਪੀ ਬਿਰਹਨੀ ਰੇ ।੨।
ਹਾਂ ਰੇ ਸਖੀ ਚੈਤ੍ਰੇਂ ਚਤੁਰਾ ਨਾਰ, ਚੰਪਕ ਵਰਣੀ ਰੇ
ਪੀਊੜੋ ਗਯੋ ਪਰਦੇਸ, ਮੁਕੀ ਘਰਣੀ ਰੇ
ਆ ਸੇਜ ਤਲਾਈ ਸਾਰ, ਕਹੋ ਸ਼ੁੰ ਕਰੀਯੇਂ ਰੇ
ਪੀਊ ਵਿਣ ਸੂਨੋ ਆਵਾਸ ਦੇਖੀ ਡਰੀਯੇਂ ਰੇ ।੧।
ਏਤੋ ਮਾਲਤੀ ਮਧੁਕਰ ਸੰਗ, ਸੁੰਦਰ ਫੁਲੀ ਰੇ, ਏਤੋ ਸਾਮੀ ਬੇਠੀ ਬਾਲ ਬੋਲੇ ਅਮੂਲੀ ਰੇ
ਬਿਰਹ ਵਜਥਾ ਅਤਿ ਜ਼ੋਰ ਮੁਜਨੇ ਜਾਗੇ ਰੇ, ਰਾਜੁਲ ਨਾ ਰਸੀਆ
ਸਾਮ ਆਵੇ ਭਾਂਗੇ ਰੇ ।੨।

ਸਖੀ ! ਵੈਸਾਖੇ ਬਨਰਾਜੀ ਵਿਧਿਸ਼ੁ ਮੋਰੀ ਰੇ, ਪਾਕੀ ਆਂਬਾ ਡਾਲ ਦ੍ਰਾਖ ਬੀਜੋਰੀ ਰੇ
ਏਤੋ ਖਟਪਟ ਖਾਂਤ ਸ਼ੁੰ ਭੋਗ ਬੇਠਾ ਲੇਵੇ ਰੇ, ਨਾਰੀ ਪੀਊਨੇ ਸੰਗ ਬਨ ਰਤਿ ਸੇਵੇ ਰੇ।੧।
ਹੁੰਤੋ ਬੇਠੀ ਗੋਖੇ ਵਾਟ ਪੀਊਨੇ ਨਿਰਖੂੰ ਰੇ, ਏਤੋ ਦੂਰਥੀ ਪੰਥੀ ਦੇਖੀ ਮਨਮਾਂ ਹਰਖੂੰ ਰੇ
ਬਾਹਾਲੀ ਵਿਣ ਮੁਜ ਕੋਈ ਦੀਠੋ ਨ ਗਮੇ ਰੇ, ਰਾਜੁਲ ਨੋ ਜੀਵਨ ਪ੍ਰਾਣ ਨਾਵੇ
ਬਗਮੇਂ ਰੇ ।੨।

ਹਾਂ ਰੇ ਸਖੀ ਜਾਣਯੁੰ ਜਿਮ ਸ਼ੁੰ ਜੇਠ ਜੋਰੇ ਜਗ ਮੇਂ ਰੇ
ਤਾਪੇ ਤਰੁਣੀ ਤੇਜ, ਬੈਠੋ ਸੁਵਰਗ ਮੇਂ ਰੇ



Sri Satguru Jagjit Singh Ji eLibrary NamdhariElibrary@gmail.com

ਸੂਕਾਂ ਨੀਰ ਤਲਾਵ, ਕੂਆ ਬਾਵੜੀ ਰੇ, ਸੀਤਲ ਕਿਮ ਹੋਇ ਦੇਹ, ਪੀਉ ਵਿਣ
ਮਾਵੜੀ ਰੇ ।੧।
ਅਵਲਾ ਵਾਲਾ ਨਾਰ ਸੁਣੋ ਨੇ ਬੇਹੇਨੀ ਰੇ, ਏਤੋ ਜਾਲਾ ਹੈਯੜਾ ਮਾਂਹੇ ਵਿਆਪਿ ਬ੍ਰਿਹਨੀ ਰੇ
ਏਮ ਕਹੇਤੀ ਤੇਣੀ ਬਾਰ ਰਾਜੁਲ ਰਾਣੀ ਰੇ, ਪੋਹੋਤੀ ਗਢ ਗਿਰਨਾਰ
ਪੀਉ ਤਿਹਾਂ ਜਾਣੀ ਰੇ ।੨।
ਭੇਟੀ ਨੇਮ ਜਿਣੰਦ, ਸੰਯਮੁ ਲੀਧੂੰ ਰੇ, ਭਾਂਗਯੁ ਬਿਰਹਨੂੰ ਜ਼ੋਰ ਕਾਰਜ ਸੀਧੂੰ ਰੇ
ਨੇਮੇ ਪਣ ਨਿਜ ਨਾਰੀ ਜਾਣੀ ਪਹੇਲਾਂ ਰੇ, ਕੇਵਲ ਆਪੀ ਮੋਖਸ਼ ਮੋਕਲਿਆਂ
ਵੇਹੇਲਾਂ ਰੇ ।੧।
ਈਣੇਪਰੇ ਸੱਜਨ ਪ੍ਰੀਤਿ ਜੇ ਕੋਈ ਰਾਖੇ ਰੇ, ਅਦਭੁਤ ਆਨੰਦ ਕੰਦ ਅੰਮ੍ਰਿਤ ਚਾਖੇ ਰੇ
ਪੰਡਿਤ ਸ੍ਰੀ ਰੂਪ ਹੰਸ ਮੁਜ ਗੁਰੁਰਾਇਆ ਰੇ, ਰਾਜੁਲ ਨਾ ਬਾਰੇਮਾਸ ਰਿਧੇਂ
ਗਾਇਆ ਰੇ ।੨।

## ਪੰਜਾਬੀ ਸਾਹਿਤ ਵਿਚ ਬਾਰਾਂਮਾਹ

ਪੰਜਾਬ ਵਿਚ ਬਾਰਾਂਮਾਹ ਦੀ ਕਾਵਿ ਪਰੰਪਰਾ ਇਕ ਹਜ਼ਾਰ ਵਰ੍ਹਾ ਪੁਰਾਣੀ ਹੈ। ਸਾਰੇ ਪ੍ਰਾਚੀਨ ਸਾਹਿਤ ਦੀ ਪ੍ਰਾਪਤੀ ਨ ਹੋਣ ਕਾਰਨ ਸਾਡੇ ਲਈ ਇਹ ਦੱਸਣਾ ਤਾਂ ਮੁਸ਼ਕਲ ਹੋ ਰਿਹਾ ਹੈ ਕਿ ਕਿਸ ਸਟੇਜ ਤੇ ਆ ਕੇ ਕਦੋਂ 'ਖਟ ਰਿਤੂ ਵਰਣਨ' ਨੇ 'ਬਾਰਾਂਮਾਹ' ਦਾ ਰੂਪ ਧਾਰਿਆ। ਇਹ ਤਾਂ ਠੀਕ ਹੈ ਕਿ ਜਿਥੇ ਕਵੀ ਪਹਿਲੇ ਛੇ ਰੁਤਾਂ ਦੇ ਆਸਰੇ ਦੋ ਦੋ ਮਹੀਨਿਆਂ ਦੇ ਚਿਤ੍ਰ ਇਕੱਠੇ ਕਲਮਬੰਦ ਕਰਦੇ ਜਾਂਦੇ ਸਨ, ਉਥੇ ਰੁਤਾਂ ਦੀ ਥਾਂ ਮਹੀਨਿਆਂ ਨੇ ਲੈ ਲਈ ਤੇ ਇਉਂ ਬਾਰਾਂਮਾਹ ਦੀ ਪਿਰਤ ਪੈ ਗਈ। ਲੋਕ-ਸਾਹਿਤ ਦੇ ਅਧਿਐਨ ਤੋਂ ਵੀ ਇਕ ਗੱਲ ਸਪਸ਼ਟ ਹੁੰਦੀ ਹੈ ਕਿ ਲੋਕ-ਸਾਹਿਤ ਵਿਚ 'ਖਟ ਰਿਤੂ ਵਰਣਨ' ਹੈ ਨਹੀਂ, ਬਾਰਾਂਮਾਹੇ ਮਿਲਦੇ ਹਨ। ਅਸਲ ਵਿਚ ਰੁਤ-ਗਿਆਨ ਵਿਦਵਾਨ ਲੋਕਾਂ ਤਕ ਸੀਮਤ ਰਿਹਾ ਹੈ ਤੇ ਆਮ ਲੋਕ ਰੁਤਾਂ ਦੇ ਹਿਸਾਬ ਕਿਤਾਬ ਵਿਚ ਘੱਟ ਪੈਂਦੇ ਰਹੇ ਹਨ। ਹੁਣ ਵੀ ਲੋਕੀ ਮੋਟੇ ਤੌਰ ਤੇ ਛੇ ਰੁਤਾਂ ਗਿਣਨ ਦੀ ਥਾਂ ਆਪਣੇ ਹਿਸਾਬ ਮੁਤਾਬਿਕ ਗਰਮੀ, ਸਰਦੀ, ਬਰਸਾਤ, ਬਸੰਤ ਆਦਿ ਚਾਰ ਕੁ ਰੁਤਾਂ ਵਿਚ ਹੀ ਸਭ ਕੁਝ ਗਿਣ-ਗਿਣਾ ਲੈਂਦੇ ਹਨ। ਹਾਂ, ੧੨ ਮਹੀਨਿਆਂ ਦੀ ਵਰਤੋਂ ਇਕ ਆਮ ਗੱਲ ਹੈ, ਹਰ ਮਹੀਨਾ ਚੜ੍ਹਣ ਦਾ ਪਿੰਡ ਦੇ ਲੋਕਾਂ ਨੂੰ ਗਿਆਨ ਹੁੰਦਾ ਹੈ। ਇਸ ਲਈ ਇਹ ਅਨੁਮਾਨ ਕਰਨਾ ਕੋਈ ਅਣਹੋਣੀ ਗੱਲ ਨਹੀਂ ਕਿ ਬਾਰਾਂਮਾਹ ਕਾਵਿ ਦਾ ਮੁਢ ਲੋਕ ਸਾਹਿਤ ਵਿਚੋਂ ਹੀ ਬੱਝਾ ਹੋਵੇ, ਪਰ ਇਹ ਗੱਲ ਬਹੁਤੇ ਦਾਅਵੇ ਨਾਲ ਕਹੀ ਜਾ ਸਕਣ ਵਾਲੀ ਨਹੀਂ ਕਿਉਂਕਿ ਇਤਨਾ ਪੁਰਾਤਨ ਲੋਕ-ਸਾਹਿਤ ਪ੍ਰਾਪਤ ਨਹੀਂ, ਜਿਸਨੂੰ ਪ੍ਰਮਾਣ ਵਜੋਂ ਵਰਤ ਕੇ ਗੱਲ ਪੂਰੀ ਤਰ੍ਹਾਂ ਨਿਤਾਰੀ ਜਾ ਸਕੇ। ਦੂਜੇ ਪਾਸੇ ਭਾਰਤੀ ਸਾਹਿਤ ਵਿਚ ਛੇ-ਰੁਤਾ ਵਰਣਨ ਦੇ ਕਈ ਨਮੂਨੇ ਮਿਲਦੇ ਹਨ, ਜਿਸਤੋਂ ਅਸੀਂ ਬਾਰਾਂਮਾਹ ਦੀ ਅੰਗਲੀ-ਸੰਗਲੀ ਸੋਖਿਆਂ



Sri Satguru Jagjit Singh Ji eLibrary NamdhariElibrary@gmail.com

ਹੀ ਉਸ ਨਾਲ ਜੋੜ ਸਕਦੇ ਹਾਂ। ਇਹ ਵੀ ਕਹਿ ਸਕਦੇ ਹਾਂ ਕਿ ਜਦੋਂ ਸਾਹਿਤਕ-'ਛੇ ਰੁਤਾ ਵਰਣਨ' ਨੇ ਲੋਕ-ਰੂਪ ਧਾਰਿਆ, ਉਦੋਂ ਉਹ 'ਬਾਰਾਂਮਾਹ' ਬਣ ਕੇ ਅਵੰਤਰਿਆ।

ਇਹ ਬਾਰਾਂਮਾਹ ਦੇ ਅਵਤਾਰ ਧਾਰਨ ਦਾ ਸਮਾਂ ਮੁਸਲਮਾਨਾਂ ਦੇ ਆਉਣ ਤੋਂ ਬਾਦ ਦਾ ਹੀ ਮੰਨਿਆ ਜਾ ਸਕਦਾ ਹੈ ਕਿਉਂਕਿ ਮੁਸਲਮ ਆਮਦ ਨਾਲ ਇਕ ਵਾਰ ਪੁਰਾਣੀਆਂ ਪਰੰਪਰਾਵਾ ਤੇ ਰੀਤਾਂ ਨੂੰ ਧੱਕਾ ਲਗਦਾ ਹੈ, ਭਾਵੇਂ ਉਹ ਧਾਰਮਕ ਜਾਂ ਸਾਂਸਕ੍ਰਿਤਕ ਸਨ ਤੇ ਭਾਵੇਂ ਸਾਹਿਤਕ। ਦੂਸਰੀ ਗੱਲ ਇਹ ਵੀ ਕਿ ਇਸਲਾਮੀ ਦ੍ਰਿਸ਼ਟੀਕੋਣ, ਸਾਡੇ ਬ੍ਰਾਹਮਣੀ ਸਿਧਾਂਤਾਂ ਨਾਲੋਂ ਲੋਕ-ਜੀਵਨ ਵਲ ਕੁਝ ਵਧੇਰੇ ਦਿਲਚਸਪੀ ਰੱਖਦਾ ਸੀ, ਇਸ ਗੱਲ ਦਾ ਸਾਹਿਤਕ ਖੇਤਰ ਵਿਚ ਵੀ ਅਸਰ ਹੋਣਾ ਜ਼ਰੂਰੀ ਸੀ ਤੇ ਇਹ ਕੋਈ ਵੱਡੀ ਗੱਲ ਨਹੀਂ ਕਿ ਲੋਕ-ਰੁਚੀਆਂ ਨੂੰ ਮੁਖ ਰਖ ਕੇ ਇਸ ਸਮੇਂ ਹੀ ਬਾਰਾਂਮਾਹ ਕਾਵਿ ਰੂਪ ਦੀ ਬੁਨਿਆਦ ਰੱਖੀ ਗਈ ਹੋਵੇ।

ਪੰਜਾਬ ਵਿਚ ਜੋ ਸਭ ਤੋਂ ਪੁਰਾਣਾ ਬਾਰਾਂਮਾਹ ਲਿਖਿਆ ਮਿਲਦਾ ਹੈ, ਉਹ ਫਾਰਸੀ ਵਿਚ ਮਾਸਊਦ ਕਵੀ ਦਾ ਰਚਿਆ ਹੋਇਆ ਹੈ। ਮਾਸਊਦ ਸਾਅਦ ਸੁਲੇਮਾਨ (੧੦੪੭–੧੧੨੨ ਈ.) ਮਹਿਮੂਦ ਗਜ਼ਨਵੀ ਦੇ ਪੋਤੇ, ਲਾਹੌਰ ਦੇ ਗਵਰਨਰ ਇਬ੍ਰਾਹੀਮ ਦੇ ਦਰਬਾਰ ਦਾ ਇਕ ਮਸ਼ਹੂਰ ਕਵੀ ਸੀ, ਜਿਸ ਨੇ ਅਮੀਰ ਖੁਸਰੋ ਦੇ ਕਥਨ ਅਨੁਸਾਰ ਅਰਬੀ, ਫਾਰਸੀ ਤੇ ਹਿੰਦਵੀ ਤਿੰਨ ਦੀਵਾਨ ਲਿਖੇ। ਮਾਸਊਦ ਦਾ ਪਿਤਾ ਸਾਅਦ ਲਾਹੌਰ ਹੀ ਗਜ਼ਨਵੀ ਬਾਦਸ਼ਾਹਾਂ ਦਾ ਨੌਕਰ ਰਿਹਾ ਸੀ ਤੇ ਇਥੇ ਹੀ ਉਸ ਸਾਰੀ ਉਮਰ ਗੁਜ਼ਾਰੀ। ਸੋ ਮਸਊਦ ਲਾਹੌਰ ਵਿਚ ਹੀ ਜੰਮਿਆ ਤੇ ਇਥੇ ਹੀ ਪੜ੍ਹ ਲਿਖ ਕੇ ਉਸ ਆਪਣੇ ਪਿਉ ਵਾਂਙ ਸਰਕਾਰੀ ਨੌਕਰੀ ਕੀਤੀ।

ਇਸਦਾ ਸਮਕਾਲੀ ਨਜ਼ਾਮੀ ਅਰੂਜ਼ੀ ਸਮਰਕੰਦੀ ਲਿਖਦਾ ਹੈ, 'ਮਾਸਊਦ ਮੇਰੇ ਵਾਂਙ ਤਿੰਨ ਜ਼ਬਾਨਾਂ ਵਿਚ ਸ਼ਿਅਰ ਕਹਿੰਦਾ ਹੈ, ਤੇ ਇਸ ਦੇ ਅਰਬੀ, ਫਾਰਸੀ ਤੇ ਹਿੰਦਵੀ ਤਿੰਨ ਦੀਵਾਨ ਹਨ। ਭਾਵੇਂ ਮੇਰੇ ਅਰਬੀ ਤੇ ਫਾਰਸੀ ਦੇ ਦੋ ਹੀ ਦੀਵਾਨ ਹਨ ਪਰੰਤੂ ਮੈਂ ਹਿੰਦਵੀ ਸ਼ਾਇਰੀ ਨੂੰ ਚੰਗੀ ਤਰ੍ਹਾਂ ਸਮਝਦਾ ਤੇ ਇਸਦਾ ਅਨੰਦ ਮਾਣਦਾ ਹਾਂ।'

ਪਰ ਸਾਡੀ ਮੁਸ਼ਕਲ ਇਹ ਹੈ ਕਿ ਇਹ 'ਹਿੰਦਵੀ ਦੀਵਾਨ' ਪ੍ਰਾਪਤ ਨਹੀਂ। ਜੇ ਇਹ ਦੀਵਾਨ ਖੁਸ਼ਕਿਸਮਤੀ ਨਾਲ ਮਿਲ ਸਕਦਾ ਤਾਂ ਅਸੀਂ ਜਿਥੇ ਉਸ ਸਮੇਂ ਦੀ ਅਪਭ੍ਰੰਸ਼-ਨੁਮਾ ਪੰਜਾਬੀ ਦਾ ਰੂਪ ਰੰਗ ਵੇਖ ਸਕਦੇ ਸਾਂ, ਉਥੇ ਉਸ ਦੀ ਕਾਵਿ-ਰਚਨਾ ਤੋਂ ਉਸ ਸਮੇਂ ਦੇ ਕਾਵਿ-ਰੂਪਾਂ ਤੇ ਸ਼ੈਲੀ ਦੀ ਵੀ ਜਾਣਕਾਰੀ ਲੈ ਸਕਦੇ ਸਾਂ। ਉਸਦਾ ਅਰਬੀ ਦੀਵਾਨ ਵੀ ਪ੍ਰਾਪਤ ਨਹੀਂ। ਕੇਵਲ ਇਕੋ ਇਕ ਫਾਰਸੀ ਦੀਵਾਨ ਮਿਲਦਾ ਹੈ ਜੋ ਕਿ ਪ੍ਰੋ. ਆਕਾ ਰਸ਼ੀਦ ਯਾਸਮੀ ਨੇ ਤਹਿਰਾਨ ਤੋਂ ਪ੍ਰਕਾਸ਼ਤ ਕੀਤਾ ਹੈ। ਇਸ ਫਾਰਸੀ ਦੀਵਾਨ ਵਿਚ ਜਿਥੇ ਮਾਸਊਦ ਨੇ ੩੦ ਦਿਨਾਂ ਤੇ, ਅਤੇ ਸਤਵਾਰੇ ਦੀ ਕਵਿਤਾ ਲਿਖੀ ਹੈ, ਉਥੇ ਬਾਰਾਂ ਈਰਾਨੀ ਮਹੀਨਿਆਂ ਦੇ ਅਧਾਰ ਤੇ ਇਕ ਕਸੀਦੇ



Sri Satguru Jagjit Singh Ji eLibrary NamdhariElibrary@gmail.com

ਦੀ ਕਿਸਮ ਦਾ ੧੧੧੭-੧੮ ਈ. ਵਿਚ ਬਾਰਾਂਮਾਹ ਵੀ ਲਿਖਿਆ ਹੈ ਤੇ ਇਸਦਾ ਸਿਰਲੇਖ ਹੈ 'ਮਾਹਹਾਏ ਫ਼ਾਰਸੀ'* ।

ਪੰਜਾਬ ਵਿਚ ਲਿਖਿਆ ਇਹ ਸਭ ਤੋਂ ਪੁਰਾਣਾ ਬਾਰਾਂਮਾਹ ਹੈ, ਸ਼ਾਇਦ ਭਾਰਤੀ ਸਾਹਿਤ ਵਿਚ ਵੀ ਅਜੇ ਤਕ ਇਸ ਤੋਂ ਪੁਰਾਣਾ ਬਾਰਾਂਮਾਹ ਹੋਰ ਕੋਈ ਨਹੀਂ ਮਿਲਿਆ. ਇਹ ਠੀਕ ਹੈ ਕਿ ਇਹ ਫਾਰਸੀ ਵਿਚ ਹੈ ਪਰ ਸਾਡਾ ਤੁੱਲਕ ਤਾਂ ਇਸ ਦੇ ਕਾਵਿ-ਰੂਪ ਨਾਲ ਹੈ। ਫਾਰਸੀ ਸਾਹਿਤ ਵਿਚ ਮਾਸਊਦ ਤੋਂ ਪਹਿਲਾਂ ਬਾਰਾਂ ਮਹੀਨਿਆਂ ਦੇ ਅਧਾਰ ਤੇ ਕਵਿਤਾ ਲਿਖਣ ਦੀ ਕੋਈ ਰੀਤ ਨਹੀਂ ਸੀ ਤੇ ਨਾ ਹੀ ਮਾਸਊਦ ਤੋਂ ਪਿਛੋਂ ਇਸ ਰੀਤ ਨੂੰ ਕਿਸੇ ਹੋਰ ਫਾਰਸੀ ਕਵੀ ਨੇ ਅਗੇ ਤੋਰਿਆ ਹੈ। ਇਸ ਘਟਨਾ ਤੋਂ ਇਹ ਗੱਲ ਤਾਂ ਸਾਫ਼ ਹੈ ਕਿ ਇਹ ਫ਼ਾਰਸੀ ਚੀਜ਼ ਨਹੀਂ ਸੀ ਤੇ ਨਾ ਹੀ ਬਣੀ। ਮਾਲੂਮ ਇਉਂ ਹੁੰਦਾ ਹੈ ਕਿ ਬਾਰਾਂਮਾਹ ਦੀ ਕਾਵਿ-ਪਰੰਪਰਾ ਭਾਰਤੀ ਸਾਹਿਤ ਵਿਚ ਉਸ ਸਮੇਂ ਪ੍ਰਚਲਤ ਹੋ ਚੁਕੀ ਸੀ ਤੇ ਪੰਜਾਬ ਵਿਚ ਇਸਦਾ ਆਮ ਵਰਤਾਰਾ ਸੀ, ਇਸੇ ਤੋਂ ਪ੍ਰਭਾਵਤ ਹੋ ਕੇ ਮਾਸਊਦ ਨੇ ਫਾਰਸੀ ਵਿਚ ਬਾਰਾਂਮਾਹ ਲਿਖਣ ਦਾ ਨਵਾਂ ਤਜਰਬਾ ਕੀਤਾ। ਮੇਰਾ ਖਿਆਲ ਸੀ ਕਿ ਮਾਸਊਦ ਦਾ ਇਹ ਬਾਰਾਂਮਾਹ ਸਾਡੇ ਬਾਰਾਂਮਾਹ-ਸਾਹਿਤ ਉਤੇ ਕਾਫੀ ਚਾਨਣ ਪਾਵੇਗਾ, ਇਸੇ ਖਿਆਲ ਨੂੰ ਮੁਖ ਰੱਖ ਕੇ ਮੈਂ ਕਰਨਲ ਨਰਿੰਦਰਪਾਲ ਸਿੰਘ ਜੀ ਰਾਹੀਂ ਤਹਿਰਾਨ ਤੋਂ ਮਾਸਊਦ ਦਾ ਫਾਰਸੀ ਦੀਵਾਨ ਮੰਗਵਾਇਆ। ਇਸ ਵਿਚ ਮੈਨੂੰ ਮਾਸਊਦ ਉਤੇ ਪਈ ਪੰਜਾਬੀ ਜਾਂ ਭਾਰਤੀ ਸਾਹਿਤ ਦੀ ਛਾਪ ਤਾਂ ਪ੍ਰਤੱਖ ਦਿਸ ਪਈ ਕਿ ਉਸ ਸਾਡੇ ਕਾਵਿ-ਰੂਪਾਂ ਤੋਂ ਪ੍ਰਭਾਵਤ ਹੋ ਕੇ ਬਾਰਾਂਮਾਹਾ, ਇਕ ਮਾਹਾ (ਤੀਹ ਦਿਨ), ਤੇ ਸਤਵਾਰਾ ਫਾਰਸੀ ਵਿਚ ਲਿਖੇ ਹਨ ਪਰੰਤੂ ਜਦੋਂ ਬਾਰਾਂਮਾਹ ਦਾ ਅਧਿਐਨ ਕੀਤਾ ਗਿਆ ਤਾਂ ਉਹ ਪ੍ਰਕ੍ਰਿਤੀ ਚਿਤ੍ਰਣ ਜਾਂ ਬਿਰਹੁੰ ਵਰਣਨ ਦੀ ਥਾਂ ਆਪਣੇ ਸੁਆਮੀ ਮਲਕ ਅਰਸਲਾਂ ਦੀ ਉਸਤਤ

---

*ਮਾਸਊਦ ਦੇ ਬਾਰਾਂਮਾਹ ਦਾ ਅਰੰਭ ਇਸ ਪਰਕਾਰ ਹੈ :--

ਫਰਵਰਦੀਂ ਮਾਹ-- ਖ਼ੁਦਾਇਗ਼ਾਨਾ ਰਾਮਸ਼ਗੁਜ਼ੀਂ ਵ ਸ਼ਾਦੀ ਬੀਂ
ਕਿ ਮੁਜ਼ਦਾ ਦਾਦਤ ਅਜ਼ ਬਖ਼ਤ ਮਾਹੇ ਫਰਵਰਦੀਂ।
ਹਮੀਂ ਚਿ ਗੋਯਦ ਗੋਯਦ ਕਿ ਮੁਲਕੇ ਹਫ਼ਤ ਇਕਲੀਮ
ਬਹੁਕਮੇ ਅਮਰੇ ਤੋ ਖ਼ਾਹਦ ਸ਼ੁਦਨ ਜ਼ਿ ਚਰਖ਼ੇ ਬਰੀਂ।

ਸ਼ਾਇਰ ਅਪਣੇ ਸੁਆਮੀ-ਮਲਕ ਅਰਸਲਾਂ ਨੂੰ ਸੰਬੋਧਨ ਕਰਕੇ ਕਹਿੰਦਾ ਹੈ, ਹੇ ਮਾਲਕ ! ਤੂੰ ਮੌਜ ਮੇਲਾ ਕਰ ਤੇ ਰੰਗ ਰਲੀਆਂ ਮਾਣ। ਫਰਵਰਦੀਂ ਦੇ ਮਹੀਨੇ ਨੇ ਤੈਨੂੰ ਇਹ ਖ਼ੁਸ਼ਕਿਸਮਤੀ ਦੀ ਖ਼ੁਸ਼ਖ਼ਬਰੀ ਦਿਤੀ ਹੈ। ਉਹ ਇਹ ਆਖਦਾ ਹੈ ਕਿ ਸੱਤੇ ਵਲੈਤਾਂ ਦੀ ਹਕੂਮਤ ਰੱਬ ਵਲੋਂ ਤੇਰੇ ਹੁਕਮ ਹੇਠ ਹੋਵੇਗੀ।

ਉਰਦੀ ਬਹਿਸ਼ਤਮਾਹ--
ਬਹਿਸ਼ਤ ਅਸਤ ਗੀਤੀ ਜ਼ ਉਰਦੀ ਬਹਿਸ਼ਤ, ਹਲਾਲ ਆਮਦ ਈਮਾਂ ਮੈ ਅੰਦਰ ਬਹਿਸ਼ਤ।
ਬਸ਼ਾਦੀ ਨਸ਼ੀਂ ਹੀਂ ਬ ਮੈ ਖ਼ਾਹ ਮੈ, ਕਿ ਬੇ ਮੈ ਨਿਸ਼ਸਤੰਤ ਜ਼ਿਸ਼ਤਸਤ ਜ਼ਿਸ਼ਤ।

ਉਰਦੀ ਬਹਿਸ਼ਤ ਮਹੀਨੇ ਕਰਕੇ ਦੁਨੀਆਂ ਬਹਿਸ਼ਤ ਬਣੀ ਹੋਈ ਹੈ। ਇਸ ਮਹੀਨੇ ਸ਼ਰਾਬ ਬਹਿਸ਼ਤ ਵਿਚ ਵੀ ਹਲਾਲ ਹੈ, ਤੂੰ ਲਗਾਤਾਰ ਖ਼ੁਸ਼ੀਆਂ ਮਨਾ, ਤੇ ਸ਼ਰਾਬ ਮੰਗ, ਸ਼ਰਾਬ। ਕਿਉਂਕਿ ਸ਼ਰਾਬ ਤੋਂ ਬਿਨਾਂ ਰਹਿਣਾ ਤਾਂ ਮੰਦਾ ਹੀ ਹੈ।



Sri Satguru Jagjit Singh Ji eLibrary NamdhariElibrary@gmail.com

ਹੀ ਪੇਸ਼ ਕਰ ਰਿਹਾ ਸੀ। ਮਾਸਊਦ ਕਸੀਦਾਗੋ ਕਵੀ ਸੀ, ਮਲਕ ਆਰਸਲਾਂ (੫੦੯-੫੧੧ ਹਿ.-ਰਾਜ ਗੱਦੀ ਕਾਲ) ਤੇ ਉਸਦਾ ਇਹ ਬਾਰਾਂਮਾਹ ਵੀ ਇਕ ਕਸੀਦਾ ਹੀ ਸਮਝਣਾ ਚਾਹੀਦਾ ਹੈ।

ਬਾਵਜੂਦ ਅਜੇਹਾ ਹੋਣ ਦੇ ਇਹ ਗੱਲ ਸਾਡੀ ਤਸੱਲੀ ਲਈ ਕਾਫੀ ਹੈ ਕਿ ਪੰਜਾਬ ਵਿਚ ਬਾਰਾਂਮਾਹ ਕਾਵਿ ਰੂਪ ਉਸ ਸਮੇਂ ਇਤਨੀ ਕੁ ਪ੍ਰਭਤਾ ਤੇ ਸਮਰੱਥਾ ਰਖਦਾ ਸੀ ਕਿ ਉਸ ਰੂਪ ਨੂੰ ਦੂਜੀਆਂ ਜ਼ਬਾਨਾਂ ਦੇ ਸ਼ਾਇਰ ਵੀ ਅਪਣਾਉਣ ਵਿਚ ਦਿਲਚਸਪੀ ਲੈਣ। ਵੱਡੀ ਗੱਲ ਨਹੀਂ ਕਿ ਮਸਊਦ ਨੇ ਆਪਣੇ ਹਿੰਦਵੀ ਦੀਵਾਨ ਵਿਚ ਵੀ ਬਾਰਾਂਮਾਹ ਲਿਖਿਆ ਹੋਵੇ, ਪਰ ਉਹ ਅਪ੍ਰਾਪਤ ਹੋਣ ਕਰਕੇ ਉਸਦੀ ਹੋਂਦ ਤਾਂ ਨ ਹੋਇਆਂ ਵਰਗੀ ਹੀ ਹੈ।

ਇਸਤੋਂ ਬਾਦ ਕਿੰਨੇ ਕਵੀਆਂ ਬਾਰਾਂਮਾਹ ਦੀ ਰਚਨਾ ਕੀਤੀ ਤੇ ਕਿਸ ਕਿਸ ਪਰਕਾਰ ਦੇ ਉਨ੍ਹਾਂ ਨਵੇਂ ਸਾਹਿਤਕ ਤਜਰਬੇ ਕੀਤੇ ਇਹ ਸਭ ਕੁਝ ੧੧ਵੀਂ ਸਦੀ ਤੋਂ ੧੬ਵੀਂ ਸਦੀ ਤਕ ਦੇ ਸਾਹਿਤ ਦੀ ਅਪ੍ਰਾਪਤੀ ਕਾਰਣ ਦੱਸਣਾ ਔਖਾ ਹੈ। ਚੰਗੇ ਭਾਗਾਂ ਨੂੰ ਗੁਰੂਆਂ ਨੇ ਸੁੱਚੇ ਸਾਹਿਤ ਦੀ ਸੰਭਾਲ ਦਾ ਬੀੜਾ ਉਠਾਇਆ ਤਾਂ ਉਨ੍ਹਾਂ ਦੀ ਕ੍ਰਿਪਾ ਦਾ ਸਦਕਾ ਸਾਨੂੰ ੧੬ਵੀਂ, ੧੭ਵੀਂ ਸਦੀ ਦਾ ਅਧਿਆਤਮਕ ਸਾਹਿਤ ਪ੍ਰਾਪਤ ਹੁੰਦਾ ਤੇ ਉਸ ਸਮੇਂ ਵਰਤੇ ਗਏ ਕਾਵਿ ਰੂਪਾਂ ਦੀ ਜਾਣਕਾਰੀ ਮਿਲਦੀ ਹੈ। ਗੁਰੂ ਸਾਹਿਤ ਤੋਂ ਪਹਿਲਾਂ ਬਾਬਾ ਫ਼ਰੀਦ ਜੀ ਦੇ ਕੁਝ ਸ਼ਬਦ ਤੇ ਸ਼ਲੋਕ ਮਿਲਦੇ ਹਨ, ਜਿਨ੍ਹਾਂ ਵਿਚ ਅਲੰਕਾਰਕ ਭਾਂਤ ਦਾ ਪ੍ਰਕ੍ਰਿਤੀ-ਚਿਤ੍ਰਣ ਤਾਂ ਕਾਫੀ ਮਾਤਰਾ ਵਿਚ ਮਿਲਦਾ ਹੈ। ਇਕ ਥਾਂ ਉਨ੍ਹਾਂ ਆਪਣੇ ਬਜ਼ੁਰਗ ਅਨੁਭਵ ਤੇ ਕਲਾ ਸਦਕੇ ਬੜੀ ਸੰਖੇਪਤਾ ਨਾਲ ਰੁਤਾਂ ਦੀ ਝਾਂਕੀ ਵੀ ਸਾਡੇ ਸਾਮ੍ਹਣੇ ਲਿਆਂਦੀ ਹੈ—

ਕੱਤਕ ਕੂੰਜਾਂ ਚੇਤ ਡਉਂ, ਸਾਵਣ ਬਿਜਲੀਆਂ
ਸੀਆਲੇ ਸੋਹੰਦੀਆਂ, ਪਿਰ ਗਲਿ ਬਾਹੜੀਆਂ।

ਪ੍ਰਾਪਤ ਪੰਜਾਬੀ ਸਾਹਿਤ ਵਿਚੋਂ ਗੁਰੂ ਨਾਨਕ ਸਾਹਿਬ ਦਾ ਬਾਰਾਂਮਾਹ ਸਭ ਤੋਂ ਪੁਰਾਣਾ ਹੈ। ਇਸ ਤੋਂ ਮਾਲੂਮ ਹੁੰਦਾ ਹੈ ਕਿ ਗੁਰੂ ਸਾਹਿਬ ਦੇ ਜ਼ਮਾਨੇ ਬਾਰਾਂਮਾਹ-ਰਚਨਾ ਦੀ ਪਰੰਪਰਾ ਭਲੀ ਭਾਂਤ ਵਿਕਸਤ ਸੀ, ਲੋਕ-ਸਾਹਿਤ ਵਿਚ ਵੀ ਤੇ ਦੂਜੇ ਸਾਹਿਤ ਵਿਚ ਵੀ। ਇਹ ਵੀ ਅਸੀਂ ਜਾਣਦੇ ਹਾਂ ਕਿ ਗੁਰੂ ਸਾਹਿਬ ਦਾ ਉਦੇਸ਼ ਲੋਕ-ਜੀਵਨ ਨੂੰ ਟੁੰਬਣਾ ਸੀ, ਇਸ ਲਈ ਉਨ੍ਹਾਂ ਲੋਕ ਪ੍ਰਚਲਤ ਧਾਰਨਾਵਾਂ ਤੇ ਬਾਣੀ ਰਚਕੇ ਆਪਣੇ ਵੀਚਾਰਾਂ ਨੂੰ ਸਹਿਜੇ ਹੀ ਜਨਸਾਧਾਰਣ ਤਕ ਪਹੁੰਚਾਣ ਦਾ ਸੁਚੱਜਾ ਹੀਲਾ ਕੀਤਾ। ਗੁਰੂ ਨਾਨਕ ਸਾਹਿਬ ਬਾਦ ਗੁਰੂ ਅਰਜਨ ਦੇਵ ਜੀ ਨੇ ਵੀ ਮਾਝ ਰਾਗ ਵਿਚ ਇਕ ਬਾਰਾਂਮਾਹ ਲਿਖਿਆ ਜੋ ਸਰਲਤਾ ਕਾਰਣ ਅੱਜ ਵੀ ਆਮ ਪੜ੍ਹਿਆ ਜਾਂਦਾ ਹੈ।

ਗੁਰੂਆਂ ਦੇ ਇਸ ਕਾਰਗਰ ਤਰੀਕੇ ਦੀ ਨਕਲ ਕਰਦਿਆਂ ਹੋਰ ਵੀ ਬਹੁਤ ਸਾਰੇ ਲੋਕਾਂ ਆਪਣੀ ਗੁਰਗੱਦੀ ਚਲਾਉਣ ਲਈ ਬਾਣੀ ਦੀ ਰਚਨਾ ਕੀਤੀ ਕਰਵਾਈ



Sri Satguru Jagjit Singh Ji eLibrary NamdhariElibrary@gmail.com

ਤੇ ਪ੍ਰਿਥਵੀ ਚੰਦ ਦੇ ਹਿਮੈਤੀ ਦੀਵਾਨਾ ਪੰਥ ਦੇ ਮੋਢੀ ਮਾਲਵਾ ਵਾਸੀ ਜੱਟ ਇਕ ਹਰੀਆ (ਹਰੀਦਾਸ)ਨਾਮੀ ਸੱਜਣ ਨੇ ਤਾਂ ਆਦਿ ਗੁਰੂ ਗ੍ਰੰਥ ਦੀ ਨਕਲ ਤੇ ਇਕ ਵਡਾ ਗ੍ਰੰਥ* ਹੀ ਤਿਆਰ ਕਰ ਛੱਡਿਆ। ਉਸਨੇ ਇਸ ਵਿਚ ਇਕ ਬਾਰਾਂਮਾਹ ਵੀ ਲਿਖਿਆ ਹੈ, ਜਿਸਦਾ ਨਮੂਨਾ ਇਸ ਪਰਕਾਰ ਹੈ :

ਚੇਤ੍ਰਿ ਚੜੰਦੈ ਮੇਰੇ ਜਾਨੀਆ, ਹਰਿ ਹਰਿ ਰੰਗੁ ਵਣਾ
ਵਣ ਤ੍ਰਿਣ ਪ੍ਰਭੁ ਮਉਲਿਆ, ਜੀਆ ਵਿਚ ਜਣਾ।

...... ...... ......

ਏਤੇ ਫਗੁਣ ਮਹੁੜੇ, ਵਣੁ ਤਿਣੁ ਹਰਿਆ ਹੋਇ
ਦਿਸੈ ਧਰਤਿ ਰੰਗਾਵਲੀ, ਜਿਸੁ ਵਿਣੁ ਸਨਿ ਰੋਇ
ਅਹਿ ਮਨ ਲੋਚੈ ਹਰਿ ਮਿਲਣ ਕੂ, ਜੇ ਮੰਝ ਮਿਲਾਵੈ ਕੋਇ
ਹਉ ਵਾਰੀ ਲਖ ਵਾਰੀਆ, ਸੁਣਿ ਸੁਣਿ ਜੀਵਾਂ ਸੋਇ।
ਆਉ ਕੰਤਾ ਤੂ ਮੰਝ ਘਰਿ, ਮੈਂ ਜਲੁ ਭਰਿਆ ਰੋਇ
ਤੂੰ ਮੈਂ ਕੀ ਨਜ਼ਰ ਨ ਆਵਹੀ, ਤੂੰ ਵਰਤਿਐ ਤੈ ਲੋਇ।
ਤੂੰ ਆਉ ਕੰਤ ਰੀਸਾਲੂਆ, ਮੈ ਮਨਿ ਤੇਰਾ ਚਾਉ
ਤੁਹਿ ਮਿਲਿਐ ਸੇਜ ਰੰਗਾਵਲੀ, ਹਉ ਮਲਿ ਮਲਿ ਜੀਵਾਂ ਪਾਉਂ।
ਨਾਨਕ ਰਾਵਿਆ ਸੋ ਪ੍ਰਭੁ, ਸੇਜੈ ਵੰਨ ਚੜ੍ਹਾਉ
ਬਾਰਹੀ ਪ੍ਰਭੁ ਸਲਾਹਣਾ, ਹਰੀਆ ਪ੍ਰੇਮ ਅਲਾਉ ।੧੩।

ਅੰਤ ਤੇ—

ਜਿਨ ਬਾਰਾਮਾਹ ਗਾਵਿਆ, ਕਰਿ ਸਚੀ ਨਿਰਜਾਸ
ਤੇ ਜਨ ਪੁਨੀਤ ਭਏ, ਦਰਗਹ ਸਚਿ ਖਲਾਸ।

ਸੂਫ਼ੀ ਕਾਵਿ ਵਿਚ ਸਭ ਤੋਂ ਪੁਰਾਣਾ ਬਾਰਾਂਮਾਹ ਅਲੀ ਹੈਦਰ ਦਾ ਦੱਸਿਆ ਜਾਂਦਾ ਹੈ, ਕਿੱਸਾਕਾਰਾਂ ਵਿਚੋਂ ਸ਼ਾਇਦ ਹਾਫਜ਼ ਬਰਖ਼ੁਰਦਾਰ ਨੇ ਸੁਤੰਤਰ ਬਾਰਾਂਮਾਹ ਰਚਿਆ ਤੇ ਹਾਸ਼ਮ ਦਾ ਬਾਰਾਂਮਾਹ ਵੀ ਕਾਫ਼ੀ ਪਰਸਿੱਧ ਰਿਹਾ ਹੈ, ਭਾਵੇਂ ਇਹ ਸੰਪੂਰਨ ਰੂਪ ਵਿਚ ਪ੍ਰਾਪਤ ਨਹੀਂ ਹੋ ਸਕਿਆ। ਸ. ਹਰਨਾਮ ਸਿੰਘ ਜੀ ਸ਼ਾਨ ਨੇ ਰਾਇਲ ਏਸ਼ੀਆਟਿਕ ਸੁਸਾਇਟੀ ਦੇ ਪੱਤਰ ਵਿਚ ਵੰਨਗੀ ਵਜੋਂ ਦਿਤੀਆਂ ਇਸ ਦੀਆਂ ਕੁਝ ਮੁਢਲੀਆਂ ਸਤਰਾਂ ਲੱਭੀਆਂ ਹਨ, ਜੋ ਇਸ ਪਰਕਾਰ ਹਨ :—

ਚੜ੍ਹਦੇ ਚੇਤਰ ਬਾਗ ਬਹਾਰਾਂ, ਰਸਿਆ ਰੰਗ ਸੂਹਾ ਗੁਲਜ਼ਾਰਾਂ
ਲਈਆਂ ਦਿਲਬਰ ਪਕੜ ਮੁਹਾਰਾਂ, ਕਰ ਕਰ ਮਿੰਨਤਾਂ ਅਰਜ਼ ਗੁਜ਼ਾਰਾਂ,
ਜਾਉ ਨ ਜਾਨੀਆਂ!
ਜਾਵਣ ਅਜ ਨਹੀਂ ਜੇ ਵਾਰੀ, ਰੱਖ ਦਿਲਦਾਰੀ ਛੱਡ ਤਿਆਰੀ,
ਤੈਥੋਂ ਜਿੰਦ ਹਜ਼ਾਰਾਂ ਵਾਰੀ, ਘੋਲ ਘੁਮਾਨੀਆਂ।

*ਇਸ ਦੀ ਇਕ ਕਾਪੀ (ਨਕਲ ੧੭੩੫ ਈ.) ਪ੍ਰੋ. ਪ੍ਰੀਤਮ ਸਿੰਘ ਹੁਰਾਂ ਪਾਸ ਹੈ।



Sri Satguru Jagjit Singh Ji eLibrary NamdhariElibrary@gmail.com

੧੮ਵੀਂ, ੧੯ਵੀਂ ਸਦੀ ਵਿਚ ਤਾਂ ਬਾਰਾਂਮਾਹ ਕਾਵਿ-ਰੂਪ ਬਹੁਤ ਹੀ ਪ੍ਰਚਲਤ ਹੋਇਆ । ਏਸ ਸਮੇਂ ਵਿਚ ਜਿਤਨੇ ਬਾਰਾਂਮਾਹੇ ਲਿਖੇ ਗਏ, ਉਤਨੇ ਹੋਰ ਕਿਸੇ ਯੁਗ ਵਿਚ ਨ ਰਚੇ ਗਏ । ਬਾਰਾਂਮਾਹ ਤੇ ਸੀਹਰਫੀ ਦੋ ਐਸੇ ਕਾਵਿ-ਰੂਪ ਸਨ ਜਿਸ ਤੇ ਹਰ ਕਵੀ ਆਪਣਾ ਹੱਥ ਅਜ਼ਮਾਉਂਦਾ ਸੀ । ਪੂਰੀ ਤਰ੍ਹਾਂ ਤਾਂ ਇਹ ਦੱਸਣਾ ਮੁਸ਼ਕਲ ਹੈ ਕਿ ਕਿੰਨੇ ਕੁ ਕਵੀਆਂ ਇਸ ਦੁਆਰਾ ਆਪਣੀ ਕਲਾ ਦੇ ਚਮਤਕਾਰ ਦਿਖਾਏ । ਨਾਲੇ ਅਸੀਂ ਜਾਣਦੇ ਹਾਂ ਕਿ ੧੮ਵੀਂ ਸਦੀ ਦੀਆਂ ਗੜਬੜਾਂ ਨੇ ਪੰਜਾਬ ਦਾ ਬਹੁਤ ਸਾਰਾ ਸਾਹਿਤ ਤਬਾਹ ਕਰ ਦਿਤਾ, ਇਸ ਲਈ ਸਾਰਾ ਲੇਖਾ ਲਾਉਣਾ ਔਖਾ ਹੈ । ਫਿਰ ਵੀ ਬਾਰਾਂਮਾਹ-ਸਾਹਿਤ ਦੀ ਖੋਜ ਕਰਦਿਆਂ ਜੋ ਕੁਝ ਮੇਰੇ ਧਿਆਨ ਵਿਚ ਆਇਆ, ਚਾਹੇ ਉਹ ਫਾਰਸੀ ਅੱਖਰਾਂ ਵਿਚ ਲਿਖਿਆ ਹੋਇਆ ਸੀ ਜਾਂ ਗੁਰਮੁਖੀ ਲਿਪੀ ਵਿਚ, ਉਸ ਸਾਰੇ ਦਾ ਸੰਖੇਪ ਬਿਉਰਾ ਹੇਠ ਦਿਤਾ ਜਾਂਦਾ ਹੈ । ਉਹ ਸੌ ਬਾਰਾਂਮਾਹੇ, ਜੋ ਅਸਾਂ ਇਸ ਸੰਗ੍ਰਹਿ ਵਿਚ ਚੁਣੇ ਹਨ, ਉਨ੍ਹਾਂ ਦੇ ਨਾਮ ਇਸ ਪਰਕਾਰ ਹਨ:—

੧ ਬਾਰਾਂਮਾਹ ਤੁਖਾਰੀ—ਗੁਰੂ ਨਾਨਕ
੨ ,, ਮਾਝ—ਗੁਰੂ ਅਰਜਨ
੩ ,, ਲੋਕ ਗੀਤ
੪ ,, ,,
੫ ,, ,,
੬ ,, ,,
੭ ,, ਬੁਲ੍ਹੇਸ਼ਾਹ ਕਾ
੮ ,, ਸ਼ਾਹ ਮੁਰਾਦ ਕਾ
੯ ,, ਸ੍ਰੀ ਰਾਮ ਚੰਦ੍ਰ ਜੀ ਕਾ (ਗੁਰਦਾਸ ਸਿੰਘ)
੧੦ ,, ਸ਼ਾਹ ਮੁਰਾਦ (ਦੂਜਾ) ਕਾ
੧੧ ,, ਬਰਖੁਰਦਾਰ ਕਾ
੧੨ ,, ਕੇਸੋ ਗੁਣੀ
੧੩ ,, ਭਾ. ਦਿਆਲ ਸਿੰਘ ਦਾ
੧੪ ,, ਮੁਹੰਮਦ ਅਜ਼ੀਮ ਦਾ
੧੫ ,, ਹਕੂਮਤਿ ਦਾ
੧੬ ,, ਫਰਦ ਫਕੀਰ ਕਾ
੧੭ ,, ਮੂਸੇ ਮਿਸਕੀਂ ਕਾ
੧੮ ,, ਅਮਰਦਾਸ ਦਾ
੧੯ ,, ਨਾਜ਼ਕ ਦਾ (ਕੇਸਰ ਸਿੰਘ)
੨੦ ,, ਕੇਸਰ ਸਿੰਘ ਦਾ
੨੧ ,, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਾ (ਬੀਰ ਸਿੰਘ)
੨੨ ,, ਰਾਮ ਸਿੰਘ
੨੩ ,, ਕੰਵਰ ਨੌਨਿਹਾਲ ਸਿੰਘ (ਅਗਿਆਤ)
੨੪ ਬਾਰਾਂਮਾਹ ਹੀਰ ਕਾ (ਸੁਖਾ ਸਿੰਘ)
੨੫ ,, ਹੀਰ ਦਾ (ਬੁਧ ਸਿੰਘ)
੨੬ ,, ਢੋਲ ਸੰਮੀ ਦਾ (ਮੁਨਸਫ਼ ਮਹਿਣੀ)
੨੭ ,, ਸਾਹਿਬ ਸਿੰਘ ਮ੍ਰਿਗਿੰਦ
੨੮ ,, ਗੁਲਾਮ ਹੁਸੈਨ ਦਾ
੨੯ ,, ਕੇਸੋ ਦਾ
੩੦ ,, ਮੂਲ ਸਿੰਘ ਜੀ ਕਾ
੩੧ ,, ਨੱਥੇ ਭੱਜੇ ਦਾ
੩੨ ,, ਦਿਲ ਚਮਨ ਦਾ (ਭਈਆਰਾਮ)
੩੩ ,, ਬਖਸ਼ੁਲਾ ਕਾ
੩੪ ,, ਵਿਯੋਗ (ਅਗਿਆਤ)
੩੫ ,, ਫ਼ਜ਼ਲ ਸ਼ਾਹ
੩੬ ,, ਸ਼ਾਹ ਹਦਾਇਤ
੩੭ ,, ਹੀਰ ਦਾ (ਭਗਵਾਨ ਸਿੰਘ)
੩੮ ,, ਕਿਸ਼ਨ ਸਿੰਘ ਆਰਿਫ
੩੯ ,, ,,
੪੦ ,, ਮੌਲਵੀ ਅਬਦੁਲ ਸਤਾਰ
੪੧ ,, ਬਾਵਾ ਦੇਸ ਰਾਜ
੪੨ ,, ਈਸ਼ਰ ਦਾਸ ਉਦਾਸੀ ਕਾ
੪੩ ,, ਬਿਸ਼ਨਦਾਸ ਗਹਿਰ ਗੰਭੀਰੀਆ
੪੪ ,, ਬੁਲਾਕੀ ਦਾਸ ਗੁਲਾਬਦਾਸੀਆ
੪੫ ,, ਨਾਰਾਇਣ ਸਿੰਘ
੪੬ ,, ਭਗਵਾਨ ਸਿੰਘ ਬਨੂੜੀ
੪੭ ,, ਮੌਲੇਸ਼ਾਹ
੪੮ ,, ਪੰਡਤ ਤੇਜਾ ਸਿੰਘ
੪੯ ,, ,,



Sri Satguru Jagjit Singh Ji eLibrary NamdhariElibrary@gmail.com

੫੦ ਬਾਰਾਂਮਾਹ ਹੀਰ ਦਾ (ਮੀਰਾਂ ਸਾਹ)
੫੧ ,, ਸ਼ੀਰੀਂ ਦਾ (ਮੁਹੰਮਦ ਬੂਟਾ)
੫੨ ,, ਦੇਵੀ ਜੀ ਕਾ (ਅਗਿਆਤ)
੫੩ ,, ਸੱਜੀ ਦਾ (ਕਰੀਮ ਬਖਸ਼)
੫੪ ,, ਅਬਦੁਲ ਰਹਿਮਾਨ
੫੫ ,, ਮਾਲੀ ਬੁਲਬੁਲ (ਗੁਲਾਮ ਰਸੂਲ)
੫੬ ,, ਭਾਈ ਚੰਦਾ ਸਿੰਘ
੫੭ ,, ਨਾਰਾਇਣ ਸਿੰਘ
੫੮ ,, ਹਿਦਾਇਤੁਲਾ
੫੮ ,, ਜਵਾਹਰ ਯਾਰ
੬੦ ,, ਪਾਲ ਸਿੰਘ ਆਰਿਫ
੬੧ ,, ਹਸਨ ਸ਼ਾਮ ਕਾ
੬੨ ,, ਮੁਸ਼ਾਫਰ ਸ਼ਾਇਰ
੬੩ ,, ਮੋਤੀ ਰਾਮ
੬੪ ,, ਦਰਦ ਮੰਦਾਂ (ਰਹੀਮ ਯਾਰ)
੬੫ ,, ਮੁਹੰਮਦੀ (ਹਹੀਮ ਯਾਰ)
੬੬ ,, ਮੁਹੰਮਦੀ (ਕਰੀਮ ਯਾਰ)
੬੭ ,, ਰਹੀਮ ਬਖਸ਼ ਸਾਅਦ
੬੮ ,, ਅਹਿਮਦ ਦੀਨ
੬੯ ,, ਮਿਆਰਾਜ਼ੁਲ ਦੀਨ ਸ਼ਾਦ
੭੦ ,, ਮੁਹੰਮਦੀ (ਚੰਨਣ ਦੀਨ)
੭੧ ,, ਗੌਂਸੀਆ (ਚੰਨਣ ਦੀਨ
੭੨ ,, ਮੁਹੰਮਦੀ (ਪੀਰ ਨੇਕ ਆਲਮ)
੭੩ ,, ਮੇਲਾ ਰਾਮ (ਦਰ ਫਿਰਾਕ ਰਸੂਲ)
੭੪ ,,ਮਿਲਖੀ ਰਾਮ (ਦਰ ਸ਼ਾਨੇ ਰਸੂਲ)
੭੫ ,, ਮੁਹੰਮਦੀ (ਮਿਲਖੀ ਰਾਮ)
੭੬ ,, ਸ੍ਰੀ ਕ੍ਰਿਸ਼ਨ ਕਾ (ਮਿਲਖੀ ਰਾਮ)
੭੭ ,, ਕ੍ਰਿਸ਼ਨ ਲੀਲਾ (ਹਕੂਮਤ ਜਨ)
੭੮ ,, ਬੰਸੀ ਵਾਲੇ ਦਾ (ਖੁਸ਼ੀ ਰਾਮ ਆਰਿਫ)
੭੯ ,, ਪ੍ਰਹਿਲਾਦ ਭਗਤ
੮੦ ,, ਨਰਸੀ ਭਗਤ(ਲਾਲ ਦਾਸ ਵੈਰਾਗੀ)
੮੧ ,, ਰਾਣੀ ਸੁੰਦਰਾਂ ਕਾ (ਕਵੀ ਕਾਲੀਦਾਸ)
੮੨ ,, ਸੰਤ ਪ੍ਰੀਤਮ ਸਿੰਘ ਕੌਮੀ ਦੀਵਾਨਾ
੮੩ ,, ,, ,, ,,
੮੪ ,, ਹਕੀਕੀ ਮਜਾਜ਼ੀ (ਕੁੰਦਨ ਰਾਮ)
੮੫ ,, ਹਕੀਕੀ (ਇਸਮਾਈਲ ਨਕੋਦਰੀ)
੮੬ ,, ਸ਼ਾਹ ਨੂਰ ਆਲਮ
੮੭ ,, ਵੈਰਾਗ (ਵਰਿਆਮ ਸਿੰਘ)
੮੮ ,, ਵਿਯੋਗ (ਕਿਸ਼ਨ ਸਿੰਘ ਕਕਰਾਲਾ)
੮੯ ,, ਦਿਲ ਫ਼ਿਰਾਕ (ਠਾਕਰ ਸਿੰਘਸੰਤਰੀ)
੯੦ ,, ਕਵਿ ਰਾਮਦਾਸ
੯੧ ,, ਦਿਉਰ ਭਾਬੀ (ਗੋਪਾਲ ਸਿੰਘ)
੯੨ ,, ਨੱਢੜਾ ਨਿਦਾਨ (ਪ੍ਰੇਮ ਦਾਸ)
੯੩ ,, ਰਾਧਾ ਵਿਰਲਾਪ (ਰਲਿਆ ਰਾਮ ਭਗਤ ਦੇਵੀ ਦਾਸ)
੯੪ ,, ਨਾਅਤ (ਇਕਬਾਲ ਮੁਹੰਮਦ)
੯੫ ,, ਸਾਬਰੀ (ਮੁਨਸ਼ੀ ਨਜ਼ੀਰ ਅਹਿਮਦ)
੯੬ ,, ਪੁਰ ਦਰਦ (ਹਾਫਜ਼ ਮੁਹੰਮਦ ਦੀਨ ਦਰਦੀ)
੯੭ ,, ਕੰਤ ਮਹੇਲੀ (ਭਾ. ਵੀਰ ਸਿੰਘ)
੯੮ ,, ਮੌਲਾ ਬਖਸ਼ ਕੁਸ਼ਤਾ
੯੮ ,, ਅੰਮ੍ਰਿਤਾ ਪ੍ਰੀਤਮ
੧੦੦ ,, ਕਿਸਾਨਾਂ ਦਾ (ਗਿ: ਗੁਰਦਿਤ ਸਿੰਘ)

## ਅ. ਉਹ ਬਾਰਾਂਮਾਹੇ, ਜੋ ਇਸ ਸੰਗ੍ਰਹਿ ਵਿਚ ਸ਼ਾਮਲ ਨਹੀਂ—

੧. ਬਾਰਾਂਮਾਹ (ਪ੍ਰਾਣ ਸੰਗਲੀ ਵਿਚ) ੨. ਬਾ. ਮਾਝ (ਹਰੀਆ) ੩ ਬਾ. ਟਹਿਲ ਸਿੰਘ ੪. ਬਾ. ਗਿਆਨ ਸਿੰਘ ੫. ਬਾ. ਉਮਾਦਾਸ ੬. ਬਾ. ਇਲਾਇਚੀ ਰਾਮ ੭. ਬਾ. ਮਨੀਰਾਮ ੮ ਬਾ. ਹਾਕਮ ਸਿੰਘ ਦਰਵੇਸ਼ ੯. ਬਾ. ਪੰ: ਸ਼ਰਧਾ ਰਾਮ ੧੦-੧੧ ਬਾ. ਲਾਲਾ ਹਕੂਮਤ ਜਨ(੩) ੧੨. ਬਾ. ਲਾਲਾ ਦਿਰੰਜੀ ਲਾਲ ੧੩. ਬਾ. ਦੇਵੀ ਦਿਆਲ ਮੁਖਤਿਆਰ ੧੪. ਬਾ. ਗਿਆਨ ਸਿੰਘ ੧੫–੧੬. ਬਾ. ਚਲ ਸਿੰਘ ਸੰਗੀਤਕ (ਨਸੀਹਤ ਚਮਨ) (੨) ੧੭. ਬਾ. ਕਲਿਜੁਗ ੧੮. ਬਾ. ਮਤੀਆ ੧੯. ਬਾ. ਲਾਲ ਸਿੰਘ ੨੦. ਬਾ. ਸੁੰਦਰ ਸਿੰਘ ੨੧. ਬਾ. ਗੋਪਾਲ ਸਿੰਘ ੨੨-੨੩. ਬਾ. ਬਿਸਨਦਾਸ (੨) ੨੪ ਬਾ. ਅਰੂੜਾ ਰਾਇ ੨੫. ਬਾ. ਮੌਲਾਸ਼ਾਹ ਮਜੀਠਵੀ (ਹੀਰ ਵਿਚ) ੨੬. ਬਾ. ਗੋਪਾਲ ਸਿੰਘ (ਹੀਰ ਵਿਚ) ੨੭. ਬਾ. ਸੰਤ ਬਜ਼ਾਰਾ ਸਿੰਘ (ਹੀਰ ਵਿਚ) ੨੮ ਬਾ. ਗੋਕਲ ਚੰਦ (ਹੀਰ ਵਿਚ) ੨੯. ਬਾ. ਪੀਰਾਂ ਦਿਤਾ (ਹੀਰ ਵਾਰਸ ਵਿਚ) ੩੦. ਬਾ. ਮੌਲਾ ਬਖਸ਼ ਕੁਸ਼ਤਾ (ਹੀਰ ਵਿਚ) ੩੧. ਬਾ. ਬਾਗ ਸਿੰਘ (ਸੋਹਣੀ ਵਿਚ) ੩੨. ਬਾ. ਝੰਡੇ ਸ਼ਾਹ (ਸੋਹਣੀ ਵਿਚ) ੩੩. ਬਾ. ਜੀਵਾ ਸਿੰਘ (ਸੋਹਣੀ ਵਿਚ) ੩੪. ਬਾ. ਸਦਾ ਰਾਮ (ਸੱਸੀ ਵਿਚ) ੩੫. ਬਾ. ਮੋਹਨ ਲਾਲ ਚਵਿੰਡਾ (ਸੱਸੀ ਵਿਚ) ੩੬. ਬਾ. (ਸੋਹਣੀ ਗੰਗਾ ਰਾਮ) ੩੭-੩੮. ਬਾ. ਹਕੀਕਤ ਰਾਇ ਧਰਮੀ (੨) ੩੯. ਬਾ. (ਸੋਹਣੀ ਖ਼ੇਤੂ ਰਾਮ)



Sri Satguru Jagjit Singh Ji eLibrary NamdhariElibrary@gmail.com

੪੦-੪੧ ਬਾ. ਸ਼ਿਵਦਿਆਲ (ਕਿੱਸਾ ਰੂਪ ਬਸੰਤ) ੪੨. ਬਾ. ਦੌਲਤ ਰਾਮ (ਕਿੱਸਾ ਰੂਪ ਬਸੰਤ) ੪੩. ਬਾ. ਕਾਲੀਦਾਸ (ਕਿੱਸਾ ਰਾਜਾ ਸਰਿਆਲ) ੪੪. ਬਾ. ਕਾਲੀਦਾਸ (ਦੁਰਗਾ ਉਸਤਤੀ ਵਿਚ) ੪੫-੪੯. ਬਾ. ਕਲਿਆਨ ਦਾਸ ਵ ਰਾਮ ਨਰਾਇਣ (ਪੂਰਨ ਭਗਤ ਪੰਜ ਬਾਰਾਂਮਾਹਿਆਂ ਵਿਚ) ੫੦. ਬਾਰਾਮਾਸਾ ਖੁਸ਼ਹਾਲ ਸਿੰਘ (ਪੂਰਨ ਭਗਤ) ੫੧. ਬਾ. ਕਾਨ੍ਹ ਸਿੰਘ ਚੈਂਤਪੁਰੀਆ (ਗਿਆਨ ਪ੍ਰਕਾਸ਼)੫੨-੫੩ ਬਾ. ਗੁਰੂ ਨਾਨਕ ਦੇ ਕਾਨ੍ਹ ਸਿੰਘ(੨) ੫੪. ਬਾ. ਰਾਮਸਰੂਪ ਮਹਾਰਾਜ ਜੈਨੀ ੫੫-੫੬. ਇੰਦ੍ਰ ਕੌਰ ਫਿਲੌਰਣ (ਇੰਦ੍ਰੀ ਗਿਆਨ ਪ੍ਰਕਾਸ਼) (੨) ੫੭. ਬਾ. ਹੀਰਾ ਸਿੰਘ (ਬਾਰਾਂਮਾਹ ਆਸੇ) ੫੮. ਬਾ. ਮੇਘ ਰਾਜ ੫੯. ਬਾ. ਸੋਭਾ ਸਿੰਘ (ਉਸਤਤਿ ਦਰਬਾਰ) ੬੦. ਬਾ. ਪ੍ਰਭ ਦਿਆਲ (ਨਨਕਾਣੇ ਸਾਹਿਬ ਦੀ ਉਸਤਤਿ) ੬੧. ਬਾ. ਪੂਰਣ ਦਾਸ ਜੰਡਿਆਲੇ ਵਾਲਾ ੬੨. ਬਾ. ਸਾਧੂ ਸਾਰ ੬੩. ਬਾ. ਰਲਾ ਦਾਸ ੬੪. ਬਾ. ਰਲਾ ਰਾਮ ੬੫. ਬਾ. ਸਾਹਿਬ ਸਿੰਘ (ਮੌਤ ਵਿਛੋੜਾ) ੬੬. ਬਾ. ਸੰਤ ਸਿੰਘ ਸੰਤ (ਮੀਤ ਵਿਛੋੜਾ) ੬੭ ਬਾ. ਗੁਰਦਿਤ ਸਿੰਘ (ਸੂੰਮ ਦੀ ਮੌਤ) ੬੮. ਬਾ. ਗੁਰਦਿਤ ਸਿੰਘ (ਰੂਹ ਵ ਬੁਤ) ੬੯. ਬਾ. ਵਰਿਆਮ ਸਿੰਘ (ਗਿਆਨ ਮਿਸਾਲ) ੭੦-੭੧. ਬਾ. ਸੁੰਦਰ ਸਿੰਘ ਕੌਮੀ ਦੀਵਾਨਾ (੪) ੭੨-੭੩ ਬਾ. ਭਾ. ਸਾਹਿਬ ਭਾ. ਅਰਜਨ ਸਿੰਘ ਬਾਗੜੀਆਂ (੨) ੭੪. ਬਾ. (ਨਿਰਗੁਣੀਆਰੇ ਵਿਚ) ੭੫. ਬਾ. ਨਿਹਾਲ ਸਿੰਘ ਸ਼ਾਹਾਬੱਦੀ ੭੬. ਬਾ. ਅਮਰ ਸਿੰਘ (ਬਾ. ਕ੍ਰਿਸ਼ਣ ਗੋਪੀ) ੭੭. ਬਾ. ਲੱਧੂ ਰਾਮ ੭੮. ਬਾ. ਮਿਰਜ਼ਾ ਸਾਹਿਬਾਂ ੭੯. ਬਾ. ਗੁਲਾਮ ਹੁਸੈਨ ਕੇਲਿਆਂ ਵਾਲਾ ੮੦. ਬਾ. ਨਰੈਣ ਸਿੰਘ ੮੧. ਬਾ. ਨਿਆਜ਼ ੮੨. ਬਾ. ਪਰਦੇਸੀ ੮੩. ਬਾ. ਹਾਫਜ਼ ੮੪. ਬਾ. ਨੂਰਅਲੀ ਸ਼ਾਹ ੮੫. ਬਾ. ਪ੍ਰਿਥੀ ਦਾਸ (ਹਰਨੀ ਦੀ ਪੁਕਾਰ) ੮੬. ਬਾ. ਮੇਲਾ ਰਾਮ (ਹਿੰਦੂ ਪਾਣੀ) ੮੭. ਬਾ. ਠਾਕਰ ਸਿੰਘ (ਅਕਰੂਰ ਭਗਤ) ੮੮. ਬਾ. ਰਾਮਦਾਸ (ਬਾ. ਕ੍ਰਿਸ਼ਨ ਲੀਲਾ) ੮੯. ਬਾ. ਖੁਸ਼ੀ ਰਾਮ ਆਰਿਫ (੨) ੯੦. ਬਾ. ਮਹਾਤਮਾ ਗਾਂਧੀ (ਜਾਨ ਮੁਹੰਮਦ) ੯੧. ਬਾ. ਕਿਰਲੂ (ਅਮੀਰ ਅਲੀ) ੯੨. ਬਾ. ਗੁਫਰਾਨ ਅਹਿਮਦ ਕੁਰੈਸ਼ੀ (ਬਾ. ਹੀਰ) ੯੩. ਬਾ. ਹਰਨਾਮ ਸਿੰਘ ਉਪਦੇਸ਼ਕ (ਬਾ. ਕੁੜੀ ਵੇਚਾਂ) ੯੪. ਬਾ. ਸਾਵਣ ਦਾਸ (ਰਾਮ ਚੌਂਤਰੇ ਕਾ) ੯੫. ਬਾ. ਗੋਪਾਲ ਸਿੰਘ ੯੬. ਬਾ. ਉਤਾਰ ਸਿੰਘ (ਹਰੀ ਹਰ ਭਜਨ) ੯੭. ਬਾ, ਹਰੀਚੰਦ (ਲਾ. ਬੂਟਾ ਮੱਲ) ੯੮. ਬਾ. ਸੁਆਮੀ ਸੰਤ ਰਾਮ ਕਾ ੯੯. ਬਾ. ਸੁਆਮੀ ਬ੍ਰਹਿਮਾਨੰਦ ੧੦੦. ਬਾ. ਸੰਤ ਦਾਸ (ਬਾ. ਯਾਰ ਮਿਲਾਪ) ੧੦੧. ਬਾ. ਕੁੰਡਲੀਆ ਵਿਚ ੧੦੨. ਬਾ. ਸੀਹਰਫ਼ੀ ਸਤਕਰਤਾਰ ੧੦੩. ਬਾ. ਨਿਹਾਲ ਸਿੰਘ ਨਾਮਧਾਰੀ ੧੦੪. ਬਾ. ਕਾਲਾ ਸਿੰਘ ਨਾਮਧਾਰੀ ੧੦੫. ਬਾ. ਸੰਤ ਬੂਟਾ ਸਿੰਘ ਸਹਿੰਸਰਾਂ ੧੦੬. ਬਾ. ਸੰਤ ਧਿਆਨ ਸਿੰਘ ਕਾਦਰਾਬਾਦ ੧੦੭. ਬਾ. ਧਿਆਨ ਸਿੰਘ ਸੇਖਵਾਂ ੧੦੮. ਬਾ. ਪਾਨੀ (ਬਰਕਤ ਸਿੰਘ) ੧੦੯. ਬਾ. ਸ਼ਿਵਜੀ ੧੧੦. ਬਾ. ਉਮਰਦੀਨ ੧੧੧. ਬਾ. ਮੁਹੰਮਦੀ (ਜ਼ਹੂਰਦੀਨ) ੧੧੨. ਬਾ. ਗੰਗਾ ਰਾਮ ੧੧੩. ਬਾ. ਮਿਤ ਸਿੰਘ (ਵਿਯੋਗ ਦੇ ਸੱਲ) ੧੧੪. ਬਾ. ਮਨਸਾ ਦੇਵੀ ੧੧੫. ਬਾ. ਕਰਮ ਚੰਦ ੧੧੬. ਬਾ. ਚੰਦੂ ਲਾਲ ੧੧੭-੧੮. ਬਾ. ਮਿਲਖੀ ਰਾਮ (੫) ੧੧੯. ਬਾ. ਜੋਰਾ ਸਿੰਘ ੧੨੦ ਬਾ. ਕਵੀ ਰਾਮਦਾਸ (੨) ੧੨੧. ਬਾ. ਗੋਪਾਲ ਸਿੰਘ ੧੨੨. ਬਾ. ਬਾਬਾ ਸਾਹਿਬ ਸਿੰਘ ੧੨੩. ਬਾ. ਨਰਿੰਦਰ ਨਾਥ ੧੨੪. ਬਾ. ਮੋਹਨ ਸਿੰਘ ਚੰਦਨ ੧੨੫. ਬਾ. ਛੱਜੂ ਰਾਮ (ਕਿੱਸਾ ਦਿਉਰ ਭਾਬੀ) ੧੨੬. ਬਾ. ਕਿਸ਼ਨ ਸਿੰਘ ਜੀਵਾ ਸਿੰਘ ੧੨੭. ਬਾ. ਕੇਹਰ ਸਿੰਘ (ਕੇਹਰ ਕਟਾਰ) ੧੨੮. ਬਾ. ਚਰਨ ਸਿੰਘ ਚੱਕ ਨੰ. ੭੪ ੧੨੯-੩੦ ਬਾ. ਕਾਂਸ਼ੀ ਰਾਮ ਨਮੋਲ (੨) ੧੩੧. ਬਾ. ਕਾਂਸ਼ੀ ਰਾਮ (ਕਿੱਸਾ ਗੋਪੀ ਚੰਦ) ੧੩੨. ਬਾ. ਕੇਵਰ ਸਿੰਘ (ਕਿੱਸਾ ਧੰਨੀ) ੧੩੩. ਬਾ. ਚਕ੍ਰਧਾਰੀ ਬੇਜ਼ਰ ੧੩੪. ਬਾ. ਅੰਮ੍ਰਿਤਾ ਪ੍ਰੀਤਮ ੧੩੫. ਬਾ. ਪ੍ਰਭਜੋਤ ੧੩੬. ਬਾ. ਅਫਜ਼ਲ ਪ੍ਰਵੇਜ਼

## (ੲ) ਉਹ ਬਾਰਾਂਮਾਹੇ, ਜਿਨ੍ਹਾਂ ਦੀ ਮੁਕੰਮਲ ਨਕਲ ਮਿਲ ਨਹੀਂ ਸਕੀ:—

੧੩੭. ਬਾ. ਅਲੀ ਹੈਦਰ ੧੩੮. ਬਾ. ਹਾਸ਼ਮ ੧੩੯. ਬਾ. ਵਜੀਦ ੧੪੦. ਬਾ. ਗੁਲਾਮ ਫਰੀਦ ਮੁਲਤਾਨੀ ੧੪੧. ਬਾ. ਜੈ ਸਿੰਘ ੧੪੨, ਬਾ. ਸ਼ਾਹ ਮੁਹੰਮਦ ੧੪੩. ਬਾ. ਮਿਹਰ ਅਲੀ ੧੪੪. ਬਾ. ਪੀਰ ਹਾਫਜ਼ ਮੁਹੰਮਦ ਮੂਸਾ ੧੪੫. ਬਾ. ਮੁਹੰਮਦ ਫਾਜ਼ਲ ਜੇਹਲਮੀ



Sri Satguru Jagjit Singh Ji eLibrary NamdhariElibrary@gmail.com

੧੪੬. ਬਾ. ਮਟਕ ੧੪੭. ਬਾ. ਕਾਨ੍ਹ ਸਿੰਘ ਬੰਗਾ ੧੪੮. ਬਾ. ਬਲਵੰਤ ਸਿੰਘ ੧੪੯. ਬਾ. ਸਾਈਂ ਵਾਰਸ ੧੫੦. ਬਾ. ਸੇਵਾ ਸਿੰਘ ੧੫੧. ਬਾ. ਮੇਹਰ ਸਿੰਘ ੧੫੨. ਬਾ. ਮੁਹੰਮਦਦੀਨ ੧੫੩-੫੪. ਬਾ. ਮੁਹੰਮਦ ਅਸ਼ਰਫ (੨) ੧੫੫. ਬਾ. ਗੁਲਾਮ ਰਸੂਲ।

(ਸ) ਉਹ ਬਾਰਾਂਮਾਸੇ, ਜੋ ਗੁਰਮੁਖੀ ਜਾਂ ਫਾਰਸੀ ਅੱਖਰਾਂ ਵਿਚ ਲਿਖੇ ਤਾਂ ਮਿਲਦੇ ਹਨ, ਪਰ ਹਨ ਹਿੰਦੀ ਜਾਂ ਹਿੰਦੁਸਤਾਨੀ ਰੰਗ ਦੇ:—

੧੫੬. ਬਾ. ਨੱਥ ਮੱਲ ੧੫੭. ਬਾ ਕ੍ਰਿਸ਼ਣ ਗੋਪੀਆਂ (ਗੁਰੂ ਗੋਬਿੰਦ ਸਿੰਘ) ੧੫੮. ਬਾ. ਖੈਰੇ ਸ਼ਾਹ ੧੫੯. ਬਾ. ਬੇਨੀ ਮਾਧੋ ੧੬੦. ਬਾ. ਅਫਜ਼ਲ ਪਾਨੀਪਤੀ ੧੬੧. ਬਾ. ਪਾਨੀ ੧੬੨. ਬਾ. ਹਾਜੀ ਵਾਰਸ ਅਲੀ ਸ਼ਾਹ ੧੬੩. ਬਾ. ਸੁੰਦਰ ਕਲੀ ੧੬੪. ਬਾ. ਅਲ੍ਹਾ ਬਖਸ਼ ੧੬੫. ਬਾ. ਵਹਾਬ ੧੬੬. ਬਾ. ਮਕਸੂਦ ੧੬੭. ਬਾ. ਅਜ਼ਮਤ ੧੬੮. ਬਾ. ਨਿਆਮਤ ੧੬੯-੧੭੯ ਬਾ. ਮਜੀਦ (੧੧) ੧੮੦. ਬਾ. ਮੌਲਾਨਾ ਅਬਦੁਲਮਜੀਦ ਖਾਂ ੧੮੧. ਬਾ. ਸੰਜੋਗੀ ਬੁਧ ਸਿੰਘ ੧੮੨. ਬਾ. ਕ੍ਰਿਸ਼ਣ ਕਾ (ਬੁਧ ਸਿੰਘ) ੧੮੩. ਬਾ. ਸੁੰਦਰ ਦਾਸ (ਕ੍ਰਿਸ਼ਣ ਕਾ) ੧੮੪. ਬਾ. ਟਾਮਦਾਸ (ਕ੍ਰਿਸ਼ਣ ਕਾ) ੧੮੫. ਬਾ. ਸੁੰਦਰ ਸਿੰਘ (ਕ੍ਰਿਸ਼ਣ ਕਾ) ੧੮੬. ਬਾ. ਸੁੰਦਰ ਸਿੰਘ (ਜੀਵ ਸਿਖਿਆ ਕਾ) ੧੮੭. ਬਾ. ਹਰਸਹਾਇ (ਕ੍ਰਿਸ਼ਣ ਕਾ) ੧੮੮. ਬਾ. ਮਹਾਂਦੇਵ ੧੮੯ ਬਾ. ਚਿੰਤਾ ਕਾ ੧੯੦ ਬਾ. ਭਰਥ ਜੀ ਕਾ ੧੯੧ ਬਾ. ਸੰਜੋਗੀ ਗੁਰਦਿਆਲ ਸਿੰਘ ੧੯੨. ਬਾ. ਸਤੀ ਸਿੰਘ ਕਾ ੧੯੩. ਬਾ. ਸੀਤਾ ਦਾ (ਕੇਸਰ ਸਿੰਘ) ੧੯੪. ਬਾ. ਬਾਘ ਸਿੰਘ ੧੯੫. ਬਾ. ਸ੍ਰੀ ਕ੍ਰਿਸ਼ਣ ਰਾਸ ਮੰਡਲੀ ਕੇ (ਪੰ. ਤੇਜਾ ਸਿੰਘ) ੧੯੬. ਬਾਰਾਂਮਾਹ ਸਾਹਿਬ ਸਿੰਘ ੧੯੭. ਬਾ: ਕ੍ਰਿਸ਼ਣ ਜੀ ਕਾ (ਸਾਹਿਬ ਸਿੰਘ) ੧੯੮. ਬਾ. ਸ੍ਰੀ ਗੁਰੂ ਸਾਹਿਬ ਸਿੰਘ ਜੀ ਕਾ (ਲਾਲ ਕਵੀ) ੧੯੯. ਬਾ. ਸ੍ਰੀ ਗੁਰੂ ਸੂਰਜ ਸਿੰਘ ਸਾਹਿਬ ਜੀ ਕਾ (ਲਾਲ ਕਵੀ) ੨੦੦. ਬਾ. ਕ੍ਰਿਸ਼ਣ (ਦੀਦਾਰ ਸਿੰਘ) ੨੦੧. ਬਾ. ਕਵੀ ਧਰਮ ਸਿੰਘ ੨੦੨. ਬਾ. ਸ੍ਰੀ ਗੁਰਦੁਆਦਸ਼ ਦਰਸ਼ਨ (ਸੰਤ ਹਰੀਦਾਸ) ੨੦੩. ਬਾ. ਸ੍ਰੀ ਗੁਰੂ ਨਾਨਕ ਜੀ ਕਾ ੨੦੪. ਬਾ. ਸ੍ਰੀ ਗੁਰੂ ਜੀ ਕਾ ੨੦੫. ਬਾ. ਸ੍ਰੀ ਅੰਮ੍ਰਿਤਸਰ ਕਾ ੨੦੬. ਬਾ. ਵੇਦਾਂਤ (ਸੰਤ ਦਲ ਸਿੰਘ) ੨੦੭. ਬਾ. ਇਲਾਇਚੀ ਰਾਮ (੨)।

ਇਕਮਾਹੇ—੨੦੮ ਬਾ: ਮਹਿਮੂਦ ਗੁਜਰ ੨੦੯ ਬਾ. ਜਾਨ ਮੁਹੰਮਦ ੨੧੦ ਬਾ. ਸਾਵਣ ਯਾਰ ੨੧੧ ਬਾ. ਬੁਧ ਸਿੰਘ ੨੧੨ ਬਾ. ਨਰੈਣ ਸਿੰਘ।

## ਬਾਰਾਂਮਾਹਿਆਂ ਦੇ ਭੇਦ

ਮੋਟੇ ਤੌਰ ਤੇ ਅਸੀਂ ਵਿਸ਼ੇ ਦੇ ਲਿਹਾਜ਼ ਨਾਲ ਇਨ੍ਹਾਂ ਸਾਰਿਆਂ ਬਾਰਾਂਮਾਹਿਆਂ ਨੂੰ ਚਾਰ ਹਿਸਿਆਂ ਵਿਚ ਵੰਡ ਸਕਦੇ ਹਾਂ—

੧. ਪ੍ਰੇਮਾਤਮਕ  ੨. ਉਪਦੇਸ਼ਾਤਮਕ

੩. ਪ੍ਰਸੰਗਾਤਮਕ  ੪. ਫੁਟਕਲ

ਸਭ ਤੋਂ ਵਧੇਰੇ ਗਿਣਤੀ ਪ੍ਰੇਮਾਤਮਕ ਬਾਰਾਂਮਾਹਿਆਂ ਦੀ ਹੈ, ਜੋ ਕਿ ਇਸ ਕਾਵਿ-ਰੂਪ ਦੇ ਗੁਣ ਕਰਮ ਅਨੁਸਾਰ ਅਸਲੀ ਬਾਰਾਂਮਾਹੇ ਕਹਾਉਣ ਦਾ ਹੱਕ ਰਖਦੇ ਹਨ। ਇਨ੍ਹਾਂ ਵਿਚ ਪ੍ਰੇਮ-ਬ੍ਰਿਹਾ ਦੇ ਭਾਵ ਆਪਣੇ ਆਪਣੇ ਮਹਿਬੂਬ ਦੁਆਲੇ ਘੁੰਮਦੇ



Sri Satguru Jagjit Singh Ji eLibrary NamdhariElibrary@gmail.com

ਅੰਤ ਮਿਲਾਪ ਦੀ ਧੁਨ ਛੇੜਦੇ ਹਨ। ਯਥਾਯੋਗ, ਕਵੀ ਦੀ ਕਲਾ-ਸਮਰੱਥਾ ਅਨੁਸਾਰ ਇਨ੍ਹਾਂ ਵਿਚ ਪ੍ਰਕ੍ਰਿਤੀ-ਚਿਤ੍ਰਣ ਦਾ ਰੰਗ ਵੀ ਮਿਲਦਾ ਹੈ। ਪ੍ਰੇਮਾਤਮਕ ਬਾਰਾਂਮਾਹਿਆਂ ਵਿਚ ਵਧੇਰੇ ਗਿਣਤੀ ਕ੍ਰਿਸ਼ਣ ਜੀ ਦੇ ਬਾਰਾਂਮਾਹਿਆਂ ਦੀ ਹੈ, ਭਾਵੇਂ ਗੁਰੂ ਸਾਹਿਬਾਨ, ਹਜ਼ਰਤ ਮੁਹੰਮਦ, ਸ੍ਰੀ ਰਾਮਚੰਦ੍ਰ, ਹੀਰ, ਸੋਹਣੀ, ਸੱਸੀ ਤੇ ਢੋਲ ਸੰਮੀ ਆਦਿ ਦੇ ਵੀ ਬਾਰਾਂਮਾਹੇ ਮਿਲਦੇ ਹਨ, ਪਰੰਤੂ ਕ੍ਰਿਸ਼ਣ ਰਾਧਾ ਦੇ ਪ੍ਰੇਮ ਦੀ ਚਰਚਾ ਬਾਰਾਂਮਾਹਿਆਂ ਦਾ ਪ੍ਰਧਾਨ ਵਿਸ਼ਾ ਰਹੀ ਹੈ। ਇਕ ਤਾਂ ਇਸ ਦਾ ਵਡਾ ਕਾਰਨ ਇਹ ਹੈ ਕਿ ਹਿੰਦੀ ਬਾਰਾਂਮਾਸਿਆਂ ਨੂੰ ਵੀ ਇਹੋ ਢੁਕਵਾਂ ਮਜ਼ਮੂਨ ਮਿਲਿਆ ਕਿ ਉਹ ਕਾਨ੍ਹ ਪ੍ਰਤੀ ਗੋਪੀਆਂ ਦਾ ਬਿਰਹੁੰ ਬਿਆਨ ਕਰਕੇ ਇਸ ਦਾ ਕਲੇਵਰ ਤਿਆਰ ਕਰਨ। ਇਹ ਮਜ਼ਮੂਨ ਇਤਨਾ ਪ੍ਰਸਿਧ ਹੋਇਆ ਕਿ ਉਤਰੀ ਭਾਰਤ ਦੇ ਸਾਰੇ ਸਾਹਿੱਤਾਂ ਵਿਚ ਇਸ ਦੇ ਬੀਜ ਖਿਲਰ ਗਏ। ਪੰਜਾਬੀ ਬਾਰਾਂਮਾਹਿਆਂ ਦੀ ਰਚਨਾ ਉਤੇ ਵੀ ਇਸ ਦਾ ਪ੍ਰਭਾਵ ਪਿਆ। ਜੇਕਰ ਹੋਰ ਵੀ ਪ੍ਰੇਮਾਤਮਕ ਬਾਰਾਂਮਾਹੇ ਲਿਖੇ ਗਏ ਤਾਂ ਵੀ ਪ੍ਰਤੀਕਾਤਮਕ ਰੂਪ ਵਿਚ ਕਾਨ੍ਹ ਗੋਪੀਆਂ ਦਾ ਵਰਣਨ ਉਨ੍ਹਾਂ ਵਿਚ ਜ਼ਰੂਰ ਆ ਗਿਆ। ਗੋਪੀ-ਬਿਰਹਾ ਨੇ ਹਿੰਦੀ ਦੇ ਵਿਯੋਗ ਸ਼ਿੰਗਾਰ ਦੇ ਸਾਹਿਤ ਨੂੰ ਬੜਾ ਕੁਝ ਦਿਤਾ ਹੈ ਤੇ ਇਸ ਦਾ ਗੁਆਂਢੀ ਸਾਹਿਤਾਂ ਉੱਤੇ ਵੀ ਪ੍ਰਭਾਵ ਪਿਆ ਹੈ। ਦਰਅਸਲ ਬਾਰਾਂਮਾਹ ਦਾ ਵਿਸ਼ਾ ਬਿਰਹਾ ਦੀ ਮੰਗ ਕਰਦਾ ਹੈ, ਇਸੇ ਕਰ ਕੇ ਜੇ ਸ੍ਰੀ ਰਾਮਚੰਦ੍ਰ ਜੀ ਦਾ ਬਾਰਾਂਮਾਹ ਲਿਖਿਆ ਗਿਆ ਤਾਂ ਉਥੇ ਭਰਥ ਦੀ ਬਿਰਹੁੰ-ਤੜਪਦੀ ਆਤਮਾ ਹੀ ਸਾਰੀ ਰਚਨਾ ਦੀ ਰੂਹ ਬਣਦੀ ਹੈ। ਜੇ ਹਜ਼ਰਤ ਮੁਹੰਮਦ ਬਾਰੇ ਮੁਸਲਮਾਨ ਕਵੀਆਂ ਬਾਰਾਂਮਾਹ ਲਿਖੇ ਤਾਂ ਉਹ ਵੀ ਇਹੋ ਬਿਰਹਾ ਦਾ ਰਾਗ ਅਲਾਪਦੇ ਹਨ ਕਿ ਉਨ੍ਹਾਂ ਨੂੰ ਮੱਕਾ ਸ਼ਰੀਫ ਵਾਲੇ ਨਬੀ ਦੇ ਦੀਦਾਰ ਕਿਉਂ ਨਸੀਬ ਨਹੀਂ ਹੁੰਦੇ, ਉਨ੍ਹਾਂ ਦੀ ਪੰਜਾਬ ਵਿਚ ਬੈਠੀ ਰੂਹ ਤਾਂ ਮੱਕੇ ਮਦੀਨੇ ਲਈ ਪਈ ਵਿਲਕਣੀਆਂ ਲੈ ਰਹੀ ਹੈ। ਇਵੇਂ ਜਿਵੇਂ ਜਦੋਂ ਨਾਮਧਾਰੀ ਲਹਿਰ ਦੇ ਮੋਢੀ ਬਾਬਾ ਰਾਮ ਸਿੰਘ ਜੀ ਨੂੰ ਜਲਾਵਤਨ ਕਰਕੇ ਰੰਗੂਨ ਭੇਜ ਦਿਤਾ ਗਿਆ ਤਾਂ ਕੁਝਕੁ ਸ਼ਰਧਾਲੂ ਕਵੀਆਂ ਇਸੇ ਵਿਯੋਗ-ਵਰਨਣ ਨੂੰ ਬਾਰਾਂਮਾਹ ਦਾ ਰੂਪ ਦਿਤਾ, ਜਿਨ੍ਹਾਂ ਵਿਚ ਕਿਤੇ ਕਿਤੇ ਦਰਦ ਦਾ ਰੰਗ ਚੰਗਾ ਉਘੜਿਆ ਹੈ। ਭਾਈ ਨਿਹਾਲ ਸਿੰਘ ਕ੍ਰਿਤ ਬਾਰਾਂਮਾਹ ਦਾ ਅੰਤਲਾ ਛੰਦ ਹੈ—

ਫੱਗਣ ਫੇਰ ਕਦੀ ਆਵੀਂ ਮੁਖ ਆਪਣਾ ਵਿਖਾਵੀਂ,  
ਦਿਨੇ ਚੈਨ ਨਹੀਂ ਆਵੇ ਤੇਰੀ ਸੰਗਤ ਕੁਰਲਾਂਵਦੀ।  
ਬੁਰਾ ਮੀਤ ਦਾ ਵਿਛੋੜਾ ਜਿਵੇਂ ਜਿਗਰ ਵਿਚ ਫੋੜਾ,  
ਦਿਨੇ ਰਾਤ ਇਹੀ ਝੋਰਾ, ਕੋਈ ਗੱਲ ਨਹੀਂ ਭਾਂਵਦੀ।  
ਹੋਈ ਹਾਲ ਤੋਂ ਬੇਹਾਲ ਖੁਲ੍ਹੇ ਗਲ ਵਿਚ ਵਾਲ,  
ਫਿਰ ਥੱਕੀ ਢੂੰਡ ਭਾਲ, ਨੈਣੀਂ ਨੀਂਦ ਨਹੀਂ ਆਂਵਦੀ।  
ਨਿਹਾਲ ਸਿੰਘ ਔਗੁਣਹਾਰ, ਆਇਆ ਤੇਰੇ ਦਰਬਾਰ,  
ਗੁਰੂ! ਭੁਲ ਚੁਕ ਮਾਫ ਸੰਗਤ ਸੀਸ ਹੈ ਨਿਵਾਂਵਦੀ।



Sri Satguru Jagjit Singh Ji eLibrary NamdhariElibrary@gmail.com

ਇਹੋ ਹਾਲ ਹੀਰ, ਸੋਹਣੀ, ਸੱਸੀ ਤੇ ਢੋਲ ਸੰਮੀ ਆਦਿ ਦੇ ਬਾਰਾਂਮਾਹਿਆਂ ਦਾ ਹੈ, ਜਿਨ੍ਹਾਂ ਦੇ ਨਮੂਨੇ ਪਾਠਕ ਆਪ ਅਗੇ ਵੇਖ ਸਕਦੇ ਹਨ। ਬਾਰਾਂਮਾਹ ਰਚਣਹਾਰ ਨਿਪੁੰਨ ਕਵੀਆਂ ਨੇ ਸਦਾ ਬਿਰਹੁੰ ਵਿਯੋਗ ਦੇ ਮਸਲੇ ਨੂੰ ਹੀ ਇਸਦਾ ਸਹੀ ਵਿਸ਼ਾ ਜਾਣਿਆ ਤੇ ਇਸੇ ਨੂੰ ਉਨ੍ਹਾਂ ਮਹੀਨਿਆਂ ਦੇ ਚੌਖਟੇ ਵਿਚ ਜੜ ਕੇ ਪੇਸ਼ ਕੀਤਾ ਹੈ।

ਜਦੋਂ ਇਹ ਕਾਵਿ ਰੂਪ ਸਾਹਿਤ ਵਿਚ ਵਧੇਰੇ ਪ੍ਰਚਲਤ ਹੋ ਗਿਆ ਤਾਂ ਇਸ ਦਾ ਖੇਤਰ ਵੀ ਜ਼ਰਾ ਮੋਕਲਾ ਕੀਤਾ ਜਾਣ ਲੱਗਾ। ਗਿਆਨ ਵੈਰਾਗ ਦੀ ਸਿਖਿਆ ਦੇਣ ਵਾਲੇ ਕਈ ਉਪਦੇਸਾਤਮਕ ਬਾਰਾਂਮਾਹ ਵੀ ਲਿਖੇ ਗਏ। ਇਸ ਤੋਂ ਇਕ ਗੱਲ ਜ਼ਰੂਰ ਸਪਸ਼ਟ ਹੁੰਦੀ ਹੈ ਕਿ ਬਾਰਾਂਮਾਹ ਕਾਵਿਰੂਪ ਨੂੰ ਬਹੁਤ ਵਡਿਆਈ ਮਿਲੀ ਤੇ ਇਹ ਲੋਕਾਂ ਦਾ ਅਤੀ ਪ੍ਰਿਯ ਸਮਝਿਆ ਗਿਆ। ਇਸੇ ਕਰਕੇ ਕਈ ਕਵੀਆਂ ਨਿਕੇ ਨਿਕੇ ਪ੍ਰੇਮ, ਵੈਰਾਗ ਦੇ ਪ੍ਰਸੰਗ ਵੀ ਬਾਰਾਂਮਾਹਿਆਂ ਦੀ ਚੌਗਾਠ ਵਿਚ ਹੀ ਜੜ ਦਿਤੇ ਜਿਵੇਂ ਕਿ ਕਿੱਸਾ ਗੋਪੀ ਚੰਦ (ਕਾਂਸ਼ੀ ਰਾਮ), ਸੋਹਣੀ ਗੰਗਾ ਰਾਮ, ਪੂਰਨ ਭਗਤ (ਕਲਿਆਨ ਦਾਸ ਵ ਰਾਮ ਨਾਰਾਇਣ)। ਭਾਵੇਂ ਅਸੀਂ ਜਾਣਦੇ ਹਾਂ ਕਿ ਇਨ੍ਹਾਂ ਉਪਦੇਸ਼ਾਤਮਕ ਤੇ ਪ੍ਰਸੰਗਾਤਮਕ ਬਾਰਾਂਮਾਹਿਆਂ ਵਿਚ ਬਾਰਾਂ ਮਹੀਨਿਆਂ ਦਾ ਕੇਵਲ ਨਾਂ ਹੀ ਵਰਤਿਆ ਗਿਆ ਹੈ, ਤੇ ਕਿਸੇ ਮਹੀਨੇ ਦਾ ਪ੍ਰਕ੍ਰਿਤੀ ਚਿਤ੍ਰਣ ਕਰਕੇ ਬਾਰਾਂਮਾਹ ਦਾ ਅਸਲੀ ਕ੍ਰੈਕਟਰ ਨਹੀਂ ਉਘਾੜਿਆ ਗਿਆ ਤੇ ਨਾ ਹੀ ਬਿਰਹਾ ਉਤੇ ਜ਼ੋਰ ਦਿਤਾ ਗਿਆ ਹੈ, ਫਿਰ ਵੀ ਢਾਂਚਾ ਜ਼ਰੂਰ ਬਾਰਾਂ ਘਰਾਂ ਵਾਲਾ ਰਖਕੇ ਸਾਂਗ ਉਤਾਰਣ ਦੀ ਕੋਸ਼ਸ਼ ਕੀਤੀ ਗਈ ਹੈ।

ਕੁਝ ਐਸੇ ਬਾਰਾਂਮਾਹ ਵੀ ਰਚੇ ਗਏ ਹਨ, ਜੋ ਇਨ੍ਹਾਂ ਭੇਦਾਂ ਦੀ ਸੀਮਾਂ ਤੋਂ ਵੀ ਬਾਹਰ ਚਲੇ ਜਾਂਦੇ ਹਨ, ਜਿਵੇਂ ਬਾਰਾਂਮਾਹ ਭਾਈ ਬੀਰ ਸਿੰਘ। ਇਸ ਵਿਚ ਬਾਰਾਂਮਾਹ ਦੇ ਸ਼ਿੰਗਾਰੀ ਕਾਵਿ ਰੂਪ ਨੂੰ ਬੀਰਰਸ ਲਈ ਵਰਤ ਕੇ ਨਵਾਂ ਤਜਰਬਾ ਕੀਤਾ ਗਿਆ ਹੈ ਭਾਵੇਂ ਕਵੀ ਦੀ 'ਅੰਮ੍ਰਿਤਸਰ ਦੇ ਦਰਸਨ ਇਸ਼ਨਾਨ ਲਈ ਲੋਚਾ' ਵੀ ਬਿਰਹੁੰ ਉਤਕੰਠਾ ਦੇ ਭਾਵ ਜਗਾਉਂਦੀ ਹੈ। ਇਸੇ ਤਰ੍ਹਾਂ ਦਾ ਭਾਈ ਰਾਮ ਸਿੰਘ ਰਚਿਤ ਬਾਰਾਂਮਾਹ ਹੈ। ਇਹ ਤੇ ਅਜਿਹੀਆਂ ਹੋਰ ਰਚਨਾਵਾਂ ਇਸ ਗੱਲ ਦੀ ਪੁਸ਼ਟੀ ਲਈ ਇਕ ਚੰਗਾ ਨਿੱਗਰ ਪ੍ਰਮਾਣ ਹਨ ਕਿ ਬਾਰਾਂਮਾਹ ਕਾਵਿਰੂਪ ਸਾਡੀ ਰੋਮਾਂਟਕ ਕਾਵਿਧਾਰਾ ਦਾ ਤਾਂ ਗਹਿਣਾ ਸੀ ਹੀ, ਇਹ ਆਪਣੀ ਲੋਕ-ਪ੍ਰਿਯਤਾ ਸਦਕੇ ਹੋਰ ਖੇਤਰਾਂ ਵਿਚ ਵੀ ਆਪਣਾ ਪ੍ਰਭਾਵ ਜਮਾਉਂਦਾ ਆਇਆ ਹੈ।

ਇਕ ਗੱਲ ਹੋਰ ਵੀਚਾਰਨ ਵਾਲੀ ਹੈ ਕਿ ਬਾਰਾਂਮਾਹ ਰਚਣਹਾਰ ਕਵੀਆਂ ਵਿਚ ਅਰੰਭਕ ਮਹੀਨੇ ਦਾ ਕਾਫੀ ਭੇਦ ਪਾਇਆ ਜਾਂਦਾ ਹੈ, ਕਿਸੇ ਚੇਤ ਤੋਂ ਸ਼ੁਰੂ ਕੀਤਾ ਹੈ ਤੇ ਕਿਸੇ ਹਾੜ, ਅੱਸੂ ਜਾਂ ਕੱਤਕ ਤੋਂ। ਆਮ ਤੌਰ ਤੇ ਬਹੁਤੇ ਬਾਰਾਂਮਾਹੇ ਚੇਤ ਤੋਂ ਹੀ ਸ਼ੁਰੂ ਹੁੰਦੇ ਹਨ ਜੋ ਕਿ ਬਿਕ੍ਰਮੀ ਤੇ ਸਾਕਾ ਸੰਮਤ ਦਾ ਪਹਿਲਾ ਮਹੀਨਾ ਹੈ। ਜੋ ਬਾਰਾਂਮਾਹ ਹਾੜ ਤੋਂ ਸ਼ੁਰੂ ਹੁੰਦੇ ਹਨ, ਉਸ ਦਾ ਕਾਰਣ 'ਖਟ ਰਿਤੂ ਵਰਨਣ' ਦਾ ਪ੍ਰਭਾਵ ਹੈ। ਰੁਤਾਂ ਵਿਚੋਂ ਸਭ ਤੋਂ ਪਹਿਲਾਂ ਗ੍ਰੀਖਮ ਦਾ ਵਰਣਨ ਕੀਤਾ ਜਾਂਦਾ ਹੈ ਤੇ



Sri Satguru Jagjit Singh Ji eLibrary NamdhariElibrary@gmail.com

ਕਾਲੀਦਾਸ ਨੇ ਵੀ ਆਪਣੇ 'ਰਿਤੂ ਸੰਹਾਰ' ਵਿਚ ਐਸਾ ਹੀ ਕੀਤਾ ਹੈ। ਹਿੰਦੀ ਵਿਚ ਜੋ 'ਰਿਤੂ ਵਰਣਨ' ਲਿਖੇ ਗਏ, ਉਨ੍ਹਾਂ ਵਿਚ ਵੀ ਇਸੇ ਪਰੰਪਰਾ ਨੂੰ ਅਪਣਾਇਆ ਗਿਆ। ਇਸ ਦਾ ਅਸਰ ਇਹ ਹੋਇਆ ਕਿ ਕਈ ਕਵੀਆਂ ਬਾਰਾਂਮਾਹ ਦੀ ਰਚਨਾ ਕਰਨ ਲੱਗਿਆਂ ਹਾੜ ਤੋਂ ਅਰੰਭ ਕੀਤਾ। ਕੁਝ ਕਵੀਆਂ ਦੇ ਬਾਰਾਂਮਾਹ ਅੱਸੂ ਤੋਂ ਤੁਰਦੇ ਹਨ ਜਿਵੇਂ ਬਾਰਾਂਮਾਹ ਬੁਲ੍ਹੇਸ਼ਾਹ। ਬਾਦਸ਼ਾਹ ਅਕਬਰ ਦਾ ਚਲਾਇਆ ਫਸਲੀ ਸਾਲ ਅੱਸੂ ਤੋਂ ਹੀ ਸ਼ੁਰੂ ਹੁੰਦਾ ਹੈ। ਮਾਲੂਮ ਹੁੰਦਾ ਹੈ, ਇਸੇ ਢਾਂਚੇ ਨੂੰ ਅੱਗੇ ਰੱਖ ਕੇ ਇਸ ਤਰ੍ਹਾਂ ਦੇ ਬਾਰਾਂਮਾਹ ਲਿਖੇ ਗਏ। ਦੱਖਣੀ ਹਿੰਦੁਸਤਾਨ ਵਿਚ ਬਿਕ੍ਰਮੀ ਸੰਮਤ ਦਾ ਅਰੰਭ ਚੇਤ ਦੀ ਥਾਂ ਕੱਤਕ ਤੋਂ ਗਿਣਿਆ ਜਾਂਦਾ ਹੈ, ਇਸ ਲਈ ਕਈ ਹਿੰਦੀ ਕਵੀਆਂ ਕੱਤਕ ਦੇ ਮਹੀਨੇ ਤੋਂ ਬਾਰਾਂਮਾਹ ਦਾ ਮੁੱਢ ਰਖਿਆ ਹੈ। ਸੋ ਇਹ ਮਹੀਨਿਆਂ ਦਾ ਫਰਕ ਕੇਵਲ ਸਾਲ ਸੰਮਤਾਂ ਦੀ ਚਲਦੀ ਰੀਤ ਨੂੰ ਸਾਮ੍ਹਣੇ ਰਖਕੇ ਕੀਤਾ ਗਿਆ ਹੈ,ਹੋਰ ਇਸ ਵਿਚ ਕੋਈ ਵੱਖਰੀ ਨੀਤੀ ਜਾਂ ਨਿਸ਼ਾਨਾ ਨਹੀਂ ਜਾਪਦਾ।

ਉਪ੍ਰੋਕਤ ਵੀਚਾਰ ਤੋਂ ਇਹ ਤਾਂ ਸਪਸ਼ਟ ਹੈ ਬਾਰਾਂਮਾਹ ਲਿਖਣਹਾਰ ਕਵੀਆਂ ਦੀ ਆਮ ਗਿਣਤੀ ਚੇਤ,ਵਿਸਾਖ ਆਦਿ ਦੇਸੀ ਮਹੀਨਿਆਂ ਦਾ ਪ੍ਰਯੋਗ ਕਰਕੇ ਲਿਖਣ ਵਾਲਿਆਂ ਦੀ ਹੈ ਪਰ ਇਕ ਦੋ ਐਸੇ ਕਵੀ ਵੀ ਹਨ ਜਿਨ੍ਹਾਂ ਨਿਰਾਲੀ ਚਾਲ ਦਿਖਾਈ ਹੈ; ਜਿਵੇਂ ਚੰਨਣਦੀਨ ਨੇ ਅਰਬੀ ਮਹੀਨਿਆਂ ਦੇ ਅਧਾਰ ਤੇ ਬਾਰਾਂਮਾਹ ਲਿਖਿਆ ਹੈ ਤੇ ਗੋਪਾਲ ਸਿੰਘ ਨੇ ਆਪਣੀ 'ਹੀਰ' (੧੮੭੬ ਈ.) ਵਿਚ ਜੋ ਬਾਰਾਂਮਾਹ ਰਚਕੇ ਪੇਸ਼ ਕੀਤਾ ਹੈ, ਉਸ ਵਿਚ ਅੰਗ੍ਰੇਜ਼ੀ, ਦੇਸੀ ਤੇ ਅਰਬੀ ਤਿੰਨੇ ਸੰਮਤਾਂ ਦੇ ਮਹੀਨਿਆਂ ਨੂੰ ਇਕੱਠਾ ਕੀਤਾ ਹੈ ਤੇ ਨਾਲੇ ਮੁਢ ਵਿਚ ਹੀਰ ਦੇ ਵਿਰਲਾਪ ਦਾ ਸਾਲ ਦਿਤਾ ਹੈ, ਜੋ ਇਸ ਘਟਨਾ ਦੇ ਸਮੇਂ ਤੇ ਵੀ ਚਾਨਣ ਪਾਉਂਦਾ ਹੈ:–

'ਪੋਹ ਜਨਵਰੀ ਤੇ ਜ਼ਿਲਹਿਜ ਆਇਆ, ਬਾਰਾਂ ਸੈ ਛਿਹੱਤ੍ਰਾ ਸਾਲ ਰਾਂਝਾ
ਹਿਜਰੀ ਛੇ ਸੌ ਬਾਨਵੇ ਹੋਈ ਪੂਰੀ, ਮੈਨੂੰ ਤੁਸਾਂ ਦਾ ਦੁਖ ਕਮਾਲ ਰਾਂਝਾ
ਤੇਰਾਂ ਸੈ ਬੱਤੀ ਸੀ ਹੋਇਆ ਸੰਮਤ, ਨਹੀਂ ਦੇਖਦਾ ਆਣ ਕੇ ਹਾਲ ਰਾਂਝਾ
ਤੇਰੇ ਇਸ਼ਕ ਦੇ ਵਿਚ ਗੋਪਾਲ ਸਿੰਘਾ, ਹੋਈ ਮੈਂ ਕੰਪਾਸ ਕੰਗਾਲ ਰਾਂਝਾ।੯੬।

'ਇਕਮਾਹਾ' ਵੀ ਬਾਰਾਂਮਾਹ ਦੀ ਸ਼ਾਖ ਹੀ ਸਮਝਣਾ ਚਾਹੀਦਾ ਹੈ, ਭਾਵੇਂ ਇਹ ਬਹੁਤੇ ਨਹੀਂ ਲਿਖੇ ਗਏ ਫਿਰ ਵੀ ਇਨ੍ਹਾਂ ਦੀ ਪਿਰਤ ਪੁਰਾਣੀ ਲਗਦੀ ਹੈ, ਮਾਸਊਦ ਨੇ 'ਨਾਮ ਰੋਜ਼ਹਾਏ ਫਰਸ' ਨਾਂ ਦਾ ਫਾਰਸੀ ਇਕਮਾਹਾ ਲਿਖਿਆ ਹੈ। ਸਭ ਤੋਂ ਪੁਰਾਣਾ ਪੰਜਾਬੀ ਇਕਮਾਹਾ ਮਹਿਮੂਦ ਗੁੱਜਰ ਕਵੀ ਦਾ ਹੈ ਜੋ ਕਿ ਮੋਤੀ ਬਾਗ਼ ਲਾਇਬ੍ਰੇਰੀ ਪਟਿਆਲਾ ਦੀ ਹਥ-ਲਿਖਤ ਨੰਬਰ ੮੨ ਵਿਚ ਦਰਜ ਹੈ। ਇਸ ਤੋਂ ਪਿਛੋਂ ਸਾਵਣਯਾਰ, ਜਾਨ ਮੁਹੰਮਦ, ਬੁਧ ਸਿੰਘ ਤੇ ਨਰੈਣ ਸਿੰਘ ਆਦਿ ਦੇ ਵੀ ਇਕਮਾਹੇ ਮਿਲਦੇ ਹਨ।

## ਬਾਰਾਂਮਾਹ ਦਾ ਛੰਦ

ਜਿਸ ਤਰ੍ਹਾਂ ਵਾਰ ਕਾਵਿ-ਰੂਪ ਲਈ ਪਉੜੀ ਦਾ ਬਹਿਰ ਨਿਸਚਿਤ ਹੈ, ਭਾਵੇਂ



Sri Satguru Jagjit Singh Ji eLibrary NamdhariElibrary@gmail.com

ਉਹ ਕਈ ਕਿਸਮ ਦਾ ਹੈ। ਇਸ ਤਰ੍ਹਾਂ ਬਾਰਾਂਮਾਹ ਵਾਸਤੇ ਕੋਈ ਨਿਸਚਤ ਮੀਟਰ ਜਾਂ ਛੰਦ ਨਹੀਂ। ਬਾਰਾਂਮਾਹ-ਸਾਹਿਤ ਵਿਚ ਅਨੇਕ ਭਾਂਤ ਦੇ ਛੰਦਾਂ ਦੀ ਵਰਤੋਂ ਮਿਲਦੀ ਹੈ। ਪੁਰਾਣੇ ਬਾਰਾਂਮਾਹੇ ਜ਼ਿਆਦਾਤਰ 'ਛੰਦ' ਜਾਂ 'ਛੰਤ' ਮੀਟਰ ਵਿਚ ਲਿਖੇ ਗਏ ਹਨ, ਭਾਵੇਂ ਉਨ੍ਹਾਂ ਦੀ ਵੀ ਇਕ ਕਿਸਮ ਨਹੀਂ, ਜੈਸਾ ਕਿ ਅਗੇ ਦਿਤੇ ਬਾਰਾਂਮਾਹਿਆਂ ਤੋਂ ਸਪਸ਼ਟ ਹੈ। ਇਸਤੋਂ ਇਲਾਵਾ ਵਧੇਰੇ ਬਾਰਾਂਮਾਹੇ ਦਵਈਏ ਜਾਂ ਡਿਉਢ ਵਿਚ ਲਿਖੇ ਮਿਲਦੇ ਹਨ ਤੇ ਇਹ ਛੰਦ ਕਾਫੀ ਪ੍ਰਚਲਤ ਰਿਹਾ ਹੈ। ਬੈਂਤ ਵਿਚ ਸਭ ਤੋਂ ਘੱਟ ਬਾਰਾਂਮਾਹੇ ਰਚੇ ਗਏ ਹਨ। ਕਾਰਨ ਇਹ ਜਾਪਦਾ ਹੈ ਕਿ ਬਾਰਾਂਮਾਹ ਇਕ ਸੂਖਮ ਕਾਵਿ ਹੋਣ ਕਰਕੇ ਵਧੇਰੇ ਸੂਖਮ ਛੰਦ-ਚਾਲਾਂ ਵਿਚ ਹੀ ਨਿਭਦਾ ਚਲਿਆ ਆਇਆ ਹੈ ਤੇ 'ਸੀਹਰਫੀ' ਲਈ ਬੈਂਤ ਵਰਤਣਾ ਜ਼ਿਆਦਾ ਮੁਨਾਸਿਬ ਸਮਝਿਆ ਗਿਆ ਹੈ ਤੇ ਜ਼ਿਆਦਾ ਵਰਤਿਆ ਵੀ ਗਿਆ ਹੈ।

## ਸੰਪਾਦਕੀ ਨੋਟ

(ਬਾਰਾਂਮਾਹ ਤੇ ਬਾਰਾਂਮਾਹ ਲਿਖਣ ਵਾਲੇ)

(੧,੨) ਗੁਰੂ ਨਾਨਕ (੧੪੬੯-੧੫੩੯) ਦਾ ਬਾਰਾਂਮਾਹ ਜੀਵਨ ਦੇ ਅੰਤਲੇ ਵਰ੍ਹਿਆਂ ਵਿਚ ਕਰਤਾਰਪੁਰ ਉਚਾਰਿਆ ਦੱਸਿਆ ਜਾਂਦਾ ਹੈ। ਗੁਰੂ ਅਰਜਨ ਜੀ (੧੫੬੩-੧੬੦੬ ਈ.) ਨੇ ਬਿਰਹੁੰ ਗੀਤਾਂ ਲਈ ਵਿਸ਼ੇਸ਼ ਪਰਸਿਧ ਦੇਸੀ ਰਾਗ ਮਾਝ ਵਿਚ ਕਿਰਤ ਕਰਮਾਂ ਨਾਲ ਵਿਛੜੀ ਜਿੰਦੜੀ ਦਾ ਬਾ. ਲਿਖਿਆ ਹੈ। ਇਹ ਦੋਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਲਏ ਗਏ ਹਨ। (੩, ੪, ੫, ੬) ਲੋਕ-ਗੀਤਾਂ ਦੇ ਬਾ. ਹਨ, ਇਨ੍ਹਾਂ ਦੇ ਥੋੜੇ ਥੋੜੇ ਭੇਦ ਨਾਲ ਕਈ ਪਾਠਾਂਤ੍ਰ ਵੀ ਮਿਲਦੇ ਹਨ।

(੭) ਸੂਫ਼ੀ ਫ਼ਕੀਰ ਬੁਲ੍ਹੇਸ਼ਾਹ (੧੬੮੦-੧੭੫੨ ਈ.) ਦਾ ਬਾ. ਅੱਸੂ ਤੋਂ ਚਲਦਾ ਹੈ, ਜੋ ਫਸਲੀ ਸਾਲ ਦਾ ਅਰੰਭ ਹੈ। ਅਪਣੇ ਖਰੜੇ ਤੋਂ ਉਤਾਰਾ। (੮) ਸ਼ਾਹ ਮੁਰਾਦ ਮੁਗਲ ਰਾਜ ਦੇ ਅੰਤ ਸਮੇਂ ਦਾ ਸੂਫੀ ਫਕੀਰ ਹੈ, ਜਿਸ ਤੋਬਾ ਨਾਮਾ, ਸੀਹਰਫੀ ਤੇ ਕੁਝ ਕਾਫੀਆਂ ਲਿਖੀਆਂ। ਇਸ ਬਾ. ਦਾ ਛੰਦ ਝੂਲਣਾ, ਬੈਂਤ ਦੇ ਮੁਢਲੇ ਵਿਕਾਸ ਤੇ ਰੋਸ਼ਨੀ ਪਾਉਂਦਾ ਹੈ। ਮੋਤੀ ਬਾਗ ਲਾ. ਪਟਿਆਲਾ ਦੇ ਖਰੜਾ ਨੰ. ੮੨ ਤੋਂ ਉਤਾਰਾ†। (੯) ਬਾ. 'ਸ੍ਰੀ ਰਾਮ ਚੰਦ੍ਰ ਜੀ ਕਾ' ਕਾਫੀ ਪੜ੍ਹਿਆ ਜਾਣ ਕਰਕੇ ਕਾਫ਼ੀ ਅਸ਼ੁਧ ਹੋਇਆ ਮਿਲਦਾ ਹੈ। ਕਈ ਨਕਲ ਨਵੀਸਾਂ ਅੰਤਲੇ ਦੋਹਰੇ ਵਿਚ ਅਪਣਾ ਨਾਂ-ਕਰਮ ਸਿੰਘ, ਮਾਨ ਸਿੰਘ, ਗੁਰਦਿਆਲ ਸਿੰਘ ਆਦਿ ਪਾ ਦਿਤਾ ਹੈ, ਪਰ ਪ੍ਰਾਚੀਨ ਖਰੜਿਆਂ ਵਿਚ 'ਗੁਰਦਾਸ ਸਿੰਘ' ਨਾਮ ਹੀ ਮਿਲਦਾ ਹੈ। ਉਤਾਰਾ ਅਪਣੇ ਪ੍ਰਾਚੀਨ ਖਰੜੇ ਤੋਂ। (੧੦) ਇਹ ਹੋਰ ਸ਼ਾਹ ਮੁਰਾਦ ਹੈ, ਮੋ.ਬਾ.ਪ. ਦੀ ਹਥਲਿਖੀ ਨੰ. ੮੨ ਤੋਂ ਉਤਾਰਾ। (੧੧) ਹਾਫਜ਼ ਬਰਖੁਰਦਾਰ ਦੋ ਹੋਏ ਹਨ, ਇਕ ਪਿੰਡ ਮੁਸਲਮਾਨੀ ਇਲਾਕਾ ਲਾਹੌਰ ਦਾ, ਦੂਜਾ ਚਿਟੀ ਸ਼ੇਖਾਂ ਜ਼ਿ: ਸਿਆਲਕੋਟ

†ਇਸੇ ਖਰੜੇ ਦੀ ਨਕਲ ਸੈਂਟ੍ਰਲ ਪਬਲਿਕ ਲਾਇਬ੍ਰੇਰੀ ਪਟਿਆਲਾ ਦਾ ੪੯੮ ਨੰਬਰ ਖਰੜਾ ਹੈ।



Sri Satguru Jagjit Singh Ji eLibrary NamdhariElibrary@gmail.com

ਦਾ। ਇਕ ਸ਼ਰੁਈ ਕਿਤਾਬਾਂ ਦਾ ਲੇਖਕ ਸੀ, ਇਕ ਕਿੱਸਾਕਾਰ। ਬਾ., ਕਿੱਸਾਕਾਰ ਕਵੀ ਦੀ ਰਚਨਾ ਲਗਦਾ ਹੈ। ਉਤਾਰਾ ਪ੍ਰਾਚੀਨ ਖਰੜੇ ਤੋਂ। ਕਈ ਹਥਲਿਖਤਾਂ ਵਿਚ ਬਾਦ ਵਿਚ ਦੋਹਰੇ ਵੀ ਸ਼ਾਮਲ ਕੀਤੇ ਮਿਲਦੇ ਹਨ। (੧੨) ਕੇਸੋ ਗੁਣੀ ੧੮ਵੀਂ ਸਦੀ ਦਾ ਕਵੀ ਹੈ, ਇਸਦੀਆਂ ਮਾਝਾਂ ਵੀ ਮਿਲਦੀਆਂ ਹਨ। ਮੋ.ਬਾ.ਲ. ਪਟਿਆਲਾ ਦੀ ਹ. ਨੰ. ੮੨ ਤੋਂ ਉਤਾਰਾ। (੧੩) ਭਾ. ਦਿਆਲ ਸਿੰਘ ਇਸੇ ਸਮੇਂ ਦਾ ਹੈ, ਇਸਦੀਆਂ ਦੋ ਸੀਹਰਫੀਆਂ ਤੇ ਇਕ 'ਫਤਿਹਨਾਮਾ' ਨਾਂ ਦੀ ਰਚਨਾ ਮਿਲਦੀ ਹੈ। ਅਪਣੀ ਹਥਲਿਖਤ ਤੋਂ ਉਤਾਰਾ। (੧੪) ਬਾ. ਮੁਹੰਮਦ ਅਜ਼ੀਮ ਮੋ. ਬਾ. ਪ. ਦੀ ਹਥਲਿਖੀ ਨੰ. ੮੨ ਤੋਂ ਨਕਲ।

(੧੫) ਕਵੀ ਹਕੂਮਤ ਰਾਇ ਦਾ ਸਮਾਂ ਵੀ ੧੮ਵੀਂ ਸਦੀ ਹੀ ਹੈ, ਇਸ ਬਾ. ਦੀ ਵਿਯੋਗਣ ਦੇ ਢੋਲ ਸਿਪਾਹੀ ਦਾ ਕਾਬਲ ਤੇ ਧਾਈ ਕਰਨ ਦਾ ਜ਼ਿਕਰ ਹੈ। ਇਸ ਤੋਂ ਅਨੁਮਾਨ ਹੁੰਦਾ ਹੈ ਕਿ ਇਹ ਰਚਨਾ ਸਿਖ ਮਿਸਲਾਂ ਦੀ ਚੜ੍ਹਦੀ ਕਲਾ ਦੇ ਸਮੇਂ ਦੀ ਹੈ, ਜਦੋਂ ਸਿੰਘ ਸਿਪਾਹੀ ਨਿਤ ਪਠਾਣਾਂ ਨੂੰ ਦਬਾਉਣ ਲਈ ਅਟਕੋਂ ਪਾਰ ਚੜ੍ਹੇ ਰਹਿੰਦੇ ਸਨ। ਮੋ. ਬਾ. ਪ. ਦੀ ਹਥਲਿਖੀ ਨੰ. ੮੨ ਤੋਂ ਉਤਾਰਾ। (੧੬) ਫ਼ਰਦ ਫ਼ਕੀਰ (੧੭੨੦–੯੦ ਈ.) ਜ਼ਿਲਾ ਗੁਜਰਾਤ ਦਾ ਸੂਫੀ ਕਵੀ ਸੀ। ਇਸ ਦੀ ਰਚਨਾ 'ਕਸਬਨਾਮਾ ਬਾਫ਼ਿੰਦਗਾਨ' ਤੇ ਸੀਹਰਫੀ ਮਸ਼ਹੂਰ ਹੈ। ਆਪਣੀ ਹਥ-ਲਿਖਤ ਤੋਂ ਉਤਾਰਾ। (੧੭) ਮੂਸਾ ਮਿਸਕੀਂ ਦਾ ਬਾ. ਭਾਈ ਰਣਧੀਰ ਸਿੰਘ ਰੀਸਰਚ ਸਕਾਲਰ ਪਾਸ ਪਈ ਇਕ ਪੁਰਾਣੀ ਹਥ-ਲਿਖਤ ਤੋਂ ਉਤਾਰਿਆ ਗਿਆ ਹੈ। (੧੮) ਬਾ. ਅਮਰਦਾਸ, ਆਪਣੀ ਹਥ-ਲਿਖਤ ਪੋਥੀ ਤੋਂ ਨਕਲ ਕੀਤਾ ਹੈ, ਇਕ ਦੋ ਹੋਰ ਖਰੜਿਆਂ ਵਿਚ ਇਸੇ ਨੂੰ 'ਹਰਦਿਆਲ ਕ੍ਰਿਤ' ਲਿਖਿਆ ਹੈ। (੧੯,੨੦) ਪਿੰਡ ਕੜਿਆਲਾ ਜ਼ਿ. ਜੇਹਲਮ ਦਾ ਵਸਨੀਕ ਕੇਸਰ ਸਿੰਘ ਛਿੱਬਰ, ਦਸਮੇਸ਼ ਜੀ ਦੇ ਦੀਵਾਨ ਧਰਮਚੰਦ ਦਾ ਪੋਤਾ ਸੀ। ਇਸ ਬੰਸਾਵਲੀਨਾਮਾ (੧੭੬੯ ਈ.),ਮੈਣਾਵੰਤੀ ਗੋਪੀ ਚੰਦ, ਕਲ ਪਰਧਾਨੀ ਤੇ ਤਿੰਨ ਚਾਰ ਬਾਰਾਂਮਾਹੇ ਲਿਖੇ ਹਨ। 'ਬਾ. ਨਾਜ਼ਕਾਂ' ਮੋ. ਬਾ. ਪ. ਦੀ ਹਥਲਿਖਤ ਨੰ. ੮੨ ਦਾ ਉਤਾਰਾ ਹੈ, ਦੂਸਰਾ ਆਪਣੀ ਹਥਲਿਖਤ ਪੋਥੀ ਤੋਂ। (੨੧) ਭਾ. ਬੀਰ ਸਿੰਘ ਦਾ ਬਾ. ਬੀਰ ਰਸੀ ਹੋਣ ਕਰਕੇ ਪੁਰਾਣੇ ਸਿੰਘਾਂ ਵਿਚ ਬਹੁਤ ਪੜ੍ਹਿਆ ਗਿਆ ਹੈ ਤੇ ਇਸਦੇ ਕਈ ਉਤਾਰੇ ਵੀ ਮਿਲਦੇ ਹਨ, ਜਿਨ੍ਹਾਂ ਵਿਚ ਅਸੁਧੀਆਂ ਬੇਹਿਸਾਬ ਹਨ। ਅਪਣੇ ਪ੍ਰਾਚੀਨ ਨੁਸਖੇ ਤੋਂ ਉਤਾਰਾ।

(੨੨) ਰਾਮ ਸਿੰਘ ਦਾ ਬਾ. ਵੀ ਸਿੰਘਾਂ ਦੀ ਚੜ੍ਹਦੀ ਕਲਾ ਦਾ ਦਰਸਾਊ ਹੈ। ਗਿ. ਹਰਿੰਦਰ ਸਿੰਘ ਰੂਪ ਅੰਮ੍ਰਿਤਸਰ ਵਾਲਿਆਂ ਦੇ ਖਰੜੇ ਤੋਂ ਉਤਾਰਾ। (੨੩) ਕੰਵਰ ਨੌਨਿਹਾਲ ਸਿੰਘ ਦੇ ਵਿਆਹ (ਮਾਰਚ,੧੮੩੭ ਈ.) ਬਾਰੇ ਲਿਖਿਆ ਇਹ ਬਾ. ਇਤਨਾ ਕੁ ਹੀ ਜਾਰਜ ਗ੍ਰੀਅਰਸਨ ਦੀ ਪੁਸਤਕ 'ਲਿੰਗੁਇਸਟਕ ਸਰਵੇ ਆਫ਼ ਇੰਡੀਆ' ਦੀ ਜਿਲਦ ਨੌਵੀਂ ਦੇ ਪੰਨਾ ੬੬੩ ਤੋਂ ਉਤਾਰਿਆ ਗਿਆ ਹੈ। (੨੪) ਭਾ. ਸੁਖਾ ਸਿੰਘ ਕੇਸਗੜ੍ਹ ਦੇ ਗ੍ਰੰਥੀ ਸਨ, ਇਨ੍ਹਾਂ ੧੭੯੭ ਈ. ਵਿਚ



Sri Satguru Jagjit Singh Ji eLibrary NamdhariElibrary@gmail.com

'ਗੁਰਬਿਲਾਸ' ਲਿਖਿਆ ਸੀ। ਇਹ ਬਾ. ਇਨ੍ਹਾਂ ਦੀ ਪੰਜਾਬੀ ਕਵਿਤਾ ਦਾ ਇਕੋ ਇਕ ਨਮੂਨਾ ਹੈ। ਗਿ. ਹਰਿੰਦਰ ਸਿੰਘ ਰੂਪ ਜੀ ਦੇ ਹਥਲਿਖਤ ਸੰਚੇ ਤੋਂ ਪ੍ਰਾਪਤ। (੨੫) ਬੁਧ ਸਿੰਘ, ਮ. ਰਣਜੀਤ ਸਿੰਘ ਸਮੇਂ ਦਾ ਪ੍ਰਸਿਧ ਹਿੰਦੀ ਕਵੀ ਹੈ। ਪੰਜਾਬੀ ਵਿਚ ਇਸਦੀਆਂ ਸੀਹਰਫੀਆਂ ਤੇ ਮਾਝਾਂ ਵੀ ਮਿਲਦੀਆਂ ਹਨ। ਰੂਪ ਜੀ ਦੀ ਲਾਇਬਰੇਰੀ ਤੋਂ ਨਕਲ। (੨੬) ਮੁਨਸਫ ਮਹਿਣੀ ਦਾ ਬਾ., ਮੋ. ਬਾ. ਪਟਿਆਲਾ ਦੀ ਹਥਲਿਖਤ ਨੰ. ੮੨ ਤੋਂ ਨਕਲਿਆ ਹੈ। ਇਸ ਵਿਚ ਰਾਜਸਥਾਨ ਦੀ ਪਰਸਿੱਧ ਪ੍ਰੇਮ-ਕਹਾਣੀ ਨੂੰ ਅੰਕਤ ਕੀਤਾ ਗਿਆ ਹੈ ਜੈਸੀ ਤੇ ਜਿਤਨੇ ਕੁ ਫਰਕ ਨਾਲ ਇਹ ਪੰਜਾਬ ਵਿਚ ਮਿਲਦੀ ਹੈ।

(੨੭) ਬਾਬਾ ਸਾਹਿਬ ਸਿੰਘ ਮ੍ਰਿਗਿੰਦ (੧੮੭੬ ਈ. ਦੇਹਾਂਤ) ਸੰਗਰੂਰ ਦੇ ਰਾਜ ਕਵੀ ਸਨ, ਇਨ੍ਹਾਂ ਡੇਢ ਦਰਜਨ ਤੋਂ ਉਤੇ ਹਿੰਦੀ ਕਾਵਿ-ਗ੍ਰੰਥ ਲਿਖੇ। ਬਾ. ਇਨ੍ਹਾਂ ਦੀ ਇਕੋ ਇਕ ਪੰਜਾਬੀ ਰਚਨਾ ਹੈ, ਜਿਸ ਦਾ ਉਤਾਰਾ ਸਟੇਟ ਪਬਲਿਕ ਲਾਇਬ੍ਰੇਰੀ ਸੰਗਰੂਰ ਦੀ ਹਥ-ਲਿਖਤ ਨੰ. ੧੮੨ ਤੋਂ ਲੀਤਾ ਗਿਆ ਹੈ। (੨੮) ਬਾ. ਗੁਲਾਮ ਹੁਸੈਨ ਦਾ ਉਤਾਰਾ ਸ: ਨਿਰੰਜਨ ਸਿੰਘ ਪਟਿਆਲਾ ਦੇ ਖਰੜੇ ਤੋਂ ਕੀਤਾ ਹੈ। (੨੯) ਕੇਮੋ ਦਾ ਬਾ. ਆਪਣੀ ਹਥ-ਲਿਖਤ ਤੋਂ ਉਤਾਰਿਆ ਹੈ। (੩੦, ੩੧) ਬਾ. ਮੂਲ ਸਿੰਘ ਤੇ ਬਾ. ਨਥੋ ਭਈਏ ਦਾ ਮੇਰੇ ਪਾਸ ਪਈ ੧੮੧੨ ਈ. ਦੀ ਲਿਖੀ ਹਥ-ਲਿਖਤ ਪੋਥੀ ਤੋਂ ਨਕਲੇ ਗਏ ਹਨ। (੩੨) ਭਈਆ ਰਾਮ ਦਾ ਬਾ. ਖੁਲ੍ਹੇ ਹਥ-ਲਿਖਤ ਪੱਤਰਿਆਂ ਤੋਂ ਉਤਾਰਿਆ ਹੈ। (੩੩) ਬਾ. ਬਖਸ਼ੁੱਲਾ, ੧੯੦੪ ਈ. ਦੇ ਛਪੇ ਕਿੱਸੇ ਦੀ ਨਕਲ ਹੈ। (੩੪) ਬਾ. ਵਿਯੋਗ ਦੇ ਕਰਤਾ ਦਾ ਪਤਾ ਨਹੀਂ ਲੱਗਾ (੩੫) ਫਜ਼ਲ ਸ਼ਾਹ (੧੮੨੭-੧੮੯੦ ਈ.) ਲਾਹੌਰ ਦਾ ਸੀ, ਇਸ ਦੀ 'ਸੋਹਣੀ' ਖਾਸ ਤੌਰ ਤੇ ਸੋਹਣੀ ਮੰਨੀ ਗਈ ਹੈ। (੩੬) ਸ਼ਾਹ ਹਦਾਇਤ ਦੇ ਬਾ. ਦੀ ਨਕਲ ਸ. ਦੇਵਿੰਦਰ ਸਿੰਘ ਵਿਦਿਆਰਥੀ ਨਾਭਾ ਤੋਂ ਮਿਲੀ ਸੀ।

(੩੭) ਭਗਵਾਨ ਸਿੰਘ (੧੮੫੦-੧੯੦੨) ਮਾਲਵੇ ਦਾ ਪਰਸਿੱਧ ਕਿੱਸਾਕਾਰ ਸੀ। ਇਹ ਬਾ. ਉਸ ਦੀ ਰਚਨਾ 'ਹੀਰ' ਵਿਚੋਂ ਹੈ। (੩੮, ੩੯) ਅੰਮ੍ਰਿਤਸਰ ਵਾਸੀ ਕਿਸ਼ਨ ਸਿੰਘ ਆਰਿਫ (੧੮੩੬-੧੯੦੦ ਈ.) ਨੇ ੨੦ ਦੇ ਲਗਭਗ ਰਚਨਾਵਾਂ ਰਚੀਆਂ। ਉਸ ਦੇ ਦੋਵੇਂ ਬਾਰਾਂਮਾਹੇ ਸ਼ਬਦ-ਚਮਤਕਾਰ ਕਾਰਣ ਜਸਵੰਤੇ ਹਨ। (੪੦) ਮੌਲਵੀ ਅਬਦੁਲ ਸਤਾਰ ਖਾਰੀਆਂ ਜ਼ਿਲਾ ਗੁਜਰਾਤ ਦਾ ਸੀ, ਇਸ ਦੀ ਰਚਨਾ ਦਾ ਸੰਗ੍ਰਹਿ ਹੈ, 'ਮਜਮੂਆਏ ਅਸ਼ਆਰ ਮੌ. ਅਬਦੁਲ ਸਤਾਰ', (੪੧) ਬਾਵਾ ਦੇਸਰਾਜ ਰਮਤੇ ਸਾਧੂ ਸਨ। ਇਨ੍ਹਾਂ 'ਅਨੁਭਵ ਹੁਲਾਸ' ਨਾਮੀ ਰਚਨਾ ੧੮੮੭ ਈ. ਵਿਚ ਰਚੀ ਸੀ, ਜਿਸ ਵਿਚ ਵਧੇਰੇ ਕਾਫੀਆਂ ਹਨ ਤੇ ਬਾਰਾਂਮਾਹ ਵੀ ਕਾਫੀਆਂ ਵਿਚ ਹੀ ਹੈ। (੪੨) ਈਸ਼ਰ ਦਾਸ ਉਦਾਸੀ ਸਾਧੂ, ਪਿੰਡ ਤਲਵੰਡੀ ਦੇ ਜੰਮਪਲ ਸਨ ਤੇ ਇਨ੍ਹਾਂ ਦਾ ਡੇਰਾ ਪਿੰਡ ਲੁਹਾਰਾ ਜ਼ਿ: ਲੁਧਿਆਣਾ ਵਿਚ ਸੀ। ਇਨ੍ਹਾਂ ਦੀਆਂ ਕਾਫੀਆਂ ਮਸ਼ਹੂਰ ਹਨ, ਜੋ ਕਿ ੧੮੯੦ ਈ. ਵਿਚ ਰਚੀਆਂ ਗਈਆਂ



Sri Satguru Jagjit Singh Ji eLibrary NamdhariElibrary@gmail.com

ਸਨ। (੪੩) ਬਾਵਾ ਬਿਸ਼ਨ ਦਾਸ (੧੮੬੩ ਜਨਮ, ਪਿੰਡ ਸੋਹ) ਗਹਿਰ ਗੰਭੀਰੀਏ ਸਾਧੂ ਸਨ ਤੇ ਰੋਪੜ ਵਾਲੇ ਡੇਰੇ ਦੇ ਮਹੰਤ ਸਨ। ਇਨ੍ਹਾਂ ੧੬ ਚੀਜ਼ਾਂ ਲਿਖੀਆਂ ਤੇ ਤਿੰਨ ਬਾ. ਵੀ। ਇਹ ਬਾ. ੧੮੮੪ ਈ. ਦੀ ਰਚਨਾ ਹੈ। ਇਸ ਦਾ ਉਤਾਰਾ ਬਾਵਾ ਪ੍ਰੇਮ ਸਿੰਘ ਹੋਤੀ ਜੀ ਪਾਸ ਪਈ ਇਕ ਹਥਲਿਖਤ ਤੋਂ ਉਤਾਰਿਆ ਗਿਆ ਹੈ। (੪੪) ਬੁਲਾਕੀਦਾਸ, ਗੁਲਾਬਦਾਸੀਆ ਸੀ। ਇਸਦਾ ਬਾ. ਸਿਖ ਰੈਫ੍ਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਦੀ ਹਥਲਿਖਤ ਨੰ. ੫੦੩੩ ਤੋਂ ਨਕਲ ਕੀਤਾ ਹੈ। (੪੫) ਨਾਰਾਇਣ ਸਿੰਘ ਪਿੰਡ ਗ੍ਰੀਬਵਾਲ ਜ਼ਿ. ਜੇਹਲਮ ਦਾ ਸੀ, ਇਸਨੇ ਦੋ ਬਾਰਾਂਮਾਹ, ਇਕਮਾਹਾ ਤੇ ਸਤਵਾਰਾ ਵੀ ਲਿਖਿਆ ਹੈ। ੧੮੫੬ ਈ. ਪੱਥਰ ਛਾਪਾ। (੫੬) ਭਗਵਾਨ ਸਿੰਘ ਬਨੂੜੀ, ਮ. ਨਰਿੰਦਰ ਸਿੰਘ ਵਾਲੀਏ ਪਟਿਆਲਾ ਦੇ ਜ਼ਮਾਨੇ ਦਾ ਕਵੀ ਹੈ, ਇਸ ਦੀਆਂ ਹਿੰਦੀ ਰਚਨਾਵਾਂ ਵੀ ਮਿਲਦੀਆਂ ਹਨ। ਸ. ਨਰਿੰਜਨ ਸਿੰਘ ਪਟਿਆਲਾ ਦੀ ਹਥਲਿਖਤ ਪੋਥੀ ਤੋਂ ਨਕਲ। (੪੭) ਮੌਲੇਸ਼ਾਹ ਪਿੰਡ ਮਜੀਠਾ ਜ਼ਿ. ਅੰਮ੍ਰਿਤਸਰ ਦਾ ਸੀ, ਇਸ ਇਕ ਹੋਰ ਬਾਰਾਂਮਾਹ 'ਹੀਰ' ਵਿਚ ਵੀ ਲਿਖਿਆ ਹੈ। (੪੮,੪੯) ਪੰ. ਤੇਜਾ ਸਿੰਘ ਮਧਰੇ ਦੀ ਰਚਨਾਵਲੀ ਦਾ ਇਕ ਵੱਡਾ ਹਥਲਿਖਤ ਗ੍ਰੰਥ ਜਨਰਲ ਸ਼ਿਵਦੇਵ ਸਿੰਘ ਨਾਭਾ ਦੀ ਲਾਇਬਰੇਰੀ ਵਿਚ ਸੁਰੱਖਿਅਤ ਹੈ, ਜਿਸ ਵਿਚ ਮਨੂੰਨਾਮਾ, ਸਰੀਰ ਨਾਮਾ, ਪ੍ਰੇਮਨਾਮਾ, ਜੋਗਨਾਮਾ, ਕਰਮਨਾਮਾ, ਬਖਤਨਾਮਾ, ਧਰਮਨਾਮਾ, ਜੀਹਨਾਮਾ ਉਦਰਨਾਮਾ, ਮੁਸਾਫ਼ਰਨਾਮਾ, ਬਿਮਲਨਾਮਾ ਆਦਿ ਕਈ ਰਚਨਾਵਾਂ ਸ਼ਾਮਲ ਹਨ। ਇਸ ਵਿਚੋਂ ਬਾ. ਲਏ ਗਏ ਹਨ। (੫੦) ਮੀਰਾਂ ਸ਼ਾਹ ਨੇ ੧੮੯੦ ਈ. ਵਿਚ 'ਹੀਰ' ਲੁਧਿਆਣੇ ਬਹਿ ਕੇ ਲਿਖੀ ਸੀ, ਇਹ ਬਾ. ਉਸੇ 'ਹੀਰ' ਵਿਚੋਂ ਹੈ।

(੫੧) ਮੁਹੰਮਦ ਬੂਟਾ ਗੁਜਰਾਤੀ ਦੀ ਰਚਨਾ 'ਪੰਜਗੰਜ' ਪਰਸਿਧ ਹੈ। ਇਹ ਬਾ. ਇਸਦੇ ਕਿੱਸੇ 'ਸ਼ੀਰੀਂ ਫਰਹਾਦ' ਵਿਚੋਂ ਸ. ਪਿਆਰਾ ਸਿੰਘ ਭੋਗਲ ਜੀ ਨੇ ਨਕਲ ਕਰਕੇ ਦਿਤਾ ਹੈ। (੫੨) ਬਾ. ਦੇਵੀ ਜੀ, ਕਾ ਮੇਰੀ ਆਪਣੀ ਹਥਲਿਖਤ ਪੋਥੀ ਤੋਂ ਲੀਤਾ ਗਿਆ ਹੈ। (੫੩) ਮੌਲਵੀ ਕਰੀਮ ਬਖਸ਼, ਪਿੰਡ ਕਿਲਾ ਮੱਜਾ ਸਿੰਘ ਜ਼ਿ. ਗੁਜਰਾਂਵਾਲੇ ਦਾ ਸੀ, ਪ੍ਰੋ. ਸ਼ੇਰ ਸਿੰਘ ਸ਼ੇਰ ਨੇ ਇਹ ਬਾ. ਪੰਜਾਬੀ ਦੁਨੀਆਂ ਅਗਸਤ ੧੯੫੩ ਵਿਚ ਛਪਿਆ ਸੀ। (੫੪) ਅਬਦੁਲ ਰਹਿਮਾਨ ਪਿੰਡ ਮਸਵਾਲ ਤਸੀਲ ਚਕਵਾਲ ਜ਼ਿ. ਜੇਹਲਮ ਦਾ ਸੀ। (੫੫) ਗੁਲਾਮ ਰਸੂਲ,ਕਿਲਾ ਮਹਾਂ ਸਿੰਘ ਜ਼ਿ. ਗੁਜਰਾਂਵਾਲੇ ਦਾ ਸੀ, ਜਿਸ 'ਸੱਸੀ ਪੁੰਨੂੰ' ਤੇ ਯੂਸਫ ਜ਼ੁਲੈਖਾਂ ਲਿਖੇ ਪਰ ਇਹ ਗੁਲਾਮ ਰਸੂਲ ਅੰਮ੍ਰਿਤਸਰ ਦਾ ਸੀ। (੫੬) ਭਾਈ ਚੰਦਾ ਸਿੰਘ ਨਾਮਧਾਰੀ ਸਨ, ਇਨ੍ਹਾਂ ਬਾਬਾ ਰਾਮ ਸਿੰਘ ਜੀ ਦੇ ਵਿਛੋੜੇ ਵਿਚ ਬਾਰਾਂਮਾਹ ਲਿਖਿਆ ਹੈ, ਜੋਕਿ ਸਾਨੂੰ ਕਵੀ ਪ੍ਰੀਤਮ ਸਿੰਘ ਜੀ ਨੇ ਨਕਲ ਕਰਕੇ ਭੇਜਿਆ ਹੈ। (੫੭) ਨਾਰਾਇਣ ਸਿੰਘ ਬਾਰੇ ਦੇਖੋ ਨੰ. ੪੫। (੫੮) ਹਿਦਾਇਤੁੱਲਾ ਲਾਹੌਰ ਦਾ ਸੀ, ਇਸਦੀਆਂ ੧੧ ਸੀਹਰਫੀਆਂ ਦਾ ਮਜਮੂਆ ਮਿਲਦਾ ਹੈ।

(੫੯) ਬਾ. ਜਵਾਹਰ ਯਾਰ ਦੀ ਨਕਲ ਸੰਤ ਇੰਦਰ ਸਿੰਘ ਚਕ੍ਰਵਰਤੀ ਜੀ



Sri Satguru Jagjit Singh Ji eLibrary NamdhariElibrary@gmail.com

ਨੇ ਇਕ ਹਥਲਿਖਤ ਤੋਂ ਹਾਸਲ ਕੀਤੀ ਸੀ। (੬੦) ਪਾਲ ਸਿੰਘ ਆਰਿਫ ਪਿੰਡ ਪੱਧਰੀ ਜ਼ਿ. ਅੰਮ੍ਰਿਤਸਰ ਦਾ ਸੂਫੀ ਖਿਆਲਾਂ ਦਾ ਕਵੀ ਸੀ। (੬੧) ਹਸਨ ਦੀ ਰਚਨਾ ੧੯੦੦ ਈ: ਦੀ ਛਪੀ ਹੋਈ ਮਿਲੀ ਹੈ। (੬੨) ਚੌਧਰੀ ਬੁੱਢਾ ਸਾਹਿਬ ਮੁਸਾਫਰ ਪਿੰਡ ਗੋਤਾ ਜ਼ਿ. ਸਿਆਲਕੋਟ ਦੇ ਸਨ। (੬੩) ਮੋਤੀ ਰਾਮ ਮੁਫੀਦ ਆਮ ਪ੍ਰੈਸ ਲਾਹੌਰ ਦਾ ਮੈਨੇਜਰ ਸੀ ਜਿਥੇ ਪੰਜਾਬੀ ਪੁਸਤਕਾਂ ਤੇ ਕਿੱਸੇ ਆਮ ਛਪਦੇ ਰਹਿੰਦੇ ਸਨ। ਇਸੇ ਅਸਰ ਹੇਠ ਇਸ ਵੈਰਾਗਾਰਮਕ ਬਾਰਾਂਮਾਹ ਲਿਖਿਆ, ਜੋ ਅਜੇ ਵੀ ਪੜ੍ਹੀਦਾ ਹੈ। (੬੪, ੬੫) ਰਹੀਮ ਯਾਰ ਦੇ ਦੋਵੇਂ ਬਾਰਾਂਮਾਹ ਛਪੇ ਮਿਲਦੇ ਹਨ। (੬੬) ਕਰੀਮ ਬਖਸ਼ ਬਦਰ ਦਾ ਬਾ. 'ਤਜ਼ਕਰਾਏ ਅੰਬੀਆ' ਤੋਂ ਲੈਕੇ ਡਾ. ਲਾਜਵੰਤੀ ਨੇ ਆਪਣੀ ਪੁਸਤਕ 'ਪੰਜਾਬੀ ਸੂਫੀ ਪੁਇਟਸ' ਵਿਚ (ਪੰਨਾ ੧੧੫-੧੭) ਦਿਤਾ ਹੈ। (੬੭) ਰਹੀਮ ਬਖਸ਼ ਸਾਅਦ, ਪਿੰਡ ਦਾਊਦ ਤਸੀਲ ਰਈਆ ਜ਼ਿ. ਸ਼ਿਆਲਕੋਟ ਦਾ ਸੀ, ੧੯੧੧ ਈ. ਦੀ ਛਾਪ। (੬੮) ਅਹਿਮਦ ਦੀਨ ਪਿੰਡ ਖੰਭੀ ਜ਼ਿਲਾ ਗੁਜਰਾਤ ਦਾ ਸੀ। ੧੯੧੬ ਦੀ ਛਾਪ (੬੯) ਮਿਅਰਾਜ਼ੁਲਦੀਨ ਸ਼ਾਦ ਗੁਜਰਾਤ ਵਾਸੀ ਸੀ, (੭੦, ੭੧) ਚੰਨਣ ਦੀਨ ਦੇ ਦੋਵੇਂ ਬਾ. ੧੯੧੯ ਦੇ ਛਪੇ ਮਿਲੇ ਹਨ। (੭੨) ਪੀਰ ਨੇਕ ਆਲਮ ਪਿੰਡ ਕਲਾਚੌਰ ਜ਼ਿਲਾ ਗੁਜਰਾਤ ਦਾ ਸੀ ਅਤੇ ਵਕੀਲ ਸੀ। (੭੩) ਮੇਲਾ ਰਾਮ ਮਿਲਖੀ ਦਾ ਸ਼ਾਗਿਰਦ ਸੀ, ੧੯੧੬ ਈ. ਦੀ ਛਾਪ। (੭੪, ੭੫, ੭੬) ਮਿਲਖੀ ਰਾਮ ਮਸ਼ਹੂਰ ਕਿੱਸਾਕਾਰ ਸੀ, ਇਸ ਪੰਜ ਬਾਰਾਂਮਾਹੇ ਲਿਖੇ ਹਨ। (੭੭) ਹਕੂਮਤ ਜਨ ਇਲਾਬਾਦੀ ਰਿ. ਬਹਾਵਲ ਪੁਰ ਦਾ ਵਸਨੀਕ ਸੀ, ਇਸ ਤਿੰਨ ਬਾਰਾਂਮਾਹੇ ਲਿਖੇ ਹਨ ਤੇ ਇਕ 'ਤਿਥੀ'। ਛਾਪ ੧੮੯੯ ਈ.। (੭੮) ਲਾਲਾ ਖੁਸ਼ੀ ਰਾਮ ਆਰਿਫ ਬੰਨੂ ਦਾ ਸੀ, ਇਸ ਦੋ ਬਾਰਾਂਮਾਹੇ ਲਿਖੇ ਹਨ। (੭੯) ਬਾ. ਪ੍ਰਹਿਲਾਦ ਭਗਤ ਕਾਫੀ ਪੜ੍ਹਿਆ ਗਿਆ ਹੈ, ਕਰਤੇ ਦਾ ਨਾਂ ਪਤਾ ਨਹੀਂ (੮੦) ਲਾਲ ਦਾਸ ਵੈਰਾਗੀ ਦਾ ਬਾ. ਨਰਸੀ ਭਗਤ ਦੇ ਪ੍ਰਸੰਗ ਕਰਕੇ ਕਾਫੀ ਪ੍ਰਚਲਤ ਰਿਹਾ ਹੈ। (੮੧) ਕਾਲੀਦਾਸ [੧੮੬੨-੧੯੪੪ ਈ.] ਪਿੰਡ ਭਾਗੋਵਾਲ ਜ਼ਿ, ਗੁਜਰਾਤ ਦਾ ਸੀ, ਅਸਲ ਨਾਂ ਮਾਨ ਸਿੰਘ ਸੀ, ਇਸਦੇ ਕਈ ਕਿੱਸੇ ਮਸ਼ਹੂਰ ਹਨ। ਇਹ ਬਾ. 'ਪੂਰਨ ਭਗਤ' ਵਿਚੋਂ ਹੈ। (੮੨) ਸੰਤ ਪ੍ਰੀਤਮ ਸਿੰਘ ਕੌਮੀ ਦੀਵਾਨਾ ਝਨਾਂ ਲਾਗੇ ਦੇ ਪਿੰਡ ਮਿਢ ਰਾਂਝਾ ਜ਼ਿ. ਸਰਗੋਧੇ ਦਾ ਸੀ, ਇਸ ਚਾਰ ਬਾਰਾਂਮਾਹੇ ਲਿਖੇ ਹਨ। (੮੪) ਪੰਡਤ ਕੁੰਦਨ ਰਾਮ ਪਿੰਡ ਗੀਗੇ ਮਾਜਰਾ ਤਸੀਲ ਖਰੜ ਜ਼ਿਲਾ ਅੰਬਾਲਾ ਦਾ ਸੀ। (੮੫) ਇਸਮਾਈਲ ਨਕੋਦਰੀ ਦੀ ਰਚਨਾ ੧੯੩੩ ਈ. ਦੀ ਛਾਪੇ ਹੈ। (੮੬) ਸੱਯਦ ਸ਼ਾਹ ਨੂਰ ਆਲਮ ਲਾਹੌਰ ਦਾ ਸੀ। (੮੭) ਵਰਿਆਮ ਸਿੰਘ ਮਾਲਵੇ ਦਾ ਮਸ਼ਹੂਰ ਕਿੱਸਾਕਾਰ ਸੀ। (੮੮) ਕਿਸ਼ਨ ਸਿੰਘ ਪਿੰਡ ਕਕਰਾਲਾ ਰਿ. ਪਟਿਆਲਾ ਦਾ ਵਾਸੀ ਸੀ। (੮੯) ਠਾਕਰ ਸਿੰਘ ਸੰਤਰੀ ਕੁਆਲਾਲੰਪਰ (ਮਲਾਇਆ) ਰਹਿੰਦਾ ਸੀ। (੯੦) ਕਵੀ ਰਾਮਦਾਸ ਊਨਾ ਜ਼ਿ. ਹੁਸ਼ਿਆਰਪੁਰ ਦਾ ਸੀ, ਇਸਦੇ ਦੋ ਬਾ. ਮਿਲਦੇ ਹਨ। (੯੧) ਗੋਪਾਲ ਸਿੰਘ



Sri Satguru Jagjit Singh Ji eLibrary NamdhariElibrary@gmail.com

ਕਲਾਨੌਰ ਲਾਗੇ ਡੇਹਰੇ ਦਾ ਵਸਨੀਕ ਰਾਮਗੜ੍ਹੀਆ ਸਿਖ ਸੀ। (੯੨) ਪ੍ਰੇਮ ਦਾਸ ਨੇ ਇਕ ਲੋਕ ਗੀਤ ਦੇ ਢਾਂਚੇ ਤੇ ਇਹ ਬਾ. ਲਿਖਿਆ ਹੈ,ਮਿਲਾਓ ਬਾ.ਨੰ. ੬। ਆਪਣੀ ਹਥਲਿਖਤ ਪੋਥੀ ਤੋਂ ਉਤਾਰਾ। (੯੩) ਰਲਿਆ ਰਾਮ ਵ ਭਗਤ ਦੇਵੀ ਦਾਸ ਅੰਮ੍ਰਿਤਸਰ ਦੇ ਸਨ, ੧੯੨੧ ਈ. ਦੀ ਛਾਪ। ੯੪ ਇਕਬਾਲ ਮੁਹੰਮਦ ਜਲੰਧਰ ਦਾ ਸੀ। (੯੫) ਮੁਨਸ਼ੀ ਨਜ਼ੀਰ ਅਹਿਮਦ ਭਵਾਨੀਪੁਰ ਰਿ. ਕਪੂਰਥਲਾ ਦਾ ਸੀ, ੧੯੨੧ ਦੀ ਛਾਪ। (੯੬) ਹਾਫ਼ਜ਼ ਮੁਹੰਮਦ ਦੀਨ ਦਰਦੀ, ਅੰਮ੍ਰਿਤਸਰ ਦਾ ਸੀ, ੧੯੨੧ ਈ. ਦੀ ਛਾਪ।

(੯੭) ਅਗਲੇ ਚਾਰ ਬਾਰਾਂਮਾਹੇ ੧੯੫੦ ਤੋਂ ਬਾਅਦ ਦੀ ਰਚਨਾ ਹਨ—ਭਾਈ ਵੀਰ ਸਿੰਘ [੧੮੭੨–੧੯੫੭] ਆਧੁਨਕ ਕਵਿਤਾ ਦੇ ਮੋਢੀ ਸਨ। (੯੮) ਮੌਲਾ ਬਖਸ਼ ਕੁਸ਼ਤਾ [੧੮੭੬–੧੯੫੫ ਈ.] ਅੰਮ੍ਰਿਤਸਰ ਦੇ ਸਨ, ਇਹ ਬਾ. ਦੇਸ-ਵੰਡ ਦੀ ਪੀੜ ਦਾ ਗੀਤ ਹੈ। ਇਸ ਆਪਣੀ 'ਹੀਰ' ਵਿਚ ਵੀ ਇਕ ਬਾਰਾਂ-ਮਾਹ ਲਿਖਿਆ ਹੈ। (੯੯) ਅੰਮ੍ਰਿਤਾਪ੍ਰੀਤਮ [ਜ. ੧੯੧੯ ਈ.] ਅਜੋਕੇ ਸ਼ਿਰੋਮਣੀ ਕਵੀਆਂ ਵਿਚੋਂ ਹੈ,ਇਨ੍ਹਾਂ ਦਾ ਬਾ. ਵੀ ਦੇਸ-ਵੰਡ ਦਾ ਦੁਖ ਸੁਣਾਂਦਾ ਹੈ। ਇਨ੍ਹਾਂ ਇਕ ਦੋ ਹੋਰ ਵੀ ਬਾ. ਲਿਖੇ ਹਨ। (੧੦੦) ਗਿ. ਗੁਰਦਿਤ ਸਿੰਘ ਪਿੰਡ ਮਿਠੇਵਾਲ ਜ਼ਿਲਾ ਸੰਗਰੂਰ ਦਾ ਬਾਰਾਂਮਾਹ ਪੰਜਾਬ ਦੀ ਕਿਸਾਨ-ਜ਼ਿੰਦਗੀ ਦੀ ਹੂਬਹੂ ਤਸਵੀਰ ਉਤਾਰਣ ਵਿਚ ਅਪਣੀ ਭਾਂਤ ਦਾ ਹੈ।

ਨੋਟ:—ਭਾਵੇਂ ਇਨ੍ਹਾਂ ਬਾਰਾਂਮਾਹਿਆਂ ਨੂੰ ਤਰਤੀਬਣ ਵਿਚ ਕਾਲ-ਕ੍ਰਮ ਮੁਖ ਰੱਖਿਆ ਗਿਆ ਹੈ ਫਿਰ ਵੀ ਕਿਤੇ ਕਿਤੇ ਇਸਦਾ ਉਲੰਘਣ ਕਰਕੇ ਵਿਸ਼ੇ ਤੇ ਰੂਪ ਦੀ ਸਾਂਝ ਨੂੰ ਵੀ ਮਿਲਾਇਆ ਗਿਆ ਹੈ। ਇਕ ਗੱਲ ਹੋਰ, ਉਤੇ ਜਿਨ੍ਹਾਂ ਹਥਲਿਖਤਾਂ ਦੇ ਉਤਾਰਿਆਂ ਦਾ ਜ਼ਿਕਰ ਹੈ, ਇਸਤੋਂ ਇਲਾਵਾ ਹੋਰ ਵੀ ਮਿਲਦੀਆਂ ਹਥਲਿਖਤਾਂ ਤੇ ਛਪੀਆਂ ਐਡੀਸ਼ਨਾਂ ਨਾਲ ਟਾਕਰਾ ਕਰਕੇ ਸ਼ੁਧ ਪਾਠ ਦੇਣ ਦਾ ਜਤਨ ਕੀਤਾ ਗਿਆ ਹੈ, ਸਾਰਿਆਂ ਖਰੜਿਆਂ ਦਾ ਵੇਰਵਾ ਤੇ ਪਾਠਾਂਤ੍ਰ ਦੇਣ ਦੀ ਲੋੜ ਨਹੀਂ ਸਮਝੀ ਗਈ।

ਜਸਾ ਕਿ ਅਗੇ ਵੀ ਅਸੀਂ ਕਹਿ ਚੁਕੇ ਹਾਂ ਕਿ ਕੁਦਰਤ ਦੀਆਂ ਖੁਸ਼ੀਆਂ ਤੇ ਮੁਹੱਬਤ ਦੀਆਂ ਗ਼ਮੀਆਂ ਨੇ ਬਾਰਾਂਮਾਹ ਦਾ ਕਲੇਵਰ ਮਨੋਹਰ ਤੇ ਦਰਦਮੰਦ ਸੂਰਤ ਵਾਲਾ ਬਣਾਇਆ ਹੋਇਆ ਹੈ, ਇਸੇ ਕਰਕੇ ਸਾਡੇ ਰੋਮਾਂਟਿਕ ਸਾਹਿਤ ਵਿਚ ਇਨ੍ਹਾਂ ਦਾ ਇਕ ਵਿਸ਼ੇਸ਼ ਅਸਥਾਨ ਹੈ। ਜਿਥੇ ਇਨ੍ਹਾਂ ਵਿਚੋਂ ਸਾਨੂੰ ਕਵਿਤਾ ਦੇ ਵਧੀਆ ਨਮੂਨੇ ਮਿਲਦੇ ਹਨ, ਉਥੇ ਵਿਸ਼ੇ, ਰੂਪ ਤੇ ਭਾਸ਼ਾ ਦੀਆਂ ਕਈ ਵੰਨਗੀਆਂ ਵੀ ਮਿਲਦੀਆਂ ਹਨ, ਇਨ੍ਹਾਂ ਦਾ ਪਾਠ ਖੁਸ਼ੀ ਮਨਾਂ ਨੂੰ ਹੋਰ ਖੁਸ਼ੀ ਬਖਸ਼ਦਾ ਤੇ ਗ਼ਮਗੀਨ ਲੋਕਾਂ ਨੂੰ ਕੁਛ ਕੁਛ ਧਰਵਾਸ ਦੇਂਦਾ ਹੈ ਤੇ ਜਦੋਂ ਜਦੋਂ ਕੁਦਰਤ ਦੀਆਂ ਗੱਲਾਂ ਚੱਲਣਗੀਆਂ ਜਾਂ ਜਦ ਜਦ ਵੀ ਸ਼ਿੰਗਾਰ-ਕਾਵਿ ਦੀ ਚਰਚਾ ਛਿੜੇਗੀ ਤਾਂ ਬਾਰਾਂ-ਮਾਹਿਆਂ ਨੂੰ ਜ਼ਰੂਰ ਯਾਦ ਕੀਤਾ ਜਾਵੇਗਾ ਤੇ ਇਹ ਸੰਚੀ ਉਸ ਵੇਲੇ ਥੋੜਾ ਬਹੁਤ ਜ਼ਰੂਰ ਕੰਮ ਆ ਸਕੇਗੀ।

ਪਿਆਰਾ ਸਿੰਘ ਪਦਮ



Sri Satguru Jagjit Singh Ji eLibrary NamdhariElibrary@gmail.com

# ਬਾਰਾਮਾਹੇ

Sri Satguru Jagjit Singh Ji eLibrary NamdhariElibrary@gmail.com

# ੧. ਬਾਰਾਮਾਹ ਗੁਰੂ ਨਾਨਕ

[‘ਬਾਰਾਂਮਾਹ ਤੁਖਾਰੀ’ ਅਧਿਆਤਮਕ ਰੋਮਾਂਸ, ਕਲਾਤਮਕ ਹੁਸਨ ਤੇ ਕੁਦਰਤ-ਸੁਹਜ ਦਾ ਸੰਗਮ ਹੈ। ਇਥੇ ਰੂਹਾਨੀਅਤ ਸੰਗੀਤ ਦੇ ਖੰਭਾਂ ਉਤੇ ਉਡਦੀ ਕੁਦਰਤ ਦੀ ਵਾਦੀ ਵਿਚੀਂ ਲੰਘਦੀ ਲੰਘਦੀ ਜ਼ਿੰਦਗੀ ਨੂੰ ਇਕ ਸਨੇਹਾ ਦਿੰਦੀ ਹੈ। ਬਾਵਜੂਦ ਅਸਹਿ ਵਿਛੋੜੇ ਦੇ ਗ਼ਮਾਂ ਦੇ ਵਰਣਨ ਦੇ, ਹਰ ਮਹੀਨਾ ਆਸ਼ਾ-ਭਰਪੂਰ ਵਾਤਾਵਰਣ ਨਾਲ ਅਰੰਭ ਹੁੰਦਾ ਹੈ ਜਿਵੇਂ—ਚੇਤ ਬਸੰਤ ਭਲਾ, ਵੈਸਾਖ ਭਲਾ ਜਾਂ ਸਾਵਣ ਸਰਸ ਮਨਾ...ਅਤੇ ਅੰਤ ਇਹ ਆਸ਼ਾਵਾਦੀ ਸੁਰ ਮੇਲ ਦਾ ਗੀਤ ਗਾਉਂਦੀ ਸਹਿਜ ਮਾਰਗ ਵਲ ਸੰਕੇਤ ਕਰਦੀ ਹੈ]

ਤੁਖਾਰੀ ਛੰਤ ਮਹਲਾ ੧ ਬਾਰਹਮਾਹ

ੴ ਸਤਿਗੁਰ ਪ੍ਰਸਾਦਿ।

ਤੂੰ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ।
ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂੰ ਭਲਾ।
ਹਰਿ ਰਚਨਾ ਤੇਰੀ ਕਿਆ ਗਤਿ ਮੇਰੀ ਹਰਿ ਬਿਨੁ ਘੜੀ ਨ ਜੀਵਾ।
ਪ੍ਰਿਅ ਬਾਝੁ ਦੁਹੇਲੀ ਕੋਇ ਨ ਬੇਲੀ ਗੁਰਮੁਖਿ ਅੰਮ੍ਰਿਤੁ ਪੀਵਾ।
ਰਚਨਾ ਰਾਚਿ ਰਹੇ ਨਿਰੰਕਾਰੀ ਪ੍ਰਭ ਮਨਿ ਕਰਮ ਸੁਕਰਮਾ।
ਨਾਨਕ ਪੰਥੁ ਨਿਹਾਲੇ ਸਾਧਨ, ਤੂ ਸੁਣਿ ਆਤਮ ਰਾਮਾ।੧।

ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ।
ਸਾ ਧਨ ਸਭਿ ਰਸ ਚੋਲੈ ਅੰਕਿ ਸਮਾਣੀਆ।
ਹਰਿ ਅੰਕਿ ਸਮਾਣੀ ਜਾ ਪ੍ਰਭ ਭਾਣੀ ਸਾ ਸੋਹਾਗਣ ਨਾਰੇ।
ਨਵ ਘਰ ਥਾਪਿ ਮਹਲ ਘਰੁ ਊਚਉ, ਨਿਜ ਘਰਿ ਵਾਸੁ ਮੁਰਾਰੇ।
ਸਭ ਤੇਰੀ ਤੂੰ ਮੇਰਾ ਪ੍ਰੀਤਮੁ, ਨਿਸਿ ਬਾਸੁਰ ਰੰਗਿ ਰਾਵੈ।
ਨਾਨਕ ਪ੍ਰਿਉ ਪ੍ਰਿਉ ਚਵੈ ਬਬੀਹਾ, ਕੋਕਿਲ ਸਬਦਿ ਸੁਹਾਵੈ।੨।

ਤੂ ਸੁਣਿ ਹਰਿ ਰਸ ਭਿੰਨੇ ਪ੍ਰੀਤਮ ਆਪਣੇ।
ਮਨਿ ਤਨਿ ਰਵਤ ਰਵੰਨੇ ਘੜੀ ਨ ਬੀਸਰੈ।
ਕਿਉ ਘੜੀ ਬਿਸਾਰੀ ਹਉ ਬਲਿਹਾਰੀ ਹਉ ਜੀਵਾ ਗੁਣ ਗਾਏ।
ਨਾ ਕੋਈ ਮੇਰਾ ਹਉ ਕਿਸੁ ਕੇਰਾ ਹਰਿ ਬਿਨੁ ਰਹਣੁ ਨ ਜਾਏ।
ਓਟ ਗਹੀ ਹਰਿ ਚਰਣ ਨਿਵਾਸੇ, ਭਏ ਪਵਿਤ੍ਰ ਸਰੀਰਾ।
ਨਾਨਕ ਦ੍ਰਿਸਟਿ ਦੀਰਘ ਸੁਖੁ ਪਾਵੈ, ਗੁਰਸਬਦੀ ਮਨੁ ਧੀਰਾ।੩।



Sri Satguru Jagjit Singh Ji eLibrary NamdhariElibrary@gmail.com

ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ ।
ਸਾਜਨ ਮਿਲੇ ਸਹਿਜ ਸੁਭਾਇ ਹਰਿ ਸਿਉ ਪ੍ਰੀਤ ਬਣੀ ।
ਹਰਿ ਮੰਦਰਿ ਆਵੈ ਜਾ ਪ੍ਰਭ ਭਾਵੈ ਧਨ ਊਭੀ ਗੁਣ ਸਾਰੀ ।
ਘਰਿ ਘਰਿ ਕੰਤ ਰਵੈ ਸੋਹਾਗਣਿ ਹਉ ਕਿਉ ਕੰਤਿ ਵਿਸਾਰੀ ।
ਉਨਵਿ ਘਨ ਛਾਏ ਬਰਸੁ ਸੁਭਾਏ ਮਨਿ ਤਨਿ ਪ੍ਰੇਮੁ ਸੁਖਾਵੈ ।
ਨਾਨਕ ਵਰਸੈ ਅੰਮ੍ਰਿਤ ਬਾਣੀ ਕਰਿ ਕਿਰਪਾ ਘਰਿ ਆਵੈ ।੪।

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ।
ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੇ ।
ਪਿਰੁ ਘਰਿ ਨਹੀਂ ਆਵੈ ਧਨ ਕਿਉਂ ਸੁਖੁ ਪਾਵੈ,ਬਿਰਹਿ ਬਿਰੋਧ ਤਨੁ ਛੀਜੈ।
ਕੋਕਿਲ ਅੰਬਿ ਸੁਹਾਵੀ ਬੋਲੈ ਕਿਉਂ ਦੁਖੁ ਅੰਕਿ ਸਹੀਜੈ ।
ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ ।
ਨਾਨਕ ਚੇਤਿ ਸਹਿਜ ਸੁਖ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ ।੫।

ਵੈਸਾਖੁ ਭਲਾ ਸਾਖਾ ਵੇਸ ਕਰੇ ।
ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ ।
ਘਰਿ ਆਉ ਪਿਆਰੇ ਦੁਤਰ ਤਾਰੇ ਤੁਧ ਬਿਨ ਅਢੁ ਨ ਮੋਲੋ ।
ਕੀਮਤਿ ਕਉਣ ਕਰੇ ਤੁਧ ਭਾਵਾਂ ਦੇਖਿ ਦਿਖਾਵੈ ਢੋਲੋ ।
ਦੂਰ ਨਾ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ ।
ਨਾਨਕ ਵੈਸਾਖੀ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ ।੬।

ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ ।
ਥਲ ਤਾਪਹਿ ਸਰ ਭਾਰ ਸਾਧਨ ਬਿਨਉ ਕਰੈ ।
ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ ।
ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ ।
ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ ।
ਨਾਨਕ ਜੇਠਿ ਜਾਣੈ ਤਿਸੁ ਜੈਸੀ, ਕਰਮਿ ਮਿਲੈ ਗੁਣ ਗਹਿਲੀ ।੭।

ਆਸਾੜੁ ਭਲਾ ਸੂਰਜੁ ਗਗਨਿ ਤਪੈ ।
ਧਰਤੀ ਦੂਖ ਸਹੈ ਸੋਖੈ ਅਗਨਿ ਭਖੈ ।
ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ ।
ਰਥ ਫਿਰੈ ਛਾਇਆ ਧਨ ਤਾਕੈ, ਟੀਡੁ ਲਵੈ ਮੰਝਿ ਬਾਰੇ ।
ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੇ ।
ਨਾਨਕ ਜਿਸਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭੁ ਨਾਲੇ ।੮।



Sri Satguru Jagjit Singh Ji eLibrary NamdhariElibrary@gmail.com

ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ ।
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ ।
ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ ।
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ ।
ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ ।
ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ । ੯ ।

ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ ।
ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ ।
ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ ।
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ ।
ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ ।
ਨਾਨਕੁ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ । ੧੦ ।

ਅਸੁਨਿ ਆਉ ਪਿਰਾ, ਸਾਧਨ ਝੂਰਿ ਮੁਈ ।
ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ ।
ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ ।
ਆਗੈ ਘਾਮ ਪਿਛੈ ਰੁਤਿ ਜਾਡਾ, ਦੇਖਿ ਚਲਤ ਮਨੁ ਡੋਲੇ ।
ਦਹਦਿਸਿ ਸਾਖ ਹਰੀ ਹਰੀਆਵਲ ਸਹਜਿ ਪਕੈ ਸੋ ਮੀਠਾ ।
ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ । ੧੧ ।

ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ ।
ਦੀਪਕੁ ਸਹਜਿ ਬਲੈ ਤਤਿ ਜਲਾਇਆ ।
ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ ।
ਅਵਗੁਣ ਮਾਰੀ ਮਰੈ ਨ ਸੀਝੈ ਗੁਣਿ ਮਾਰੀ ਤਾ ਮਰਸੀ ।
ਨਾਮੁ ਭਗਤਿ ਦੇ ਨਿਜ ਘਰਿ ਬੈਠੇ, ਅਜਹੁ ਤਿਨਾੜੀ ਆਸਾ ।
ਨਾਨਕ ਮਿਲਹੁ ਕਪਟ ਦਰ ਖੋਲਹੁ, ਏਕ ਘੜੀ ਖਟੁ ਮਾਸਾ । ੧੨ ।

ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ ।
ਗੁਣਵੰਤੀ ਗੁਣ ਰਵੈ ਮੈ ਪਿਰ ਨਿਹਚਲੁ ਭਾਵਏ ।
ਨਿਹਚਲੁ ਚਤੁਰੁ ਸੁਜਾਣੁ ਬਿਧਾਤਾ, ਚੰਚਲੁ ਜਗਤੁ ਸਬਾਇਆ ।
ਗਿਆਨੁ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ ।
ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ ।
ਨਾਨਕ ਸਾਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ । ੧੩ ।



Sri Satguru Jagjit Singh Ji eLibrary NamdhariElibrary@gmail.com

ਪੋਖਿ ਤੁਖਾਰੁ ਪੜੈ ਵਣੁ ਤ੍ਰਿਣ ਰਸੁ ਸੋਖੈ ।
ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ ।
ਮਨਿ ਤਨਿ ਰਵਿ ਰਹਿਆ ਜਗ ਜੀਵਨੁ ਗੁਰਸਬਦੀ ਰੰਗੁ ਮਾਣੀ ।
ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ ।
ਦਰਸਨੁ ਦੇਹੁ ਦਇਆਪਤਿ ਦਾਤੇ, ਗਤਿ ਪਾਵਉ ਮਤਿ ਦੇਹੋ ।
ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ । ੧੪ ।

ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ ।
ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ ।
ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ ।
ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ ।
ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ ।
ਨਾਨਕ ਮਾਘਿ ਮਹਾ ਰਸ ਹਰਿ ਜਪਿ ਅਠਸਠਿ ਤੀਰਥ ਨਾਤਾ । ੧੫ ।

ਫਲਗੁਨਿ ਮਨਿ ਰਹਸੀ ਪ੍ਰੇਮ ਸੁਭਾਇਆ ।
ਅਨਦਿਨੁ ਰਹਸੁ ਭਇਆ ਆਪੁ ਗਵਾਇਆ ।
ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ ਕਰਿ ਕਿਰਪਾ ਘਰਿ ਆਉ ।
ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਉ ।
ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ ।
ਨਾਨਕ ਮੇਲਿ ਲਈ ਗੁਰਿ ਆਪਣੈ, ਘਰਿ ਵਰੁ ਪਾਇਆ ਨਾਰੀ । ੧੬ ।

ਬੇਦਸ ਮਾਹ ਰੁਤੀ ਥਿਤੀ ਵਾਰ ਭਲੇ ।
ਘੜੀ ਮੂਰਤ ਪਲ ਸਾਚੇ, ਆਏ ਸਹਜਿ ਮਿਲੇ ।
ਪ੍ਰਭ ਮਿਲੇ ਪਿਆਰੇ ਕਾਰਜ ਸਾਰੇ, ਕਰਤਾ ਸਭ ਬਿਧਿ ਜਾਣੈ ।
ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ ।
ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ, ਗੁਰਮੁਖਿ ਮਸਤਕਿ ਭਾਗੋ ।
ਨਾਨਕ ਅਹਿਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ । ੧੭ ।



Sri Satguru Jagjit Singh Ji eLibrary NamdhariElibrary@gmail.com

# ੨. ਬਾਰਾਮਾਹ ਗੁਰੂ ਅਰਜਨ

[‘ਬਾਰਾਮਾਹ ਮਾਝ’ ਭਾਵੇਂ ਉਪਦੇਸ-ਪਰਧਾਨ ਹੈ ਪਰ ਇਸ ਉਪਦੇਸ਼ਾਵਲੀ ਵਿਚ ਵੀ ਹਰ ਮਹੀਨੇ ਦਾ ਰੰਗ ਸਪਸ਼ਟ ਭਾਂਤ ਝਲਕਦਾ ਦਿਸਦਾ ਹੈ ਜਿਵੇਂ ਸਾਵਣ ਸਰਸੀ, ‘ਭਾਦੁਇ ਭਰਮ ਭੁਲਾਣੀਆ’ ਵਿਚ। ਗੁਰੂ ਅਰਜਨ ਸਾਹਿਬ ਦੀ ਵਿਸ਼ੇਸ਼ਤਾ ਇਸ ਅਧਿਆਤਮਕ ਚਿਤ੍ਰ ਨੂੰ ਸਿਧੇ ਸਾਦੇ ਪਰ ਰਸ ਭਰੇ ਰੋਮਾਂਟਕ ਢੰਗ ਨਾਲ ਮਹੀਨਿਆਂ ਦੇ ਚੌਖਟਿਆਂ ਵਿਚ ਜੜਕੇ ਪੇਸ਼ ਕਰਨ ਵਿਚ ਹੈ]

ਬਾਰਹਮਾਹਾ ਮਾਂਝ ਮਹਲਾ ੫ ਘਰੁ ੪

ੴ ਸਤਿਗੁਰਪ੍ਰਸਾਦਿ ॥

ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ।
ਚਾਰਿ ਕੁੰਟ ਦਹ ਦਿਸਿ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ।
ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ।
ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ।
ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ।
ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ।
ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ।
ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ।
ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮ।
ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸਕਾ ਨਿਹਚਲ ਧਾਮ। ੧।

ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ।
ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ।
ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ।
ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ।
ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ।
ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ।
ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ।
ਹਰਿ ਦਰਸਨ ਕਉ ਮਨੁ ਲੋਚਦਾ ਨਾਨਕ ਪਿਆਸ ਮਨਾ।
ਚੇਤਿ ਮਿਲਾਏ ਸੋ ਪ੍ਰਭੂ ਤਿਸਕੈ ਪਾਇ ਲਗਾ। ੨।



Sri Satguru Jagjit Singh Ji eLibrary NamdhariElibrary@gmail.com

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹ ।
ਹਰਿ ਸਾਜਨੁ ਪੁਰਖੁ ਵਿਸਾਰਿਕੈ ਲਗੀ ਮਾਇਆ ਧੋਹੁ ।
ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ।
ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ।
ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹ ।
ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ।
ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ।
ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ।
ਵੈਸਾਖ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ । ੩ ।

ਹਰਿ ਜੇਠਿ ਜੁੜੰਦਾ ਲੋੜੀਐ ਜਿਸ ਅਗੈ ਸਭਿ ਨਿਵੰਨਿ ।
ਹਰਿ ਸਜਣ ਦਾਵਣ ਲਗਿਆ ਕਿਸੈ ਨ ਦੇਈ ਬੰਨਿ ।
ਮਾਣਕ ਮੋਤੀ ਨਾਮੁ ਪ੍ਰਭੁ ਉਨ ਲਗੈ ਨਾਹੀ ਸੰਨਿ ।
ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ।
ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ।
ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ ।
ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ।
ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ।
ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ । ੪ ।

ਅਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿਨ੍ਹਾਂ ਪਾਸਿ ।
ਜਗ ਜੀਵਨ ਪੁਰਖੁ ਤਿਆਗ ਕੈ ਮਾਣਸ ਸੰਦੀ ਆਸ ।
ਦੁਯੈ ਭਾਇ ਵਿਗੁਚੀਐ ਗਲਿ ਪਈ ਸੁ ਜਮ ਕੀ ਫਾਸ ।
ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸ ।
ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ।
ਜਿਨਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸ ।
ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ।
ਪ੍ਰਭ ਤੁਧੁ ਬਿਨ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ।
ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ । ੫ ।

ਸਾਵਣਿ ਸਰਸੀ ਕਾਮਣੀ ਚਰਨ ਕਵਲ ਸਿਉ ਪਿਆਰ ।
ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮ ਅਧਾਰੁ ।
ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ।
ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ।



Sri Satguru Jagjit Singh Ji eLibrary NamdhariElibrary@gmail.com

ਵਣ ਤ੍ਰਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥੁ ਪੁਰਖੁ ਅਪਾਰੁ ।
ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣੁ ਹਾਰੁ ।
ਜਿਨੀ ਸਖੀਏ ਪ੍ਰਭੁ ਪਾਇਆ ਹਉ ਤਿਨ ਕੈ ਸਦ ਬਲਿਹਾਰੁ ।
ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣ ਹਾਰੁ ।
ਸਾਵਣ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰ । ੬ ।

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ।
ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ।
ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ।
ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ।
ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ।
ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ।
ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ।
ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ।
ਸੇ ਭਾਦੁਇ ਨਰਕ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ । ੭ ।

ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ।
ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ ।
ਸੰਤ ਸਹਾਈ ਪ੍ਰੇਮ ਕੇ ਹਉ ਤਿਨਕੈ ਲਾਗਾ ਪਾਇ ।
ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ ।
ਜਿੰਨੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ ।
ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ ।
ਜੋ ਹਰਿ ਕੰਤ ਮਿਲਾਈਆ ਸੇ ਵਿਛੁੜਿ ਕਤਹਿ ਨ ਜਾਇ ।
ਪ੍ਰਭੁ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ ।
ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿਰਾਇ । ੮ ।

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗ ।
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ।
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ।
ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ।
ਵਿਚੁ ਨ ਕੋਈ ਕਰਿ ਸਕੈ ਕਿਸਥੈ ਰੋਵਹਿ ਰੋਜ ।
ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ।
ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ।
ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ।
ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ । ੯ ।



Sri Satguru Jagjit Singh Ji eLibrary NamdhariElibrary@gmail.com

ਮੰਘਿਰਿ ਮਾਹਿ ਸੁਹੰਦੀਆ ਹਰਿ ਪਿਰ ਸੰਗਿ ਬੈਠੜੀਆਹ ।
ਤਿਨ੍ਹ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ।
ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ।
ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ।
ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ।
ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ।
ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ।
ਨਾਨਕ ਬਾਂਛੈ ਧੂੜਿ ਤਿਨ੍ਹ ਪ੍ਰਭ ਸਰਣੀ ਦਰਿ ਪੜੀਆਹ ।
ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ । ੧੦ ।

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ।
ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ।
ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ।
ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ।
ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ।
ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ।
ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ।
ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ।
ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ । ੧੧ ।

ਮਾਘਿ ਮਜਨੁ ਸੰਗਿ ਸਾਧੂਆਂ ਧੂੜੀ ਕਰਿ ਇਸਨਾਨੁ ।
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ।
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ।
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ।
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ।
ਅਠ ਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ।
ਜਿਸਨੋ ਦੇਵੈ ਦਇਆ ਕਰ ਸੋਈ ਪੁਰਖੁ ਸੁਜਾਨੁ ।
ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ।
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰ ਮਿਹਰਵਾਨੁ । ੧੨ ।

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ।
ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ।
ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ ।



Sri Satguru Jagjit Singh Ji eLibrary NamdhariElibrary@gmail.com

ਇਛ ਪੁੰਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ।
ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ ।
ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ ।
ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ ।
ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ।
ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ।
ਫਲਗੁਣਿ ਨਿਤ ਸਲਾਹੀਐ ਜਿਸਨੋ ਤਿਲੁ ਨ ਤਮਾਇ । ੧੩ ।

ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ ।
ਹਰਿ ਗੁਰ ਪੂਰਾ ਆਰਾਧਿਆ ਦਰਗਹ ਸਚਿ ਖਰੇ ।
ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ ।
ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ ।
ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ ।
ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ ।
ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ।
ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ । ੧੪ ।





Sri Satguru Jagjit Singh Ji eLibrary NamdhariElibrary@gmail.com

## ੩. ਬਾਰਾਂਮਾਹ (ਲੋਕ-ਗੀਤ)

ਚੜ੍ਹਿਆ ਮਹੀਨਾ ਚੇਤ ਦਿਲਾਂ ਦੇ ਭੇਤ, ਕੋਈ ਨਹੀਂ ਜਾਣਦਾ
ਉਹ ਗਿਆ ਪਰਦੇਸ ਜੋ ਸਾਡੇ ਹਾਣ ਦਾ।
ਚੜ੍ਹਿਆ ਮਹੀਨਾ ਵਸਾਖ ਅੰਬੇ ਪੱਕੀ ਦਾਖ ਅੰਬੇ ਰਸ ਚੋ ਪਿਆ
ਪੀਆ ਗਿਆ ਪਰਦੇਸ ਕਿ ਜੀਉੜਾ ਰੋ ਪਿਆ।
ਚੜ੍ਹਿਆ ਮਹੀਨਾ ਜੇਠ ਕਿ ਜੇਠ ਪਲੇਠ ਕਿ ਜੇਠ ਜਠਾਣੀਆਂ
ਪੀਆ ਵਸੇ ਪਰਦੇਸ ਕਿ ਮਨ ਨਹੀਂ ਭਾਣੀਆਂ।
ਚੜ੍ਹਿਆ ਮਹੀਨਾ ਹਾੜ ਤਪਣ ਪਹਾੜ ਕਿ ਬਲਣ ਅੰਗੀਠੀਆਂ
ਪੀਆ ਵਸੇ ਪਰਦੇਸ, ਸਭੇ ਗੱਲਾਂ ਝੂਠੀਆਂ।
ਚੜ੍ਹਿਆ ਮਹੀਨਾ ਸੌਣ ਮੀਂਹ ਵਰਸੌਣ ਉਡਣ ਭੰਬੀਰੀਆਂ
ਪੀਆ ਵਸੇ ਪਰਦੇਸ ਕਿ ਮਨ ਦਿਲਗੀਰੀਆਂ।
ਭਾਦ੍ਰੋ ਦਾ ਭਦਰੱਕਾ ਮੇਰੀ ਨੱਥ ਮਾਰੇ ਝਬੱਕਾ ਕਿ ਮੱਥੇ ਦੌਣੀਆਂ
ਪੀਆ ਵਸੇ ਪਰਦੇਸ ਕਿ ਮਨ ਨ ਭੌਣੀਆਂ।
ਚੜ੍ਹਿਆ ਮਹੀਨਾ ਅੱਸੂ ਸੁਣ ਭੋਲੀਏ ਸੱਸੂ! ਸੁਣ ਮਨ ਦੀ ਭੋਲੀਏ!
ਪੀਆ ਵਸੇ ਪਰਦੇਸ ਕਿਦ੍ਹੇ ਨਾਲ ਬੋਲੀਏ।
ਚੜ੍ਹਿਆ ਮਹੀਨਾ ਕੱਤਕ ਮਾਹੀ ਮੇਰਾ ਅਟਕ ਕਿ ਆਈ ਦਿਵਾਲੀ ਏ
ਪੀਆ ਵਸੇ ਪਰਦੇਸ ਕਿ ਦੀਵੇ ਬਾਲੀਏ।
ਚੜ੍ਹਿਆ ਮਹੀਨਾ ਮੱਘਰ ਕੱਤਨੀਆਂ ਖੱਦਰ ਕਿ ਲੇਫ ਰੰਗਾਨੀਆਂ
ਪੀਆ ਵਸੇ ਪਰਦੇਸ ਕਿ ਟੰਗਣੇ ਪਾਨੀਆਂ।
ਚੜ੍ਹਿਆ ਮਹੀਨਾ ਪੋਹ ਹੱਥੀਂ ਪੈਰੀਂ ਖੋਹ ਕਿ ਚੌਲ ਮੇਰੇ ਡੁਲ੍ਹ ਜਾਵਣ
ਨਣਦੇ! ਘਰ ਆਵੇ ਤੇਰਾ ਵੀਰ ਸਭੇ ਦੁਖ ਭੁਲ ਜਾਵਣ।
ਚੜ੍ਹਿਆ ਮਹੀਨਾ ਮਾਘ ਰਿੰਨ੍ਹੇਨੀਆਂ ਸਾਗ ਹਾਂਡੀ ਪਾਣੀ ਪਾਵੀਏ
ਪੀਆ ਆਵੇ ਮੇਰੇ ਕੋਲ ਤਾਂ ਰਲ ਮਿਲ ਖਾਵੀਏ।
ਚੜ੍ਹਿਆ ਮਹੀਨਾ ਫੱਗਣ ਕਿ ਵਾਵਾਂ ਵਗਣ ਪਤਾ ਨਹੀਂ ਢੋਲ ਦਾ
ਪੀਆ ਵਸੇ ਪਰਦੇਸ ਕਿ ਜੀਉੜਾ ਡੋਲਦਾ।



Sri Satguru Jagjit Singh Ji eLibrary NamdhariElibrary@gmail.com

# ੪. ਬਾਰਾਂਮਾਹ (ਲੋਕ-ਗੀਤ)

ਭੰਨੀ ਤੇ ਭੰਨੀ ਮੈਂ ਗਈ ਸਾਂ ਬਾਜ਼ਾਰ, ਸਹੁਰੇ ਦੀ ਨਜ਼ਰੀਂ ਪੈ ਮੈਂ ਗਈ ।
ਕਿਉਂ ਮੇਰੀ ਨੂਹੜੀਏ ! ਤੇਰਾ ਮੈਲਾ ਮੈਲਾ ਵੇਸ,ਕਿਉਂ ਮੇਰੀ ਨੂੰਹੇ ! ਲਟ ਬਾਵਰੀ ।
ਨ ਮੇਰੇ ਸਹੁਰਾ ਜੀ ! ਮੇਰਾ ਮੈਲਾ ਮੈਲਾ ਵੇਸ, ਨ ਮੇਰੇ ਸਹੁਰਾ ਜੀ ਮੈਂ ਬਾਵਰੀ ।
ਸੱਸੂ ਦਾ ਜਾਇਆ ਛੋਟੀ ਨਣਦੇ ਦਾ ਵੀਰ, ਸੋਈਓ ਟੁਰ ਚੱਲਿਆ ਰਾਜੇ ਚਾਕਰੀ ।
ਨੂੰਹੜੀਏ, ਤੂ ਤਾਂ ਚਤੁਰ ਸੁਜਾਨ, ਜਾਂਦਾ ਜਾਂਦਾ ਤਾਂ ਢੋਲੀ ਆਪਣਾ ਰੱਖ ਲੈ ।
ਡਾਹਕੇ ਪੀੜ੍ਹਾ ਮੈਂ ਬਹਿਨੀ ਆਂ ਪਸਾਰ, ਬਹਿ ਸਮਝਾਵਾਂ ਜਾਨੀ ਆਪਣਾ ।
ਬਲ ਬਲ ਦੀਵੜਿਆ ! ਬਲ ਬਲ ਬੱਤੀਏ ! ਸੱਜਣਾਂ ਦੇ ਅੱਗੇ ਸਾਡੀ ਬੇਨਤੀ ।

ਚੇਤਰ ਨ ਜਾਈਓ ਵੇ ਕੋਈ ਫੁਲਾਂ ਦੀ ਬਹਾਰ ।
ਵਸਾਖ ਵਸਾਖੀ ਅਸਾਂ ਨ੍ਹਾਵਣੀ ।
ਜੇਠ ਨ ਜਾਈਓ ਵੇ ਕੋਈ ਤਪਣ ਤੰਦੂਰ
ਹਾੜ ਦੀਆਂ ਧੁਪਾਂ ਮੱਲ ਜੀ ! ਡਾਢੀਆਂ
ਸਾਉਣ ਨ ਜਾਈਓ ਬੱਦਲਾਂ ਰਿਮ ਝਿਮ ਲਾਈ
ਭਾਦਰੋਂ ਬੰਬੀਹੇ ਮੱਲ ਜੀ ! ਬੋਲਦੇ ।
ਅੱਸੂ ਨ ਜਾਈਓ ਵੇ ਕੋਈ ਪਿਤਰ ਮਨਾ
ਕੱਤਕ ਦੀਵਾਲੀ ਮੱਲ ਜੀ ! ਘਰੇ ਕਰੇਂ ।
ਮੱਘਰ ਨ ਜਾਈਓ ਰੰਗਲੇ ਲੇਫ ਰੰਗਾਏ ।
ਪੋਹਾਂ ਦੇ ਪਾਲੇ ਮੱਲ ਜੀ ! ਡਾਢੜੇ ।
ਮਾਘ ਨ ਜਾਈਓ ਵੇ ਕੋਈ ਮਾਘੀ ਮਨਾ
ਫੱਗਣ ਦੀ ਹੋਲੀ ਅਸਾਂ ਘਰੇ ਖੇਡਣੀ ।
'ਬੀਤੇ ਨੀ ਬੀਤੇ ਤੇਰੇ ਬਾਰਾਂ ਮਹੀਨੇ,
ਸਾਨੂੰ ਮੁਸਾਫਰਾਂ ਨੂੰ ਗੋਰੀ ! ਜਾਣ ਵੀ ਦੇਹ ।'





Sri Satguru Jagjit Singh Ji eLibrary NamdhariElibrary@gmail.com

## ੫. ਬਾਰਾਮਾਂਹ (ਲੋਕ-ਗੀਤ)

ਇਕ ਮਾਹ, ਦੋ ਮਾਹ, ਤਿੰਨ ਚਲਦੇ ਆਏ ।
ਵੇ ਲਾਲ, ਜੰਮੂ ਦਰਿਆ ਪੱਤਣ ਡੇਰੇ ਲਾਏ ।
ਜੰਮੂ ਦਰਿਆ ਪੱਤਣ ਭਲਾ ਟਿਕਾਣਾ,
ਜੀ ਲਾਲ, ਅਟਕਾਂ ਦਾ ਰਾਹ ਸਾਨੂੰ ਦੱਸ ਕੇ ਜਾਣਾ ।
ਚੇਤ ਦੇ ਮਹੀਨੇ ਨੌਂ ਰੱਖਾਂ ਨੁਰਾਤੇ
ਮੈਂ ਜਪਾਂ ਭਗਵਾਨ ਲਾਲ ! ਆ ਮਿਲ ਆਪੇ ।
ਵੈਸਾਖ ਪੱਕੀ ਦਾਖ ਕੱਚੀ ਇਕ ਤੋੜ ਨ ਸਕਾਂ ।
ਜੀ ਲਾਲ ਪ੍ਰਦੇਸ, ਉਸਨੂੰ ਰੱਬ ਦੀਆਂ ਰੱਖਾਂ ।
ਜੇਠ ਘੋੜਾ ਹੇਠ, ਧੁਪਾਂ ਪੈਣ ਬਲਾਈਂ ।
ਵੇ ਲਾਲ ਦਮਾਂ ਦਿਆ ਲੋਭੀਆ ! ਪਰਦੇਸ ਨ ਜਾਈਂ ।
ਮੈਂ ਕੱਤਾਂਗੀ ਨਿਕੜਾ ਤੂੰ ਬੈਠਾ ਖਾਈਂ ।
ਨਾਰਾਂ ਦੀ ਖੱਟੀ ਨੀ ਗੋਰੀਏ, ਕੁਝ ਬਰਕਤ ਨਾਹੀਂ ।
ਮਰਦਾਂ ਦੀ ਖੱਟੀ ਗੋਰੀਏ, ਚੂੜੇ ਛਣਕਣ ਬਾਹੀਂ ।
ਹਾੜ ਦੇ ਮਹੀਨੇ ਜੀ ਦੁਪੱਟੇ ਸੀਵਾਂ,
ਮੇਰਾ ਲਾਲ ਪਰਦੇਸ ਜੀ ਮੈਂ ਘੜੀ ਨ ਜੀਵਾਂ ।
ਸਾਵਣ ਦੇ ਮਹੀਨੇ ਜੀ ਦੋ ਕਿਣ ਮਿਣ ਕਣੀਆਂ ।
ਜੋਬਨ ਦੀਆਂ ਲਹਿਰਾਂ ਵੇ, ਸਾਨੂੰ ਮੁਸ਼ਕਲ ਬਣੀਆਂ ।
ਭਾਦੋਂ ਦੇ ਮਹੀਨੇ ਜੀ ਬੰਬੀਹਾ ਬੋਲੇ,
ਵੇ ਲਾਲ ! ਸੁਨਞੀ ਹੈ ਸੇਜ, ਮੇਰਾ ਜੀਉੜਾ ਡੋਲੇ ।
ਅਸੂ ਦੇ ਮਹੀਨੇ ਵੇ ਰੱਖਾਂ ਨੌਂ ਮੈਂ ਨੁਰਾਤੇ ।
ਜੀ ਲਾਲ ਵੇ ! ਸਾਨੂੰ ਕਿਵੇਂ ਆ ਮਿਲ਼ ਆਪੇ ।
ਕੱਤਕ ਦੇ ਮਹੀਨੇ ਵੇ ਦੀਵਾਲੀ ਆਈ ।
ਜਿਨ੍ਹਾਂ ਘਰ ਲਾਲ ਤਿਨ੍ਹਾਂ ਧਰੀ ਕੜਾਹੀ ।
ਲਾਲ ਲਈ ਮੈਂ ਪੱਕੇ ਸੱਤ ਪਕਵਾਨ ਨੀਂ ।
ਘਰ ਮੁੜ ਆਵੇ ਮੇਰੇ ਅੰਤਰਜਾਮੀ ।



Sri Satguru Jagjit Singh Ji eLibrary NamdhariElibrary@gmail.com

ਮੱਘਰ ਮਹੀਨੇ ਜੀ ਮੈਂ ਲੇਫ ਭਰਾਵਾਂ,
ਲਾਲ ! ਤੁਸੀਂ ਪ੍ਰਦੇਸ ਕੁਝ ਚਿਤ ਨਾ ਭਾਵਾਂ ।
ਪੋਹ ਦੇ ਮਹੀਨੇ ਜੀ ਏਹ ਪੈਂਦੇ ਪਾਲੇ ।
ਜਿਨ੍ਹਾਂ ਘਰ ਲਾਲ ਜੀ ਉਹ ਕਰਮਾਂ ਵਾਲੇ ।
ਮਾਘ ਦੇ ਮਹੀਨੇ ਘਰ ਲੋਹੜੀ ਆਈ,
ਜਿਨ੍ਹਾਂ ਘਰ ਲਾਲ ਉਨ੍ਹਾਂ, ਤਿਲ ਚੌਲੀ ਪਾਈ ।
ਲਾਲ ਜਿਨ੍ਹਾਂ ਪਰਦੇਸ ਤਿਨਾਂ ਚਿਤ ਨਾ ਭਾਈ ।
ਫੱਗਣ ਦੇ ਮਹੀਨੇ ਵੇ ! ਘਰ ਹੋਲੀ ਆਈ ।
ਜਿਨ੍ਹਾਂ ਘਰ ਲਾਲ ਉਨ੍ਹਾਂ ਰਲ ਕੇ ਮਨਾਈ ।





Sri Satguru Jagjit Singh Ji eLibrary NamdhariElibrary@gmail.com

## ੬. ਬਾਰਾਂਮਾਹ (ਲੋਕ-ਗੀਤ)

ਚੇਤ ਨਾ ਜੰਮਦੀਓਂ ਨੀ ਮਾਂ ਮੈਨੂੰ ਕਿਉਂ ਦੁੱਖ ਹੁੰਦੇ।
ਰਾਤ ਦਿਨ ਨੈਣ ਮੇਰੇ ਰੋਂਦੇ ਹੀ ਰੋਂਦੇ।
ਤੁਧ ਬਿਨ ਰੱਬਾ ਮੇਰਾ ਭੌਰ ਨਿਮਾਣਾ,
ਨੀ ਮਾਏ ! ਨੱਢਾ ਨਾਦਾਨ ਕਦ ਹੋਵੇਗਾ ਸਿਆਣਾ ?
ਵਸਾਖ ਪੱਕੀ ਦਾਖ਼ ਨੀ ਮਾਂ ! ਫੁੱਲਾਂ ਤੇ ਲਾਲੀ ਆਈ।
ਨੀ ਮਾਂ ! ਭਰ ਜੋਬਨ ਦੀ ਧੁੱਪ ਮੇਰੇ ਸਿਰ ਤੇ ਆਈ।
ਤੁਧ ਬਿਨ ਰੱਬਾ ਮੇਰਾ ਭੌਰ ਨਿਮਾਣਾ
ਨੀ ਮਾਏ ! ਨੱਢਾ ਨਾਦਾਨ, ਕਦੇ ਹੋਵੇਗਾ ਸਿਆਣਾ ?
ਜੇਠ ਦਾ ਮਹੀਨਾ ਨੀ ਮਾਂ, ਮੈਥੋਂ ਜਰਿਆ ਨਹੀਂ ਜਾਂਦਾ।
ਇਹ ਮਨ ਦਾ ਸਮੁੰਦਰ ਨੀ ਮਾਂ ਮੈਥੋਂ ਤਰਿਆ ਨਹੀਂ ਜਾਂਦਾ।
ਤੁਧ ਬਿਨ ਰੱਬਾ ਮੇਰਾ ਭੌਰ ਨਿਮਾਣਾ,
ਨੀ ਮਾਏ ! ਨੱਢਾ ਨਾਦਾਨ ਕਦੇ ਹੋਵੇਗਾ ਸਿਆਣਾ ?
ਹਾੜ੍ਹ ਦਾ ਮਹੀਨਾ ਨੀ ਮਾਂ ਮੈਂ ਅੰਦਰ ਵੜੀਆਂ
ਨੀ ਮਾਂ ! ਜਿਹਦੇ ਨਾਲ ਵਿਆਹੀਆਂ ਉਹ ਕਰਦਾ ਈ ਅੜੀਆਂ
ਤੁਧ ਬਿਨ ਰੱਬਾ............
ਸੌਣ ਦੇ ਮਹੀਨੇ ਨੀ ਮਾਂ ਚੜ੍ਹ ਸੁੱਤੀਆਂ ਚੁਬਾਰੇ
ਫੁੱਲਾਂ ਦੀ ਸੇਜ ਮੇਰੀ ਤਾਰਿਆਂ ਨੂੰ ਪੁਕਾਰੇ
ਤੁਧ ਬਿਨ ..................
ਭਾਦਰੋਂ ਦੀ ਸ਼ਾਮ ਨੀ ਮਾਂ ! ਕਾਲਾ ਬੱਦਲ ਆਇਆ
ਖੇਡ ਕੇ ਖੜੁੱਕਣੇ ਨੀ ਮਾਂ ਢੋਲਾ ਘਰ ਨਹੀਂ ਆਇਆ।
ਤੁਧ ਬਿਨ..................
ਅੱਸੂ ਦੇ ਮਹੀਨੇ ਨੀ ਮਾਂ ਕੋਈ ਰੱਖਾਂ ਨੁਰਾਤੇ
ਖੇਡਦਾ ਈ 'ਕੀੜੀ ਕਾਟਾ' ਸਾਡੇ ਦਰਦ ਨਾ ਜਾਤੇ
ਤੁਧ ਬਿਨ..................
ਕੱਤੇਂ ਦਾ ਮਹੀਨਾ ਨੀ ਮਾਂ ਕੋਈ ਆਈ ਦੀਵਾਲੀ



Sri Satguru Jagjit Singh Ji eLibrary NamdhariElibrary@gmail.com

ਬਿਰਹੋਂ ਦੀ ਅੱਗ ਅਸਾਂ ਵਿਹੜੇ ਵਿਚ ਬਾਲੀ ।
ਤੁਧ ਬਿਨ..................
ਮੱਘਰ ਦਾ ਮਹੀਨਾ ਨੀ ਮਾਂ ਅਸਾਂ ਲੇਫ਼ ਰੰਗਾਏ
ਢੋਲਾ ਨਹੀਂ ਆਇਆ ਅਸਾਂ ਟੰਗਣੇ ਪਾਏ ।
ਤੁਧ ਬਿਨ..................
ਪੋਹ ਦਾ ਮਹੀਨਾ ਨੀ ਮਾਂ ! ਕੋਈ ਪਾਲੇ ਡਾਢੇ
ਲੋਹੀ ਕਿਹਦੀ ਬਾਲਾਂ ਨੀ ਮਾਂ ਦੁੱਖ ਜਾਣੇ ਨਾ ਸਾਡੇ
ਤੁਧ ਬਿਨ..................
ਮਾਘ ਦਾ ਮਹੀਨਾ ਨੀ ਮਾਂ ! ਮੇਰਾ ਜੀਉੜਾ ਢਹਿੰਦਾ
ਅੱਖੀਆਂ ਦਾ ਕੱਜਲਾ ਨੀ ਮਾਂ ! ਮੇਰਾ ਵਹਿ ਵਹਿ ਪੈਂਦਾ ।
ਤੁਧ ਬਿਨ..................
ਫੱਗਣ ਦੇ ਮਹੀਨੇ ਨੀ ਮਾਂ ! ਕੋਈ ਆਈ ਏ ਹੋਲੀ
ਕੀ ਕਰਾਂ ਅਲਤਾ ਤੇ ਕੇਸਰ ਨੀ ਮਾਂ ! ਸੁੱਕੀ ਮੇਰੀ ਚੋਲੀ ।
ਤੁਧ ਬਿਨ ਰੱਬਾ ਮੇਰਾ ਭੌਰ ਨਿਮਾਣਾ
ਨੀ ਮਾਏ ਨੱਢਾ ਨਾਦਾਨ, ਕਦੇ ਹੋਵੇਗਾ ਸਿਆਣਾ ?



Sri Satguru Jagjit Singh Ji eLibrary NamdhariElibrary@gmail.com

## ੭. ਬਾਰਾਂਮਾਹ ਬੁਲ੍ਹੇਸ਼ਾਹ ਕਾ

ਦੋਹਰਾ–ਅੱਸੂ ਲਿਖੋਂ ਸੰਦੇਸਰਾ, ਜੋ ਵਾਚੇ ਮੇਰਾ ਪੀਉ
ਗਵਨ ਕੀਓ ਤੁਮ ਕਹਾਂ ਕੋ, ਮੋ ਤਨ ਕਲਮਲ ਜੀਉ ।੧।
ਅੱਸੂ ਅਸਾਂ ਤੁਸਾਡੀ ਆਸ, ਜਿਗਰੇ ਮੁਢ ਪ੍ਰੇਮ ਦੀ ਲਾਸ
ਧੁਖਣ ਹੱਡ ਸੁਕਾਏ ਮਾਸ, ਅਸਾਡੀ ਜਿੰਦ ਤੁਸਾਡੇ ਪਾਸ
ਸੂਲਾਂ ਸਾੜੀਆਂ ।
ਸੂਲਾਂ ਸਾੜੀ ਰਹੀ ਬਿਹਾਲ, ਮੁਠੀ ਤਦੋਂ ਨ ਗਈਆਂ ਨਾਲਿ
ਉਲਟੀ ਪ੍ਰੇਮ ਨਗਰ ਕੀ ਚਾਲ, ਬੁਲ੍ਹਾ, ਸ਼ਹੁ ਦੀ ਕਰਸਾਂ ਭਾਲ
ਪਿਆਰੇ ਮਾਰੀਆਂ ।੧।

ਦੋਹਰਾ–ਕਹੁ ਕੱਤਕ ਅਬ ਕਿਆ ਕਰਉਂ, ਬਨਿਓ ਜੁ ਕਠਿਨ ਬਿਓਗ
ਸੀਸ ਨਿਆ ਕਰ ਜੋਰ ਕੈ, ਮਾਗਉਂ ਭੀਖ ਸੰਜੋਗ ।
ਚੜ੍ਹਦੇ ਕੱਤਕ ਸਈਆਂ ਕੱਤਣ, ਕੇਹਾ ਚੇਟਕ ਲਗਾ ਅਵੱਤਣ ।
ਦਰ ਦਰ ਬਹਿੰਦੀ ਧੁੰਮਾਂ ਘੱਤਣ, ਅਉਖੇ ਘਾਟ ਪੁਛਾਏ ਪੱਤਣ
ਸਾਈਂ ਵਾਸਤੇ ।
ਵੇ ਮੈਂ ਮੂਈ ਬਿਦਰਦੀ ਲੋਕਾ, ਉਚੇ ਚੜ੍ਹ ਕੇ ਦੇਨੀ ਹਾਂ ਹੋਕਾ
ਮੇਰਾ ਉਨ ਸੰਗ ਨੇਹੁ ਚਿਰੋਕਾ, ਬੁਲ੍ਹਾ ਸ਼ਹੁ ਬਿਨ ਜੀਵਣ ਫੋਕਾ
ਜਾਂਦਾ ਪਾਸ ਤੇ ।੨।

ਦੋਹਰਾ–ਮਘਰਿ ਘਰਿ ਰਹੀ ਸੋਧ ਕੈ, ਉਚੇ ਨੀਚੇ ਦੇਖ
ਪੜ੍ਹਿ ਪੋਥੀ ਪੰਡਤ ਥਕ ਰਹੇ, ਘਟਿ ਘਟਿ ਰਮਿਓ ਅਲੇਖ ।
ਮੱਘਰ ਮੈਂ ਘਰਿ ਮਿਤ੍ਰ ਨ ਜਾਂਦਾ, ਰਾਖਸ਼ ਨੇਹੁ ਹੱਡਾਂ ਨੂੰ ਖਾਂਦਾ
ਜਲਬਲ ਜੀਉ ਪਿਆ ਬਿਲਲਾਂਦਾ, ਆਵੇ ਲਾਲ ਕਿਸੇ ਦਾ ਆਂਦਾ
ਬੰਦੀ ਹੋ ਰਹਾਂ ।
ਜੇ ਕੋਈ ਸਾਨੂੰ ਯਾਰ ਮਿਲਾਵੈ, ਜੋ ਕੁਝ ਮੂੰਹ ਮੰਗੇ ਸੋ ਪਾਵੈ
ਵਟੋ ਬੈਠੀ ਮੋੜ ਲਿਆਵੈ, ਬੁਲ੍ਹਾ ਸ਼ਹੁ ਬਿਨ ਨੀਂਦ ਨ ਆਵੈ
ਮੈਂ ਕੀ ਸੌਂ ਰਹਾਂ ।੩।



Sri Satguru Jagjit Singh Ji eLibrary NamdhariElibrary@gmail.com

ਦੋਹਰਾ-ਪੋਹ ਰੜ੍ਹੈ ਕਤ ਜਾਈਏ, ਅਬ ਨੇੜੇ ਨਾਹੀ ਮੀਤ
ਇਨ ਮੋਹਨ ਜਗ ਮੋਹਿਆ, ਤੁਮ ਪਾਬਰ ਕਰੋ ਨ ਚੀਤ ।
ਪਾਪੀਪੋਹ ਪਵਨ ਕਤ ਪਈਆ,ਲਦ ਗਏ ਹੋਤ ਤਾਂਉਘੜ ਗਈਆਂ
ਨਾ ਸੰਗ ਮਾਪੇ ਸੱਜਣ ਸਈਆਂ,ਇਕ ਤਾਂ ਇਸ਼ਕ ਜਵਾਲੇ ਲਈਆਂ
ਦੁਖਾਂ ਰੋਲੀਆਂ ।

ਕੜ ਕੜ ਕੱਪਰ ਕੜਕ ਡਰਾਵੈ, ਮਾਰੂ ਥਲ ਵਿਚ ਡੇਰੇ ਪਾਵੈ
ਜੀਉਂਦੀ ਮੁਈਸੁ ਪੀਆ ਦੇ ਹਾਵੈ,ਬੁਲ੍ਹੇਸ਼ਾਹ ਪੀਆ ਅਜੇ ਨ ਆਵੈ
ਜੰਗਲ ਟੋਲੀਆਂ । ੪ ।

ਦੋਹਰਾ-ਮਾਘੀ ਨ੍ਹਾਵਣ ਆਈਆਂ, ਹੋਰ ਤੀਰਥ ਬਣੇ ਹੈਸਾਨ
ਤ੍ਰਿਮ ਤ੍ਰਿਮ ਬਰਖੈ ਨੈਨ ਦੁਇ, ਮੈ ਉਦੂੰ ਕਰਾਂ ਇਸਨਾਨ ।
ਮਾਘ ਮਹੀਨੇ ਜੈਂ ਦੀ ਤਾਂਘ, ਨਈਂ ਮੁਹਬਤ ਗਈ ਉਲਾਂਘ
ਇਸ਼ਕ ਮੁਅੱਜ਼ਨ ਦਿਤੀ ਬਾਂਗ, ਰਹਿੰਦੀ ਨਿਤ ਪੀਆ ਦੀ ਤਾਂਘ
ਦੁਆਈਂ ਮੈਂ ਕਰਾਂ ।

ਆਖਾਂ ਪਿਆਰੇ ਮੈਂ ਵਲ ਆਉ, ਤੇਰਾ ਮੁਖ ਵੇਖਣ ਦਾ ਚਾਉ
ਭਾਵੇਂ ਹੋਰ ਤੱਤੀ ਨੂੰ ਤਾਉ, ਬੁਲ੍ਹਾ ਸ਼ਹੁ ਨੂੰ ਆਣ ਮਿਲਾਉ
ਨਹੀਂ ਮੈਂ ਜਲ ਮਰਾਂ । ੫ ।

ਦੋਹਰਾ-ਫਾਗਣ ਫੂਲੇ ਫਾਗ ਮੇਂ, ਖੇਲਤ ਹੈ ਨਰ ਨਾਰ
ਪਿਆਰਾ ਨਜ਼ਰ ਨ ਆਵਈ, ਗਲ ਸੂਲੋਂ ਕੇ ਹਾਰ ।
ਹੋਰੀ ਖੇਡਣ ਸਈਆਂ ਫਗਣ, ਮੇਰੇ ਨੈਣ ਝਲਾਰੀਂ ਵਗਣ
ਔਖੇ ਜੀਵਦਿਆਂ ਦਿਨ ਤੱਗਣ, ਸੀਨੇ ਬਾਣ ਪ੍ਰੇਮ ਕੇ ਲੱਗਣ
ਹੋਰੀ ਹੋ ਰਹੀ ।

ਜੋ ਕੁਝ ਰੋਜ਼ ਅਜ਼ਲ ਥੀਂ ਹੋਈ, ਹੁਣ ਤਾਂ ਮੂੰਹ ਤੋਂ ਲੱਥੀ ਲੋਈ
ਦੁਖੀਂ ਰੋਲੀ ਲਹਾਂ ਨ ਢੋਈ, ਬੁਲ੍ਹੇ ਸ਼ਾਹ ਨੂੰ ਆਖੇ ਕੋਈ
ਜਿਉਂ ਤਿਉਂ ਜੀਉ ਰਹੀ । ੬ ।

ਦੋਹਰਾ-ਚੇਤ ਚਮਨ ਮੈਂ ਕੋਇਲਾਂ, ਬਨ ਤ੍ਰਿਣ ਕਰਨ ਪੁਕਾਰ
ਮੈਂ ਸੁਣਤ ਮਨ ਝੁਰ ਮਰਾਂ, ਕਬ ਘਰ ਆਵੈ ਯਾਰ ।
ਮੈਂ ਕੀ ਕਰਾਂ ਜੁ ਆਇਆ ਚੇਤ, ਬਨ ਤ੍ਰਿਣ ਫੂਲ ਰਹੇ ਸਭ ਖੇਤ
ਆਪਣਾ ਅੰਤ ਨ ਦਸਦੇ ਭੇਤ, ਅਸਾਡੀ ਹਾਰ ਤੁਸਾਡੀ ਜੇਤੁ
ਹੁਣ ਮੈਂ ਹਾਰੀਆਂ ।

ਹੁਣ ਮੈਂ ਹਾਰਿਆ ਆਪਣਾ ਆਪੁ, ਤੇਰਾ ਇਸ਼ਕ ਅਸਾਡਾ ਥਾਪ
ਹਰਦਮ ਨਾਮ ਤੁਸਾਡਾ ਜਾਪ, ਬੁਲ੍ਹੇ ਸ਼ਾਹ ਕੀ ਲਾਇਓ ਪਾਪ,
ਵਿਛੋੜੇ ਮਾਰੀਆਂ ।



Sri Satguru Jagjit Singh Ji eLibrary NamdhariElibrary@gmail.com

ਦੋਹਰਾ—ਵੈਸਾਖੀ ਦਿਨ ਕਠਨ ਹੈ, ਜੈ ਸੰਗ ਮੀਤ ਨ ਹੋਇ
ਕਿਸ ਆਗੇ ਬਿਧ ਜਾਂ ਕਹਹੁ, ਏਕ ਮੰਡੀਂ ਭਾ ਦੋਇ।
ਤਾਂ ਮੈਂ ਹੋਵਾਂ ਸੁਖ ਵਿਸਾਖ, ਜੇਕਰ ਆਵੈ ਲੱਖੀ ਲਾਖ
ਕਾਛਾਂ ਪਉਣ ਪੱਕੀਆਂ ਸਾਖ, ਕਾਈ ਗੱਲ ਨ ਸਾਨੂੰ ਆਖ
ਕੰਤਾਂ ਵਾਲੀਆਂ।
ਕੰਤਾਂ ਵਾਲੀਆਂ ਡਾਢਾ ਜ਼ੋਰ, ਮੈਂ ਝੁਰ ਥੱਕੀ ਵਾਗੂੰ ਮੋਰ
ਕੂੰਡੀ ਪੜੀ ਕਲੇਜੇ ਛੋਰ, ਬੁਲ੍ਹਾ ਸ਼ਹੁ ਬਿਨ ਮੇਰਾ ਨ ਹੋਰ
ਮੈ ਕਿਥੇ ਜਾਲੀਆਂ। ੮।

ਦੋਹਰਾ—ਜੇਠ ਜੈਸੀ ਮੁਝ ਅਗਨ ਹੈ, ਜਬ ਕੇ ਬਿਛਰੇ ਮੀਤ
ਹਮ ਉਨ ਬਿਨ ਕਿਚਰਕ ਘਰ ਬਸਹਿੰ, ਹਮਰੀ ਉਨ ਸੰਗ ਪ੍ਰੀਤ।
ਲੋਆਂ ਲਾਟਾਂ ਪਉਂਦੀਆਂ ਜੇਠ, ਮਜਲਸ ਬੈਠੇ ਬਾਗਾਂ ਹੇਠ
ਤੱਤੀ ਨਹੀਂ ਠੰਢ ਕਲੇਜੇ ਪੇਟ, ਦਫਤਰ ਕੱਢ ਪੁਰਾਣੇ ਦੇਖ
ਮਹੁਰਾ ਖਾਨੀਆਂ।
ਅੱਜ ਕਲ ਸੱਦ ਹੋਈ ਅਲਬੱਤਾ, ਸੁਣਕੇ ਆਹਿ ਕਲੇਜਾ ਤੱਤਾ
ਨ ਘਰ ਕੰਤ ਨ ਦਾਣਾ ਫੱਕਾ, ਬੁਲ੍ਹਾ ਸ਼ਾਹ ਔਤਾਂ ਸੰਗ ਰੱਤਾ
ਸੀਨੇ ਕਾਨੀਆਂ। ੯।

ਦੋਹਰਾ—ਹਾੜ ਹੈਰਤ ਅਰ ਚਟਪਟੀ, ਲਗੀ ਪ੍ਰੇਮ ਕੀ ਆਗੁ
ਜਿਸ ਲਾਗੇ ਤਿਸ ਜਲ ਬੁਝੇ, ਬਹੁੜ ਜਗਾਵੈ ਭਾਗ।
ਲੋਂਦੇ ਭੱਠ ਜੁ ਚੜ੍ਹਦੇ ਹਾੜ, ਤਨ ਵਿਚ ਇਸ਼ਕ ਤਪਾਇਆ ਭਾੜ
ਨੇਹੁ ਲਗਾ ਤਾਂ ਦਿਤੀ ਸਾੜ, ਜਿਧਰ ਦੀ ਵਾਹਟ ਤਿਧਰ ਦੀ ਧਾੜ
ਮੇਰੇ ਹਾਉੜੇ।
ਹਾਹੁੜੇ ਕੱਢ ਸੁ ਜਾਨੀ ਅੱਗੇ, ਲੈ ਕੇ ਕਾਸਦ ਪਾਤੀ ਵਗੇ
ਕਾਲੇ ਗਏ ਤੇ ਆਏ ਬੱਗੇ, ਬੁਲ੍ਹਾ ਸ਼ਹੁ ਬਿਨ ਜ਼ਰਾ ਨ ਤੱਗੇ
ਸੁਆਮੀ ਬਾਹੁੜੇ। ੧੦।

ਦੋਹਰਾ—ਸਾਵਣ ਸੋਹੇ ਮੇਘਲਾ, ਘਟ ਸੋਹੇ ਕਰਤਾਰ
ਸ਼ਾਹ ਇਨਾਇਤ ਛਕ ਰਹੇ, ਚਾਤ੍ਰਿਕ ਕਰਤ ਪੁਕਾਰ।
ਮਲ੍ਹਾਰਾਂ ਗਾਵਣ ਸ਼ਾਦੀ ਸਾਵਣ, ਦੂਤੀ ਦੁਖ ਲਗੇ ਉਠ ਜਾਵਣ
ਨੀਂਗਰ ਖੇਡਣ ਕੁੜੀਆਂ ਗਾਵਣ, ਰਲ ਮਿਲ ਬਾਗੀਂ ਪੀਂਘਾਂ ਪਾਵਣ
ਮੈਂ ਘਰਿ ਰੰਗ ਰੰਗੀਲੇ ਆਵਣ, ਆਸਾਂ ਪੁੰਨੀਆਂ।
ਮੇਰੀਆਂ ਆਸਾਂ ਰੱਬ ਪੁਜਾਈਆਂ, ਤਾਂ ਮੈਂ ਆਪਣੇ ਸੰਗ ਰਲਾਈਆਂ
ਜਈਆਂ ਦੇਣ ਮੁਮਾਰਖਾਂ ਆਈਆਂ, ਸ਼ਾਹ ਇਨਾਇਤ ਆਖਾਂ ਸਾਈਆਂ
ਸ਼ਾਮ ਸਲੋਨੀਆਂ। ੧੧।



Sri Satguru Jagjit Singh Ji eLibrary NamdhariElibrary@gmail.com

ਦੋਹਰਾ—ਭਾਦ੍ਰੋਂ ਭਾਵੈ ਤਉ ਸਖੀ, ਪਲ ਪਲ ਹੋਏ ਮਿਲਾਪ
ਜਬ ਮੈਂ ਦੇਖਉਂ ਮੈਂ ਨਹੀਂ, ਗੁਪਤ ਪ੍ਰਗਟ ਹੈ ਆਪ ।
ਲੈ ਹੁਣ ਭਾਦ੍ਰੋਂ ਭਾਗ ਜਗਾਇਆ, ਸਾਹਿਬ ਕੁਦਰਤਿ ਸੇਤੀ ਪਾਇਆ
ਹਰਿ ਹਰਿ ਕੇ ਵਹ ਬੀਚ ਸਮਾਇਆ, ਸ਼ਾਹ ਇਨਾਇਤ ਆਪ ਲਖਾਇਆ
ਤਾਂ ਮੈਂ ਲਖਿਆ ।
ਤਾਂ ਹੋਈ ਆਖਰ ਉਮਰ ਤਸੱਲਾ, ਜੋ ਕੁਝ ਕਰੇ ਸੋਈ ਕੁਝ ਅੱਲ੍ਹਾ
ਮੰਗਦੇ ਪਲ ਪਲ ਨੈਣ ਤਜੱਲਾ, ਬੁਲ੍ਹਾ ਸ਼ਹੁ ਨੇ ਪਾਇਆ ਪੱਲਾ
ਪ੍ਰੇਮ ਰਸ ਚਾਖਿਆ । ੧੨ ।





Sri Satguru Jagjit Singh Ji eLibrary NamdhariElibrary@gmail.com

## ੮. ਬਾਰਾਂਮਾਹ ਸ਼ਾਹ ਮੁਰਾਦ ਕਾ

ਦੋਹਰਾ—ਬਾਝੁ ਨਿ ਸਾਈ ਮਾਹ ਸਾਲ ਸੋ ਸਾਰੀ ਉਮਰਹ ਸਾਲ
ਦਯੁ ਵਿਛੋੜਾ ਨਾ ਮਿਲੈ ਹੋਰੁ ਜੋ ਮਿਲੈ ਸੋ ਸਾਲ। ੧।
ਝੂਲਨਾ—ਬਾਰਹਮਾਹ ਭਠ ਯਾਰ ਬਿਨਾ ਹਠਿ ਇਕ ਮਹੀਨਾ ਆਇ ਸੰਤਾਵਦਾ ਏ
ਕੋਈ ਘਾਉ ਕਰੇ ਕੋਈ ਲੂਣ ਧੂੜੇ, ਕੋਈ ਲਤਿ ਦਿਵਾਇ ਕੁਹਾਂਵਦਾ ਏ
ਕੋਈ ਆਇ ਧੁਖਾਏ ਕੋਈ ਤੇਲੁ ਪਾਏ, ਕੋਈ ਫੂਕ ਦੇ ਕੈ ਜਲਾਂਵਦਾ ਏ
ਬਾਰਾਂਮਾਹ ਦਾ ਝੂਲਨਾ ਜੀ ਵਾਰੋ ਵਾਰੀ ਕੇਹਾ ਕੋਈ ਆਂਵਦਾ ਏ। ੧।
ਦੋਹਰਾ—ਚੇਤ੍ਰ ਨੈਤ੍ਰ ਤੋ ਲਾਲ ਹੈ, ਜ਼ਰਦ ਰੰਗ ਸਭ ਦੇਹ
ਦਯੁ ਵਿਛੋੜਾ ਨਾ ਦਿਵੀਂ, ਹੋਰ ਜੋ ਭਾਵੀ ਸੋ ਦੇਹ।
ਝੂਲਨਾ—ਚੇਤ੍ਰ ਚਿਤ ਉਦਾਸ ਜੋ ਨਿਤ ਹੋਇਆ, ਛੁਟਿ ਆਈਆਂ ਨੀ ਹੰਝੂ ਬਹਾਰ ਜਿਵੇਂ
ਅੱਖੀਂ ਲਾਲ ਗੁਲਾਬ ਭਈਆਂ ਕੋਲਿ ਪਿਪਲੀਆਂ ਦਿਸਨਿ ਖਾਰ ਜਿਵੇਂ
ਸਬਜ਼ ਰੰਗੁ ਵਜੂਦ ਜਿਮੀਨ ਪਾਇਆ ਉਤੇ ਹੰਝੂ ਨੀ ਤ੍ਰੇਲ ਫੁਹਾਰ ਜਿਵੈਂ
ਚੇਤ੍ਰ ਮਾਹ ਦਾ ਝੂਲਨਾ ਦਿਲ ਕਛੂ ਖੁੜੇਦਾ ਯਾਰ ਜਿਵੈਂ। ੨।
ਦੋਹਰਾ—ਵੈਸਾਖ ਸਖੀ ਕੋ ਸੁਖ ਨਹੀਂ ਆਪੇ ਤਜੋ ਪਰਾਨ
ਦਯੁ ਵਿਛੋੜਾ ਨ ਦਿਵੀ, ਹੋਰੁ ਸਭ ਕੁਛ ਮੋ ਪਰਵਾਨ।
ਝੂਲਨਾ—ਆਈ ਰੁਤਿ ਵੈਸਾਖ ਦੀ ਬਾਗ ਫੂਲੇ, ਸਾਵੇ ਦਿਸਨਿ ਜੰਗਲ ਵਣ ਤ੍ਰਿਣਾ
ਹਲਿ ਤਿੰਵਣਿ ਗਾਵੰਦੇ ਗਲੀ ਗਲੀ, ਸਹੀਓ ਆਇਆ ਵੈਸਾਖ ਰੁਤੁ ਲੁਣਾ
ਬੈਠੀ ਰੋਵਾਂ ਨ ਦਿਸਦਾ ਜਾਨੀ ਮੇਰਾ, ਹਛਾ ਸੋਹਣਾ ਬੂਬਣਾ ਗਣਾ ਮਿਣਾ
ਮੈਨੂੰ ਰੁਤਿ ਵੈਸਾਖ ਦੀ ਦੁਖ ਘਣੇ, ਲਖ ਸਉ ਕਰੋੜ ਗਣਾ ਮਿਣਾ। ੩।
ਦੋਹਰਾ—ਜੇਠ ਜੋ ਠਾਕੁਰ ਘਰਿ ਨਹੀਂ ਮਨਿ ਤਜਿਆ ਘਰਿ ਦੇ
ਰਸਨੀ ਭੀ ਘਰਿ ਛੋੜਿਆ, ਹੋਠ ਦੁਤਾਕਾ ਦੇਹ।
ਝੂਲਨਾ—ਮੁੰਦੇ ਜੇਠ ਮੈਂਡੀ ਭੁਖ ਨੀਦ ਗਈ,ਆਇਆ ਸੂਲ ਹੈਰਾਨੀ ਕੀ ਕਰਸਾਂ ਨੀ
ਬਾਝੂ ਮੀਤ ਪਿਆਰੇ ਘਰੀ ਘਰੀ ਰਾਤੀ ਦਿਹਾਂ ਈਵੇ ਪਈ ਸਰਸਾਂ ਨੀ
ਹੁਣ ਕੂਕਨੀਆਂ ਹਿਕੇ ਕੂਕਸਾਂ ਨੀ, ਦੁਖ ਇਤਣਾ ਕਿਉਂਕਰ ਜਰਸਾਂ ਨੀ
ਜੇਠ ਮਾਹ ਦਾ ਝੂਲਨਾ ਝੁਝਨਾ, ਮੈਨੂੰ ਆਇਆ ਵਿਛੋੜਾ ਮੈ ਮਰਸਾਂ ਨੀ।੪।



Sri Satguru Jagjit Singh Ji eLibrary NamdhariElibrary@gmail.com

ਦੋਹਰਾ–ਹਾੜ ਜੁ ਪੀਆ ਘਰਿ ਨਹੀਂ, ਘਰਿ ਦਰਿ ਬਹੋ ਬਲਾਇ
ਅਖੀਆਂ ਭੀ ਘਰ ਛੋਡਿਆ, ਦਰਿ ਪਿਪਲੀਆਂ ਛਾਪੇ ਲਾਇ।
ਝੂਲਨਾ–ਆਇ ਅਹਾੜ ਅਰਾਮ ਕਰਾਰੁ ਗਇਆ ਨਹੀਂ ਅੰਦਰਿ ਬਾਹਰਿ ਥਾਉਂ ਮੈਨੂੰ
ਠੰਢਾ ਪਾਣੀ ਲਗੇ ਮੈਨੂੰ ਤਤੇ ਜੇਹਾ, ਜੇਹੀ ਧੁਪ ਲਗੇ ਤੇਹੀ ਛਾਉਂ ਮੈਨੂੰ
ਵਾਉ ਬਾਝੁ ਨ ਸਾਂਈ ਸਾੜਦੀ ਏ ਘਿਰੀ ਕੋਠੀ ਘਰੀ ਹਾਉ ਮੈਨੂੰ
ਭਠ ਹਾੜ ਮਹੀਨਾ ਕਮੀਨਾ ਸਹੀਓ, ਕੋਈ ਵਤਿ ਨ ਘਿੰਨੈ ਨਾਉਂ ਮੈਨੂੰ। ੫।

ਦੋਹਰਾ–ਸਾਵਣ ਬਾਝੁਨਿ ਸਾਂਵਲੇ, ਆਇਆ ਘਟ ਦੁਖੁ ਨਾਲਿ
ਮਾਂੜੀ ਸੜੇ ਸਰੀਰ ਕੀ, ਮਾਹ ਵਿਛੋੜੇ ਨਾਲ।
ਝੂਲਨਾ–ਸੁੰਞਾ ਸਾਵਣ ਆਇ ਸੰਤਾਵਦਾ ਈ, ਦੁਖ ਲਾਇ ਰਹਿਆ ਮੈਨੂੰ ਝਰੀ ਝਰੀ
ਕੂਕਾਂ ਵਾਂਗੁ ਬਬੀਹਰੇ ਪੀਆ ਪੀਆ, ਰੋਵਾਂ ਵਾਗੋਂ ਬੱਦਲ ਮੈਂ ਘਰੀ ਘਰੀ
ਗਲੀ ਗਲੀ ਵੇਹੜ ਸਭ ਚਿਕੜ ਹੋਇਆ, ਹੁਣ ਝਖੁ ਟੁਰਾਂ ਮੈਂ ਤਾਂ ਝੜੀ ਝੜੀ
ਸਾਵਣਮਾਹ ਸਹੀਓ ਕੋਈ ਹਥਿ ਨ ਪੈ, ਦਰੀਆਉ ਬ੍ਰਿਹਾਂ ਦੇ ਖੜੀ ਖੜੀ।੬।

ਦੋਹਰਾ–ਤੋੜ ਨ ਚੜ੍ਹਦਾ ਭਾਦਰੋਂ ਨਦਰਿ ਨ ਆਵੈ ਪੀਉ
ਮਰੋ ਵਿਛੋੜਾ ਅਤਿ ਬੁਰਾ, ਜ਼ਹਿਰ ਪਿਆਲਾ ਪੀਉ।
ਝੂਲਨਾ–ਭਾਦੋਂ ਰੁਤਿ ਭਲੇਰੀ ਨ ਭਾਵੰਦੀ ਏ, ਮੈਨੂੰ ਆਇ ਵਿਛੋੜਾ ਸੰਤਾਵਦਾ ਏ
ਜ਼ਰਾ ਭੋਰਾ ਤਾਮ ਨ ਰੁਚਦੀ ਏ ਘੁਟੁ ਪਾਣੀ ਨ ਮੁਹਿ ਸਮਾਂਵਦਾ ਏ
ਸਾਵੇ ਪੀਲਰੇ ਰੰਗੁ ਨ ਰੰਗੁ ਕੋਈ, ਸੁਖ ਭੋਰਾ ਕਦੀ ਨਾ ਆਂਵਦਾ ਏ
ਭਠੁ ਭਾਦ੍ਰੋ ਰੁਤਿ ਆਵੈ ਮੈਨੂੰ, ਜੇਹੜਾ ਤਤੀ ਨੂੰ ਆਇ ਤਪਾਂਵਦਾ ਏ। ੭।

ਦੋਹਰਾ–ਅਸੂ ਆਸੂ ਤਤੀਆ, ਆਹੀਂ ਸਰਦ ਹਜ਼ਾਰ
ਤਤੀ ਠੰਢੀ ਸੁਖੁ ਨਹੀਂ, ਰਾਤੀ ਦਿਹਾਂ ਅਜ਼ਾਰ!
ਝੂਲਨਾ–ਅਸੂ ਮਾਹ ਅਸਾਨੁ ਨਹੀਂ ਕਦੀ, ਰੋਵਾਂ ਤੇ ਕਦੀ ਉਸਾਸ ਭਰਾਂ
ਹੰਝੂ ਤਤੀਆਂ ਆਹੀ ਠੰਢੀਆਂ ਨੀ. ਰਾਤੀ ਦਿਹਾਂ ਏਵੈ ਪਈ ਮਰਾਂ ਡਰਾਂ
ਭਠ ਵੇਹੜੇ ਤੇ ਨਾਲਿ ਹਵੇਲੀਆਂ ਨੀ, ਮੈਂ ਤਾਂ ਭਾਹਿ ਲਏਨੀਆਂ ਦਰਾਂ ਘਰਾਂ
ਅਸੂ ਮਾਹ ਵਿਲਾਲਾ ਕਿਸਾਲਾ ਸਹੀਓ, ਜਰਾ ਭੋਰਾ ਨ ਕੋਈ ਮੈਂ ਧੀਰ ਧਰਾਂ। ੮।

ਦੋਹਰਾ–ਕਤਕੁ ਬਿਰਹੁ ਦਾ ਕਟਕੁ ਹੈ, ਕੈ ਵਲਿ ਜਾਈਐ ਧਾਇ
ਖਾਵਣਹਾਰੀ ਹਰਿ ਬਿਨਾ, ਹਾਰੀ ਨੂੰ ਹਰਿ ਜਾਇ।
ਝੂਲਨਾ–ਸੁੰਞਾ ਕਤਕੁ ਆਇ ਸੰਤਾਵਦਾ ਈ, ਨਿਤ ਨਿਤ ਮੈਥੋ ਸੁਧ ਬੁਧ ਰਹੀ
ਮਾਸਾ ਮਾਸੁ ਨ ਦਮੜੀ ਦੰਮੁ ਨਾਹੀ, ਜਰਾ ਜੋਰੁ ਨ ਰਤੀਆ ਰਤੁ ਨਾਹੀ
ਥਕਿ ਪਈਅਸੁ ਸਾਂਈ ਨ ਦਿਸਦਾ ਏ, ਗਲੀ ਗਲੀ ਵੇੜ੍ਹੇ ਵੇੜ੍ਹੇ ਵਤਿ ਰਹੀ
ਭਠਿ ਕੱਤਿਕ ਕਿਤ ਨੂੰ ਆਵਦਾ ਵੇ, ਛੋੜੇ ਨਾਹਿ ਵਿਛੋੜਾ ਨਾ ਸਤੁ ਰਹੀ।੯।


Sri Satguru Jagjit Singh Ji eLibrary NamdhariElibrary@gmail.com

ਦੋਹਰਾ—ਮੰਘਰੁ ਮੈ ਘਰਿ ਨਾ ਪੀਆ, ਆਇਆ ਕਿਤੁ ਨਿਰਾਸ
ਬਾਝੁ ਨਿਸਾਂਈ ਸੀਉ ਲਗੇ, ਧੁਪ ਤੇ ਅਗ ਨਿਰਾਸ।
ਝੂਲਨਾ—ਮੈਨੂੰ ਮੰਘਰੁ ਆਇ ਡਰਾਂਵਦਾ ਏ, ਬਾਝੁ ਸਾਈ ਥਰੇ ਥਰ ਕੰਬਨੀ ਹਾਂ
ਕੰਬੁ ਹੁਣੇ ਝੜੀ ਹਿਕੇ ਘਰੀ ਝੜੀ, ਮੈਂ ਤਾਂ ਆਪਣਾ ਆਪੁ ਨ ਥੰਮਨੀ ਹਾਂ
ਮੇਰੀ ਜਿੰਦ ਨੂੰ ਕੇਹਾ ਕਿ ਸਾਲ ਪਇਆ, ਨਿਤ ਮਰਿਕੈ ਫੇਰਿ ਮੈਂ ਜੰਮਨੀ ਹਾਂ
ਭਠ ਮੰਘਰੁ ਕਿ ਕਰੀ ਕਕਰੁ ਹੈ, ਮੈਂ ਤਾਂ ਲੋੜੁ ਨਿਹਾਲੀ ਨ ਸੰਮਨੀ ਹਾਂ।
ਦੋਹਰਾ—ਪੋਹ ਵਿਛੋੜਾ ਨ ਪਵੈ, ਪਵੈ ਤ ਫੇਰਿ ਵਿਛੋੜਿ
ਮੈਨੂੰ ਸਾਈਆਂ ਮਿਹਰ ਕਰਿ, ਮੇਰਾ ਹਥ ਨ ਛੋੜਿ।
ਝੂਲਨਾ—ਭਠੁ ਪੋਹ ਮਹੀਨਾ ਕਮੀਨਾ ਸਹੀਓ, ਬਿਨੁ ਜਾਨੀ ਕੋੜ੍ਹੇ ਮੁਹੁ ਆਂਵਦਾ ਏ
ਜਰਾ ਭੋਰਾ ਨ ਭਾਵੈ ਚੰਦ੍ਰੋੜਾ ਮੈਨੂੰ, ਜੇੜ੍ਹਾ ਤਤੀ ਨੂੰ ਦਾਹ ਲਗਾਂਵਦਾ ਏ
ਰਾਤੀ ਵਡੀਆਂ ਆਹੀ ਵਡੇਰੀਆਂ ਨੀ, ਹਿਕੁ ਦੰਮੁ ਨ ਕਦੀ ਵਿਹਾਂਵਦਾ ਏ
ਭਠੁ ਪੋਹੁ ਵਿਛੋੜਾ ਵਿਛੋੜਿ ਮੈਥੁ, ਮੈਨੂੰ ਮੇਲਿ ਜੁ ਬੇਲੀ ਜੀਵਾਂਵਦਾ ਏ।੧੧।
ਦੋਹਰਾ—ਮਾਹੁ ਮਹੀਨਾ ਇਤ ਭਲਾ, ਘਰਿ ਜਾਨੀ ਆਇਆ ਫੇਰਿ
ਆਇਆ ਸੁਖ ਦੁਖ ਵਿਰਿ ਗਇਆ ਫਿਰਦੀ ਦਾ ਇਹੁ ਫੇਰਿ।
ਝੂਲਨਾ—ਮਾਹੁ ਮਹੀਨਾ ਜੋ ਆਂਵਦਾ ਏ, ਮੈਨੂੰ ਸ਼ਾਦੀਆਂ ਲਖ ਹਜ਼ਾਰ ਭਲਾ
ਅੰਗਣੁ ਵੇਹੜੇ ਵੇਹੜੇ ਗਲੀ ਬਾਗ ਫੁਲੇ, ਮੈਂ ਤਾਂ ਆਪ ਹੋਈਅਸੁ ਬਹਾਰ ਭਲਾ
ਸਾਵੇ ਪੀਲੇ ਤੇ ਕੇਸਰੀ ਪਟ ਜੋੜੇ, ਹੋਰ ਕੇਤੜੇ ਲਖ ਸੀਂਗਾਰ ਭਲਾ
ਘਰਿ ਆਵੈ ਸਖੀ ਤਾ ਯਾਰ ਮੇਰਾ, ਮਥੇ ਨੂਰ ਤੇ ਨੂਰ ਦੀਦਾਰੁ ਭਲਾ।੧੨।
ਦੋਹਰਾ—ਫਗਣੁ ਅੰਗਣੁ ਮੈਂ ਸਜਣ, ਸਹਜਿ ਸੁਹਾਰੇ ਭਾਗ
ਹੋਇ ਨਿਹਾਲ ਵਿਸਾਲ ਨਾਲਿ, ਗਇਆ ਵਿਛੋੜਾ ਭਾਜਿ।
ਝੂਲਨਾ—ਫਗਣੁ ਭਾਗ ਭਰੇ ਵਡੇ ਭਾਗ ਜਾਗੇ, ਘਰਿ ਆਇ ਜਾਨੀ ਮੈਂਡੇ ਕੋਲਿ ਬਹੇ
ਮੈਂ ਤਾਂ ਘੋਲਿ ਘੁਮਾਈ ਸਦਕੜੇ ਵੇ, ਘਰੀ ਏਹਾ ਮੁਬਾਰਕ ਲਖ ਲਹੇ
ਸੁੰਞਾ ਰੋਵਣਾ ਧੁਖਣਾ ਭਠੁ ਪਇਐ, ਤਾਂ ਹੰਸਾਂ ਖੇਡਾਂ ਬੈਠੀ ਕਉਣ ਰਹੇ
ਜੋ ਕੋਈ ਦੁਖ ਸਹੇ ਸੋਈ ਸੁਖ ਲਹੇ, ਸਚੁ ਸ਼ਾਹਮੁਰੀਦ ਫਕੀਰ ਕਹੇ।੧੩।





Sri Satguru Jagjit Singh Ji eLibrary NamdhariElibrary@gmail.com

## ੯. ਬਾਰਾਂਮਾਹ ਸ੍ਰੀ ਰਾਮ ਚੰਦ੍ਰ ਜੀ ਕਾ (ਗੁਰਦਾਸ ਸਿੰਘ)

ਦੋਹਰਾ—ਚੇਤ੍ਰ ਮਿਟ ਗਈ ਚਿਤਵਨੀ, ਫੂਲ ਰਹੀ ਬਨਰਾਇ
ਦਸਰਥ ਕਾ ਮਨ ਮਉਲਿਆ, ਰਾਮ ਸਿੰਘਾਸਨ ਪਾਇ ।

ਛੰਦ—ਚੇਤ੍ਰ ਚੰਚਲ ਚੜ੍ਹੀ ਬਹਾਰ, ਰਾਮ ਕੀ ਮਹਿਮਾ ਅਪਰ ਅਪਾਰ
ਘਰ ਦਸਰਥ ਕੇ ਲੀਆ ਅਵਤਾਰ, ਕੰਚਨ ਮੁਕਟ ਬਿਰਾਜੇ ਭਾਲ
ਕੁੰਡਲ ਛਕ ਰਹੇ ਕਾਨੋਂ ਨਾਲ, ਸਿੰਘਾਸਨ ਜੜਿਆ ਹੀਰਿਆਂ ਨਾਲ
ਕਿ ਮਹਿਮਾ ਰਾਮ ਕੀ । ੧ ।

ਪ੍ਰਭ ਕੇ ਕੰਵਲੋਂ ਜੈਸੇ ਨੈਨ ਮੁਖ ਸਿਉਂ ਬੋਲੈ ਅੰਮ੍ਰਿਤ ਬੈਨ
ਰਾਮ ਬਿਓਗੀ ਸਾਜਨ ਸੈਨ, ਪ੍ਰਭੁ ਕੀ ਭਗਤਿ ਕਰਉ ਦਿਨ ਰੈਨ
ਮਨ ਤਨ ਅੰਤਰ ਹੋਵੈ ਚੈਨ, ਰਾਮ ਜੇ ਸਿਮਰੀਏ ।
ਤਿਲਕ ਦੀ ਚੰਦੋਂ ਜੋਤ ਸਵਾਈ, ਘਨ ਵਿਚ ਬਿਜਲੀ ਚਮਕ ਦਿਖਾਈ
ਪੁਰੀ ਅਜੁਧਿਆ ਰਾਮ ਸੁਹਾਈ, ਦਰਸ਼ਨ ਕਰਦੀ ਸਭ ਲੁਕਾਈ
ਕਹਿੰਦੇ ਧੰਨ ਕੁਸ਼ਲਿਆ ਮਾਈ, ਜਿਨ ਪ੍ਰਭੁ ਜਾਇਆ ।
ਘਰ ਜਸ਼ਰਥ ਦੇ ਨੰਦਨ ਆਇਆ, ਤੇਤੀਸ ਕਰੋੜੀ ਮੰਗਲ ਗਾਇਆ
ਬ੍ਰਹਿਮ ਮਹੇਸ਼ਰ ਸ਼ਰਨੀ ਆਇਆ, ਪੂਜਾ ਕਰਦੇ ਹਿਤਚਿਤ ਲਾਇਆ
ਗੋਬਿੰਦ ਜਾਣ ਕੇ ।

ਪਉੜੀ—ਰਾਮ ਅਜੁਧਿਆ ਨਗਰੀ ਆਇਆ, ਮਨ ਤਨ ਭਏ ਅਨੰਦ ।
ਸੰਤਾਂ ਰਿਦੇ ਹੁਲਾਸ ਉਪਜਿਆ, ਉਤਰ ਗਈ ਸਭ ਚਿੰਦਾ ।
ਜਿਉਂ ਕਰ ਚੰਦ ਅਨ੍ਹੇਰੇ ਚੜ੍ਹਦਾ ਦਰਸ਼ਨ ਤਿਵੇਂ ਗੋਬਿੰਦ ।
ਜੀ ਕਹੁ ਰਾਮ ਨਾਮ, ਤੁਮਰਾ ਜਸ ਗਾਵੇ, ਰਾਖੋ ਸਰਨ ਮੁਕੰਦ । ੧ ।

ਦੋਹਰਾ—ਰਾਮ ਚਲੇ ਬਨਬਾਸ ਕੋ, ਚੜ੍ਹਦੇ ਮਾਹ ਵੈਸਾਖ ।
ਜਸਰਥ ਪੰਥ ਨਿਹਾਰਦਾ, ਲੈ ਲੈ ਉਭੇ ਸਾਸ ।

ਛੰਦ— ਜਿਨਕੇ ਪੂਤ ਬੈਰਾਗੀ ਥੀਵੈ, ਤਿਨਕੇ ਮਾਤ ਪਿਤਾ ਕਿਉਂ ਜੀਵੈ
ਖਾਵੈ ਅੰਨ ਨਾ ਪਾਣੀ ਪੀਵੈ, ਬਸਤ੍ਰ ਮੈਲੇ ਸਦਾ ਰਖੀਵੈ



Sri Satguru Jagjit Singh Ji eLibrary NamdhariElibrary@gmail.com

ਰਾਜਾ ਉਠ ਉਠ ਪੰਧ ਤਕੀਵੈ, ਰਾਮ ਨਿਹਾਰਦਾ ।੧।
ਦਸ਼ਰਥ ਉਠ ਉਠ ਪੰਧ ਨਿਹਾਰੇ, ਭਰ ਭਰ ਹੰਝੂ ਹਾਹੀਂ ਮਾਰੇ ।
ਲੈ ਲੈ ਖਾਕ ਸਿਰੇ ਵਿਚ ਡਾਰੇ, ਮੰਦਾ ਕੀਆ ਕਕੇਈ ਨਾਰੇ
ਮੋ ਸੋ ਵਿਛੜੇ ਰਾਮ ਪਿਆਰੇ, ਅਬ ਕਬ ਮਿਲੇਂਗੇ ।੨।
ਪ੍ਰਭ ਜੀ ਕਵਨ ਹੋਇ ਗਤ ਮੇਰੀ, ਤੂੰ ਤਾਂ ਚਲਿਉਂ ਉਠ ਸਵੇਰੀ ।
ਨਗਰ ਅਜੁਧਿਆ ਭਈ ਅਨ੍ਹੇਰੀ, ਬਿਧਿ ਨੇ ਕਲਮ ਅਪੁੱਠੀ ਫੇਰੀ ।
ਦਰਸ਼ਨ ਦੇ ਜਾਈਂ ਇਕ ਵੇਰੀ, ਪਰਜਾ ਆਖਦੀ ।੩।
ਕੇਕਈ ਨੇ ਮੰਦਾ ਚਿਤਾਇਆ, ਰਾਮ ਉਦਾਸੀ ਹੋਇ ਕਰ ਆਇਆ ।
ਪ੍ਰਭ ਜੀ ਕੀਤਾ ਮਨ ਦਾ ਭਾਇਆ, ਦੇਵਾਂ ਬੰਦ ਛੁਡਾਵਨ ਆਇਆ
ਅਸੁਰ ਸੰਘਾਰਨੇ ।੪।

ਪਉੜੀ—ਕੌਸ਼ਲਿਆ ਮਨ ਭਾਇ ਭੜਕੇ, ਰਾਮ ਨ ਨਦਰੀਂ ਆਵੈ
ਪਲ ਪਲ ਜੁਗ ਸਮਾਨ ਬੀਤਦਾ, ਦੁਖੀ ਰੈਣ ਵਿਹਾਵੈ
ਮਨ ਤਨ ਅਰਪ ਧਰੀ ਤਿਸ ਆਗੇ, ਜੋ ਕੋਈ ਰਾਮ ਮਿਲਾਵੈ
ਜੀ ਕਹੁ ਰਾਮ ਨਾਮ ਦੁਖ ਪਿਆ ਅਜੁਧਿਆ, ਜਬ ਲਗ ਪ੍ਰਭ ਨਹੀਂ ਆਵੈ ।੨।

ਦੋਹਰਾ—ਜੇਠ ਜਗਾਵੈ ਘਾਮ ਜਿਉਂ, ਮਾਤਾ ਰਾਮ ਬਿਓਗ ।
ਰਾਮ ਚਲੇ ਬਨਬਾਸ ਕਉ, ਭਇਆ ਅਜੁਧਿਆ ਸੋਗ ।

ਛੰਦ— ਪੁਰ ਵਿਚ ਰਾਮ ਨਾ ਨਦਰੀ ਆਵੈ, ਭਈ ਕੁਸ਼ਲਿਆ ਰੋ ਰੋ ਫਾਵੈ
ਚੰਗਾ ਬਸਤ੍ਰ ਅੰਗ ਨਾ ਭਾਵੈ, ਕਿਉਂਕਰ ਚੌਦਾਂ ਬਰਸ ਬਿਹਾਵੈ
ਰਾਮ ਅਜੁਧਿਆ ਨਗਰੀ ਆਵੈ, ਮਾਉਂ ਚਿਤਾਰਦੀ ।੧।
ਜਬ ਕਾ ਰਾਮ ਦਿਸਨੋਂ ਰਹਿ ਗਿਆ, ਰਾਜਾ ਸੁਰਗ ਲੋਕ ਕਉ ਗਇਆ
ਬਚਨ ਕਕੇਈ ਅਸਥਿਰ ਰਹਿਆ, ਸੁੰਨ ਅਜੁਧਿਆ ਮੰਦਰ ਭਇਆ
ਛਤ੍ਰ ਸਿੰਘਾਸਨ ਖਾਲੀ ਪਇਆ, ਵਸ਼ਿਸ਼ਟ ਵਿਚਾਰਿਆ ।੨।
ਪ੍ਰਭ ਜੀ ਹੋਇ ਗਏ ਬਨਬਾਸੀ, ਲਛਮਨ ਬੰਧੁ ਹੋਇਆ ਸੰਗ ਦਾਸੀ
ਇਕ ਇਕ ਵੇਖ ਕਰੇਂਦੇ ਹਾਸੀ, ਇਕ ਇਕ ਆਖਨ ਪ੍ਰਭ ਅਬਿਨਾਸ਼ੀ
ਗੋਬਿੰਦ ਜਾਣ ਕੇ ।੩।
ਜਿਥੇ ਰੈਣ ਵਸੇਰਾ ਆਵੈ, ਲਛਮਨ ਤਿਣਕੇ ਤੋੜ ਲਿਆਵੈ
ਪ੍ਰਭੁ ਕੈ ਆਸਣ ਤਲੈ ਵਿਛਾਵੈ, ਇਹ ਦਾਸ ਕੀ ਰੀਤ ਕਮਾਵੈ
ਪਾਉਂ ਮਲੇਂਦਿਆਂ ਰੈਣ ਵਿਹਾਵੈ, ਸੇਵਾ ਰਾਮ ਕੀ ।੪।

ਪਉੜੀ—ਮੰਤ੍ਰੀਆਂ ਮਿਲ ਮਸਲਤ ਕੀਤੀ, ਬੈਠ ਵਸ਼ਿਸ਼ਟ ਸੁਣਾਈ
ਬਸੁਧਾ ਸੁੰਨ ਰਾਮ ਬਿਨ ਹੋਈ, ਅਬ ਕਿਆ ਕੀਤਾ ਜਾਈ
ਨਾਲ ਵਸ਼ਿਸ਼ਟ ਲਿਖੀ ਬਹੁ ਪਾਤੀ, ਦੀਨੀ ਤੁਰਤ ਪਠਾਈ
ਜੀ ਕਹੁ ਰਾਮ ਨਾਮ ਕਸ਼ਮੀਰ ਭਰਥ ਨੂੰ, ਪਾਤੀ ਪਹੁਤੀ ਜਾਈ ।੩।



Sri Satguru Jagjit Singh Ji eLibrary NamdhariElibrary@gmail.com

ਦੋਹਰਾ—ਪਾਤੀ ਦੇਖ ਭਰਥ ਜੀ, ਬੇਗ ਪਹੁੰਚਿਓ ਆਇ।
ਸੁੰਨ ਅਜੁਧਿਆ ਦੇਖ ਕੇ, ਕਰੈ ਜੁ ਕਰਨ ਪਲਾਹਿ।
ਛੰਦ—ਹਾੜੋਂ ਭਰਥ ਹਾਹੁੜੇ ਕਰੇ, ਅਗੋਂ ਕੋਈ ਡੰਡੋਤ ਨਾ ਕਰੇ
ਭੜਕੀ ਭਾਹਿ ਕਲੇਜਾ ਸੜੇ, ਕਿਉਂਕਰ ਪਾਪ ਅਜੁਧਿਆ ਵੜੇ
ਵਗਦਾ ਆਇਆ ਅਪਨੇ ਘਰੇ, ਜਹਾਂ ਕਕੇਈ ਸੀ। ੧।
ਖੁਸ਼ੀ ਕਕੇਈ ਭਰਥ ਨਿਹਾਰੀ, ਮਾਤਾ ਦੱਸ ਹਕੀਕਤ ਸਾਰੀ
ਸੋਗ ਵਿਆਪਿਆ ਨਗਰੀ ਸਾਰੀ, ਰਾਜ਼ੀ ਪੁਰਖ ਨਾ ਕੋਈ ਨਾਰੀ
ਇਹੁ ਕਿਆ ਹੋਇਆ ? ੨।
ਕਕੇਈ ਨੇ ਬਚਨ ਸੁਣਾਇਆ, 'ਤੂੰ ਸੁਣ ਭਰਥ ਹਮਾਰੇ ਜਾਇਆ
ਦੋ ਵਰ ਦੀਨੇ ਦਸ਼ਰਥ ਰਾਇਆ, ਜਾਂ ਮੰਗੇ ਤਾਂ ਇਹ ਦੁਖ ਪਾਇਆ
ਬਿਰਥਾ ਸਭ ਸੁਣਾਂ। ੩।
ਲਛਮਨ ਰਾਮ ਗਏ ਪਰਦੇਸ, ਪਰਜਾ ਕੀਤੇ ਮੈਲੇ ਵੇਸ
ਰਹਿੰਦੇ ਚਿੰਤਾ ਲੋਕ ਹਮੇਸ਼, ਗਲ ਵਿਚ ਖੁਲ੍ਹੇ ਪਉਂਦੇ ਕੇਸ
ਜੇ ਪ੍ਰਭੁ ਆਵੇ ਮੁੜ ਇਸ ਦੇਸ, ਤਾਂ ਹਮਰਾ ਜੀਵਣਾ। ੪।
ਪਉੜੀ—ਸੁਣੀ ਹਕੀਕਤ ਸਾਰੀ ਭਰਥਾ, ਵਰਤੀ ਭਾਏ ਅਸਾੜੇ
ਰਾਮਚੰਦ ਬਨਬਾਸ ਸਿਧਾਇਆ, ਰਾਜੇ ਪ੍ਰਾਨ ਤਿਆਗੇ
ਅਬ ਹੁਣ ਬੈਠ ਸਿੰਘਾਸਨ ਭਰਤਾ, ਲਾਗਹੁ ਕਹੇ ਅਸਾੜੇ
ਜੀ ਕਹੁ ਰਾਮ ਨਾਮ ਸੁਣੀ ਭਰਥ ਜਬ, ਭਾਇ ਪ੍ਰੇਮ ਕੀ ਜਾਗੈ। ੫।
ਦੋਹਰਾ—ਭੜਕੀ ਭਾਹਿ ਪ੍ਰੇਮ ਕੀ, ਐਸੇ ਬਚਨ ਸੁਣੇ
ਵਸ ਹਮਾਰੇ ਕੁਛ ਨਹੀਂ, ਤਿਆਗੋਂ ਪ੍ਰਾਣ ਹੁਣੇ।
ਛੰਦ—ਸਾਵਣ ਸ਼ਾਮ ਘਟਾਂ ਚੜ੍ਹ ਆਈਆਂ, ਰੋ ਰੋ ਦਿਤੀਆਂ ਭਰਥ ਦੁਹਾਈਆਂ
ਮੰਦਾ ਕੀਤਾ ਮੈਂ ਨਾਲ ਸਾਈਆਂ, ਪਇਆ ਵਿਛੋੜਾ ਸਕਿਆਂ ਭਾਈਆਂ
ਮੋ ਸੋ ਰਾਮ ਜਿਹੇ ਸੁਖਦਾਈਆਂ, ਹਾਇ ਮੈਂ ਕਿਆ ਕਰੋਂ ? ੧।
ਤਨ ਵਿਚ ਭਾਇ ਉਠੀ ਭੜਕਾਰੀ, ਲਗਾ ਘਾਉ ਕਲੇਜੇ ਕਾਰੀ
ਹੁਣ ਮੈਂ ਮਰਸਾਂ ਖਾਇ ਕਟਾਰੀ, ਰਾਮ ਵਿਛੋੜੇ ਛਾਤੀ ਸਾੜੀ
ਜਿਉਂ ਫੁਲਾਂ ਕੁਮਲਾਈ ਵਾੜੀ, ਤਿਉਂ ਭਈ ਅਜੁਧਿਆ। ੨।
ਚੜ੍ਹਦੇ ਸਾਵਨ ਬੂੰਦਾਂ ਬਰਸਨ, ਮੇਰੇ ਨੈਨ ਰਾਮ ਨੂੰ ਤਰਸਨ
ਬਿਜਲੀਆਂ ਕੜਕਨ ਬਦਲ ਬਰਸਨ, ਬਾਗੀਂ ਭਉਰ ਬਹਾਰਾਂ ਕਰਸਨ
ਜੇ ਪ੍ਰਭ ਦੇਇੰ ਅਸਾਨੂੰ ਦਰਸਨ, ਤਾਂ ਹਮਰਾ ਜੀਵਣਾ। ੩।
ਪ੍ਰਭ ਬਿਨ ਜੀਵਨ ਹਮਾਰਾ ਨਾਹੀਂ, ਤਾਂ ਮੈਂ ਚਰਨਾਂ ਸੰਗ ਸਿਧਾਹੀ
ਊਹਾਂ ਬਨ ਵਿਚ ਟਹਿਲ ਕਮਾਹੀਂ, ਪ੍ਰਭ ਕੀ ਸੇਜਾ ਝਾੜ ਵਿਛਾਈਂ
ਚਾਪੀ ਕਰ ਕਰ ਪ੍ਰਭੂ ਰੀਝਾਹੀਂ, ਮੈਂ ਮਨ ਚਾਉ ਹੈ। ੪।



Sri Satguru Jagjit Singh Ji eLibrary NamdhariElibrary@gmail.com

ਪਉੜੀ–ਨੀਰ ਬਿਨਾ ਜਿਉਂ ਮੀਨ ਤੜਫਦੀ, ਅਉਧ ਕਾਲ ਦੀ ਆਈ
ਤਿਉਂ ਕਰ ਭਰਥ ਬਿਓਗੀ ਹੋਇਆ, ਰਾਮ ਨ ਨਦਰੀ ਪਾਈ
ਨਾਲ ਦਿਵਾਰਾਂ ਸੀਸ ਫੋੜਦਾ, ਰੋ ਰੋ ਨੈਣ ਵੰਞਾਈ
ਜੀ ਕਹੁ ਰਾਮ ਨਾਮ, ਜਿਸ ਪ੍ਰੇਮ ਅਵੇਹਾ, ਸੋ ਨਰ ਕਹੀਏ ਭਾਈ। ੫।

ਦੋਹਰਾ–ਨਿਸਦਿਨ ਦਾਦਰ ਬੋਲਦੇ ਸਾਵਨ ਭਏ ਬਤੀਤ
ਚੜ੍ਹਦੇ ਭਾਦਰੋਂ ਭਰਥ ਨੂੰ, ਰਾਮ ਮਿਲਣ ਕੀ ਪ੍ਰੀਤਿ।

ਛੰਦ–ਭਾਦਰੋਂ ਚਾਤ੍ਰਿਕ ਭਰਥ ਪੁਕਾਰੇ, ਜਿਉਂ ਕਰ ਚਕਵੀ ਸੂਰ ਨਿਹਾਰੇ
ਪ੍ਰਭ ਜੀ ਬੈਠੇ ਮਨਹੁ ਵਿਸਾਰੇ, ਮੈਂ ਤਾਂ ਪਕੜੇ ਚਰਨ ਤੁਮਾਰੇ
ਕਿਰਪਾ ਕੀਜੀਏ। ੧।

ਪ੍ਰਭੂ ਜੀ ਮੋ ਪਰ ਕਿਰਪਾ ਕਰੋ, ਪਾਉਂ ਅਜੁਧਿਆ ਨਗਰੀ ਧਰੋ
ਸਿੰਘਾਸਨ ਬੈਠ ਅਦਾਲਤ ਕਰੋ, ਮੋਕੋ ਚਰਨ ਲਾਏ ਨਿਸਤਰੋ
ਪਤਤਿ ਉਧਾਰੀਏ। ੨।

ਪਤਤ ਉਧਾਰਨ ਨਾਮ ਤੁਮਾਰਾ, ਮੈਂ ਤਾਂ ਪਕੜਿਆ ਤੁਮਰਾ ਦੁਆਰਾ
ਕਰੇ ਬੇਨਤੀ ਭਰਥ ਬਿਚਾਰਾ, ਤੈਂ ਸਮ ਅਵਰ ਨਹੀਂ ਦਾਤਾਰਾ
ਪ੍ਰਭ ਜੀ ਕੀਜੈ ਪਰ-ਉਪਕਾਰਾ, ਦਰਸਨ ਦੀਜੀਏ। ੩।
ਪ੍ਰਭ ਜੀ ਭਰਥ ਬੇਨਤੀ ਕਰੀ, ਰਾਤੀਂ ਨੈਨੀਂ ਨੀਂਦ ਨ ਪਰੀ
ਦੁਖਾਂ ਨਾਲ ਵਿਹਾਵੇ ਘੜੀ, ਰਾਮ ਵਿਛੋੜੇ ਛਾਤੀ ਸੜੀ
ਬਿਧਿ ਨੇ ਮੌਤ ਇਹਾ ਕਰ ਧਰੀ, ਤਾਂ ਮੈਂ ਕਿਆ ਕਰਾਂ ? ੪।

ਪਉੜੀ–ਨਗਰ ਅਜੁਧਿਆ ਭਰਥ ਬਿਓਗੀ, ਪਲ ਪਲ ਕਹੇ ਕਕੇਹੀ
ਧ੍ਰਿਗ ਇਹ ਜਨਮ ਹਮਾਰਾ ਮਾਤਾ, ਧ੍ਰਿਗ ਹੈ ਪ੍ਰੀਤ ਅਵੇਹੀ
ਰਾਮਚੰਦ ਬਿਨ ਮੈਂ ਦੁਖ ਪਾਵਾਂ, ਸਾਨੂੰ ਸ਼ਾਂਤ ਕਨੇਹੀ
ਜੀ ਕਹੁ ਰਾਮ ਨਾਮ ਭਰਥ ਬਨ ਟੁਰਿਆ, ਅਧਿਕ ਪ੍ਰੀਤ ਹੈ ਏਹੀ। ੬।

ਦੋਹਰਾ–ਅੱਸੂ ਕੀ ਧੁੱਪ ਦੇਖ ਕੇ, ਦੀਆ ਭਰਥ ਨੈ ਰੋਇ
ਜਿਸ ਬਨ ਮੈਂ ਸ੍ਰੀ ਰਾਮ ਜੀ, ਤਿਸ ਬਨ ਛਾਇਆ ਹੋਇ।

ਛੰਦ– ਅਸੂ ਭਰਥ ਕਰੀ ਹੈ ਧਾਈ, ਸਗਲ ਅਜੁਧਿਆ ਸੰਗ ਸਿਧਾਈ
ਭਰਥ ਨਾ ਖੜਦਾ, ਮੁੜੇ ਨਾ ਕਾਈ, ਸੰਗ ਚਲੇਂਗੇ ਰਾਮ ਦੁਹਾਈ
ਸਭ ਪਰਜਾ ਬੇਨਤੀ ਕਰਾਈ, ਦਰਸਨ ਹੋਵੈ ਜੇ ਰਘੁਰਾਈ
ਤੈਂ ਪ੍ਰਸਾਦਿ ਤੇ। ੧।

ਬਨ ਮੇਂ ਜਾਇ ਭਰਥ ਜਬ ਵੜੇ, ਚਰਨਾਂ ਊਪਰ ਮਾਥਾ ਧਰੇ
ਅਪਨੀ ਸਗਲ ਬੇਨਤੀ ਕਰੇ, ਪ੍ਰਭ ਜੀ ਮੈਂ ਕਿਆ ਅਵਗੁਣ ਕਰੇ
ਮੈਂ ਤਾਂ ਚਰਨ ਤੁਮਾਰੇ ਫੜੇ, ਮੋਹਿ ਉਧਾਰੀਏ। ੨।


Sri Satguru Jagjit Singh Ji eLibrary NamdhariElibrary@gmail.com

ਪ੍ਰਭ ਜੀ ਤੁਮ ਕਰ ਆਏ ਗਉਨਾ, ਖਾਲੀ ਰਹਿਓ ਅਜੁਧਿਆ ਭਉਨਾ
ਤੁਧ ਬਿਨ ਮੀਤ ਹਮਾਰਾ ਕਉਨਾ, ਸਾਨੂੰ ਸੁਖ ਨਾ ਮੰਦਰ ਸਉਨਾ
ਭੁਲੇ ਪੂਰਾ ਚੁਫੇਰੇ ਪਉਨਾ, ਲੋਕ ਸਤਾਇੰਦੇ। ੩।
ਪ੍ਰਭ ਜੀ ਇਹੁ ਮੈਂ ਕਰਸਾਂ ਜਾਏ, ਕਕੇਹੀ ਨਗਰੋਂ ਦਿਆਂ ਕਢਾਏ।
ਚਲੋ ਅਜੁਧਿਆ ਰਘੁਪਤਿ ਰਾਏ, ਬੈਠ ਸਿੰਘਾਸਨ ਰਾਜ ਕਮਾਏ।
ਅਪਨੀ ਪਰਜਾ ਸੁਖੀ ਵਸਾਏ, ਰਾਖੋ ਹਾਥ ਦੇਇ। ੪।

ਪਉੜੀ—ਰਾਮ ਕਹੇ ਸੁਣ ਭਾਈ ਭਰਥਾ, ਜਾਣ ਅਸਾਡਾ ਨਾਹੀਂ
ਮਾਤ ਪਿਤਾ ਬਨਬਾਸ ਦੀਆ ਹੈ, ਹੁਣ ਕਿਉਂਕਰ ਘਰ ਜਾਈਂ
ਚੌਦਾਂ ਬਰਸ ਸੰਪੂਰਨ ਹੋਵੇ, ਤਾਂ ਰਾਜ ਅਜੁਧਿਆ ਪਾਈਂ
ਜੀ ਕਹੁ ਰਾਮ ਨਾਮ ! ਇਹ ਭਰਥ ਬੇਨਤੀ, ਪ੍ਰਭ ਪਹਿ ਆਖ ਸੁਣਾਈ। ੭।

ਦੋਹਰਾ—ਚੌਦਾਂ ਬਰਸ ਬਿਅੰਤ ਮੋਹਿ, ਪਲ ਪਲ ਜੁਗ ਸਮਾਨ
ਰਾਖਹੁ ਚਰਨੀਂ ਲਾਇਕੇ, ਕਬਹੂੰ ਨਾ ਦੇਵਹੁ ਜਾਨ।

ਛੰਦ— ਕਤਕ ਦਇਆ ਰਾਮ ਜਬ ਧਾਰੀ, ਅਪਨੇ ਚਰਨੋ ਖੜਾਉਂ ਉਤਾਰੀ
ਲੀਜੈ ਭਰਥ ਮੇਰੇ ਹਿਤਕਾਰੀ, ਦਰਸਨ ਕਰੇ ਅਜੁਧਿਆ ਸਾਰੀ।
ਪਰਜਾ ਬਹੁਤ ਕਰੀ ਦਿਲਦਾਰੀ, ਰਾਜ਼ੀ ਰਾਖੀਓ। ੧।
ਅਗੋਂ ਭਰਥ ਕਰੇ ਅਰਦਾਸ, ਪ੍ਰਭ ਜੀ ਮੈਂ ਚਰਨਾਂ ਕਾ ਦਾਸ।
ਤੇਰੀ ਪਰਜਾ ਕਰੇ ਬਿਲਾਸ, ਤੇਰੇ ਸ਼ਤਰੂਆਂ ਦਾ ਨਾਸ
ਮੈਂ ਨਾ ਕਰਾਂ ਅਜੁਧਿਆ ਵਾਸ, ਜਿਚਰ ਤੂੰ ਬਨ ਵਿਖੇ। ੨।
ਭਰਥ ਖੜਾਵਾਂ ਲੈ ਸੁਖ ਪਾਇਆ, ਪ੍ਰਭ ਕੀ ਆਗਿਆ ਪਾਇ ਸਿਧਾਇਆ
ਚਰਨੋਂ ਉਪਰ ਮੱਥਾ ਲਾਇਆ, ਨੰਦ ਗਾਉਂ ਮੇਂ ਆਸਨ ਪਾਇਆ
ਤੁਰਤ ਸਿੰਘਾਸਨ ਉਹਾਂ ਮੰਗਾਇਆ, ਉਪਰ ਪਊਏ ਚਾਇ ਟਿਕਾਇਆ
ਰਾਜਾ ਰਾਮ ਦੇ। ੩।
ਰਖ ਸਿੰਘਾਸਨ ਪੂਜਾ ਕਰਦਾ, ਬਨ ਦੇ ਦੁਖ ਵੇਖ ਵੇਖ ਸੜਦਾ
ਦੁਖ ਸੁਖ ਮਨ ਦੇ ਅੰਦਰ ਜਰਦਾ, ਪ੍ਰਭੂ ਦਾ ਫਿਕਰ ਅੰਦੇਸ਼ਾ ਕਰਦਾ
ਹਾਇ ਮੈਂ ਕਿਆ ਕਰੋਂ ? ੪।

ਪਉੜੀ—ਪ੍ਰਭ ਜੀ ਤ੍ਰਿਣ ਕੇ ਸੱਥਰ ਸੋਏ ਮੋਹ ਕਿਆ ਤਲੇ ਵਿਛਾਈ
ਧਰਤੀ ਉਪਰ ਭਰਥ ਬਿਰਾਜੇ, ਰੀਤ ਦਾਸ ਕੀ ਚਾਈ
ਬਸਤ੍ਰ ਤਿਆਗ ਲਈ ਮ੍ਰਿਗ ਛਾਲਾ, ਸਿਰ ਪਰ ਜਟਾ ਬਨਾਈ
ਜੀ ਕਹੁ ਰਾਮ ਨਾਮ ! ਕਤਕ ਜਬ ਬੀਤਿਆ, ਰੁਤ ਸੀਤ ਕੀ ਆਈ। ੮।
ਦੋਹਰਾ—ਮੰਘਰ ਮਾਹਿ ਚੜ੍ਹੰਦਿਆਂ, ਪਾਲੇ ਕੀਆ ਪਰਵੇਸ
ਬਨ ਮੋ ਛੰਨ ਛਵਾਇਕੇ, ਪ੍ਰਭ ਕਰ ਬੈਠੇ ਦੇਸ।


Sri Satguru Jagjit Singh Ji eLibrary NamdhariElibrary@gmail.com

ਛੰਦ— ਪ੍ਰਭ ਜੀ ਬਨ ਵਿਚ ਡੇਰਾ ਲਾਇਆ, ਸੁਣ ਕੇ ਸੰਤ ਸਭੀ ਚਲ ਆਇਆ
ਦਰਸਨ ਕਰਦੇ ਹਿਤ ਚਿਤ ਲਾਇਆ,ਤਿਨ ਤੇ ਬਿਸਰ ਗਈ ਸਭ ਮਾਇਆ
ਸਾਡਿਆਂ ਭਾਗਾਂ ਨੂੰ ਇਹ ਆਇਆ, ਬਨ ਵਿਚ ਰਾਮ ਜੀ । ੧ ।
ਸੰਤਨ ਕੇ ਹਰਿ ਦੁਖ ਨਿਵਾਰੇ, ਦੁਸ਼ਟ ਕੁਬੁਧਿ ਚੁਨ ਚੁਨ ਮਾਰੇ
ਖਰ ਤੇ ਦੂਖਨ ਪਕੜ ਪਛਾੜੇ, ਅਪਨੇ ਤੇਜ ਪ੍ਰਤਾਪ ਦਿਖਾਰੇ
ਸਗਲ ਮੁਨੀਸ਼ਰ ਭਏ ਸੁਖਾਰੇ, ਪ੍ਰਭ ਦੇ ਆਇਆਂ । ੨ ।
ਪ੍ਰਭ ਜੀ ਇਹ ਉਪਦੇਸ਼ ਦ੍ਰਿੜਾਏ, ਸੰਤ ਜਨਾਂ ਕੇ ਰਿਦੇ ਠਹਿਰਾਏ
ਅਨਦਿਨ ਭਗਤ ਕਰੋ ਲਿਵਲਾਏ, ਭਜਨ ਬਿਨ ਜਨਮ ਅਕਾਰਥ ਜਾਏ
ਸੁਣ ਕੇ ਸੰਤ ਸਭੀ ਚਲ ਆਏ, ਲਾਗੇ ਭਜਨ ਨੂੰ । ੩ ।
ਪ੍ਰਭ ਜੀ ਬਨ ਮੈਂ ਰੀਤ ਚਲਾਈ, ਕੇਹਰ ਅਜਾ ਨਾ ਸਕੇ ਦੁਖਾਈ
ਇਕ ਦਿਨ ਸੂਪਨਖਾ ਸੀ ਆਈ, ਲਛਮਨ ਸ੍ਰਵਨਨ ਕਾਟ ਪਠਾਈ
ਰਾਵਨ ਅਗੇ ਦਈ ਦੁਹਾਈ, ਲੰਕਾ ਜਾਇ ਕੈ । ੪ ।

ਪਉੜੀ—ਰਾਵਨ ਕੇ ਮਨ ਕ੍ਰੋਧ ਉਪਜਿਆ, ਸੀਤਾ ਹਿਰ ਲੈ ਆਇਆ ।
ਅਸ਼ੋਕ ਬਨ ਮੈਂ ਖੜਿ ਬੈਠਾਈ, ਮਰਨੇ ਸਾਜ ਬਨਾਇਆ ।
ਹਨੂਮਾਨ ਜਾਏ ਬਾਗ਼ ਉਖਾੜਿਆ, ਲੰਕਾ ਦਾਹ ਕਰਾਇਆ ।
ਜੀ ਕਹੁ ਰਾਮ ਨਾਮ ! ਪ੍ਰਭ ਜੀ ਖਬਰੀ ਹੋਈਆਂ,
ਸੂਰਿਆਂ ਜੋਸ਼ ਸਵਾਇਆ । ੬ ।

ਦੋਹਰਾ—ਲੰਕਾ ਉਪਰ ਧਾਵਣਾ ਸੂਰਿਆਂ ਕੇ ਮਨ ਰੋਹੁ
ਖਬਰ ਨਾ ਕਾਈ ਭਰਥ ਨੂੰ, ਚੜ੍ਹਿਆ ਮਹੀਨਾ ਪੋਹੁ ।

ਛੰਦ— ਪੋਹ ਮਹੀਨੇ ਸੀਤ ਘਨੇਰਾ, ਪ੍ਰਭ ਜੀ ਅਜੇ ਨਾ ਕੀਤਾ ਫੇਰਾ
ਭਰਥ ਉਡੀਕੇ ਮਾਰਗ ਤੇਰਾ, ਰਵਿ ਸਸਿ ਹੋਂਦੇ ਭਇਆ ਹਨੇਰਾ
ਮੈਨੂੰ ਚਾਨਣ ਹੈ ਮੁਖ ਤੇਰਾ, ਦਰਸਨ ਦੀਜੀਏ । ੧ ।
ਮੈਨੂੰ ਕਿਉਂ ਕਕੇਈ ਜਾਇਆ, ਕਿਉਂ ਨਾ ਗੁੜ੍ਹਤੀ ਜ਼ਹਿਰ ਖਵਾਇਆ
ਨਾਲਾ ਕਾਟਿਆ ਗਲਾ ਨ ਘਾਇਆ, ਸਾਧੋ ਮਰਨ ਅਸਾਡਾ ਆਇਆ
ਰਾਮ ਬਿਨਾ ਮੈਂ ਇਹ ਦੁਖ ਪਾਇਆ, ਜੇ ਪ੍ਰਭੁ ਨਹੀਂ ਆਂਵਦਾ । ੨ ।
ਉਨ ਤਾਂ ਬਨ ਵਿਚ ਡੇਰੇ ਮਾਰੇ, ਪ੍ਰਭ ਬਿਨ ਸੁੰਞੇ ਭਏ ਚੁਬਾਰੇ
ਰੈਣ ਵਿਹਾਵੇ ਗਿਣਦਿਆਂ ਤਾਰੇ, ਕਦ ਵੇਖਾਂਗੇ ਚਰਨ ਤੁਮਾਰੇ ।
ਆਵਹੁ ਰਾਮ ਜੀ । ੩ ।

ਪ੍ਰਭ ਜੀ ! ਦਇਆ ਭਰਥ ਪੁਰ ਧਾਰੋ, ਹਮਰੇ ਦੁਖ ਕਲੇਸ਼ ਨਿਵਾਰੋ
ਬਚਨ ਕਕੇਹੀ ਮਨੋਂ ਵਿਸਾਰੋ, ਪਾਉਂ ਅਜੁਧਿਆ ਨਗਰੀ ਧਾਰੋ
ਸਗਲੇ ਜੀਅ ਜੰਤ ਨਿਸਤਾਰੋ, ਸੁਖ ਸਭ ਪਾਵਸੀ । ੪ ।


Sri Satguru Jagjit Singh Ji eLibrary NamdhariElibrary@gmail.com

ਪਉੜੀ–ਸੁਖ ਉਪਜਨ ਦੁਖ ਵਿਸਰਨ ਪ੍ਰਭ ਜੀ ਰਾਮ ਅਜੁਧਿਆ ਆਵੇ
ਤਪਤ ਹਮਾਰੀ ਹਰੇ ਬਿਧਾਤਾ, ਜੇ ਦ੍ਰਿਗ ਰਾਮ ਦਿਖਾਵੈ
ਕਉਸਲ ਪੁਰ ਵਿਚ ਮੰਗਲ ਹੋਵੈ, ਰਾਮ ਸਿੰਘਾਸਨ ਪਾਵੈ
ਅਰਿ ਗੰਜਨ ਸੰਤਨ ਕਾ ਸੰਗੀ, ਸਭ ਕੋ ਸੁਖ ਉਪਜਾਵੈ ।੧੦।

ਦੋਹਰਾ–ਰਵਿ ਉਤਰਾਇਣ ਆਇਆ, ਚੜ੍ਹੀ ਪੁਨੀਤ ਬਹਾਰ
ਬ੍ਰਾਹਮਣ ਭਰਥ ਬੁਲਾਇਆ, ਕੀਨੇ ਦਾਨ ਅਪਾਰ ।

ਛੰਦ–ਚੜ੍ਹਦੇ ਮਾਘ ਬਸੰਤ ਸੁਹਾਇਆ, ਘਰ ਘਰ ਤਾਲ਼ ਮ੍ਰਿਦੰਗ ਬਜਾਇਆ
ਗੰਧ੍ਰਬ ਰਾਗੇ ਕਰਨ ਮਨ ਭਾਇਆ, ਪ੍ਰਭੂ ਜੀ ਲੰਕਾ ਉਪਰ ਧਾਇਆ
ਡੇਰਾ ਜਾਏ ਸਮੁੰਦਰ ਪਾਇਆ, ਮਨਸ਼ਾ ਲੰਘੀਏ ।੧।
ਪ੍ਰਭ ਜੀ ਮੁਖ ਸਿਉਂ ਬਚਨ ਸੁਨਾਏ, ਕਈ ਕਰੋੜੀਂ ਬਾਨਰ ਆਏ
ਰੁਖ ਪਹਾੜ ਪੁਟ ਲਿਆਏ, ਦਧ ਬੰਨ੍ਹ ਸੈਨਾ ਪਾਰ ਲੰਘਾਏ
ਖਬਰੀਂ ਹੋਈਆਂ ਰਾਵਣਰਾਏ, ਰਾਕਸ਼ ਜੁਧ ਕਰਨ ਕੋ ਧਾਏ
ਪਹੁਤੇ ਖੇਤ ਮੈਂ ।੨।

ਦੁਹਾਂ ਦਲਾਂ ਦੀ ਭਈ ਲੜਾਈ, ਜੋਧੇ ਕਰ ਕਰ ਪਹੁਤੇ ਧਾਈ
ਸੈਨਾਂ ਮਾਰੀ ਗਣਿਤ ਨਾ ਕਾਈ, ਲੰਕਾ ਫਿਟ ਗਈ ਰਾਮ ਦੁਹਾਈ
ਖਬਰੀਂ ਹੋਈਆਂ ਰਾਵਣ ਰਾਈ, ਸੁਣਿਓ ਮੰਦੋਦਰੀ ।੩।
ਬਹਿ ਕੇ ਰਾਵਨ ਨੂੰ ਸਮਝਾਇਆ, ਤੇਰੇ ਘਰ ਪਰਮੇਸ਼ਰ ਆਇਆ
ਸੀਤਾ ਲੈ ਮਿਲ ਰਾਵਣ ਰਾਇਆ, ਇਕ ਨਾ ਮੰਨੀ ਲੜਨੇ ਧਾਇਆ
ਅਪਨਾ ਸਗਲ ਕਟੁੰਬ ਬੁਲਾਇਆ, ਰਣ ਥੀਂ ਇਕ ਨਾ ਜਾਣਾ ਪਾਇਆ,
ਮਾਰੇ ਖੇਤ ਮੈਂ ।੪।

ਪਉੜੀ–ਪੁਤ੍ਰ ਭਤੀਜੇ ਸਣੇ ਮੰਤ੍ਰੀ, ਪਾਇਕ ਗਣਤ ਨਾ ਰਹੀਆ ਕਾਈ
ਲੈ ਸਗਲਾ ਸਰਬੰਸ ਡੋਬਿਆ, ਐਸੋ ਰਾਵਨਰਾਈ
ਰਾਮਚੰਦ ਕੀ ਸਰਨੀ ਆਇਆ, ਲੰਕ ਬਭੀਛਨ ਪਾਈ
ਜੀ ਕਹੁ ਰਾਮ ਨਾਮ, ਪ੍ਰਭ ਅਸੁਰ ਸਿੰਘਾਰੇ, ਹੋਇਆ ਸੰਤ ਸਹਾਈ ।੧੧।

ਦੋਹਰਾ–ਲੀਨੀ ਰਾਮ ਪ੍ਰਤੱਗਿਆ, ਸੀਤਾ ਚਿਖਾ ਚੜ੍ਹਾਇ ।
ਸੁਰ ਨਰ ਮੁਨ ਜੈ ਜੈ ਕਰੈ, ਧੰਨ ਸੀਆ ਰਘੁਰਾਇ ।

ਛੰਦ– ਜੀ ਜਬ ਰੁਤ ਫਾਗਨ ਕੀ ਆਈ, ਤ੍ਰਿਭਵਨ ਫੂਲ਼ ਰਹੀ ਬਨਰਾਈ
ਸੰਤਾਂ ਰਿਦੇ ਹੁਲਾਸ ਬਢਾਈ, ਭਰਥ ਉਡੀਕੇ ਰਘੁਪਤਿ ਰਾਈ
ਮਾਰਗ ਉਪਰ ਬੈਠਾ ਜਾਈ, ਕਦ ਪ੍ਰਭ ਆਂਵਦਾ ।੧।
ਰਾਮ ਬਿਭੀਛਨ ਸੱਦ ਬੁਲਾਇਆ, ਉਸਨੂੰ ਸਭ ਹੀ ਆਖ ਸੁਣਾਇਆ
ਪੁਹਪ ਬਿਬਾਣ ਬਿਭੀਛਨ ਲਿਆਇਆ, ਸੀਤਾ ਲਛਮਨ ਸੰਗ ਸਿਧਾਇਆ


Sri Satguru Jagjit Singh Ji eLibrary NamdhariElibrary@gmail.com

ਦੇਵਤਿਆਂ ਜੈਕਾਰ ਬੁਲਾਇਆ, ਪ੍ਰਭ ਜੀ ਲੰਕਾ ਜੀਤ ਸਿਧਾਇਆ ।
ਅਸੁਰ ਸੰਘਾਰ ਕੇ । ੩ ।

ਜਿਉਂ ਫੂਲੀ ਸੀ ਫਾਗ ਬਸੰਤ, ਪ੍ਰਭ ਕੀ ਸੈਨਾ ਚੜ੍ਹੀ ਬਿਅੰਤ
ਹੀਰੇ ਮੋਤੀ ਲਾਲ ਜੜੰਤ, ਅਚਰਜ ਦੇਖੇ ਕਵਲਾ ਕੰਤ
ਨਾਲ ਬਭੀਛਨ ਆਇਆ ਸੰਤ, ਸੁ ਪ੍ਰਸੰਨ ਹੋਇਕੇ । ੪ ।
ਧੰਨ ਮਹੂਰਤ ਧੰਨ ਬਹਾਰ, ਪ੍ਰਭ ਜੀ ਉਤਰੇ ਦਧ ਥੀਂ ਪਾਰ
ਖਬਰੀ ਹੋਇਆਂ ਭਰਥ ਦੁਆਰ, ਸੁਣਕੇ ਕੀਨੇ ਦਾਨ ਅਪਾਰ
ਪੁਰ ਬਾਸੀ ਸਭ ਭਏ ਤਿਆਰ, ਆਗੇ ਮਿਲਨ ਕਉ । ੫ ।
ਰਚ ਕੇ ਮੰਦਰ ਭਲੇ ਬਨਾਏ, ਉਪਰ ਫੂਲ ਸੁਗੰਧ ਵਿਛਾਏ
ਅਗੇ ਸਭ ਮਿਲਣੇ ਕੋ ਆਏ, ਪ੍ਰਭ ਜੀ ਮੁਖ ਸਿਉਂ ਬਚਨ ਸੁਨਾਏ
ਦਿਤੇ ਪੁਹਪ ਬਿਬਾਣ ਸੁਹਾਏ, ਮਿਲੀਏ ਭਰਥ ਨੂੰ । ੬ ।
ਮੇਲਾ ਰਾਮ ਭਰਥ ਕਾ ਭਇਆ, ਚਿੰਤਾ ਰੋਗ ਸਗਲ ਮਿਟ ਗਇਆ
ਰਾਮ ਕਕੇਈ ਪੈਰੀਂ ਪਇਆ, ਦੇਖ ਸੁਮਿਤ੍ਰਾ ਮਨ ਬਿਗਸਇਆ
ਪ੍ਰਭ ਬਿਨ ਕੌਨ ਕਰੇ ਇਹ ਦਇਆ, ਤਾਰੇ ਪਤਿਤ ਨੂੰ । ੭ ।
ਸੁਣ ਸੁਣ ਸਭ ਦਰਸਨ ਨੂੰ ਆਵੈ, ਕੰਚਨ ਮੋਤੀ ਮਾਣਕ ਲਿਆਵੈਂ
ਕਰੇ ਨਿਛਾਵਰ ਮਨ ਬਿਗਸਾਵੈਂ, ਉਥੇ ਜਾਚਕ ਨਜ਼ਰ ਨਾ ਆਵੈ
ਲਏ ਜੁ ਦਾਨ ਨੂੰ । ੮ ।
ਕਉਸਲਪੁਰ ਵਿਚ ਕਉਤਕ ਹੋਈ, ਬ੍ਰਹਮਾ ਸੁਰ ਨਰ ਸਗਲੇ ਮੋਹੀ
ਮਾਤਾ ਦ੍ਰਿਗ ਭਰ ਹੰਝੂ ਰੋਈ, ਪ੍ਰੇਮ ਨਾ ਮਾਉਂਦਾ । ੯ ।
ਰਾਮ ਕੁਸ਼ਲਿਆ ਮੰਦਰ ਆਇਆ, ਮਾਤਾ ਅਗੇ ਸੀਸ ਨਿਵਾਇਆ
ਮਾਤਾ ਲੈ ਉਰ ਬੀਚ ਲਗਾਇਆ, ਲੀਆ ਸਿੰਘਾਸਨ ਰਾਮ ਬਿਠਾਇਆ
ਮਾਥੇ ਤਿਲਕ ਵਸਿਸ਼ਟ ਲਗਾਇਆ, ਰਾਜੇ ਰਾਮ ਦੇ । ੧੦ ।

ਪਉੜੀ–ਗਏ ਕਪੀਸ਼ਰ ਅਪਣੇ ਗ੍ਰਿਹਿ ਕੋ, ਪ੍ਰਭ ਕੀ ਆਗਿਆ ਪਾਈ
ਜਬ ਕਾ ਰਾਮ ਸਿੰਘਾਸਨ ਪਾਇਆ, ਚਿੰਤਾ ਰਹੀ ਨਾ ਕਾਈ
ਹੀਰੇ ਮੋਤੀ ਲਾਲ ਜਵਾਹਰ, ਦੀਏ ਕੁਸ਼ਲਿਆ ਮਾਈ
ਪੁਰ ਵਿਚ ਜਾਚਕ ਨਜ਼ਰ ਨਾ ਆਵੈ, ਦਾਨ ਜੋ ਲੇਵੈ ਆਈ । ੧੨ ।

ਦੋਹਰਾ–ਜਾਚਕ ਭਏ ਕਮੇਰ ਸਮ, ਰੰਕ ਨਾ ਰਹਿਓ ਕੋਇ ।
ਗੁਰਦਾਸ ਸਿੰਘ ਕੀ ਬੇਨਤੀ, ਦਰਸ ਤਿਹਾਰੋ ਹੋਇ ।





NamdhariElibrary@gmail.com

## ੧੦. ਬਾਰਾਂਮਾਹ ਸ਼ਾਹਮੁਰਾਦ (ਦੂਜੇ ਕਾ)

ਬਿਨ ਜਾਨੀ ਬਾਰਾਂਮਾਹ, ਨ ਗੁਜ਼ਰੇ ਸਾਈ ਦੇਵੈ ਪਨਾਹ
ਵਿਛੋੜੇ ਕੀਤੀ ਸਾਵੀ ਘਾਹ, ਕਲੇਜੇ ਆਤਸ ਸੀਨੇ ਆਹ
ਦਿਵਾਨੀ ਕੋਇ ਨ ਆਵੈ ਰਾਹ, ਕੀ ਕਰੀਏ ਨਾਲ ਵਿਛੋੜੇ ਵਾਹ ਕਰੇਂਦੀ
ਹਾਹਿ ਰੇ ।
ਹਾਹਿ ਰੇ ਉਹ ਕਦਣ ਮਿਲੈਸੀ ਆਇ, ਉਡੀਕੀ ਪੂਣੀ ਕੀਤੀ ਚਾਇ
ਚੁਪਾਤੀ ਗਲਿ ਨ ਆਵੈ ਕਾਇ, ਮਿਲੈਸੀ ਮੈਨੂੰ ਆਪਿ ਇਲਾਹਿ
ਵਿਖੈਸੀ ਅੱਖੀਂ ਨੂਰ ਖੁਦਾਇ, ਬਹੈਸੀ ਫੇਰਿ ਮੁਈ ਜੀਵਾਇ
ਕਦਾਹੀਂ ਬਾਹੁਰੇ ।
ਬਾਹੁਰੇ ਜੇ ਹੋਰੁ ਨਹੀਂ ਕੋਈ ਬੇਲੀ, ਆਜਜ਼ ਹੋਈ ਬਹੁਤ ਇਕੇਲੀ
ਖਾਵਣ ਢੁਕੀ ਏਹੁ ਹਵੇਲੀ, ਕੋਈ ਨਾ ਹੀ ਸਖੀ ਸਹੇਲੀ
ਬਿਰਹਾਂ ਪੀੜੀ ਜਿਉ ਤਿਲੁ ਤੇਲੀ, ਚੁਪਚੁਪਾਤੀ ਰੋਵਾਂ ਦੁਹੇਲੀ
ਅੱਖੀਂ ਵਾਹਿ ਰੇ । ੧ ।
ਵਾਹਿ ਰੇ ਫਿਰਿ ਚੇਤ ਮਾਂਹ ਬਹਾਰਾਂ, ਗੁਲ ਨੂੰ ਬੁਲਬੁਲ ਜਿਵੈ ਪੁਕਾਰਾਂ
ਕਮਰੀ ਕੂਕਾਂ ਸਰੂ ਚਿਤਾਰਾਂ, ਗਲ ਵਿਚਿ ਹੰਝੂ ਪਾਈ ਹਾਰਾਂ
ਅੱਖੀਂ ਲਾਲ ਜਿਵੇਂ ਗੁਲਜ਼ਾਰਾਂ, ਖੜੀ ਉਡੀਕਾਂ ਕਾਗ ਉਡਾਰਾਂ
ਕਦਹੀ ਆਵਸੀ ।
ਆਵਸੀ ਆਇ ਹਾਲੁ ਆਸਾਡਾ ਵੇਖੈ, ਲਾਇਆ ਬਿਰਹੁ ਕਲੇਜੇ ਸੀਖੈ
ਉਮਰਿ ਵੰਞਾਈਂ ਕਿਤੈ ਨ ਲੇਖੈ, ਗੁਜ਼ਰੀ ਸਭ ਉਸਾਸੇ ਝੋਖੈ
ਲਖ ਸਉ ਭਾਂਤੇ ਬਹੁਤੇ ਭੇਖੈ, ਵੈਂਦੀ ਪੀਰ ਫਕੀਰੈ ਸੇਖੈ
ਫਾਲਾਂ ਪਾਵਸੀ ।
ਪਾਵਸੀ ਫਿਰਿ ਪੰਡਿਤ ਪੁਛਦੀ ਜੋਸੀ, ਕਦਹੀ ਵੰਢ ਪਵੈਂਦੀ ਔਂਸੀ
ਕੋਲੇ ਦਰਦੁ ਭਰੀ ਖੜੀ ਰੋਸੀ, ਰਾਤੀਂ ਦੇਹਾਂ ਕਦੀ ਨਾ ਸੌਂਸੀ
ਗਲੀਏ ਬੂਹੇ ਹੋਇ ਖਲੋਸੀ, ਸੁਣਦੀ ਫਿਰਿ ਕੰਨ ਸੋਇ ਕਿ ਹੋਸੀ
ਰੱਬ ਮਿਲਾਵਸੀ । ੨ ।
ਮਿਲਾਵਸੀ ਵੈਸਾਖ ਸੁਹਾਵਾ ਤਿਸੈ; ਜੈ ਨੂੰ ਨਿਤ ਘਰਿ ਜਾਨੀ ਦਿਸੈ
ਕਦ ਹੀ ਮਿਲੇ ਕਦ ਹੀ ਰੁਸੇ, ਕਦਹੀ ਖੇਲ ਖਿਲਾਏ ਹੱਸੇ



Sri Satguru Jagjit Singh Ji eLibrary NamdhariElibrary@gmail.com

ਬੇਗਮ ਹੋਵੈ ਅਪਨੇ ਹਿਸੇ, ਘਰਿ ਵਰੁ ਯੂਸਫਿ ਜੇਹਾ ਉਸੇ
ਕੋਲਿ ਰਿਸਾਂਵਦੀ।
ਰਿਸਾਵਦੀ ਕਿ ਰੀਸਾਂ ਕਰੇ ਨਿਮਾਣੀ, ਜੈਂਦਾ ਜਾਨੀ ਵਿਛੁੜਿਆ ਹਾਣੀ
ਰੋਵਾਂ ਲੋਹੁ ਨ ਆਵੈ ਪਾਣੀ, ਸੂਲਾਂ ਕਿਥੂੰ ਆਇ ਸਿਞਾਣੀ
ਗਲੀਆਂ ਢੂੰਢਾਂ ਬਹੁਤ ਹੈਰਾਣੀ, ਬਿਰਹਾ ਲਾਈ ਕਾਰੀ ਕਾਨੀ
ਦਰਿ ਦਰਿ ਧਾਂਵਦੀ।
ਧਾਂਵਦੀ ਮਤ ਰਬੁ ਦਿਖਾਏ ਮੈਨੂੰ, ਜੈਂਦਾ ਤੀਰ ਕਲੇਜੇ ਮੈਨੂ
ਕੂਕਾਂ ਕੂਕ ਸੁਣਾਈ ਕੈ ਨੂ, ਜੋ ਕੁਛ ਗੁਜ਼ਰੇ ਆਹਿ ਦਿਲੈ ਨੂੰ
ਕਦਹੀ ਮਿਹਰਿ ਭੀ ਪਉਸੀ ਤੈਨੂੰ, ਮਾਲਮੁ ਮੈਂਡਾ ਹਾਲ ਰੱਬੇ ਨੂੰ
ਫਿਰਿ ਘਰਿ ਆਂਵਦੀ। ੩।
ਆਂਵਦੀ ਬਿਨੁ ਕੰਤੇ ਜੇਠੁ ਨ ਆਵੈ, ਬਿਰਹਾ ਬਾਣ ਕਲੇਜੇ ਲਾਵੈ
ਨੱਸਾ ਸੀਹੁ ਪਲੰਘ ਡਰਾਵੈ, ਤੀਲੀ ਪੀਲੀ ਹੋਈਅਸੁ ਹਾਵੈ
ਜੁਸੇ ਸਾਹ ਨ ਜਿੰਦ ਸਮਾਵੈ, ਜਿੰਦੂ ਜੁਸਾ ਜ਼ਰਾ ਨ ਭਾਵੈ ਹੋਈਅਸੁ ਕਾਹਲੀ।
ਕਾਹਲੀ ਕੋ ਦਾਰੂ ਨਾਹੀ ਕਾਰੀ, ਡਿਠੇ ਹਾਦਕ ਸਭੁ ਪਸਾਰੀ
ਪੁੜੀਆਂ ਸਟਨਿ ਵਾਰੋ ਵਾਰੀ, ਜ਼ਹਮਤਿ ਏਹਾ ਸਜਣ ਵਿਸਾਰੀ
ਨਾਹੀ ਕੋ ਤਲਵਾਰ ਕਟਾਰੀ,ਮਾਰੀ ਛੁਟਾਂ ਇਸ ਬੀਮਾਰੀ ਬਹੁਤ ਉਤਾਵਲੀ।
ਉਤਾਵਲੀ ਕਿ ਹੋਂਦਾ ਇਸ ਉਤਾਵਲਾ,ਹਿਕੇ ਚੋਟ ਨ ਹੋਵੇ ਚਾਵਲਾ
ਕੋਹੇ ਅੰਦਰਿ ਪਾਣੀ ਲਾਵਲਾ, ਲਖੇ ਕੋਹੇ ਦਿਸੇ ਸਾਵਲਾ
ਦਰਦੇ ਵਿਚਿ ਨ ਕੋਚੈ ਲਾਵਲਾ, ਸਰਬੇ ਅੰਦਰ ਏਹੁ ਬਿਲਾਵਲ
ਸੁਣੀਏ ਮਾਵਲੀ।
ਮਾਵਲੀ ਕਿਉਂ ਬਾਹਰਿ ਪੇਟੋਂ ਆਂਦੀ, ਦਾਈ ਅਕੁ ਗੁੜਤੀ ਪਾਂਦੀ
ਵਿਛੁੜੀ ਕੂੰਜ ਜਿਵੈਂ ਕੁਰਲਾਂਦੀ, ਬਾਹਾਂ ਮਾਰੀ ਗੋਤੇ ਖਾਂਦੀ
ਕਿਉਂਕਰਿ ਦਿਸੈ ਉਮਰਿ ਵਿਹਾਂਦੀ, ਹੁਣ ਦੀ ਲਗੀ ਗੋੜੇ ਖਾਂਦੀ
ਨੀਰ ਵਹਾਂਵਦੀ। ੪।
ਵਹਾਂਵਦੀ ਫਿਰਿ ਹਾੜ ਸੜੇਂਦਾ ਭਾਹੀਂ, ਢੋਲੀ ਘਰਿ ਵਰੁ ਮੈਂਡੇ ਨਾਹੀਂ
ਰਾਤੀ ਲਖ ਕਰੋੜੀਂ ਆਹੀਂ, ਖਾਰੇ ਛਜੇ ਰੋਵਾਂ ਸਬਾਹੀ
ਸਿਰ ਬੁ ਪਲੁ ਸਿਜਦਾ ਲਾਹੀਂ,ਰਬਾ ਮੇਲਿ ਹਬੀਬ ਕਦਾਹੀਂ,ਹਥ ਉਠਾਂਵਦੀ।
ਉਠਾਂਵਦੀ ਕਰਿ ਦੂਰਿ ਵਿਛੋੜਾ ਸਾਈਂ, ਵਿਛੁੜੀ ਮਰਦੀ ਜੀਵਣੁ ਨਾਹੀ
ਸੀਨੇ ਭਾਹਿ ਭੜਕਨਿ ਭਾਹੀਂ, ਸੜੀਅਸੁ ਕਿਉਕਰਿ ਅਗਿ ਬੁਝਾਈ
ਹੰਝੂ ਤੇਲ ਅਲੰਬੀ ਤਾਈ, ਸਿਰ ਤੇ ਹਥੀਂ ਮਿਟੀ ਪਾਈ ਅੱਗ ਬੁਝਾਂਵਦੀ।
ਬੁਝਾਂਵਦੀ ਏਹ ਕੇਹਾ ਮਿਲਮੁ ਅਸਾੜਾ, ਦੋਜ਼ਕ ਜੇਹਾ ਨੇਹੀਂ ਅਵਾੜਾ
ਚਰਖਾ ਸੂਤੁ ਨ ਰਹਿਆ ਵਾੜਾ, ਆਹੀ ਧੂੰਆਂਧਾਰ ਅੰਧਾਰਾ



Sri Satguru Jagjit Singh Ji eLibrary NamdhariElibrary@gmail.com

ਚਿਣਗਾਂ ਗਗਨਿ ਗਈਆਂ ਸਹੁ ਤਾਰਾ, ਬਿਰਹੋਂ ਪਾਇਆ ਏਹੁ ਦਿਹਾੜਾ
ਪਛੋਤਾਂਵਦੀ । ੫ ।

ਤਾਂਵਦੀ ਫਿਰਿ ਸਾਵਣ ਗਈਅਰੁ ਬੋਲੇ, ਹਾਠਾ ਹਾਥੀ ਸੀਂਹੁ ਸਮੋਲੇ
ਵਾਊ ਲਗਨਿ ਦੋਜਕ ਝੋਲੇ, ਕਣੀਆਂ ਜਿਵੈ ਬੰਦੂਖਾਂ ਗੋਲੇ
ਪੀਂਘਾਂ ਨਾਗ ਅਕਾਸੋਂ ਜੋਲੇ, ਬਿਜੁਲੀ ਚਿਣਗ ਚੁਆਤੀ ਚੋਲੇ
ਲਸ਼ਕ ਡਰਾਂਵਦਾ ।

ਡਰਾਂਵਦਾ ਦਰਿ ਕਿਤ ਵਲਿ ਜਾਈਏ ਨਸਦੀ, ਭੋਰੀ ਜਾਇ ਨ ਕਾਈ ਦਿਸਦੀ
ਦਿਸੇ ਸਭ ਉਜਾੜ ਨ ਵਸਦੀ, ਕਦਹੀ ਰੋਵਾਂ ਕਦਹੀ ਹਸਦੀ
ਮੈਥੋਂ ਕਾਈ ਗਲਿ ਨ ਰਸਦੀ, ਕੁਝ ਨ ਆਂਵਦਾ ।
ਆਂਵਦਾ ਕੱਲੀ ਵੇਹੜੇ ਬੈਠੀ ਰੋਵਾਂ, ਕਦਹੀ ਬੂਹਾ ਪਕੜਿ ਖੜੋਵਾਂ
ਕਦਹੀ ਝੁਰਦੀ ਬੇਖੁਦ ਹੋਵਾਂ, ਮੈਲੇ ਵੇਸ ਨ ਕਦਹੀ ਧੋਵਾਂ
ਹੈਰਾਂ ਹੋਈਅਸੁ ਕਦੀ ਨ ਸੋਵਾਂ, ਪਲਕ ਨ ਜੋੜੀ ਵੇਲਾ ਖੋਵਾਂ
ਮਤੁ ਘਰਿ ਆਂਵਦਾ । ੬ ।

ਆਂਵਦਾ ਫਿਰ ਭਾਦੋਂ ਰੁਤ ਭਲੇਰੀ, ਬਿਰਹੋਂ ਆਇਆ ਹੇਰੂ ਹੇਰੀ
ਕੇਹੀ ਪਈਅਮੁ ਏਹ ਅੰਧੇਰੀ, ਦੁਖਾਂ ਦਉੜ ਚਉਫੇਰੂ ਘੇਰੀ
ਆਜਜ਼ ਕਛੂ ਨ ਰਹੀ ਦਲੇਰੀ, ਬਾਝੁ ਨ ਸਾਂਈ ਕੋਇ ਨ ਵੇਰੀ
ਪਾਰਿ ਉਤਾਰਦਾ
ਉਤਾਰਦਾ ਘਰਿ ਕਿਸੇ ਨ ਬੈਠੀ ਭਾਵਾਂ, ਅਮਰੀ ਵੇਖਿ ਪਈ ਕੁਰਲਾਵਾਂ
ਭੈਣੇ ਤਾਨ੍ਹੇ ਗਲਿ ਭਰਾਵਾਂ, ਖਰੀ ਨਿਮਾਣੀ ਹੋਇ ਢਹਾਵਾਂ
ਬਾਬੁਲ ਮਾਰਦਾ ।
ਮਾਰਦਾ ਫਿਰਿ ਦੇਸ ਕਿ ਕਰਸਾਂ ਦੇਸ, ਮੈਨੂੰ ਲਗੀ ਇਤ ਵਰੇਸ
ਅਜੇ ਨ ਕੰਘੀ ਕਾਲੇ ਕੇਸ, ਅਜੇ ਨ ਬੁੰਦੇ ਬੇਸਰ ਸੀਸਾ
ਬਿਰਹੋਂ ਲੈ ਕਲਵਤ੍ਰ ਤੈਸਾ, ਹੈਰਾਂ ਫਿਰਦੀ ਦੇਸ ਬਿਦੇਸਾ, ਚੇਟਕ ਯਾਰ ਦਾ ।੭।

ਯਾਰ ਦਾ ਫਿਰਿ ਅਸੂ ਮਾਹਿ ਕਿ ਕਰੀਏ, ਗਰਮੀ ਹੰਝੂ ਦੇਹਾ ਸੜੀਐ
ਸੜਦੀ ਆਂਹੀ ਰਾਤੀ ਠਰੀਐ, ਤਤੇ ਸੁਖ ਨ ਠੰਢੇ ਮਰੀਏ
ਹਰਿ ਦਮ ਸਾਇਤ ਲਹਜਾ ਡਰੀਐ, ਸੂਲ ਸਜਣ ਦਾ ਕਿਉ ਕਰਿ ਜਰੀਐ
ਰਹੀਏ ਸਬਰੁ ਕਰਿ ।
ਸਬਰੁ ਕਰਿ ਨਿਤ ਰਹੀਅਸ ਕਦੀ ਨ ਆਇਆ,
ਦਿਹੁ ਦਿਹੁ ਹੋਵੇ ਵੰਞ ਪਰਾਇਆ
ਸਬਰੋ ਪਾਸਾ ਚਾਇ ਹਰਾਇਆ, ਢੋਲੀ ਆਪੇ ਆਪਿ ਗਵਾਇਆ
ਢੂੰਢਾਂ ਦਰ ਬਦਰ ।



Sri Satguru Jagjit Singh Ji eLibrary NamdhariElibrary@gmail.com

ਦਰ ਬਦਰ ਮਤੁ ਰਬੁ ਦਿਖਾਏ ਜਾਨੀ, ਸੂਰਤਿ ਏਹੇ ਜੂਸਫ ਸਾਨੀ
ਭਹੁੰਆਂ ਚੜ੍ਹੀ ਕਮਾਨਿ ਕਿਆਨੀ, ਅੱਖੀਂ ਨਰਗਸ ਜਿਉਂ ਬੁਸਤਾਨੀ
ਮੱਥੇ ਚੰਦ ਸੂਰਜ ਅਸਮਾਨੀ,ਸੁਧਾ ਨੂਰੋ ਨੂਰ ਨੂਰਾਨੀ ਵੰਦਾਂ ਜਿਉਂ ਰੁਹਰ ।੮।
ਜਿਉਂ ਗੁਹਰਿ ਕਤਕਿ ਕਿਤ ਨੂੰ ਚੜ੍ਹਿਆ, ਅੰਦਰਿ ਬਿਰਹੁ ਕਸਾਈ ਵੜਿਆ
ਨਾ ਨਾ ਨਾਗ ਇਆਣਾ ਲੜਿਆ, ਨਾਹੀ ਅੱਗ ਕਲੇਜਾ ਸੜਿਆ
ਭੁਚੀ ਚੋਰੁ ਸਭੋ ਕਿਛੁ ਖੜਿਆ, ਜੋ ਕਿਛੁ ਆਹਾ ਅੰਦਰ ਧਰਿਆ
ਦੀਵਾ ਬਾਲਿ ਬਾਲਿ ।
ਬਾਲਿ ਬਾਲਿ ਕਛੁ ਸਬਰ ਨ ਛੋੜਿਅਸੁ ਭੋਰਾ, ਨਾਲੇ ਸੁਖ ਤੇ ਨੀਂਦਰ ਜੋਰਾ
ਹਸਨੁ ਖੇਲਨੁ ਬੋਲਨੁ ਤੇਰਾ, ਤਾਗਤਿ ਰਹੀ ਨ ਕੋਈ ਥੋਰਾ
ਨਾ ਕੋ ਤਾਨ੍ਹਾ ਅਤੇ ਨਿਹੋਰਾ,ਉਪਟ ਘਿੰਨੁ ਚਲਿਆ ਦਿਨ ਚੋਰਾ
ਲੋਕਾਂ ਹਾਲ਼ ਹਾਲ ।
ਹਾਲ ਹਾਲ ਕਰ ਰਹੀ ਨ ਆਇਆ ਕੋਈ, ਕੂਕਾਂ ਕਰੇ ਨ ਕੋ ਦਿਲਜੋਈ
ਪੁਛੇ ਆਖਿ ਵਿਖਾ ਕਿ ਹੋਈ, ਕਿਥੋਂ ਚੋਰੁ ਅਚਾਣ ਪਇਓਈ
ਸਭੋ ਗਇਓ ਨੇ ਕੁਛ ਰਹਿਓ ਈ, ਢੂੰਢਾਂ ਕਛੁ ਨਹੀ ਦਿਹੁ ਲੋਈ
ਅੰਦਰ ਭਾਲਿ ਭਾਲਿ । ੯ ।
ਭਾਲਿ ਭਾਲਿ ਫਿਰਿ ਮੰਘਰੁ ਪਇਆ ਸਿਆਲਾ, ਕੱਕਰੁ ਲੇਫ ਤਲਾਈ ਪਾਲਾ
ਆਤਸ ਹੋਈ ਅਹਿਨਿ ਅਟਾਲਾ, ਪਿੰਚਰੀ ਗੋਲਾ ਸਰਦ ਨਿਵਾਲਾ
ਉਤੇ ਵਰਫ ਪਵੈ ਦੁਸ਼ਾਲਾ, ਧੁਪੈ ਬੈਠੀ ਰਹਾਂ ਹਯਾਲਾ, ਰੋਵਾਂ ਜ਼ਾਰ ਜ਼ਾਰ ।
ਜ਼ਾਰ ਜ਼ਾਰ ਰੋਇ ਤਤਾ ਪਾਣੀ ਆਣੀ, ਠਰੀਅਸੁ ਨ੍ਹਾਵਾਂ ਦਰਦ ਰੰਜਾਣੀ
ਧੂੰਆਂ ਆਹੀਂ ਸੰਗਿ ਨਿਮਾਣੀ, ਨ ਕਿਛੁ ਖਾਵਣ ਪੀਵਣੁ ਪਾਣੀ
ਕਿਥੋਂ ਲਗਾ ਨੇਹੁ ਇਆਣੀ, ਹੀਲਾ ਦਸੋ ਕੋਇ ਸਿਆਣੀ
ਪੁਛਦੀ ਵਾਰਿ ਵਾਰਿ ।
ਵਾਰਿ ਵਾਰਿ ਪੁਛ ਰਹੀ ਨ ਕੋਈ ਦਸੇ, ਜੇ ਕੋਈ ਸੁਣਦਾ ਸੋ ਕੋਈ ਨਸੇ
ਵੇਖੇ ਹਾਲਿ ਅਸਾਡਾ ਹਸੇ, ਭੁਖੇ ਦਰਦਿ ਕਿ ਜਾਣਨਿ ਤਸੇ
ਢੋਲੀ ਬਰਰ ਚਲੀਹੇ ਵਸੇ, ਊਹਾ ਮਿਲੇ ਜੋ ਸਿਰ ਥੀ ਰਸੇ
ਦੇਵੇ ਵਾਰ ਵਾਰ । ੧੦ ।

ਵਾਟ ਵਾਰ ਫਿਰਿ ਚੜ੍ਹਿਆ ਮਹੀਨਾ ਪੋਹੁ, ਵਿਛੋੜੇ ਕੀਤਾ ਡਾਢਾ ਰੋਹੁ
ਨ ਛੋੜਿ ਉਸ ਰਾਤੀਂ ਦਿਹਾਂ ਅੰਦੋਹਿ, ਕਿ ਕਰੀਏ ਦਰਦਾਂ ਬਹੁਤ ਅੰਬੋਹੁ
ਨ ਰਹੀਆਂ ਕਾਈ ਢੇਰੀ ਲੋਹ, ਛੁੜਾਏ ਓਹੀ ਓਹੀ ਓਹੁ, ਕਰੇਂਦੀ ਰੱਬ ਰੱਬ ।
ਰਬੁ ਰਬੁ ਛੁੜਕਾਇ ਵਿਛੋੜੇ ਮਾਰੀ, ਬਰਛੀ ਘਾਉ ਕਲੇਜੇ ਕਾਰੀ
ਸੂਲਾਂ ਉਮਰ ਵੰਞਾਈ ਸਾਰੀ, ਸਾਈਆਂ ਮੇਲ ਕਦੀ ਹਿਕ ਵਾਰੀ
ਕਦਹੀ ਦੇਖ ਅਸਾਡੀ ਬਾਰੀ, ਰੋਵਾਂ ਛਬ ਛਬ ।



Sri Satguru Jagjit Singh Ji eLibrary NamdhariElibrary@gmail.com

ਛਬ ਛਬ ਕਰਿ ਦੂਰ ਵਿਛੋੜਾ ਸਾਈਂ, ਮੈਨੂੰ ਮੇਲਿ ਕਦਾਹੀ ਸਾਂਈ
ਨਹੀ ਤਾਂ ਸਿਕਦੀ ਮਰਿ ਵੈਸਾਈਂ, ਫੋਲੀ ਫੇਰਿ ਨ ਕਦੀ ਰੁਸਾਈਂ
ਰਾਤੀ ਦਿਹਾਂ ਕਰੀ ਸਬਾਹੀ, ਸਉ ਸਉ ਲਖ ਹਜ਼ਾਰ ਦੁਆਈਂ
ਮੇਲੀ ਝਬਿ ਝਬਿ ।੧੧।

ਝਬ ਝਬ ਫਿਰਿ ਚੜ੍ਹਿਆ ਮਾਹੁ ਸੁਹਾਰਾ, ਆਵਣੁ ਕੀਤਾ ਰੁਤਿ ਬਹਾਰਾ
ਵਣ ਤ੍ਰਿਣੁ ਹੋਈ ਸਾਵੇ ਸਾਰਾ, ਸਹੀਓ ! ਮਿਲਦਾ ਢੋਲ ਪਿਆਰਾ
ਧਉਂ ਧਉਂ ਕੀਤਾ ਸੁਖ ਨਗਾਰਾ, ਪਕੜੀ ਨਸਦਾ ਦੁਖ ਕਰਾਰਾ
ਡਰਦਾ ਰਾਤਿ ਰਾਤਿ ।

ਰਾਤਿ ਰਾਤਿ ਘਰਿ ਜਾਨੀ ਮੈਂਡਾ ਆਵੇ, ਮਥਾ ਜਿਉ ਮਹਿਤਾਬੁ ਦਿਖਾਵੈ
ਤਾਰਾਂ ਨਾਲ. ਚਚੰਗਲਿ ਲਾਵੈ, ਹਾਸੇ ਸ਼ਕਰ ਸੀਰ ਰਲਾਵੈ
ਚਾਲੇ ਗਈਅਰੁ ਚਾਲ ਚਲਾਵੈ, ਗਲੇ ਮੋਤੀ ਫੁਲ ਚੁਆਵੈ
ਖ਼ੂਬਾਂ ਮਾਤ ਮਾਤ ।

ਮਾਤ ਮਾਤ ਕੋ ਨਾਹੀ ਵਿਚ ਜਹਾਨੇ, ਅੰਦਰਿ ਦਿਲੀ ਤੇ ਮੁਲਤਾਨੇ
ਕਾਬਲ ਬਲਖਾ ਤੇ ਖੁਰਸਾਨੇ, ਰੂਮ ਸਾਮਾ ਤੇ ਲਗਮਾਨੇ ।
ਨਾ ਵਿਚਿ ਸਹਰਾ ਤੇ ਬੁਸਤਾਨੇ, ਨਹੀ ਫਿਰਸ਼ਤਾ ਵਿਚਿ ਅਸਮਾਨੇ
ਉਤਮਿ ਜਾਤਿ ਜਾਤਿ ।

ਜਾਤਿ ਜਾਤਿ ਫਿਰਿ ਚੜ੍ਹਿਆ ਫਗਣੁ ਘੋਲੀ, ਮਿਲਿਆ ਆਏ ਪਿਆਰਾ ਢੋਲੀ
ਸੂਰਜੁ ਚੰਦੁ ਪਾਇਆ ਵਿਚ ਝੋਲੀ, ਕੇਸਰਿ ਮਹਿੰਦੀ ਸੇਰੇ ਤੋਲੀ
ਖੇਡਾਂ ਨਾਲਿ ਪਿਆਰੇ ਹੋਲੀ, ਕੰਘੀ ਕਾਲੇ ਕੇਸੇ ਜੋਲੀ
ਚੰਦਨੁ ਤੇਲੁ ਤੇਲੁ ।

ਤੇਲੁ ਤੇਲੁ ਲਾਇ ਚੰਦਨ ਧੜੀ ਗੁੰਦਾਈ, ਸੂਹੇ ਸਾਵੇ ਰੰਗਿ ਲਵਾਈ
ਗਹਿਣੇ ਬਹੁਤੇ ਗਣਤਰ ਨਾਹੀ, ਸੁਖ ਸ਼ਰੀਣੀ ਲੱਖ ਵੰਡਾਈ
ਵਜਨਿ ਤੁਰੀਆਂ ਤੇ ਸਰਨਾਈ, ਗਾਵਨਿ ਸਹੀਆਂ ਕੋਲਿ ਬਹਾਈ
ਦੇਵਾਂ ਵੇਲਿ ਵੇਲਿ ।

ਵੇਲਿ ਵੇਲਿ ਕਹੁ ਸ਼ਾਹ ਮੁਰਾਦ ਦੁਆਈਂ, ਬੁਰਿਆਂ ਭਲਿਆਂ ਲੋਕਾਂ ਤਾਈਂ
ਰਾਤੀ ਦਿਹਾਂ ਚਿਤਾਰੀ ਸਾਂਈ, ਸਾਂਈ ਬਾਝੁ ਹੋਰ ਕੁਛੁ ਨਾਹੀਂ
ਏਹਾ ਸ਼ਗਨ ਦਿਲੇ ਵਿਚਿ ਪਾਈ, ਦੁਨੀਆਂ ਧੰਧਾਂ ਭਠਿ ਛੁੜਕਾਈ
ਆਪੇ ਅਪਣਾ ਆਪੁ ਮਿਲਾਈ, ਵਿਛੁੜੀ ਮੇਲਿ ਮੇਲਿ ।੧੩।੧।



Sri Satguru Jagjit Singh Ji eLibrary NamdhariElibrary@gmail.com

## ੧੧. ਬਾਰਾਂਮਾਹ ਬਰਖ਼ੁਰਦਾਰ ਕਾ

ਜਬ ਚੜੇ ਚੇਤ੍ਰ ਮੈਂ ਮੰਤ, ਕਿ ਚੇਤ੍ਰ ਅਜਬ ਸੁਹਾਵਾ ਚੰਤਿ
ਬਣ ਤਿਣ ਫੂਲੇ ਫੂਲ ਬਸੰਤ, ਨਿਤ ਉਠ ਕਰੇ ਚਲਾਣਾ ਕੰਤ
ਨਾ ਦੇਂਦਾ ਭੇਤ ਨਾ ਦੇਂਦਾ ਅੰਤ, ਦਿਲਾਂ ਦਿਆ ਜਾਨੀਆ!
ਅਵੇ ਮੈਂ ਕਾਮਣ ਸਦ ਮਤਵਾਲੀ, ਮਾਇ ਜੋਬਨ ਨਾਗਣ ਕਾਲੀ
ਨਿਤ ਉਠ ਦਰ ਤੇ ਬਿਰਹੋਂ ਸਵਾਲੀ, ਜਦ ਕਦ ਮਰਸਾਂ ਹੋਇ ਬੁਰਹਾਲੀ
ਸਿਰ ਪਰ ਕੜਕੇ ਇਸ਼ਕ ਜਵਾਲੀ, ਹੁਣ ਬਿਸ ਖਾਨੀਆ।
ਅਵੇ! ਤੂੰ ਆਖ ਵਿਖਾ ਕਿਉਂ ਜਾਨਾ, ਮੇਰਾ ਪੇਸ਼ ਤੇਰੇ ਜੀਉ ਜਾਮਾ
ਜੋਬਨ ਘਤਦਾ ਧੂਮਾਂ-ਧਾਮਾਂ, ਬਿਰਹੋਂ ਬੰਦੂਕ ਚਲਾਈ ਤਨ ਸਿਆਮਾ
ਜਾਂਦੀ ਭੰਨ ਕਲੇਜਾ ਰਾਮਾ, ਸੁਧ ਬਿਸਰਾਨੀਆ।
ਬਰਖੁਰਦਾਰ ਪਿਆ ਦੁਖ ਸਾਨੂੰ, ਰੋ ਰੋ ਬਿਰਥਾ ਕਹਾਂ ਤੁਸਾਨੂੰ
ਛਡ ਕੇ ਚਲਿਆ ਭੌਰ ਫੁਲਾਂ ਨੂੰ, ਬਿਛੋੜਾ ਪਿਆ ਜੋ ਦੋਹਾਂ ਧਿਰਾਂ ਨੂੰ
ਅਉਂਸੀ ਪਾਨੀਆਂ।੧

ਜਬ ਚੜ੍ਹਿਆ ਮਾਹ ਵੈਸਾਖ, ਮਿਲਣ ਕੀ ਆਸ, ਪੱਕੀ ਘਰ ਦਾਖ
ਨ ਚਲਿਓ ਰਾਖ ਰਹੀ ਮੈਂ ਰਾਖ, ਨਸੀਹਤ ਕਰਾਂ ਲਾਖ ਤੇ ਲਾਖ
ਕੂਕੇਂਦੀ ਸਿਆਮ ਜੀ।
ਜਬ ਬਣ ਤਿਣ ਫੂਲੇ ਫੂਲ, ਮੇਰੇ ਤਨ ਲਗੀ ਬਿਰਹੋਂ ਦੀ ਸੂਲ
ਬਦਨ ਰੰਜੂਲ ਅਕਲ ਗਈ ਭੂਲ, ਨ ਰਹਿੰਦੇ ਮੂਲ ਚਲੇ ਭਗਵਾਨ ਜੀ।
ਮੇਰੇ ਸਿਕਦੇ ਨੈਣ ਮਲੂਕ, ਮਹਿਲ ਵਿਚ ਕੂਕ, ਨਾ ਨੈਣੀ ਨੀਂਦ
ਨਾ ਤਨ ਵਿਚ ਦੁਖ, ਮੇਰਾ ਤਨ ਦੀਆ ਬਿਰਹੋਂ ਨੇ ਫੂਕ, ਕਬਹੂੰ ਨ ਅਰਾਮ ਜੀ।
ਬਰਖੁਰਦਾਰ ਚਲੇ ਅਜ ਸਿਆਮ, ਰਾਧਾ ਰਹੀ ਅਕੇਲੀ ਧਾਮ
ਅਸਾਨੂੰ ਮਹੁਰਾ ਪਾਣੀ ਤਾਮ, ਸਾਡੀ ਨੈਣੀ ਨੀਂਦ ਹਰਾਮ
ਜ਼ਾਲਮ ਕੀਤੀ ਬਿਰਹੋਂ ਤਮਾਮ, ਚਲੇ ਆ ਸ਼ਾਮ ਜੀ।੨।
ਜਬ ਚੜ੍ਹਿਆ ਜੇਠ ਪਰ ਭਾਇ, ਲੱਗੀ ਪ੍ਰੇਮ ਭੜਕਦੀ ਭਾਹ
ਆਤਸ਼ ਗਈ ਤਨੇ ਨੂੰ ਖਾਇ, ਅਰੀ ਮੈਂ ਮੂਈ ਸੋ ਮੇਰੀ ਮਾਇ



Sri Satguru Jagjit Singh Ji eLibrary NamdhariElibrary@gmail.com

ਕਰਾਂ ਹਾਇ ਹਾਇ, ਅਕੇਲੀ ਮੈਂ ਰਹੀ।
ਜਬ ਇਸ਼ਕ ਬੈਠਾ ਘਟ ਮੱਲ, ਅੰਦਰ ਮਹਿਲ ਪਾਇਆ ਤਰਥੱਲੁ
ਬਰਛੀ ਗਈ ਤਨੇ ਨੂੰ ਸੱਲ, ਸਿਆਮ ਦੀ ਨਿਤ ਅਵੇਹੀ ਗੱਲ
ਮੇਰੇ ਮਨ ਬਸ ਰਹੀ।

ਅਵੇ ਮੈਂ ਕਾਮਨ ਬਿਰਹਾ ਘੇਰੀ, ਬਿਰਹਾ ਪਾਵੇ ਭੰਡ ਚੌਫੇਰੀ
ਡਰ ਡਰ ਉਠਾਂ ਰਾਤ ਅੰਧੇਰੀ, ਨਿਕਲ ਜਾਂਦੀ ਜਾਨ ਨ ਮੇਰੀ
ਦੇਂਦੀ ਸਾਈਆਂ ਮਨਸਾ ਤੇਰੀ, ਜੇ ਮੁੜ ਸਿਆਮ ਕਰੇ ਇਕ ਫੇਰੀ
ਮੈਂ ਪਛੁਤਾਂਦੀ ਫਿਰ ਬਹੁਤੇਰੀ, ਨਾਲੋਂ ਕਿਉਂ ਰਹੀ।
ਬਰਖ਼ੁਰਦਾਰ ਬਿਓਗ ਹਮੇਸ਼, ਮੇਰੇ ਗਲ ਵਿਚ ਖੁਲ੍ਹੜੇ ਕੇਸ
ਰੋਂਦੀ ਫਿਰਦੀ ਮੈਲੇ ਭੇਸ, ਪ੍ਰੀਤਮ ਛੋਡ ਗਏ ਪਰਦੇਸ
ਕਿਸਨੂੰ ਕਹਾਂ ਦਿਖਾਵਾਂ ਭੇਸ, ਹੈ! ਹੈ! ਮਰ ਰਹੀ।੩।
ਜਬ ਹਾੜ੍ਹ ਜੁ ਆਤਸ਼ ਭੱਖੇ, ਵੇ ਘਰ ਅੰਬ ਤੁਸਾਡੇ ਪੱਕੇ
ਸੁੰਨਾ ਲੋਕ ਉਨ੍ਹਾਂ ਵੱਲ ਤੱਕੇ, ਦੇ ਦੇ ਰਹੀ ਬਹੁਤੇਰੇ ਧੱਕੇ
ਵੇ ਮੈਂ ਰਾਖੀ ਹੋਇ ਕਰ ਰੱਖੇ, ਹੁਣ ਨਹੀਂ ਰਹਿਸਣ ਜਾਸਣ ਚੱਖੇ
ਫਿਰ ਪਛੁਤਾਹਿੰਗਾ ?
ਅਵੇ ਮੈਂ ਜੋਬਨ ਬਹੁਤ ਕੰਗਾਈ, ਕਬ ਲਗ ਰੱਖਾਂ ਅੰਬ ਛੁਪਾਈ
ਪੀਛੇ ਲਾਗੀ ਬਹੁਤ ਲੁਕਾਈ: ਦੇਣ ਰਸਾਲਾ ਭੋਜਨ ਖਾਈ
ਅਵੇ ਮੁੜ ਆਵੀਂ ਡਾਇਣ ਖਾਈ, ਪਉਸੀ ਆਹ ਅਸਾਡੀ ਕਾਈ
ਵੇ ਮਰ ਜਾਹਿੰਗਾ।

ਤੂੰ ਤਾਂ ਸੁਣਿਆ ਠੱਗ ਚਰੋਕਾ, ਸੁਣਿਓ ਦੇਸ ਮਹਾਜਨ ਲੋਕਾ!
ਸਾਨੂੰ ਨਿਤ ਸਿਆਮ ਦਾ ਧੋਖਾ, ਸੂਲਾ ਬਿਰਹਾ ਅੰਦਰ ਰੋਕਾ
ਦਰ ਦਰ ਦਿਆਂ ਇਸ਼ਕ ਦਾ ਹੋਕਾ, ਵੇ ਘਰ ਆਵੀਂ ਪ੍ਰੀਤ ਚਿਰੋਕਾ
ਕਮਲਿਆ! ਖਾਣਾ ਖਾਹ ਅਜੋਕਾ, ਫਿਰ ਕਿਆ ਖਾਹਿੰਗਾ।
ਬਰਖ਼ੁਰਦਾਰ ਹਮੇਸ਼ ਬਿਓਗ, ਜਿਨ੍ਹਾਂ ਘਰ ਕੰਤ ਸੋ ਮਾਣੈ ਭੋਗ
ਮੇਰੇ ਤਨ ਨਿਤ ਸ਼ਿਆਮ ਦਾ ਰੋਗ, ਗਿਆ ਤਨ ਲਾਏ ਰੂਮੀਆ ਰੋਗ
ਪਇਆ ਭਾਇ ਅਸਾਡੇ ਜੋਗ, ਧਨੀ ਸੁ ਪਾਹਿੰਗਾ।੪।
ਸਖੀ ਰੀ! ਸਾਵਣ ਕੀ ਰੁਤ ਆਈ, ਘਨੀਅਰ ਘੋਰ ਬੱਦਲਾਂ ਲਾਈ
ਸੁੰਞੀ ਸੇਜ ਨੀਂਦ ਨਾ ਆਈ, ਸਾਨੂੰ ਬਿਜਲੀ ਚਮਕ ਡਰਾਈ
ਕਾਮਨਿ ਭਰਦੀ ਉਭੇ ਸਾਹੀਂ, ਲੈਂਦੀ ਹਾਹੁਕੇ।
ਮੇਰੇ ਮਨ ਵਿਚ ਰੀਸਾਂ ਆਵਨ, ਸਖੀਆਂ ਲੰਮੀ ਚੀਘੀਂ ਪਾਵਨ
ਮੌਲੀ ਮਹਿੰਦੀ ਕਾਜਲ ਪਾਵਨ, ਉਚੇ ਪਿਪਲ ਪੀਂਘਾਂ ਪਾਵਨ
ਸਖੀਆਂ ਝੂਟਣ ਗਹਿਣੇ ਪਾਇ ਕੇ।



Sri Satguru Jagjit Singh Ji eLibrary NamdhariElibrary@gmail.com

ਅਵੇ ਮੈਂ ਹਾਲੋਂ ਭਈ ਬੇਹਾਲ, ਮੇਰੇ ਗਲ ਵਿਚ ਖੁਲ੍ਹੜੇ ਵਾਲ
ਵਾਲੀਂ ਲੱਗਾ ਬਹੁਤ ਜੰਗਾਲ, ਪ੍ਰਭ ਜੀ ਮੂਲ ਨਾ ਗਈਆ ਨਾਲ
ਰਹੀ ਕੁਰਲਾਇਕੇ ।

ਬਰਖ਼ੁਰਦਾਰ ਕਿਤੇ ਵੱਲ ਜਾਈਂ, ਸਾਨੂੰ ਥਾਉਂ ਕਿਥਾਈਓਂ ਨਾਹੀਂ
ਸਾਡੀਆਂ ਪਉਣ ਸਿਆਮ ਨੂੰ ਆਹੀਂ, ਸ਼ਾਲਾ ਲੱਗਣ ਬਦ-ਦੁਆਈਂ
ਕਿਥੈ ਮਰੈ ਖਪੈ ਉਥਾਈਂ, ਮਿਲੇ ਨਾ ਆਇਕੇ । ੪ ।

ਭਰ ਭਾਦੋਂ ਦਿਨ ਗਰਮ, ਜੀਵਨ ਝੂਠ ਅਕਾਰਥ ਜਨਮ,
ਕਲੇਜੇ ਨਿਤ ਸਿਆਮ ਦਰ ਵਰਮ, ਦਾਮਨਗੀਰ ਅਸਾਨੂੰ ਸ਼ਰਮ,
ਮਰਾਂ ਕੁਛ ਖਾਹਿ ਲਗੇ ਤਨ ਭਰਮ, ਨਾ ਜੀਵਾਂ ਕੋ ਘੜੀ ।
ਅਵੇ ਮੈਂ ਹਾਲੋਂ ਭਈ ਬਿਤਾਬ, ਇਸ਼ਕ ਦੀਆਂ ਫੌਜਾਂ ਚੜ੍ਹੇ ਨਵਾਬ,
ਪ੍ਰਭ ਥੋਂ ਦੂਰ ਨਾ ਰਹੀਆ ਆਬ, ਕੀਤੀ ਹਾਂ ਇਸ਼ਕ ਨੇ ਮਾਰ ਖ਼ਰਾਬ,
ਅਵੇ ਮੈਂ ਜਲ ਕੇ ਭਈ ਕਬਾਬ, ਕਿ ਸੂਲਾਂ ਮੂੰਹ ਧਰੀ ।

ਅਵੇ ਮੈਂ ਕਿਉਂਕਰ ਰਹਾਂ ਅਕੇਲੀ, ਅੱਜ ਬਿਨ ਸਾਜਨ ਖਰੀ ਦੁਹੇਲੀ
ਕੰਤ ਦੇ ਬਾਝੋਂ ਸੇਜ ਅਕੇਲੀ, ਸੁੰਞੇ ਦਿਸਦੇ ਮਹਿਲ ਹਵੇਲੀ
ਸਾਨੂੰ ਨਜ਼ਰ ਨਾ ਆਵੇ ਬੇਲੀ, ਰੋਵਾਂ ਦਰ ਖੜੀ ।
ਬਰਖੁਰਦਾਰ ਯਾਰ ਸਮਝਾਇ, ਵਿਛੋੜਿਆ ਆਣ ਤੱਤੀ ਦੇ ਭਾਇ
ਪਿਆਰੇ ਆਵਣ ਦੀ ਕਰ ਕਾਇ, ਪੀਅ ਤੁਧ ਬਿਨ ਰਹਿਆ ਨਾ ਜਾਇ
ਪ੍ਰਭ ਜੀਉ ਦਿਓ ਦਿਲਾਸਾ ਆਇ, ਕਿ ਤਾਕਤ ਸੌਂ ਗਈ ।੬।

ਅਸੂ ਮਿਲੇ ਨਾ ਸਾਡਾ ਕੌਂਤ, ਗਿਆ ਤਕ ਰੰਗ ਅਸਾਡਾ ਸ਼ੌਕ
ਤਾਕਤ ਜ਼ੋਰ ਨਾ ਰਹੀਆ ਚੌਂਪ, ਸਾਨੂੰ ਗਿਆ ਸੂਲਾਂ ਨੂੰ ਸੌਂਪ
ਸਾਡੇ ਮਨ ਵਿਚ ਆਵੇ ਕਛੂ ਇਹ ਬਾਤ ਅਧਰਮ ਦੀ ।
ਜਬ ਲੱਗੀ ਇਸ਼ਕ ਦੀ ਕਾਤੀ, ਧੋਤੇ ਵਾਲ ਨਾ ਮਲ ਮਲ ਨ੍ਹਾਤੀ
ਨਿਤ ਉਠ ਝਰੋਕੇ ਪਾਵਾਂ ਝਾਤੀ, ਜੇ ਰੱਬ ਆਣ ਮਿਲਾਵੇ ਸਾਥੀ
ਜਲਦੀ ਰੰਗ ਚਰਾਗ਼ੇ ਬਾਤੀ, ਤੱਤੀ ਕਰਮ ਦੀ ।

ਅਵੇ ਮੈਂ ਨਿਜ ਤਕੇਂਦੀ ਕੱਤਾਂ, ਰੋ ਰੋ ਤਰਸਣ ਨੈਣ ਪਲੱਟਾਂ
ਟੁਟਣ ਤਕਲੇ ਭੱਜਣ ਲੱਠਾਂ, ਸਾਨੂੰ ਸਈਆਂ ਦੇਵਣ ਮੱਤਾਂ
ਬੈਠੀ ਲਾਜ ਤੁਹਾਡੀ ਰੱਖਾਂ, ਮਾਰੀ ਸ਼ਰਮ ਦੀ ।
ਬਰਖ਼ੁਰਦਾਰ ਯਾਰ ਕਿਆ ਕੀਤਾ, ਝੂਠੀ ਪ੍ਰੀਤ ਮੁਨਾਫਕ ਮੀਤਾ
ਘਰ ਤੇ ਛੋੜ ਗਿਆ ਚੁਪ ਕੀਤਾ, ਕਾਮਣਿ ਜ਼ਹਿਰ ਪਿਆਲਾ ਪੀਤਾ
ਸਿਆਮਾ ਕਹਿਰ ਅਵੇਹਾ ਕੀਤਾ, ਅਵੇ ਡੁਬ ਮਰਸਾਂ ਮਾਰੀ ਭਰਮ ਦੀ ।੭।
ਜਬ ਕੱਤਕ ਜਾਗੇ ਪਾਲੇ, ਵਾਂਢੀ ਕਿਚਰਕੁ ਬੈਠੀ ਜਾਲੇ



Sri Satguru Jagjit Singh Ji eLibrary NamdhariElibrary@gmail.com

ਖਾਤਰ ਤੇਰੀ ਬਣ ਤ੍ਰਿਣ ਭਾਲੇ, ਸਾਡੇ ਪੈਰੀਂ ਪੁਰ ਪੁਰ ਛਾਲੇ
ਦਿਸਦੇ ਕੋਠੇ ਪਰਬਤ ਕਾਲੇ, ਲੈਂਦੀ ਤੇਰੇ ਬਹੁਤ ਸਮ੍ਹਾਲੇ, ਪੂਜਾਂ ਠਾਕਰਾਂ।
ਅਵੇ ਮੈਂ ਬੈਠੀ ਵਿਚ ਮਹੱਲਾਂ, ਸਿਰ ਪੁਰ ਮਾਰ ਇਸ਼ਕ ਦੀ ਝੱਲਾਂ
ਰੋ ਰੋ ਲਿਖਾਂ ਕਿਤਾਬਤ ਘੱਲਾਂ, ਕਿਸਨੂੰ ਪਾਸ ਤੁਸਾਡੇ ਘੱਲਾਂ
ਦੇਵੇ ਬੈਠ ਤੁਸਾਨੂੰ ਗੱਲਾਂ, ਕਿਹੜੇ ਕਾਸਦਾਂ।
ਮੈਨੂੰ ਉਠਣ ਬਹਿਣ ਨਾ ਸੁਝੇ, ਬਲ ਬਲ ਫਾਂਡਿ ਦਿਲੇ ਵਿਚ ਬੁਝੇ
ਰੋਜ਼ ਕਬਾਬ ਇਸ਼ਕ ਦਾ ਭੁੱਜੇ, ਸਾਨੂੰ ਜਾਨ ਤੁਸਾਡੀ ਲੁਝੇ
ਪਿਆਰੇ ਆਵਣ ਦੀ ਕਰ ਕੁਝੇ, ਰੱਬਾ ਆਵਣ ਘਰ ਪ੍ਰਦੇਸੀ ਮਿਲਾਂ ਮੁਸਾਫਰਾਂ।
ਬਰਖ਼ੁਰਦਾਰ ਨਾ ਭਾਵੇ ਭੋਜਨ, ਕਾਮਨਿ ਬਿਰਹੋਂ ਕੀਤੀ ਅਤਿ ਰੋਗਨ
ਨਿਤ ਉਠ ਰੋਂਦੀ ਦਰਦ ਵਿਜੋਗਨ, ਮਲਾਂ ਵਿਭੂਤ ਕਿ ਹੋਵਾਂ ਜੋਗਨ
ਕਮਲਾ ਯਾਰ ਨਾ ਮਾਨੇ ਕੋ ਗੁਣ, ਸਾਡੇ ਸਿਰ ਪਰ ਗਜਦਾ ਜੋਬਨ
ਨਾ ਘੱਤਦਾ ਪਾਖਰਾਂ। ੮।

ਮੱਘਰ ਕਰੇ ਬੜ ਤੰਗ, ਲਗਾ ਤਨ ਸੀਤ ਕਿ ਠਰਿਆ ਅੰਗ
ਸਿਆਮ ਸਭ ਸਉਣ ਪੀਆ ਕੇ ਸੰਗ, ਮੇਰੇ ਮਨ ਲੱਗੀ ਤੀਰ ਤੁਫੰਗ
ਮੇਰਾ ਰੰਗ ਭਇਆ ਬਦਰੰਗ, ਹਮੇਸ਼ਾ ਨਾਲ ਇਸ਼ਕ ਦੇ ਜੰਗ
ਕਿ ਕਰਦੇ ਖ਼ੂਨੀ ਨੈਣ ਨਿਸੰਗ, ਮੇਰਾ ਤਨ ਪੱਛਿਆ।
ਅਵੇ ਮੈਂ ਰੋਂਦੀ ਦਿਲਬਰ ਮਾਂਦੀ, ਮੈਂ ਦਰ ਸਾਹਿਬ ਦੇ ਫਰਿਆਦੀ
ਕਰਦਾ ਇਸ਼ਕ ਅਸਾਂ ਪਰਤਾਂਦੀ, ਜਾਣੇ ਪੀੜ ਬਲਾਇ ਅਸਾਡੀ
ਬਿਰਹਾ ਹੁੰਦਾ ਕੌਣ ਬਿਆਧੀ, ਅਵੇ ਮੈਂ ਕਾਲੇ ਬਿਸੀਅਰ ਖਾਧੀ
ਮੇਰਾ ਜੀਉ ਡੱਸਿਆ।

ਸਿਰ ਪਰ ਰੋਜ਼ ਇਸ਼ਕ ਦੀ ਤੇਗ, ਕ੍ਰਿਸ਼ਨ ਕਰ ਕ੍ਰਿਪਾ ਅਸਾਂ ਵੱਲ ਵੇਖ
ਸਿਆਮ ਦੇ ਦੇਖਣ ਕਾਰਣ ਲੇਖ, ਪੁਛਾਂ ਮੁਲਾਂ ਪੰਡਤ ਸ਼ੇਖ
ਕਰਦੀ ਵਾਂਗ ਤਪੱਸਿਆ ਭੇਖ, ਕਰਾਂ ਤਪਸਿਆ।
ਬਰਖੁਰਦਾਰ ਯਾਰ ਨੌਂ ਰੋਜ਼ਾਂ, ਚਲਤੀ ਬਾਰ ਕਰੇ ਦਿਲ ਸੋਜ਼ਾਂ
ਲਿਖਾਂ ਕਿਤਾਬਤ ਕੈ ਹੱਥ ਭੇਜਾਂ, ਪਲ ਪਲ ਕਰੇ ਜੁਆਨੀ ਖੋਜ਼ਾਂ
ਬਿਰਹੇ ਸਾਂਗ ਲਾਈ ਕਰੇਜਾ, ਤਨ ਮਨ ਖੱਸਿਆ।੯।
ਜਬ ਚੜ੍ਹਿਆ ਪੋਹ ਲਰਜ਼ੰਤ, ਕਿ ਜਾੜੇ ਕਰ ਰਹੇ ਬਰਫ ਪਰ ਜੰਮ
ਸਾਨੂੰ ਨਿੱਜ ਜਣੇਂਦੀ ਅੰਮ, ਉਠਣ ਬਹਿਣ ਨਾ ਭਾਵੇ ਕੰਮ
ਦਿਲ ਵਿਚ ਸ੍ਰਿਕਨ ਸੂਲਾਂ ਜੰਮ, ਰੋਂਦੀ ਹਾਂ ਲਾਇ ਗਲੇ ਵਿਚ ਥੰਮ
ਨਾ ਸੇਜੇ ਸਉਂਨੀਆਂ।
ਮੇਰਾ ਜੀਵਨ ਝੂਠ ਕਿ ਮਰਨਾ ਸਚ, ਮੇਰੀਆਂ ਪਸਲੀਆਂ ਧਨ ਕੱਚ
ਮਨ ਬਿਰਹੋਂ ਕਢੇ ਨ ਰਛ, ਜਿਉਂ ਜਲ ਬਾਝੋਂ ਤੜਫੇ ਮਛ,



Sri Satguru Jagjit Singh Ji eLibrary NamdhariElibrary@gmail.com

ਨਿਕਲ ਜਾਂਦੀ ਜਾਨ ਨ ਸੱਚ, ਘੁੰਮਰ ਵਿਚ ਪਾਨੀਆਂ।
ਜਾਨੀ ਆਵੇ ਨਾਹੀਂ ਪਾਸ, ਕਾਮਣ ਭਰਦੀ ਉਭੇ ਸਾਸ
ਰੋਂਦੀ ਫਿਰਦੀ ਚਿਤ ਉਦਾਸ, ਰਤੀ ਰਤ ਨਾ ਮਾਸਾ ਮਾਸ
ਨਿਕਲ ਜਾਨ ਨ ਮੇਰੇ ਸਾਸ, ਚੁਕ ਨਾ ਜਾਨੀ ਮੇਰੀ ਆਸ, ਲਹੂਏ ਰੋਨੀਆਂ।
ਬਰਖੁਰਦਾਰ ਕਦੋਂ ਪੀਘਾਂ ਪਾਵਣ, ਚੌਂਕਾ ਪੂਜਾ ਗੁਰ ਦਰ ਕਾਮਨ
ਨਿਤ ਉਠ ਨਿਉਂਦ ਖੁਲਾਵਾਂ ਬਾਮ੍ਹਣ, ਸਤਿਗੁਰ ਨਾਹਿ ਅਸਾਡਾ ਜਾਮਨ
ਵੇਖਾਂ ਪਕੜਾਂ ਤੇਰਾ ਦਾਮਨ, ਕਮਲੀ ਹੋਨੀਆਂ। ੧੦।
ਜਬ ਚੜ੍ਹੇ ਮਾਘ ਦਿਨ ਸਰਦ, ਪੀਆ ਬਿਨ ਰਹੇ ਅਕੇਲੀ ਫਰਦ
ਕਿ ਸੁਰਖੀ ਗਈ ਭਇਆ ਤਨ ਜ਼ਰਦ, ਕਲੇਜੇ ਲਗੀ ਜ਼ਹਿਰ ਦੀ ਕਰਦ
ਕਿ ਸਾਨੂੰ ਸਿਆਮ ਦਰਦ ਬੇਦਰਦ, ਕੀਤੀ ਹਾਂ ਮਾਰ ਇਸ਼ਕ ਨੇ ਗਰਦ
ਕਿ ਜਾਣਾਂ ਪਾਸਾ ਢਲੇ ਕਿ ਨਰਦ, ਖੜੀ ਪੁਕਾਰਦੀ।
ਸਿਰ ਤੇ ਬਦਲ ਰੂਪ ਗਟੱਜਣ, ਸਿਕਦੇ ਨੈਣ ਘਰ ਆਵਣ ਸੱਜਣ
ਭਰਕੇ ਅੰਗ ਮਿਲਣਗੇ ਸੁਰਜਣ, ਦੇ ਸ਼ਗਨ ਸਿਆਮ ਗਲ ਲੱਗਣ
ਕਾਗ ਉਡਾਂਵਦੀ।
ਪਿਆਰੇ ਆ ਕੇ ਮਿਲਸਨ ਆਜ, ਪੜੀ ਵਿਚਾਰਨਿਕਾਸ ਅਵਾਜ਼
ਪਿਆਰੇ ਆਵਣ ਮੁਝ ਕੁ ਯਾਦ, ਰਹੇ ਮਤ ਲਾਜ ਜੋ ਹੁੰਦੇ ਕਾਜ
ਕਰਾਂ ਮੈਂ ਰਾਜ ਕਿ ਸ਼ਗਨ ਵਿਚਾਰਦੀ।
ਬਰਖ਼ੁਰਦਾਰ ਇਹ ਕੌਣ ਹੈ ਹਾਸਾ, ਦੁਨੀਆ ਵੇਖਣਹਾਰ ਤਮਾਸ਼ਾ
ਪੁਛੇ ਨਾਹੀ ਮੇਰੀ ਆਸਾ, ਮੇਰੇ ਤਨ ਰੱਤੀ ਮਾਸ ਨਾ ਮਾਸਾ
ਲਾਵਾਂ ਤੇਲ ਨ ਪਹਿਰਾਂ ਖਾਸਾ, ਕਾਮਣ ਤੈਂਡਾ ਜੀਉ ਪਿਆਸਾ
ਖਾਤਰ ਯਾਰ ਦੀ।੧੧।
ਜਬ ਚੜ੍ਹਿਆ ਮਹੀਨਾ ਫਾਗਣ, ਮਿਲਿਆ ਕੰਤ ਆਏ ਘਰ ਸਾਜਣ
ਲਾਗੇ ਦੁਖ ਦਰਦ ਸਭ ਭਾਗਣ, ਲਗੇ ਕਰਮ ਅਸਾਡੇ ਜਾਗਣ
ਬਿੰਦਲੀ ਮਾਂਗ ਟੀਕ ਝੜ ਲਾਗਣ, ਬਣ ਰਹੀ ਕਾਮਨੀ।
ਜ਼ੇਵਰ ਪਹਿਰੇ ਖਰੇ ਅਮੋਲ, ਘੁੰਘਰਾਂ ਨੇ ਲਾਈ ਘਨਘੋਰ
ਬਾਜਨ ਤੂਰ ਪਖਾਵਜ ਜੋਰ, ਲਟਕਦੀ ਡੋਰੀ ਕੂਹਕਦੇ ਮੋਰ, ਚਮਕਦੀ ਦਾਮਨੀ।
ਰਬ ਨੇ ਆਣ ਮਿਲਾਏ ਸਾਥੀ, ਧੋਤੇ ਵਾਲ ਮਲੇ ਮਲ ਨ੍ਹਾਤੀ।
ਲਗਾ ਰੰਗ ਮੁਸ਼ਕ ਬਹੁ ਭਾਂਤੀ, ਭਿੰਨੇ ਵਾਲ ਫੁਲੇਰੇ ਛਾਤੀ
ਕਾਮਨਿ ਮਸਤ ਬਦਨ ਦਿਲ ਮਾਤੀ, ਆਇ ਖੜੀ ਸਾਹਮਣੇ।
ਬਰਖ਼ੁਰਦਾਰ ਪੀਆ ਅਜ ਪਾਇ, ਦੇਖਿਆ ਸਿਆਮ ਨੇ ਮਨ ਚਿਤ ਲਾਇ
ਕਾਮਣਿ ਲਈ ਪੀਆ ਗਲ ਲਾਇ, ਰਹੀ ਲੀਲਾਇ
ਕਿ ਮਨ ਪਰਚਾਇ ਕਿ ਸੇਜੁ ਸੁਹਾਵਣੀ।੧੨।



Sri Satguru Jagjit Singh Ji eLibrary NamdhariElibrary@gmail.com

## ੧੨. ਬਾਰਾਂਮਾਹ ਕੇਸੋ ਗੁਣੀ ਦਾ

ਦੋਹਰਾ–ਚੇਤ੍ਰ ਚਲਿਓ ਜਬ ਸ਼ਾਮ ਜੀ, ਰਾਧੇ ਭਈ ਬਿਹਾਲ
ਚਰਨ ਬੰਦਨਾ ਬੇਨਤੀ, ਕਿਉ ਜਾਂਦੇ ਨੰਦ ਲਾਲ । ੧ ।

ਛੰਦ–ਕ੍ਰਿਸ਼ਨ ਜੀ ਚੜ੍ਹੇ ਕਿ ਚੇਤ੍ਰ ਚੜ੍ਹੇ, ਕਿ ਰਾਧੇ ਵਾਗ ਕ੍ਰਿਸ਼ਨ ਦੀ ਫੜੇ
ਕਿ ਬਿੰਦ੍ਰਾਬਨ ਛਡਿ ਤੁਰਦੇ ਬੜੇ, ਕਿ ਕਿਤਨੇ ਗੁਆਰ ਗੋਪੀਆਂ ਖੜੇ
ਕਿ ਰੋਂਦੇ ਨੈਣ ਤ੍ਰਿਮਕਦੇ ਬੜੇ, ਕਿ ਸਰਪਰ ਬਿਰਹੁ ਨਗਾਰੇ ਕੜੇ
ਤੁਸਾਂ ਨੀ ਕੇਹੜੀ ਗੋਪੀ ਲੜੇ, ਦਸੁ ਖਾਂ ਲਾਲ ਜੀ ।
ਤੂੰ ਆਖੁ ਹਕੀਕਤਿ ਸਾਰੀ, ਸਦਕੇ ਜਾਂਦੀ ਤੁਹਿ ਥੋਂ ਵਾਰੀ
ਮੁੜਿ ਘਰਿ ਆਵੀਂ ਕ੍ਰਿਸ਼ਨ ਮੁਰਾਰੀ, ਰਾਧੇ ਕਰਮ ਕਿਰਤ ਦੀ ਹਾਰੀ
ਬਾਕੀ ਪਈਓ ਕੇਹੜੀ ਭਾਰੀ, ਤੈਨੂੰ ਮਾਲ ਦੀ ।
ਤੂੰ ਤਾਂ ਚਲਿਓ ਮਥੁਰਾ ਸ਼ਹਰਿ, ਰਾਧਕੇ ਕਰੇ ਹਾਹੜੇ ਕਹਰਿ
ਕਿ ਮਿੰਨਤਿ ਕਰਦੀ ਚੜ੍ਹੀ ਦੁਪਹਰਿ, ਉਪਰੋਂ ਢਲਿਓ ਤੀਜਾ ਪਹਰਿ
ਸ਼ਾਮ ਬਿਨ ਮਰਾਂ ਖਾਇਕੈ ਜ਼ਹਰਿ, ਕਿ ਮੇਰੇ ਵਿਚਿ ਕਲੇਜੇ ਲਹਰਿ
ਕਿਸੇ ਜੁਆਲ ਦੀ ।
ਫੁਲ ਹਰੀ ਸੁਨਰ ਹਰਿ, ਕਿਉਂ ਵੇ ਕੇਸੋ ਕਿਵੈ ਸ਼ਾਮ ਨੂੰ ਮੋੜ
ਰਾਧੇ ਰਹੀ ਹਾਥ ਦੁਇ ਜੋੜ, ਕਿ ਮਿੰਨਤੀਂ ਕਰਦੀ ਲਾਖ ਕਰੋੜ
ਰੁਤਿ ਬਸੰਤ ਕੁਹਕਦੇ ਮੋਰ, ਬਾਗੀਂ ਪਾਉਂਦੀ ਪਾਇਲ ਜ਼ੋਰ
ਸਾਥੋਂ ਉਠਿ ਚਲੇ ਲੜਿ ਤੋੜਿ, ਰਾਧੇ ਜੋਬਨਿ ਦੇ ਘਨਘੋਰ
ਵਿਛੋੜਾ ਜਾਲਦੀ । ੧ ।

ਦੋਹਰਾ–ਵੈਸਾਖੀ ਵਸਿ ਕਿਛੁ ਨਹੀਂ, ਰਾਧੇ ਭਈ ਹੈਰਾਨ
ਮਨਿ ਝੋਰਾ ਤਨਿ ਹਾਹੁਕੇ, ਲਗੇ ਪ੍ਰੇਮ ਕੇ ਬਾਨ । ੧ ।

ਛੰਦ–ਸਾਈਆਂ ਜਬ ਚੜ੍ਹੇ ਵੈਸਾਖ, ਦਿਲ ਦੀ ਹਾਲ ਹਕੀਕਤਿ ਆਖ
ਰਾਧੇ ਰਹਿੰਦੀ ਚਿਤ ਉਦਾਸ, ਜਿਉ ਗ੍ਰਹਿ ਰੋਕੇ ਚੰਦ ਆਕਾਸ਼
ਤਿਉ ਰਾਧੇ ਦੀ ਦੇਹੀ ਸਾਥ, ਵੇ ਘਰਿ ਆਉ ਗੋਪੀਆਂ ਨਾਥ
ਸਾਨੂੰ ਲੈ ਚਲੁ ਅਪਨੇ ਸਾਥ, ਮਹਲੀਂ ਬੂਹੀਂ ਤੇਰੀ ਤਾਕ
ਮਲੇਸਣ ਜੰਦਰੇ ।



Sri Satguru Jagjit Singh Ji eLibrary NamdhariElibrary@gmail.com

ਸਭ ਸਖੀਆਂ ਜਾਣ ਵਿਸੋਏ, ਰਾਧੇ ਚੜ੍ਹਿਕੈ ਮਹਲਿ ਖਲੋਏ
ਉਭੇ ਸਾਹ ਲਏ ਬਹਿ ਰੋਏ, ਨੈਣੀਂ ਨੀਰੁ ਪਾਨ ਮੁਖ ਧੋਏ
ਬੰਸੀ ਵਾਲਾ ਮਾਲਣਿ ਮੋਹੇ, ਕੁਬਜਾ ਕਾਮਣਿ ਘਤਿ ਨਿਰੋਏ
ਰਖਦੀ ਅੰਦਰੇ ।
ਅਜੁ ਕੁਬਜਾ ਹੈ ਪਰਧਾਨੁ, ਜਿਸਦੇ ਘਰਿ ਵਸਦੇ ਭਗਵਾਨ
ਬੇਨੁ ਬਜਾਈ ਚਤੁਰ ਸੁਜਾਨ, ਰਾਧੇ ਸੁਣਦੀ ਨਿਤ ਅਵਾਨ
ਅੰਙਣੁ ਵੇੜ੍ਹਾ ਲਗਾ ਖਾਣ, ਤਾਨ੍ਹੇ ਦੇਂਦੀ ਸਖੀ ਨਿਨਾਣ
ਸਾਨੂੰ ਲਗੇ ਪ੍ਰੇਮ ਕੇ ਬਾਣ, ਕਲੇਜੇ ਸੰਜਰੇ ।
ਫੁਲ ਹਰੀ ਕਿ ਨਰ ਹਰਿ ਕਿਉ ਵੇ ਕੇਸੋ, ਜਮਨਾ ਨਦੀ ਨਿਤ ਵਗਦੀ
ਸੁਣਦੀ ਪ੍ਰਭ ਦੀ ਬੰਸੀ ਬਜਦੀ, ਬਨ ਵਿਚ ਢੂੰਢਾਂ ਬ੍ਰਿਜ ਨੂੰ ਸਦਦੀ
ਮੈਂ ਕਿਆ ਚੋਰੀ ਕੀਤੀ ਪ੍ਰਭੁ ਦੀ, ਬੈਠੀ ਰਹਿੰਦੀ ਮਾਰੀ ਲਜ ਦੀ
ਮਹਲਿ ਅਡੰਬਰੇ । ੨ ।

ਦੋਹਰਾ–ਜੇਠ ਸਜਾਮ ਬਿਨੁ ਬਾਹਰਾ, ਮਹਲੀਂ ਆਇਓ ਡਰਨੁ
ਅਕੇ ਤਾ ਹਰਿ ਜੀ ਮੈਂ ਮਿਲੈ, ਨਹੀ ਤ ਮੇਰਾ ਮਰਨੁ ।
ਛੰਦ–ਜਬ ਜੇਠੋਂ ਆਈ ਜੋਰੁ ਨਿਮਾਣੀ, ਰਾਧੇ ਕੇਹੀ ਜ਼ਹਮਤਿ ਧਾਣੀ
ਦੇਹੀ ਸੁਕਦੀ ਜਾਨ ਵਿਹਾਣੀ, ਧੁਪਾਂ ਸਾੜ੍ਹੀ ਦਰਦ ਰੰਜਾਣੀ
ਰਾਧੇ ਫੁਲ ਕਲੀ ਕੁਮਲਾਣੀ, ਵੇ ਘਰਿ ਆਵੀਂ ਨੰਦ ਅਵਾਣੀ
ਕਿਉਂ ਚਿਰ ਲਾਇਓ ।
ਤੂੰ ਤਾਂ ਨੰਦ ਮਹਰ ਦਾ ਪਾਲੀ, ਮਾਤ ਜਸੋਧਾ ਦੇਂਦੀ ਗਾਲੀ ।
ਡਿਠਾ ਮੈਂ ਇਕ ਦਿਨ ਤ੍ਰਿਕਾਲੀਂ, ਭੰਨਾ ਫਿਰਦਾ ਨਾਲ ਗੁਆਲੀਂ ।
ਮਾਖਨੁ ਚੋਰੀ ਖਾ ਗਿਰਧਾਰੀ, ਅਜੁ ਤੁਧੁ ਕੁਬਜਾ ਖਰੀ ਪਿਆਰੀ
ਜਿਨ ਬਿਰਮਾਇਓ ।
ਇਕ ਬਚਨ ਉਚਾਰੇ ਰਾਧੇ, ਮੈਂ ਕਿਆ ਕੀਤੇ ਪਾਪ ਤੁਸਾਡੇ
ਪ੍ਰਭੁ ਜੀ ਬੈਠੇ ਜਾਇ ਦੁਰਾਡੇ, ਸਾਨੂੰ ਜਾਂਦੇ ਘਤਿ ਤਗਾਦੇ
ਜੰਮਦਾ ਛਡਿਆ ਸੈਂ ਪਿਉ ਦਾਦੇ, ਤੇਰੇ ਢਕਿ ਢਕਿ ਰਖਦੀ ਛਾਜੇ
ਤੁਹਿ ਕੀ ਪਾਇਓ ।
ਫੁਲ ਨਰੀ ਸੁ ਨਰ ਹਰਿ ਕਿਉਂ ਵੇ, ਕੇਸ਼ੋ ਲਿਖਾ ਸਾਮ ਨੂੰ ਚੀਰੀ
ਰਾਜੋ ਕਰਿ ਕੈ ਗਇਓ ਤਗੀਰੀ, ਜਿਤਨੀ ਗੋਪੀ ਸਖੀ ਸਖੀ ਰੀ
ਪਾਟ ਪਟੰਬਰਿ ਕਰਿ ਦਿਆਂ ਲੀਰੀ, ਪਕੜ ਕਮਾਨਾਂ ਧਰਉ ਮੁਹ ਤੀਰੀ
ਬਿਰਹੁ ਸੰਤਾਇਓ । ੩ ।
ਦੋਹਰਾ–ਬਿਰਹੁ ਬਿਆਕੁਲ ਗੋਪੀਆਂ, ਨ ਸੁਧ ਰੂਪ ਨ ਰੰਗ
ਹਾੜ੍ਹੀ ਹਰਿ ਸਿਉ ਬਾਹਰੀ, ਜਲਦੀ ਵਾਂਗੁ ਪਤੰਗ । ੧ ।



Sri Satguru Jagjit Singh Ji eLibrary NamdhariElibrary@gmail.com

ਛੰਦ– ਹਾੜ ਦੀ ਲਗੋ ਤੱਤੀ ਵਾਇ, ਨਿਤ ਉਠ ਕਰਨ ਗੋਪੀਆਂ ਹਾਇ
ਨਾ ਮਲਿ ਨ੍ਹਾਤੀ ਧੜੀ ਬੰਧਾਇ, ਰਾਧੇ ਦੇ ਕੇਸ ਰਹੇ ਕੁਮਲਾਇ
ਹੋਣੀ ਕਿਰਤ ਨ ਮੇਟੀ ਜਾਇ, ਮਾਤਾ ਕਉਲ ਨੈਨ ਸਮਝਾਇ,
ਪੁਕਾਰੈ ਰੁਕਮਨੀ।

ਤੁਸੀਂ ਤਾਂ ਲਿਖੋ ਸੰਦੇਸਾ ਘਲਿ, ਇਕ ਸੋ ਨਾਹਿ ਦੂਸਰੀ ਗੱਲਿ
ਖਾਲੀ ਤੇਰੇ ਰੰਗ ਮਹਲਿ, ਤੂੰ ਬੈਠੋ ਕੁਬਜਾ ਸੰਗ ਮੱਲਿ
ਰਾਧੇ ਖੜੀ ਅਜੁ ਕਿ ਕਲਿ, ਲਾਲ ਜੀ ਉਠਿ ਸਾਮ ਘਰਿ ਚਲਿ
ਤੁਸਾਨੂੰ ਕਿਆ ਬਨੀ।

ਕਿ ਨਿਤ ਉਠ ਸਾੜੇ ਪਉਣੁ, ਸ਼ਾਮ ਬਿਨ ਦੁਨੀਆ ਆਵਾਗਉਣ
ਠਾਕੁਰ ਬਾਝੋਂ ਸਾਥੀ ਕਉਣੁ, ਤੇਰੇ ਖਾਲੀ ਬ੍ਰਿਜ ਦੇ ਭਉਣ
ਕਿ ਦੇਖੇ ਸਭ ਜਣੀ।

ਫੁਲ ਨਰੀ ਸੁ ਨਰ ਹਰਿ ਕਿਉ ਵੇ ਕੇਸੋ ਸ੍ਰੀ ਕ੍ਰਿਸ਼ਨ ਬਲਹਾਰ
ਪ੍ਰਭੁ ਬਿਨੁ ਧ੍ਰਿਗ ਜੀਵਣ ਸੰਸਾਰ, ਠਾਕੁਰ ਵਸਦੇ ਜਮਨਾ ਪਾਰ
ਤੇਰੀ ਗੋਪੀ ਸਹਿਸ ਹਜਾਰ, ਤੁਧੁ ਜਿਤਾ ਮੈਂ ਪਕੜੀ ਹਾਰ
ਮੁੜ ਘਰਿ ਚਲੁ ਖਾਂ ਕ੍ਰਿਸਨ ਮੁਰਾਰ, ਕਿ ਸਾਡਾ ਤੂੰ ਧਨੀ।੪।

ਦੋਹਰਾ–ਸਾਵਣੁ ਆਇਓ ਰੀ ਸਖੀ, ਕੈ ਪਹਿ ਕਰੌਂ ਪੁਕਾਰ
ਬੂੰਦ ਪਰਤ ਘਨਹਰ ਗਜੈ, ਨ ਘਰਿ ਕ੍ਰਿਸ਼ਨ ਮੁਰਾਰ।

ਛੰਦ–ਜਬ ਸਾਵਣ ਕੀ ਰੁਤ ਆਏ, ਘਨੀਅਰ ਗਾਜੇ ਘਟਾ ਉਠਾਏ
ਸਖੀਆਂ ਹਾਰ ਸਿੰਗਾਰ ਬਨਾਏ, ਸਹੀਆਂ ਖੇਡਨਿ ਪੀਂਘਾਂ ਪਾਏ
ਰਾਧੇ ਦੇਖਿ ਦੇਖਿ ਰੀਸਾਏ, ਮੈਂ ਕਿਆ ਫੇੜਿਆ ਜਾਦਵਰਾਏ
ਵੇ ਕੋਈ ਮਥੁਰਾ ਪੁਰ ਨੂੰ ਜਾਏ, ਹਾਲ ਹਕੀਕਤਿ ਆਖਿ ਸੁਣਾਏ
ਕਿਉਂ ਬਹਿ ਰਹਿਆ ਜਾਦਵਰਾਏ, ਜਿਤਨੀ ਗੋਪੀ ਕੂਕਿ ਸੁਣਾਏ
ਮਹਿਲੀ ਰਾਣੀਆਂ।

ਵੇ ਘਰਿ ਆਵੀਂ ਸ਼ਾਮ ਅਣੋਖੇ, ਮਨ ਵਿਚ ਚਿੰਤਾ ਦਿਲ ਵਿਚ ਧੋਖੇ
ਰਾਧੇ ਰੋਂਦੀ ਨਿਤ ਝਰੋਖੇ, ਪਕੇ ਸਦਾ ਫਲੁ ਤਕਦੇ ਤੋਤੇ
ਤੇਰੀ ਵੇਲੀਂ ਪੈਂਦੇ ਸੋਕੇ, ਅਜੁ ਕੁਮਲਾਣੀਆਂ।

ਤੂੰ ਬਹਿ ਰਹਿਓ ਮਥੁਰਾ ਨਗਰਿ, ਚੰਦਨੁ ਤਿਲਕੁ ਚੜ੍ਹਾਨੀਆ ਅਗਰਿ
ਮੁੜਿਕੈ ਲੈਨਾ ਮੂਲਿ ਨ ਖਬਰ, ਅਸਾਡੇ ਪਉਨ ਅਰਾਇਣ ਸਬਰਿ
ਕਿ ਖਰੀ ਨਿਮਾਣੀਆਂ।

ਫੁਲ ਨਰੀ ਸੁ ਨਰ ਹਰਿ ਕਿਉ ਵੇ ਕੇਸੋ, ਸਾਡੇ ਨਿਤ ਉਠ ਸਿਕਦੇ ਨੈਨ
ਕਬ ਘਰਿ ਆਵੇ ਸਾਜਨ ਸੈਨ, ਹਰਿ ਕੇ ਮੀਠੇ ਅੰਮ੍ਰਿਤ ਬੈਨ
ਜਿਨ ਘਰਿ ਕੰਤ ਤਿਨਾ ਸੁਖਚੈਨ ਕਿ ਦਰਦ ਰੰਜਾਣੀਆਂ।



Sri Satguru Jagjit Singh Ji eLibrary NamdhariElibrary@gmail.com

ਦੋਹਰਾ—ਹੰਸ ਗਲਨਿ ਧੁਪਾਂ ਪੜਨਿ, ਭਰ ਭਾਦ੍ਰੂੰ ਦਿਨ ਤਾਇ
ਪ੍ਰਾਨ ਚਲੇ ਜੀਉ ਜਲਿ ਗਇਆ, ਨ ਘਰਿ ਜਾਦਵਰਾਇ ।੧।

ਛੰਦ— ਭਰਿ ਭਾਦੋਂ ਦਿਨ ਆਈ ਗਰਮੀ, ਜੇ ਹਰਿ ਮਿਲੇ ਤ ਲਾਗਾ ਚਰਨੀਂ
ਮੈ ਕੁਬਜਾ ਦੇ ਹਾਵੈ ਮਰਨੀ, ਸੁਣਿ ਸੁਣਿ ਗੱਲਾਂ ਬੈਠੀ ਸੜਨੀ
ਨਿਤ ਉਠ ਨਾਮ ਕ੍ਰਿਸ਼ਨ ਦਾ ਪੜ੍ਹਨੀ, ਬੰਸੀ ਬਜਦੀ ਜਮਨਾ ਤਰਨੀ
ਮੋਹੀ ਸਾਂਵਰੇ ।

ਭਾਦੋਂ ਦੀ ਜਨਮ ਅਸ਼ਟਮੀ ਚੜ੍ਹੀ, ਕਿ ਜਿਤਨੀ ਗੋਪੀ ਦੇਖੈ ਖੜੀ
ਕਿ ਰਾਧੇ ਦੁਖ ਦਰਦ ਦੀ ਭਰੀ, ਕਿ ਮੈ ਤਾਂ ਇਸ ਕੁਬਜੇ ਕੋਲੋਂ ਸੜੀ
ਜਿਨ ਪਾਇਆ ਪ੍ਰੇਮ ਪਿਆਲੜਾ ਜੜੀ, ਕ੍ਰਿਸ਼ਨ ਜੀ ਆਉ ਅਜੋਕੀ ਘੜੀ
ਸੈਨ ਮਨਿ ਬਾਵਰੇ ।

ਮੈ ਪੁਛਦੀ ਪੰਡਤ ਦਸਦੇ ਸੇਧਾ, ਬੰਸੀ ਮੇਰੇ ਦਿਲ ਦੀ ਵੇਧਾ
ਸਾਡੇ ਨਾਲ ਦੀਆਂ ਉਮੇਦਾਂ, ਤੈਨੂੰ ਕੇਹੜਾ ਕਾਸਦੁ ਭੇਜਾਂ
ਲਿਖਦੀ ਆਵ ਰੇ ।

ਫੁਲ ਨਰੀ ਕਿ ਨਰ ਹਰਿ ਕਿਉਂ ਵੇ ਕੇਸੋ, ਘਰਿ ਆਉ ਕ੍ਰਿਸ਼ਨ ਗੋਪਾਲ
ਆਵੀ ਨੰਦ ਮਹਰਿ ਦਿਆ ਲਾਲ, ਟੇਢ੍ਹੀ ਪਗੜੀ ਲਟਕ ਦੁਮਾਲ
ਸਾਡੀ ਕਉਣ ਕਰਗੁ ਪ੍ਰਿਤਪਾਲ, ਗੋਕਲ ਗਾਂਵ ਰੇ ।੬।

ਦੋਹਰਾ—ਬਾਵਰੀਆ ਸਭ ਗੋਪੀਆਂ, ਅਸੂ ਆਸ ਨ ਕੋਇ
ਦਿਲ ਵਿਜੋਗ ਰਾਧੇ ਰਹੀ, ਨੈਣੀਂ ਦੀਨਾ ਰੋਇ ।

ਛੰਦ— ਤੇ ਜਬ ਅਸੂ ਦੀ ਰੁਤਿ ਆਈ, ਨ ਘਰਿ ਕਉਰ ਕਨ੍ਹਈਆ ਰਾਈ
ਚੜਿ ਚੜਿ ਵੇਖੇ ਰੁਕਮਨਿ ਰਾਈ, ਛੇਜ ਇਕੇਲੀ ਨਾਰ ਸਨਾਈ
ਹਰਿ ਬਿਨ ਸਾਡਾ ਭੈਣ ਨ ਭਾਈ, ਵੇ ਮੈਂ ਕੇਹੀ ਕਿਰਤ ਕਮਾਈ
ਪੂਰਬ ਲਿਖਿਆ ।

ਜੇਤੀ ਗੋਪੀ ਮੈਲੇ ਵੇਸਾ, ਸਾਨੂੰ ਆਵੇ ਚਿਤ ਹਮੇਸ਼ਾ
ਤੂੰ ਮੱਲਿ ਬੈਠੋਂ ਮਥਰਾ ਦੇਸਾ, ਭਸਮ ਲਗਾਵਾਂ ਜੋਗਨਿ ਭੇਸਾ
ਮੰਗਦੀ ਭਿਖਿਆ ।

ਓਹੁ ਅਰਾਇਣ ਸਿਰ ਪਰ ਖਾਰੀ, ਵੇਚਨਿ ਕਸਬ ਜਿਨ੍ਹਾਂ ਤਰਕਾਰੀ
ਹੋਕਾ ਦੇਂਦੀ ਬੈਠ ਬਜ਼ਾਰੀ, ਤੈਨੂੰ ਕੂਕੇ ਰਾਧੇ ਪਿਆਰੀ
ਦੇਂਦੀ ਸਿਖਿਆ ।

ਫੁਲ ਨਰੀ ਸੁਨਰ ਹਰਿ ਕਿਉ ਵੇ ਕੇਸੋ, ਕਾਬਲ ਸਾਨੂੰ ਅਜ ਕਸ਼ਮੀਰ
ਵੇ ਘਰਿ ਆਉ ਬਲਭਦ੍ਰ ਦਿਆ ਵੀਰ, ਸੋਹੇ ਮੋਰ ਪੰਖ ਸਿਰ ਚੀਰ
ਵੇ ਘਰਿ ਆਵੀਂ ਗੁਣੀ ਗਹੀਰ, ਮਾਖਨੁ ਰਖਿਆ ।੭।



Sri Satguru Jagjit Singh Ji eLibrary NamdhariElibrary@gmail.com

ਦੋਹਰਾ–ਕਾਤਕ ਰਾਧੇ ਵੇਖਦੀ, ਮਥਰਾ ਮਧੁ ਬਨ ਬਾਗ
ਜਿਉਂ ਜਿਉਂ ਬੰਸੀ ਬਜਦੀ, ਤਿਉਂ ਤਿਉਂ ਦੇਹੀ ਦਾਗ।

ਛੰਦ–ਜਬ ਕਤਕ ਦੇ ਕਾਮਣਿ ਪਏ, ਅਠਵਾਂ ਚੜ੍ਹਿਆ ਠਾਕੁਰ ਗਏ
ਕੁਬਜਾ ਦੇ ਜਾਇ ਝਰੋਖੇ ਬਹੇ, ਓਥੇ ਨਿਖਟੀ ਅੰਮਾ ਰਹੇ
ਬਿਰਹੁ ਚੁਆਤੀ ਲਾ ਕਰ ਦਹੇ, ਰਾਧਕੇ ਵਿਛੋੜਾ ਸਿਰ ਪਰ ਸਹੇ
ਹਕੀਕਤਿ ਕਿਸ ਪਾਸ ਜਾ ਕਹੇ, ਅਪਣੇ ਹਾਲ ਦੀ।
ਕੱਤੇ ਦੀਆਂ ਪਉਨ ਗੁਲਾਬੀ ਠੰਢੀ, ਕਿਚਰਕੁ ਬੈਠੀ ਖੋਲ੍ਹਾਂ ਗੰਢੀ
ਕੁਬਜਾ ਮੇਰੀ ਸਉਂਕਣਿ ਨੰਢੀ, ਨਿਜੁ ਪਰਾਂਦਾ ਪਾਵੈ ਕੰਢੀ
ਤੇਰੀ ਖਾਲੀ ਗੋਕਲ ਮੰਡੀ, ਮੋਹਨ ਲਾਲ ਜੀ।
ਕਿ ਚੰਦ੍ਰਮਾ ਬਾਝੋਂ ਖਾਲੀ ਤਾਰੇ, ਕਿਉਂ ਚਿਰ ਲਾਇਓ ਸ਼ਾਮ ਪਿਆਰੇ
ਨਿਜੁ ਵਿਆਹੀ ਚੜ੍ਹਦੀ ਖਾਰੇ, ਸਾਡੇ ਨਾਲ ਦੀਆਂ ਪੈਰ ਭਾਰੇ
ਦੇਹੀ ਆਲਸ ਵਿਚ ਚੁਬਾਰੇ, ਸਾਦੀ ਜਾਲਦੀ।
ਫੁਲ ਨਰੀ ਸੁ ਨਰ ਹਰਿ ਕਿਉ ਵੇ ਕੇਸੋ ਲਗਦੀ ਸਾਂਗਾ ਵਤੀ
ਕਿਚਰਕੁ ਦਿਆਂ ਸ਼ਾਮ ਨੂੰ ਮਤੀਂ, ਤਿਲਕੁ ਚੜ੍ਹਾਵਾਂ ਏਨੀ ਹੱਥੀਂ
ਗੱਲਾਂ ਵਿਸਰਿ ਗਈਆਂ ਨੀ ਤਤੀ, ਮੈ ਮਰਿ ਜਾਗੁ ਤਾਂ ਫੇਰੇ ਘਤੀਂ
ਰਾਧੇ ਕਰਦੀ ਬਹੁਤ ਬਿਨੰਤੀ, ਅਰਜ਼ ਸ਼ਿਆਮ ਦੀ। ੮।

ਦੋਹਰਾ–ਮੰਘਰ ਮਰਦੀ ਸ਼ਾਮ ਬਿਨ, ਆਇਓ ਮਾਹ ਸਿਆਲ
ਕਹੀਓ ਊਧੋ ਕ੍ਰਿਸ਼ਨ ਕੋ, ਘਰ ਆਈਓ ਨੰਦ ਲਾਲ।

ਛੰਦ–ਮੰਘਰਿ ਦੇ ਜਬ ਪਾਲੇ ਆਏ, ਹੁਣ ਕੀ ਕਰਾਂ ਨੀ ਮੇਰੀਏ ਮਾਏ
ਗੋਡੇ ਨਾਲ ਹਿਕ ਦੇ ਲਾਏ, ਵੇ ਕੋਈ ਮਥੁਰਾ ਪੁਰ ਨੂੰ ਜਾਏ
ਹਾਲ ਹਕੀਕਤਿ ਆਖ ਸੁਣਾਏ, ਕਿਉ ਬਹਿ ਰਹਿਆ ਜਾਦਵਰਾਏ
ਜਬ ਮੰਘਰ ਚੜ੍ਹਿਆ ਨਾਵਾਂ, ਨੀਂਗਰ ਸੁਰਗੋਂ ਸੁੰਦਰੀ ਭਾਵਾਂ
ਅਜੁ ਨੂੰ ਅਸੀਂ ਭਿ ਗੋਦ ਖਿਡਾਵਾਂ, ਰੀਸ ਨ ਆਈਓ ਦੇਖ ਭਿਰਾਵਾਂ
ਤੈਨੂੰ ਗੋਸ਼ੇ ਬਹਿ ਸਮਝਾਵਾਂ, ਕਿਸਦੀ ਬਾਕੀ ਟੁਟੋ ਨਾਵਾਂ
ਭਰਨੇ ਪਿਉ ਦੰਮ।
ਵੇ ਕੋਈ ਦਰਦਮੰਦ ਨਹੀਂ ਜਾਂਦਾ, ਜਾਇ ਸੁਨੇਹਾ ਦੇਇ ਦੁਖਾਂ ਦਾ
ਘਰਿ ਆਉ ਸਾਮਾ ਪਾਲਾ ਪਾਂਦਾ, ਮਾਹ ਸਿਆਲਾ ਭੋਗੁ ਦੁਹਾਂ ਦਾ
ਸੁੰਞੇ ਮਹਲ ਅਨ੍ਹੇਰਾ ਖਾਂਦਾ, ਵੇ ਮੈਂ ਰੋ ਰੋ ਪੁਛਦੀ ਪਾਂਧਾ
ਗਲਿ ਵਿਚਿ ਲੈਆ ਥੰਮ।
ਫੁਲ ਨਰੀ ਸੁ ਨਰ ਹਰਿ ਕਿਉ ਵੇ ਕੇਸੋ, ਕਾਬਲ ਸਾਨੂੰ ਮਥੁਰਾ
ਕਿਉਂ ਬਹਿ ਰਹਿਆ ਚੰਚਲ ਚਤੁਰਾ, ਰਾਤੀਂ ਨੀਂਦ ਨ ਪਉਂਦੀ ਕਤਰਾ



Sri Satguru Jagjit Singh Ji eLibrary NamdhariElibrary@gmail.com

ਨੀ ਇਨ ਕੁਬਜਾ ਕੀਤਾ ਤਕੜਾ, ਸਾਨੂੰ ਦਿਨ ਰਾਤਿ ਦਾ ਖਤਰਾ
ਰਾਧੇ ਨੂੰ ਸਹੰਮ । ੯ ।

ਦੋਹਰਾ–ਪੋਹਿ ਪਏ ਪਾਲੇ ਘਣੇ, ਤੜਫਤ ਰੈਨਿ ਬਿਹਾਇ ।
ਮੈ ਕਿਆ ਫੇੜਿਆ ਸ਼ਾਮ ਦਾ, ਰਹਿਆ ਵਿਛੋੜਾ ਪਾਇ ।

ਛੰਦ– ਸਾਈਆਂ ਜਬ ਚੜ੍ਹਦੇ ਪੋਹਿ ਨਿਕੰਮੇ, ਰਾਤੀ ਕੜਕਨਿ ਕੱਪਰ ਜੰਮੇ
ਰਾਧੇ ਰੋ ਰੋ ਜੀਉ ਸਹੰਮੇ, ਪਾਲੇ ਪਉਂਦੇ ਉਭੇ ਲੰਮੇ
ਲੈਆ ਵਿਸਾਰ ਤਕੋ ਰੇ ਚੰਨੇ, ਤੇਰੀ ਮਹਲੀ ਜਾਲੇ ਜੰਮੇ ਝਰੋਖੇ ਸ਼ਾਮ ਦੇ ।
ਜਾ ਵਰਫ ਟੁਟਕੇ ਪਉਂਦੀ, ਦੁਹਰੀ ਹੋਕੇ ਸਵਾਂ ਸਿਰੁਾਂਦੀ
ਜਿਤਨੀ ਗੋਪੀ ਸਭ ਕੁਰਲਾਂਦੀ, ਕੂਕਨਿ ਜਮੁਨ ਘਾਟ ਪਰ ਜਾਂਦੀ
ਨੀ ਇਨ ਕੁਬਜਾ ਘਤੀਆ ਰਾਂਦੀ, ਘਰਿ ਭਗਵਾਨ ਦੇ ।
ਤਾਂ ਇਹੁ ਕਿਰੁਕੁ ਜੀਉ ਵਿਰਾਈਇ, ਸੁਣ ਤੂੰ ਕਿਸੁ ਆਖਾਂ ਸਭਰਾਈਏ
ਜਮਨਾ ਲੰਘਿ ਸ਼ਾਮ ਥੈ ਜਾਈਏ, ਚਰਨੀ ਲਗਿ ਕੈ ਪੈਰੀਂ ਪਾਈਏ
ਕਹੁ ਤੋ ਕਿਵੈ ਸਿਆਮ ਨੂੰ ਲਿਆਈਏ, ਰਾਹਿ ਹੈਸਾਨ ਦੇ ।
ਫੁਲ ਨਰੀ ਸੁ ਨਰ ਹਰਿ ਕਿਉ ਵੇ ਕੇਸੋ ਬੁਰਾ ਪੋਹ ਦਾ ਪਾਲਾ
ਕਿਉ ਬਹਿ ਰਹਿਆ ਨੰਦ ਅਈਆਲਾ, ਸਾਡਾ ਨਾ ਹੀ ਜੀਉ ਸੁਖਾਲਾ
ਰਾਤੀ ਸਉਂਦੀ ਕਰਾਂ ਸੰਮਾਲਾ, ਨੀ ਇਨ ਕੁਬਜਾ ਕੀਤਾ ਚਾਲਾ
ਘਰਿ ਭਗਵਾਨ ਦੇ । ੧੦ ।

ਦੋਹਰਾ–ਮਾਘ ਮਹੀਨੇ ਬਰਸ ਦਿਨ ਸਖੀ ਸਹੇਲੀ ਚਾਇ
ਸੀਸ ਮਾਂਗ ਮਉਲੀ ਧੜੀ, ਸਉਣ ਕੰਤ ਗਲ ਲਾਇ ।

ਛੰਦ–ਤਾਜੀ ਚੜੇ ਮਾਘ ਦੀ ਲੋਈ, ਇਸ ਰਾਧੇ ਦਾ ਹਾਲ ਨ ਕੋਈ
ਰਾਧੇ ਦੇਖਿ ਬਾਂਰੀ ਹੋਈ, ਨੀ ਮੈ ਬੰਸੀ ਵਾਲੇ ਮੋਹੀ
ਮੈਥੇ ਵਿਸਰਿ ਗਈ ਰਸੋਈ, ਸਖੀਆਂ ਦੇਖ ਰੁਕਮਨੀ ਰੋਈ
ਰਾਧੇ ਚੜਿਕੈ ਮਹਲਿ ਖੜੋਈ, ਵੇ ਮਥਰਾ ਦਾ ਆਵੈ ਕੋਈ
ਦੇਨੀਆਂ ਨੰਦ ਮਹਰਿ ਦੀ ਦੋਹੀ, ਕਿਉਂ ਨਹੀ ਆਂਵਦਾ ।
ਹੁਣ ਤੇ ਜਗ ਵਿਚ ਲੋਹੀ ਆਈ, ਵਣਜਾਰੇ ਵੇਚਨਿ ਦਰਿਆਈ
ਇਸ ਰਾਧੇ ਨੂੰ ਨ ਹੀਆ ਕਾਈ, ਨੀ ਮੈਂ ਸੂਲਾਂ ਦੇ ਮੁਹਿ ਆਈ
ਸਾਡੀ ਰੋਂਦਿਆਂ ਦੀ ਜਿੰਦੁ ਜਾਈ, ਘਰਿ ਆਵਣ ਦੀ ਕਰਿ ਤੂੰ ਕਾਈ
ਵਖਤੁ ਵਿਹਾਂਵਦਾ ।

ਨੀ ਮੈ ਪੈਧਾ ਨਾ ਹੀ ਤੇਵਰੁ ਚੋਲੀ, ਹਥਿ ਮਹਿੰਦੀ ਨਾ ਸਿਰੁ ਮਉਲੀ
ਝੂਠੇ ਸਾਜਨ ਕਰੀ ਠਗਉਲੀ, ਪ੍ਰਭੁ ਜੀ ਘਰਿ ਆ ਖੇਡੋ ਹੋਲੀ
ਤੂੰ ਸਤਿਗੁਰ ਮੈ ਤੇਰੀ ਗੋਲੀ, ਕਿਉਂ ਭਰਮਾਂਵਦਾ ।



Sri Satguru Jagjit Singh Ji eLibrary NamdhariElibrary@gmail.com

ਭੁਲ ਹਰੀ ਸੁ ਨਰ ਹਰਿ ਕਿਉ ਵੇ ਕੇਸੋ ਸ਼ਾਮ ਨ ਵੇਦਨ ਜਾਤੀ
ਸਾਨੂੰ ਖਾਵਨ ਢੁਕੀਆ ਰਾਤੀ, ਸਾਡੇ ਚੋਲੇ ਚਿਣਗ ਚੁਆਤੀ
ਸਖੀਆਂ ਸਉਣ ਕੰਤ ਲਾਇ ਛਾਤੀ, ਜਮਨਾ ਵਗਦੀ ਦੇਂਦੀ ਠਾਠੀਂ
ਕਿਉਂ ਸੰਤਾਵਦਾ ।੧੧।

ਦੋਹਰਾ–ਫਾਗ ਕ੍ਰਿਸ਼ਨ ਜੀ ਅਤਿ ਅਨੰਦ, ਪ੍ਰੇਮ ਮਹਾਂ ਮਨ ਚਾਇ
ਰਾਧੇ ਰੁਕਮਨਿ ਗੋਪੀਆਂ, ਚਰਨ ਰਹੇ ਲਪਟਾਇ ।

ਛੰਦ–ਤਾਜੀ ਚੜ੍ਹਦੇ ਫਗਣੁ ਤਾਰੀ, ਘਰਿ ਵਿਚਿ ਆਏ ਕ੍ਰਿਸ਼ਨ ਮੁਰਾਰੀ
ਮਲਿ ਦਲਿ ਵਟਣਾ ਲਉਂਗ ਸੁਪਾਰੀ, ਦੜਬੜ ਨ੍ਹਾਵੇ ਹਰਿ ਕੀ ਪਿਆਰੀ
ਪੁਛਦੀ ਗੋਪੀਆਂ ।

ਅਜੁ ਤੇਵਰ ਲਾਇਆ ਰਾਧੇ, ਅਤਲਸ ਮਸਰੂ ਲੈ ਕੇ ਪੈਧੇ
ਕੇਸਰ ਧੜੀ ਮਾਂਗ ਸਿਰਿ ਲਾਗੇ, ਛਣਕਿ ਛਣਕਿ ਕਰ ਨੇਵਰ ਬਾਜੇ
ਮਾਂਗ ਸਿਰ ਮੋਤੀਆਂ ।

ਅਜੁ ਰਾਧੇ ਦਾ ਦਿਲ ਉਸ ਰਾਗੇ, ਕਿਆ ਕਿਆ ਜ਼ੇਵਰ ਅੰਗੈ ਲਾਗੇ
ਬੇਸਰ ਟੀਕਾ ਬਦਨ ਬਿਰਾਜੇ, ਮਾਲਾ ਲਟਕੇ ਡੋਰੀ ਛਾਜੇ
ਰਹਨਿ ਖੜੋਤੀਆਂ ।

ਭੁਲ ਨਟੀ ਸੁ ਨਰ ਹਰਿ ਕਿਉਂ ਵੇ ਕੇਸੋ ਅਜ ਦਿਨ ਭਾਗੀਂ ਭਰਿਆ
ਸਾਨੂੰ ਚੰਦ ਸਖੀਰਾ ਚੜ੍ਹਿਆ, ਕ੍ਰਿਸ਼ਨ ਜੀ ਆਇ ਮਹਿਲੀਂ ਵੜਿਆ
ਰਾਧੇ ਪਕੜਿ ਕਲਾਵੇ ਫੜਿਆ, ਚਾਰੋਂ ਨੈਨ ਗਡਾਵਡ ਅੜਿਆ
ਦੁਖ ਵਿਛੋੜਾ ਸਭੋ ਸੜਿਆ, ਸੁਖ ਸੌਂ ਸੁਤੀਆਂ ।੧੨।

ਦੋਹਰਾ–ਸੁਖ ਸੁਤੀ ਰਾਧੇ ਰੁਕਮਨੀ, ਘਰਿ ਆਇਆ ਕ੍ਰਿਸ਼ਨ ਗੋਪਾਲ
ਬਾਰਾਂਮਾਹ ਸੰਪੂਰਨੰ, ਮਿਟਿਆ ਸਗਲ ਜੰਜਾਲ ।੧।





Sri Satguru Jagjit Singh Ji eLibrary NamdhariElibrary@gmail.com

## ੧੩. ਬਾਰਾਂਮਾਹ ਭਾਈ ਦਿਆਲ ਸਿੰਘ ਦਾ

ਦੋਹਰਾ—ਚੇਤ੍ਰ ਮਹਿ ਰਬ ਬੈਠਕੇ, ਮਥੁਰਾ ਚਲਿਓ ਕਾਨ੍ਹ
ਸਾਜਣ ਜਾਂਦਾ ਦੇਖਕੇ, ਲਗੇ ਕਲੇਜੇ ਬਾਨ । ੧ ।
ਛੰਦ—ਸੁਨੋ ਸਖੀ ਜਬ ਚੇਤਰ ਚੜ੍ਹਿਆ, ਜਾਂਦੇ ਸਜਣ ਦਾ ਲੜ ਫੜਿਆ
ਕਾਲਾ ਨਾਗ ਕਲੇਜੇ ਲੜਿਆ, ਮੈਨੂੰ ਛਡ ਨ ਜਾਈਂ ਅੜਿਆ ।
ਵਿਸ ਗਈ ਧਾਇਕੇ । ੧ ।
ਮਿੰਨਤਾਂ ਕਰਦੀ ਦੁਇ ਕਰ ਜੋੜ, ਮੇਰੀ ਲਗੀ ਪ੍ਰੀਤ ਨ ਤੋੜ
ਇਸ ਮਥਰਾ ਦਾ ਰਸਤਾ ਛੋੜ, ਊਧੋ ਲੈ ਚਲ ਪ੍ਰਭ ਨੂੰ ਮੋੜ
ਬਹੇ ਘਰ ਆਇਕੇ । ੨ ।
ਮੈਂ ਰੋਂਦੀ ਉਸ ਵੇਲੇ ਦੀ ਆਹੀ, ਜਿਸ ਵੇਲੇ ਮੈਂ ਪ੍ਰੀਤਿ ਲਗਾਈ
ਵਢ ਵਢ ਖਾਂਦਾ ਬ੍ਰਿਹੁ ਕਸਾਈ, ਮਾਸਾ ਮਾਸ ਨਹੀਂ ਰੱਤ ਰਾਈ
ਘਰ ਵੇਖੀਂ ਆਇਕੇ । ੩ ।
ਸੁਣ ਵੇ ਦਿਆਲ ਸਿੰਘਾ ਕੀ ਕਰੀਏ, ਬ੍ਰਿਹੋਂ ਸਮੁੰਦਰ ਕਿਤ ਬਿਧ ਤਰੀਏ
ਕਾਈ ਬਾਤੁ ਚਲਣ ਦੀ ਕਰੀਏ, ਹੁਣ ਇਸ ਜੀਵਨ ਕੋਲੋਂ ਮਰੀਏ
ਮਹੁਰਾ ਖਾਇਕੇ । ੪ ।
ਦੋਹਰਾ—ਮਾਹਿ ਵਿਸਾਖ ਸੁਹਾਵਣਾ, ਪੀਅ ਬਿਨ ਰਹਯੋ ਨ ਜਾਇ
ਚੰਬਾ ਮਰੂਆ ਕੇਵੜਾ, ਅੰਬ ਫੁਲੇ ਰੰਗ ਲਾਇ ।
ਛੰਦ—ਚੜ੍ਹਿਆ ਮਾਹੁ ਵਿਸਾਖ ਸੁਹੇਲਾ, ਮੈਨੂੰ ਛਡ ਗਇਆ ਯਾਰ ਅਕੇਲਾ
ਢੂੰਢਾਂ ਕੁੰਜ ਗਲੀ ਬਨ ਬੇਲਾ, ਜਿਉ ਸਿਕਦੀ ਮਜਨੂੰ ਬਿਨ ਲੇਲਾ
ਪਿਆਰੀ ਯਾਰ ਦੀ । ੧ ।
ਨੀ ਮੈ ਹੈਸਾਂ ਖਰੀ ਸਿਆਣੀ, ਮੈਨੂੰ ਕਰ ਗਿਆ ਸ਼ਾਮ ਨਿਮਾਣੀ
ਡੁਬ ਡੁਬ ਮਰਨੀ ਹਾਂ ਬਿਨ ਪਾਣੀ, ਮੇਰੀ ਭੁਲ ਗਈ ਮਾਂਉ ਅੰਜਾਣੀ
ਜੰਮਦੀ ਨੂੰ ਮਾਰਦੀ । ੨ ।
ਮੈਂ ਤਾਂ ਕਾਈ ਮੱਤ ਨ ਲਈ, ਸਖੀਆਂ ਆਖ ਵੇਖ ਥਕ ਰਹੀ
ਕੀਤਾ ਗਰਬ ਅਕੇਲੀ ਭਈ, ਇਹ ਗਲੁ ਮਸ਼ਾਹੂਰ ਜਗ ਸਹੀ
ਖੁਰੀ ਮਤੁ ਨਾਰ ਦੀ ।



Sri Satguru Jagjit Singh Ji eLibrary NamdhariElibrary@gmail.com

ਸੁਣ ਵੇ ਦਿਆਲ ਸਿੰਘ ਮੈਂ ਮਰਦੀ, ਡਾਢੇ ਦੁਖ ਮੈ ਅੰਦਰ ਜਰਦੀ
ਬਹੁਤੇ ਜਤਨ ਮਿਲਣ ਦੇ ਕਰਦੀ, ਮਿਠੀ ਗੱਲ ਨ ਲਗਦੀ ਘਰ ਦੀ
ਚਿੰਤਾ ਯਾਰ ਦੀ । ੪ । ੨ ।

ਦੋਹਰਾ—ਜੇਠ ਤਪੰਦਾ ਆਇਆ, ਪੰਧ ਨ ਚਲੈ ਕੋਇ
ਚਾਰਾ ਕੁਝ ਨ ਚਲਦਾ, ਨੈਣਾਂ ਦਿਤਾ ਰੋਇ । ੧ ।

ਛੰਦ—ਜੀ ਜਬ ਜੇਠ ਜ਼ੋਰ ਕਰ ਆਇਆ, ਮੁੜ ਘਰ ਸ਼ਾਮ ਨ ਫੇਰਾ ਪਾਇਆ
ਰਾਧੇ ਰੋ ਰੋ ਹਾਲ ਵੰਞਾਇਆ, ਕੋਈ ਕਾਮਣ ਕੁਬਜਾ ਪਾਇਆ
ਮੌਜਾਂ ਮਾਣਦੀ । ੧ ।

ਮੈਂ ਰੋਵਾਂ ਕਰ ਖਲੀਆਂ ਬਾਹੀਂ, ਕੁਬਜਾਂ ਸੁਖ ਭੋਗੇ ਘਰ ਮਾਹੀ
ਮੇਰੇ ਦਿਲ ਕਲੇਜੇ ਨਾ ਹੀ, ਸਖੀਆਂ ਸੁਖ ਵਸਨ ਘਰ ਖਾਹੀਂ
ਮੇਰੇ ਹਾਣ ਦੀ ।੨।

ਮੈਨੂੰ ਏਡੀ ਖਬਰ ਨ ਕਾਈ, ਜੇਹੀ ਬਰਛੀ ਸਾਮ ਲਗਾਈ
ਮਹੁਰਾ ਲਾਇ ਸਾਣ ਚਿਲਕਾਈ, ਡਾਢੇ ਨਾਲ ਪ੍ਰੀਤਿ ਕਿਉਂ ਲਾਈ
ਨਹੀਂ ਸਾਂ ਜਾਣਦੀ । ੩ ।

ਸੁਣ ਵੇ ਦਿਆਲ ਸਿੰਘਾ ਮਰ ਰਹੀਆਂ, ਮੇਰੀ ਖਬਰ ਸ਼ਾਮ ਨਹੀਂ ਲਈਆ
ਮਿਠਾ ਲਗਦਾ ਭੈਣ ਨ ਭਈਆ, ਰੋਵਾਂ ਮੈਂ ਦਈਆ ਕਰ ਦਈਆ
ਪੀਣ ਨ ਖਾਣ ਦੀ । ੪ । ੩ ।

ਦੋਹਰਾ—ਲੈਤ ਹਾਉਕੇ ਹਾੜ ਮੈਂ, ਰਾਧੇ ਕਰੇ ਪੁਕਾਰ ।
ਗਲੀਆਂ ਕੂਚੇ ਵੇਖਦੀ, ਨਜ਼ਰ ਨ ਆਵੇ ਯਾਰ ।

ਛੰਦ—ਚੜ੍ਹਦੇ ਹਾੜ ਹਾਉਕੇ ਭਾਰੇ, ਮੈਨੂੰ ਛਡ ਗਇਓਂ ਯਾਰ ਪਿਆਰੇ
ਚੜ੍ਹ ਬੈਠੋ ਕੁਬਜਾ ਦੇ ਖਾਰੇ, ਜੇ ਤੂ ਕਰਨੈਂ ਐਡੇ ਕਾਰੇ
ਕਿਉਂ ਮੋਹ ਲਾਉਂਦੀ । ੧ ।

ਮੈਨੂੰ ਠਗ ਗਿਆ ਵਣਜਾਰਾ, ਜਿਸਨੈ ਠਗਿਆ ਹੈ ਜਗ ਸਾਰਾ
ਮੈਨੂੰ ਝੂਠਾ ਦੇ ਰਹਿਓਂ ਲਾਰਾ, ਗਲੀਆਂ ਵਿਚ ਨ ਦਿਸਦਾ ਪਿਆਰਾ
ਕੁਝ ਨਹੀਂ ਭਾਉਂਦਾ । ੨ ।

ਇਸ ਯਾਰੀ ਥੋਂ ਮਰਨ ਚੰਗੇਰਾ, ਮੁੜ ਕੇ ਯਾਰ ਨ ਪਾਇਆ ਫੇਰਾ
ਪਹਿਲੇ ਮੇਰਾ ਸੀ ਹੁਣ ਤੇਰਾ, ਘੱਤ ਬੈਠਾ ਕੁਬਜਾ ਘਰ ਡੇਰਾ
ਦਿਲ ਪਰਚਾਉਂਦਾ । ੩ ।

ਸੁਣ ਵੇ ਦਿਆਲ ਸਿੰਘਾ ਕੀ ਕਰੀਏ, ਅਕੇ ਤਾਂ ਮਿਲੀਏ ਨਹੀਂ ਤਾਂ ਮਰੀਏ
ਲੈ ਚਲ ਬੇੜੀ ਜਮਨਾ ਤਰੀਏ, ਬ੍ਰਿਹੋਂ ਸਮੁੰਦਰ ਕਿਤ ਬਿਧਿ ਤਰੀਏ
ਚਰਨੀਂ ਲਗੀਏ ਬਿਨਤੀ ਕਰੀਏ, ਕਿਉਂ ਨਹੀਂ ਆਉਂਦਾ । ੪ । ੪ ।



Sri Satguru Jagjit Singh Ji eLibrary NamdhariElibrary@gmail.com

ਦੋਹਰਾ—ਸਾਵਣੁ ਆਇਆ ਹੇ ਸਖੀ, ਅਬ ਕਿਆ ਕਰੋਂ ਉਪਾਉ
ਲਹਿ ਲਹਿ ਲਸਕੇ ਦਾਮਨੀ, ਤੇਜ ਕਟਾਰੀ ਘਾਉ ।

ਛੰਦ—ਸ਼ਾਵਣ ਚੜ੍ਹਿਆ ਕਰ ਘਨਘੋਰ, ਬੂੰਦਾਂ ਪੈਂਦੀਆਂ ਜ਼ੋਰੋ ਜ਼ੋਰ
ਮੇਰੇ ਅੰਦਰ ਵੜ ਗਿਆ ਚੋਰ, ਹੈਸੀ ਹੋਰੁ, ਹੋਇ ਗਿਆ ਹੋਰ
ਛੁਪਾਇਆ ਸੌਂਕਣਾਂ । ੧ ।

ਉਹ ਅਰਾਇਣ ਹੈਂਸਿਆਰੀ, ਜਿਸ ਲਾਈ ਹੈ ਕਾਨੀ ਕਾਰੀ
ਗਰਕ ਗਈ ਹੱਡਾਂ ਵਿਚ ਸਾਰੀ, ਨ ਦਿਨ ਗੁਜ਼ਰੇ ਨ ਰਾਤ ਵਿਚਾਰੀ
ਤਾਰੇ ਨਿਤ ਗਿਣਾਂ । ੨ ।

ਜੋਹੜੀ ਹੋਣੀ ਸੀ ਹੋਈ, ਲਿਖੀ ਕਲਮ ਨ ਮੇਟੈ ਕੋਈ
ਕੁਬਜਾ ਮੁਖ ਥੀਂ ਲਾਹੀ ਲੋਈ, ਨਚਦੀ ਵਿਚ ਬਜ਼ਾਰ ਖਲੋਈ
ਮੈਂ ਨਿਤ ਨਿਤ ਸੁਣਾਂ । ੩ ।

ਸੁਣ ਵੇ ਦਿਆਲ ਸਿੰਘਾ ! ਗੱਲ ਸਾਰੀ, ਉਹ ਗੁਜਰੀ ਕੀ ਜਾਣੇ ਯਾਰੀ
ਛਡ ਸਵਾਣੀ ਮੱਲੀਅਸੁ ਖਾਰੀ, ਕਰ ਬੈਠਾ ਕੁਬਜਾਂ ਨੂੰ ਪਿਆਰੀ
ਉਸਦਾ ਕੀ ਪੁਣਾਂ । ੪ । ੫ ।

ਦੋਹਰਾ—ਭੜਕ ਲਗੀ ਬੁਝਦੀ ਨਹੀਂ, ਭਾਦੋਂ ਭਈ ਉਦਾਸ
ਰਤੀ ਰਤ ਨ ਰਹਿ ਗਈ, ਮਾਸਾ ਰਹਿਆ ਨ ਮਾਸ ।੧।

ਛੰਦ—ਚੜ੍ਹਦੇ ਭਾਦੋਂ ਭਈ ਉਦਾਸ, ਮੂਲ ਨ ਆਇਓਂ ਮੇਰੇ ਪਾਸ
ਨਾਲ ਅਰਾਇਣ ਹੋਇਓਂ ਰਾਸ, ਨਿਕਲ ਜਾਂਦੇ ਮੇਰੇ ਸਾਸ
ਮੈਂ ਅਜ ਕਲ ਮਰ ਰਹੀ । ੧ ।

ਜੇ ਕੋਈ ਆਣ ਮਿਲਾਵੇ ਯਾਰ, ਮੈਂ ਦੇਵਾਂ ਤਿਸਨੂੰ ਘਰ ਬਾਰ
ਝੂਠ ਨ ਆਖਾਂ ਸਹੁੰ ਕਰਤਾਰ, ਕੋਈ ਨ ਜਾਂਦਾ ਜਮਨਾ ਪਾਰ
ਹਾੜੇ ਕਰ ਰਹੀ । ੨ ।

ਜੋ ਤੂ ਕੀਤੀ ਕਿਸੇ ਨ ਕਰਨੀ, ਮੈਨੂੰ ਛੱਡ ਕੇ ਕੁਬਜਾਂ ਪਰਨੀ
ਮਨੋਂ ਵਿਸਾਰੀ ਲਾ ਕੇ ਚਰਨੀ, ਲਗੀ ਪਿਆਰੀ ਟੂਣੇ ਕਰਨੀ
ਸੁਣ ਸੁਣ ਜਰ ਰਹੀ । ੩ ।

ਸੁਣ ਵੇ ਦਿਆਲ ਸਿੰਘਾ ਗੱਲ ਮੇਰੀ, ਕਿਵੇਂ ਤਾਂ ਸਿਆਮ ਮਿਲੇ ਇਕ ਵੇਰੀ
ਉਹੁ ਠਾਕੁਰ ਮੈਂ ਉਸਦੀ ਚੇਰੀ, ਕਦੀ ਨ ਪਾਈ ਉਸ ਮੁੜ ਫੇਰੀ
ਮੈਂ ਮਿੰਨਤਾਂ ਕਰ ਰਹੀ । ੪ । ੬ ।

ਦੋਹਰਾ—ਅਸੂ ਅਕਲ ਅਰਾਮ ਹੁਣ, ਦੋਨੋਂ ਗਏ ਤਿਆਗ
ਚਾਰੇ ਕੂੰਡਾਂ ਰੋਕੀਆਂ, ਕਿਤ ਵਲ ਜਾਵਾਂ ਭਾਗ ।੧।



Sri Satguru Jagjit Singh Ji eLibrary NamdhariElibrary@gmail.com

ਛੰਦ—ਅਸੂ ਆਇਓ ਨ ਘਰ ਲਾਲ, ਮੇਰਾ ਕੁਝ ਨ ਦਿਸਦਾ ਹਾਲ
ਹੈਸੀਉਂ ਤੂੰਹੈ ਜਾਨ ਤੇ ਮਾਲ, ਕੀਤੇ ਕੌਲ ਅਸਾਂ ਨਾਲ ਪਾਲ
ਤੂੰ ਮੁੜ ਘਰ ਆ ਬਹੀਂ । ੧ ।

ਮਿੰਨਤਾਂ ਕਰਦੀ ਤੂੰ ਘਰ ਆਵੀਂ, ਮੇਰੇ ਦਿਲ ਦੀ ਅੱਗ ਬੁਝਾਵੀਂ
ਸੁਣ ਕਰ ਜ਼ਰਾ ਢਿਲ ਨਹੀਂ ਲਾਵੀਂ, ਮੁੜ ਕਰ ਮੇਰੇ ਹੱਥੀਂ ਖਾਵੀਂ
ਮੱਖਣੁ ਤੇ ਦਹੀਂ । ੨ ।

ਓਹ ਦਿਨ ਯਾਦ ਕਰੀਂ ਤੂੰ ਪਿਆਰੇ, ਜੇੜ੍ਹੇ ਬਨ ਵਿਚ ਕੀਤੇ ਕਾਰੇ
ਏਹ ਗਲ ਮਸ਼ਹੂਰ ਜਗ ਸਾਰੇ, ਕੀਤੇ ਕੌਲ ਕਰਾਰ ਵਿਸਾਰੇ
ਇਹ ਮਤ ਕਿਸ ਕਹੀ । ੩ ।

ਚਲ ਵੇ ਦਿਆਲ ਸਿੰਘਾ ਬਨੁ ਭਾਲੀਂ, ਸੁੰਞੇ ਮਹਲ ਹਵੇਲੀ ਖਾਲੀ,
ਛਡ ਗਿਓ ਨੰਦ ਮਹਿਰ ਦਾ ਪਾਲੀ, ਹੁਣ ਤਾਂ ਮਰ ਰਹੀਆਂ ਸਭ ਗੁਵਾਲੀ
ਜਾਣੀ ਗੱਲ ਸਹੀ । ੪ । ੭ ।

ਦੋਹਰਾ—ਕੰਤਾਂ ਨਾਲ ਸਹੇਲੀਆਂ, ਕੱਤਕ ਕਰਨ ਪਿਆਰ
ਵਿਸਰੇ ਲੇਫ ਨਿਹਾਲੀਆਂ, ਲਾਇ ਸਵਨ ਗਲ ਯਾਰ । ੧ ।

ਛੰਦ—ਚੜ੍ਹਦੇ ਕਤਕ ਸੁਣਹੁ ਸਹੇਲੀ, ਕੌਲ ਕਰਾਰ ਵਿਸਾਰੇ ਬੇਲੀ
ਮੇਰੀ ਸੁੰਞੀ ਸੇਜ ਇਕੇਲੀ, ਸਾਈਆਂ ਕਦੀ ਤਾਂ ਸਾਨੂੰ ਮੇਲੀਂ
ਸੁੰਦਰ ਸ਼ਿਆਮ ਜੀ ।

ਸਖੀਓ ! ਉਸਨੂੰ ਦੋਸ਼ ਨ ਕੋਈ, ਜਿਹੜੀ ਕਰਮ ਲਿਖੀ ਸੋ ਹੋਈ
ਕ੍ਰਿਸ਼ਨ ਭੀ ਓਹੀ ਸ਼ਾਮ ਭੀ ਓਹੀ, ਮਾਲਾ ਉਸਦੇ ਨਾਮ ਪਰੋਈ
ਮਣਕਾ ਰਾਮ ਜੀ । ੨ ।

ਮੈਂ ਨਿਤ ਕੂੰਜ ਵਾਂਗ ਕੁਰਲਾਂਦੀ, ਨੈਣੀ ਨੀਂਦਰ ਜ਼ਰਾ ਨ ਪਾਂਦੀ
ਕਦੀ ਸਿਰ੍ਹਾਂਦੀ ਕਦੀ ਪਵਾਂਦੀ, ਢੂੰਡ ਰਹੀ ਸੁਖ ਨੂੰ ਬਿਲਲਾਂਦੀ
ਕਿਤੇ ਨ ਅਰਾਮ ਜੀ । ੩ ।

ਸੁਣ ਵੇ ਦਿਆਲ ਸਿੰਘਾ ਸੱਦ ਪੰਡਤ, ਦਸ ਉਪਾਇ ਪਾਪ ਕਰ ਖੰਡਤ
ਖਾਲੀ ਪਏ ਮਹਿਲ ਤੇ ਮੰਡਪ, ਮੈਂ ਤਾਂ ਭਈ ਦੀਵਾਨੀ ਰੰਡਤ
ਹੋਈ ਖਾਮ ਜੀ । ੪ । ੮ ।

ਦੋਹਰਾ—ਮੰਘਰ ਮਹੀਨੇ ਮਰ ਰਹੀ, ਲਾਲ ਨ ਆਇਓ ਮੂਲ
ਕੁਬਜਾ ਕੇ ਗ੍ਰਿਹਿ ਰਮ ਰਹਿਓ, ਮੇਰੇ ਅੰਦਰ ਉਠਿਓ ਸੂਲ । ੧ ।

ਛੰਦ—ਚੜ੍ਹਦੇ ਮਘਰ ਰੋਵਾਂ ਧਾਹੀਂ, ਸਖੀਆਂ ਸੌਣ ਸਿਰੀਂ ਦੇ ਬਾਹੀਂ
ਸੱਜਣ ਲਾਇ ਸਵਨ ਗਲ ਮਾਹੀਂ, ਮੇਰੇ ਅੰਦਰ ਭੜਕਨ ਭਾਹੀਂ
ਹੁਣ ਮੈਂ ਕੀ ਕਰਾਂ । ੧ ।



Sri Satguru Jagjit Singh Ji eLibrary NamdhariElibrary@gmail.com

ਹਾਇ ! ਮੈਂ ਮਰਦੀ ਸੇਜ ਇਕੱਲੀ, ਨਿਕਲ ਜਾਨ ਸਰੀਰੋਂ ਚਲੀ
ਕਾਈ ਖਬਰ ਨ ਦਿਲਬਰ ਘੱਲੀ, ਕਾਈ ਵੇਦਨ ਪਈ ਅਵੱਲੀ
ਮੈਂ ਕੁਝ ਖਾ ਮਰਾਂ । ੨ ।
ਮੈਂ ਕਿਉਂ ਪਾਪਣ ਜਗ ਤੇ ਆਈ, ਸ਼ਾਦੀ ਕਦੇ ਨ ਡਿਠੀਆ ਮਾਈ
ਮੈਂ ਤਾਂ ਰੋਂਦਿਆਂ ਜਿੰਦ ਗਵਾਈ, ਮੇਰੀ ਬੁਰੀ ਕੰਬਖਤੀ ਆਈ
ਐਡੇ ਦੁਖ ਜਰਾਂ । ੩ ।
ਸੁਣ ਵੇ ਦਿਆਲ ਸਿੰਘਾ ਗੱਲ ਮੇਰੀ, ਕਹੀਂ ਸਿਆਮ ਨੂੰ ਹਥ ਬੰਨ੍ਹ ਤੇਰੀ
ਕਿਉ ਕਰ ਕੀਤੀ ਇਤਨੀ ਦੇਰੀ, ਮੁੜ ਕੇ ਬ੍ਰਿਜ ਵਿਚ ਪਾਈਂ ਫੇਰੀ
ਡੁਬਦੀ ਮੈਂ ਤਰਾਂ । ੪ ।
ਦੋਹਰਾ–ਪੋਹ ਬਰਫ ਪਉਂਦੀ ਘਣੀ, ਪਾਲਾ ਪਵੇ ਅਪਾਰ
ਜੇ ਜਾਣਾ ਤੂੰ ਛੋਡਸੈਂ, ਕਿਉਂ ਕਰਦੀ ਮੈਂ ਪਿਆਰ । ੧ ।
ਛੰਦ–ਚੜਦੇ ਪੋਹੁ ਸ਼ਾਮ ਨਹੀਂ ਆਏ, ਗੋਡੇ ਨਾਲ ਹਿਕ ਮੈਂ ਲਾਏ
ਦੁਖਾਂ ਸੂਲਾਂ ਘੇਰੇ ਪਾਏ, ਘਰ ਵਿਚ ਸੱਸ ਬੋਲੀਆਂ ਲਾਏ
ਕਿਸੇ ਨ ਭਾਉਂਦੀ । ੧ ।
ਹੈਸਾਂ ਮੈਂ ਕਰਮਾਂ ਦੀ ਮਾਰੀ, ਮੈਨੂੰ ਛਡ ਗਇਓਂ ਵਿਚ ਉਜਾੜੀਂ
ਮੈਂ ਲੋਕਾਂ ਦੀਆਂ ਬੋਲੀਆਂ ਸਾੜੀ, ਕੁਬਜਾ ਲੈ ਵਿਚ ਡੋਲੀ ਚਾੜ੍ਹੀ
ਪ੍ਰਭੂ ਜੋ ਭਾਉਂਦੀ । ੨ ।
ਲਗਦੇ ਮਹੁਰਾ ਲੇਫ ਸਿਰਾਣੇ, ਦਿਲ ਦੀ ਵੇਦਨ ਕੋਈ ਜਾਣੇ
ਕੁਬਜਾਂ ਸੌਂਕਣ ਮੌਜਾਂ ਮਾਣੇ, ਨਿਤ ਨਿਤ ਰੋਂਦੇ ਨੈਣ ਨਿਮਾਣੇ
ਤਾਨ੍ਹੇ ਲਾਉਂਦੀ । ੩ ।
ਸੁਣ ਵੇ ਦਿਆਲ ਸਿੰਘਾ ਦਸ ਮੈਨੂੰ, ਕੋਈ ਨ ਦਰਦੀ ਭੇਜਾਂ ਕੈਨੂੰ
ਜਾਹੁ ਤੂੰਹੇ ਹੱਥ ਜੋੜਾਂ ਤੈਨੂੰ, ਸੁੰਦਰ ਸ਼ਾਮ ਮਿਲੇ ਹੁਣ ਮੈਨੂੰ
ਵੇਦਨ ਜਾਂਵਦੀ । ੪ । ੧੦ ।
ਦੋਹਰਾ–ਮਾਘ ਮਾਸ ਕਰ ਜੋੜਦੀ, ਚਰਨੀਂ ਸੀਸ ਟਿਕਾਇ
ਹੇ ਮਾਤਾ ਤੂੰ ਅੰਬਕੇ ! ਸੁੰਦਰ ਸ਼ਾਮ ਮਿਲਾਇ ।
ਛੰਦ–ਚੜਦੇ ਮਾਘ ਮਨਾਈ ਜੁਆਲਾ, ਮੇਲੀਂ ਨੰਦ ਮਹਿਰ ਦਾ ਬਾਲਾ
ਗੋਪੀ ਗੁਆਲ ਗਊਅਨ ਰਖਵਾਲਾ, ਜਿਉਂਕਰ ਲਿਆਵੀਂ ਕਰਕੇ ਟਾਲਾ
ਕਿਵੇਂ ਮਿਲਾਵਣਾ । ੧ ।
ਹੇ ਮਾਤਾ ! ਤੂੰ ਹੈਂ ਵਰਦਾਤੀ । ਏਹ ਗੱਲ ਮਸ਼ਹੂਰ ਜਗ ਜਾਤੀ
ਮੈਂ ਸਿਮਰਾਂ ਤੈਨੂੰ ਦਿਨ ਰਾਤੀ, ਸਾਨੂੰ ਸ਼ਾਮ ਮਿਲੇ ਲਗ ਛਾਤੀ
ਦਰਦ ਮਿਟਾਵਣਾ । ੨ ।



Sri Satguru Jagjit Singh Ji eLibrary NamdhariElibrary@gmail.com

ਹਥ ਜੋੜਾਂ ਬਿਨਤੀ ਲਖ ਵਾਰੀ, ਅਗਲੀ ਗੱਲ ਨ ਅਸਾਂ ਵਿਸਾਰੀ
ਜੇਹੜੀ ਸਾਮ ਕ੍ਰੀੜਾ ਧਾਰੀ, ਕਬੀ ਮਿਲੇ ਅਬ ਕੇ ਹੁਣ ਵਾਰੀ
ਤੂੰ ਹੀ ਰਿਝਾਵਣਾ । ੩ ।
ਸੁਣ ਵੇ ਦਿਆਲ ਸਿੰਘ ਜਗ ਮਾਈ, ਵਰਦਾਤੀ ਬੇਦੀਂ ਮਿਲ ਗਾਈ
ਮੈਂ ਪਈਆਂ ਤਿਸਦੀ ਸਰਣਾਈ, ਸੁੰਵੀ ਸੇਜ ਪਈ ਹੁਣ ਮਾਈ
ਤੂੰ ਹੈ ਰੰਗ ਲਾਵਣਾ । ੪ । ੧੧ ।

ਦੋਹਰਾ–ਦੇਵੀ ਦੇ ਦਰ ਜਾਇਕੇ, ਕੀਆ ਉਦਾਸੀ ਚੀਤਿ
ਜਿਉਂ ਗੁਡੀਆਂ ਬਸ ਡੋਰ ਹੈ, ਤਿਉ ਪ੍ਰੀਤਮ ਬਸ ਪ੍ਰੀਤਿ । ੧ ।

ਛੰਦ– ਚੜਦੇ ਫਗਨ ਲਗੀ ਬਹਾਰ, ਗਲ ਵਿਚ ਪਾਈਏ ਫੁਲਾਂ ਹਾਰ
ਮੇਰੇ ਘਰ ਆਏ ਕਰਤਾਰ, ਪਾਲੇ ਲਹਿ ਗਏ ਲੱਖ ਹਜ਼ਾਰ
ਮਿਲਣ ਵਧਾਈਆਂ ।
ਰਥ ਚੜ੍ਹਕੇ ਹੁਣ ਪ੍ਰਭੁ ਜੀ ਆਏ, ਸਰਸੇ ਬ੍ਰਿਜ ਦੇ ਲੋਕ ਸਵਾਏ
ਮੁੜ ਕਰ ਗਿਰਧਰ ਫੇਰੇ ਪਾਏ, ਸਖੀਆਂ ਹਾਰ ਸ਼ਿੰਗਾਰ ਬਣਾਏ
ਹੋਣ ਸਵਾਣੀਆਂ । ੨ ।
ਰਾਧੇ ਕੀਏ ਨਵੇਂ ਸ਼ਿੰਗਾਰ, ਮਾਂਗ ਸੰਧੂਰ ਬਣੀ ਸਿਰਦਾਰ
ਸੇਜ ਵਿਛਾਈ ਖੂਬ ਸਵਾਰ, ਊਪਰ ਬੈਠੇ ਆਪ ਮੁਰਾਰ
ਨਵ ਨਿਧਿ ਪਾਈਆਂ । ੩ ।
ਜੀਵੇਂ ਦਿਆਲ ਸਿੰਘਾ ਤੂੰ ਭਾਈ, ਮੈਂ ਹੁਣ ਪ੍ਰਭ ਜੀ ਅੰਗ ਲਗਾਈ
ਮੇਰੀ ਇਛ ਪੁੰਨੀ ਵਰ ਆਈ, ਤਨ ਵਿਚ ਪੀੜ ਨ ਰਹੀਆ ਕਾਈ
ਸਭੇ ਗਵਾਈਆਂ । ੪ । ੧੨ ।

ਦੋਹਰਾ–ਜਿਉਂ ਸੁਖ ਰਾਧੇ ਜੀ ਲਯੋ, ਤਿਉ ਸੁਖ ਦੀਜੈ ਸਿਆਮ
ਚਿੰਤਾ ਸਗਲਿ ਮਿਟਾਈਐ, ਪਾਵਉਂ ਸੁਖ ਬਿਸਰਾਮ ।





Sri Satguru Jagjit Singh Ji eLibrary NamdhariElibrary@gmail.com

## ੧੪. ਬਾਰਾਂਮਾਹ ਮੁਹੰਮਦ ਅਜ਼ੀਮ ਦਾ

ਸਈਓ ! ਜਬ ਚੜ੍ਹੀ ਬਹਾਰ ਚੇਤਰ ਦੀ, ਫੂਲੇ ਫੂਲ ਬਸੰਤ ਅਮਰ ਦੀ
ਮੌਸਮ ਸਬਜ਼ ਗੁਲਾਬੀ ਸਰਦੀ, ਦਿਲਬਰ ਕੀਤੀ ਤਾਂਘ ਸਫਰ ਦੀ।
ਅਜੁ ਛਡਿ ਚਲਿਓ ਬਾਂਦੀ ਘਰ ਦੀ, ਅਚਣਚੇਤ ਹੋਈ ਤਨ ਜ਼ਰਦੀ
ਵਾਂਗੁ ਗੁਲਾਮਾਂ ਅਰਜ਼ਾਂ ਕਰਦੀ, ਦਿਲ ਤੋਂ ਲਾਹਿ ਮੁਹਬਤ ਜਰ ਦੀ
ਇਸ ਵਿਛੋੜੇ ਥੋਂ ਮੈਂ ਡਰਦੀ, ਮਿੰਨਤ ਕੌਣ ਕਰੇ ਦਿਲਬਰ ਦੀ
ਤੇਰੇ ਮੁਖ ਡਿਠਿਆਂ ਬਿਨੁ ਮਰਦੀ, ਬਾਂਦੀ ਜ਼ਰਖਰੀਦ। ੧।
ਮੇਰਾ ਦਿਲਬਰ ਬਹੁਤ ਗੁਮਾਨੀ, ਉਸਦਾ ਜਗ ਵਿਚਿ ਕੋਈ ਨ ਸਾਨੀ
ਰੋਸ਼ਨ ਚੇਹਰਾ ਨੂਰ ਪੇਸ਼ਾਨੀ, ਜਾਂ ਉਹ ਕਰਦਾ ਸੁਖ਼ਨ ਜ਼ਬਾਨੀ
ਮਜਲਸ ਹੋਂਦੀ ਗੁਲ ਅਫ਼ਸਾਨੀ, ਅਜ ਛਡ ਚਲਿਓ ਜੂਹ ਬਿਗਾਨੀ
ਪਕੜੀ ਹਥਿ ਕਮਾਨਾਂ ਕਿਆਨੀ, ਮੈ ਤਨ ਮਾਰ ਜਿਗਰ ਵਿਚਿ ਕਾਨੀ
ਲੂੰ ਲੂੰ ਧਾਇਆ ਇਸ਼ਕੁ ਤੂਫਾਨੀ, ਕੁਸਾ ਹੋ ਦੁੰਬਾ ਕੁਰਬਾਨੀ,ਅਗੇ ਯਾਰ ਦੇ।੨।
ਮੇਰਾ ਯਾਰੁ ਖੜੋਤਾ ਦਰਮਾ, ਨਿਸਲ ਕਦ ਬਿਲੰਦ ਕਦਰਮਾ
ਸਾਨੀ ਅਫਲਾਤੂਨ ਹੁਨਰ ਦਾ, ਰੌਸ਼ਨ ਹੋਇਆ ਬਰ ਰਬ ਹਰਮਾ
ਜਿਉ ਕਰਿ ਯੂਸਫ ਮਿਸਰ ਸ਼ਹਿਰ ਮਾਂ, ਘਾਇਲ ਕਰ ਗਿਆ ਇਸ਼ਕ ਨਜ਼ਰ ਮਾਂ
ਤੀਰ ਕਮਾਨ ਕਟਾਰ ਕਮਰ ਮਾਂ, ਜ਼ਖਮ ਕਰੇ ਹਰਿ ਜਾਨ ਜਿਗਰ ਮਾਂ
ਰੁਸਤਮ ਦਿਲ ਸ਼ਮਸ਼ੇਰ ਸੀਅਰ ਮਾਂ, ਹੋ ਅਸਵਾਰ ਚੜੇ ਸ਼ਾਹ ਪਰਮਾਂ।
ਜਾਂ ਉਹ ਰੱਖੇ ਕਦਮ ਫਰਮਾਂ, ਚੁੰਮਾਂ ਖਾਕ ਬਹਾਂ ਉਸ ਦਰਮਾ,
ਛੋਡ ਨ ਜਾਹੁ ਤੂੰ। ੩।

ਦਿਲਬਰ ਹੋਇਆ ਉਦਾਸੀ ਪਲ ਵਿਚਿ, ਕਰਿ ਕੇ ਕੂਚ ਚਲਿਆ ਕਾਬਲ ਵਿਚਿ
ਓਹੁ ਸਜ਼ਾਦਾ ਰੌਸ਼ਨ ਦਲ ਵਿਚ, ਰਾਹ ਬਲਾਈਂ ਡੂੰਗਰ ਥਲ ਵਿਚਿ
ਅਲ੍ਹਾ ਹਾਫਜ਼ ਜੂਹ ਜੰਗਲ ਵਿਚ, ਰੋਂਦੀ ਛਡ ਗਇਆ ਰੰਗ ਮਹਲ ਵਿਚ
ਭਿੰਨੇ ਰਹਿ ਗਏ ਕੇਸ ਸੰਦਲ ਵਿਚ, ਖੂਬੀ ਰਹਿ ਗਈ ਜ਼ੁਲਫ ਕੁੰਡਲ ਵਿਚ
ਹੁਣ ਲਿਟਾਂ ਖੁਲ੍ਹ ਪਈਆਂ ਗਲਿ ਵਿਚ, ਬਾਕੀ ਰਹੀ ਨਾ ਕੁਝ ਅਜਲ ਵਿਚ
ਮਰਾਂ ਅਜ਼ੀਮਾ ! ਅਜੁ ਕਿ ਕਲ ਵਿਚਿ, ਦਿਲਬਰ ਵਿਛੁੜੇ। ੧।
ਮਾਹੁ ਵਿਸਾਖ ਚੜੇ ਖੁਸ਼ ਦਮ ਥੀਂ, ਖਿੜੇ ਗੁਲਾਬ ਖੁਸ਼ੀ ਹੋਇ ਨਮ ਥੀਂ


Sri Satguru Jagjit Singh Ji eLibrary NamdhariElibrary@gmail.com

ਮੇਵੇ ਮਸਤੁ ਬਹਿਸ਼ਤ ਇਰਮ ਥੀਂ, ਭਾਗ ਬਿਨਾ ਸੋ ਖਾਨ ਕਰਮ ਥੀਂ
ਸਈਆਂ ਕਰਨ ਸ਼ਿੰਗਾਰ ਰਸਮ ਥੀਂ, ਮਿਲਦੀਆਂ ਨਾਰੀ ਕੰਤ ਰਹਮ ਥੀਂ
ਮੈ ਹਤਿਯਾਰੀ ਜਨਮ ਜਨਮ ਥੀਂ, ਰਹੀ ਦੁਰਾਡੀ ਓਸ ਪ੍ਰੀਤਮ ਥੀਂ
ਜ਼ੁਲਫ਼ਾਂ ਹੋਈਆਂ ਅਨ੍ਹੇ ਖਮ ਥੀਂ, ਮੈ ਤਨ ਮਾਰਨ ਡੰਗ ਸਿਤਮ ਥੀਂ
ਇਕ ਦਮ ਰਹਾਂ ਨ ਖਾਲੀ ਗ਼ਮ ਥੀਂ, ਹੁਣ ਮਰ ਵੈਸਾਂ ਦਰਦ ਅਲਮ ਥੀਂ
ਬਾਝਹੁ ਦਿਲਬਰਾਂ ।

ਮੈ ਨਾਲਿ ਕਿਆ ਕੀਤੋ ਕਰਤਾਰਾ, ਜੁਦਾ ਕੀਤੋ ਓਹੁ ਯਾਰੁ ਪਿਆਰਾ
ਸਿਰਿ ਪਰਿ ਘੁਰਿਆ ਕੂਚ ਨਗਾਰਾ, ਲੱਦੀ ਰਸਤ ਚਲਿਆ ਵਣਜਾਰਾ
ਖਾਕ ਸੁਤਾ ਗਲਿ ਲਾਇ ਬਿਚਾਰਾ, ਸਾਨੂੰ ਇਹੁ ਜਗੁ ਧੁੰਧੂਕਾਰਾ
ਚਾਰੋਂ ਤਰਫ ਅਨੇਰੁ ਗੁਬਾਰਾ, ਢੂੰਡਾਂ ਥਲ ਡੂੰਗਰ ਜਗੁ ਸਾਰਾ
ਤਾਂ ਓਹੁ ਸੂਰਤ ਅਪਰ ਅਪਾਰਾ, ਜਿਸ ਬਿਨ ਤੜਫੇ ਜੀਉ ਹਮਾਰਾ
ਦਾਰੂ ਦੇਹ ਕੋਈ ਹਾਦਕੁ ਭਾਰਾ,ਮਰਾਂ ਤ ਹੋਵੈ ਪਾਰ ਉਤਾਰਾ ਮਿਲਾਂ ਪਿਆਰਿਆਂ ।
ਅਜੁ ਕਰਿ ਕੂਚੁ ਪਿਆਰਾ ਚਲਿਆ, ਛੱਠਾ ਦਰ ਉਸ ਰੰਗ ਮਹਲ ਦਾ
ਹੁਸਨ ਗਿਆ ਉਸ ਜ਼ੁਲਫ ਕੁੰਡਲ ਦਾ, ਤੁਟਾ ਤਾਰ ਤਤੀ ਦੇ ਗਲ ਦਾ
ਗਮ ਪ੍ਰੀਤਮ ਦਾ ਸੀਨਾ ਮਲਦਾ, ਕਰਿ ਆਹੀਂ ਦਿਲ ਢਾਂਢੀ ਬਲਦਾ
ਇਹ ਤਨੁ ਵਾਂਗ ਕਬਾਬਾਂ ਜਲਦਾ, ਜੋ ਦਿਲ ਮਾਇਲ ਇਸ ਸ਼ਕਲ ਦਾ
ਸੰਗੋ ਘੁਸ ਕੁਸੰਗ ਨ ਰਲਦਾ, ਤਾਕੋ ਆਮਲੁ ਇਸ ਅਮਲ ਦਾ
ਜਾਣੇ ਨੁਕਤਾ ਇਲਮ ਰਮਲ ਦਾ, ਸਾਨੂੰ ਦਾਰੂ ਦੇਹ ਅਜਲ ਦਾ
ਮਰ ਕੇ ਮਤ ਮਿਲਾਂ ।
ਦਖਣ ਪੂਰਬ ਮੁਲਕ ਗਨੀਮਾਂ, ਜਿਤ ਵਲ ਦਿਲਬਰ ਕਰਨ ਮੁਹੀਮਾ
ਪੀੜ ਘੋੜ ਘਤ ਜਾਮਾ ਨੀਮਾ, ਛੋਡਿ ਚਲਿਆ ਮਲਕੀ ਜਿਉ ਕੀਮਾ
ਵਾਢੀ ਹੋਈ ਵਾਂਗ ਯਤੀਮਾਂ, ਇਸ਼ਕ ਛੁਰੀ ਤਨ ਕਰਦਾ ਕੀਮਾ
ਪੁਛ ਪੁਛ ਰਹੀ ਤਬੀਬ ਹਕੀਮਾਂ, ਜਾਂ ਮੈਂ ਜੀਉ ਕਰਾਂ ਤਸਲੀਮਾਂ
ਕੋਈ ਕਰ ਤੂੰ ਕਰਮ ਕਰੀਮਾਂ, ਮੁਰਦੇ ਫੇਰ ਜਿਵਾਇ ਅਜ਼ੀਮਾ
ਮੁਖ ਵਿਖਾਇਕੇ । ੨ ।

ਭਲਾ ਜਬ ਜੇਠ ਮਹੀਨਾ ਆਇਆ, ਸਭ ਜਗ ਆਖੇ ਮੁਲਖੁ ਸੁਹਾਇਆ
ਸਈਆਂ ਮਾਂਗ ਸੰਧੂਰ ਭਰਾਇਆ, ਲੈ ਸੁਰਮਾ ਨੈਣੀਂ ਮਟਕਾਇਆ
ਹਰ ਯਕ ਦਿਲਬਰ ਲੈ ਗਲ ਲਾਇਆ, ਸੁਖ ਦੀ ਸੇਜੇ ਮਨ ਪਰਚਾਇਆ
ਮੈਂ ਭੀ ਦਿਲ ਵਿਚ ਚਾਉ ਰਚਾਇਆ, ਸਈਆਂ ਅਚਣਚੇਤ ਸੁਣਾਇਆ
ਤੇਰਾ ਦਿਲਬਰ ਉਠਿ ਸਿਧਾਇਆ, ਤਾਂ ਮੈਂ ਹਾਰ ਸ਼ਿੰਗਾਰੁ ਰੁੜ੍ਹਾਇਆ
ਲਿਟਾਂ ਖੋਲ੍ਹਿ ਘੱਟਾ ਸਿਰ ਪਾਇਆ, ਹੁਣ ਕੀ ਕੀਤੋ ਬਾਰ ਖੁਦਾਇਆ
ਮੇਰੇ ਬਾਬ ਤੈਂ ।



Sri Satguru Jagjit Singh Ji eLibrary NamdhariElibrary@gmail.com

ਨੈਨ ਸੁਦਰਸੀ ਦਿਲਬਰੁ ਮੇਰਾ, ਯੂਸਫ ਸਾਨੀ ਬਲਕੁ ਚੰਗੇਰਾ
ਅਸੁ ਉਠਿ ਚਲਿਆ ਛੋਡਿ ਬਸੇਰਾ, ਜੂਹ ਬਿਰਾਨੀ ਪਾਇਓਸੁ ਡੇਰਾ
ਮੈ ਤੱਤੀ ਦਾ ਹਾਲੁ ਭਲੇਰਾ, ਸੂਲਾਂ ਤਨ ਮਨੁ ਪਾਇਓ ਘੇਰਾ
ਭਾਹਿ ਪ੍ਰੇਮ ਸਾੜੇ ਬਹੁਤੇਰਾ, ਭੁਜ ਕਬਾਬ ਹੋਇਆ ਦਿਲ ਬੇਰਾਂ
ਕੂਕਾਂ ਕਰਿ ਆਵਾਜ਼ ਉਚੇਰਾ, ਤੂੰ ਘਰਿ ਆਉ ਬਹਾਦਰ ਸ਼ੇਰਾ !
ਔਖੇ ਵਕਤ ਕਰੀਂ ਤੂੰ ਫੇਰਾ, ਜੇ ਮੈਂ ਵੇਖਾਂ ਹੁਣ ਮੁਖ ਤੇਰਾ
ਸਭ ਦੁਖ ਜਾਣਗੇ । ੨ ।
ਅਠੇ ਪਹਿਰ ਜੋਬਨ ਮਦਮਾਤੀ, ਬਾਝੁ ਪੀਆ ਨਿਤ ਰਹਾਂ ਚੁਪਾਤੀ
ਜਲਨੀ ਹਾਂ ਜਿਉਂ ਦੀਅ ਵਿਚਿ ਬਾਤੀ, ਜ਼ਾਲਮ ਬ੍ਰਿਹੋ ਕਸਾਈ ਜਾਤੀ
ਹੁਣ ਗੁਲ ਭੌਰਾਂ ਰੁਤ ਪਛਾਤੀ, ਬਾਝੋਂ ਦਿਲਬਰ ਅਸਾਂ ਮਵਾਤੀ
ਜੇ ਓਹੁ ਦਿਲਬਰ ਪਾਵੇ ਝਾਤੀ, ਮਰਦੀ ਲਹਾਂ ਮੈ ਫੇਰ ਹਯਾਤੀ
ਖੁਸ਼ੀਆਂ ਮਾਣਸਾਂ । ੩ ।
ਆਵਣ ਯਾਰ ਭਲੀ ਰੁਤ ਆਈ, ਜੈਂਦੇ ਕਾਰਨ ਮਾਂਗ ਭਰਾਈ
ਰੇਸ਼ਮ ਅੰਗ ਪੁਸ਼ਾਕ ਲਗਾਈ, ਗਲ ਦੀ ਮਾਲਾ ਸਹਿਜ ਘੜਾਈ
ਰਹੀ ਉਡੀਕ ਕਬਹੂੰ ਪਛਤਾਈ, ਕੰਤ ਅਣੋਖੇ ਮੁੱਦਤ ਲਾਈ
ਹੋਏ ਬਿਗਾਨੇ ਭੈਣਾਂ ਭਾਈ, ਤਾਨ੍ਹੇ ਦੇਂਦੀ ਸਭ ਲੁਕਾਈ
ਵੈਸਾਂ ਯਾਰ ਬਿਨਾ ਕਿਤ ਜਾਈ, ਮੇਰੀ ਜਾਨ ਲਬਾਂ ਤੇ ਆਈ
ਬਿਰਹੋ ਮਾਰ ਅਜ਼ੀਮ ਮੁਕਾਈ, ਮਰਸਾਂ ਯਾਰ ਬਿਨੁ । ੪ । ੩ ।

ਚੜ੍ਹਦੇ ਹਾੜ ਹਾਹੁੜੇ ਸਾਨੂੰ, ਛਡਿ ਕਰਿ ਚਲੇ ਯਾਰ ਘਰਾਂ ਨੂੰ
ਜਿਉ ਕਰਿ ਭੌਰਿ ਬਹਾਰ ਖਿਜ਼ਾਂ ਨੂੰ, ਛੋਡਿ ਚਲੇ ਗੁਲ ਬਾਗ ਗੁਲਾਂ ਨੂੰ
ਲਖ ਲਖ ਅਰਜ਼ ਕਰਾਂ ਮਿਤਰਾਂ ਨੂੰ, ਛੋਡਿ ਨ ਜਾਹਿ ਮਹਲ ਦਰਾਂ ਨੂੰ
ਮਿਹਰ ਨ ਆਈਆ ਦਿਲਬਰਾਂ ਨੂੰ, ਲਗਾ ਦਰਦ ਫਿਰਾਕ ਦਿਲਾਂ ਨੂੰ
ਜੇ ਅਜੁ ਹੋਂਦਾ ਇਸ਼ਕ ਦੁਹਾਂ ਨੂੰ, ਨਾ ਛਡ ਜਾਂਦਾ ਦਰਦਵੰਦਾਂ ਨੂੰ
ਮੈਂ ਕੀ ਦੋਸੁ ਧਰਾਂ ਮਿਤਰਾਂ ਨੂੰ, ਪਕੜੀ ਆਪਣਿਆਂ ਕਰਮਾਂ ਨੂੰ
ਅੰਗ ਸਹੇਲੀਓ ! ੧ ।

ਜਾ ਮੈਂ ਪਾਸ ਸਜਣ ਸਾਂ ਬਹਿੰਦੀ, ਲਾਇ ਧੜੀ ਸਿਰ ਹਥੀਂ ਮਹਿੰਦੀ ।
ਰਖ ਸੁਫੈਦੀ ਅੰਗੁਲ ਨਹਿ ਦੀ, ਸੁਖਨੁ ਮਿਠੇ ਦਿਲਬਰ ਨੂੰ ਕਹਿੰਦੀ ।
ਹਰਦਮ ਨਾਲਿ ਖੁਸ਼ਾਮਦਿ ਰਹਿੰਦੀ, ਪਕੜੀ ਸਾਮਤਿ ਕਿਸੇ ਗੁਨਹ ਦੀ
ਇਹ ਦੁਖ ਜਾਨ ਨਿਮਾਣੀ ਸਹਿੰਦੀ, ਮੈਥੋਂ ਕੁਲ ਲੁਕਾਈ ਤ੍ਰੁਹ ਦੀ
ਫਿਰਨੀ ਹਾਂ ਸਭਸ ਕਿਸੇ ਥੋਂ ਛਹਿੰਦੀ, ਨਾਜ਼ਕ ਦੇਹ ਸਜ਼ਾਈ ਲਹਿੰਦੀ
ਲਿਖੀ ਕਲਮ ਮੇਰੇ ਸਿਰ ਬਹਿੰਦੀ, ਦੋਸੁ ਨ ਕਿਸੇ ਨੂੰ । ੨ ।
ਜਾਂ ਬਹਿੰਦੀ ਸਾਂ ਪਿਉ ਘਰਿ ਸਾਈਆਂ, ਮਾਪੇ ਦੇਂਦੇ ਬਹੁਤ ਵਡਿਆਈਆਂ



Sri Satguru Jagjit Singh Ji eLibrary NamdhariElibrary@gmail.com

ਬਹੁ ਪਿਆਰੀ ਭੈਣਾਂ ਭਾਈਆਂ, ਕਰਦੀ ਅੰਤ ਬਹੁ ਚਤੁਰਾਈਆਂ
ਜਾ ਹੁਣ ਧਾਰਾਂ ਇਸ਼ਕ ਚੁੰਘਾਈਆਂ, ਦੇ ਦੇ ਭੈਨੇ ਸਭ ਦੁਹਾਈਆਂ
ਦੁਸ਼ਮਣ ਕੁਲ ਹੋਏ ਸਣੁ ਦਾਈਆਂ, ਗੱਲਾਂ ਪੇਸ਼ ਅਸਾਡੇ ਆਈਆਂ
ਚਸ਼ਮਾਂ ਕਿਸ ਸ਼ਾਮਤ ਨੂੰ ਲਾਈਆਂ, ਤਾਨ੍ਹੇ ਦੇਵਣ ਭੈਣ ਭਰਜਾਈਆਂ
ਨੀ ਮੈਂ ਗੱਲਾਂ ਸਭ ਗਵਾਈਆਂ, ਤਾਂ ਕੁਝ ਨ ਵੱਟਿਆ ।
ਨੀ ਉਹੁ ਦਿਲਬਰ ਬਹੁਤ ਸਿਆਣੇ, ਮੇਰੇ ਜਾਨੀ ਯਾਰ ਪੁਰਾਣੇ
ਕਰਿ ਕਰਿ ਚਲੇ ਜ਼ੋਰੁ ਧਿਙਾਣੇ, ਖਾਲੀ ਛਡਿ ਮੁਕਾਮ ਟਿਕਾਣੇ
ਖਾਵਣ ਢੁਕੇ ਤੁਲ ਸਿਰ੍ਹਾਣੇ, ਹਰ ਦਮ ਸੁੱਵਾ ਬ੍ਰਿਹੋਂ ਰਵਾਣੇ
ਸਾਡੀਆਂ ਕੌਣ ਦਿਲਾਂ ਦੀਆਂ ਜਾਣੇ, ਦਰਿ ਦਰਿ ਫਿਰਦੀ ਮੁਹੁ ਕੁਮਲਾਣੇ
ਪਛੋਤਾਣੀ ਵਖਤ ਵਿਹਾਣੇ, ਪੁਛ ਗਿਛ ਰਹੀ ਤਬੀਬ ਸਿਆਣੇ
ਮੇਰੀ ਜ਼ਹਮਤ ਕੋਈ ਨ ਜਾਣੇ, ਮੈਂ ਪਰ ਹੋਵਣ ਕਰਮ ਰਬਾਣੇ
ਸਾਈ ਫੇਰ ਮਿਤ੍ਰਾਂ ਘਰਿ ਆਣੇ, ਪੜ੍ਹਾਂ ਅਜ਼ੀਮ ਸਦਾ ਸ਼ੁਕਰਾਣੇ
ਬੇਪਰਵਾਹ ਦੇ । ੪ । ੪ ।

ਸਾਵਣ ਮਾਹ ਉਛਲਨ ਨੀਰਾਂ, ਮਿਲੇ ਮੀਤ ਸੇਵਾਂ ਗੁਰਪੀਰਾਂ
ਸਭ ਜਗ ਚੈਨ ਮੈ ਹਾਂ ਦਿਲਗੀਰਾਂ, ਸਾਈਆਂ ਮੈਂ ਵਿਚ ਕੀ ਤਕਸੀਰਾਂ,
ਖੱਸ ਲਈਆਂ ਯਾਰ ਦਿਲਾਂ ਦੀਆਂ ਧੀਰਾਂ, ਢੂੰਢ ਰਹੀਆ ਕਾਬਲ ਕਸ਼ਮੀਰਾਂ
ਸੂਲਾਂ ਕੀਤੀ ਮੇਲ ਅਸੀਰਾਂ, ਤਾਂ ਉਹ ਸੂਰਤਿ ਪਾਕ ਨਜ਼ੀਰਾਂ
ਗ਼ਮ ਦੀਆਂ ਗਲ ਵਿਚਿ ਤਬਕ ਜੰਜ਼ੀਰਾਂ, ਬਾਝੁ ਕੰਮਾਂ ਬ੍ਰਿਹੋਂ ਦਿਆਂ ਤੀਰਾਂ
ਇਹ ਤਨ ਕੀਤਾ ਚੀਰ ਲਵੀਰਾਂ, ਨ ਜਿੰਦ ਨਿਕਲੇ । ੧ ।
ਆਏ ਸਾਵੇਂ ਸਬਜ਼ ਬਹਾਰਾਂ, ਸਈਆਂ ਖੇਡਣ ਨਾਲ ਭਤਾਰਾਂ
ਲੈ ਅੰਗ ਲਾਵਨ ਹਾਰ ਸ਼ੀਂਗਾਰਾਂ, ਕੂਚੇ, ਗਲੀ, ਮਹਲ, ਬਜ਼ਾਰਾਂ
ਘਤਿ ਪੀਂਘਾਂ ਚੜਿ ਲਹਨ ਉਲਾਰਾਂ, ਦਿਸਨਿ ਜਿਉਂ ਮੌਸਮ ਗੁਲਜ਼ਾਰਾਂ
ਸੂਹੇ ਸਾਵੇ ਰੇਸ਼ਮ ਤਾਰਾਂ, ਚਮਕਨ ਜਿਉ ਬਿਜਲੀ ਚਮਕਾਰਾਂ
ਨੀ ਮੈਂ ਮਨੋਂ ਵਿਸਾਰੀ ਯਾਰਾਂ, ਖੇਡਾਂ ਕੀਕੁਰ ਬਿਨ ਦਿਲਦਾਰਾਂ
ਹਰਦਮ ਏਹਾ ਗੱਲ ਚਿਤਾਰਾਂ, ਹੋਵੇ ਛੁਰੀ ਕਲੇਜੇ ਮਾਰਾਂ
ਝਗੜਾ ਚੁਕ ਪਵੇ । ੨ ।
ਆਇਤਿਵਾਰ ਭਲੇ ਇਹ ਸਾਵਣ, ਸਈਆਂ ਮਾਂਗ ਸੰਧੂਰ ਭਰਾਵਨ
ਹਰਯਕ ਦਿਲਬਰ ਲੈ ਗਲਿ ਲਾਵਨ, ਸਭ ਸਈਆਂ ਮਿਲ ਮਾਘਾ ਪਾਵਨ
ਝੂਟੇ ਲੈਂਦੀਆਂ ਬਾਂਹ ਲੁਡਾਵਨ, ਗਾਵਣ ਸਹਿਜ ਮਿਲਨ ਦੇ ਗਾਵਣ
ਸਾਨੂੰ ਜਾਂ ਚਿਤਿ ਬੇਲੀ ਆਵਨ, ਰੋ ਰੋ ਹੰਝੂ ਨੀਰ ਗੜਾਵਨ
ਗੁੱਝੇ ਦਰਦ ਹੱਡਾਂ ਨੂੰ ਖਾਵਨ, ਹੁਣ ਮੈਂ ਮਰ ਰਹੀ । ੩ ।
ਰੂਪ ਨਹੀ ਜੋ ਸਹੁ ਮਨ ਭਾਵਾਂ, ਕਿਤ ਬਿਧਿ ਦਿਲ ਬੇਸਬਰ ਵਿਲਾਵਾਂ



Sri Satguru Jagjit Singh Ji eLibrary NamdhariElibrary@gmail.com

ਵਸੁ ਨਹੀਂ ਜੋ ਚਾਇ ਹਟਾਵਾਂ, ਲਾਜ਼ਮ ਕੀਤੀ ਭੈਣ ਭਿਰਾਵਾਂ
ਤਾਨ੍ਹੇ ਸਭਸ ਕਿਸੇ ਦੇ ਖਾਵਾਂ, ਸਭ ਜਗ ਦੁਸ਼ਮਨ ਪਿਆ ਸਚਾਵਾਂ
ਯਾਰ ਬਿਨਾਂ ਧਿਰ ਕੇਹੜੀ ਜਾਵਾਂ, ਕਿਤੇ ਸਹਿਜ ਲਈਆਂ ਲਾਵਾਂ
ਇਹ ਦੁਖ ਕੈਂ ਦੀ ਝੋਲੀ ਪਾਵਾਂ, ਤਾਂ ਮੈਂ ਮਰਦੀ ਆਸ ਪੁਜਾਵਾਂ
ਜਾਹਿ ਅਜ਼ੀਮ ਨਹੀਂ ਮਰਿ ਜਾਵਾਂ, ਲੈ ਆਇ ਯਾਰ ਨੂੰ । ੪ । ੫ ।
ਭਲਾ ਜਬ ਮਾਹੁ ਭਾਦ੍ਰੋਂ ਚੜ੍ਹਿਆ, ਨਦੀਆਂ ਨੀਰ ਥਲੇ ਛਿਕ ਖੜਿਆ
ਘੋੜੇ ਰਾਹ ਮੁਸਾਫਰ ਚੜ੍ਹਿਆ, ਸੱਜਾ ਪੈਰ ਰਕਾਬੇ ਧਰਿਆ
ਤਾਂ ਮੈਂ ਜਾਂਦੇ ਦਾ ਲੜਿ ਫੜਿਆ, ਸਾਨੂੰ ਛੋਡਿ ਨ ਜਾਈਂ ਅੜਿਆ !
ਮੰਨ ਸਵਾਲ ਮੇਰਾ ਜੀਉ ਡਰਿਆ, ਗ਼ਮ ਦਾ ਚੋਟ ਜਿਗਰ ਵਿਚਿ ਵੜਿਆ
ਸਬਰੁ ਕਰਾਰ ਸਭੋ ਲੁਟ ਖੜਿਆ, ਇਹ ਦਿਲ ਕਿਸ ਸ਼ਾਮਤ ਨੂੰ ਫੜਿਆ
ਗਲ ਦਾ ਹਾਰੁ ਜੜਾਈ ਜੜਿਆ, ਤੋੜਾ ਮਰਨ ਉਤੇ ਜੀਉ ਧਰਿਆ
ਤੁਧੁ ਬਿਨ ਕਿਉਂ ਜੀਆਂ । ੧ ।
ਮੇਰਾ ਦਿਲਬਰ ਯਾਰ ਸਿਪਾਹੀ, ਕਰਕੇ ਚਲਿਆ ਬੇਪਰਵਾਹੀ
ਸਾਨੂੰ ਦਰਦਾਂ ਦੀ ਘਤਿ ਫਾਹੀ, ਰੋਂਦੀ ਛੋਡਿ ਹੋਇਆ ਉਠ ਰਾਹੀ
ਇਹੁ ਤਨ ਸੜ ਕੇ ਭਇਆ ਸਿਆਹੀ, ਜੰਗਲ ਢੂੰਢਾਂ ਬੇਲਾ ਕਾਹੀਂ
ਜਿਉ ਮਛੁਲੀ ਵਿਚਿ ਤੇਲ ਕੜਾਹੀ, ਕੋਈ ਕਰ ਤੂੰ ਕਰਮ ਇਲਾਹੀ.
ਮੇਲ ਵਿਛੁੰਨੇ ਦਿਲਬਰ ਮਾਹੀਂ, ਤਾਂ ਮੈਂ ਬੈਠ ਕਰਾਂ ਬਾਛਾਹੀ
ਉਪਰ ਤਖਤ ਦੇ । ੨
ਅਸੂ ਆਨਿ ਦਿਤੀਆਂ ਹੁਣ ਚਾਲਾਂ, ਕੀਤੀ ਮਸਤ ਪ੍ਰੇਮ ਦਿਆਂ ਤਾਲਾਂ
ਕਮਲੀ ਕੀਤੀ ਇਨ੍ਹਾਂ ਖਿਆਲਾਂ, ਕਰਤੇ ਪਾਈਆ ਇਸ਼ਕ ਧਮਾਲਾਂ
ਕਰਨੀ ਹਾਂ ਵਾਂਗੁ ਜ਼ੁਲੀਖਾਂ ਚਾਲਾਂ, ਹੀਰ ਜਿਵੇਂ ਵਿਚ ਝੰਗ ਸਿਆਲਾਂ
ਜਿਉਂ ਸੱਸੀ ਵਿਚ ਸ਼ਾਹ ਜਮਾਲਾਂ, ਮਜਨੂੰ ਸੁਣੁ ਲੈਲੀ ਦੀਆਂ ਚਾਲਾਂ
ਪੁਛਸੁ ਸਚੁ ਕਹਾਂ ਸਭ ਫਾਲਾਂ, ਅਸਾਡੇ ਏਹ ਦੋ ਨੈਣ ਮਸਾਲਾਂ
ਰੋ ਰੋ ਭਏ ਜਿਵੇਂ ਰਸਨਾਲਾਂ, ਹਰਦਮ ਖ਼ਾਕ ਸਿਰੇ ਤੇ ਡਾਲਾਂ
ਵਾਂਗ ਦਿਵਾਨਿਆਂ । ੧ ।
ਦੁਖ ਨ ਜਾਨਿਆ ਮਾਉ ਵਿਲੱਲੀ, ਕਾਈ ਪੈ ਗਈ ਤੰਦ ਅਵੱਲੀ
ਅੱਤਣ ਬਹਾਂ ਨ ਕੱਤਾਂ ਛੱਲੀ, ਜਗ ਵਿਚ ਨਾਮ ਧਰਾਇਆ ਝੱਲੀ
ਸਈਆਂ ਸਾਇਤ ਬਹੁਰੁ ਸਵੱਲੀ, ਹਸਣੁ ਖੇਡਣੁ ਨਾਲ ਤਸੱਲੀ
ਸਿਰ ਤੇ ਕੇਹੀ ਬਣੀ ਕੁਵੱਲੀ, ਦਰਦ ਬਿਰਹੋਂ ਦੇ ਛਾਤੀ ਸੱਲੀ
ਐਡੇ ਤੀਰ ਨ ਜਾਂਦੇ ਝੱਲੀ, ਦਰਦ ਫਿਰਾਕ ਦੇ । ੨ ।
ਜਬ ਕੇ ਉਠ ਗਏ ਯਾਰ ਵਿਛੁੜ ਕੇ, ਭਇਆ ਕਬਾਬੁ ਮੇਰਾ ਜੀਉ ਸੜ ਕੇ
ਜਿਉਂ ਕਰ ਥੋਮ ਜਲੇ ਵਿਚ ਤੜਕੇ, ਸਿਰ ਪਰ ਇਸ਼ਕ ਜਵਾਲੀ ਕੜਕੇ



Sri Satguru Jagjit Singh Ji eLibrary NamdhariElibrary@gmail.com

ਗ਼ਮ ਦਾ ਤੀਰੁ ਜਿਗਰ ਵਿਚਿ ਰੜਕੇ, ਭਾਹਿ ਵਿਛੋੜੇ ਦੀ ਤਨ ਭੜਕੇ
ਜਿਉ ਮਛਲੀ ਬਿਨੁ ਪਾਣੀ ਫੜਕੇ, ਤਿਉਂ ਮੈਂ ਤੱਤੀ ਦਾ ਜੀਉ ਸੜ ਕੇ
ਨਿਤ ਉਠ ਰੋਨੀ ਹਾਂ ਅੰਦਰਿ ਵੜ ਕੇ, ਸਾਨੂੰ ਲੈ ਚਲੁ ਬਾਹੋਂ ਫੜ ਕੇ
ਮਾਰੀ ਕੌਲ ਸਜਣ ਦੇ ਖੜ ਕੇ, ਏਸ ਗਰੀਬ ਨੂੰ । ੩ ।
ਦਿਲਬਰੁ ਉਠਿ ਚਲਿਆ ਕਰਿ ਅੜੀਆਂ, ਰੋਂਦੇ ਨੈਣ ਰਹੇ ਲਾਇ ਝੜੀਆਂ
ਹੰਝੂ ਜਿਉਂ ਮੋਤੀ ਦੀਆਂ ਸਰੀਆਂ, ਦੂਰੋਂ ਟੁੱਟ ਜ਼ਿਮੀਂ ਤੇ ਝੜੀਆਂ
ਚਸ਼ਮਾਂ ਕਿਸ ਸ਼ਾਮਤ ਨੂੰ ਫੜੀਆਂ, ਸਾਨੂੰ ਸੌਣ ਨ ਦੇਂਦੀਆਂ ਸੜੀਆਂ
ਸੰਦਲ ਜ਼ੁਲਫ ਲਵਾਵਨ ਧੜੀਆਂ, ਅਤਣ ਬਹਿ ਕੇ ਹੱਸਣ ਕੁੜੀਆਂ
ਹਾਰ ਹਮੇਲਾਂ ਘਾੜੂ ਘੜੀਆਂ, ਲੈ ਅੰਗ ਲਾਵਨ ਸੋਨੇ ਜੜੀਆਂ
ਸਾਨੂੰ ਦੁਖ ਦੀਆਂ ਫੌਜਾਂ ਚੜੀਆਂ, ਬਾਹਰ ਲੁਟ ਸੀਨੇ ਵਿਚਿ ਵੜੀਆਂ
ਮਾਰਨਹਾਰ ਅਜ਼ੀਮਾਂ ਖੜੀਆਂ, ਹੁਣ ਮੈਂ ਕੀ ਕਰਾਂ । ੪ । ੭ ।
ਕੱਤੇ ਕੱਤਣੁ ਕੈ ਮਨ ਭਾਵੇ, ਸਾਥੋਂ ਭੋਲੀ ਮਾਉਂ ਕਤਾਵੇ
ਸਾਨੂੰ ਅਤਣ ਬਹਿਣ ਨ ਆਵੇ, ਚਰਖਾ ਹੋ ਕੇ ਸ਼ੀਂਹ ਡਰਾਵੇ
ਦਰਦੁ ਵਿਛੋੜਾ ਹੱਡੀਂ ਖਾਵੇ, ਭੋਲੀ ਮਾਉ ਤਬੀਬ ਸਦਾਵੇ
ਸਾਡੀ ਫੜਕੇ ਨਬਜ਼ ਦਿਖਾਵੇ, ਪੁਛ ਪੁਛ ਦਾਰੂ ਸਰਦ ਪਿਲਾਵੇ
ਸਾਡਾ ਉਥੋਂ ਦਰਦ ਵਧਾਵੇ, ਜੇ ਉਹ ਦਿਲਬਰ ਮੁਖ ਦਿਖਲਾਵੇ
ਮੈਂ ਮਰਦੀ ਨੂੰ ਅੰਗੁ ਲਗਾਵੇ, ਨੀ ਪਰ ਆਇ ਕੇ । ੧ ।
ਨੀ ਮੈਂ ਵਰਜ ਰਹੀ ਦਿਲਬਰ ਨੂੰ, ਨ ਕਰ ਯਾਰ ਕਬੂਲ ਸਫਰ ਨੂੰ
ਛਡਿ ਕਰਿ ਅਪਣੇ ਦੇਸ ਸ਼ਹਿਰ ਨੂੰ, ਵਾਂਢਾ ਜਾਹਿ ਨ ਖੱਟਣ ਜ਼ਰ ਨੂੰ
ਦੇ ਦੇ ਰਹੀ ਨਸੀਹਤ ਵਰ ਨੂੰ, ਮਿਹਰ ਨ ਆਈ ਓਸ ਮਿਤਰ ਨੂੰ
ਹੁਣ ਮਰ ਵੈਸਾਂ ਖਾਇ ਜ਼ਹਿਰ ਨੂੰ, ਮੇਰੀ ਪਕੜੀ ਜਾਨ ਕਹਿਰ ਨੂੰ
ਲਗਾ ਡਾਢਾ ਘਾਉ ਜਿਗਰ ਨੂੰ, ਢੂੰਢਾਂ ਕਾਬਲ, ਮਿਸਰ ਸ਼ਹਰ ਨੂੰ
ਭਾਹਿ ਲਗੇ ਕਾਬਲ ਦੇ ਦਰ ਨੂੰ, ਪੰਛੀ ਆਵਨ ਅਪਣੇ ਘਰ ਨੂੰ
ਹੋਨ ਕੁਸ਼ਾਲੀਆਂ । ੨ ।
ਕਿਆ ਜਾਣਾ ਕਿਆ ਲੇਖ ਨਸੀਬੁ, ਮਨੋਂ ਵਿਸਾਰੀ ਯਾਰ ਹਬੀਬ
ਉਠ ਗਇਆ ਦਖਣ ਬੇਤਕਰੀਬ, ਖਲਾ ਪੁਕਾਰੇ ਇਸ਼ਕ, ਰਕੀਬ
ਚੜ੍ਹਤਲ ਕਰਦਾ ਵਾਂਗੁ ਨਕੀਬ, ਬਹੁਤ ਡਰਾਈ ਹੋਈ ਮੁਹੀਬ
ਮੈਂ ਸਿਰ ਡਾਢੀ ਬਣੀ ਮੁਸੀਬ, ਤਨ ਨੂੰ ਲਗਾ ਦਰਦ ਕਰੀਬ
ਦਾਰੂ ਚਾਹੇ ਜਾਨ ਗਰੀਬ, ਆਵੇ ਦਿਲਬਰ ਯਾਰ ਤਬੀਬ
ਸਾਨੂੰ ਹੋਵੈ ਖੈਰੁ ਕਰੀਬ, ਹੋਵਨਿ ਸ਼ਾਦੀਆਂ । ੩ ।
ਹੁਣ ਮਰ ਵੈਸਾਂ ਯਾਰ ਅਜੋੜੇ, ਪਹਿਨ ਪੁਸ਼ਾਕ ਜ਼ਰੀ ਦੇ ਜੋੜੇ
ਜ਼ੀਨ ਪਵਾਉਂ ਐਰਾਕੀ ਘੋੜੇ, ਛਡਿ ਚਲਿਆ ਕੌਣ ਉਸਨੂੰ ਮੋੜੇ



Sri Satguru Jagjit Singh Ji eLibrary NamdhariElibrary@gmail.com

ਤੱਤੀ ਸਿਰ ਤੋਂ ਧੜੀ ਉਚੋੜੇ, ਹਾਰ ਹਮੇਲ ਗਲੇ ਦਾ ਤੋੜੇ
ਬਾਲਣ ਕੀਤੀ ਇਸ ਵਿਛੋੜੇ, ਸਹਿਜ ਸੁਹਾਗੁ ਰਹਾਂ ਦਿਨ ਥੋੜੇ
ਹੁਣ ਕੀ ਹੋਂਦਾ ਦਸਤ ਮਰੋੜੇ, ਮਾਏ ! ਤੂੰਗ ਪਿਆ ਵਿਚ ਜੋੜੇ
ਨਜ਼ਰ ਅਜ਼ੀਮ ਕਰੇ ਇਕ ਤੋੜੇ, ਤਾਂ ਭੀ ਸੁਰਗੁ ਜਾਂ । ੪ । ੮ ।
ਚੜ੍ਹਦੇ ਮੱਘਰ ਤਨ ਮਨ ਪਾਲੇ, ਰਹਾਂ ਮੁਸਾਫਰ ਕਰਨ ਉਜਾਲੇ
ਸਭਸੇ ਅਪਣੇ ਵਤਨ ਸੰਭਾਲੇ, ਕੀਤੀ ਦੁਖ ਦੇ ਪਕੜ ਹਵਾਲੇ
ਦਿਲਬਰ ਸੂਰਤਿ ਆਣਿ ਦਿਖਾਲੇ,ਉਮਰ ਗੁਜ਼ਾਰਾਂ ਬਹੁਤ ਸੁਖਾਲੇ,ਦੇਵੇਂ ਬੈਠਕੇ ।
ਮੈਂ ਨਾਲਿ ਕਰ ਗਿਆ ਗੈਰ ਹਿਸਾਬੀ, ਦਿਲਬਰ ਉਠਿ ਗਿਆ ਦੂਰ ਸ਼ਿਤਾਬੀ
ਹੋਈ ਕੰਤ ਬਿਨਾਂ ਬੇਆਬੀ, ਜਿਉਂ ਜਲ ਬਾਝੁ ਫਿਰੇ ਮੁਰਗ਼ਾਬੀ
ਸਉਣ ਨ ਦੇਂਦਾ ਇਸ਼ਕ ਸ਼ਰਾਬੀ, ਇਹੁ ਦਿਲ ਕਟਦਾ ਵਾਂਗੁ ਕਬਾਬੀ
ਸ਼ੌਂਕ ਯਾਰਾਂ ਦੇ ਹੋਣ ਰਬਾਬੀ, ਗਾਵਨ ਦਰਦ ਫਿਰਾਕ ਖ਼ਰਾਬੀ
ਬੇਦਿਲ ਰਹਾਂ ਸਦਾ ਬੇਖ਼ਾਬੀ, ਬਾਝਹੁ ਦਿਲਬਰਾਂ । ੧ ।
ਆਇਆ ਵਕਤ ਜ਼ਮਾਨਾ ਔਰ, ਸਈਓ ! ਗੁਜ਼ਰ ਗਿਆ ਓਹੁ ਦੌਰੁ
ਫਿਰਿਆ ਮਹਬੂਬਾਂ ਦਾ ਤੌਰ, ਸਾਡੀ ਦਿਲਬਰ ਕਰੇ ਨ ਗੌਰੁ
ਅਠੇ ਪਹਿਰ ਇਸ਼ਕ ਦਾ ਚੋਰ, ਮੇਰੇ ਦਰ ਤੇ ਘੱਤੇ ਘੋਰ
ਮਾਰੇ ਸ਼ੀਂਹ ਜਿਵੇਂ ਨਿਤ ਢੋਰ, ਕੋਈਓ ਕਰ ਕੇ ਕਾਸਤੁ ਟੋਰ
ਜਾਏ ਸ਼ਹਿਰ ਸਿਰ੍ਹੰਦ ਲਹੌਰ, ਢੂੰਢੇ ਕੋਟ ਕੰਧਾਰ ਪਿਸ਼ੌਰ
ਆਏ ਫੇਰ ਗੁਲਾਂ ਤੇ ਭੌਰ, ਜੀਉ ਕਹਾਂ ਜੇ ਆਵੇ ਮੋਰ, ਇਹੁ ਤਨ ਵਾਰਕੇ । ੨ ।
ਸਹੀਓ ! ਮੈਂ ਕਿਚਰਕੁ ਇਸ਼ਕ ਛਪਾਈ,ਕਿਤ ਬਿਧ ਦਿਲ ਬੇਸਬਰ ਵਿਲਾਈਂ
ਕਿਚਰਕੁ ਅਪਣਾ ਆਪ ਕੁਹਾਈ, ਹਰਦਮ ਖੂਨ ਜਿਗਰ ਦਾ ਖਾਈ
ਯਾਰ ਬਿਨਾ ਧਿਰ ਕੋਹੜੀ ਜਾਈ, ਜਿਸਨੂੰ ਹਾਲ ਹਵਾਲ ਸੁਣਾਈ
ਅਰਜ਼ ਹਕੀਕਤਿ ਬੋਲ ਬਤਾਈ, ਤਾਂ ਫੁਲਾਂ ਦੀ ਸੇਜ ਵਿਛਾਈ
ਲੈ ਦਿਲਬਰ ਨੂੰ ਅੰਗ ਲਗਾਈ, ਸੁਖ ਦੀ ਉਮਰ ਅਜ਼ੀਮ ਲੰਘਾਈ
ਸੁਹਬਤ ਯਾਰ ਦੀ ।੩।੯
ਚੜ੍ਹਦੇ ਪੋਹ ਅਹਿਦ ਤਨ ਮਨ ਵਿਚਿ, ਸਈਆਂ ਮਸਤਅਲਸਹੁਸਨ ਵਿਚਿ
ਦਿਸਨ ਜਿਉ ਗੁਲ ਲਾਲ ਚਮਨ ਵਿਚ, ਸਾਡੀ ਗੁਜ਼ਰੀ ਉਮਰ ਝੁਰਨ ਵਿਚ
ਜ਼ਰਾ ਰਹੀ ਨ ਲਾਲੀ ਤਨ ਵਿਚ, ਜੇ ਹੁਣ ਹੋਵੇ ਮਿਹਰ ਸਜਣ ਵਿਚ
ਆਵੇ ਪਿਆਰਾ ਸ਼ਹਰ ਵਤਨ ਵਿਚ, ਭਾਵੇਂ ਘੱਤੇ ਮਾਰ ਕਫਨ ਵਿਚ
ਤਾਂ ਭੀ ਸੁਰਗ ਜਾਂ ।
ਨੀ ਮੈਂ ਰਹੀ ਇਕੇਲੀ ਯਾਰੋ, ਜਿਉ ਕਰਿ ਕੂੰਜ ਵਿਛੁੰਨੀ ਡਾਰੋਂ
ਹੋਇਆ ਪੀਲਾ ਰੰਗ ਵਿਸਾਰੋਂ, ਪਹੁੰਚਸ ਖਬਰ ਵਿਛੁੰਨੀ ਨਾਰੋਂ
ਆਵੇ ਦਾਰੂ ਉਸ ਦਿਲਦਾਰੋਂ, ਤਾਂ ਮੈਂ ਛੁਟਾਂ ਇਦੂੰ ਅਜ਼ਾਰੋਂ



Sri Satguru Jagjit Singh Ji eLibrary NamdhariElibrary@gmail.com

ਕਿਉ ਕਰਿ ਮੁੜੀਏ, ਇਦੂੰ ਕਰਾਰੋ, ਨੀ ਮੈਂ ਖਬਰ ਮੰਗਾਈ ਪਾਰੋਂ
ਦੇਇ ਸਨੇਹਾ ਕੋਈ ਯਾਰੋਂ, ਗੁਜ਼ਰ ਰਹੀ ਦੁਨੀਆਂ ਦੀ ਕਾਰੋਂ
ਨ ਕੁਝ ਸੁਣੀਦਾ ।

ਕਿਆ ਜਾਣਾ ਕਿਆ ਲੇਖ ਲਿਖਾਇਆ, ਕੀਤਾ ਪੇਸ਼ ਤੱਤੀ ਦੇ ਆਇਆ
ਸੂਲਾਂ ਘਾਉ ਕਲੇਜੇ ਲਾਇਆ, ਪੀਆ ਨੇ ਸਾਨੂੰ ਕਾਇ ਭੁਲਾਇਆ
ਤਤੀ ਨੂੰ ਸੂਲਾਂ ਚਾਇ ਜਗਾਇਆ, ਤੇਰਾ ਦਿਲਬਰ ਲੱਦਿ ਸਿਧਾਇਆ
ਗਿਆ ਮੁਸਾਫਰ ਅਜੇ ਨ ਆਇਆ, ਗ਼ਮ ਅੰਦੋਹ ਮਾਹਰੂ ਆਇਆ
ਸਾਥੋਂ ਸਬਰੁ ਕਰਾਰ ਨਸਾਇਆ, ਪੀਆ ਜੀ ਆਇਓ ਜੀਉ ਤਰਸਾਇਆ
ਮੇਲੀਂ ਦਿਲਬਰ ਝਬੁ ਖੁਦਾਇਆ, ਸੁਣ ਫਰਿਆਦ ਨੂੰ । ੨ ।

ਕਰਨੀ ਹਾਂ ਤੋਬਾ ਤਰਕ ਗੁਨਾਹੀਂ, ਸਾਈਆਂ ਦਿਲਬਰ ਮੇਲ ਕਦਾਹੀਂ
ਦਿਲ ਤੋਂ ਸਿਕ ਅਸਾਡੀ ਲਾਹੀਂ, ਨਿਤ ਉਠ ਖਲੀ ਉਡੀਕਾਂ ਰਾਹੀਂ
ਇਹ ਦਿਲ ਤਲਿਓਸੁ ਘਤਿ ਕੜਾਹੀ, ਬਾਝੋਂ ਦਿਲਬਰ ਜੀਵਣ ਨਾਹੀਂ
ਆਵੇ ਦਿਲਬਰ ਯਾਰ ਕਡਾਹੀ, ਤਾਂ ਮੈਂ ਛੁਟਾਂ ਇਨ੍ਹੀਂ ਗ਼ੁਨਾਹੀਂ
ਐਡ ਅਜ਼ਾਰੁ ਅਜ਼ੀਮ ਨ ਚਾਈਂ, ਮੇਰੀ ਜਾਨ ਨੂੰ । ੧੦ ।

ਚੜ੍ਹਦੇ ਮਾਹੁ ਦੋਸ਼ ਵਿਸਾਰੀ, ਆਉ ਪਿਆਰਿਆ ! ਮੈਂ ਅਜੁ ਵਾਰੀ
ਮੈ ਵਲ ਕਰ ਫੇਰਾ ਇਕ ਵਾਰੀ, ਤੜਫਾਂ ਅਧੀਨਰਿਉ ਭਾਰੀ
ਯਾ ਜਿਉਂ ਲਗਾ ਤੀਰ ਸ਼ਿਕਾਰੀ, ਦਰਦ ਪੀਆ ਦੇ ਰਹਾਂ ਅਜ਼ਾਰੀ
ਵੇ ਮੈਂ ਰੋਗਣਿ ਹੋਈ ਭਾਰੀ, ਕੌਣ ਮੁਇਆਂ ਦੀ ਕਰਦਾ ਕਾਰੀ
ਜੇ ਹੁਣ ਫਜ਼ਲ ਹੋਵਣ ਦਰਬਾਰੀ, ਦਿਲਬਰ ਆਣ ਕਰੇ ਦਿਲਦਾਰੀ
ਤਾਂ ਮੈਂ ਜੀਵਸਾਂ । ੧ ।

ਜੇ ਜਾਣਾਂ ਇਹ ਦੁਖ ਦੁਖੜੇ ਪਾਣੇ, ਕਿਉ ਧਰਿ ਸਉਂਦੀ ਬਾਹਿ ਸਿਰਾਣੇ
ਕਰਦੀ ਅਰਜ਼ ਮਿਤ੍ਰਾਂ ਦੇ ਜਾਣੇ, ਅਕਲ ਫਿਕਰ ਮੈਂ ਸਭ ਭੁਲਾਣੇ
ਮੈਂ ਕਮਲੀ ਦੋਸਤ ਦੇ ਭਾਣੇ, ਰਹੇ ਮੁਸਾਫਰ ਦੂਰ ਟਿਕਾਣੇ
ਜਾਇ ਕਿਤੇ ਪਰਦੇਸ ਸਿਧਾਣੇ, ਢੂੰਢਾਂ ਪੰਡਤ ਤੇ ਮੁਲਵਾਣੇ
ਮੈਂ ਪਰ ਹੋਵਨ ਕਰਮ ਰਬਾਣੇ, ਜੇ ਕੋਈ ਮੋੜ ਕੇ ਦੋਸਤ ਆਣੇ
ਮਿਲਾਂ ਪਿਆਰਿਆਂ । ੨ ।

ਤਾਹੀਂ ਵਰਜ ਰਹੀ ਅਗਲੇਰਾ, ਦਿਲਬਰ ਪੱਟੋ ਨਾਹੀਂ ਡੇਰਾ
ਸਿਕਦਾ ਜੀਉ ਪਿਆਰਾ ਮੇਰਾ, ਜਿਉਂ ਚੜ੍ਹਿ ਸੀਖੇ ਭੁੰਨਾ ਬੇਰਾ
ਵਣੁ ਤ੍ਰਿਣ ਬਾਝੁ ਪੀਆ ਅੰਧੇਰਾ, ਕੂਕਾਂ ਕਰਕੇ ਸ਼ੋਰੁ ਉਚੇਰਾ
ਜੇ ਮੈਂ ਤਰਫ ਕਰੇ ਪੀਆ ਫੇਰਾ, ਤਤੀ ਦਾ ਵੇਖੇ ਹਾਲ ਭਲੇਰਾ
ਤਰਸਾਂ ਦੇਖਣ ਨੂੰ ਮੁਖ ਤੇਰਾ, ਕਦੀ ਤਾਂ ਆਣਿ ਮਿਲੁ । ੩ ।

ਬਾਝੋਂ ਦਿਲਬਰ ਕੁਝ ਨ ਭਾਵੇ, ਦਾਣਾ ਪਾਣੀ ਅੰਨ ਨ ਜਾਵੇ



Sri Satguru Jagjit Singh Ji eLibrary NamdhariElibrary@gmail.com

ਸੁੰਞਾ ਅੱਤਨੁ ਮਹਿਲੁ ਡਰਾਵੇ, ਪਿੰਜਰ ਦੇਹੀ ਖੁਰਦੀ ਜਾਵੇ
ਹੁਣ ਮਰਸਾਂ ਦਿਲਬਰ ਦੇ ਹਾਵੇ, ਜੇ ਹੁਣੁ ਸਾਈਂ ਕਰਮ ਕਰਾਵੇ
ਗਿਆ ਮੁਸਾਫਰੁ ਲਦਿ ਘਰਿ ਆਵੇ, ਆਣਿ ਸਾਈਂ ਮਹਿਬੂਬੁ ਮਿਲਾਵੇ
ਤਦ ਮੈਂ ਪਹਿਨਾਂ ਸੂਹੇ ਸਾਵੇ, ਚੁਖੁ ਪਿਆਰਾ ਅੰਗ ਲਗਾਵੇ
ਫਿਰਿ ਸੁਖ ਜਾਨ ਅਜ਼ੀਮਾ ਪਾਵੇ, ਐਵੇਂ ਲੋੜੀਏ । ੪ । ੧੧ ।
ਚੜ੍ਹਦੇ ਫਗਣ ਪੁੰਨੀ ਆਸ, ਹੋਏ ਕੰਮ ਅਸਾਡੇ ਰਾਸ
ਦਿਲ਼ ਦੇ ਕੁਲ ਗਏ ਵਿਸ਼ਵਾਸ, ਬੈਠੀ ਪਹਿਨ ਪੁਸ਼ਾਕ ਲਿਬਾਸ
ਉਹ ਦੁਖ ਦੂਰ ਹੋਏ ਕੁਲ ਨਾਸ਼, ਦੂਤੀ ਦੁਸਮਨ ਕੁਲ ਨਿਰਾਸ
ਆਏ ਹੁਣ ਯਾਰ ਹੋਏ ਖੁਸ਼ ਬਾਸ਼, ਜੀਵਾਂ ਮੈਂ ਦਿਲਬਰ ਦੇ ਭਰਵਾਸ
ਅਸਾਡੀ ਫਿਰਦੀ ਨਜ਼ਰ ਅਗਾਸ, ਕੇਹੀਆਂ ਹੁਣ ਦਿਗਰੀਆਂ । ੧ ।
ਅਜੁ ਘਰਿ ਯਾਰ ਅਸਾਡੇ ਆਏ, ਮੌਲੇ ਦੁਖ ਤੇ ਦਰਦ ਗੰਵਾਏ
ਚਿਰੀਂ ਵਿਛੁੰਨੇ ਆਣਿ ਮਿਲਾਏ, ਦੇਹੀ ਤੇਲ ਫੁਲੇਲ਼ ਮਲਾਏ
ਗਹਿਣੇ ਜ਼ੇਵਰ ਅੰਗ ਲਗਾਏ, ਰੰਗਣ ਰੱਤੇ ਪਲੰਘ ਵਿਛਾਏ
ਲੇ਼ਫ ਨਿਹਾਲੀ ਤਕੀਏ ਲਾਏ, ਮਨ ਵਿਚਿ ਸ਼ਾਦੀਆਂ । ੨ ।
ਅਸਾਨੂੰ ਕਰਮ ਕੀਤਾ ਰੱਬ ਸਾਈਂ, ਸਿਰ ਤੋਂ ਟਲੀਆਂ ਕੁਲ ਬਲਾਈਂ
ਪਈਆਂ ਅਜੁ ਕਬੂਲ ਦੁਆਈਂ, ਲਗਾ ਭਾਗ ਸੁਹਾਗਣਿ ਤਾਈਂ
ਚੜਿ ਕੇ ਸੁੱਤੀ ਲੇਫ ਤੁਲਾਈ, ਸ਼ਾਇਰ ਰੱਬ ਦੀਆਂ ਦੇਖ ਰਜਾਈਂ
ਲਾਇਕ ਪਾਕ ਸਹੰਸੇ ਤਾਂਈ, ਚਾਹੇ ਸੋ ਕਰੇ । ੩ ।
ਬਾਰਾਂਮਾਹ ਗਿਣੇ ਜਬ ਸਾਰੇ, ਕੀਤਾ ਕਰਮ ਕਰੀਮ ਨਿਆਰੇ
ਖੁਲ੍ਹੇ ਕੁਲ਼ ਫਜ਼ਲ ਦੇ ਬਾਰੇ, ਅਜ਼ੀਮਾ ਦੁਨੀਆਂ ਝੂਠ ਪਸਾਰੇ
ਸਿਰ ਪਰਿ ਮਲਕੁਲ ਮੌਤ ਚਿਤਾਰੇ, ਕਰ ਕੁਝ ਵਣਜ ਭਲਾ ਵਣਜਾਰੇ !
ਭਲਕੇ ਦੇਵਣਾ । ੧੨ । ੧ ।





Sri Satguru Jagjit Singh Ji eLibrary NamdhariElibrary@gmail.com

## ੧੫. ਬਾਰਾਂਮਾਹ ਹਕੂਮਤਿ ਦਾ

ਦੋਹਰਾ—ਚੇਤ੍ਰ ਦੇ ਵਿਚਿ ਫੁਲਿਆ, ਵਣੁ ਤ੍ਰਿਣ ਸਭ ਬਹਾਰ
ਕਾਬਲ ਪਰ ਧਾਈ ਕਰੀ, ਮੈਂ ਵਾਂਢੀ ਦੇ ਯਾਰ।

ਰੱਬਾ ! ਜਬ ਰੁਤਿ ਚੇਤ ਦੀ ਚੜ੍ਹੀ, ਕਿ ਦਿਲਬਰ ਉਠਿ ਚਲਿਆ ਕਰਿ ਅੜੀ
ਕਿ ਨ ਓਹੁ ਕੂਇਆ ਨਾ ਮੈਂ ਲੜੀ, ਕਿ ਦੇਖਣ ਉਠਿ ਮਹਲ ਪਰਿ ਚੜ੍ਹੀ
ਕਿ ਜਾਂਦਾ ਡਿਠਾ ਹੈ ! ਮੈਂ ਸੜੀ, ਕਿ ਰੋਂਦੀ ਜ਼ਾਰਿ ਜ਼ਾਰਿ ਮੈਂ ਖੜੀ
ਤ੍ਰਿਮਕਦੇ ਨੈਣ ਲਾਇ ਰਹੇ ਝੜੀ, ਕਿ ਰੋਂਦੀ ਆਇ ਮਹਲ ਵਿਚ ਵੜੀ
ਕਿ ਸੁੰਞੇ ਮਹਲਿ ਹਵੇਲੀ ਪੜੀ, ਕਿ ਜੇਕਰਿ ਰਹੋ ਅਜੋਕੀ ਘੜੀ
ਗੁੰਦਾਵਾਂ ਸੀਸ ਬੰਧਾਵਾਂ ਧੜੀ,ਰੱਬਾ ਮੈਂ ਕਿਰਤ ਆਪਨੀ ਫੜੀ,ਕਿਸੈ ਨੂੰ ਕੀ ਕਹਾਂ।੧।

ਤਾਂ ਵੇ ਰੱਬਾ ! ਮੇਰਾ ਦਿਲਬਰ ਸੀ ਅਭਮਾਣਾ, ਜਿਸਦੇ ਮਨ ਵਿਚਿ ਮਿਹਰਿ ਨ ਦਾਣਾ
ਜੋਬਨ ਵਿਚਿ ਕੀਤੋਸੁ ਚਲਾਣਾ, ਗਇਆ ਗਵਾਇਆ ਸਾਡਾ ਤਾਣਾ
ਕਰਿ ਗਇਆ ਦੁਖੀਆ ਜੀਉ ਨਿਮਾਣਾ, ਵਾਂਢੀ ਗਲ ਵਿਚਿ ਮੈਲਾ ਬਾਣਾ
ਮੈਂ ਰੋਂਦੀ ਨੂੰ ਮਾਹੁ ਵਿਹਾਣਾ,ਜੇਕਰਿ ਦੁਖ ਦਰਦ ਨੂੰ ਜਾਣਾ,ਘਰ ਵਿਚਿ ਕਿਉਂ ਰਹਾਂ।੨

ਤਾਂ ਵੇ ਰੱਬਾ ! ਮੈਨੂੰ ਦਿਲਬਰ ਨਦਰਿ ਨ ਆਵੈ, ਪਾਣੀ ਭੋਜਨ ਮੂਲ ਨ ਭਾਵੈ
ਸਾਹਰੁ ਪੇਹਰੁ ਲੈਨਿ ਬਿਦਾਵੈ, ਮੈਂ ਮਰਸਾਂ ਦਿਲਬਰ ਦੇ ਹਾਵੈ
ਲੈ ਲੈ ਰੋਂਦੀ ਥੰਮ ਕਲਾਵੈ, ਜੇ ਕੋਈ ਕਾਸਦ ਹੋਇ ਕੈ ਧਾਵੈ
ਉਸਦੇ ਅਗੇ ਜਾਇ ਕੁਰਲਾਵੈ, ਮੇਰਾ ਆਖਿ ਹਾਲ ਸੁਣਾਵੈ
ਜੇ ਕੋਈ ਵਾਟੋਂ ਮੋੜਿ ਲੈ ਆਵੈ, ਜੇ ਟੁਕ ਦਿਲਬਰ ਮੁਖੁ ਦਿਖਲਾਵੈ
ਮਰਦੀ ਉਠ ਬਹਾਂ।੩।

ਤਾਂ ਦੇਖਿ ਹਕੂਮਤਿ ਨਬਜ਼ ਹਮਾਰੀ, ਦੁਖਾਂ ਦੇ ਮੁਹਿ ਜਾਨ ਵਿਚਾਰੀ
ਏਸ ਵਿਛੋੜੇ ਦੀ ਕਰਿ ਮਾਰੀ, ਜਿਉਂ ਝਖੜ ਦੇ ਵਿਚਿ ਤਰਕਾਰੀ
ਜਿਉਂ ਪਾਸੇ ਦੀ ਏਕਲ ਸਾਰੀ, ਤਿਉਂ ਮੈਂ ਘਰ ਵਿਚਿ ਰਹੀ ਇਕਾਰੀ
ਨੀ ਮੈਂ ਦਿਲਬਰ ਮਨਹੁ ਵਿਸਾਰੀ, ਅਜੁ ਕਲਿ ਮਰਸਾਂ ਘਾਇ ਕਟਾਰੀ
ਲਗਾ ਤੀਰੁ ਬਿਰਹੁ ਦਾ ਕਾਰੀ, ਛੁਟਿ ਗਏ ਬਾਜ਼ਾਂ ਲਈ ਉਡਾਰੀ
ਮੈਂ ਖੜੀ ਕੂਕਾਂ ਵਾਂਗੁ ਸ਼ਿਕਾਰੀ, ਵੇਲਾ ਨਾ ਲਹਾਂ।੪।੧।



Sri Satguru Jagjit Singh Ji eLibrary NamdhariElibrary@gmail.com

ਦੋਹਰਾ–ਚੜ੍ਹਤ ਮਹੀਨੇ ਵੈਸਾਖ ਦੇ, ਸਈਆਂ ਕੀਏ ਸ਼ਿੰਗਾਰ
ਜਗ ਵਿਚਿ ਵਾਂਢੀ ਮੈਂ ਫਿਰਾਂ, ਸੂਲਾਂ ਦੇ ਆਧਾਰ ।੧।
ਤਾਂ ਚੜ੍ਹਦੇ ਮਾਹ ਵੈਸਾਖ ਬਹਾਰ, ਸਹੀਆਂ ਕੀਤੇ ਅਭਰ ਸ਼ਿੰਗਾਰ
ਸੇਜਾ ਮਾਣੇ ਸਭੁ ਸੰਸਾਰ, ਮੈਨੂੰ ਵਾਂਢੀ ਕਰਿ ਗਿਆ ਯਾਰ
ਖੱਟਣ ਉਠਿ ਗਇਆ ਅਟਕੋਂ ਪਾਰ, ਵੇ ਤੂੰ ਰਹੁ ਅਪਣੇ ਘਰ ਬਾਰ
ਤੈਨੂੰ ਆਖਿ ਰਹੀ ਲਖ ਵਾਰ, ਤੂੰ ਤਾਂ ਕਾਬਲ ਮਨਹੁ ਵਿਸਾਰਿ
ਜੇਕਰ ਜ਼ਰ ਤੇਰੇ ਦਰਕਾਰ, ਸਗਲੇ ਗਹਿਣੇ ਦਿਆਂ ਉਤਾਰਿ
ਹਵਾਲੇ ਕਰਨੀ ਹਾਂ ।੧।
ਤਾਂ ਵੇ ਕੰਤਾ ! ਮੇਰਾ ਤੁਝ ਬਿਨੁ ਅਵਰੁ ਨ ਕੋਈ, ਕਿਉ ਲਦਿ ਜਾਨਾ ਵਾਂਗੂ ਸਥੋਈ
ਮੇਰੀ ਕਉਣ ਕਰੇ ਦਿਲਜੋਈ, ਤੁਧੁ ਬਿਨੁ ਸਭਸੇ ਭਾਰੂ ਹੋਈ
ਮੁਹੁ ਸੂਲ ਦੇ ਜਿੰਦੁ ਵਿਗੋਈ, ਘੁਣ ਲਗਾ ਸੀ ਦੇਹ ਨਰੋਈ
ਮੈਨੂੰ ਆਣ ਮਿਲਾਵਹੁ ਸੋਈ, ਜਿਸ ਬਿਨ ਝੁਰਿ ਝੁਰਿ ਪਿੰਜਰ ਹੋਈ
ਹਾਉਕੇ ਭਰਨੀ ਹਾਂ ।੨।
ਤਾਂ ਵੇ ਕੰਤਾ ! ਮੈਂ ਘਰ ਰਹੀ ਇਕੱਲੀ, ਮੇਰੀ ਦੇਹੀ ਸੂਲਾਂ ਸੱਲੀ
ਤਨ ਵਿਚਿ ਪੀੜ ਦਰਦ ਦੀ ਹਲੀ, ਦਰਦਾਂ ਸਾਰੀ ਛਾਤੀ ਮੱਲੀ
ਜਗ ਵਿਚਿ ਫਿਰਾਂ ਨਿਮਾਣੀ ਝੱਲੀ, ਮੁੜਕੇ ਦਿਲਬਰ ਖਬਰਿ ਨ ਘੱਲੀ
ਮੇਰੇ ਜੀ ਨੂੰ ਬਣੀ ਅਵੱਲੀ, ਨਿਕਲਿ ਜਾਨ ਕਿਤੇ ਵਲਿ ਚਲੀ ਹੁਣ ਮੈਂ ਮਰਨੀ ਹਾਂ।੩।
ਤਾਂ ਦੇਖ ਹਕੂਮਤਿ ਦਰਦਾਂ ਘੇਰੀ, ਸੂਲਾਂ ਕੀਤੀ ਅੰਙਨਿ ਫੇਰੀ
ਮੇਰੇ ਜੀ ਦੀ ਏਹ ਦਿਲੇਰੀ, ਮੇਰੇ ਭਾ ਦੀ ਲਾਲ ਅੰਧੇਰੀ
ਹੋਵੈ ਰੋਜ਼ ਬਰੋਜ਼ ਵਧੇਰੀ, ਦੇਹਿ ਤੂੰ ਜੀਓ ਪੁੜੀ ਚੰਗੇਰੀ
ਜਿਸ ਟੁਕਿ ਹੋਵੈ ਖ਼ਾਤਰਿ ਮੇਰੀ, ਜਉ ਲਗ ਜੀਵਾਂ ਚਾਕਰ ਤੇਰੀ
ਆਖਰ ਓੜਕ ਮਰਦੀ ਵੇਰੀ, ਤੇਰੀ ਸਰਨੀ ਹਾਂ । ੪ । ੨ ।
ਦੋਹਰਾ–ਚੜ੍ਹਤ ਮਹੀਨੇ ਜੇਠ ਦੇ, ਜੋਬਨ ਕੀਤਾ ਸ਼ੋਰੁ,
ਵਾਂਢੀ ਸਿਕਦੀ ਯਾਰ ਨੂੰ, ਜਿਉਂ ਚੰਦ ਨੂੰ ਸਿਕੇ ਚਕੋਰ । ੧ ।
ਤਾਂ ਚੜ੍ਹਦੇ ਜੇਠ ਨਹੀਂ ਘਰਿ ਬੇਲੀ, ਜਿਸੁ ਸੰਗਿ ਮੈਂ ਹੋਵਾਂ ਸੁਹੇਲੀ
ਬਿਰਹੁ ਮੁਹਿ ਸੂਲਾਂ ਦੇ ਮੇਲੀ, ਕਰ ਗਇਓ ਸੁੰਞੀ ਮਹਲ ਹਵੇਲੀ
ਛਡਿ ਗਇਓਂ ਰੋਂਦੀ ਨਾਰਿ ਇਕੇਲੀ, ਕੰਤ ਵਿਸਾਰੀ ਮਨਹੁ ਮਹੇਲੀ
ਜਿਉਂ ਮਜਨੂ ਬਿਨ ਝੁਰਦੀ ਲੇਲੀ, ਮੇਰੀ ਤ੍ਰੈ ਸੈ ਸਠਿ ਸਹੇਲੀ
ਮੈਂ ਬਿਨੁ ਸਭਾ ਰਾਜ ਗਹੇਲੀ, ਸੇਜਾ ਮਾਣਦੀ । ੧ ।
ਤਾਂ ਵੇ ਕੰਤਾ ਕਿਉਂ ਕਾਬਲ ਕਰਿ ਗਇਓ ਧਾਈ, ਪਰੇ ਪਠਾਣਾਂ ਧੁੰਮ ਰਚਾਈ
ਸਭ ਤੇ ਬੁਰੀ ਮੁਹਿੰਮ ਪਰਾਈ, ਘਰਿ ਆਵਣ ਦੀ ਕਰਿ ਅਤਾਈ
ਘਰ ਵਿਚਿ ਤਾਨ੍ਹੇ ਦੇ ਭਰਜਾਈ, ਬਾਹਰਿ ਵਾਤ ਨ ਪੁਛਦੀ ਕਾਈ



Sri Satguru Jagjit Singh Ji eLibrary NamdhariElibrary@gmail.com

ਆਪਹੁ ਪਇਆਂ ਦਾ ਭੈਣ ਨ ਭਾਈ, ਮੇਰੀ ਹੈਸੀ ਬੁਰੀ ਕਮਾਈ
ਰਾਤੀ ਸੇਜੇ ਸਵੈ ਲੋਕਾਈ, ਮੇਰੇ ਹਾਣ ਦੀ। ੨।
ਤਾਂ ਵੇ ਰੱਬਾ! ਮੈਨੂੰ ਮੇਲੀਂ ਆਪ ਹਵਾਣੀ, ਸੁਕਿ ਗਏ ਫੁਲ ਸੇਜ ਕੁਮਲਾਣੀ
ਐਸ ਵਿਛੋੜੇ ਮੈਂ ਰੰਜਾਣੀ, ਖਾਂਦੀ ਅੰਨ ਨ ਪੀਂਦੀ ਪਾਣੀ
ਇਸ ਜਗ ਵਿਚ ਸੋਈ ਸੁਹਾਗਣਿ ਰਾਣੀ, ਜੇੜ੍ਹੀ ਦਿਲਬਰ ਦੇ ਮਨਿ ਭਾਣੀ
ਜਿੰਦੁ ਕਢਿ ਲੈ ਗਇਓ ਚਸ਼ਮਾਂ ਬਾਣੀਂ, ਮਸਤਕ ਵਗਿ ਗਈ ਕਲਮ ਰਬਾਣੀ
ਹੁਣੁ ਹੋਂਦਾ ਕੀ ਪਛੋਤਾਣੀ, ਖੜੀ ਲੁਟਾਇਆ ਹੋਇ ਇਆਣੀ, ਨਾ ਸਾਂ ਜਾਣਦੀ।੩।
ਤਾਂ ਵੇਖਿ ਹਕੂਮਤ ਭਈ ਬਿਹਾਲ, ਦਰਦਾਂ ਲਧੀ ਜਗ ਵਿਚ ਭਾਲ
ਰਾਤ ਵਿਹਾਵੈ ਸੂਲਾਂ ਨਾਲਿ, ਪ੍ਰੀਤਮ ਬਾਝਹੁ ਅਉਖੀ ਜਾਲ
ਕਰਿ ਗਇਓਂ ਜ਼ਹਮਤੀ ਮੰਦੇ ਹਾਲ, ਆ ਕਰ ਸਾਂਈਆਂ! ਪੁਛੀ ਖਵਾਲ
ਜਿਸ ਟੁਕ ਹੋਵੇ ਜਿੰਦੁ ਬਹਾਲ, ਏਹੁ ਅਕੀਦਾ ਜੀਅ ਦੇ ਨਾਲ
ਜਉ ਲਗਿ ਜੀਵਾਂ ਜਿਤਨੇ ਸਾਲ, ਮੈਂ ਰਹਾਂ ਸਿਵਾਣਦੀ। ੪। ੩।

ਦੋਹਰਾ—ਚੜ੍ਹਤ ਮਹੀਨੇ ਹਾੜ ਦੇ, ਹਾਹੁੜੇ ਕਰਦਾ ਜੀਉ
ਕਾਸਦ ਭੇਜੋ ਤੁਮ ਸਖੀ, ਜੋ ਆਨਿ ਮਿਲਾਵੈ ਪੀਉ। ੧।

ਤਾਂ ਚੜ੍ਹਦੇ ਹਾੜ ਯਾਰੁ ਘਰਿ ਨਾਹੀਂ, ਵਗਦੀਆਂ ਲੋਆਂ ਭੜਕਨਿ ਭਾਹੀਂ
ਕਿਉ ਕਰਿ ਭਰਮੁ ਦਿਲੇ ਦਾ ਲਾਹੀ, ਨਾ ਕੋਈ ਦਿਸੈ ਆਉਂਦਾ ਰਾਹੀ
ਅੰਦਰਿ ਬਲਿ ਬਲਿ ਉਠਨਿ ਆਹੀਂ, ਜ਼ਾਲਮ ਬਿਰਹੋਂ ਘੱਤਿ ਕੜਾਹੀ
ਤੇਲ ਬਿਨੁ ਮੈਂ ਤਲੀ। ੧।

ਤਾਂ ਵੇ ਰੱਬਾ! ਮੈਂ ਜਲ ਬਲ ਭਈ ਕਬਾਬ, ਕਿਉ ਕਰਿ ਗੁਜ਼ਰੇ ਆਸ ਹਿਸਾਬ
ਮੇਰਾ ਯਾਰ ਲਦਿ ਅਸਬਾਬ, ਉਠ ਗਯੋਂ ਬਾਲਮ ਛੋਡਿ ਪੰਜਾਬ
ਹੱਕ ਨ ਪਹੁੰਚੀ ਕਿਸੇ ਹਿਸਾਬ, ਜਿਉਂ ਜੋਬਨ ਮੋਤੀ ਦੀ ਆਬ
ਸੂਲਾਂ ਕੀਤੀ ਮਾਰਿ ਖਰਾਬ, ਵਤਿ ਨ ਆਵੈਗਾ ਇਸ ਤਾਬ
ਰੱਬਾ! ਮੇਰਾ ਮੇਲੀ ਕੰਤੁ ਸ਼ਿਤਾਬ, ਉਡੀਕਾਂ ਦਰਿ ਖਲੀ। ੨।
ਰੱਬਾ! ਮੈਂ ਤੱਤੀ ਖ਼ੁਦ ਕਰਮਾਂ ਦੀ, ਇਸ ਜਗ ਜੂਨਿ ਕਟਣ ਨੂੰ ਆਂਦੀ
ਰਾਤੀ ਦਰਦ ਦਿਨੇ ਦਰਮਾਂਦੀ, ਸੂਲਾਂ ਲੀਤੀ ਘੇਰਿ ਪਵਾਂਦੀ
ਵਢਿ ਵਢਿ ਪੀੜ ਹਡਾਂ ਨੂੰ ਖਾਂਦੀ, ਸਾਹੁਰੁ ਪੇਹਰੁ ਥੋਂ ਸ਼ਰਮਾਂਦੀ
ਵੜਿ ਮਹਲਾਂ ਵਿਚਿ ਬਹਿ ਕੁਰਲਾਂਦੀ, ਅਡੀ ਲਗਦੀ ਚੋਟੀ ਜਾਂਦੀ
ਮੇਰੀ ਐਸੀ ਸੇਜ ਫੁਲਾਂ ਦੀ, ਚਿਖਿਆ ਜਿਉਂ ਜਲੀ। ੩।
ਤਾਂ ਦੇਖ ਹਕੂਮਤਿ ਭਈ ਬਿਤੰਗਾ, ਗਇਓ ਤਨ ਲਾਇ ਤੀਰ ਤੁਫੰਗਾ
ਉਡਿ ਗਇਓ ਤਨ ਸੂਲਾਂ ਵਿਚਿ ਟੰਗਾ, ਮੈਂ ਕਿਚਰਕੁ ਸੂਲ ਹੰਢਾਵਾਂ ਅੰਗਾ
ਮੈਂ ਰਹਿੰਦੀ ਨਿਤ ਸੂਲਾਂ ਦੇ ਸੰਗਾ, ਆ ਕਰ ਹੋਇ ਮੇਰਾ ਵੈਦੰਗਾ
ਜੋ ਕਿਛੁ ਚਾਹੋ ਸੋ ਕਿਛੁ ਮੰਗਾ, ਮਤੁ ਕਹਿ ਛੁਟਾਂ ਇਸ ਪਰਸੰਗਾ



Sri Satguru Jagjit Singh Ji eLibrary NamdhariElibrary@gmail.com

ਤੁਧ ਬਿਨ ਹੋਣੋਂ ਰਹੀ ਬਿਰੰਗਾ, ਸੂਲਾਂ ਸੰਗਿ ਰਲੀ। ੪। ੪।
ਦੋਹਰਾ–ਸਾਵਣ ਦੇ ਵਿਚਿ ਕਾਮਣੀ, ਪੀਆ ਮਿਲਣਿ ਦੀ ਚਾਹ
ਜਿਉਂ ਕਰਿ ਚਾਤ੍ਰਿਕ ਬੂੰਦਿ ਕੋ, ਪੀ ਪੀ ਕਰਤ ਬਿਹਾਇ। ੧।
ਤਾਂ ਚੜ੍ਹਦੇ ਸਾਵਣਿ ਸਾਂਵੇਂ ਆਏ, ਰਲ ਕੇ ਸਹੀਆਂ ਸੀਸ ਗੁੰਦਾਏ
ਸਖੀ ਸਹੇਲੀ ਧੜੀਂ ਬੰਧਾਏ, ਘਰਿ ਘਰਿ ਲੋਕਾਂ ਮੰਗਲ ਗਾਏ
ਰੱਬ ਸਹੀਆਂ ਨੂੰ ਕੰਤ ਮਿਲਾਏ, ਹੁਣ ਮੈਂ ਕਿਉ ਕਰਿ ਖੇਡਾਂ ਮਾਏ !
ਦਿਲਬਰ ਕਾਬਲਿ ਘਲਿ ਗਵਾਏ, ਗਏ ਗਏ ਓਹੁ ਮੂਲਿ ਨ ਆਏ
ਉਸਨੂੰ ਜਾਇ ਕੋਈ ਸਮਝਾਏ, ਕਿਉਂ ਬਹਿ ਰਹਿਓਂ ਦੇਸ ਪਰਾਏ, ਵਖਤ ਬਹਾਰ ਦੇ।
ਚੜ੍ਹਿਆ ਸਾਵਾਂ ਆਇਤਿਵਾਰ, ਸਹੀਆਂ ਕੀਤੇ ਅਭਰ ਸੀਂਗਾਰ
ਹੋ ਕਰ ਚਲਨ ਸਾਰੀ ਡਾਰ, ਘੱਤਨ ਪੀਂਘਾਂ ਕਰਨਿ ਤਯਾਰ
ਮੈਂ ਝੂਟਾਂ ਕੈਂ ਦੇ ਬਲਕਾਰ, ਮੈਂ ਥੀਂ ਕਰਿਕੇ ਝੂਠ ਕਰਾਰ
ਰਹਿ ਕਾਬਲ ਪਰ ਠਾਣਾ ਮਾਰਿ, ਹੈਸੀ ਮੂਰਖ ਮੁਗਧ ਗਵਾਰ
ਨਾ ਕੋਈ ਉਸ ਜੇਹਾ ਉਦਾਰ, ਨਾ ਕੋਈ ਮੈ ਜੇਹੀ ਗ਼ਮਖ਼ਾਰ, ਵਿਚਿ ਸੰਸਾਰ ਦੇ।੨।
ਤਾਂ ਮੈਂ ਆਖ ਰਹੀ ਹਰਿ ਗਾਹ, ਵੇ ਤੂੰ ਕਾਬਲ ਮੂਲਿ ਨ ਜਾਹ
ਸਾਡੇ ਕਿਤ ਕੰਮ ਮਾਲੁ ਮਤਾਅ, ਕਰਾਂ ਮਜੂਰੀ ਬੈਠਾ ਖਾਹੁ
ਏਡਾ ਦਾਗੁ ਨ ਮੈਨੂੰ ਲਾਉ, ਮੇਰੇ ਲਾਇ ਕਲੇਜੇ ਦਾਹੁ
ਗੈਆ ਉਠਿ ਕਾਬਲ ਦੇ ਰਾਹ, ਮੈਂ ਜਾ ਕੂਕਾਂ ਰੱਬ ਦਰਗਾਹ
ਆਵਣ ਜਾਣਾ ਕਰ ਮਨਾਹ, ਵਾਢੀਆਂ ਲੈਂਦੀਆਂ ਉਭੇ ਸਾਹ
ਸੇਜਾਂ ਮਾਣਨਿ ਬੇਪਰਵਾਹ, ਲਗਾਂ ਗਲਿ ਯਾਰ ਦੇ। ੩।
ਤਾਂ ਤੂੰ ਦੇਖ ਹਕੂਮਤਰਾਇ, ਦੁਖ ਤੇ ਦਰਦ ਅਸਾਡੇ ਜਾਇ
ਵਢਿ ਵਢਿ ਪੀੜ ਹੱਡਾਂ ਨੂੰ ਖਾਇ, ਮੇਰੇ ਅੰਦਰਿ ਵੜੀ ਬਲਾਇ
ਰਹੀ ਦਾਈ ਥੋਂ ਪੇਟ ਮਲਾਇ, ਆਇ ਕੇ ਸਾਈਆਂ ! ਪੁੜੀ ਖਵਾਇ
ਜਿਸ ਟੁਕ ਵਰੀ ਠੰਢੀ ਵਾਇ, ਆਪ ਰਹਿਓਂ ਕਾਬਲ ਲਲਚਾਇ
ਪਏ ਦੁਖ ਸਾਰ ਦੇ।੪।੫।
ਦੋਹਰਾ–ਭਾਦੋਂ ਚੜ੍ਹਿਆ ਰੀ ਸਖੀ, ਘਨ ਗਰਜਤ ਬਰਸੈ ਮੋਹੁ
ਪਾਨੋ ਸੋ ਪੀਅਰੀ ਭਈ, ਨਿਜ ਲਗਦਾ ਇਹੁ ਨੇਹੁ।੧।

ਭਾਦੋਂ ਮਾਹ ਨਹੀਂ ਘਰਿ ਪਿਆਰਾ, ਮੈਥੋਂ ਲਦਿਕੈ ਓਹੁ ਵਣਜਾਰਾ
ਮੇਰਾ ਕਰਿਕੈ ਕੰਮੁ ਅਵਾਰਾ, ਉਠਿ ਗਇਆ ਕਾਬਲਿ ਖੱਟਣਹਾਰਾ
ਇਹੁ ਤਨੁ ਸੂਲਾਂ ਭਰਿਆ ਸਾਰਾ, ਕਿਉ ਕਰਿ ਗੁਜ਼ਰੇ ਹਾਲ ਹਮਾਰਾ
ਡਾਵੇ ਨਾਲਿ ਨ ਚਲਦਾ ਚਾਰਾ, ਮੁਹੁ ਦੁਖਾਂ ਦੇ ਜੀਉ ਵਿਚਾਰਾ
ਕਾਮਣਿ ਕੂਕ ਸੁਣਾਇਆ ਨ੍ਹਾਰਾ, ਸੁਣੀਐ ਮੁਖੋਂ ਤੇ ਸੰਸਾਰਾ
ਬਿਰਹੋਂ ਚੜ੍ਹਿਆ ਸੈ ਹਥੀਆਰਾ, ਮੈਂ ਪਰ ਚੜ੍ਹਿਆ ਮਾਰ ਨਿਗਾਰਾ


Sri Satguru Jagjit Singh Ji eLibrary NamdhariElibrary@gmail.com

ਮੇਰਾ ਕਉਣੁ ਕਰੇ ਛੁਟਕਾਰਾ, ਬਾਝੋਂ ਦਿਲਬਰਾਂ । ੧ ।
ਵੇ ਮੈਂ ਆਖਿ ਰਹੀ ਤੁਧੁ ਤਾਈਂ, ਵੇ ਤੂੰ ਕਾਬਲਿ ਮੂਲ ਨ ਜਾਈਂ
ਕਾਬਲ ਵਰਫਾਂ ਪਉਨਿ ਬਲਾਈਂ, ਸਭ ਜਗੁ ਸਉਂਦਾ ਲੇਫੁ ਤੁਲਾਈਂ ।
ਮੈਂ ਰੁਲਦੀ ਸਾਂ ਘਰੀ ਪਰਾਈਂ, ਏਡਾ ਦਾਗੁ ਨ ਮੈਨੂੰ ਲਾਈਂ
ਮੁੜ ਕਰਿ ਭੇਜੇਂ ਖਬਰਿ ਕਦਾਈਂ, ਜੇ ਜਾਣਾ ਤਾਂ ਪ੍ਰੀਤਿ ਨ ਲਾਈਂ
ਨਾਲਿ ਮੁਸਾਫਰਾਂ ।੨।

ਰੱਬਾ ! ਮੈਂ ਮਾਰੀ ਇਸ ਪਰ ਜੋਗੁ, ਬਦਨਿ ਵਿਚਿ ਲਗਾ ਡਾਢਾ ਰੋਗ
ਜਾਇ ਪੁਛੋ ਬਿਧਿ ਮਾਤਾ ਜੋਗੁ, ਕਿਆ ਲਿਖਿਓ ਜੋੜੀ ਸੰਜੋਗੁ
ਨਹੀਂ ਘਰਿ ਕੰਤੁ ਮਨਾਵਾਂ ਭੋਗ, ਮੇਰੇ ਭਾਇ ਕੀੜਿਆਂ ਦਾ ਸੋਗੁ
ਰੱਬਾ ! ਓਹੁ ਵੇਲਾ ਕਦੀ ਸੁਹੋਗੁ, ਦਿਲਬਰ ਸਨਮੁਖ ਆਇ ਖਲੋਗਿ
ਜਿਸ ਬਿਨੁ ਲੱਗਾ ਚਿੰਤਾ ਰੋਗੁ, ਮੈ ਦਾਰੂ ਕੀ ਕਰਾਂ ।੩।
ਤਾਂ ਦੇਖ ਹਕੂਮਤ ਯਾਰ ਪੁਰਾਣੇ, ਉਠਿ ਕਾਬਲ ਨੂੰ ਲਦਿ ਸਿਧਾਣੇ
ਜਾਇ ਪਰਚੇ ਨੀ ਦੇਸ ਬਿਗਾਣੇ, ਵਾਂਢੀ ਕਿਚਰਕੁ ਸੇਜਾ ਮਾਣੇ
ਮੈਂ ਮਰ ਚੁਕੀ ਸਾਹਿਬ ਜਾਣੇ, ਮੈਂ ਜੀਂਵਦੀ ਲੋਕਾਂ ਭਾਣੇ
ਆਵਨਿ ਮੁਲਾਂ ਤੇ ਮਲਵਾਣੇ, ਹੋ ਹੋ ਬੈਠਨਿ ਵੈਦ ਸਿਆਣੇ
ਦਿਲ ਦੀ ਵੇਦਨਿ ਕੋਈ ਨ ਜਾਣੇ, ਜਿਸ ਬਿਨੁ ਮੈਂ ਮਰਾਂ ।੪। ੬ ।
ਦੋਹਰਾ—ਅੱਸੂ ਆਸ ਨ ਛੋਡਸਾਂ, ਤੂੰ ਸੁਣ ਕੰਤ ਨਿਦਾਨ
ਪਾਇਓ ਵਿਛੋੜਾ ਆਦਿ ਦਾ, ਕਦੀ ਤਾਂ ਵਤਨ ਪਛਾਣ । ੧ ।

ਅੱਸੂ ਮਾਹ ਨਹੀਂ ਘਰਿ ਹਾਦੀ, ਜਿਸ ਕੀਤੀ ਮੈਂ ਸਾਹਿਬਜ਼ਾਦੀ
ਮੰਜੀ ਆਹਿ ਪ੍ਰੀਤਮ ਦੀ ਬਾਂਦੀ, ਮਾਤਮ ਘੱਤਿ ਗਇਆ ਵਿਚਿ ਸ਼ਾਦੀ
ਜੰਗਲ ਢੂੰਢਿਆਂ ਪੈਰ ਪਿਆਦੀ, ਹਾਥਿ ਨ ਆਇਆ ਕਸਮ ਖ਼ੁਦਾ ਦੀ
ਕਾਮਣ ਹੋਇ ਰਹੀ ਦਰਮਾਂਦੀ, ਕੈ ਥੇ ਜਾਇ ਹੋਵਾਂ ਫ਼ਿਰਿਆਦੀ
ਲਾਲ ਅੰਧੇਰੀ ਮੇਰੇ ਭਾ ਦੀ, ਜਗ ਵਿਚਿ ਰਵਿ ਰਹੀ । ੧ ।
ਵੇ ਮੈਂ ਕਿਸਨੂੰ ਕੂਕਿ ਸੁਣਾਵਾਂ ਰੋਇ, ਦਿਲ ਦਾ ਮਹਰਮੁ ਨਾਹੀਂ ਕੋਇ
ਮੇਰੀ ਚੁਖ ਚੁਖ ਸੀਖ ਪਰੋਇ, ਬਿਰਹਾਂ ਸਾੜੀ ਪਾਸ ਖਲੋਇ
ਮੰਦੀ ਇਸ ਬਿਰਹੋਂ ਦੀ ਖੋਇ, ਨ ਛਡਦਾ ਤਨ ਵਿਚ ਸੁਖ ਦੀ ਬੋਇ
ਵੇ ਮੈਂ ਮਾਰੀ ਇਸ਼ਕ ਵਿਗੋਇ, ਕਿਉਂ ਹੋਂਦੀ ਵਾਂਢੀ ਦੀ ਜੋਇ
ਮੇਰਾ ਸ਼ਹੁ ਗਇਆ ਮੁਸਾਫ਼ਰੁ ਹੋਇ, ਇਕੇਲੀ ਮੈਂ ਰਹੀ । ੨ ।
ਰੱਬਾ ! ਮੈਂ ਘਰ ਵਿਚਿ ਰਹੀ ਨਿਰਾਲੀ, ਅਜੁ ਘਰਿ ਨਾਹੀ ਯਾਰੁ ਮਵਾਲੀ
ਆਈ ਟਾਤ ਕੰਤ ਬਿਨੁ ਕਾਲੀ, ਦਿਸਦੇ ਮਹਲ ਹਵੇਲੀ ਖ਼ਾਲੀ
ਸੁੰਞੀ ਸੇਜਾ ਪ੍ਰੀਤਮ ਵਾਲੀ, ਮੈਂ ਕਲਿ ਮਲਿ ਵਿਚਿ ਲੇਫ ਨਿਹਾਲੀ
ਮੋੜੇ ਘੁਥੀ ਰਹੀ ਨਿਰਾਲੀ, ਜਿਉਂ ਮਛ ਤੜਫੈ ਪਇਆ ਜਾਲੀ



Sri Satguru Jagjit Singh Ji eLibrary NamdhariElibrary@gmail.com

ਰਬ ਸੂਲਾਂ ਤੇ ਪਕੜ ਬੈਠਾਲੀ, ਜਦ ਸੂਲਾਂ ਮ੍ਰਿਤਕ ਕਰਿ ਡਾਲੀ
ਉਠਕੈ ਬਹਿ ਰਹੀ ।੩।
ਤਾਂ ਦੇਖ ਹਕੂਮਤਿ ਭਈ ਵਿਸਮਾਦ, ਦਿਲਬਰ ਨਾਹੀ ਐਤ ਸਵਾਦ
ਮੇਰਾ ਕਰਿ ਸੂਲਾਂ ਵਿਚਿ ਵਾਸ, ਉਠਿ ਗਇਆ ਖਟਣ ਦੀ ਕਰਿ ਆਸ
ਵੇ ਤੂੰ ਆਉ ਅਸਾੜੇ ਪਾਸ, ਮੇਰਾ ਕਰਿ ਕੋਈ ਨਿਆਉਂ ਤਪਾਸ
ਇਸ ਦੁਖ ਦਾ ਭੀ ਹੋਇ ਵਿਣਾਸ, ਤੁਹਿਥੋਂ ਇਸ ਦਾਰੂ ਦੀ ਆਸ
ਤੇਰੀ ਮੇਰੀ ਹੋਇ ਇਕਲਾਸ,ਤੇਰੀ ਹੋਇ ਰਹਾਂਗੀ ਦਾਸ, ਤੁਧ ਬਿਨ ਮਰ ਰਹੀ ।੪।੭।
ਦੋਹਰਾ—ਕਤਕ ਕਾਨੀ ਕਹਿਰ ਦੀ, ਵਿਚਿ ਕਲੇਜੇ ਤੀਰ
ਢੂੰਢੀ ਹਥਿ ਨ ਆਂਵਦੀ, ਫੈਲੀ ਸਗਲ ਸਰੀਰ । ੧ ।
ਤਾਂ ਚੜ੍ਹਦੇ ਕਤਕਿ ਕੰਤ ਨ ਆਇਆ, ਉਥੇ ਰਲਿ ਨਾਰੀ ਪਰਚਾਇਆ
ਯਾ ਬਹਿ ਰਹਿਆਂ ਖਟਣ ਆਇਆ, ਮੇਰੇ ਦਿਲਬਰ ਕਿਉਂ ਚਿਰ ਲਾਇਆ
ਓਦਰ ਕੇ ਕਾਸਦ ਪਹੁਚਾਇਆ, ਨਵੀਸਿੰਦੇ ਥੀਂ ਖ਼ਤੁ ਕਰਾਇਆ
ਹਾਲ ਹਕੀਕਤਿ ਵਿਚਿ ਲਿਖਾਇਆ, ਕਾਸਦ ਨੂੰ ਸਭ ਕੁਝ ਸਮਝਾਇਆ
ਉਸਨੂੰ ਆਖੀਂ ਇਹ ਕੀ ਭਾਇਆ, ਤੁਧ ਕਿਉ ਮੱਲਿਆ ਦੇਸ ਪਰਾਇਆ
ਵਾਂਢੀ ਰੋਇ ਰੋਇ ਹਾਲੁ ਵੰਞਾਇਆ, ਆਖੀਂ ਜਾਇਕੈ । ੧ ।
ਵੇ ਕੰਤਾ ! ਤੁਧ ਕੀਤੇ ਦੰਮ ਪਿਆਰੇ, ਯਾਰ ਕਦੀਮੀ ਮਨਹੁ ਵਿਸਾਰੇ
ਠਗੀ ਕਰਿ ਗਇਓਂ ਨਾਲਿ ਹਮਾਰੇ, ਢੂੰਢਿ ਰਹੀ ਸਾਂ ਕੂੰਡਾਂ ਚਾਰੇ
ਦਸ ਨ ਪਉਂਦੀ ਇਹ ਜਗ ਸਾਰੇ, ਸੁਣੀਅਨੁ ਕਾਬਲਿ ਤੇ ਕੰਧਾਰੇ
ਅਜੇ ਨ ਆਏ ਖੱਟਣਹਾਰੇ, ਕੰਤਾ ! ਤੁਸੀਂ ਹੈਸੋ ਹੈਂਸਿਹਾਰੇ
ਛਡਿ ਘਰਿ ਨਾਰੀ ਰਹੋਂ ਨਿਆਰੇ, ਸੁੰਞਿਆਂ ਮਹਿਲਾਂ ਦਾ ਭਉ ਮਾਰੇ
ਡਰਦੀ ਬਹਿ ਰਹੀ ਇਕਤੁ ਕਿਨਾਰੇ, ਸੁਖ ਨ ਸੁੱਤੀ ਤੇਰੇ ਵਾਰੇ, ਸੇਜ ਵਿਛਾਇਕੈ ।੨।
ਵੇ ਤੂੰ ਹੈਸੇਂ ਗੁਣੀ ਗਹੀਰ, ਇਸ ਤਨਿਹਾਈ ਕਿਆ ਤਦਬੀਰ
ਘਰ ਦੀ ਕਰਿ ਵੈਰਾਨ ਜਗੀਰ, ਰਈਯਤ ਕਰਿਕੈ ਔਲ ਫਕੀਰ
ਮੇਰੇ ਲਾਇ ਕਲੇਜੇ ਤੀਰ, ਉਠਿ ਗਇਓਂ ਕਾਬਲ ਤੇ ਕਸ਼ਮੀਰ
ਘਰ ਥੀਂ ਹਲਣ ਦੇਨਿ ਨ ਵੀਰ, ਜਿਉਂ ਰਾਂਝੇ ਬਿਨੁ ਝੁਰਦੀ ਹੀਰ
ਤੁਧ ਬਿਨ ਝੁਰਿ ਝੁਰਿ ਭਈ ਜ਼ਹੀਰ, ਅਕਬਤ ਹੋਸਾਂ ਦਾਮਨਗੀਰ
ਨਾ ਮਿਲਿਓਂ ਆਇਕੈ ।੩।
ਤਾਂ ਦੇਖਿ ਹਕੂਮਤਿ ਕਹੇ ਸਲੰਗੀ, ਸਾਹਿਬ ਬਹੁ ਭੇਖੀ ਬਹੁ ਰੰਗੀ
ਮੇਰੇ ਜੀ ਨੂੰ ਖਰੀ ਬਿਤੰਗੀ, ਤਨ ਹੋਇਆ ਸੂਲਾਂ ਦੇ ਸੰਗੀ
ਮੇਰੇ ਗਲਿ ਸੂਲਾਂ ਦੀ ਅੰਗੀ, ਮੈਨੂੰ ਮੌਤ ਨ ਮਿਲਦੀ ਮੰਗੀ
ਆ ਕਰ ਤੂੰ ਮੇਰੀ ਵੈਦੰਗੀ, ਤੁਧ ਬਿਨੁ ਹੋਣੋਂ ਰਹੀ ਬਿਚੰਗੀ
ਐਸੇ ਦੁਖ ਮਰੋਂਗੀ ਮੰਗੀ, ਮਹੁਰਾ ਖਾਇਕੈ ।੪।੮।



Sri Satguru Jagjit Singh Ji eLibrary NamdhariElibrary@gmail.com

ਦੋਹਰਾ–ਮਘਰਿ ਦੇ ਵਿਚਿ ਕਾਮਣੀ, ਸੇਜ ਦੇਖਿ ਕੁਰਲਾਇ
ਜਿਉਂਕਰ ਚਉਪੜ ਦੀ ਨਰਦ, ਜੁਗ ਵਿਛੁੜੇ ਮਰ ਜਾਇ ।੧।
ਤਾਂ ਚੜ੍ਹਦੇ ਮੰਘਰਿ ਪਉਂਦੇ ਪਾਲੇ, ਆਮਦਨ ਕੀਤੀ ਮਾਹ ਸਿਆਲੇ
ਰਾਤ ਵਰ੍ਹੀਣੀਂ ਦਿਨ ਚਉਸਾਲੇ, ਸੋ ਦਿਨ ਦੁਖਾਂ ਸੇਤੀ ਜਾਲੇ
ਮੈਨੂੰ ਮੂਲਿ ਨ ਲੈ ਗਇਓ ਨਾਲੇ, ਨੀ ਮੁੜ ਸਭਨਾਂ ਵਤਨ ਸੰਭਾਲੇ
ਅਜੇ ਨ ਆਏ ਕਾਬਲ ਵਾਲੇ, ਕੀਤੇ ਰੋਇ ਨੈਣ ਰਤਨਾਲੇ
ਜੇੜ੍ਹੇ ਕਾਬਲ ਰਹਨਿ ਸੁਖਾਲੇ, ਏਥੇ ਕਿਉਂ ਦਿਨ ਕਟਨਿ ਸਾਲੇ
ਰੱਬਾ ! ਪਰਦੇਸੀ ਮੂੰਹ ਕਾਲੇ, ਜਾਂਦੇ ਢਾਕੇ ਤੇ ਬੰਗਾਲੇ, ਛੋਡਿ ਮਹੇਲੀਆਂ । ੧ ।
ਰੱਬਾ ! ਮੈਂ ਕੇੜ੍ਹੀ ਕੁੰਡੇ ਜਾਵਾਂ, ਉਥੇ ਜਾਇ ਕੈ ਬਹਿ ਕੁਰਲਾਵਾਂ
ਮੇਰਾ ਉਠ ਗਇਆ ਕੰਤੁ ਨਿਥਾਵਾਂ, ਕਿਸੇ ਕੁਸ਼ਗਨ ਜੁ ਲਈਆਂ ਲਾਵਾਂ
ਗੁਜ਼ਰਿਆ ਕੰਤੁ ਮਹੀਨਾ ਨਾਵਾਂ, ਲਿਖਿ ਚੀਰੀ ਬੰਨ੍ਹਾਂ ਗਲਿ ਕਾਵਾਂ ।
ਦੇ ਸੰਦੇਸਾ ਰੋਇ ਸੁਣਾਵਾਂ, ਉਸ ਜਾ ਕਹੋ ਕਹੇ ਤਾਂ ਆਵਾਂ
ਇਥੇ ਘਰ ਵਿਚਿ ਕਿਸੇ ਨਾ ਭਾਵਾਂ, ਮਹੁਰਾ ਹੋਇ ਗਈ ਭੈਣ ਭਿਰਾਵਾਂ
ਕੂੰਜ ਵਿਛੁੰਨੀ ਜਿਉਂ ਕੁਰਲਾਵਾਂ, ਵਿਚਿ ਹਵੇਲੀਆਂ । ੨ ।
ਰੱਬਾ ! ਮੈਨੂੰ ਲਾਈਆ ਆਹਿ ਹੈਰਾਨੀ, ਕਿਉਂ ਚਿਰੁ ਲਾਇਆ ਯਾਰ ਗੁਮਾਨੀ
ਦਿਲਬਰ ਤੀਰੰਦਾਜ਼ ਤੂਫਾਨੀ, ਇਸ ਤਨ ਲਾਇ ਗਇਆ ਗੋਪੀ ਕਾਨੀ
ਨੀ ਪਰ ਮੈਂ ਦਾਨੀ ਪਰਧਾਨੀ, ਸੂਲਾਂ ਕੀਤੀ ਮਾਰਿ ਦੀਵਾਨੀ
ਸਾਨੂੰ ਬਾਝਹੁ ਦਿਲਬਰ ਜਾਨੀ, ਇਹ ਜਗ ਦਿਸਦਾ ਬਹੁਤ ਵੈਰਾਨੀ
ਰੱਬਾ ! ਕੀ ਲਿਖਿਓ ਲੇਖੁ ਪਿਸ਼ਾਨੀ, ਨਾਹੀਓ ਸੁਖ ਦੀ ਇਕ ਨਿਸ਼ਾਨੀ
ਘਰ ਵਿਚਿ ਜਾਣਨਿ ਸਭੁ ਬਿਰਾਨੀ, ਸੰਗ ਸਹੇਲੀਆਂ । ੩ ।
ਤਾਂ ਦੇਖ ਹਕੂਮਤਿ ਭਈ ਵਿਸਮਾਦ, ਦਿਲਬਰ ਨਾਹੀਓਂ ਐਤ ਸਵਾਦ
ਘਤਿ ਕੇ ਜੋੜੀ ਵਿਚਿ ਫਸਾਦ, ਬਹਿ ਰਹਿਆ ਵਿਚਿ ਜਲਾਲਾਵਾਦ
ਮੈਨੂੰ ਨਾ ਸੀ ਇਹ ਦਿਨੁ ਯਾਦ, ਰਾਜਨ ਕਿਆ ਪਕੜੀ ਮੁਹਤਾਦ
ਰਾਜ ਨ ਨਿਆਉਂ ਨਗਰ ਬੇਦਾਦ, ਇਸ ਜਗ ਕੋਈ ਨ ਦੇਂਦਾ ਦਾਦ
ਧਨ ਜੋਬਨ ਦੀ ਇਹ ਮੁਨੀਆਦ, ਕੰਤ ਬਿਨੁ ਏਵੈ ਗਇਆ ਬਿਦਾਦ
ਰੱਬ ਜੀ ! ਪੂਰਨ ਕਰੋ ਮੁਰਾਦ, ਕੰਤ ਸੰਗ ਮੇਲੀਆਂ ।੪।੯।
ਦੋਹਰਾ–ਪੋਹੁ ਪਾਲੇ ਮੈਂ ਸਾੜੀਆਂ, ਕਾਬਲ ਕਰੀ ਵੈਰਾਨ
ਮੂਰਖ ਕੰਤ ਨਿਦਾਨ ਸੀ, ਘਰਿ ਛਡਿ ਗਇਆ ਨਾਰਿ ਜੁਆਨ ।੧।
ਤਾਂ ਦਸਵਾਂ ਚੜ੍ਹਿਆ ਮਹੀਨਾ ਪੋਹੁ, ਪਉਂਦੀਆਂ ਵਰਫਾਂ ਪਾਲੇ ਰੋਹੁ
ਨ ਆਇਆ ਕੰਤੁ ਰਖਿ ਦਿਲ ਧ੍ਰੋਹ, ਮੈਨੂੰ ਪੈ ਗਿਆ ਡਾਢਾ ਮੋਹੁ
ਕਿਉਂ ਹੋਂਦੀ ਵਾਂਢੀ ਦੀ ਜੋਇ, ਮੇਰਾ ਸ਼ਹੁ ਗਇਆ ਮੁਸਾਫਰੁ ਹੋਇ
ਛਡਿ ਕੇ ਗਇਆ ਸੈਂਕੜੇ ਕੋਹੁ, ਮੈਨੂੰ ਆਣਿ ਮਿਲਾਵੋ ਓਹੁ



Sri Satguru Jagjit Singh Ji eLibrary NamdhariElibrary@gmail.com

ਜਿਸ਼ ਬਿਨ ਲਗਾ ਦਰਦ ਅਮੋਹੁ, ਪਇਆ ਗ਼ਮ ਖਾਵਣਾ ।੧।
ਸ਼ਾਮ ਜੀ ! ਕਦੀ ਮਿਲੋਗੇ ਆਇ, ਸਹੀਆਂ ਗਾਵਨਿ ਲੋਹੀ ਦੇ ਚਾਇ
ਘਰ ਥੀਂ ਬਾਮ੍ਹਣ ਡੂੰਮ੍ਹ ਘਲਾਇ, ਸਭਨਾਂ ਲੀਤੇ ਕੰਤ ਸਦਾਇ
ਸਹੀਆਂ ਹਾਰ ਸ਼ੀਂਗਾਰ ਬਣਾਇ, ਰਾਤੀਂ ਸੌਣਿ ਕੰਤ ਗਲਿ ਲਾਇ
ਸਿਕਦਿਆਂ ਸਾਰੀ ਉਮਰ ਵਿਹਾਇ, ਇਸ ਦੁਖ ਮਰਾਂ ਕਟਾਰੀ ਘਾਇ
ਮੇਰੀ ਜਾਣੈ ਪੀੜ ਬਲਾਇ, ਕਦੋਂ ਤੁਧੁ ਆਵਣਾ ।੨।
ਵੇ ਲੋਕੋ ! ਮੈਂ ਐਸ਼ ਕਰੇਂਦੀ ਮਾਰੀ, ਜੋ ਹੈਸਨਿ ਮੇਰੇ ਹਿਤਕਾਰੀ
ਕਾਬਲ ਰਹੇ ਪੰਜਾਬ ਵਿਸਾਰੀ, ਮੈਨੂੰ ਵਿਸਰ ਗਈ ਸੁਧ ਸਾਰੀ
ਹੋਇ ਗਈ ਦੇਹੀ ਮਿਰਤਕ ਸਾਰੀ, ਵਿਸਰਿਆ ਧੰਧਾ ਸਭੁ ਸੰਸਾਰੀ
ਕੀਤੇ ਰੋਇ ਨੈਣ ਰੱਤ ਜਾਰੀ, ਜੋਬਨ ਲਦਿਆ ਭਰਿ ਬਰਦਾਰੀ
ਬਾਜਤ ਡੰਕਾ ਹੋਤ ਤਯਾਰੀ, ਐਥੇ ਸਰ ਜੋਬਨ ਅਸਵਾਰੀ
ਚਿਰ ਨਹੀਂ ਲਾਵਣਾ ।੩।
ਤਾਂ ਵੇਖ ਹਕੂਮਤ ਕੰਤ ਨਿਦਾਨ, ਘਰਿ ਵਿਚਿ ਛਡਿ ਗਇਆ ਨਾਰਿ ਜੁਆਨ
ਕਾਬਲ ਬਹਿ ਰਹਿਆ ਕਿਸੇ ਗੁਮਾਨ, ਨਹੀਂ ਕੋਈ ਥਾਉਂ ਕਰਾਂ ਆਰਾਮ
ਜ਼ਿਮੀ ਹੈ ਸਖਤ ਦੂਰਿ ਅਸਮਾਨ, ਰਾਤੀ ਸੂਲਾਂ ਸੋਂ ਗੁਜ਼ਰਾਨ
ਜੇ ਮੁੜਿ ਆਵੈ ਕਰੈ ਅਸਾਨ, ਮੈਨੂੰ ਸਿਰਿ ਦਾਨਾਂ ਦੇ ਦਾਨ
ਦਰਸੁ ਦਿਖਾਵਣਾ ।੪। ।੧੦।
ਦੋਹਰਾ—ਮਾਘ ਮਹੀਨੇ ਯਾਰ ਦੇ, ਮਰਾਂ ਕਟਾਰੀ ਘਾਇ
ਵੇ ਜੋਬਨ ਹਤਿਆਰਿਆ, ਸਿਕਦਿਐਂ ਗਇਓ ਵਿਹਾਇ ।੧।
ਤਾਂ ਚੜਦੇ ਮਾਘ ਮਿਲਣ ਦੀ ਚਾਹ, ਆ ਤੂੰ ਦਿਲਬਰ ! ਬੇਪਰਵਾਹ
ਜਦ ਕੀ ਆਂਦੀ ਕੰਤ ਵਿਵਾਹ, ਤਿਸੇ ਦਿਨ ਪਇਆ ਸੂਲ ਸੰਗਿ ਵਾਹ
ਕਛੁ ਨਹੀਂ ਮਾਲ ਅੰਤਿ ਹਰਿ ਗਾਹ, ਰਬ ਜੀ ! ਸੁਣੋ ਦਰਦ ਦੀ ਆਹ
ਕਿ ਕਾਸਦ ! ਪਹੁੰਚਿਆ ਵਾਹੋ ਦਾਹ, ਨਾ ਹੀ ਕੁਛ ਮੈਂ ਨਾਲਿ ਹਮਰਾਹ
ਨੈਣ ਭਰ ਨੀਰ ਚਲੈ ਅਸਗਾਹ, ਕਿ ਇਸ ਤਨ ਲਗੀ ਭੜਕਦੀ ਭਾਹ
ਦੇਹੀ ਜਲ ਬਲ ਭਈ ਸੁਆਹ, ਬਿਰਹੁ ਮੈਂ ਜਾਲੀਆਂ । ੧ ।
ਤਾਂ ਵੇ ਕਾਸਦ ਮੈਂ ਜੀਵਾਂ ਕੇਹੜੇ ਗੱਲੇ, ਦਿਲਬਰ ਜਾ ਪਰਦੇਸੀ ਮੱਲੇ
ਬਿਰਹੋਂ ਦੇਂਦਾ ਦਰਦ ਅਵੱਲੇ, ਗ਼ਮ ਦੀ ਸਾਂਗ ਜਿਗਰ ਵਿਚਿ ਹਲੇ
ਘਰ ਥੀਂ ਹੋ ਕਰ ਇਕ ਇਕੱਲੇ, ਕਿਉਂ ਕਾਬਲਿ ਮੈਂ ਖਟਣ ਘਲੇ
ਖਟਿ ਖਟਿ ਦਉਲਤਿ ਬੰਨ੍ਹਦੇ ਪਲੇ, ਐਥੇ ਜਿਸਦੇ ਕਰਮ ਸਵੱਲੇ
ਸੇ ਸੁਖ ਵਸਨਿ ਰੰਗ ਮਹਲੇ, ਕੰਤਾਂ ਵਾਲੀਆਂ । ੨ ।
ਤਾਂ ਵੇ ਕਾਸਦ ਮੈਂ ਭੇਜਿਆਸੇ ਕਿਸ ਕਾਮ, ਮੈਨੂੰ ਲੈ ਢੁਕੋ ਪੈਕਾਮ
ਜੇਤੇ ਘਰ ਦੇ ਨਫ਼ਰ ਗੁਲਾਮ, ਕਿਆ ਬਾਮ੍ਹਣ ਕਿਆ ਡੂੰਮ, ਹਜਾਮ


Sri Satguru Jagjit Singh Ji eLibrary NamdhariElibrary@gmail.com

ਅਰਜ਼ ਨਾ ਕਰਣੇ ਕਿਸੇ ਮੁਕਾਮ, ਜਿਸ ਬਿਧਿ ਮੁੜਿ ਘਰਿ ਆਵੈ ਸ਼ਾਮ
ਸੀਤਾ ਝੁਰਦੀ ਬਿਛੜਤ ਰਾਮ, ਨੈਣੀ ਨੀਂਦ ਕੀਤਾਮੁ ਹਰਾਮ
ਐਥੇ ਕਿਉਂ ਕਰਿ ਕਰਹਿ ਅਰਾਮ, ਰਹਹਿ ਨਿਰਾਲੀਆਂ ।੩।
ਤਾਂ ਕਰੋ ਹਕੂਮਤਿ ਨਿਆਉਂ ਹਮਾਰਾ, ਕਾਮਣਿ ਹਮ ਸੰਗ ਕਰੋ ਕਰਾਰਾ
ਤੈਂ ਨਹੀਂ ਆਨਾ ਹਮਰਾ ਪਿਆਰਾ, ਮੈਂ ਕਾਸਦ ਸਾਂ ਕਉਣ ਵਿਚਾਰਾ
ਖ਼ਤ ਪਹੁੰਚਾਵਣ ਕਸਬੁ ਹਮਾਰਾ, ਕੀਤੀ ਗਲ ਖੋਲ੍ਹਿਆ ਦੁਖ ਸਾਰਾ
ਜੇਕਰਿ ਨ ਮੰਨੇ ਕਿਆ ਚਾਰਾ, ਰਾਖੋ ਲਸ਼ਕਰ ਮਾਰਿ ਨਗਾਰਾ
ਬਾਂਧਿ ਲਿਆਉਂ ਤੁਮਰਾ ਪਿਆਰਾ, ਕਿਉਂ ਨਹੀਂ ਆਇਆ ਹੈਂ ਸਿਆਰਾ
ਆਵੇਗਾ ਫਗਣ ਨੂੰ ਅਕਾਰਾ, ਨਾ ਦੇ ਗਾਲੀਆਂ ।੪।੧੧।
ਦੋਹਰਾ—ਫਾਗਨ ਬ੍ਰਿਛ ਫੂਲੇ ਘਨੇ ਬੂਟੇ ਅਪਰ ਅਪਾਰ
ਭਈ ਖੁਸ਼ਾਲੀ ਕਾਮਣੀ, ਆਮਦਨ ਕੀਤੀ ਯਾਰ । ੧ ।
ਤਾਂ ਚੜ੍ਹਦੇ ਫਗਣ ਭਈ ਬਹਾਰ, ਜੇ ਮੁੜ ਆਮਦਨਿ ਕੀਤੀ ਯਾਰ
ਕਸ਼ਟ ਕਰ ਲੰਘੇ ਅਟਕ ਉਰਾਰ, ਦੇਸ ਸਭ ਫੂਲਿ ਰਹਿਆ ਗੁਲਜ਼ਾਰ
ਛਾਤੀ ਦੇ ਤਖਤ ਬਣਿ ਰਹੇ ਚਾਰ, ਹੁਸਨ ਦਾ ਬਾਗ਼ ਬਨਾ ਹੁਸ਼ੀਆਰ
ਸਿੰਮਲ ਜ਼ੁਲਫਾਂ ਦੁਇ ਖ਼ਮਦਾਰ, ਕਿ ਚਸ਼ਮਾਂ ਨਰਗਸ ਜਿਹਬਾਦਾਰ
ਕੇ ਕੁਚ ਛਾਤੀ ਦੇ ਬਣੇ ਅਨਾਰ, ਹਸਤ ਦੁਇ ਫੂਲ ਰਹੇ ਬਰਗ ਚਿਨਾਰ
ਰਾਮ ਕਰਿ ਕੂਚਿ ਲਦਾਇਆ ਭਾਰ, ਅਉਰੇ ਆਇ ਫਿਰੀ ਸਰਕਾਰ
ਅਜੁ ਦੇ ਵਖਤ ਕੰਤ ਦਰਕਾਰ, ਸੁਣੀਂਦਾ ਆਂਵਦਾ । ੧ ।
ਓਥੋਂ ਰੁਖਸਤ ਕੀਆ ਨਬਾਬ, ਸੈਂਕੜੇ ਲਸ਼ਕਰ ਮਿਲੇ ਰਕਾਬ
ਮਾਇਆ ਦਾ ਕੋ ਨਹੀਂ ਹਿਸਾਬ, ਦੇਖ ਕਰਿ ਮੂਲ ਨ ਰਹਨੀ ਤਾਬ
ਵੱਜਨਿ ਢੋਲ ਮ੍ਰਿਦੰਗ ਰਬਾਬ, ਕਿ ਲਿਆਵੇ ਸੁਧਾ ਅਤਰ ਗੁਲਾਬ
ਕਰੋ ਮਜੂਨ ਸ਼ਰਾਬ ਕਬਾਬ, ਕਾਮਣਿ ਬਣ ਬੈਠੀ ਮਹਿਤਾਬ
ਉਸ ਸੰਗਿ ਕਰੋ ਜਵਾਬ ਹਿਸਾਬ, ਕਿਸੇ ਜੰਜਾਲ ਹੋਇਆ ਗ਼ਰਕਾਬ
ਅਜੇ ਚਿਰ ਲਾਂਵਦਾ । ੨ ।
ਸਾਜਨ ਆਇ ਵੜਿਆ ਜਿਸ ਘੜੀ, ਗੋਰਿਆਂ ਮਹਲਾਂ ਪਰ ਪੂਣੀ ਚੜੀ
ਚਾਰ ਦਿਵਾਲ ਮਸਤ ਹੋਇ ਖੜੀ, ਕਿ ਮੇਰੇ ਹਥ ਨੂੰ ਲਿਆਇਆ ਕੜੀ
ਨਉਚੰਦੇ ਚਾਂਦ ਸਾਥ ਜਾਇ ਅੜੀ, ਕਿਸੇ ਜ਼ਰਗਰ ਕਾਰੀਗਰ ਦੀ ਘੜੀ
ਕਿ ਬੀਨੀ ਦੇ ਵਿਚਿ ਬੇਸਰ ਜੜੀ, ਗੁੰਦਾਵਾਂ ਸੀਸ ਬੰਧਾਵਾਂ ਧੜੀ
ਗਹਿਣੇ ਪਹਿਰ ਮਹਲ ਵਿਚਿ ਵੜੀ, ਕਿ ਲੀਨੀ ਹਾਥ ਫੂਲ ਕੀ ਛੜੀ
ਸਾਜਨ ਨਾਲਿ ਨ ਬਣਦੀ ਅੜੀ, ਰਿਦਾ ਸ਼ਰਮਾਂਵਦਾ । ੩ ।
ਤਾਂ ਕਰੋ ਹਕੂਮਤਿ ਇਹ ਵਡਿਆਈ, ਹਮਰੇ ਹੋਹਿੰਗੇ ਰਾਮ ਸਹਾਈ
ਆਵਨਿ ਅੰਗ ਸਾਕ ਸੁਖਦਾਈ, ਹਕ ਹਮਸਾਏ ਦੇਨਿ ਵਧਾਈ


Sri Satguru Jagjit Singh Ji eLibrary NamdhariElibrary@gmail.com

ਮੰਗਲ਼ ਗਾਵੈ ਸਰਬ ਲੁਕਾਈ, ਪੰਕੜਿ ਸਿਰ੍ਹਾਣਾ ਲੇਫ਼ ਤੁਲਾਈ
ਮਿਲ ਕਰਿ ਸਈਆਂ ਸੇਜ ਵਿਛਾਈ, ਜਲਨ ਚਰਾਗ਼ ਰੰਗ ਰੁਸ਼ਨਾਈ
ਕਾਮਣਿ ਚੂੜੇ ਭਰੀ ਕਲਾਈ, ਸਿਰਿ ਫੁਲਾਂ ਦੀ ਧੜੀ ਗੁੰਦਾਂਈ
ਮਉਲੀ ਮਹਿੰਦੀ ਕਜਲਾ ਪਾਈ, ਕਰਿਕੈ ਕਿਰਪਾ ਕੰਤ ਬੁਲਾਈ
ਆਪਣੇ ਅੰਗ ਸੰਗ ਲੈ ਲਾਈ, ਮਨ ਵਿਚਿ ਚਿੰਤਾ ਰਹੀ ਨ ਕਾਈ
ਏਕ ਘੜੀ ਮਹਿ ਨਉ ਨਿਧਿ ਪਾਈ, ਜੇ ਉਸ ਭਾਂਵਦਾ । ੪ । ੧੨ ।

ਦੋਹਰਾ—ਤਨ ਮਨ ਫੂਲੇ ਸੁਖ ਭਏ, ਜਬ ਘਰਿ ਆਇਆ ਪੀਉ
ਅਉਰ ਬਧਾਈ ਕਿਆ ਦੇਵਊਂ, ਮੈਂ ਸਗਲਾ ਵਾਰਊਂ ਜੀਉ ।੧।





Sri Satguru Jagjit Singh Ji eLibrary NamdhariElibrary@gmail.com

# ੧੬. ਬਾਰਾਂਮਾਹ ਫ਼ਰਦ ਫ਼ਕੀਰ ਕਾ

ਸਭ ਸਿਫਤ ਸਨਾਇ ਖੁਦਾਇ ਨੂੰ, ਜੋ ਬਖਸ਼ੇ ਕੁਲ ਗ਼ੁਨਾਹ ਨੂੰ
ਫਿਰ ਆਖ ਦਰੂਦ ਰਸੂਲ ਨੂੰ, ਉਸ ਸਾਹਿਬ ਦੇ ਮਕਬੂਲ ਨੂੰ
ਜਿਸ ਆਸਾਂ ਕੁਲ ਪੁਜਾਵਨੀ, ਕਹੁ ਬਰਕਤ ਸਿਰਜਨਹਾਰ ਦੀ।
ਰੱਬਾ! ਚੇਤ੍ਰ ਕੈਂਦੇ ਆਇਆ, ਮੇਰੀ ਜਾਨੀ ਕਿਉਂ ਚਿਰ ਲਾਇਆ
ਮੇਰੀਆਂ ਚਸ਼ਮਾਂ ਲੋਹੂ ਫੁਟੀਆਂ, ਮੈਂ ਰੋ ਰੋ ਬਹੁਤ ਨਿਖੁਟੀਆਂ
ਮੇਰਿਆਂ ਦਰਦਾਂ ਕਲੀਆਂ ਕੱਢੀਆਂ, ਜਾਂ ਆਈ ਰੁਤ ਬਹਾਰ ਦੀ।
ਮੇਰੀਆਂ ਤਪਨ ਧੁਖਣ ਹੱਡੀਆਂ, ਮੇਰਿਆਂ ਸੂਲਾਂ ਸ਼ਾਖਾਂ ਛੱਡੀਆਂ
ਸੱਲ ਫੁਟੇ ਖਾਲ ਪ੍ਰੇਮ ਦੇ, ਦਿਲ ਛੋਡਿ ਬੂਟੇ ਸੋਮ ਦੇ
ਮੈਨੂੰ ਦੂਤੀਆਂ ਬਹੁਤ ਸਤਾਇਆ, ਨਿਤ ਰੋ ਰੋ ਧਾਈਂ ਮਾਰਦੀ।
ਜਾਂ ਬਿਰਹੋਂ ਝੋਲਾ ਝੁਲਿਆ, ਗ਼ਮ ਦੁਖ ਮੇਰੇ ਤਨ ਫੁਲਿਆ
ਮੈਂ ਅੰਦਰ ਬਹਿ ਕੇ ਜਾਲਿਆ, ਤੇਰੇ ਸ਼ੌਕ ਦਾ ਬੂਟਾ ਪਾਲਿਆ
ਮੈਂ ਖਲੀ ਉਡੀਕਾਂ ਰਾਹ ਤੇ, ਮੈਨੂੰ ਨਿਤ ਉਦਾਸੀ ਯਾਰ ਦੀ।
ਰਲ ਬੈਠੀਆਂ ਸੰਗ ਸਹੇਲੀਆਂ, ਮੇਰੀ ਖਬਰ ਨ ਲਈਆ ਬੇਲੀਆਂ
ਅਜ ਬੁਲਬੁਲ ਫੇਰਾ ਪਾਇਆ, ਜਾਂ ਭੌਰ ਗੁਲਾਂ ਤੇ ਆਇਆ
ਸਭ ਯਾਰ ਯਾਰਾਂ ਨੂੰ ਆ ਮਿਲੇ, ਮੈਨੂੰ ਖ਼ਬਰ ਨਹੀਂ ਦਿਲਦਾਰ ਦੀ। ੧।
ਚੜ੍ਹਿਆ ਮਾਹ ਬੈਸਾਖ ਸੁਹਾਵਣਾ, ਅਸਾਂ ਨਿਤ ਤੇਰਾ ਗ਼ਮ ਖਾਵਣਾ
ਮੈਂ ਸਾਵੀ ਪੀਲੀ ਹੋ ਰਹੀ, ਮੇਰੀ ਦੇਹੀ ਜ਼ਰਦ ਵਸਾਰ ਦੀ।
ਨਿਤ ਤਿਤਰ ਮੋਰ ਉਡਾਂਵਦੀ, ਮੈਂ ਰੋ ਰੋ ਔਂਸੀਆਂ ਪਾਂਵਦੀ
ਮੈਂ ਭਰਦੀ ਪਾਸੁ ਪੜੋਸੀਆਂ, ਨਿਤ ਪੁਛਦੀ ਪੰਡਤ ਜੋਸ਼ੀਆਂ
ਸਭ ਮੁਲਾਂ ਰਮਲੀ ਢੂੰਡਦੀ, ਉਠ ਖਾਬਾਂ ਰੋਜ਼ ਵਿਚਾਰਦੀ।
ਨਿਤ ਲਿਖ ਕਿਤਾਬਤ ਘਲਦੀ, ਸਾਨੂੰ ਸਿਕ ਤੁਸਾਡੀ ਦਿਲ ਦੀ
ਕੋਈ ਭੇਜ ਸੁਨੇਹਾ ਸੁਖ ਦਾ, ਕੋਈ ਲਿਆਵੇ ਤੇਰੇ ਮੁਖ ਦਾ
ਬਿਨ ਪਾਣੀ ਮਛਲੀ ਮਰ ਚਲੀ, ਕਦੀ ਖ਼ਬਰ ਤੂੰ ਲੈ ਬੀਮਾਰ ਦੀ।
ਦਿਨ ਚੈਨ ਨ ਰਾਤੀਂ ਸੌਂਨੀਆਂ, ਉਠ ਗਲੀਆਂ ਦੇ ਵਿਚ ਭੌਨੀਆਂ
ਲੋਕ ਆਖਦੇ ਝੱਲੀ ਕਮਲੀ, ਮੈਂ ਸੁਰਤ ਨਾ ਕਾਈ ਸੰਭਲੀ



Sri Satguru Jagjit Singh Ji eLibrary NamdhariElibrary@gmail.com

ਨਿਤ ਫਰਦ ਫਕੀਰ ਪੁਕਾਰਦੀ, ਸਾਨੂੰ ਤਲਬ ਤੇਰੇ ਦੀਦਾਰ ਦੀ ।੨।
ਅਗੋਂ ਜੇਠ ਮਹੀਨਾ ਆਇਆ, ਤੁਸਾਂ ਚਿਤ ਕਿਤੇ ਵਲ ਚਾਇਆ
ਘਰਿ ਅੰਬ ਤੇ ਦਾਖਾਂ ਪੱਕੀਆਂ, ਮੈਂ ਰਖ ਦੂਤਾਂ ਥੀਂ ਥੱਕੀਆਂ
ਜਬ ਮਾਲੀ ਮੂਲ ਨਾ ਬਾਹੁੜੇ, ਕੌਣ ਰਾਖੀ ਕਰੇ ਅਨਾਰ ਦੀ ।
ਮੇਰਾ ਜੋਬਨ ਬਹੁਤ ਉਤਾਵਲਾ, ਉਹ ਤਾਂ ਨੌਂ ਸ਼ਹੁ ਫਿਰਦਾ ਬਾਵਲਾ
ਮੇਰੇ ਸੀਨੇ ਸੂਲਾਂ ਸੱਲੀਆਂ, ਅਸਾਂ ਸਿਰ ਤੇ ਆਈਆਂ ਝੱਲੀਆਂ
ਕੁਛ ਮਿਹਰ ਨਹੀਂ ਇਸ ਯਾਰ ਦੀ, ਸਾਨੂੰ ਗੁੱਝੀ ਆਤਸ਼ ਸਾੜਦੀ ।
ਮੈਨੂੰ ਸਬਰ ਕਰਾਰ ਨਾ ਆਉਂਦਾ, ਬਿਨ ਯਾਰ ਨ ਵਿਹੜਾ ਭਾਉਂਦਾ
ਮੈਨੂੰ ਉਠਣ ਬਹਿਣ ਨ ਸੁਝਦਾ, ਮੇਰਾ ਅੰਦਰ ਬਲ ਬਲ ਬੁਝਦਾ
ਹੁਣ ਸੁੰਞੀ ਸੇਜ ਡਰਾਉਣੀ, ਗੁਲ ਹੋਈ ਸੂਰਤ ਖਾਰ ਦੀ ।
ਅੱਖੀਂ ਸੜਨ ਜੋ ਲਗੀਆਂ, ਮੇਰੀਆਂ ਹੰਝੂ ਰੱਤੀ ਵਗੀਆਂ
ਕਦੀ ਖਾਬੀਂ ਅੰਦਰ ਆਂਵਦਾ, ਫਿਰ ਜਾਗਦਿਆਂ ਉਠ ਜਾਂਵਦਾ
ਮੈਂ ਵਾਂਗ ਜ਼ੁਲੈਖਾਂ ਪੁਛਦੀ, ਗੱਲ ਯੂਸਫ ਮਿਸਰ ਬਜ਼ਾਰ ਦੀ ।੩।

ਚੜ੍ਹਿਆ ਹਾੜ ਮਹੀਨਾ ਕੜਕਦਾ, ਮੇਰੇ ਅੰਦਰ ਭਾਂਬੜ ਭੜਕਦਾ
ਇਸ ਬਿਰਹੋਂ ਸੂਰਜ ਚਾੜ੍ਹਿਆ, ਮੈਨੂੰ ਪਿਆਰੇ ਦਿਲੋਂ ਵਿਸਾਰਿਆ
ਮੈਂ ਮੌਤੋਂ ਗੁਜ਼ਰੀ ਲੰਘਕੇ, ਕੇਹੀ ਬਰਛੀ ਲਾਈਆ ਸਾਰ ਦੀ ।
ਮੈਨੂੰ ਹਿਜਰੀ ਆਤਸ਼ ਚਾੜ੍ਹਿਆ, ਅਤੇ ਤਪਨ ਸਿਕਨ ਸਾੜਿਆ
ਮੈਂ ਰੋ ਰੋ ਨਿਤ ਪੁਕਾਰਿਆ, ਝਬ ਮਿਲੀਂ ਤੂੰ ਸਜਣ ਪਿਆਰਿਆ
ਮੈਂ ਅਪਣਾ ਆਪ ਸ਼ਿੰਗਾਰਿਆ, ਕਰ ਆਸ ਪੂਰੇ ਨਿਰਧਾਰ ਦੀ ।
ਮੈਂ ਪੈਧੀ ਪਚਰੀ ਰਹਿ ਗਈ, ਕਾਈ ਗੰਢ ਤੁਸਾਂ ਦਿਲ ਬਹਿ ਗਈ
ਮੇਰਾ ਹੋਇਆ ਚੋਲਾ ਨਾਰ ਜਿਉਂ, ਦੋ ਜ਼ੁਲਫਾਂ ਡੰਗਣ ਮਾਰ ਜਿਉਂ
ਮੈਨੂੰ ਹਾਰ ਸ਼ਿੰਗਾਰ ਨਾ ਭਾਉਂਦਾ, ਨਹੀਂ ਤਾਕਤ ਹੈ ਗੁਫਤਾਰ ਦੀ ।
ਸੁਖ ਸਉਣ ਜੋ ਕੰਤਾਂ ਵਾਲੀਆਂ, ਅਸਾਂ ਰਾਤੀਂ ਤਨਹਾ ਜਾਲੀਆਂ
ਬ੍ਰਿਹੁੰ ਡੰਗ ਅਨੂਹੋਂ ਮਾਰਦੇ, ਲੋਕ ਦੇਣ ਉਲਾਂਭੇ ਯਾਰ ਦੇ
ਮੈਂ ਕਿਤ ਵਲ ਕੂਕਾਂ ਜਾਇਕੇ, ਦਰ ਤੇਰੇ ਰਾਜ਼ ਪੁਕਾਰਦੀ ।
ਤੇਰੀ ਵਾਉ ਠੰਢੀ ਮੈਂ ਥੀਂਵਦੀ, ਤੇਰਾ ਨਾਮ ਸੁਣੇ ਸੁਣ ਜੀਂਵਦੀ
ਮੇਰਾ ਤੇਰੇ ਬਾਝੋਂ ਕੌਣ ਹੈ, ਸਾਨੂੰ ਕੁਛ ਆਰਾਮ ਨਾ ਸੌਣ ਹੈ
ਨਿਤ ਗਲੀਆਂ ਦੇ ਵਿਚ ਭੌਣ ਹੈ, ਧਰ ਓਟ ਤੇਰੇ ਦਰਬਾਰ ਦੀ ।
ਧੋਇ ਪੈਰ ਤੁਸਾਡੇ ਪੀਵਨੀਂ ਹਾਂ, ਤੇਰਾ ਨਾਮ ਸੁਣੇ ਮੈਂ ਜੀਵਨੀ ਹਾਂ
ਗੁਣ ਤੇਰੇ ਬੈਠੀ ਗਾਂਵਦੀਂ ਸ਼ੌਕ ਤੇਰੇ ਜੀਉ ਵਲਾਉਂਦੀ
ਬਿਨ ਤੇਰੇ ਪਿਆਰਿਆ ਸੱਜਣਾ, ਕੁਝ ਖਬਰ ਨਹੀਂ ਸੰਸਾਰ ਦੀ । ੪ ।

ਜਾਂ ਸਾਵਣ ਸਿਰ ਤੇ ਗੱਜਿਆ, ਮੇਰਾ ਅਕਲ ਫਿਕਰ ਸਭ ਭੱਜਿਆ


Sri Satguru Jagjit Singh Ji eLibrary NamdhariElibrary@gmail.com

ਇਹ ਬਿਜਲੀ ਜਿਉਂ ਚਮਕਾਉਣੀ, ਗ਼ਮ ਉਠੀ ਘਟਾ ਡਰਾਉਣੀ
ਮੇਰੇ ਸਿਰ ਤੋਂ ਪਾਣੀ ਚਲਿਆ, ਅਜ ਰੋ ਰੋ ਕਾਂਗਾਂ ਚਾੜ੍ਹਦੀ।
ਜੇਹੜੇ ਤਾਰੂ ਆਏ ਤਰ ਗਏ, ਸਿਰ ਦੋਸ਼ ਤੱਤੀ ਦੇ ਧਰ ਗਏ
ਮੈਂ ਡਰਦੀ ਪੈਰ ਨਾ ਪਾਇਆ, ਮੇਰਾ ਗਫਲਤ ਜੀਉ ਡਰਾਇਆ
ਕਦੀ ਬੇੜਾ ਠੇਲ੍ਹ ਮੁਹਾਣਿਆ! ਮੈਂ ਕੰਧੀ ਵੇਖਾਂ ਪਾਰ ਦੀ।
ਅਸਾਂ ਪਿਆ ਸਮੁੰਦਰ ਝਾਗਣਾ, ਹੁਣ ਮੌਤੋਂ ਕਿਤ ਵਲ ਭਾਗਣਾ
ਜਿਥੇ ਚੱਪਾ ਵੰਝੂ ਨ ਲਗਦਾ, ਉਥੇ ਪਾਣੀ ਵਗਦਾ ਅੱਗ ਦਾ
ਮੈਂ ਡੁਬੀ ਬਹਿਰ ਅਮੀਕ ਵਿਚ, ਜਿਥੇ ਖਬਰ ਉਰਾਰ ਨ ਪਾਰ ਦੀ।
ਮੈਂ ਡੁਬੀ ਲੈਂਦੀ ਹਾਹੁੜੇ, ਮਤਾਂ ਖਿਜ਼ਰ ਕਦਾਹੂੰ ਬਾਹੁੜੇ
ਜੇ ਮੱਦਤ ਹੋਵੈ ਪੀਰ ਦੀ, ਉਹ ਸੁਣੇ ਫਰਿਆਦ ਫਕੀਰ ਦੀ
ਓਹ ਕੱਢੇ ਬਹਿਰ ਅਮੀਕ ਥੀਂ, ਦਸ ਪਾਈਏ ਸ਼ਾਹੁ ਸਵਾਰ ਦੀ।੪।

ਅਗੋਂ ਭਾਦੋਂ ਸੁਣੀਏ ਆਂਵਦਾ, ਮੇਰਾ ਤਨ ਮਨ ਝੋਰਾ ਖਾਂਵਦਾ
ਨਾ ਉਹ ਥਾਉਂ ਟਿਕਾਣਾ ਕਹਿ ਗਿਆ, ਇਕ ਨਾਮ ਦਿਲੇ ਤੇ ਰਹਿ ਗਿਆ
ਮੈਂ ਕਿਥੋਂ ਪੁਛਾਂ ਜਾਇਕੇ, ਨਿੱਤ ਥੱਕੀ ਫਾਲਾਂ ਪਾਇਕੇ
ਕੋਈ ਬੋਲੇ ਭਾਗ ਸੁਲੱਖਣੀ, ਨਿੱਤ ਸ਼ਗਨ ਹਮੇਸ਼ ਵਿਚਾਰਦੀ।
ਜੋ ਕੀਤਾ ਸੋਈ ਪਾਇਆ, ਸਾਨੂੰ ਅਗਲਾ ਅੰਤ ਨ ਆਇਆ
ਰਹੀ ਢੂੰਡ ਕਿਤਾਬਾਂ ਫੋਲ ਕੇ, ਸਭ ਵੇਦਾਂ ਪੋਥੀ ਖੋਲ੍ਹ ਕੇ
ਉਡ ਕਾਗਾ! ਸੱਜਣ ਆਂਵਦੇ, ਮੈਂ ਥੱਕੀ ਰੋਜ਼ ਉਡਾਰਦੀ।
ਉਹ ਕੇਹੜੀ ਜਗ੍ਹਾ ਸੁਹਾਵਣੀ, ਜਿੱਥੇ ਪਿਆਰੇ ਪਾਈ ਛਾਵਣੀ
ਇਹ ਮੁਦਤ ਗਿਣਦਿਆਂ ਜਾਂਵਦੀ, ਨਹੀਂ ਖਬਰ ਸੁਹਣੇ ਦੀ ਆਂਵਦੀ
ਉਹ ਬੈਠਾ ਤੰਬੂ ਮਾਰ ਕੇ, ਪਰ ਮੈਨੂੰ ਮਨੋਂ ਵਿਸਾਰਕੇ
ਉਹਨੂੰ ਹੁਬ ਵਤਨ ਦੀ ਨ ਰਹੀ, ਜੋ ਖਬਰ ਲਏ ਘਰ ਬਾਰ ਦੀ।
ਮੇਰੇ ਸਿਰ ਤੇ ਬਿਰਹੋਂ ਕੜਕਿਆ, ਅਜ ਸੱਜਾ ਬਾਜ਼ੂ ਫੜਕਿਆ
ਅੱਗੋਂ ਛੇਵਾਂ ਮਹੀਨਾ ਆਇਆ, ਕੋਈ ਖਤ ਪੈਗਾਮ ਨਾ ਆਇਆ
ਨਿਤ ਪੁਛਦੀ ਪਲ ਪਲ ਕਾਸਦਾ, ਕਾਈ ਚਿੱਠੀ ਬਰਖ਼ੁਰਦਾਰ ਦੀ।੬।

ਹੁਣ ਅਸ੍ਰੂ ਆਂਸੂ ਚਲੀਆਂ, ਇਹ ਰਹਿਨ ਨ ਮੂਲੇ ਠੱਲ੍ਹੀਆਂ
ਕੋਈ ਨਾਲੇ ਵਗਣ ਰੱਤ ਦੇ, ਮੈਂ ਰਹੀ ਦਿਲੇ ਨੂੰ ਮਤ ਦੇ
ਲਾ ਕਦਮ ਖਾਕ ਦਿਲਦਾਰ ਦੀ, ਜੋ ਠੱਲੇ ਜੋਸ਼ ਬਹਾਰ ਦੀ।
ਪਏ ਹਰਫ਼ ਅਵੱਲੇ ਸਿਖਣੇ, ਮੈਂ ਦਫ਼ਤਰ ਕਿਤਨੇ ਲਿਖਣੇ
ਇਕ ਜਾਂਦਾ ਦੂਜਾ ਆਉਂਦਾ, ਇਕ ਬਾਲੇ ਅੱਗ ਬੁਝਾਂਵਦਾ
ਕਢ ਧੂੰ ਨਾ ਬਾਹਰ ਨਿਕਲੇ, ਕਿਆ ਖੂਬੀ ਹੈ ਇਸ ਨਾਰ ਦੀ।
ਨਿੱਤ ਸਾੜਨ ਨੂੰ ਇਹ ਬੁਝਦੀ, ਇਹ ਪਾਣੀ ਪਾਇਆਂ ਨਾ ਬੁਝਦੀ



Sri Satguru Jagjit Singh Ji eLibrary NamdhariElibrary@gmail.com

ਉਹ ਚਮਕੇ ਉਹ ਬੁਝਾਂਵਦਾ, ਨਿਤ ਸੂਲ ਹੱਡਾਂ ਨੂੰ ਖਾਂਵਦਾ
ਸਭ ਗੋਸ਼ਤ ਪੋਸਤ ਸਾੜਦੀ, ਫਿਰ ਮ ਾਹ ਹੱਡਾਂ ਨੂੰ ਸਾੜਦੀ।
ਏਹ ਬੁਝ ਬੁਝ ਲੋਕ ਬੁਲਾਂਵਦੇ, ਇਹ ਬਲਦੀ ਨਾਹਿ ਬੁਝਾਂਵਦੇ
ਕਛੁ ਆਤਸ਼ ਪਾਸੋਂ ਭੀ ਰਹੇ, ਪਰ ਇਸ਼ਕੇ ਅਗੇ ਕੀ ਰਹੈ
ਇਹ ਹਡੀਂ ਪਈ ਨਾ ਛਡਦੀ, ਕੋਈ ਪਿਛਲੀ ਗੱਲ ਇਤਬਾਰ ਦੀ। ੭।
ਹੁਣ ਕੱਤਕ ਫੇਰਾ ਪਾਇਆ, ਮੇਰਾ ਕੰਤ ਨਾ ਮੂਲੇ ਆਇਆ
ਮੈਂ ਵਿਦਾ ਨਾ ਕੀਤਾ ਜਾਂਦਿਆਂ, ਅਤੇ ਪੁਛਿਆ ਨਾ ਸ਼ਰਮਾਂਦਿਆਂ
ਕੇਹੇ ਵਾਰ ਭੈੜੀ ਨੇ ਤੋਰਿਆ, ਉਸ ਘੋੜਾ ਫੇਰ ਨਾ ਮੋੜਿਆ
ਮੈਂ ਕਿਚਰਕੁ ਦੇਖਾਂ ਰਾਹੁ ਨੂੰ, ਇਹ ਭੈੜੀ ਫੜੀ ਗੁਨਾਹ ਨੂੰ
ਹੁਣ ਮਿਲੀਂ ਪਿਆਰਿਆ ਆਇ ਕੇ, ਨਹੀਂ ਮਰਸਾਂ ਮਹੁਰਾ ਖਾਇ ਕੇ
ਕੋਈ ਮਹਿਰਮ ਨਾਹੀਂ ਹਾਲ ਦਾ, ਇਕ ਦਿਨ ਦਿਨ ਗੁਜ਼ਰੇ ਸਾਲ ਦਾ
ਨਿਸ ਜਾਂਦੀ ਤਾਰੇ ਗਿਣਦਿਆਂ, ਦਿਨ, ਘੜੀਆਂ ਸਾਇਤ ਮਿਣਦਿਆਂ
ਉਹ ਕੇਹੜੀ ਘੜੀ ਕੁਲਖਣੀ, ਜੋ ਪਿਆਰਾ ਮਨੋਂ ਵਿਸਾਰਦੀ।
ਹੁਣ ਜੋਬਨ ਧੂੰਮਾਂ ਪਾਈਆਂ, ਸਾਨੂੰ ਗਿਣ ਗਿਣ ਲੀਕਾਂ ਲਾਈਆਂ
ਹੁਣ ਕਿਚਰਕੁ ਇਸ਼ਕ ਛਿਪਾਈਏ, ਵਿਚ ਰੂਈਂ ਭਾਹ ਲੁਕਾਈਏ
ਇਹ ਇਸ਼ਕ ਨ ਰਹਿੰਦਾ ਛਪਿਆ, ਵਾਂਗ ਜ਼ਾਹਰ ਮੁਸ਼ਕ ਅਤਾਰ ਦੀ।
ਪਰ ਇਹ ਲੋਕਾਂ ਭਾਣੇ ਗੱਲ ਹੈ, ਸਾਨੂੰ ਮੁਸ਼ਕਲ ਰਾਹ ਅਵੱਲ ਹੈ
ਜਿਸ ਲਗੇ ਸੋਈ ਜਾਣਦਾ, ਲੋਕ ਗ਼ਾਫ਼ਲ ਖ਼ੁਸ਼ੀਆਂ ਮਾਣਦਾ
ਇਹ ਭਾਰ ਨਾ ਚਾਵਨ ਸਹਿਲ ਹੈ, ਕੌਣ ਚੁਕੇ ਪੋਟ ਪਹਾੜ ਦੀ। ੮।
ਅਗੋਂ ਮੱਘਰ ਬਹਿ ਕੇ ਜੋੜੀਏ, ਨਿਤ ਨਵਾਂ ਰਸਾਲਾ ਟੋਰੀਏ
ਗੱਲ ਆਖਾਂ ਖਰਲ ਸਿਆਲ ਦੀ, ਹੁਣ ਵਰਤੀ ਆਪਣੇ ਹਾਲ ਦੀ
ਇਸ ਵਕਤ ਪਿਆਰਾ ਲੋੜੀਏ, ਸਾਨੂੰ ਬਹੁਤੀ ਸਿਕ ਦੀਦਾਰ ਦੀ।
ਅਗੋਂ ਰਾਤੀਂ ਆਈਆਂ ਵੱਡੀਆਂ, ਮੇਰੀਆਂ ਬਿਰਹੋਂ ਕਢੀਆਂ ਹੱਡੀਆਂ
ਹੁਣ ਕਿਸਨੂੰ ਆਖਾਂ ਕੀ ਕਰਾਂ, ਹੁਣ ਕਿਤ ਵਲ ਜਾ ਕੇ ਜੀ ਧਰਾਂ
ਮੇਰਾ ਨਾ ਘਰ ਪਿਆਰਾ ਕੰਤ ਹੈ, ਪਲ ਘੜੀਆਂ ਰੋਜ਼ ਸ਼ੁਮਾਰ ਦੀ।
ਮੇਰੇ ਪੱਲੇ ਖਰਚ ਨਾ ਦਾਮ ਹੈ, ਵਿਚ ਘਰ ਦੇ ਆਬ ਨ ਤੁਆਮ ਹੈ
ਮੈਨੂੰ ਇਕ ਵਿਛੋੜਾ ਯਾਰ ਦਾ, ਦੂਜਾ ਪਾਲਾ ਡਾਢਾ ਸਾੜਦਾ
ਅੱਜ ਸਭ ਕਿਛ ਘਰ ਵਿਚ ਲੋੜੀਏ, ਭੁਖ ਸਾਰੇ ਭੇਤ ਉਘਾੜਦੀ।
ਅੱਜ ਹੋਵਣ ਲੇਫ ਨਿਹਾਲੀਆਂ, ਕੋਲ ਨਿਆਮਤ ਭਰੀਆਂ ਥਾਲੀਆਂ
ਨਾਲ ਬੈਠ ਪਿਆਰੇ ਖਾਈਏ, ਹਸ ਪਿਆਰੇ ਨੂੰ ਗਲ ਲਾਈਏ
ਉਨੂੰ ਰੋ ਰੋ ਹਾਲ ਸੁਣਾਈਏ, ਕੁਛ ਮੁਸ਼ਕ ਗੁਲਾਬ ਲਗਾਈਏ
ਕੁਛ ਦੇਖੇ ਤਦੋਂ ਦਿਖਾਈਏ, ਫਿਰ ਪਿਆਰੇ ਨੂੰ ਗਲ ਲਾਈਏ


Sri Satguru Jagjit Singh Ji eLibrary NamdhariElibrary@gmail.com

ਜਾਂ ਭਾਗ ਨਾ ਹੋਵਣ ਆਪਣੇ, ਤਾਂ ਇਹ ਕਿਉਂ ਬਾਤ ਚਿਤਾਰਦੀ। ੯।
ਇਹ ਪੋਹ ਸਾਨੂੰ ਕੀਹ ਆਖਦਾ, ਘਾਉ ਲਗਾ ਯਾਰ ਫ਼ਿਰਾਕ ਦਾ
ਉਤੋਂ ਪਾਲਾ ਆਇਆ ਗੱਜ ਕੇ, ਅਤੇ ਬਰਫ਼ਾਂ ਪਈਆਂ ਰੱਜ ਕੇ
ਸਭ ਜੰਗਲ ਬਰਵਾ ਸੁਕਦੇ, ਵਾਇ ਵਗੀ ਸਖ਼ਤ ਸ਼ਿਕਾਰ ਦੀ।
ਮੈਂ ਰੋ ਰੋ ਕੂਕ ਸੁਣਾ ਰਹੀ, ਮੇਰੀ ਜਿੰਦ ਤਲੀ ਤੇ ਆ ਰਹੀ
ਇਹ ਦਰਦ ਵਿਛੋੜੇ ਯਾਰ ਦੇ, ਦੁਖ ਕਿਆ ਕਿਆ ਲਹਿਰਾਂ ਮਾਰਦੇ
ਉਹ ਮਹਰਮ ਵੈਦ ਨਾ ਆਉਂਦਾ, ਨਿਤ ਸੋਖਾ ਤਾਪ ਚੜ੍ਹਾਉਂਦਾ
ਪਰ ਫਿਰ ਕੇ ਕਰਸੇਂ ਆਇਕੇ, ਜਾਂ ਵੱਜੀ ਚੋਟ ਨਕਾਰ ਦੀ।
ਇਹ ਦਰਦ ਵਿਛੋੜਾ ਯਾਰ ਦਾ, ਵਿਚ ਜਿਗਰ ਤ੍ਰਾਟਾਂ ਮਾਰਦਾ
ਇਹ ਸਰਦੀ ਸਖਤ ਫਿਰਾਕ ਦੀ, ਜਿੰਦ ਕੋਹੇ ਇਸ ਮੁਸ਼ਤਾਕ ਦੀ
ਨਿਤ ਖਾਂਦਾ ਦਰਦ ਫਿਰਾਕ ਦਾ, ਦੁਖ ਜਾਵੇ ਮੈਂ ਗ਼ਮਨਾਕ ਦਾ
ਅਜ ਵਿਰਦ ਰੁਬਾਈ ਫਰਦ ਨੂੰ, ਕਿਆ ਤਾਬ ਕਿਤਾਬ ਸ਼ੁਮਾਰ ਦੀ।
ਕੋਈ ਕਹੇ ਜਾ ਅਹਿਬਾਬ ਨੂੰ, ਕੀ ਕੀਤੋਈ ਫਰਦ ਬੇਤਾਬ ਨੂੰ
ਤੇਰੀ ਤਾਬ ਬਗੈਰ ਬੇਤਾਬ ਹੈ, ਮੈਨੂੰ ਮਾਹੀ ਵਲੋਂ ਅਜ਼ਾਬ ਹੈ
ਹੁਣ ਕੀਕਰ ਮਿਲਸਾਂ ਜਾਇਕੇ, ਮੈਨੂੰ ਤਾਕਤ ਨਾ ਰਫ਼ਤਾਰ ਦੀ।੧੦।
ਚੜ੍ਹਿਆ ਮਾਘ ਮਹੀਨਾ ਯਾਰੁਵਾਂ, ਹੁਣ ਬਾਕੀ ਰਹਿੰਦਾ ਬਾਰੁਵਾਂ
ਅਸਾਂ ਯਾਰਾਂ ਦਾ ਗ਼ਮ ਖਾਂਦਿਆਂ, ਕਈ ਮੁਦਤ ਪਛੋਤਾਂਦਿਆਂ
ਮੈਂ ਰੋਜ਼ ਨਸੀਹਤ ਦੇ ਰਹੀ, ਉਨੂੰ ਇਕ ਨਾ ਆਵੇ ਕਾਰ ਦੀ।
ਮੈਂ ਨਿੱਜ ਤੱਤੀ ਨੇਹੁੰ ਲਾਇਆ, ਜੋ ਕੀਤਾ ਸੋਈ ਪਾਇਆ
ਸਭ ਹਾਰ ਸ਼ਿੰਗਾਰਾਂ ਫੂਕਦੀ, ਕਰ ਖਲੀਆਂ ਬਾਹੀਂ ਕੂਕਦੀ
ਕੋਈ ਵਾਕਫ ਨਾਹੀਂ ਹਾਲ ਦਾ, ਜੋ ਦਸਾਂ ਗੱਲ ਅਸਰਾਰ ਦੀ।
ਦਿਹੁੰ ਪਲ ਪਲ ਵਧਦਾ ਆਇਆ, ਹੁਣ ਪਾਲੇ ਜੋਸ਼ ਹਟਾਇਆ
ਨਿਤ ਮੁੱਦਤ ਗੁਜ਼ਰੀ ਰੋਂਦਿਆਂ, ਅਸਾਂ ਮਲ ਮਲ ਹੰਝੂ ਧੋਂਦਿਆਂ
ਮਤ ਪਵੇ ਕਬੂਲ ਜੇ ਆਹ ਕੋ, ਮੈਂ ਆਜਜ਼ ਵਕਤ ਗੁਜ਼ਾਰਦੀ।
ਅਸਾਂ ਏਹ ਭੀ ਮਾਂਹ ਗੁਜ਼ਾਰਿਆ, ਵਿਚ ਸਿਕ ਤੁਸਾਡੀ ਪਿਆਰਿਆ
ਤੂੰ ਗਇਓਂ ਮੁਹੱਬਤ ਤੋੜ ਕੇ, ਅਤੇ ਖਬਰ ਨ ਲਈਆ ਮੋੜਕੇ
ਉਹ ਕਿਹੜੀ ਬਾਉਂ ਸੁਹਾਵਣੀ, ਜਿਥੇ ਪਿਆਰੇ ਪਾਈ ਛਾਵਣੀ
ਤੈਨੂੰ ਤਰਸ ਨਾ ਮੇਰੇ ਹਾਲ ਦਾ, ਨਿਤ ਤੇਰਾ ਨਾਮ ਚਿਤਾਰਦੀ।੧੧।
ਚਲੀ ਵਾਉ ਫੱਗਣ ਦੀ ਆਇ ਕੇ, ਕੋਈ ਕਹੇ ਪੀਆ ਨੂੰ ਜਾਇ ਕੇ
ਮੇਰਾ ਬਖਸ਼ ਗੁਨਾਹ ਪਿਆਰਿਆ, ਅਸਾਂ ਰੋ ਰੋ ਵਕਤ ਗੁਜ਼ਾਰਿਆ
ਸਭ ਕੁਲ ਕਬੀਲਾ ਮਾਲ ਜਾਨ, ਸਭ ਸਿਰ ਤੇਰੇ ਤੋਂ ਵਾਰਦੀ।
ਅਜ ਆਈ ਰੁਤ ਬਸੰਤ ਦੀ, ਕੋਈ ਖ਼ਬਰ ਲਿਆਵੇ ਕੰਤ ਦੀ



Sri Satguru Jagjit Singh Ji eLibrary NamdhariElibrary@gmail.com

ਪਈ ਖਬਰ ਸੱਜਣ ਘਰ ਆਉਂਦੇ, ਮੇਰਾ ਅੰਗਨ ਆਣ ਸੁਹਾਂਵਦੇ
ਮੈਨੂੰ ਆਇਆ ਰੋਜ਼ ਵਿਸਾਲ ਦਾ, ਇਹ ਫੱਗਣ ਦੇ ਵਿਚ ਭਾਲਦਾ
ਸਾਡੇ ਯਾਰਾਂ ਦੇ ਘਰ ਸ਼ਾਦੀਆਂ, ਅੱਜ ਦੂਤੀਆਂ ਦਾ ਮੂੰਹ ਸਾੜਦੀ ।
ਉਠ ਫ਼ਰਦ ਫ਼ਕੀਰਾ ਚਲੀਏ, ਚੱਲ ਰਾਹ ਸੱਜਣ ਦਾਂ ਮੱਲੀਏ
ਲੈ ਪਿਆਰੇ ਨੂੰ ਗਲ ਲਾਈਏ, ਇਹ ਬਲਦੀ ਭਾਹਿ ਬੁਝਾਈਏ
ਸਭ ਦਰਦ ਵਿਛੋੜੇ ਦੁਖ ਗ਼ਮ, ਮੈਂ ਪੈਰਾਂ ਹੇਠ ਲਿਤਾੜਦੀ ।
ਉਹ ਦੇਖ ਪਿਆਰਾ ਆਇਆ, ਸਾਨੂੰ ਮੌਲਾ ਯਾਰ ਮਿਲਾਇਆ
ਰੱਬ ਸੱਚਾ ਜਿਸ ਦਾ ਨਾਮ ਹੈ, ਸਾਨੂੰ ਨਾਲ ਉਸ ਦੇ ਕਾਮ ਹੈ
ਸਾਡਾ ਜ਼ਾਮਨ ਫਰਦਾ ਓਹੀ ਹੈ, ਸਾਨੂੰ ਓਟ ਉਸੇ ਦਰਬਾਰ ਦੀ ।
ਤੈਨੂੰ ਫ਼ਰਦ ਫ਼ਕੀਰਾ ਕਹਿ ਰਹੀ, ਨਿੱਤ ਕਹਿ ਕਹਿ ਕੇ ਹਟ ਬਹਿ ਰਹੀ
ਕਰ ਤੋਬਾ ਇਸ਼ਕ ਮਿਜ਼ਾਜ਼ ਥੀਂ, ਇਸ ਹਿਰਸੋਂ ਨਜ਼ਰ ਖਰਾਬ ਥੀਂ
ਤੂੰ ਬਾਜ਼ ਨ ਆਇਓਂ ਗਾਫਲਾ, ਕੇਹੀ ਲੁਟ ਪਈ ਬਾਜ਼ਾਰ ਦੀ ।
ਇਹ ਦੁਨੀਆਂ ਆਵਾਗਉਣ ਹੈ, ਵਿਚ ਕਬਰੇ ਬੇਲੀ ਕਉਣ ਹੈ
ਛੱਡ ਝੂਠ ਦੁਨੀਆਂ ਦੀਆਂ ਬਾਜ਼ੀਆਂ, ਮੈਂ ਥੱਕੀ ਰੋਜ਼ ਪੁਕਾਰਦੀ ।
ਤੂੰ ਜਾਣ ਸ਼ਰੀਅਤ ਰਾਹਬਰ, ਸਚ ਜਾਣ ਤਰੀਕਤ ਅਸਲ ਘਰ
ਇਹ ਢੂੰਢ ਹਕੀਕਤਿ ਜਾਇਕੇ, ਹੋ ਆਰਫ ਮਨ ਸਮਝਾਇਕੇ
ਕੀ ਕਰਨਾ ਹੈਂ ਗੱਲਾਂ ਕੱਚੀਆਂ, ਛਡ ਆਦਤ ਵੇਖ ਅਯਾਰ ਦੀ ।
ਉਹ ਗਏ ਅਸਾਂ ਭਿ ਜਾਵਣਾ, ਪਰ ਫੇਰ ਨ ਦੁਨੀਆਂ ਆਵਣਾ
ਗਏ ਯਾਰ ਅਸਾਡੇ ਨਾਲ ਦੇ, ਜੋਹੜੇ ਮਹਰਮ ਆਹੇ ਹਾਲ ਦੇ
ਹੋ ਫਰਦਾ ! ਫਾਰਕ ਦੁਨੀ ਥੀਂ, ਜੋ ਹੋਵੇ ਮਿਹਰ ਸਤਾਰ ਦੀ ।੧੨।





Sri Satguru Jagjit Singh Ji eLibrary NamdhariElibrary@gmail.com

## ੧੭. ਬਾਰਾਂਮਾਹ ਮੂਸੇ ਮਿਸਕੀਂ ਕਾ

ਚੇਤ੍ਰ ਚਰਨ ਲਗਿ ਸਤਿਗੁਰ ਕੇ, ਛਡਿ ਚਿੰਤਾ ਪੜ੍ਹਿ ਸ਼ੁਕਰਾਨਾ
ਸਤ ਨਾਲ ਸਵਾਰਨ ਜਨਮ ਸੋਈ, ਜਿਨਾਂ ਪੜ੍ਹਿਆ ਰਾਹੁ ਰਬਾਨਾ
ਉਹ ਸੁਰਤ ਕਮਾਨ ਰਖਨ ਹੱਥ ਮੁਹਕਮ, ਮਾਰਨ ਭਰਮ ਨਿਸਾਨਾ
ਸਾਧ ਰਖਨ ਕਹੁ ਮੂਸਾ ਮਿਸਕੀਂ, ਸਾਧ ਸੋਈ ਮਰਦਾਨਾ ।੧।

ਮਾਹਿ ਵੈਸਾਖ ਸਮਾਲ ਤਿਨਾਂ ਨੂੰ, ਜਿਨ੍ਹਾਂ ਪੰਜਾਂ ਨੂੰ ਵਸਿ ਕੀਤਾ
ਕਾਮ ਕ੍ਰੋਧ ਤੇ ਮਾਰ ਕਰਾਹੀਂ, ਨਾਮੁ ਅੰਮ੍ਰਿਤੁ ਰਸੁ ਪੀਤਾ
ਲੋਭ ਮੋਹਿ ਤੇ ਛਡ ਕਰ ਮਮਤਾ, ਹੁਕਮੀ ਮਨੁ ਗੜ੍ਹ ਲੀਤਾ
ਕਹੁ ਮੂਸਾ ਮਿਸਕੀਂ ਸੋ ਨਰ ਸਾਧੂ, ਹਰਿ ਸਿਮਰਨਿ ਵਿਚ ਚੀਤਾ ।੨।

ਜੇਠ ਮਹੀਨੇ ਮਗਨ ਸੋਈ ਕਰਿ, ਧਿਆਨੁ ਜਿਨਾ ਹਰਿ ਜਪਿਆ
ਨਾਮ ਕੁਹਾੜਾ ਪਕੜ ਸਾਧ ਹਥ, ਭਰਮ ਜਿਨੀਂ ਵੰਞ ਕਪਿਆ
ਆਸਾ ਮਾਰਿ ਸੰਤੋਖ ਪਕੜਿ ਕਰ, ਵੰਞ ਲਾਲ ਲਧੋਨੇ ਛਪਿਆ
ਕਹੁ ਮੂਸਾ ਮਿਸਕੀਂ ਸੇ ਭਉਜਲ ਤਰਸਨ, ਸਿਦਕ ਤੁਲਾ ਜਿਨ੍ਹਾਂ ਨਪਿਆ ।੩।

ਹਾੜ ਹਥ ਫੜ ਸਿਦਕ ਤੁਲਾਹਾ, ਨਿਤ ਸਾਧੂ ਭਉਜਲ ਤਰਦੇ
ਘਰਿ ਵਿਚ ਰਹਿਨ ਉਦਾਸੀ ਹਰਦਮ, ਵਾਸੀ ਪ੍ਰੇਮ ਨਗਰ ਦੇ
ਹੋਂਦੇ ਤ੍ਰਾਣ ਕਰਨਿ ਨਿਤੁ ਯਾਰੀ, ਹਰ ਵੇਖਨਿ ਵਿਚ ਹਰ ਦੇ
ਕਹੁ ਮੂਸਾ ਮਿਸਕੀਂ ਜਿਨ੍ਹਾਂ ਮਰਨ ਯਾਦ ਹੈ, ਸੇ ਕਾਲ ਕੰਨੋਂ ਕਿਉਂ ਡਰਦੇ ।੪।

ਸਾਵਣੁ ਰਹਨ ਸੁਚੇਤ ਸੋਈ, ਜਿਨ੍ਹਾਂ ਵਾਗ ਰਖੀ ਹਥਿ ਮਨੁ ਦੀ
ਨਾਲ ਅਰਾਮੁ ਖੁਸ਼ੀ ਕਰਿ ਜਾਲਨਿ, ਗੁਜ਼ਰੇ ਪਲਕ ਕਠਨ ਦੀ
ਨਿਰਮਲੁ ਹੋਇ ਜਪਨ ਹਰਿ ਰਸਨਾ, ਪਉੜੀ ਚੜ੍ਹਨ ਗਗਨ ਦੀ
ਕਹੁ ਮੂਸਾ ਮਿਸਕੀਂ ਤਾਂਘ ਨ ਛੋਡਨ, ਜਿਨ੍ਹਾ ਸਿਕ ਹੀ ਹਰਿ ਦਰਸ਼ਨ ਦੀ ।੫।

ਭਾਦੋਂ ਦਾਨ ਮਾਇਆ ਦੇ ਕੋਲੋਂ, ਸੇ ਨਰ ਰਹਿਨ ਨਿਆਰੇ
ਨਾਮੁ ਅਧਾਰੁ ਤਿਨ੍ਹਾਂ ਦਾ ਤੋਸਾ, ਦੂਤ ਸਭੇ ਚੁਣ ਮਾਰੇ
ਭੁਖ ਤੇ ਨੀਂਦ ਘਟਾਇ ਸਰੀਰੋਂ, ਯਾਰੀਂ ਨਾਲ ਗੁਜ਼ਾਰੇ
ਕਹੁ ਮੂਸਾ ਮਿਸਕੀਂ ਸੇ ਨਰ ਸਾਧੂ, ਹਰਦਮੁ ਨਾਮ ਚਿਤਾਰੇ ।੬।



Sri Satguru Jagjit Singh Ji eLibrary NamdhariElibrary@gmail.com

ਅੱਸੂ ਸਾਸ ਸਰੀਰ ਲਾਧੇ ਦੇ, ਰੋਮ ਰੋਮ ਹਰਿ ਰਚਦਾ
ਚਲਨਹਾਰ ਹਕੀਕਤ ਹਰਦਮ, ਲੈ ਕਰਿ ਤੋਸਾ ਚਲਦਾ
ਜਾਲਨ ਹਠ ਤੇ ਤਪਨ ਭਠ ਘਟਿ ਵਿਚ, ਛਾਂਢਿ ਬਿਰਹੁ ਦਾ ਬਲਦਾ
ਕਹੁ ਮੂਸਾ ਮਿਸਕੀਂ ਸੋਈ ਜਾਲਨ, ਪ੍ਰੇਮੁ ਤਿਨਾਂ ਤਨੁ ਮਲਦਾ ।੭।

ਕੱਤਕ ਕੂੜ ਨ ਭਾਵੈ ਸਾਧਾਂ, ਫਿਰੇ ਛਲੇਂਦੀ ਕੇਤੀ
ਇਹੁ ਸੰਸਾਰੁ ਦੇਖਨ ਕਰਿ ਸੁਪਨਾ, ਹੋਇ ਰਹੇ ਮੰਝਿ ਭੇਤੀ
ਮੂੰਹ ਦੁਆਰੇ ਦੇਵਨ ਉਹ ਹਰਿ ਜਲ, ਪ੍ਰੀਤ ਜਿਨ੍ਹਾਂ ਦੀ ਖੇਤੀ
ਕਹੁ ਮੂਸਾ ਮਿਸਕੀਂ ਸਤਿ ਸੰਗਤਿ ਜਿਨ ਕੇ, ਚਿਤੁ ਲਾਇਨ ਹਰਿ ਸੇਤੀ ।੮।

ਮੱਘਰ ਮਸਤ ਦਿਸੀਵਨ ਸਾਧੂ, ਜਿਉਂ ਹਸਤੀ ਮਦ ਮਾਤੇ
ਹਰਿ ਧਨ ਹਿਰਦੇ ਲਾਇ ਮਗਨ ਹੋਇ, ਮੁਖ ਤੇ ਰਹਿਨ ਚੁਪਾਤੇ
ਦੇ ਕਰਿ ਸੀਸੁ ਥੀਵਨ ਵੰਞ ਮਹਰਮ, ਦੁਖ ਸਭੇ ਸੁਖ ਜਾਤੇ
ਕਹੁ ਮੂਸਾ ਮਿਸਕੀਂ ਸੇ ਨਰੁ ਸਾਧੂ, ਜੋ ਤਾਰੇ ਪ੍ਰਭੁ ਦਾਤੇ ।੯।

ਪੋਹੁ ਪ੍ਰੀਤ ਜਿਨ੍ਹਾਂ ਰੱਬ ਸੇਤੀ, ਕਰਿ ਭਉ ਨਾਮੁ ਉਚਾਰਨ
ਗੁਰਮੁਖ ਹੋਇ ਰਹਿਨ ਵਿਚ ਜਗ ਦੇ, ਰੂਪ ਦਇਆ ਦਾ ਧਾਰਨ
ਨਿਰਮਲੁ ਹੋਇ ਜਪਨਿ ਹਰਿ ਰਸਨਾ, ਯਾਰੀਂ ਨਾਲ ਗੁਜ਼ਾਰਨ
ਕਹੁ ਮੂਸਾ ਮਿਸਕੀਂ ਸੇ ਨਰ ਸਾਧੂ, ਜੋ ਹਰਿਦਮ ਨਾਮੁ ਚਿਤਾਰਨ ।੧੦।

ਮਾਹ ਮੁਖ ਥੀਂ ਰਹਿਨ ਚੁਪਾਤੇ, ਬੁਰਾ ਨ ਹਰਗਿਜ਼ ਕਹਿੰਦੇ
ਨਾ ਕਿਛੁ ਸੰਗੁ ਨ ਵੈਰ ਕਿਸੀ ਸੰਗੁ, ਬਾਂਹਿ ਨਿਮਾਣੀ ਰਹਿੰਦੇ
ਦਿਲ ਦੀ ਵੇਦਨ ਮੂਲ ਨ ਆਖਨ, ਦੁਖ ਸੁਖ ਸਿਰ ਪਰ ਸਹਿੰਦੇ
ਕਹੁ ਮੂਸਾ ਮਿਸਕੀਂ ਸ਼ਹ ਰਗ ਕੋਲੋਂ, ਸੋ ਸ਼ਹੁ ਅਗੇ ਲਹਿੰਦੇ ।੧੧।

ਫਗਨ ਸਤਿਗੁਰ ਗਿਆਨ ਕੁੰਜੀ ਲੈ, ਤਾਕੀ ਖੋਲ੍ਹੀ ਅਕਲ ਦੀ
ਤਹਾਂ ਸੁੰਨੇ ਮਨ ਨਾਲ ਮਲਾਰ ਸੰਗ ਨ, ਰਸ ਪੀਵਨ ਬੂੰਦ ਗਗਨ ਦੇ ਜਲ ਦੀ
ਟਹਿਕਨ ਹਰਿ ਸਿਮਰਨ ਵਿਚ ਹਰਦਮ, ਖੂਬੀ ਨਾਭਿ ਕਵਲ ਦੀ
ਕਹੁ ਮੂਸਾ ਮਿਸਕੀਂ ਸੇ ਨਰ ਸਾਧੂ, ਰਸੁ ਚਾਖਨ ਅੰਮ੍ਰਿਤ ਫਲ ਦੀ ।੧੨।





Sri Satguru Jagjit Singh Ji eLibrary NamdhariElibrary@gmail.com

## ੧੮. ਬਾਰਾਂਮਾਹ ਅਮਰ ਦਾਸ ਦਾ

ਜਬ ਚੜ੍ਹੇ ਚੇ ੇਤ ਬਹਾਰ, ਸਿਮਰ ਲੈ ਸਾਚਾ ਸਿਰਜਣਹਾਰ
ਰਹਿਆ ਸਭ ਘਟਿ ਮੈਂ ਜੋਤਿ ਪਸਾਰ, ਨਿਰਾਲਾ ਆਦਿ ਹੈ।
ਜੋ ਕਿਛੁ ਕਰੇ ਸੋਈ ਕਿਛੁ ਛਾਜੇ, ਬ੍ਰਹਿਮਾ ਬਿਸ਼ਨ ਮਹਾਦੇਵ ਸਾਜੇ
ਤੀਨੋ ਤੀਨ ਲੋਕ ਕੇ ਰਾਜੇ, ਆਦਿ ਜੁਗਾਦਿ ਹੈ।
ਰਚਿਆ ਮਧ ਅਕਾਸ ਪਇਆਲ, ਚੰਦ ਸੂਰਜ ਜੋਤਿ ਅਪਾਰ
ਲਖ ਚਉਰਾਸੀ ਜੂਨ ਸੰਸਾਰ ਜੀਅ ਸਭ ਯਾਦ ਹੈ।
ਫੁਲ ਹਰੀ ਕਿ ਹਰਿ ਕ੍ਰਿਸ਼ਨ ਦਿਆਲ ਜੀ!
ਕਿ ਮੇਰਾ ਤੁਧ ਬਿਨ ਅਵਰ ਨ ਕੋਈ, ਰਵਿਆ ਸਾਸ ਸਾਸ ਮਹਿੰ ਸੋਈ
ਸਿਮਰੋ ਗੋਬਿੰਦ ਜਿਨ ਇਹ ਗੋਈ, ਅਵਰ ਸਭ ਬਾਦ ਹੈ।੧।

ਚੜ੍ਹਿਆ ਮਾਹ ਵੈਸਾਖੁ, ਤਜ ਨਿੰਦਾ ਅੰਮ੍ਰਿਤ ਹਰਿ ਭਾਖੁ
ਆਸਰਾ ਸੰਤ ਜਨਾਂ ਕਾ ਰਾਖ, ਲਾਗ ਰਹੁ ਨਾਮ ਸਿਉਂ।
ਤੂੰ ਤੋ ਕਹਿਆ ਮਾਨ ਲੈ ਮੇਰਾ, ਇਹ ਤੋ ਮਾਟੀ ਕਾ ਹੈ ਡੇਰਾ
ਇਸ ਮਹਿਮਾਨ ਕੀਆ ਵਸੇਰਾ, ਬਹੁਤ ਅਰਾਮ ਸਿਉਂ।
ਤੈਂ ਤਾਂ ਸਹੀ ਆਪ ਕਿਆ ਕੀਤਾ, ਮਾਇਆ ਮੋਹਿਓਂ ਜਿਸ ਤੈਂ ਜੀਤਾ
ਬਿਰਥਾ ਜਨਮ ਅਕਾਰਥ ਬੀਤਾ, ਰਚਿਓ ਕਾਮ ਸਿਉਂ।
ਫੁਲ ਹਰੀ ਕੇ ਹਰਿ ਕ੍ਰਿਸ਼ਨ ਦਿਆਲ ਜੀ!
ਤੂੰ ਸੁਣ ਮੈਂਡੇ ਯਾਰ, ਛਾਡ ਦੇ ਬਦ ਅਮਲੀ ਬਿਕਾਰ
ਭਜ ਗੋਬਿੰਦ ਨ ਪਲਕ ਬਿਸਾਰ, ਤਿ ਅਠੋਂ ਜਾਮ ਸੈਂ।੨।

ਚੜ੍ਹਿਆ ਜੇਠ ਜੋਬਨ ਦੇ ਜ਼ੋਰ, ਖੁਦੀ ਅਹੰਕਾਰ ਕਰੇ ਨਿਤ ਸ਼ੋਰ
ਸਲਾਹੇ ਆਪੁ ਬਦੇ ਨਹੀਂ ਹੋਰ, ਰਹਿਆ ਮਨ ਮਾਨ ਸੈਂ।
ਹੋਇਓ ਮਨ ਮਗ਼ਰੂਰ ਮਵਾਸਾ, ਵੇਖ ਪਤੀਜਹਿ ਨਾਹਿੰ ਤਮਾਸ਼ਾ
ਜੀਵਣ ਕੂੜ ਕਰੇ ਭਰਵਾਸਾ, ਕਿਸੇ ਗੁਮਾਨ ਸੈਂ।
ਇਕ ਦਿਨ ਤਲਬ ਕਾਲ਼ ਕੀ ਪੈਸੀ, ਕੋਈਓ ਕੌਣ ਕਿਸੈ ਛੁਡਾਸੀ
ਜੋ ਕੋਈ ਆਇਆ ਸਭ ਚਲ ਜਾਸੀ, ਏਤ ਜਹਾਨ ਸੈਂ।



Sri Satguru Jagjit Singh Ji eLibrary NamdhariElibrary@gmail.com

ਫੁਲ ਹਰੀ ਕੇ ਹਰਿ ਕ੍ਰਿਸ਼ਨ ਦਿਆਲ ਜੀ,
ਕੀਤਾ ਹੀ ਕੰਮ ਆਵਗੁ, ਮੁਸ਼ਕਲ ਬਣੇਗੁ ਤਾਂ ਪਛੋਤਾਵਗੁ
ਲੈ ਸਜ਼ਾਈਂ ਕੌਨ ਛੁਡਾਵਗੁ, ਬਿਨ ਭਗਵਾਨ ਸੈਂ । ੩ ।

ਚੜ੍ਹਿਆ ਹਾੜ੍ਹ ਕਰੇ ਹੈਵਾਨੀ, ਹੋਇਓ ਗ਼ਾਫ਼ਲ ਗਰਬ ਗੁਮਾਨੀ
ਕਰਕੇ ਆਇਓਂ ਬਚਨ ਪ੍ਰਾਨੀ, ਹੁਣ ਕਿਉਂ ਹਾਰਦਾ ।
ਤੂੰ ਤਾਂ ਆਪਣਾ ਆਪ ਨ ਜਾਣੇਂ, ਖੁਸ਼ੀਆਂ ਕਰਦਾ ਮਨ ਦੇ ਭਾਣੇ
ਲੇਫ ਤੁਲਾਈ ਸਾਫ਼ ਸਿਰ੍ਹਾਣੇ, ਸ਼ੌਕ ਗੁਜ਼ਾਰਦਾ ।
ਅੱਠੇ ਪਹਿਰ ਖੇਡਦਾ ਤਾਲੀ, ਪਿਟ ਪਿਟ ਮਰਸੈਂ ਜਾਸੈਂ ਖਾਲੀ
ਅਗੇ ਕੋਈ ਨ ਹੋਵੀ ਵਾਲੀ, ਬੇਦ ਪੁਕਾਰਦਾ ।
ਫੁਲ ਹਰੀ ਕੇ ਹਰਿ ਕ੍ਰਿਸ਼ਨ ਦਿਆਲ ਜੀ !
ਕਿਆ ਤੇਰੇ ਮਨ ਆਈ, ਆਖੀ ਗੱਲ ਨ ਸਮਝੈਂ ਕਾਈ
ਅਗੇ ਹਰਿ ਬਿਨ ਕੌਣ ਸਹਾਈ, ਸਿਮਰਨ ਤਾਰਦਾ । ੪ ।

ਚੜ੍ਹਿਆ ਸਾਵਣ ਸੁਖ ਬਿਸਰਾਮ, ਭਲਾ ਕਛੁ ਕਰ ਆਵੀ ਕਾਮ
ਤੇਰੇ ਨਾਲ ਨ ਨਿਭਸਨ ਦਾਮ, ਅਕੇਲੇ ਜਾਵਣਾ ।
ਕਿਉਂ ਹੁੰਦਾ ਹੈਂ ਜਾਣਿ ਇਆਣਾ, ਗਾਫਲ ਕਰਦਾ ਮਨ ਦਾ ਭਾਣਾ
ਆਖਰ ਮਰਨਾ ਪੈਂਡਾ ਪਾਣਾ, ਫੇਰ ਨ ਆਵਣਾ ।
ਤੇਰੇ ਭਾਈ ਮੀਤ ਘਨੇਰੇ, ਪਲ ਵਿਚ ਹੋਵਹਿਂ ਦੁਸ਼ਮਣ ਤੇਰੇ
ਡਰਦੇ ਮੂਲ ਨ ਆਵਣ ਨੇੜੇ, ਦਿਸੇ ਖਰਾ ਡਰਾਵਣਾ ।
ਫੁਲ ਹਰੀ ਕੇ ਹਰਿ ਕ੍ਰਿਸ਼ਨ ਦਿਆਲ ਜੀ !
ਪਲ ਵਿਚ ਪਾਨ ਕਹਾਹੀਂ, ਬਿਖੜੇ ਪੈਂਡੇ ਭੜਕਨ ਭਾਹੀਂ
ਆਗੇ ਵਾਜੇ ਦੇ ਰੁਆਈ, ਕਿਸੇ ਲੰਘਾਵਣਾ । ੫ ।

ਚੜ੍ਹਿਆ ਭਾਦੋਂ ਭਉ ਕਛੁ ਮਾਨਾ, ਸਿਮਰ ਹਰਿਨਾਮ ਦਇਆ ਕਰ ਦਾਨਾ
ਫਿਰ ਨਹੀਂ ਆਵਣਾ ਏਤ ਜਹਾਨਾ, ਕਹਿਆ ਸੁਨ ਲੀਜੀਐ ।
ਤੂੰ ਤਾਂ ਪਰ ਨਾਰੀ ਸੰਗ ਸੌਂਦਾ, ਸ਼ੌਕ ਕਰੇਂਦਾ ਅਪਣੇ ਗੌਂ ਦਾ
ਫਿਰਦਾ ਭਰਮ ਭੁਲਾਣਾ ਭੌਂਦਾ, ਕਿਆ ਮਤ ਦੀਜੀਐ ।
ਰਹਿੰਦਾ ਖਾਇ ਪੀਆ ਕੇ ਸੋਇ, ਦੋਸ਼ ਦੇਇ ਫਿਰ ਆਖ ਤੂੰ ਕੋਇ
ਆਗੇ ਕੀਤਾ ਮਿਲਸੀ ਢੋਇ, ਜਿਹਾ ਕਛੁ ਬੀਜੀਐ ।
ਫੁਲ ਹਰੀ ਕੇ ਹਰਿ ਕ੍ਰਿਸ਼ਨ ਦਿਆਲ ਜੀ !
ਸਾਸ ਸਾਸ ਸੰਮਾਲ, ਜਲ ਥਲ ਜਾਲ ਜੀਆ ਪ੍ਰਭੁ ਨਾਲ
ਸਭਸ ਕਾ ਜਾਣੈ ਹਾਲ ਹਵਾਲ, ਸੱਚ ਪਤੀਜੀਐ । ੬ ।

ਚੜ੍ਹਿਆ ਅੱਸੂ ਕਰਦਾ ਆਸ, ਖਜ਼ਾਨੇ ਗਿਣਤੀ ਦੇ ਹੀ ਸਾਸ



Sri Satguru Jagjit Singh Ji eLibrary NamdhariElibrary@gmail.com

ਛਡ ਕੇ ਚਲਿਓਂ ਭੋਗ ਬਿਲਾਸ, ਨਿਰਾਸਾ ਹੋਇ ਕੈ ।
ਨਿਰਾਸੀ ਜੱਗ ਸਭ ਕੋਈ ਲੱਡ, ਕੋਟ ਮਹਿਲ ਚੁਬਾਰੇ ਛੱਡ
ਮਾਮਲੇ ਕੀਤੇ ਪੌਸਨ ਹੱਡ, ਮਿਲਨਗੇ ਢੋਇ ਕੈ ।
ਆਗੇ ਲੀਜਨ ਸਭ ਹਿਸਾਬਾ, ਨ ਰਹਿਸਨ ਗੁਝੇ ਐਬ ਸਬਾਬਾ
ਮੁਖ ਤੇ ਕੀ ਕਰਸੇਂ ਜਬਾਬਾ, ਹਜ਼ੂਰ ਖਲੋਇ ਕੈ ।
ਫੁਲ ਹਰੀ ਕਿ ਹਰਿ ਕ੍ਰਿਸ਼ਨ ਦਿਆਲ ਜੀ !
ਕਿਆ ਤੇਰੇ ਮੁਹਤਾਜ, ਕਿਆ ਜਿਨ ਪੌਂਦੇ ਕਰੇ ਨ ਯਾਦ
ਜਵਾਹਰ ਜਨਮ ਗਵਾਇਆ ਬਾਦ, ਬਿਖਿਆ ਸੰਗ ਖੋਇ ਕੈ । ੭ ।

ਚੜ੍ਹਿਆ ਕਤੇ ਕਿਆ ਮਤ ਤੇਰੀ, ਕਰਦਾ ਅਵਗੁਣ ਗੱਲ ਭਲੇਰੀ
ਸਿਰ ਪਰ ਕਾਲ ਖੜਾ ਨਿਤ ਹੇਰੀ, ਬੰਧਾ ਜਾਹਿੰਗਾ ।
ਤੂੰ ਆਖ ਵੇਖਾਂ ਕੀ ਕਰਸੈਂ, ਪੱਲੇ ਖਰਚ ਨ ਪੈਂਡੇ ਪਰ ਸੈਂ
ਘਰ ਤੇ ਹੋਇ ਮੁਸਾਫ਼ਰ ਤੁਰਸੈਂ, ਪਛੋਤਾਹਿੰਗਾ ।
ਕਿਉਂ ਕਰਦਾ ਬਾਦ ਹਵਾਈ, ਲੋਕਾਂ ਵੇਖਦਿਆਂ ਹੀ ਜਾਈ
ਰਹਿਣਗੇ ਭਰੇ ਭੰਡਾਰ ਇਥਾਈਂ, ਤੂੰ ਕੀ ਖਾਇੰਗਾ ।
ਫੁਲ ਹਰਿ ਕੇ ਹਰਿ ਕ੍ਰਿਸ਼ਨ ਦਿਆਲ ਜੀ !
ਕਛੂ ਕਰਨੀ ਇਥੇ ਕਰ ਲੈ, ਪਿਛਲਾ ਕੀਤਾ ਇਥੇ ਭਰ ਲੈ
ਇਥੇ ਕਰਕੇ ਅਗੇ ਧਰ ਲੈ, ਕੀਤਾ ਪਾਇੰਗਾ । ੮ ।

ਚੜ੍ਹਿਆ ਮੱਘਰ ਮਨ ਦਾ ਚਾਉ, ਸਭ ਨੂੰ ਆਪੋ ਆਪਣਾ ਸੁਭਾਉ
ਬੋਲਦੇ ਚਲਦੇ ਦਾ ਕਛੂ ਨ ਬਸਾਉ, ਵਿਛੋੜਾ ਸਹੈਂਗਾ ।
ਕਛੂ ਕਰ ਲੈ ਕਰਨ ਦਾ ਵੇਲਾ, ਅਗੇ ਹੋਵੈ ਖਰਾ ਸੁਹੇਲਾ
ਜਿਸਦਾ ਲੱਖ ਚੌਰਾਸੀ ਚੇਲਾ, ਤੂੰ ਕੀ ਕਹੇਂਗਾ ।
ਤੁਧ ਪਿਛਲੇ ਭੋਗੇ ਕਰਮਾ, ਸ਼ਾਸਤ੍ਰ ਸੁਣ ਸੁਣ ਤੁਧ ਭਰਮਾ
ਅੰਤ ਨੂੰ ਹੋਗੁ ਸਹਾਈ ਧਰਮਾ, ਨਖਤ੍ਰਾ ਰਹੈਂਗਾ ।
ਫੁਲ ਹਰੀ ਕਿ ਹਰਿ ਕ੍ਰਿਸ਼ਨ ਦਿਆਲ ਜੀ !
ਅਗੇ ਦਫਤਰ ਲੇਖਾ ਹੋਸੀ, ਆਗਤ ਜਮ੍ਹਾ ਦੋਵੈਂ ਮਿਲ ਢੋਸੀ
ਉਦੇ ਪੁੰਨ ਪਾਪ ਨੂੰ ਰੋਸੀ, ਸਭ ਦੁੱਖ ਸਹੇਂਗਾ ।੯।

ਚੜ੍ਹਿਆ ਪੋਹ ਪਵੈ ਨਿਤ ਪਾਲਾ, ਨਿਘਾ ਹੋਕੇ ਸਵੈਂ ਸੁਖਾਲਾ
ਤੈਨੂੰ ਜ਼ਰਾ ਨਹੀਂ ਸੰਭਾਲਾਂ, ਲੇਖੇ ਭਰਨ ਦਾ ।
ਤੇਰੇ ਨਾਲੋਂ ਚਲਦਾ ਸਾਥ, ਜਮਾਂ ਦੇ ਹਾਥ ਨਾਕ ਵਿਚ ਨਾਥ
ਬਿਖਮ ਅਸਗਾਹਿ ਨ ਆਵੈ ਹਾਥ, ਫਿਕਰ ਕਰ ਤਰਨ ਦਾ ।
ਤੈਨੂੰ ਕਹਿੰਦੇ ਸਾਧ ਬਹੁਤੇਰਾ, ਤੇਰੀਆਂ ਅੱਖੀਆਂ ਵਿਚ ਅੰਧੇਰਾ



Sri Satguru Jagjit Singh Ji eLibrary NamdhariElibrary@gmail.com

ਸੁਤਿਆਂ ਯਾਦ ਨ ਤੇਰਾ ਮੇਰਾ, ਵੇਲਾ ਕਰਨ ਦਾ
ਉਥੈ ਪਲ ਵਿਚ ਪਾਇ ਭਿਆਣਾ, ਠੰਢਾ ਪਾਣੀ ਮਿਲੈ ਨ ਦਾਣਾ
ਉਥੇ ਹੋਵੈ ਖਰਾ ਨਿਮਾਣਾ, ਵੇਲਾ ਮਰਨ ਦਾ ।੧੦।
ਚੜ੍ਹਿਆ ਮਾਘ ਮਨ ਕਰ ਦਇਆ, ਨਾਮ ਅਰ ਦਾਨ ਭਾਇ ਜਿਨ ਪਇਆ
ਜਿਤਿਆ ਜਨਮ ਲਾਹ ਤਿਨ ਲਇਆ, ਸੋਈ ਸੁਖ ਲਹਿਨਗੇ ।
ਤਿਨਾ ਦੀ ਕੇਹੀ ਰੀਸ, ਜਿਨ੍ਹਾਂ ਨੂੰ ਪੰਜ ਰਤਨ ਬਖਸ਼ੀਸ਼
ਸਹਾਈ ਅੰਗ ਅੰਗ ਜਗਦੀਸ਼, ਅਮਰ ਜਗ ਰਹਿਣਗੇ ।
ਉਹ ਤਾਂ ਖੜੇ ਜਹਾਜ਼ ਲੰਘਾਵਣ, ਮਸਤਕ ਲਿਖਿਆ ਵਾਚ ਸੁਨਾਵਣ
ਤੁਰਤ ਹਲੂਫੇ ਚਾਇ ਸੁਨਾਵਣ, ਦਫਤਰ ਬਹਿਣਗੇ ।
ਫੁਲ ਹਰਿ ਕਿ ਹਰਿ ਕ੍ਰਿਸ਼ਨ ਦਿਆਲ ਜੀ !
ਉਥੇ ਸ਼ਬਦ ਸੱਚੀ ਟਕਸਾਲ, ਲੀਜੈ ਸਭ ਕੋਈ ਪ੍ਰਤਾਲ
ਹੋਣ ਨ ਖੋਟੇ ਤੇਗ ਰਸਾਲ, ਤਾਉ ਨ ਸਹਿਣਗੇ ।੧੧।

ਚੜ੍ਹਿਆ ਫਾਗਣ ਹੋਏ ਫਾਗ, ਹੋਏ ਮਨ ਮਸਤਾਨੇ ਰਾਗ
ਜਿਨ੍ਹਾਂ ਦੇ ਮਸਤਕ ਪੂਰੇ ਭਾਗ, ਲਿਖਿਆ ਨੇ ਕਰਮ ਦੇ ।
ਉਹ ਰੱਤੇ ਨੀ ਪ੍ਰੇਮ-ਖੁਮਾਰ, ਉਨ੍ਹਾਂ ਤਾਰਿਆ ਸਭ ਸੰਸਾਰ
ਸਭਸ ਕੇ ਯਾਰ ਨਹੀਂ ਬਿਜ਼ਾਰ, ਮਹਿਰਮ ਨੀ ਬ੍ਰਹਿਮ ਦੇ ।
ਉਹ ਰਤਨੀ ਹਰਿ ਨਾਲ, ਨਿਤ ਉਹ ਰਹਿੰਦੇ ਅਪਣੇ ਖਿਆਲ
ਦੇਣ ਗੁਰਮਤ ਜੇ ਹੋਣ ਦਿਆਲ, ਸਾਖੀ ਨੀ ਧਰਮ ਦੇ ।
ਫੁਲ ਹਰੀ ਕਿ ਹਰਿ ਕ੍ਰਿਸ਼ਨ ਦਿਆਲ ਜੀ !
ਅਮਰਦਾਸ ਮੇਟੇ ਮਨ ਏਹਾ, ਉਥੇ ਇਕ ਪਲ ਲੱਖਾਂ ਜੇਹਾ
ਗੁਜ਼ਰੀ ਸਾਇਤ ਕੂੜ ਸਨੇਹਾ, ਐਵੇਂ ਭਰਮਦੇ ।੧੨।



Sri Satguru Jagjit Singh Ji eLibrary NamdhariElibrary@gmail.com

## ੧੯. ਬਾਰਾਂਮਾਹ ਨਾਜ਼ਕ ਦਾ (ਕੇਸਰ ਸਿੰਘ)

ਸੁਨ ਰੀ ਸਜਨੀ ! ਨਾਜ਼ਕ ਬਦਨੀ ! ਕਹਿਤੇ ਕੇਸਰ ਆਇਓ
ਚੇਤਰ ਫੂਲ ਤਹੀ ਬਾਗੀਂ ਗੁਲ ਨਰਗਸ ਹਕਾ ਹਕਾ ।
ਆਈ ਨਈ ਬਹਾਰ, ਗੁਲ ਖਿਲੇ ਅਪਾਰ
ਚਲੀਏ ਖੇਤਰ ਬਨੇ ਜੁ ਚੇਤਰ, ਕਾਮ ਕਲੋਲ ਕੀ ਕਰੀਐ ਵਰਜ਼ਸ਼ ਹਕਾ ਹਕਾ ।
ਭਈ ਨਿਮਾਨੀ ਦੇਹਿ ਕੁਮਲਾਨੀ
ਕਹਤੇ ਕੇਸਰ ਮਾਹਿ ਸੁਚੇਤਰ ਆਏ ਜਦ ਕੇ ਹਕਾ ਹਕਾ ।੧।

ਸੁਨ ਰੀ ਭਾਮਾ ! ਘਰਿ ਨਹੀਂ ਰਾਮਾ, ਆਈ ਵਿਸਾਖੀ ਕਿਨ ਇਹ ਆਖੀ
ਮੋਕੋ ਭਲੀ ਨ ਭਾਵੇ ਹਕਾ ਹਕਾ ।
ਘਰਿ ਨਹੀਂ ਪਿਆਰਾ, ਕਰੋਂ ਸ਼ਿੰਗਾਰਾ
ਬਿੰਦੀ ਬੇਸਰ ਕਹਿਤੇ ਕੇਸਰ, ਕਿਆ ਵਾਂਢੀ ਅੰਗ ਬਣਾਵੈ ਹਕਾ ਹਕਾ ।
ਨੈਣੀਂ ਕਾਜਰ, ਪੈਰੀਂ ਝਾਂਜਰ
ਗਰਿ ਮੈਂ ਅੰਗੀ, ਸੂਹੀ ਤੰਗੀ ਪਹਿਰ ਦਿਖਾਵਾਂ ਕਿਸਕੋ ਹਕਾ ਹਕਾ
ਸੁਨੋ ਜਿਠਾਨੀ, ਸੁਨੋ ਦਿਰਾਨੀ; ਕਾਮ ਸੰਤਾਵੇ ਪਿਆਰਾ ਆਵੇ
ਅੰਗ ਲਗਾਵਾਂ ਜਿਸਕੋ ਹਕਾ ਹਕਾ ।
ਸੁਨਿ ਰੀ ਭਾਮਨ, ਸੁੰਦਰ ਕਾਮਨ, ਪ੍ਰੇਮ ਕਹਾਣੀ, ਮੈਂ ਸ਼ਰਮਾਣੀ
ਉੜ ਉੜ ਜੇਠ ਜੁ ਝਾਤੀ ਪਾਵੈ ਹਕਾ ਹਕਾ ।
ਏਹ ਜੁਆਨੀ ਅਹਲ ਦਿਵਾਨੀ, ਕਹਿਤੇ ਕੇਸਰ, ਬਣੀ ਨ ਵੇਸਰ
ਇਸ਼ਕ ਕੌਣ ਦੁਰਾਵੈ ਹਕਾ ਹਕਾ ।
ਉਠਿ ਗਏ ਛੰਙਨਾ, ਢਿਲਕੇ ਕੰਙਨਾ
ਭਲੀ ਨ ਹੂਈ, ਮੈਂ ਹੋ ਮੂਈ ਉਸ ਕੋ ਕੌਨ ਬੁਲਾਵੈ ਹਕਾ ਹਕਾ ।
ਘਰੋਂ ਸਿਧਾਰੇ ਨੈਨ ਪਨਾਰੇ, ਆਈ ਗਰਮੀ, ਮੈਂ ਹਾਂ ਮਰਨੀ
ਜੇ ਓਹੁ ਘਰਿ ਨਹੀਂ ਆਵੈ ਹੱਕਾ ਹੱਕਾ । ੩ ।
ਹਾੜ ਮਹੀਨੇ ਵਗਨ ਲੋਈਂ, ਸੁਣਿ ਸੁਣਿ ਕੇ ਮੈਂ ਕਣਸੋਈਂ
ਔਂਸੀ ਪਾਵਾਂ ਕਾਗ ਉਡਾਵਾਂ, ਪੁਛਾਂ ਪਾਂਧੇ ਖਰੇ ਸਿਆਣੇ ਹਕਾ ਹਕਾ ।
ਸਿੰਘ ਕੇਸਰ ਕਹਤੇ ਦੁਖ ਸਭ ਸਹਿਤੇ



Sri Satguru Jagjit Singh Ji eLibrary NamdhariElibrary@gmail.com

ਬਾਝੁ ਪਿਆਰੇ, ਖੜੀ ਪੁਕਾਰੇ, ਲਾਲਨ ਚੋਜ ਕਰੇ ਮਨ ਭਾਣੇ ਹਕਾ ਹਕਾ।
ਸਾੜਨਿ ਵਾਊ, ਕਿਸੇ ਸੁਣਾਊਂ, ਤੱਤੇ ਪਾਣੀ, ਖਰੀ ਰਿਵਾਣੀ
ਤੈਨੂੰ ਮਿਹਰਿ ਨ ਆਵੈ ਹਕਾ ਹਕਾ।
ਮੈਂ ਦਰਮਾਂਦੀ ਕਹਾਂ ਸ਼ਰਮਾਂਦੀ, ਚੀਰ ਭੇਜੇ, ਕਰਕ ਕਰੇਜੇ,
ਤੁਧ ਬਿਨ ਕੁਝ ਨ ਭਾਵੇ ਹਕਾ ਹਕਾ।੪।
ਆਇਆ ਸਾਵਣੁ ਘਰਿ ਨਹੀਂ ਭਾਵਣ, ਦਾਮਨ ਖਿਮਕੇ ਪਲ ਪਲ ਝਿਮਕੇ
ਸੇਜ ਅਕੇਲੀ ਮੈਂ ਡਰ ਪਾਵਾਂ ਹਕਾ ਹਕਾ।
ਭਿੰਨੀ ਰੈਨ ਪਾਪੀਹਾ ਬੋਲੇ, ਬੂੰਦਾਂ ਚਿਣਗ ਚੁਆਤੀ ਚੋਲੇ
ਬੋਲੇ ਦਾਦਰ ਚੜਿਆ ਬਾਦਰੁ ਖਿਨ ਅੰਦਰਿ ਖਿਨੁ ਬਾਹਰਿ ਜਾਵਾਂ ਹਕਾ ਹਕਾ।
ਚੜੀ ਅਟਾਰੀ, ਘਟ ਦੇਖਨਿ ਕਾਰੀ,
ਬ੍ਰਿਹੋਂ ਸੰਤਾਵੇ ਨਜ਼ਰ ਨ ਆਵੇ, ਮੈਨੂੰ ਢੋਲ ਪਿਆਰਾ ਹਕਾ ਹਕਾ।
ਸੁਨੋ ਸਹੇਰੀ ਬਿਰਹੋਂ ਘੇਰੀ, ਕਾਮੁ ਸੰਤਾਵੈ ਜਿਉਂ ਕਰਿ ਆਵੈ
ਆਹੀਂ ਕਢਿ ਨ ਮਾਰਾਂ ਨਾਅਰਾ ਹਕਾ ਹਕਾ।੬।

ਸੁਨੋ ਰੀ ਸਖੀਆਂ, ਤ੍ਰਿਮਕਨ ਅੱਖੀਆਂ, ਝਿਮ ਝਿਮ ਬਰਸੇ, ਕਣੀਆਂ ਸਰਸੇ
ਰਾਤ ਅੰਧੇਰੀ ਭਾਦਉਂ ਆਏ ਹਕਾ ਹਕਾ।
ਬਾਦਰ ਗਾਰਜੇ, ਮੋ ਮਨ ਲਰਜ਼ੇ, ਰੈਨ ਅਕੇਲੀ ਘਰ ਨਹੀਂ ਬੇਲੀ
ਮੋਰ ਪਪੀਹੇ ਬੈਨ ਸੁਨਾਵੈ ਹਕਾ ਹਕਾ।
ਸਿੰਘ ਕੇਸਰ ਬ੍ਰਹਮਨ, ਦੇਵ ਅਹਿਮਨ ਕਾਮਨ ਕਹਿੰਦੀ, ਤੜਫਤ ਰਹਿੰਦੀ
ਜਿਉਂ ਮਛਲੀ ਬਿਨੁ ਪਾਣੀ ਹਕਾ ਹਕਾ।
ਨਾਗਨ ਅਲਕਾ, ਸਰ ਜਿਉਂ ਪਲਕਾ, ਝਿਮਕਤਿ ਮਾਰੇ ਬਿਰਹੀਂ ਸਾਰੇ
ਦੁਖ ਸੋ ਵਾਂਢੀ ਐਸੀ ਰਾਣੀ ਹਕਾ ਹਕਾ।
ਸੁਣੋ ਨੀ ਸਹੀਓ ਕਹੀਂ ਨ ਕਹੀਂ, ਦਰਦ ਰੰਞਾਣੀ, ਵਾਢੀ ਰਾਣੀ
ਜੇ ਅੱਸੂ ਆਸ ਪੁਜਾਏ ਹਕਾ ਹਕਾ।
ਹਉਂ ਰੰਗ ਪੀਲੀ, ਸੁਕ ਭਈ ਤੀਲੀ, ਸੁੰਦਰੀ ਕੰਙਨਾ ਗਿਰ ਗਈ ਬੰਙਨਾ
ਅੱਬਾ-ਪਿਟਣੀ ਕਿਨ ਬਿਰਮਾਏ ਹਕਾ ਹਕਾ।
ਕਹਿਤੇ ਕੇਸਰ ਆਉ ਸਮੇਂ ਸਿਰ, ਕੁਚ ਭਏ ਨਿੰਬੂਆ ਮਾਨੋ ਗਿੰਦੂਆ
ਚੜ੍ਹਿ ਸੇਜਾ ਰੰਗੁ ਮਾਣੇ, ਹਕਾ ਹਕਾ
ਏਹ ਜੁਆਨੀ ਜਾਇ ਨਿਮਾਨੀ, ਹਉ ਜੋਬਨ ਮਾਤੀ ਧੁਖਦੀ ਛਾਤੀ
ਸੇਜਾ ਜਨੁ ਇਹ ਬਿਧ ਜਾਣੇ ਹਕਾ ਹਕਾ।੭।

ਸੁਨ ਰੇ ਜ਼ਾਤਕ, ਆਏ ਕਾਤਕ, ਪਵਿਤ੍ਰ ਮਹੀਨਾ ਜੋੜੇ ਸੀਨਾ
ਹੈ ਸਰਦੀ ਰਸ ਭੀਨੀ ਹਕਾ ਹਕਾ।
ਕਹਿਤੇ ਸਿੰਘ ਕੇਸਰ, ਆਉ, ਸਮੇਂ ਸਿਰ ਵੇਲਾ ਏਹੀ ਲੈ ਸੁਖ ਦੇਹੀ


Sri Satguru Jagjit Singh Ji eLibrary NamdhariElibrary@gmail.com

ਤੈ ਕਿਆ ਗਣਤੀ ਕੀਨੀ ਹਕਾ ਹਕਾ।
ਮੈਂ ਜੈਸੀ ਅੰਙਨਾ, ਸਭ ਦੁਖ ਭੰਙਨਾ, ਛਾਤੀ ਲਾਓ ਤਾਂ ਸੁਖ ਪਾਓ
ਜਾਣੋ ਬਾਤ ਰਸੀਕੀ ਹਕਾ ਹਕਾ।
ਜਿਨ ਤੁਮ ਬਿਰਮਾਏ, ਘਰ ਨਹੀਂ ਆਏ, ਅੱਬਾ-ਪਿਟਣੀ, ਭੱਯਾ-ਪਿਟਣੀ
ਮੈਂ ਕਰਿ ਦੀਨੀ ਫੀਕੀ ਹਕਾ ਹਕਾ।੮।

ਆਇਆ ਮੰਘਰ, ਸੀਨਾ ਖੰਘਰ, ਸਰਦੀ ਸਾੜੇ, ਪਾਲੇ ਠਾਰੇ
ਸੁੰਞੀ ਸੇਜ ਨ ਭਾਵੇ ਹਕਾ ਹਕਾ।
ਸੁਣ ਨੀ ਭੂਆ, ਏਹ ਕਿਆ ਹੂਆ, ਨਨਦਿ ਜਿਠਾਨੀ ਕਿਆ ਬੋਲਹਿ ਬਾਨੀ
ਸਭ ਕੀਤਾ ਅਪਣਾ ਪਾਵੈ ਹਕਾ ਹਕਾ।
ਕਹਿਤੇ ਸਿੰਘ ਕੇਸਰ, ਕਰੁ ਭਲਾ ਸਮੇਂ ਸਿਰ, ਸੁਣਕੇ ਕਾਨੀ, ਬਾਤ ਬਿਲਾਨੀ
ਮੁਖ ਤੇ ਕਛੂ ਕਛੂ ਨ ਕਹੀਏ ਹਕਾ ਹਕਾ।
ਜਬ ਆਵੈ ਲਲਨਾ ਸਭ ਸੰਗ ਮਿਲਨਾ, ਹੁਣ ਨਹੀਂ ਬੋਲੇ ਗੋਰਤਨਿ ਤੋਲੇ
ਵਾਂਢੀ ਹੋਇਕੇ ਰਹੀਏ ਹਕਾ ਹਕਾ।੯।

ਸੁਨ ਨੀ ਦਾਦੀ ਏਹਿ ਸਰਦੀ ਬਾਂਦੀ, ਆਹੋ ਬੇਟੀ ਪਾਟ ਲਪੇਟੀ
ਪੋਹ ਜੁ ਆਏ ਰੋਹ ਨ ਕੀਜੈ ਹਕਾ ਹਕਾ।
ਤੂੰ ਹੈ ਇਆਨੀ, ਏਹ ਨਨਦ ਜਿਠਾਨੀ, ਤੁਝੈ ਖਿਲਾਵੈ ਤੂ ਭੇਦ ਨ ਪਾਵੈ
ਕਛੁ ਧੀਰਜ ਕਰ ਸੁਨ ਲੀਜੈ ਹਕਾ ਹਕਾ।
ਤੂ ਹੈ ਉਡੀਣੀ ਸਭ ਤੇ ਹੀਣੀ, ਮਾਣ ਨ ਕੀਜੈ ਸ਼ਰਣ ਪੜੀਜੈ
ਜਾਣੁ ਸੰਦੇਸ ਆਵੇ ਹਕਾ ਹਕਾ।੧੦।

ਸੁਨੋ ਸਖੀ ਨਗਰੀ ਕੀ, ਭੁਜਾ ਜੁ ਫਰਕੀ, ਤੂ ਰਹੀ ਉਡੀਣੀ ਬਾਦ ਸਰੀਣੀ
ਅਹੁ ਦੇਖ ਪਾਤੀ ਆਈ, ਹਕਾ ਹਕਾ।
ਬਾਚੀ ਪਾਤੀ, ਸੀਤਲ ਛਾਤੀ. ਆਵਣ ਕਹਿਆ ਚਿਰੁ ਥੋੜਾ ਰਹਿਆ
ਸਭ ਸਖੀਆਂ ਮਿਲ ਦੇਨ ਵਧਾਈ ਹਕਾ ਹਕਾ।
ਏਹੁ ਮਾਹੁ ਮਹੀਨਾ, ਮੈ ਠਰੁ ਸੀਨਾ,
ਕਹਤੇ ਸਿੰਘ ਕੇਸਰ, ਸਾਜਣ ਵੇਸਿਰ ਅਬ ਸਾਜਨਾ ਘਰ ਆਵੇ ਹੜਾ ਹਕਾ।
ਖੁਸ਼ੀ ਸੁਣ ਹੀਆ ਹੁਣ ਆਵਤ ਪੀਆ, ਪਹਿਰਾਂ ਹਾਰੋ, ਕਰੋ ਸ਼ਿੰਗਾਰੋ
ਲੈ ਕਾਮਨ ਅੰਗ ਲਾਵੈ ਹਕਾ ਹਕਾ।੧੧।

ਆਏ ਫਾਗਨ, ਮੈਂ ਬਡਭਾਗਨਿ,
ਅੰਗ ਨ ਲਾਵਾਂ ਆਪ ਬੁਲਾਵਾਂ, ਬਹਿ ਸਖੀਆਂ ਰਸ ਗਾਵਨਿ ਹਕਾ ਹਕਾ।
ਆਏ ਲਲਨਾ ਗਰੇ ਜੁ ਮਿਲਨਾ, ਸੇਜ ਸੁਹਾਈ ਅੰਗ ਸਿਉਂ ਲਾਈ
ਇਹ ਦਿਨ ਸਭ ਕੋ ਆਵਨਿ ਹਕਾ ਹਕਾ।



Sri Satguru Jagjit Singh Ji eLibrary NamdhariElibrary@gmail.com

ਕਹੇ ਸਿੰਘ ਕੇਸਰ, ਆਏ ਸਮੇਂ ਸਿਰ,
ਛਕੀ ਜੁ ਬੇਸਰ, ਭਈ ਨਵੇਂ ਸਿਰ ਫੇਰ ਜੁਆਨੀ ਹਕਾ ਹਕਾ ।
ਆਏ ਜਾਨੀ ਮਸਤ ਦਿਵਾਨੀ, ਪੁੰਨਿਆ ਰਾਤੀ, ਲਾਈ ਛਾਤੀ,
ਸਭ ਸੰਸੇ ਕੀ ਬਾਤ ਭੁਲਾਨੀ ਹਕਾ ਹਕਾ ।੧੨।

## ੨੦. ਬਾਰਾਂਮਾਹ ਕੇਸਰ ਸਿੰਘ ਦਾ

ਦੋਹਰਾ—ਦੇਵੀ ਪੂਜਉਂ ਸੁਰਸਤੀ, ਕਰ ਮਾਤਾ ਮਾਲਾ ਨਾਮੁ
ਸਿੰਘ ਕੇਸਰ ਛਿਬ੍ਰ ਕੀ ਬੇਨਤੀ, ਸਦਾ ਭਜੋ ਭਗਵਾਨ । ੧ ।
ਸਾਵਨ ਮਾਸ ਫੁਹਾਰ ਦ੍ਰਿਗ, ਪੀਆ ਗਏ ਪਰਦੇਸ
ਵਾਂਢੀ ਬ੍ਰਿਹਨੀ ਅਤ ਸੂਮੀ, ਕੀਤੇ ਪੁਰਬ ਜੁ ਆਏ ਪੇਸ਼ । ੨ ।
ਭਾਦ੍ਰੋਂ ਭਲੀ ਨ ਰੁਤ ਮੁਹਿ, ਮਨੋ ਵਿਸਾਰੀ ਨਾਹੁ
ਜਾ ਕੇ ਪੀਆ ਪਰਦੇਸ ਹੈਂ, ਜੀਵਤ ਨਰਕੇ ਮਾਂਹਿ । ੩ ।
ਅੱਸੂ ਔਂਸੀਆਂ ਪਾਉਂਦੀ, ਔਰ ਉਡਾਰਤ ਕਾਗ
ਬ੍ਰਿਹੁ ਕੇ ਸਰ ਲਗੇ ਕਾਰੀ, ਦੇਖ ਬੰਦੀ ਕੇ ਭਾਗ । ੪ ।
ਕੱਤਕ ਕੋਊ ਨ ਬੱਲਈ, ਹਉਂ ਕਿਤ ਜਾਵਾਂ ਠੌਰ
ਰਾਧੇ ਰੰਗ ਤਗ਼ੀਰ ਅਬੁ, ਬਿਛਰ ਗਏ ਜਦੁ ਕੌਰ । ੫ ।
ਸੀਤ ਸੁਹਾਵੀ ਸਰਦ ਰੁਤ, ਮਘਰ ਮੋ ਘਰਿ ਨਹੀਂ ਕੰਤ
ਦਰਦਾਂ ਕੇ ਸਰ ਲਗੇ ਕਾਰੀ, ਗਣਤ ਨ ਆਵੈ ਅੰਤ । ੬ ।
ਪੋਹ ਪੁਵਾਂਦੀ ਪੈ ਰਹੀ, ਲਾਤ ਜੁ ਮਾਰੀ ਨਾਹੁ
ਕਹੋਂ ਕਵਨ ਕੋ ਜਾਇ ਕੈ, ਸਰ ਲਗੇ ਉਰ ਮਾਹਿ । ੭ ।
ਮਾਹ ਮੁਮਾਰਖ ਕਹਿਤ ਹੈ, ਕੁਈ ਮੁਝ ਭਿ ਦੇਸੀ ਆਇ
ਜੀਊ ਕਰਾਂ ਕੁਰਬਾਨ ਤੇ, ਪਕੜੋ ਤਾਂ ਕੇ ਪਾਇ । ੮ ।
ਫਾਗਨ ਫੂਟੇ ਰੁਖ ਸਭ, ਅਰ ਮਉਲੀ ਬਨਰਾਇ
ਮੇਰਾ ਹੀਅਰਾ ਹੈ ਫੁਟਾ, ਮੈਂ ਮਉਲਾਂ ਦਰਸ਼ਨ ਪਾਇ । ੯ ।
ਚੇਤ੍ਰ ਚਿੰਤਾ ਅਤ ਲਗੀ, ਗਏ ਮਹੀਨੇ ਨਉਂ
ਵਾਂਢੀ ਬ੍ਰਿਹਨੀ ਇਉਂ ਕਹੈ, ਅਤ ਦੁਖੀ ਬਿਆਕੁਲ ਹਉਂ । ੧੦ ।
ਵੈਸਾਖ ਪਕੀ ਸ਼ਾਖ ਸਭੁ, ਪਕਾ ਰੋਜ਼ਾ ਮੋਹਿ
ਰਾਧੇ ਕਹਿੰਦੀ ਕ੍ਰਿਸ਼ਨ ਜੀ, ਤਰਸ ਭਿ ਆਵੈ ਤੋਹਿ । ੧੧ ।
ਜੇਠ ਜੋ ਠਗ ਪਾਤੀ ਲਿਖੀ, ਸੋ ਪਹੁਤੀ ਮੁਝ ਆਇ
ਆਵਨ ਕੀ ਆਸਾ ਲਗੀ, ਮੁਖ ਦੇਖੇ ਦੁਖ ਜਾਇ । ੧੨ ।
ਗ੍ਰੀਖਮ ਰੁਤ ਅਖਾੜ ਕੀ, ਤਪਿਆ ਧਰਤ ਅਕਾਸੁ
ਮੇਰੇ ਘਰ ਬਸੰਤ ਹੈ, ਸਿੰਘ ਕੇਸਰ ਪੁੰਨੀ ਆਸ । ੧੩ ।



Sri Satguru Jagjit Singh Ji eLibrary NamdhariElibrary@gmail.com

## ੨੧. ਬਾਰਾਂਮਾਹ ਗੁਰੂ ਗੋਬਿੰਦ ਸਿੰਘ ਜੀ ਕਾ (ਬੀਰ ਸਿੰਘ)

ਦੋਹਰਾ

ਤੇਰਾ ਨਾਮ ਅਕਾਲ ਜੀ, ਜਪਾਂ ਸੁ ਹਿਤ ਚਿਤ ਲਾਇ ।
ਗਣਪਤ ਗਿਰਜਾ ਸਾਰਦਾ, ਜਾਂ ਤੇ ਹੋਇ ਸਹਾਇ ।
ਚੇਤਰ ਚਲੇ ਅਕਾਲ ਜੀ, ਚਲੇ ਸੁਮੇਰ ਸਿਧਾਇ ।
ਤਪ ਕਰਦਾ ਗੋਬਿੰਦ ਸਿੰਘ, ਭੇਜਿਆ ਆਪ ਚੜ੍ਹਾਇ ।

ਅਧਿਭੁਤ ਛੰਦ

ਜਬ ਚੜ੍ਹੇ ਚੇਤ ਨਿਰਬਾਨ, ਗੋਬਿੰਦ ਸਿੰਘ ਫੜੀ ਦਸਤ ਕਿਰਪਾਨ
ਨੌਰੰਗਾ ਘਤਿਆ ਦਰਦ ਰਿਵਾਣ, ਦਿਨੋ ਦਿਨ ਭਈ ਤੁਰਕ ਨੂੰ ਹਾਣ
ਗੁਰੂ ਨੂੰ ਬਖਸ਼ ਭਗੌਣੀ ਤਾਣ, ਤੁਰਕ ਦੇ ਖਾਲੀ ਕੀਏ ਪਲਾਣ,
ਸੁ ਰੋਸ ਚਿਤਾਰ ਕੇ ।
ਧਾਈ ਜੋਗਨ ਖਪਰਯਾਲੀ, ਨਚਦਾ ਭੈਰੋਂ ਬੀਰ ਬੈਤਾਲੀ
ਚੜ੍ਹੀਆਂ ਫੌਜਾਂ ਜਿਉਂ ਘਟ ਕਾਲੀ, ਭਖਦਾ ਸਾਰ ਜਿਉਂ ਅਹਿਰਨ ਆਲੀ ।
ਕਾਇਰਾਂ ਜਰਦੀ ਸੂਰਿਆਂ ਲਾਲੀ, ਮਾਰਨ ਸ਼ਸਤਰ ਸਿੰਘ ਅਕਾਲੀ,ਭੁਜਾ ਉਲਾਰਕੇ ।
ਮਿਆਨੋਂ ਲਈਆਂ ਖਿਚ ਨਿਹੰਗਾਂ, ਚੰਨਣ ਰੋਕਿਆਂ ਜਿਵੇਂ ਭੁਜੰਗਾਂ,
ਤਿਤ ਬਿਧ ਬਿਧੇ ਤੁਰਕ ਤੁਰੰਗਾਂ, ਰਣ ਵਿਚ ਵਗੀ ਰਕਤ ਦੀ ਗੰਗਾ
ਸੂਰਿਆਂ ਕੀਤਾ ਨਾਵ੍ਹਣ ਚੰਗਾ, ਪਾਪ ਉਤਾਰ ਕੇ ।
ਕਹਿੰਦਾ ਬੀਰ ਸਿੰਘ ਇਕ ਸਾਰ, ਗੋਬਿੰਦ ਸਿੰਘ ਲਈ ਖਿਚ ਤਲਵਾਰ
ਜੋ ਜਨਮੇ ਕਾਬਲ ਕੰਧਾਰ, ਸੋ ਡਾਰੇ ਫੌਜਾਂ ਸਣੇ ਸੰਘਾਰ
ਤੇਰੀ ਕੁਦਰਤ ਥੋਂ ਬਲਿਹਾਰ, ਤੁਹ ਸਾਜੇ ਸਬਲ ਸਿੰਘ ਸਰਦਾਰ, ਸੁ ਕ੍ਰਿਪਾ ਧਾਰ ਕੇ ।
ਫੁਲ ਹਰੀ ਸੁ ਹਰ ਜੀ ਹਾਂ, ਕਿ ਦਰਸ਼ਨ ਅੰਮ੍ਰਿਤਸਰ ਜੀ ਜਾਂ,
ਮੇਰਾ ਮਨ ਲੋਚਦਾ ।੧।
ਜਬ ਚੜ੍ਹੇ ਵਿਸਾਖ ਸੁ ਮਨ ਮਸਤਾਨਾ, ਸਤਿਗੁਰ ਕੀਤਾ ਯੁਧ ਪਿਆਨਾ
ਧੌਂਸਾ ਘਨੀਅਰ ਜਿਉਂ ਘੁਰਾਨਾ, ਸੁਣ ਕਰ ਕੰਬਿਆ ਸਭ ਤੁਰਕਾਨਾ
ਕੜ ਕੜ ਕੀਆ ਸਬਜ਼ ਕਮਾਨਾ, ਚੜ੍ਹਿਆ ਗੋਬਿੰਦ ਸਿੰਘ ਬਲਵਾਨਾ
ਤੁਰਕ ਸੰਘਾਰਨੇ ।



Sri Satguru Jagjit Singh Ji eLibrary NamdhariElibrary@gmail.com

ਗੋਬਿੰਦ ਸਿੰਘ ਆਖਿਆ ਪੰਥ ਚਲਾਵਾਂ, ਮਾਰਗ ਧਰਮ ਕਰਮ ਦੇ ਲਾਵਾਂ
ਚਿੜੀਆਂ ਕੋਲੋਂ ਬਾਜ਼ ਤੁੜਾਵਾਂ, ਤੁਰਕਾਂ ਪਲ ਵਿਚ ਪਕੜ ਖਪਾਵਾਂ
ਦੂਜੀ ਕਾਣ ਨਾ ਮੂਲ ਧਰਾਵਾਂ, ਜਗ ਵਿਚ ਸ੍ਰੀ ਅਕਾਲ ਜਪਾਵਾਂ, ਨਿੰਦਕ ਮਾਰਣੇ ।
ਗੋਬਿੰਦ ਬੋਲਿਆ ਇਹ ਪਰਕਾਰਾ, ਸੁਣ ਕੇ ਕੰਬਿਆ ਗਿਰਵਰ ਭਾਰਾ
ਚੜ੍ਹਿਆ ਸ੍ਰੀ ਖਾਲਸਾ ਪਿਆਰਾ, ਫੜ ਕੇ ਬਰਛੀ ਤੇਜ਼ ਕਟਾਰਾ
ਤਰਕਸ਼ ਨੇਜੇ ਲਖ ਹਜ਼ਾਰਾਂ, ਜੇਤੇ ਸ਼ਸਤਰ ਨਾਮ ਅਪਾਰਾ, ਚੱਕਰ ਸੰਭਾਲਣੇ ।
ਬੀਰ ਸਿੰਘ ਤਤਕਾਲ, ਖਾਲਸਾ ਕਸ ਕਮਰਾਂ ਫੜ ਢਾਲ
ਤੁਰੰਗ ਕੁਦੇ ਲੈ ਸੁੰਦਰ ਚਾਲ, ਗੋਬਿੰਦ ਸਿੰਘ ਬੋਲਿਆ ਬਚਨ ਰਿਸਾਲ
ਖਾਲਸਾ ਸੁਣ ਕੇ ਭਇਆ ਨਿਹਾਲ, ਸੁ ਮੈਨੂੰ ਆਖਿਆ ਸ੍ਰੀ ਅਕਾਲ,
ਤੁਹਿੰ ਸੰਤ ਉਬਾਰਨੇ ।
ਫੁਲ ਹਰੀ ਸੁ ਹਰ ਜੀ ਹਾਂ, ਕਿ ਦਰਸ਼ਨ ਅੰਮ੍ਰਿਤਸਰ ਜੀ ਜਾਂ,
ਮੇਰਾ ਮਨ ਲੋਚਦਾ । ੨ ।

ਜਬ ਚੜ੍ਹਿਆ ਜੇਠ ਬਿਲਾਸੀ, ਪ੍ਰਬਲ ਤੀਛਣ ਧੂਪ ਪਰਕਾਸ਼ੀ,
ਸੂਰਜ ਉਤਰਾ ਖੰਡ ਨਿਵਾਸੀ, ਧਰਤੀ ਤਪ ਕੇ ਭਈ ਤਵਾ ਸੀ,
ਕੁਤਕ ਫੜੀ ਕਿਰਪਾਲ ਉਦਾਸੀ, ਮਾਨੋ ਪਾਂਡੋ ਗਦਾ ਉਕਾਸੀ, ਧਾਇਆ ਜੁੱਧ ਨੂੰ ।
ਜੈਸੇ ਭੀਮ ਗਦਾ ਕਰ ਧਾਰੀ, ਤੈਸੇ ਕੁਤਕ ਸਾਧ ਉਲਾਰੀ,
ਬਲ ਕਰ ਸੀਸ ਖ਼ਾਨ ਦੇ ਮਾਰੀ, ਮਾਨੋ ਮਟਕੀ ਕਾਨ੍ਹ ਬਿਦਾਰੀ
ਕਵਿ ਤੇ ਹੋਣ ਲਈ ਛਬ ਭਾਰੀ, ਨਭ ਕੇ ਕੜਕੀ ਜੋਗਣ ਕਾਰੀ, ਧਾਰ ਕ੍ਰੋਧ ਨੂੰ ।
ਰਣ ਵਿਚ ਖੜਾ ਕਿਰਪਾਲ ਵੰਗਾਰੇ, ਕੁਤਕ ਲੈਂਦੀ ਦਸਤ ਹੁਲਾਰੇ,
ਜਿਤ ਵਲ ਧਾਏ ਤਿਤ ਵਲ ਮਾਰੇ, ਦੁਰਜਨ ਇਹ ਪਰਕਾਰ ਬਿਦਾਰੇ
ਖੋਲ੍ਹਿਆ ਪਹਾਰਾ ਜਿਉਂ ਸੁਨਿਆਰੇ, ਛੈਣੀ ਧਰ ਟੁਕੜੇ ਕਰ ਡਾਰੇ, ਚਾਂਦੀ ਸੁਧ ਨੂੰ ।
ਬੀਰ ਸਿੰਘ ਇਹ ਭਾਂਤ, ਯੁਧ ਵਿਚ ਮਾਰਿਆ ਖਾਨ ਹਯਾਤ
ਸਪਾਹੀ ਬਹੁਤ ਭਏ ਬਿਫਾਤ, ਤੁਰਕਾਂ ਭਈਆਂ ਵਿਧਣ ਰਾਤ
ਜ਼ਬਾਨੋਂ ਕਹੀ ਨ ਦੂਜੀ ਬਾਤ, ਧਰਨ ਪਰ ਲੋਟਿਆ ਘੜੀ ਕਿ ਗਾਤ,
ਤਿਆਗ ਸੁਰਤ ਬੁਧ ਨੂੰ ।
ਫੁਲ ਹਰੀ ਸੁ ਹਰ ਜੀ ਹਾਂ, ਕਿ ਦਰਸ਼ਨ ਅੰਮ੍ਰਿਤਸਰ ਜੀ ਜਾਂ,
ਕਿ ਮੇਰਾ ਮਨ ਲੋਚਦਾ ।੩।

ਜਬ ਚੜ੍ਹਿਆ ਹਾੜ੍ਹ ਸਬਲ ਜਰਵਾਣਾ, ਸੂਰਜ ਦੱਖਣ ਨੂੰ ਉਠ ਧਾਣਾ
ਸਿੰਘਾਂ ਸੋਹੇ ਨੀਲਾ ਬਾਣਾ, ਉਤ ਵਲ ਜੁੜਿਆ ਸਭ ਤੁਰਕਾਣਾ,
ਮੱਬੇ ਡਾਹੇ ਆਣ ਪਠਾਣਾਂ, ਅਗੇ ਜੋ ਸਾਹਿਬ ਦਾ ਭਾਣਾ, ਦੋਏ ਦਲ ਟੱਕਰੇ ।
ਮੂਹਰੇ ਲੜਦੇ ਸਿੰਘ ਚਟੇਟੇ, ਰਣ ਵਿਚ ਭਰੇ ਰੋਹ ਰੰਘੜੇਟੇ
ਜਿਉਂ ਕਰ ਰਾਸ ਮਚੀ ਨਟ ਬੇਟੇ, ਡਿਗਣ ਪਲਾਣੇ ਤਿਉਂ ਪਠਣੇਟੇ


Sri Satguru Jagjit Singh Ji eLibrary NamdhariElibrary@gmail.com

ਜਿਉਂ ਵਢ ਵਢ ਸਿਟਿਆ ਤਖਣੇਟੇ, ਦੁਰਜਨ ਤੜਫਨ ਧੂੜ ਲਪੇਟੇ,
ਜਿਉਂ ਸਿਰ ਬੱਕਰੇ।

ਸਨਮੁਖ ਧਾਵਨ ਬੀਰ ਅਕਾਲੀ, ਮੱਖਿਉਂ ਦੂਰ ਹਟਾਵਨ ਵਾਲੀਂ
ਜੈਸੇ ਖੋਲ੍ਹਿਆ ਘੁੜ ਜਲਾਲੀ, ਛੁਟੇ ਚਕਰ ਲੈਣ ਭਵਾਲੀ
ਖੱਪਰ ਡਾਹਿਆ ਜੋਗਣ ਕਾਲੀ, ਪੀਤਾ ਰੁਧਰ ਹੋਈ ਮਤਵਾਲੀ, ਚਟਦੀ ਡੱਕਰੇ।
ਬੀਰ ਸਿੰਘ ਸਰਨਾਈ, ਸਤਿਗੁਰੂ ਹੋਵੀਂ ਆਪ ਸਹਾਈ,
ਰਘੁਵਰ ਲੰਕਾ ਜਿਵੇਂ ਛੁਡਾਈ, ਤਿਉਂ ਰਣ ਜੀਤ, ਖਾਲਸੇ ਪਾਈ।
ਤੁਰਕਾਂ ਰਾਤ ਅਵਿਧਣ ਆਈ, ਜਗ ਵਿਚ ਫਿਰੀ ਅਕਾਲ ਦੁਹਾਈ, ਗੁਰੂ ਉਪਕਰੇ।
ਫੁਲ ਹਰੀ ਸੁ ਹਰਿ ਜੀ ਹਾਂ, ਕਿ ਦਰਸ਼ਨ ਅੰਮ੍ਰਿਤਸਰ ਜੀ ਜਾਂ,
ਮੇਰਾ ਮਨ ਲੋਚਦਾ।੪।

ਜਬ ਚੜ੍ਹਿਆ ਸਾਵਣ ਮਾਂਹ ਟਸਾਇਲ, ਸੁਆਂਤੀ ਕਾਜ ਬਬੀਹਾ ਕਾਇਲੁ,
ਮੋਰਾਂ ਘਤੀ ਬਨ ਵਿਚ ਪਾਇਲ, ਕੜਕੇ ਲਖਾਂ ਰਾਗ ਉਤਾਇਲ,
ਜਿਉਂ ਕਰ ਸਿੰਘ ਚਬਾਇਆ ਸਾਇਲ, ਤਿਉਂ ਭਟ ਤੜਫਨ ਰਣ
ਵਿਚ ਘਾਇਲ, ਫੱਟ ਬੰਦੂਕ ਦੇ।
ਲਖ ਜੁਹਾਰ ਉਤਾਇਲ ਠਣਕੇ, ਸੁਤਰੀ ਕੜੀ ਸ਼ੁਤਰ ਪਰ ਰਣਕੇ
ਝੂਲਣ ਹਸਤੀ ਘੰਟਾ ਠਣਕੇ, ਨੰਗੀ ਤੇਗ ਢਾਲ ਪਰ ਛਣਕੇ
ਨੀਲੇ ਸਬਜ਼ੇ ਸੁਰਖੇ ਹਿਣਕੇ, ਗਰਜੇ ਤੋਪ ਰਹਿਕਲੇ ਦਲ ਕੇ, ਗੋਲੇ ਘੂਕਦੇ।
ਇਕ ਧਰ ਰਣਜੀਤ ਨਗਾਰਾ ਘੁਰਦਾ, ਘੋੜਾ ਸਬਜ਼ ਸੁਰੰਗ ਚੌਗਿਰਦਾ
ਹੋਇਆ ਹੁਕਮ ਅਕਾਲੋਂ ਧੁਰ ਦਾ, ਕਰ ਕੇ ਮਾਰੇ ਤੁਰਕ ਅਜ਼ੁਰਦਾ
ਸੁਣ ਕੇ ਧਮਕ ਹੁਸੈਨੀ ਝੁਰਦਾ, ਸਤਿਗੁਰ ਕੀਤਾ ਸਾਂਗ ਸਪੁਰਦਾ, ਬਹੁਤਾ ਧੂਪ ਦੇ।
ਬੀਰ ਸਿੰਘ ਬਲਿਹਾਰੀ, ਸਤਿਗੁਰ ਗਹੀ ਸੋਹਥੀ ਭਾਰੀ,
ਚਮਕੀ ਦਾਮਨ ਜਿਉਂ ਚਮਕਾਰੀ, ਗੋਬਿੰਦ ਸਿੰਘ ਭਰ ਕੇ ਰੋਹੁ ਉਲਾਰੀ
ਮਾਰ ਹੁਸੈਨੀ ਪਾਰ ਸਿਧਾਰੀ, ਜੈਸੇ ਚੜ੍ਹਿਆ ਤੇਲ ਕੁਆਰੀ, ਰੰਗ ਅਨੂਪ ਦੇ।
ਫੁਲ ਹਰੀ ਸੁ ਹਰ ਜੀ ਹਾਂ, ਕਿ ਦਰਸ਼ਨ ਅੰਮ੍ਰਿਤਸਰ ਜੀ ਜਾਂ,
ਮੇਰਾ ਮਨ ਲੋਚਦਾ।੫।

ਜਬ ਚੜ੍ਹਿਆ ਭਾਦਰੋਂ, ਭਰ ਜੋਬਨ ਘਟ ਗਰਜੇ, ਸੂਰੇ ਰਹਿਣ ਨਾ ਰਣ ਵਿਚ ਵਰਜੇ,
ਸਭ ਚੜ੍ਹ ਆਏ ਰਾਜੇ ਪਰਜੇ, ਥਰਕੀ ਧਰਨ ਸ਼ੇਸ਼ ਜਿਉਂ ਲਰਜ਼ੇ
ਗਰਜੇ ਸਿੰਘ ਸੂਰਮੇ ਸਰਜੇ, ਦਰਜ਼ੀ ਕੀਤੇ ਕੁੜਤੇ ਦਰਜੇ, ਸਾਰੇ ਤੁਰਕ ਜਿਉਂ।
ਗੋਬਿੰਦ ਸਿੰਘ ਧਨੁਖ ਬਾਣ ਕਰ ਫੜਿਆ, ਤਰਕਸ਼ ਰਤਨ ਮੋਤੀਆਂ ਜੜਿਆ
ਧੌਂਸਾ ਹੈ ਕੁਮੈਤ ਪਰ ਕੜਿਆ, ਉਤ ਵਲ ਪੰਜ ਐਤ ਦਲ ਚੜ੍ਹਿਆ
ਸਨਮੁਖ ਹੋ ਖਾਨਜ਼ਾਦਾ ਲੜਿਆ, ਮਾਰਿਆ ਮੀਆਂ ਖਾਨ ਭੋਂਇ ਪੜਿਆ,
ਤੜਫੇ ਮੀਨ ਜਿਉਂ।



Sri Satguru Jagjit Singh Ji eLibrary NamdhariElibrary@gmail.com

ਐਸੇ ਛੁਟਦੇ ਤੀਰ ਕਮਾਨੋਂ, ਕਵਿਤਾ ਕਹਿ ਨ ਸਕੇ ਜ਼ਬਾਨੋਂ
ਬਰਸੇ ਵਰਖਾ ਜਿਉਂ ਅਸਮਾਨੋਂ, ਸਤਿਗੁਰ ਖਿਚੀ ਤੇਗ ਮਿਆਨੋਂ
ਘਟ ਵਿਚ ਬਿਜਲੀ ਚਮਕੀ ਮਾਨੋ, ਜੈਸੇ ਦੇਵੀ ਮਾਰੇ ਦਾਨੋਂ, ਦੇਵਾਂ ਹੇਤ ਸਿਉਂ ।
ਇਹੋ ਬੀਰ ਸਿੰਘ ਦਿਲ ਜਾਨੀ, ਜਗ ਵਿਚ ਐਸੀ ਤੁਰੀ ਕਹਾਣੀ
ਮਾਰਿਆ ਸੁਣਿਆ ਰਾਉ ਰਇਆਣੀ, ਕਾਬਲ ਰੋਂਦੀ ਹੈ ਮੁਗ਼ਲਾਣੀ
ਮਹਿਲੀਂ ਤੜਫੇ ਪਈ ਪਠਾਣੀ, ਕਹਿੰਦੀ ਮੈਂ ਕਿਉਂ ਭਈ ਇਆਣੀ

ਸਾਥ ਨਗਈ ਕਿਉਂ ?

ਫੁਲ ਹਰੀ ਸੁ ਹਰ ਜੀ ਹਾਂ, ਕਿ ਦਰਸ਼ਨ ਅੰਮ੍ਰਿਤਸਰ ਜੀ ਜਾਂ,

ਮੇਰਾ ਮਨ ਲੋਚਦਾ ।੬।

ਚੜ੍ਹਿਆ ਅਸੂ ਸਰਤਾ ਠੁਮਕੀ, ਦਿਨੋ ਦਿਨ ਠੰਢ ਗੁਲਾਬੀ ਰੁਮਕੀ
ਰਣ ਵਿਚ ਤੇਗ ਕਟੈਲੀ ਚਮਕੀ, ਜਿਉਂ ਕਰ ਤੇਜ਼ ਦਾਮਨੀ ਦਮਕੀ
ਧਮ ਧਰ ਸਿਰ ਸ਼ਤ੍ਰੂ ਦੇ ਝਮਕੀ, ਜਿਉਂ ਵਣ ਭੜਕ ਬਸੰਤਰ ਭੁਮਕੀ, ਲਗੀ ਝੱਲ ਨੂੰ ।
ਸਨਮੁਖ ਚੜ੍ਹੇ ਸਿੰਘ ਰਣ ਜੁਟੇ, ਐਸੇ ਤੀਰ ਕਮਾਨੋਂ ਛੁਟੇ
ਲਗ ਲਗ ਤੁਰਕਾਂ ਦੁਸਰ ਫੁਟੇ, ਜਿਉਂ ਛਬ ਡਾਲੀ ਅੰਬ ਤਰੁਟੇ
ਰਣ ਵਿਚ ਸਗਲੇ ਤੁਰਕ ਨਖੁਟੇ, ਸਤਿਗੁਰੂ ਜੜ੍ਹਾਂ ਤੁਰਕ ਦੀਆਂ ਪੁਟੇ

ਅਜ ਕਿ ਕੱਲ ਨੂੰ ।

ਗੋਬਿੰਦ ਸਿੰਘ ਖਿਚੀ ਤੇਗ ਕਟੈਲੀ, ਚਮਕੀ ਚੰਡੀ ਰੋਹ ਰੁਹੈਲੀ
ਰਣ ਵਿਚ ਕੀਤੀ ਰੰਗ ਰੰਗੈਲੀ, ਮਿਲਿਆ ਜਿਉਂ ਬੇਲੀ ਨੂੰ ਬੇਲੀ
ਪਰਖੀ ਜਿਵੇਂ ਸਰਾਫਾਂ ਥੈਲੀ, ਦੋਇ ਧੜ ਕਰ ਗਈ ਮਹਾਂ ਗੁਸੈਲੀ

ਸਿਰ ਤਨ ਖਲ ਨੂੰ ।

ਬੀਰ ਸਿੰਘ ਬਲਹਾਰੇ, ਸਤਿਗੁਰ ਘਣੇ ਤੁਰਕ ਚੁਣ ਮਾਰੇ
ਡਿਗ ਡਿਗ ਪਵਨ ਦੁਰਾਨੀ ਭਾਰੇ, ਤੇਰੀ ਤੇਗ ਅਮਰ ਜੁਗ ਚਾਰੇ
ਕਵਿਤਾ ਹੋਰ ਵਿਚਾਰ ਵਿਚਾਰੇ, ਖੰਜਰ ਪਿੰਜਰ ਕਟ ਕਟ ਡਾਰੇ, ਰਣਕੀ ਟਲ ਨੂੰ ।
ਫੁਲ ਹਰੀ ਸੁ ਹਰ ਜੀ ਹਾਂ, ਕਿ ਦਰਸ਼ਨ ਅੰਮ੍ਰਿਤਸਰ ਜੀ ਜਾਂ

ਮੇਰਾ ਮਨ ਲੋਚਦਾ ।੭।

ਚੜ੍ਹਿਆ ਕਤਕ ਛਬ ਚਾਨਣ ਚੜ੍ਹ ਕੇ, ਮਾਰੇ ਤੁਰਕ ਧਨੁਖ ਸਰ ਫੜ ਕੇ
ਫੜ ਬੰਦੂਕ ਸਰਾਸਨ ਕੜਕੇ, ਕੋਈ ਤੁਰਕ ਨ ਸਕਿਆ ਲੜ ਕੇ
ਡਿਗ ਡਿਗ ਪਵਨ ਦੁਰਾਨੀ ਲੜਕੇ, ਜਿਉਂ ਧਰ ਗਿਰਿਆ ਤੂੰਬਾ ਝੜ ਕੇ,

ਟੁਟਾ ਵਲ ਸਿਉਂ ।

ਚੜ੍ਹੇ ਗੋਬਿੰਦ ਸਿੰਘ ਚੰਡੀ ਖੜਕੀ, ਮਿਆਨੋਂ ਨਮਸਕਾਰ ਕਰ ਸੜਕੀ
ਮਾਰ ਦੁਰਾਨੀ ਆਸਨ ਰੜਕੀ, ਜਿਉਂ ਤਟ ਜਮਨਾ ਨੰਦ ਦੀ ਲੜਕੀ
ਮਾਰਿਆ ਤੋਛੜ ਨਭ ਚੜ੍ਹ ਭੜਕੀ, ਜਿਉਂ ਲਗ ਤੂਲ ਬਸੰਤਰ ਭੜਕੀ



Sri Satguru Jagjit Singh Ji eLibrary NamdhariElibrary@gmail.com

ਮਿਲ ਘਿਉ ਤੇਲ ਜਿਉਂ ।
ਰਣ ਵਿਚ ਗੁਰੂ ਜਿਨ੍ਹਾਂ ਦਾ ਜੀਤੇ, ਰਹਿਣ ਕਵੀਸ਼ਰ ਕਿਉਂ ਚੁਪ ਕੀਤੇ
ਤੀਰਾਂ ਤੁਰਕ ਜਪਤ ਕਰ ਸੀਤੇ, ਫੜ ਕੇ ਤੇਗ ਚਾਰ ਧੜ ਕੀਤੇ
ਲੋਟਨ ਜਿਉਂ ਧਰ ਧਰ ਮਦ ਪੀਤੇ, ਤੜਫਣ ਰੁੰਡ ਮੁੰਡ ਧਰਨੀ ਤੇ
ਅਚਰਜ ਖੇਲ ਜਿਉਂ ।
ਬੀਰ ਸਿੰਘ ਇਕ ਸਾਰ, ਖਾਲਸਾ ਚੜ੍ਹ ਹੋਇਆ ਅਸਵਾਰ
ਬੰਦੂਕਾਂ ਛੁਟੀਆਂ ਅਪਰ ਅਪਾਰ, ਦੁਰਾਨੀ ਮਾਰਿਆ ਕਈ ਹਜ਼ਾਰ
ਸਰੀਰੋਂ ਤੀਰ ਅਧਰ ਭਏ ਪਾਰ, ਸੁਹਾਵੇ ਬਾਗੜ ਫੁਲ ਅਨਾਰ
ਹਣੇ ਇਕ ਸੇਲ ਜਿਉਂ ।
ਫੁਲ ਹਰੀ ਸੁ ਹਰ ਜੀ ਹਾਂ, ਕਿ ਦਰਸ਼ਨ ਅੰਮ੍ਰਿਤਸਰ ਜੀ ਜਾਂ,
ਕਿ ਮੇਰਾ ਮਨ ਲੋਚਦਾ । ੯ ।
ਚੜ੍ਹਿਆ ਪੋਹ ਜੋਬਨ ਵਿਚ ਵੈਰੀ, ਕੜਕੇ ਕੰਕਰ ਰਾਤ ਹਨੇਰੀ
ਮੋਹਰੇ ਲੜਦੀ ਫ਼ੌਜ ਲੁਟੇਰੀ; ਸਿੰਘਾਂ ਰਸਤ ਤੁਰਕ ਦੀ ਘੇਰੀ
ਵਲ ਕੇ ਡੇਰੀ ਕੀਤੀ ਢੇਰੀ, ਭੁਖੇ ਮੁਏ ਪਠਾਣ ਮਲੇਰੀ, ਨੱਠੇ ਹਾਰ ਕੇ ।
ਭੰਨੇ ਤੁਰਕ ਭਏ ਰੰਗ ਪੀਲੇ, ਝੁਲੇ ਨਿਸ਼ਾਨ ਸੁ ਫਰਰੇ ਨੀਲੇ
ਮੋਢੀਂ ਚੜ੍ਹ ਗਏ ਸਿੰਘ ਹਠੀਲੇ, ਕੇਸਾਧਾਰੀ ਛੈਲ ਛਬੀਲੇ
ਸ਼ਸਤਰ ਮਾਰਨ ਰੰਗ ਰੰਗੀਲੇ, ਤੁਰਕ ਸੰਘਾਰਿਆ ਸਣੇ ਕਬੀਲੇ
ਚੜ੍ਹਿਆ ਗੋਬਿੰਦ ਸਿੰਘ ਮਤਵਾਲਾ, ਅਸੁ ਸੁਰੰਗ ਸੁਨਹਿਰੀ ਢਾਲਾ
ਪੰਜੇ ਸ਼ਸਤਰ ਤੇਜ਼ ਬਿਸਾਲਾ, ਚੜ੍ਹਿਆ ਤੀਨ ਲੋਕ ਉਜਿਆਲਾ
ਛਕ ਕੇ ਚੜ੍ਹਦੇ ਸਿੰਘ ਪਿਆਲਾ, ਸਤਿਗੁਰ ਆਪ ਕਰੇ ਪ੍ਰਿਤਪਾਲਾ
ਬਿਰਦ ਬਿਚਾਰ ਕੇ ।
ਕਹੇ ਅਣਵਿਧ ਬੀਰ ਸਿੰਘ ਹੀਰਾ, ਸਚੇ ਸਤਿਗੁਰ ਗੁਣੀ ਗਹੀਰਾ,
ਮੇਰੀ ਕਰੀਂ ਮਾਫ਼ ਤਕਸੀਰਾ, ਤੁਹ ਜਿਤਿਆ ਕਾਬਲ ਤੇ ਕਸ਼ਮੀਰਾ
ਮਾਰੇ ਖਾਨ ਅੰਬੀਰ ਵਜ਼ੀਰਾ, ਫੂਕ ਮਸੀਤਾਂ ਢਾਹ ਹਜੀਰਾ, ਤੁਰਕ ਸੰਘਾਰਕੇ ।
ਫੁਲ ਹਰੀ ਸੁ ਹਰ ਜੀ ਹਾਂ, ਕਿ ਦਰਸ਼ਨ ਅੰਮ੍ਰਿਤਸਰ ਜੀ ਜਾਂ,
ਮੇਰਾ ਮਨ ਲੋਚਦਾ ।੧੦।
ਚੜ੍ਹਿਆ ਮਾਘ ਮਾਂਹ ਸੁਖ ਸਾਜੇ, ਸੂਰਜ ਉਤਰਾ ਖੰਡ ਬਿਰਾਜੇ
ਖਪ ਗਏ ਤੁਰਕ ਭ੍ਰਿਸਟ ਨ ਲਾਜੇ, ਹੋਇ ਸਿੰਘ ਪ੍ਰਿਥਵੀਪਤ ਰਾਜੇ
ਵਜਣ ਭਾਂਤ ਭਾਂਤ ਦੇ ਵਾਜੇ, ਬਾਰ ਝੂਲਣ ਜਿਹ ਦਰਵਾਜੇ, ਅਸੁ ਅਪਾਰ ਹੈਂ ।
ਗੋਬਿੰਦ ਸਿੰਘ ਤੇਲ ਕੜਾਹੇ ਚਾੜ੍ਹੇ, ਤਪਤ ਕਰੇ ਪਕੜ ਮਸੰਦਾਂ ਸਾੜੇ
ਸਗਲੇ ਕਾਨ੍ਹ ਗੋਇਲ ਤਾੜੇ, ਜੜ੍ਹੋਂ ਚੁਗੱਤੇ ਪਕੜ ਉਖਾੜੇ
ਸਤਿਗੁਰ ਆਪ ਸਰੂੰਦ ਉਜਾੜੇ, ਸਿੰਘਾਂ ਸ਼ਤਰੂ ਮਲੇਰੋਂ ਪਾੜੇ, ਕਰੇ ਖੁਆਰ ਹੈਂ ।



Sri Satguru Jagjit Singh Ji eLibrary NamdhariElibrary@gmail.com

ਜਪਦੇ ਜਾਪ ਗੁਰੂ ਦੇ ਪੂਰੇ, ਰਹਿੰਦੇ ਸਤਿਗੁਰ ਪਾਸ ਹਜ਼ੂਰੇ
ਕੇਸ਼ਾਧਾਰੀ ਸੁੰਦਰ ਸੂਰੇ, ਕੀਤੀ ਟਹਿਲ ਪਈ ਮਨਜ਼ੂਰੇ
ਬਖਸ਼ੀ ਰਿਧ ਸਿਧ ਭਰਪੂਰੇ, ਖੇਤੀ ਕਰਨ ਹੰਢਾਵਨ ਭੂਰੇ, ਅਬ ਸਿਰਦਾਰ ਹੈਂ ।
ਬੀਰ ਸਿੰਘ ਚਰਨੀ ਲਾਇ ਰਖ ਲੀਜੈ, ਦੁਰਮਤ ਸੰਕਟ ਦੂਰ ਕਰੀਜੈ
ਮੇਰਾ ਮਨ ਸੰਤਾਂ ਸੰਗ ਭੀਜੈ, ਸਿਖੀ ਦਾਨ ਕਿਰਪਾ ਕਰ ਦੀਜੈ
ਸਤਿਗੁਰ ਮਿਹਰ ਨਜ਼ਰ ਦੀ ਕੀਜੈ, ਮੇਰੇ ਔਗੁਣ ਸਭ ਬਖ਼ਸੀਜੈ
ਤੂੰ ਬਖਸ਼ਣਹਾਰ ਹੈਂ ।
ਫੁਲ ਹਰੀ ਸੁ ਹਰ ਜੀ ਹਾਂ, ਕਿ ਦਰਸ਼ਨ ਅੰਮ੍ਰਿਤਸਰ ਜੀ ਜਾਂ,
ਮੇਰਾ ਮਨ ਲੋਚਦਾ । ੧੧ ।
ਚੜ੍ਹਿਆ ਫਾਗਣ ਫਾਗ ਪਵਿਤਰ, ਮੌਲੇ ਬਿਰਛ ਡਾਲ ਫਲ ਪੱਤਰ
ਕੱਸ਼ਪ ਸੁਤ ਆਇਆ ਖੰਡ ਉਤਰ, ਕਹੇ ਕਵੀਸ਼ਰ ਬਾਲ ਬਚਿਤਰ
ਭਇਆ ਸੰਪੂਰਨ ਜੁਧ ਚਰਿਤਰ, ਹੀਰਾ ਤਖਤ ਰਤਨ ਮਣ ਛਤਰ,
ਜੜਿਆ ਖਚਤ ਕਰ ।
ਸਿੰਘਾਸਨ ਸਤ ਭਲੇ ਬਿਰਾਜ, ਸੁ ਸਾਜੇ ਅਨਕ ਭਾਂਤ ਕਰ ਸਾਜ
ਗੋਬਿੰਦ ਸਿੰਘ ਤੀਨ ਲੋਹ ਸਿਰ ਤਾਜ, ਚੰਦ ਛਬ ਕਲ਼ਗੀ ਕਰ ਪਰ ਬਾਜ
ਸਵਾਰੇ ਸਭ ਸਿਖਾਂ ਦੇ ਕਾਜ, ਬਖਸ਼ਿਆ ਉਦੈ ਅਸਤ ਲੌਂ ਰਾਜ,
ਮਿਹਰ ਦੀ ਨਜ਼ਰ ਕਰ ।
ਗੋਬਿੰਦ ਸਿੰਘ ਚੜ੍ਹਿਆ ਹੇਮ ਅੰਬਾਰੀ, ਚੜ੍ਹੀਆਂ ਫ਼ੌਜਾਂ -ਬੇਸ਼ੁਮਾਰੀ
ਹੋਲਾ ਖੇਡਣ ਕੇਸਾਂ ਧਾਰੀ, ਭਈ ਅਕਾਸ਼ੋਂ ਅੰਬੀਰ ਗੁਲਾਰੀ
ਵੇਖ ਸੁਰ ਗੰਧਰਬ ਦੀ ਨਾਰੀ, ਛੁਟਕੀ ਕਈ ਲਾਖ ਪਿਚਕਾਰੀ, ਸ੍ਰੀ ਅਨੰਦਪੁਰ ।
ਬੀਰ ਸਿੰਘ ਜਪ ਸੋਈ, ਗੁਰੂ ਗੋਬਿੰਦ ਸਿੰਘ ਨਾਨਕ ਓਈ
ਜਿਸ ਦਾ ਰਾਜ ਤੇਜ ਤਿਹੁ ਲੋਈ, ਸਤਿਗੁਰ ਸੁਣ ਮੇਰੀ ਅਰਜ਼ੋਈ
ਔਗਣ ਘਣੇ ਹਨ, ਗੁਣ ਨਹੀਂ ਕੋਈ, ਬਖਸ਼ੋ ਔਗੁਣ ਕੀਤੇ ਮੋਹੀ
ਦੀਜੇ ਭਗਤਿ ਹਰਿ ।
ਫੁਲ ਹਰੀ ਸੁ ਹਰ ਜੀ ਹਾਂ, ਕਿ ਦਰਸ਼ਨ ਅੰਮ੍ਰਿਤਸਰ ਜੀ ਜਾਂ,
ਮੇਰਾ ਮਨ ਲੋਚਦਾ । ੧੨ ।



Sri Satguru Jagjit Singh Ji eLibrary NamdhariElibrary@gmail.com

## ੨੨. ਬਾਰਾਂਮਾਹ ਰਾਮ ਸਿੰਘ

ਅਬ ਚੜ੍ਹੇ ਚੇਤ ਗੰਭੀਰ, ਗੁਬਿੰਦ ਸਿੰਘ ਤੁਰਕਨ ਕੋ ਸੁਠ ਬੀਰ
ਵਾਹਿਗੁਰੂ ਤੇਰਾ ਨਾਮ ਜੰਜੀਰ, ਜੋ ਸਿੱਖੀਂ ਸਤਗੁਰ ਬੰਧੀ ਧੀਰ
ਕੜਾਕਾ ਜਾਂਦਾ ਛਾਤੀ ਚੀਰ, ਦ੍ਰਜਨ ਕੀਨੇ ਪਕੜ ਫਕੀਰ, ਸ੍ਰੀ ਗੁਰ ਸਚਿਆ ।
ਹਰੀ ਗੁਰ ਬੀਰਨ ਕੇ ਸਿਰਬੀਰ, ਘੜਾ ਘੜ ਮਾਰਨ ਭੂਪਤਿ ਤੀਰ
ਗਿਲਜੀ ਸੁਧ ਨ ਰਹੇ ਸਰੀਰ, ਮਾਰੋ ਮਾਰ ਪੁਕਾਰਨ ਬੀਰ
ਜੈਸੇ ਦਰਜੀ ਥਾਨ ਸੁ ਚੀਰ, ਨਿਹੰਗੀਂ ਕੀਤੇ ਲੀਰ ਪਲੀਰ, ਸੁ ਦੁਸ਼ਮਣ ਮਾਰ ਕੇ ।
ਸਾਰੇ ਤੂੰ ਸਤਿਗੁਰੂ ਸਹਾਈ, ਮੇਰੇ ਔਗਨ ਨ ਚਿਤ ਲਜਾਈਂ
ਹਰਦਮ ਅਪਣਾ ਨਾਮ ਜਪਾਈਂ, ਹੋਣੀ ਤੁਰਕਾਂ ਦੇ ਸਿਰ ਪਾਈਂ
ਸੂਰਿਆਂ ਦੇ ਮੂੰਹ ਲਾਲੀ ਆਈ, ਜਿਉਂ ਕਰ ਤੇਜ ਦਾਮਨੀ ਛਾਈ
ਘਟਾ ਵਿਚ ਆਇ ਕੇ ।
ਰਾਮ ਸਿੰਘ ਇਸ ਭਾਂਤ, ਜੁਧ ਜੋ ਸਾਜਿਆ ਸਤਿਗੁਰ ਆਪ
ਤੇਰੀ ਧਮਕਾਂ ਪਵੇ ਅਕਾਸ਼, ਮੁਖ ਤੇ ਸਰੇ ਨ ਦੂਜੀ ਬਾਤ
ਘਬਲ ਘਾਖਰ ਸਾਰੇ ਘਾਪ, ਤੈ ਤ੍ਰਬੈਨੀ ਬਿਚ ਪੰਜਾਬ, ਪਾਪ ਤੈਂ ਕੱਟਿਆ ।
ਗੁਰ ਹਰੀ ਮੁਕਤਸਰ ਹਾਂ, ਕਿ ਦਰਸ਼ਨ ਅਬਚਲ ਖੰਡ ਸੁ ਜਾਂ ਮੇਰਾ ਮਨ ਰੱਤਿਆ ।੧।
ਚੜ੍ਹੇ ਬਿਸਾਖ ਸੁ ਬੇਰੀ ਆਏ, ਸਿੰਘੀ ਰਚਨਾ ਰੰਗ ਲਗਾਏ
ਜਿਉਂ ਧਵਲਾ ਨੇ ਪਾਤ ਉਡਾਏ, ਤਿਉਂ ਰਣ ਪੈਣ ਭੁਜੰਗੀ ਧਾਏ
ਦੁਸ਼ਟਾਂ ਉਤੇ ਪੈਂਦੇ ਜਾਏ, ਜਿਉ ਰਣ ਕਾਲੀ ਅਸੁਰ ਖਪਾਏ, ਰੰਧੂ ਰੱਚਿਆ !
ਏਕੜੜੜ ਜੋਗਣ ਕੜਕੇ, ਅੜੜੜ ਬੀਰ ਅਗਾਹਾਂ ਲੜਦੇ
ਜੜੜੜ ਦੁਰਜਨ ਦੇ ਸਿਰੁ ਜੜਦੇ, ਗਿੜੜਿੜ ਗੱਲ ਨਾ ਮੂਹਰੇ ਕਰਦੇ
ਹੜੜੜ ਹਲੇ ਸਿੰਘ ਲੈ ਅੜਦੇ, ਖੜੜੜ ਖਲਾਂ ਸਿਰ ਤੇ ਸੜਕੇ, ਸੁਟ ਗਣ ਗਿੱਝੀਆ ।
ਸ਼ੋਦਣਣਣ ਗੰਜ ਨਿਗਾਰਾ, ਤੇਰੀ ਠਣਠਣੇ ਪੈ ਠਣਕਾਰਾ
ਘੰਟਾ ਵਣਣਣ ਟੱਲ ਅਪਾਰਾ, ਸੁਤਰੀ ਅਣਣਣ ਗੁੰਜ ਨਿਆਰਾ
ਤੁਫੰਗਾ ਛੁਟਣ ਸਣਣਣ ਸਾਰਾ, ਘਣਣਣ ਘਣੀਯਰ ਸੁਰਮਿਲ ਤਾਰਾ, ਤੋਪਾਂ ਛੁਟੀਆਂ !
ਰਾਮ ਸਿੰਘ ਇਸ ਭਾਂਤ, ਜੁੱਝ ਬਿਚ ਮਾਰੇ ਤੁਰਕ ਸੁ ਆਪ
ਗੋਬਿੰਦ ਸਿੰਘ ਚੌਦਾਂ ਲੋਕ ਬਿਰਾਜ, ਦੁਰਜਨ ਕੇ ਮਨ ਪਜਾ ਤ੍ਰਾਸ



Sri Satguru Jagjit Singh Ji eLibrary NamdhariElibrary@gmail.com

ਅਕਾਲੀ ਜਪਦੇ ਗੁਰ ਵਰ ਜਾਪ, ਤੇਰੀ ਮਹਿਮਾ ਅਪਰ ਅਪਾਰ, ਸ੍ਰਿਸਟਿ ਤੈਂ ਰਚੀਆ।
ਗੁਰ ਹਰੀ ਮੁਕਤਸਰ ਹਾਂ, ਕਿ ਦਰਸਨ ਅਬਚਲ ਖੰਡ ਸੁ ਜਾਂ, ਮੇਰਾ ਮਨ ਰੱਤਿਆ ।੨।
ਗੁਰ ਚੜ੍ਹਿਆ ਜੇਠ ਕਰਾਰਾ, ਦੁਸਮਨ ਦੇ ਸਿਰ ਧਰਿਆ ਆਰਾ
ਲੋਹਾ ਵਗਨ ਬੇਸ਼ੁਮਾਰਾ, ਬਾਲੂ ਰੇਤਾ ਤਪੇ ਅੰਗਾਰਾ
ਸੂਰਜ ਝੁਕ ਕਰ ਮਿਲੇ ਪਹਾਰਾਂ, ਦੁਸਮਣ ਸੜਦੇ ਸਾੜ ਅਪਾਰਾ, ਕੁਦਰਤ ਤੇਰੀਆ ।
ਪੰਜ ਪਿਆਰੇ ਦੇ ਲਲਕਾਰੇ, ਜਿਉਂ ਰਣ ਭੀਮ ਸੁ ਹਸਤੀ ਮਾਰੇ
ਲੰਕਾ ਦੇ ਬਿਚ ਪਈ ਪੁਕਾਰੇ, ਮਹਾਂ ਪੌਣ ਵਿਚ ਲੈਨ ਹੁਲਾਰੇ
ਖਾਲਸਾ ਚੁਕ ਚੁਕ ਤੁਰਕਾਂ ਮਾਰੇ, ਮਿਲ ਕਰ ਜਫੀਆਂ ।
ਸੂਰੇ ਆਵਨ ਬੀਰ ਅਕਾਲੀ, ਪੀੜੀ ਮਦਰਾ ਸੋ ਮਤਵਾਲੀ
ਕਰ ਵਿਚ ਖੰਡੇ ਤੇਜ਼ ਫੁਲਾਦੀ, ਵਢਨ ਤੁਰਕਾਂ ਵਾਂਗ ਕਮਾਦੀ
ਧਰਤੀ ਬੂੰਦ ਨ ਚੁੜਨੀ ਪਾਂਦੀ, ਜੋਗਣ ਮੱਤੀਆ ।
ਰਾਮ ਸਿੰਘ ਮਨ ਭਾਣੀ, ਦੁਰਜਨ ਉਠ ਉਠ ਮੰਗਨ ਪਾਣੀ
ਘਾਇਲ ਘੁੰਮਨ ਜਲ ਘੁੰਮਰਾਣੀ, ਸ੍ਰੀ ਗੁਰ ਜਾਇ ਸਰੰਦ ਉਜਾੜੀ
ਢਾਹੇ ਕੋਠੇ ਮੰਡਪ ਮਾੜੀ, ਤੁਰਕਾਂ ਤ੍ਰਾਸ ਪਯਾ ਮਨ ਭਾਰੀ, ਕੁਦਰਤ ਤੇਰੀਆ ।
ਗੁਰ ਹਰੀ ਮੁਕਤਸਰ ਹਾਂ, ਕਿ ਦਰਸਨ ਅਬਚਲ ਖੰਡ ਸੁ ਜਾਂ, ਮੇਰਾ ਮਨ ਰੱਤਿਆ ।੩।
ਚੜ੍ਹਿਆ ਹਾੜ ਗਗਨ ਜੋ ਬੋਲੇ, ਪੰਛੀ ਲੋਟ ਪੋਟ ਹੋ ਡੋਲੇ
ਪਾਣੀ ਬੂੰਦ ਨ ਮਿਲਦੀ ਟੋਲੇ, ਹਰਨਾਂ ਪਿਠ ਹੋਏ ਭੁਜ ਕੋਲੇ
ਠੰਢੀ ਮਿਲੇ ਨਾ ਜਾਗਾ ਮੂਲੇ, ਤੁਰਕਾਂ ਦੀ ਕੋਈ ਖਬਰ ਨ ਬੋਲੇ, ਦਲ ਵਿਚ ਆਇਕੇ ।
ਦੋ ਇਸ ਬਿਧ ਆਏ ਜੁਗਤੇ, ਮਾਨੋ ਪਰਬਤ ਹੋਇ ਇਕੱਠੇ
ਤਲੀਆਂ ਮੋਢੇ ਮਿਲ ਜੁੜ ਤੱਤੇ, ਜਾਣਨ ਕੁਛ ਨਾ ਕਾਲ ਕਪੱਤੇ
ਹਥੀਂ ਮੈਂਹਦੀ ਗਾਨੇ ਰੱਤੇ, ਮਾਰੋ ਮਾਰ ਪੁਕਾਰਨ ਕਚੇ, ਕਾਲ ਬੰਗਾਰਕੇ ।
ਉਧਰੋਂ ਆਏ ਬੀਰ ਅਕਾਲੀ, ਜਿਨ ਕਾ ਰੂਪ ਸੁ ਤੇਜ ਬਿਸਾਲੀ
ਮਾਨੋ ਗਰਜੇ ਘਨੀਅਰ ਕਾਲੀ, ਪਲਾ ਹੋਈ ਤੁਫੰਗਾਂ ਸਾਲੀ
ਬਿਚੇ ਭੂਤ ਸੋ ਬੀਰ ਬਿਤਾਲੀ, ਚੱਕ੍ਰ ਛੱਡਨ ਗੁਰੂ ਦਿਆਲੀ, ਰਣ ਬਿਚ ਆਇਕੇ ।
ਰਾਮ ਸਿੰਘ ਨਾ ਚੂਕੇ, ਐਸੇ ਉਠੇ ਸਿੰਘ ਭਬੂਕੇ
ਮਾਨੋ ਪ੍ਰਲੋ ਕਾਲ ਹੈ ਕੂਕੇ, ਪ੍ਰਿਥੀ ਰਖੀ ਸਤਗੁਰ ਸਿੰਨੇ
ਰਘੁਵੰਸੀ ਸੂਰਜ ਮਣਹੂ ਨੇ, ਸਿੰਘੀ ਸ਼ਸਤਰ ਮਾਰੇ ਅਛੇ, ਸਤਿਗੁਰ ਸਚਿਆ ।
ਗੁਰ ਹਰੀ ਮੁਕਤਸਰ ਹਾਂ, ਕਿ ਦਰਸਨ ਅਬਚਲ ਖੰਡ ਸੁ ਜਾਂ, ਮੇਰਾ ਮਨ ਰੱਤਿਆ ।
ਦੋ ਚੜ੍ਹਿਆ ਸਾਵਣ ਇੰਦੂ, ਤੁਰਕਾਂ ਬੱਢੇ ਜਿਉ ਬਣ ਬਿੰਦੂ
ਦੁਸ਼ਟਾਂ ਹੋਵਨ ਪਏ ਸਨੰਦਰ, ਨਠੇ ਜਾਵਨ ਵਾਂਗ ਕਲੰਦਰ
ਡੁਬਨ ਛਾਲਾਂ ਦੇਨ ਸਮੁੰਦਰ, ਬਾਜਾਂ ਮਿਲਿਆ ਤਾਮਾ ਮੁੰਦਰ, ਸਿੰਘਾਂ ਆਇਕੇ ।
ਪਪੀਹਾ ਟੋਲੇ ਬੂੰਦ ਸਵਾਂਤੀ, ਕੋਇਲ ਕੂਕੇ ਸੁੰਦਰ ਜਾਤੀ


NamdhariElibrary@gmail.com

ਘਨੀਅਰ ਮੋਰਾਂ ਦੇ ਮਨ ਸ਼ਾਦੀ, ਦਾਦਰ ਦੁਸਟਾਂ ਬੈਨ ਵਿਲਾਪੀ
ਨਠੇ ਜਾਵਨ ਵਾਂਗੂ ਪਾਜ਼ੀ, ਸਿੰਘੀਂ ਖੇਲ ਮਚਾਈ ਤਾਜ਼ੀ, ਰਣ ਬਿਚ ਆਇਕੇ ।
ਗੁਰ ਚੜ੍ਹਿਆ ਦਲ ਵਿਡਾਰ, ਮੁਕਤੇ ਜਪਦੇ ਸ੍ਰੀ ਅਕਾਲ
ਗਰਦਾਂ ਮਿਲੀਆਂ ਨਾਲ ਅਕਾਸ, ਧੌਂਸਾ ਘੁਰਦਾ ਜਿਉਂ ਸਿਰ ਕਾਲ
ਵਾਂਗ ਸਹਿਬੀ ਕਰੇ ਵਿਣਾਸ, ਐਸੇ ਸਤਗੁਰ ਛਡੇ ਆਪ, ਸਾਂਗ ਸੰਭਾਰ ਕੇ ।
ਰਾਮ ਸਿੰਘ ਸੋ ਪੈਨੀ, ਮਾਨੋ ਬਿੱਜ ਪਈ ਕੜਕੈਨੀ
ਦੋਹੀ ਫਿਰੀ ਅਕਾਲ ਸਿੰਘੈਨੀ, ਜੈਸੇ ਲੰਕਾ ਰਾਮ ਸੋ ਲੈਨੀ
ਰੰਡੀ ਹੋਈ ਮੁਗਲ ਪਠੈਨੀ, ਰੋਂਦੀ ਸੁਧ ਨਾ ਬਦਨ ਜ਼ਨਾਨੀ, ਰੂਮ ਸੁ ਰੰਡੀਆ ।
ਗੁਰ ਹਰੀ ਮੁਕਤਸਰ ਹਾਂ, ਕਿ ਦਰਸਨ ਅਬਚਲ ਖੰਡ ਸੁ ਜਾਂ, ਮੇਰਾ ਮਨ ਰੱਤਿਆ ।੫।

ਚੜ੍ਹਿਆ ਭਾਦੋ ਭਾਨ ਅੰਗਾਰਾ, ਸਿੰਘੀਂ ਕੀਤਾ ਕੱਠ ਨਿਆਰਾ
ਨੀਲਾ ਬਾਨਾ ਬਣਿਆ ਭਾਰਾ, ਜੇੜਾ ਕਲਜੁਗ ਦਾ ਹੈ ਦੁਆਰਾ
ਚੜ੍ਹਿਆ ਸ੍ਰੀ ਖਾਲਸਾ ਪਿਆਰਾ, ਧਰਤੀ ਹਿਲੇ ਜਿਉਂ ਜਲ ਤਾਰਾ, ਦੁਰਜਨ ਮਾਰਣੇ ।
ਐਸਾ ਧਨਖ ਲਜਾ ਗੁਰ ਸਗਤੇ, ਜੇੜਾ ਜਨਕ ਰਾਜ ਦੇ ਬਗਤੇ
ਅਗੇ ਕੋਈ ਨ ਸਕੇ ਅੜਕੇ, ਉਥੇ ਸ੍ਰੀ ਅਕਾਲ ਜੀ ਸਗਤੇ
ਦਲ ਵਿਚ ਘਾਣੀ ਹੋਈ ਟਲਕੇ, ਲੋਹੂ ਮਿਝੂ ਚਲੀ ਢਲਕੇ, ਤੁਰਕਾਂ ਸੀਸ ਤੋਂ ।
ਐਸੇ ਆਏ ਬਾਣ ਕਰਾਰੇ, ਮਾਨੋ ਕਾਲ ਜੀਭ ਲਪਕਾਰੇ, ਹੋਣੀ ਸਾੜ ਚੜ੍ਹੇ ਦੁਧਾਰੇ
ਤੁਰਕਾਂ ਡੱਸੇ ਬਿਸੀਅਰ ਕਾਰੇ, ਮੁੜ ਕੇ ਖਬਰ ਨ ਰਹੇ ਸੰਭਾਰੇ
ਆਏ ਜਮਰਾਜੇ ਹਲਕਾਰੇ, ਦੁਰਜਨ ਲੇਵਣੇ ।
ਐਸੇ ਜੰਗ ਕਰੇ ਗੁਰ ਭਾਰੀ, ਸੂਰਿਆਂ ਚਾਉ ਚੜ੍ਹਿਆ ਦਿਲ ਭਾਰੀ
ਤੀਰੀਂ ਨੇਜ਼ੀਂ ਵਿੰਨ੍ਹੇ ਦੁਆਰੀ, ਬਗਲੇ ਮਾਰਨ ਕਾਲ ਕਟਾਰੀ
ਜੀਦੀ ਦਾਮਨ ਸਮ ਚਮਕਾਰੀ, ਜੈਸੇ ਸਾਣ ਸਰੋਕੇ ਸਾਰੀ, ਬੈਰੀ ਚੀਰਣੇ ।
ਰਾਮ ਸਿੰਘ ਮਨ ਮਾਨੀ, ਏਵਡ ਤੁਰਕਾਂ ਮਾਰ ਬਿਹਾਨੀ
ਮਾਪੇ ਰੋਵਨ ਘਰੀਂ ਪਠਾਨੀ, ਔਂਸੀ ਪਾਨੀ ਕਾਗ ਉਡਾਨੀ
ਜੇ ਘਰ ਆਵਨ ਕੰਤ ਸੁ ਜਾਨੀ, ਸਿੰਘੀਂ ਪੀੜੀ ਰਣ ਵਿਚ ਘਾਨੀ, ਜਾਣ ਬਣਾਇਕੇ ।
ਗੁਰ ਹਰੀ ਮੁਕਤਸਰ ਹਾਂ, ਕਿ ਦਰਸ਼ਨ ਅਬਚਲ ਖੰਡ ਸੁ ਜਾਂ, ਮੇਰਾ ਮਨ ਰੱਤਿਆ ।੬।

ਚੜ੍ਹਿਆ ਅਸੂ ਅਸਰ ਨਿਖੁਟੇ, ਸਤਿ ਅਵਾਈ ਪਜਾਰੀ ਧੁਪੇ
ਮੇਰਾ ਮਨ ਚਰਨੀਂ ਗੁਰ ਫੱਤੇ, ਪ੍ਰਭ ਨੇ ਪ੍ਰਿਥੀ ਹਿੰਦੂ ਰਖੇ
ਰਾਕਸ਼ ਚੁਣ ਚੁਣ ਝਾੜ ਕਢੇ, ਮੁੜਕੇ ਦੇਖਨ ਨਾਹਿ ਨਿਛੱਕੇ, ਐਸੀ ਬੀਤੀਆ ।
ਉਧਰੋਂ ਆਇ ਅਕਾਲੀ ਜੁਟੇ, ਤੇਗਾਂ ਸੜਕ ਨਿਹੰਗੀ ਫਟੇ
ਵਿੰਨ੍ਹੇ ਤੀਰੀਂ ਤੇ ਭੁਇੰ ਸਿਟੇ, ਚੀਰੇ ਛਾਤੀ ਕਰੇ ਚਪੱਟੇ
ਸਿੰਧੋਂ ਪਾਰ ਲਿਆਇ ਸੁਟੇ, ਜੜਾਂ ਖੋਜਨ ਕੋਈ ਉਘਟੇ, ਮਾਰਨ ਬੈਰੀਆਂ ।
ਸ੍ਰੀ ਗੁਰੂ ਰਾਮ ਚੰਦ ਅਵਤਾਰੀ, ਜਿਸਨੇ ਰਾਵਣ ਲਿਆ ਸੰਘਾਰੀ


Sri Satguru Jagjit Singh Ji eLibrary NamdhariElibrary@gmail.com

ਸਾਰੀ ਲੰਕਾ ਦੀਨੀ ਜਾਰੀ, ਜੈਸੇ ਹਨੂਵੰਤ ਬਣੀ ਉਖਾਰੀ
ਤੈਸੇ ਤੁਰਕਾਂ ਦੀ ਸੜ੍ਹ ਮਾਰੀ, ਤੇਗੋ ਸਭਕ ਖਾਨ ਸਿਰ ਝਾੜੀ, ਤੜਫਨ ਬੇਗੁਰੇ।
ਰਾਮ ਸਿੰਘ ਕਰ ਜੋੜੇ, ਗੁਦਵਰ ਬਡੇ ਹੰਕਾਰ ਸੁ ਤੋੜੇ
ਪ੍ਰਭ ਨੇ ਸਾਰੀ ਪ੍ਰਜਾ ਲੋੜੇ, ਤੇਰੀ ਕਲਾ ਨ ਕੋਈ ਮੋੜੇ
ਸਤਿਗੁਰ ਪੰਥ ਬਿਰਾਜੇ ਘੋੜੇ, ਜਗਮਗ ਕਲਗੀ ਤੇ ਸਿਟ ਤੋੜੇ, ਸੂਰੇ ਸੋਂਹਦੇ।
ਗੁਰ ਹਰੀ ਮੁਕਤਸਰ ਹਾਂ, ਕਿ ਦਰਸ਼ਨ ਅਬਚਲ ਖੰਡ ਸੁ ਜਾਂ, ਮੇਰਾ ਮਨ ਰੱਤਿਆ।੭।

ਆਇਆ ਕੱਤਕ ਅੰਮ੍ਰਿਤ ਕੰਤ, ਸਾਰੀ ਰੁਤਾਂ ਦਾ ਮਹੰਤ
ਪ੍ਰਜਾ ਪੂਜੇ ਸਾਧੂ ਸੰਤ; ਨ੍ਹਾਵਨ ਸਾਰੇ ਜੀਆ ਜੰਤ
ਜਪਦੇ ਰਾਮ ਨਾਮ ਇਕੰਤ, ਗਊਆਂ ਪੂਜਨ ਹਿੰਦੂ ਅੰਤ ਧਰਮ ਦੀ ਰੀਤੀਆ।
ਏ ਤਾਂ ਭਈ ਲੜਾਈ ਏਹੀ, ਜੇਹੀ ਦੁਰਗਾ ਚੰਡੀ ਵੇਹੀ
ਰਾਕਸ਼ ਛਡੇ ਨਾ ਸਣਦੇਹੀ, ਭੁਖੇ ਦਾਣੇ ਚੱਬਨ ਰੇਹੀਂ
ਤੇਹੀ ਚੱਕੇ ਕਾਲਕ ਲੇਹੀ, ਅਖਾਂ ਫਰਕਨ ਮਿਲੇ ਨ ਦੇਹੀ, ਪ੍ਰਾਣ ਸੁ ਜਾਂਮਦੇ।
ਰਣ ਬਿਚ ਪੂਰਾ ਸਤਗੁਰ ਜੀਤੇ, ਸੂਰੇ ਉਠਨ ਵਾਂਗ ਪਲੀਤੇ
ਦੁਸਮਣ ਚਕਨਾਚੂਰ ਸੁ ਕੀਤੇ, ਗੂੜ੍ਹੇ ਰੰਗ ਕਵੀਸ਼ਰ ਪੀਤੇ
ਓਹੋ ਵਾਹਿਗੁਰੂ ਜਪੁ ਨੀਤੇ, ਜਪ ਬਿਨ ਹੋਰ ਨ ਧਰਿਆ ਚੀਤੇ, ਸਤਿਗੁਰ ਧਿਆਇਆ।
ਰਾਮ ਸਿੰਘ ਗੁਰ ਦਯਾਲੂ, ਸੋਈ ਸਭਨਾਂ ਦਾ ਪ੍ਰਤਪਾਲੂ
ਊਦੀ ਧਮਕਾਂ ਜਾਨ ਪਿਆਲੂ, ਦੁਸਟਾਂ ਕੋਈ ਨ ਬਣਦਾ ਝਾਲੂ
ਮਾਨੋ ਪਾਣੀ ਪਤ ਕਚਾਲੂ, ਕੰਬਨ ਮੁਖ ਬਿਚ ਬੈਠੇ ਕਾਲੂ, ਅਜ ਕਲ ਖਾਵਣੇ।
ਗੁਰ ਹਰੀ ਮੁਕਤਸਰ ਹਾਂ, ਕਿ ਦਰਸ਼ਨ ਅਬਚਲ ਖੰਡ ਸੁ ਜਾਂ, ਮੇਰਾ ਮਨ ਰੱਤਿਆ।੮।

ਚੜ੍ਹਿਆ ਮਘਰ ਮਰਨ ਨ ਜਾਣੇ, ਗਿਲਜੇ ਆਵਸ ਜ਼ੋਟ ਧਿਙਾਣੇ
ਅਗੇ ਬੈਠੇ ਭੁਖੇ ਭਾਣੇ, ਸਿੰਘੀਂ ਵਡੇ ਰੰਗ ਸੁ ਮਾਣੇ
ਜੈਸੇ ਕੇਹਰ ਬਿਚ ਸੁਆਣੇ, ਐਸੇ ਦੁਰਜਨ ਮਨ ਕੰਪਾਣੇ, ਤ੍ਰਾਸ ਮਨਾਇ ਕੇ।
ਗੁਰ ਐਸੇ ਬਖਸ਼ ਪੁਸ਼ਾਕੀ, ਦੇਵੇ ਪੂਰੀ ਲਾਖ ਰੁਪਾਂ ਕੀ
ਜੈਸੇ ਰਾਮ ਸੁ ਕੀਨੀ ਸ਼ਾਦੀ, ਮਣੀਆਂ ਬਡੀ ਜਿਉਂ ਮਨ ਭਾਂਦੀ
ਉਥੇ ਕੋਈ ਨ ਦਿਸੇ ਬਾਂਦੀ, ਭੂਰੇ ਕੰਬਲ ਲਾਲ ਜਰਾਤੀ, ਗਿਲਤੇ ਖਾਲਸੇ।
ਐਸੋ ਚਲੇ ਸਿੰਘ ਅਕਾਲੀ, ਜੈਸੇ ਸਿਜਾਮ ਘਟਾ ਮਤਵਾਲੀ
ਝੂਲਣ ਨੇਜੇ ਫਰਰੇ ਬਿਆਲੀ, ਮਾਨੋ ਕ੍ਰਿਸ਼ਨ ਸੋ ਗਊਆਂ ਪਾਲੀ
ਐਸੇ ਸੰਤਾਂ ਦੇ ਰਖਵਾਲੀ, ਦੁਰਜਨ ਮਾਰਣ ਸਿੰਘ ਅਕਾਲੀ, ਤੇਗ ਸੰਭਾਰ ਕੇ।
ਰਾਮ ਸਿੰਘ ਅਰ ਤੋੜੇ, ਸਿੰਘ ਅਕਾਲੀ ਹਟੇ ਨਿਹੋੜੇ
ਦੁਰਜਨ ਧਰਤੀ ਨਾਲ ਦਫੋੜੇ, ਛੁਟਨ ਗੋਲੇ ਤੇ ਸਿਰ ਤੋੜੇ, ਤੁਰਕ ਰਲਾਇ ਕੇ।
ਗੁਰ ਹਰੀ ਮੁਕਤਸਰ ਹਾਂ, ਕਿ ਦਰਸ਼ਨ ਅਬਚਲ ਖੰਡ ਸੁ ਜਾਂ, ਮੇਰਾ ਮਨ ਰੱਤਿਆ।੯।



Sri Satguru Jagjit Singh Ji eLibrary NamdhariElibrary@gmail.com

ਚੜ੍ਹਿਆ ਪੋਹ ਜੁ ਪਾਲੇ ਭਾਰੇ, ਦੁਰਜਨ ਕੰਬਨ ਖੜੇ ਨਿਕਾਰੇ
ਬਰਫਾਂ ਜੰਮਨ ਕੋਰ ਕਰਾਰੇ, ਸਿੰਘੀਂ ਬਣ ਬਿਚ ਸੂਰ ਸੁ ਮਾਰੇ
ਅੰਗੀਠੇ ਦਗਨ ਅਜਬ ਕਰਾਰੇ, ਛਕਨ ਕਬਾਬ ਬਣਾਇ ਪਿਆਰੇ, ਤੁਰਕ ਸੋ ਤੁਸਦੇ।
ਏ ਖਰੀ ਸ਼ਰਾਬ ਪਟਾਕਾ, ਦੂਜਾ ਤੋੜ ਬਹੂਦ ਕੜਾਕਾ
ਓ ਤਾਂ ਪਿਆਲਾ ਅਮਰ ਸੜਾਕਾ, ਪਾਛੈ ਸ੍ਰੀ ਖਾਲਸਾ ਬਾਂਕਾ
ਅਗੇ ਹੂਰਾਂ ਕਰੇ ਤਮਾਸ਼ਾ, ਅਤ੍ਰ ਅੰਬੀਰ ਕੇਵੜਾ ਉਚਾ, ਮੌਜਾਂ ਮਾਣੀਆਂ।
ਉਧਰ ਗਿਲਜਾ ਗੜ ਪੁਕਾਰੇ, ਬਿਚੇ ਸੂਰੇ ਦੇ ਲਲਕਾਰੇ
ਘੋੜੇ ਤੁਰਕ ਈਰਾਨੀ ਭਾਰੇ, ਚੜੇ ਸ਼ਹੀਦ ਖਾਲਸੇ ਪਿਆਰੇ, ਸਤਿਗੁਰ ਭਾਮਦੇ।
ਹੈ ਰਾਮ ਸਿੰਘ ਪ੍ਰਭ ਦੁਆਰਾ, ਜਿਥੇ ਪੁਰ ਅਨੰਦ ਸੁਖ ਭਾਰਾ
ਝੂਲੇ ਝੰਡੇ ਸਤ ਅਪਾਰਾ, ਗੁਰ ਕੀ ਕੰਸੀ ਮੁਕਤ ਦੁਆਰਾ
ਉਸ ਕੀ ਜਾਤੀ ਪਨੀਆ ਵਾਰਾ, ਸਿਖਾਂ ਵਿਚੋਂ ਸਿਖ ਕਰਾਰਾ, ਸ੍ਰੀ ਗੁਰ ਭਾਮਦਾ।
ਗੁਰ ਹਰੀ ਮੁਕਤਸਰ ਹਾਂ, ਕਿ ਦਰਸਨ ਅਬਚਲ ਖੰਡ ਸੁ ਜਾਂ, ਮੇਰਾ ਮਨ ਰੱਤਿਆ।੧੦।

ਚੜ੍ਹਿਆ ਮਾਘ ਕਟਕ ਦਲ ਜੁਟੇ, ਸਿੰਘ ਅੜੀਲ ਚੁਫੇਰਿਓਂ ਤੁਟੇ
ਤੇਗਾਂ ਸੜਕ ਨਿਹੰਗੀ ਫਟੇ, ਦੁਰਜਨ ਕੀਤੇ ਚੌੜ ਚਪਟੇ
ਉਨੀ ਗੁਰੂ ਸਜਾਦੇ ਅਟੇ, ਫੂਕੇ ਚਿਖਾ ਬਣਾਇ ਢੱਟੇ, ਬੈਰ ਉਤਾਰਿਆ।
ਸਿੰਘੀਂ ਤੁਰਕ ਤੇਲ ਬਿਚ ਤਾੜੇ, ਪਈ ਪੁਕਾਰਾਂ ਦੇਵਨ ਰਾੜੇ
ਕੁਕਟ ਵਾਂਗੂ ਪੈਨ ਚਿੰਘਾੜੇ, ਨਿਹੰਗਾਂ ਕੀਤੇ ਪਾੜ ਚਪਾੜੇ
ਜੱਟੀਂ ਲਏ ਹਥ ਕੁਹਾੜੇ, ਸਤਗੁਰ ਸਫਾ ਜੰਗ ਸੋ ਤਾੜੇ, ਦੁਰਜਨ ਬੈਰੀਆ।
ਏ ਤਾਂ ਐਸੇ ਹੋਵਨ ਰੁੰਡੇ, ਜੈਸੇ ਰਾਵਨ ਦੇ ਸਿਰ ਖੰਡੇ
ਤੈਸੇ ਤੁਰਕਾਂ ਦੇ ਦਲ ਫੰਡੇ, ਮਾਨੋ ਕੰਸ ਕੇਸ ਪ੍ਰਚੰਡੇ
ਕ੍ਰਿਸ਼ਨ ਕਾਲੀ ਨਾਗ ਮਰੁੰਡੇ, ਜਮਨਾ ਤਾਲ ਗੇਂਦ ਮਿਲ ਡੰਡੇ, ਕਾਲੀ ਨੱਥਿਆ।
ਰਾਮ ਸਿੰਘ ਸੁਖ ਅਛੇ, ਭੈੜੇ ਤੁਰਕਾਂ ਦੇ ਨਕ ਨੱਥੇ
ਕੌਡੀ ਕੌਡੀ ਮੰਗਨ ਹਟੇ, ਐਸੇ ਕਰੀਆਂ ਸਿੰਘੀਂ ਸ਼ਟੇ
ਜੈਸੇ ਲਾਟ ਫਿਰੰਗੀ ਜੁਟੇ, ਤੋਪ ਲੜਾਈ ਦੇ ਬਿਚ ਪੱਕੇ, ਸਿਖ ਸੋ ਗੁਰੂ ਦੇ।
ਗੁਰ ਹਰੀ ਮੁਕਤਸਰ ਹਾਂ, ਕਿ ਦਰਸ਼ਨ ਅਬਚਲਖੰਡ ਸੁ ਜਾਂ, ਮੇਰਾ ਮਨ ਰੱਤਿਆ।੧੧।

ਚੜ੍ਹਿਆ ਫਗਨ ਪ੍ਰੇਮ ਪਿਜਾਰਾ, ਫਿਰੀਆ ਸੁੰਦਰ ਅਜਬ ਬਹਾਰਾ
ਗੂੰਜੇ ਭੌਰਾ ਮਦਨ ਅਪਾਰਾ, ਸਤਿਗੁਰ ਰਤਨ ਤਖਤ ਝਲਕਾਰਾ
ਸੋਹੇ ਸ੍ਰੀ ਗੁਬਿੰਦ ਸਿੰਘ ਤੂਰਾ, ਮੁਕਤ ਦੁਆਰ ਹੈ।
ਐਸੇ ਬੈਠੇ ਗੁਰੂ ਸਿੰਘਾਸਣ, ਮਾਨੋ ਬਿਸ਼ਨ ਸੇਜ ਕਮਲਾਸਣ
ਸਚਾ ਖੰਡ ਦੁਆਰਾ ਆਸਣ, ਸੂਰਜ ਤੇਜ ਚੰਦ ਪ੍ਰਕਾਸ਼ਣ, ਸਤਿਗੁਰ ਧਿਆਇਦੇ।
ਗੁਰਵਰ ਕਰੀ ਚੜ੍ਹਾਈ ਬਿਕਟੀ, ਜੈਸੇ ਸਾਵਨ ਬੂੰਦ ਸੁ ਸਟਕੀ
ਐਸੇ ਸਿੰਘਾਂ ਨੀਲ ਸੁ ਮਟਕੀ, ਜੈਸੇ ਪੁਰ ਅਨੰਦ ਮੋ ਸੁਭਟੀ



Sri Satguru Jagjit Singh Ji eLibrary NamdhariElibrary@gmail.com

ਆਈ ਗਣ ਗੰਧ੍ਰਬ ਕੀ ਨਿਕਟੀ, ਸੁੰਦ੍ਰ ਰਤੀਆ ਮੁਸ਼ਕ ਸੋ ਲਿਪਟੀ, ਹੋਰੀ ਵੇਖਦੀ।
ਰਾਮ ਸਿੰਘ ਗੁਰ ਦੁਆਰਾ, ਹੋਰੀ ਪੁਰ ਅਨੰਦ ਸੁਖ ਭਾਰਾ
ਛੁਟੀ ਕਈ ਕੋਟ ਪਿਚਕਾਰਾ, ਦੁਰਗਾ ਚਰਨ ਗੰਗ ਕੀ ਧਾਰਾ
ਲੈਹਰਾਂ ਤੁਰੀਆਂ ਰੰਗ ਅਪਾਰਾ, ਦੇਲੇ ਸ੍ਰੀ ਖਾਲਸਾ ਪਜ਼ਾਰਾ, ਸਤਿਗੁਰ ਧਜ਼ਾਇਆ।
ਗੁਰ ਹਰੀ ਮੁਕਤਸਰ ਹਾਂ, ਕਿ ਦਰਸਨ ਅਬਚਲ ਖੰਡ ਸੁ ਜਾਂ, ਮੇਰਾ ਮਨ ਰੱਤਿਆ।੧੨।

ਚੜ੍ਹਿਆ ਲੌਂਦ ਅਗਿਆਨੀ ਭਾਰਾ, ਪ੍ਰਿਥੀ ਸ਼ੋਰ ਪਾਇਆ ਜਗ ਸਾਰਾ
ਚੋਰੀ ਯਾਰੀ ਬਦੀ ਅਹਾਰਾ, ਸਤਗੁਰ ਕੋਈ ਨ ਖੋੜੇ ਪਜ਼ਾਰਾ
ਤੁਰਿਆ ਤਾਪ ਕਪਟ ਜਗ ਸਾਰਾ, ਚੁਗਲੀ ਕਰਦੇ ਉਦੇ ਅਹਾਰਾ, ਬਚੁ ਦੁਖ ਭੋਗਦੇ।
ਜੋ ਕਰਦੇ ਨੇਕੀ ਧੀਰ, ਉਸਨੂੰ ਠਠੇ ਕਰਦੇ ਬੀਰ
ਭਜਨੋਂ ਭੂਲੇ ਹੋਏ ਕੀਰ, ਕੂਕਰ ਚਾਲ ਜੋ ਔਧ ਸ੍ਰੀਰ
ਚਕ ਚਕ ਕੇ ਮਾਰੇ ਜਮਚੀਰ, ਧਰਮ ਰਾਇ ਦੇ ਜੁੜੇ ਬੀਰ, ਲੇਖਾ ਮੰਗਦੇ।
ਤੂੰ ਹਰਦਮ ਗੁਰੂ ਧਿਆਈਂ, ਸਾਰੀ ਪਰਜਾ ਸੀਸ ਨਿਵਾਈਂ
ਮੈਂ ਮੇਰੀ ਨੂੰ ਦੂਰ ਕਰਾਈਂ, ਨੇਕੀ ਪਲੇ ਬੰਨ੍ਹੀਂ ਭਾਈ
ਹਰਦਮ ਵਾਹਿਗੁਰੂ ਮਨ ਲਾਈ, ਓਹੋ ਅੰਤ ਸੁ ਨਾਮ ਸਹਾਈ, ਸਤਿਗੁਰ ਬਖਸ਼ ਲੈ।
ਰਾਮ ਸਿੰਘ ਜਪ ਸੋਈ, ਜਿਸਨੇ ਤੁਰਕਾਂ ਦੀ ਜੜ ਖੋਈ
ਬਗਸੇ ਪ੍ਰੇਮ ਪਿਆਲਾ ਜੋਈ, ਜੰਮਣ ਮਰਣ ਮੁੜ ਨਾ ਹੋਈ
ਐਸੇ ਪ੍ਰੀਤ ਨਾਮ ਮੋ ਜੋਈ, ਚਾਹੇ ਊਚਾ ਨੀਚਾ ਕੋਈ, ਪ੍ਰੇਮ ਗੁਰ ਭਾਂਵਦਾ।
ਗੁਰ ਹਰੀ ਮੁਕਤਸਰ ਹਾਂ, ਕਿ ਦਰਸਨ ਅਬਚਲ ਖੰਡ ਸੁ ਜਾਂ, ਮੇਰਾ ਮਨ ਰੱਤਿਆ।੧੩।





Sri Satguru Jagjit Singh Ji eLibrary NamdhariElibrary@gmail.com

## ਬਾਰਾਂਮਾਹ ਕੰਵਰ ਨੌਨਿਹਾਲ ਸਿੰਘ (ਅਗਿਆਤ)

ਚੜ੍ਹਿਆ ਚੇਤ੍ਰ ਪਈ ਪੁਹਾਰ, ਯਾਰੋ ! ਵਡੀ ਹੋਈ ਸਰਕਾਰ
ਧਮਕੇ ਕਾਬਲ ਤੇ ਕੰਧਾਰ, ਡੇਰੇ ਘਤੇ ਅਟਕੋਂ ਪਾਰ
ਵਡਾ ਖੜਕ ਸਿੰਘ ਸਰਦਾਰ, ਤੂੰ ਕਿਉਂ ਬੈਠਾ ਮੌਤ ਵਿਸਾਰ
ਓ ਵੀ ਚੜ੍ਹਿਆ ਨਾਲ ਕਰਾਰ, ਓੜਕ ਚੱਲਨਾ ।
ਚੇਤੋਂ ਫੇਰ ਆਈ ਵਿਸਾਖੀ, ਤੇ ਸ੍ਰਕਾਰ ਵਡੀ ਮਸਤਾਕੀ
ਸੁੰਦਰ ਬਨ ਬਨ ਆਵਨ ਹਾਥੀ, ਨਜ਼ਰਾਂ ਲੈ ਲੈ ਮਿਲਨ ਸੁਗਾਤੀ
ਸੂਬੇ ਰਲ ਮਿਲ ਚੜ੍ਹਨ ਜਮਾਤੀਂ, ਮੁਢੋਂ ਸਰਕਾਰ ਦੇ ।
ਬੈਠੇ ਫੇਰ ਅਟਾਰੀ ਵਾਲੇ, ਚੰਗੇ ਚੰਗੇ ਸੱਦ ਬਹਾਲੇ
ਉਨ੍ਹਾਂ ਦੇ ਲੇਖ ਜੋ ਹੋ ਗਏ ਕਾਲੇ, ਟਕੇ ਤੋਰਨ ਤੋਲਾਂ ਵਾਲੇ, ਢਿਲ ਨਾ ਲਾਂਵਦੇ ।
ਰਾਣੀ ਜਸ ਕੌਰ ਘਰ ਜੰਮੀ, ਨੀਵੇਂ ਦੀਦੇ ਬਹੁਤ ਸ਼ਰੰਮੀਂ
ਉਚੇ ਲੇਖ ਤੇ ਚਿਤ ਕਰੰਮੀ, ਭਰ ਭਰ ਥਾਲ ਵਗਾਵਣ ਦੰਮੀਂ, ਕਰਨ ਖ਼ੈਰਾਇਤਾਂ ।
ਵਸਾਖੋਂ ਫੇਰ ਹੋਈ ਚਤਰਾਈ, ਬੇਟੀ ਸ਼ਾਮ ਸਿੰਘ ਘਰ ਜਾਈ
ਲਾਗੀ ਢੂੰਡ ਕਰਨ ਕੁੜਮਾਈ, ਮੁਲਕ ਇਨਾਮ ਜੋ ਖਾਂਦੀ ਦਾਈ, ਮੁਢੋਂ ਸ੍ਰਕਾਰ ਦੇ ।
ਹੁਣ ਜੇਠ ਮਹੀਨਾ ਚੜਿਆ, ਕੌਰ ਸਜ਼ਾਦਾ ਖਾਰੇ ਚੜਿਆ
ਰਲ ਮਿਲ ਭਾਬੀਆਂ ਸਾਲੂ ਫੜਿਆ, ਉਹਨੂੰ ਰੂਪ ਸਵਾਇਆ ਚੜ੍ਹਿਆ
ਰਾਣੀ ਜਸ ਕੌਰ ਦਿਲ ਹਰਿਆ, ਸ਼ਗਨ ਮਨਾਉਂਦੇ ।
ਅੱਗੇ ਹੋਈ ਜੰਜ ਤਿਆਰ, ਚੜ੍ਹਿਆ ਮਾਝੇ ਦਾ ਸਰਦਾਰ
ਜਾਂਞੀ ਸੋਹਣੇ ਜਿਉਂ ਗੁਲਜ਼ਾਰ, ਘੋੜੇ ਕੁਦਣ ਕੁਲ ਬਾਜ਼ਾਰ
ਲਾੜੇ ਪਹਨੀ ਫੇਰ ਤਲਵਾਰ, ਘੋੜੇ ਚੜ੍ਹਿਆ ਸਣ ਹਥਿਆਰ, ਜੰਞ ਸੁਹਾਉਂਦੀ ।
ਪਹਿਨ ਪੁਸ਼ਾਕਾਂ ਬੈਠਾ ਨ੍ਹਾਕੇ, ਦਿਤਾ ਤਿਲਕ ਪ੍ਰੋਹਤ ਆਕੇ, ਸੇਹਰਾ ਬਾਪ ਪਹਿਨਾਵੇ ਆਕੇ
ਗਾਵਣ ਸੱਯਾਂ ਮੰਗਲ ਜਾ ਕੇ, ਸ਼ਗਨ ਮਨਾਉਂਦੀਆਂ ।
ਹੋਈ ਜੰਜ ਤਿਆਰ, ਸੂਬੇ ਚੜ੍ਹੇ ਬੇ-ਸ਼ੁਮਾਰ; ਪਹਿਨ ਪੁਸ਼ਾਕਾਂ ਸਣ ਤਲਵਾਰ
ਵੰਡਣ ਮੁਹਰਾਂ ਬੇਸ਼ੁਮਾਰ, ਲਾਗੀ ਲੇ ਕਰ ਹੋਏ ਨਿਹਾਲ, ਸੱਯਦ ਸਾਧੂ ਸਣ ਪਰਵਾਰ
ਲੇਤ ਖਰਾਇਤਾਂ ਨਾਮ ਗੁਫਾਰ, ਦੇਣ ਅਸੀਸ ਭਰੇ ਭੰਡਾਰ, ਸਾਹਿਬ ਧਿਆਉਂਦੇ ।
... ... ... ... ... (ਅਧੂਰਾ)



Sri Satguru Jagjit Singh Ji eLibrary NamdhariElibrary@gmail.com

## ੨੪. ਬਾਰਾਂਮਾਹ ਹੀਰ ਕਾ (ਸੁੱਖਾ ਸਿੰਘ)

ਦੋਹਰਾ

ਚੇਤ ਮਾਸ ਜਬ ਆਇਓ, ਚੂਚਕ ਦੀਓ ਬਿਵਾਹਿ
ਹੀਰ ਪੀਰ ਤਨ ਬ੍ਰਿਹੁ ਕੀ, ਖੇੜੇ ਮਨ ਹਿਉ ਚਾਹਿ ।

ਛੰਦ

ਜੀ ਜਬ ਚੇਤ ਮਹੀਨਾ ਆਇਆ, ਬਾਬਲ ਚੂਚਕ ਕਾਜ ਰਚਾਇਆ
ਖੇੜਾ ਜੰਵ ਬਣਾਇ ਲਿਆਇਆ, ਸਾਨੂੰ ਡੋਲੀ ਚਾਇ ਸੁ ਪਾਇਆ
ਇਸ਼ਕੇ ਸੀਨਾ ਆਣ ਤਪਾਇਆ, ਬਿਰਹੋਂ ਕੱਢਿ ਛੁਰੀ ਹੁਣ ਧਾਇਆ ਮੈਰੇ ਮਾਰਣੇ ।
ਹੈ ਨੀ ! ਦੱਸ ਖਾਂ ਮਾਇ ਕੀ ਕਰਾਂ, ਰਾਂਝਣ ਬਾਝਹੁ ਕਿਉਂ ਕਰ ਜਰਾਂ
ਹੁਣ ਮੈਂ ਮਾਰ ਕਟਾਰੀ ਮਰਾਂ; ਕਲੇਜਾ ਕਢਿ ਬਾਹਰੇ ਧਰਾਂ
ਸੁ ਸੀਨਾ ਸਾਥ ਖੂਨ ਦੇ ਭਰਾਂ, ਲਗਾਵਾਂ ਬਾਹਿ ਬਾਲ ਕੇ ਘਰਾਂ, ਸੁ ਦੁਖ ਸਹਾਰਨੇ ।
ਫੁਲੇ ਕੇਸੂ ਕਰਨ ਸੁਹਾਈ, ਇਸ਼ਕੇ ਵਣ ਤ੍ਰਿਣ ਅੱਗ ਲਗਾਈ
ਕੁੜੀਆਂ ਖੇਡਣ ਜੂਹ ਸੁਹਾਈ, ਚੁਣਿ ਚੁਣਿ ਕਲੀਆਂ ਸੇਜ ਵਿਛਾਈ
ਸੋਹਣੇ ਸੋਵਨ ਸੀਨੇ ਲਾਈ, ਮੈਂ ਨਾਲ ਕੀਤੀ ਬਿਰਹੁ ਕਸਾਈ, ਦਿਲਬਰ ਕਾਰਨੇ ।
ਮੈਂ ਤਾਂ ਹੀਰ ਰਾਂਝਣ ਦੀ ਆਹੀ, ਮੇਰਾ ਮੌਲਾ ਆਪ ਉਗਾਹੀ
ਖੇੜੇ ਸਾਂ ਮੈਂ ਕਦੋਂ ਵਿਆਹੀ, ਏਵੇਂ ਰੱਖਣ ਬਿਨਾਂ ਗੁਨਾਹੀ
ਮੇਰੇ ਮਨ ਵਿਚ ਭੜਕਣ ਭਾਹੀਂ, ਸੁਖਾ ਸਿੰਘ ਮੇਲ ਤੂੰ ਮਾਹੀ, ਤੇਰੇ ਵਾਰਨੇ । ੧ ।

ਦੋਹਰਾ

ਰੁਤ ਅਨੂਪ ਵਿਸਾਖ ਕੀ, ਜਾਂਕੇ ਪੀਅ ਘਰ ਮਾਹਿੰ
ਹੀਰ ਚੀਰ ਤਨ ਫਾਰਦੀ, ਰਾਂਝਨ ਬਿਨ ਸੁਖ ਨਾਹਿੰ ।੧।

ਛੰਦ

ਚੜ੍ਹਿਆ ਮਾਹੁ ਵਿਸਾਖ ਮਹੀਨਾ, ਇਸ਼ਕੇ ਜ਼ੋਰ ਤਪਾਇਆ ਸੀਨਾ
ਮੇਰਾ ਮਨ ਮਾਹੀ ਨੇ ਲੀਨਾ, ਰਾਂਝਣ ਦਿਲਬਰ ਯਾਰ ਨਗੀਨਾ
ਖੇੜਾ ਹੋਂਦਾ ਕੌਣ ਕਮੀਨਾ, ਹੁਣ ਮੈਂ ਹੋਈਆਂ ਬਹੁਤ ਅਧੀਨਾ, ਉਸ ਗ਼ਮ ਯਾਰ ਦੇ ।
ਬਿਰਹੋਂ ਆਣ ਹਮੇਸ਼ ਸਤਾਵੈ, ਮੇਰਾ ਲੂੰ ਲੂੰ ਅੰਗ ਦੁਖਾਵੈ
ਸਾਨੂੰ ਖੇੜਾ ਝਿੜਕ ਡਰਾਵੈ, ਨੀ ਮੈਂ ਮਰਾਂ ਸੁ ਦਿਲਬਰ ਹਾਵੈ



Sri Satguru Jagjit Singh Ji eLibrary NamdhariElibrary@gmail.com

ਮੈਨੂੰ ਰਾਂਝਣ ਯਾਰ ਸੁ ਭਾਵੈ, ਕੋਈ ਜਾਇ ਮਨਾਇ ਲਿਆਵੈ, ਮੈਨੂੰ ਤਾਰ ਦੇ।
ਹੁਣ ਮੈਂ ਭਈ ਸੁਕ ਕੇ ਜ਼ਰਦ, ਇਸ਼ਕ ਨੇ ਚੀਰੀ ਨਾਲ ਸੁ ਕਰਦ
ਮਰਾਂ ਮੈਂ ਕਰਾਂ ਖੂਨ ਦੀ ਛਰਦ, ਬਿਰਹੁ ਨੇ ਕੀਤੀ ਮਾਰ ਸੁ ਗਰਦ
ਖੁਲ੍ਹ ਕੇ ਭਈ ਅਕੇਲੀ ਨਰਦ, ਸੁਪੇਟਨ ਆਨਸ ਸਾਨੂੰ ਦਰਦ, ਅਸਾਂ ਕੂੰ ਮਾਰਦੇ।
ਦੇਖੋ ਹਾਲ ਹਕੀਕਤਿ ਮੇਰੀ, ਡਾਢੀ ਦਿਤੀ ਇਸ਼ਕ ਦਲੇਰੀ
ਲਖ ਲਖ ਸੂਲਾਂ ਦਰਦਾਂ ਘੇਰੀ, ਸੁਖਾ ਸਿੰਘ ਦਾਸ ਮੈਂ ਤੇਰੀ
ਬਾਂਦੀ ਮੁਲ ਖਰੀਦੀ ਚੇਰੀ, ਜੇਠ ਨੂੰ ਮਾਹੀ ਪਾਵੈ ਫੇਰੀ, ਜਿਗਰ ਵਿਸਾਰਦੇ।

ਦੋਹਰਾ

ਜੇਠ ਨੇਠ ਕੋਈ ਨਹੀਂ, ਜਲ ਥਲ ਅਗਨ ਅਨੰਤ
ਬਿਰਹੁ ਬਿਆਧਿ ਅਸਾਧ ਦੁਖ, ਜਿਨ ਕੇ ਨਹਿ ਘਰ ਕੰਤ।੧।

ਛੰਦ

ਆਇਆ ਜੇਠ ਜ਼ੋਰ ਕਰ ਹੱਲੇ, ਪੈਂਦੀ ਧੁਪ ਦੇਇ ਥਰਥੱਲੇ
ਕੋਈ ਪੰਧੀ ਪੰਧੁ ਨ ਚਲੇ, ਸੀਨਾ ਇਸ਼ਕ ਹਮੇਸ਼ਾ ਸੱਲੇ
ਕਾਈ ਖਬਰ ਨ ਦਿਲਬਰ ਘੱਲੇ, ਹੁਣ ਮੈਂ ਕੀ ਕਰਾਂ।
ਸਾ ਕੂੰ ਦਿਤੀ ਇਸ਼ਕ ਭਵਾਈਂ, ਨਿਜ ਲਗੇਂਦੀ ਕਿਉਂ ਮੈਂ ਲਾਈ
ਮੇਰੇ ਪਯਾ ਖਿਆਲ ਕਸਾਈ, ਜਿਸਨੇ ਸੋਹਣੀ ਨੈਂ ਡੁਬਾਈ
ਸੱਸੀ ਥਲਾਂ ਦੇ ਵਿਚ ਰੁਲਾਈ, ਸਾਹਿਬਾਂ ਕੁੱਠੀ ਸਕੇ ਭਾਈ, ਸਿਰ ਪੁਰ ਸੋ ਜਰਾਂ।
ਡਾਢੀ ਲੋਇ ਸਿਰ ਤੇ ਪਾਂਦੀ, ਚੋਟੀ ਲਗਦੀ ਅੱਡੀ ਜਾਂਦੀ
ਦਰਦਾਂ ਕੀਤੀ ਮੈਂ ਦਰਮਾਂਦੀ, ਹੁਣ ਮੈਂ ਜ਼ਹਿਰ ਕਹਿਰ ਦੀ ਖਾਂਦੀ
ਮੈਂਡੀ ਨ ਕੋਈ ਪਾਰ ਵਸਾਂਦੀ, ਸੀਨਾ ਸਾਥ ਕਟਾਰੀ ਘਾਂਦੀ, ਘਾਇਲ ਹਾਇ ਮਰਾਂ।
ਸੁਖਾ ਸਿੰਘ ਮੇਲ ਵੰਜੇਨੀ, ਤੇਰੇ ਉਤੇ ਮੈਂ ਕੁਰਬਾਨੀ
ਮੇਰੀ ਏਵੈਂ ਜਾਇ ਜਵਾਨੀ, ਖਿਆਲ ਨ ਛਡਦਾ ਇਸ਼ਕ ਤੂਫ਼ਾਨੀ
ਲਗੀ ਵਿਚ ਕਲੇਜੇ ਜਾਨੀ, ਅਜ ਕਲ ਹੋਂਦੀ ਜਾਨ ਸੁ ਫਾਨੀ, ਕੀਕੂੰ ਦੁਖ ਹਰਾਂ।੪।

ਦੋਹਰਾ

ਹਾੜ੍ਹ ਗਾੜ੍ਹ ਗਹਿਮੀ ਘਨੀ, ਤਪਤ ਬਿਆਰ ਤਰਵਾਰ
ਹੀਰ ਭੀਰ ਭਾਰੀ ਭਈ, ਬੀਤਤ ਦਿਨਨ ਪਹਾਰ।੧।

ਛੰਦ

ਹਾੜੇ ਹਾੜ ਗਾੜ੍ਹ ਕਰ ਚੜ੍ਹਿਆ, ਸੀਨਾ ਧੁਪ ਇਸ਼ਕ ਦੀ ਕੜ੍ਹਿਆ
ਸੂਲਾਂ ਨਾਲ ਜਿਗਰ ਤਨ ਮੜ੍ਹਿਆ, ਖੇੜਾ ਨਾਲ ਅਸਾਡੇ ਅੜਿਆ
ਸਾਕੂੰ ਆਣ ਕਹਿਰ ਨੂੰ ਫੜਿਆ, ਜ਼ੋਰ ਨ ਚਲਦਾ।
ਸਈਓ ! ਦੇਖੋ ਇਸ਼ਕ ਕਰੇਂਦਾ, ਮਜਨੂੰ ਜੁਸੇ ਦਮ ਜੰਮੇਂਦਾ
ਸੱਸੀ ਵਾਗੂੰ ਗੋਰ ਕਢੇਂਦਾ, ਸੋਹਣੀ ਨੈਂ ਯ ਵਿਚ ਚਾਇ ਡੁਬੇਂਦਾ



Sri Satguru Jagjit Singh Ji eLibrary NamdhariElibrary@gmail.com

ਸੂਲੀ ਜਾ ਮਨਸੂਰ ਚੜ੍ਹੇਂਦਾ, ਯੂਸਫ ਹੱਟੋ ਹੱਟ ਵਿਕੇਂਦਾ
ਸਾ ਕੂੰ ਸੋਈ ਚੋਕਾਂ ਦੇਂਦਾ, ਸੀਨਾ ਜੱਲਦਾ।
ਤੱਤੀ ਵਾਉ ਗਜ਼ਬ ਦੀ ਵਹਿੰਦੀ, ਡਰਦੀ ਗੱਲ ਨ ਕਿਸ ਮੈਂ ਕਹਿੰਦੀ
ਮਾਹੀ ਬਾਝੋਂ ਪਲਕ ਨ ਰਹਿੰਦੀ, ਜੇ ਹੁਣ ਮਾਹੀ ਨੂੰ ਮੈਂਇ ਲਹਿੰਦੀ
ਤਾਂ ਦੁਖ ਦਲਦਾ।
ਵੇਖ ਜੁ ਕੀਤੀ ਹਾਂਇਸਹਾਰੇ, ਕਰਕੈ ਕੌਲ ਕਰਾਰ ਵਿਸਾਰੇ
ਹੁਣ ਜਾ ਬੈਠਾ ਤਖਤ ਹਜ਼ਾਰੇ, ਗੁਜ਼ਰੀ ਰਾਤ ਗਿਣੇਂਦੀ ਤਾਰੇ
ਸੁਖਾ ਸਿੰਘ ਸੁ ਹੀਰ ਚਿਤਾਰੇ, ਕਢਿ ਕਢਿ ਆਹੀਂ ਯਾਰ ਪੁਕਾਰੇ
ਦਰਦ ਦੁਖ ਮੱਲਦਾ।੪।

ਦੋਹਰਾ

ਸਾਵਣ ਮੈਂ ਦਾਮਨਿ ਦਮਤ, ਉਠਤ ਘਟਾ ਘਨਘੋਰ
ਚੁਭਤ ਖੁਭਤ ਤਨ ਤੀਰ ਸਮ, ਬੋਲਤ ਚਾਤ੍ਰਿਕ ਮੋਰ।੧।

ਛੰਦ

ਸਹੀਓ ! ਆਇਆ ਮਾਹ ਸੁ ਸਾਵਣ, ਕੁੜੀਆਂ ਹੱਸਣ ਖੇਡਣ ਗਾਵਣ
ਮੌਲੀ ਮਹਿੰਦੀ ਰੰਗ ਬਣਾਵਣ, ਲਾਵਣ ਧੜੀਆਂ ਸੀਸ ਗੁੰਦਾਵਣ
ਝੂਟਣ ਰਲਕੇ ਪੀਂਘਾਂ ਪਾਵਣ, ਖੇਡਣ ਤੀਆਂ ਤਾਲ ਸੁਹਾਵਣ, ਸੂਹੀਆਂ ਸਾਰੀਆਂ।
ਮੈਂਡੇ ਸਿਰ ਤੇ ਬਿਜਲੀ ਕੜਕੇ, ਸੁਣਕੇ ਜਾਨ ਕਲੇਜਾ ਧੜਕੇ
ਸੀਨਾ ਭਇਆ ਮਨੂਰ ਸੁ ਸੜ ਕੇ, ਤਨ ਵਿਚ ਭਾਹਿ ਇਸ਼ਕ ਦੀ ਭੜਕੇ
ਬਿਰਹੋਂ ਬਾਣ ਆਣ ਤਨ ਕੜਕੇ, ਬੱਦਲ ਬਾਘਾਂ ਵਾਂਙੂ ਖੜਕੇ, ਬੂੰਦ ਕਰਾਰੀਆਂ।
ਹੁਣ ਮੈਂ ਚੜ੍ਹੀ ਇਸ਼ਕ ਦੇ ਬੇੜੇ, ਸਭੋ ਛਡੇ ਝਗੜੇ ਝੇੜੇ
ਨੀ ਮੈਂ ਆਪੇ ਦਰਦ ਸਹੇੜੇ, ਨੀ ਮੈਂ ਘੋਲੁ ਘੁਮਾਈ ਖੇੜੇ
ਸੈਦਾ ਹੋਂਦਾ ਕੌਣੁ ਸੁ ਛੇੜੇ, ਬਿਰਹੋ ਭੂੰਨੀ ਵਾਂਗ ਸੁ ਹੇੜੇ ਸੂਲਾਂ ਮਾਰੀਆਂ।
ਬੋਲਣ ਚਾਤ੍ਰਿਕ ਮੋਰ ਸੁਹਾਵਣ, ਸੀਨਾ ਸਾਬ ਕਟਾਰੀ ਘਾਵਣ
ਬਰਸਣ ਬੂੰਦਾਂ ਬਾਣ ਲਗਾਵਣ, ਸੁਖਾ ਸਿੰਘ ਯਾਰ ਹੁਣ ਆਵਣ
ਸਾ ਕੂੰ ਆਤਸ਼ ਸੀਨੇ ਲਾਵਣ, ਬਿਰਹੋਂ ਅੱਗ ਤੂਫਾਨ ਬੁਝਾਵਣ
ਮਿਟਸਨ ਖੁਆਰੀਆਂ।੫।

ਦੋਹਰਾ

ਭਾਦੋਂ ਭਰਮ ਅਨੇਕ ਤਨ, ਜਾਂ ਕੇ ਕੰਤ ਨ ਪਾਸ
ਪੀਆ ਪੀਆ ਰਟਤਨਹਿ ਦੁਤ, ਚਾਤ੍ਰਿਕ ਜਿਮ ਕਰ ਆਸ।੧।

ਛੰਦ

ਚੜ੍ਹਿਆ ਭਾਦੋਂ ਭੈ ਅਤਿ ਸੁਝੇ, ਬਿਰਹੋਂ ਆਣ ਹਮੇਸ਼ਾਂ ਲੁਝੇ
ਤਣ ਤਣ ਤੀਰ ਚਲੇਂਦਾ ਗੁਝੇ, ਸਈਓ ! ਕਰੋ ਇਲਾਜ ਨੀ ਕੁਝੇ



Sri Satguru Jagjit Singh Ji eLibrary NamdhariElibrary@gmail.com

ਜਿਸ ਤੇ ਅੱਗ ਇਸ਼ਕ ਦੀ ਬੁਝੇ, ਸੀਨਾ ਵਾਂਗ ਕਬਾਬੇ ਭੁੱਜੇ, ਜੋਬਨ ਮੱਚਿਆ।
ਕੜਕੇ ਬਿੱਜ ਕਹਰ ਦੀ ਛੁਟੇ, ਸੀਨਾਂ ਵਾਂਗ ਫਟਕ ਦੇ ਫੁਟੇ
ਕਰਕੇ ਵੋਂਇ ਦੁਖ ਹੁਣ ਜੁਟੇ, ਬਿਰਹੋਂ ਵਾਂਗੁ ਲੁਹਾਰਾਂ ਕੁੱਟੇ
ਤਣ ਤਣ ਤ੍ਰਿੜ ਕਈਦਤਨ ਤੁਟੇ, ਮਨ ਦਾ ਸ਼ੌਂਕ ਇਸ਼ਕ ਨੂੰ ਲੁਟੇ, ਲੂੰ ਲੂੰ ਰਚਿਆ।
ਸਈਓ ਘੱਲੋ ਕਾਸਦ ਕੋਈ, ਮੇਰੀ ਜਾਇ ਕਰੇ ਅਰਜ਼ੋਈ
ਮੈਂ ਤਾਂ ਹੀਰ ਰਾਂਝਣ ਦੀ ਹੋਈ, ਸਾ ਕੂੰ ਆਣ ਮਿਲਾਵੇ ਕੋਈ, ਮੇਲੀ ਸੱਚਿਆ।
ਹੈ ਨੀ! ਦਿਲਬਰ ਯਾਰ ਨ ਦਿਸੇ, ਦਿਲ ਦੀ ਬਾਤ ਕਹਾਂਉ ਨਾ ਕਿਸੇ
ਸੋਈ ਜਾਵੇ ਲਗਦੀ ਕਿਸੇ, ਸੁਖਾ ਸਿੰਘ ਕਹੀ ਜਾ ਤਿਸੇ
ਤੈ ਕਰ ਛਡੀ ਦਰਦਾਂ ਹਿਸੇ, ਪਲ ਪਲ ਜਾਨ ਸੁ ਮੈਂਡੀ ਖਿਸੇ ਬਿਰਹੋਂ ਨੱਚਿਆ।੬।

### ਦੋਹਰਾ

ਅੱਸੂ ਆਸਾ ਲਗ ਰਹੀ, ਕਬ ਘਰਿ ਆਵੈ ਯਾਰੁ
ਦਿਲਬਰ ਬਿਨ ਦਿਲ ਤੜਫਦਾ, ਜਿਉ ਸਫਰੀ ਬਿਨ ਬਾਰ।੧

### ਛੰਦ

ਅੱਸੂ ਆਸ ਲਗੀ ਦਿਲ ਮੇਰੇ; ਸੀਨੇ ਉਠਣ ਸੂਲ ਘਨੇਰੇ
ਹੁਣ ਮੈਂ ਮਰਸਾਂ ਸਾਂਝ ਸਵੇਰੇ, ਮੌਲਾ ਰਖਸੀ ਪੜਦੇ ਮੇਰੇ
ਮੇਰੇ ਬਿਰਹੋ ਤਮਾਚੇ ਸ਼ੇਰੇ ਰੱਬ ਸੁ ਜਾਣਦਾ।
ਫੂਲੇ ਬਾਰਜ ਬਾਰ ਸੁਹਾਏ, ਗੂੰਨਾ ਗੂੰ ਸੁ ਰੱਬ ਬਣਾਏ
ਭਾਗਰ ਮਾਂਗ ਸੰਧੂਰ ਭਰਾਏ, ਮੌਲੀ ਮਹਿੰਦੀ ਕਜਲਾ ਪਾਏ
ਸੇਜੈ ਸੋਹਣੇ ਲੈ ਗਲ ਲਾਏ, ਸਾਨੂੰ ਛਡਿ ਸੁ ਲੱਭ ਸਿਧਾਏ ਬਿਰਹੋਂ ਜਾਣਦਾ।
ਹੈ ਨੀ ਮਾਏ! ਆਖਾ ਕੈਨੂੰ, ਸੋਈ ਜਾਣੈ ਲਗਦੀ ਜੈ ਨੂੰ
ਕੋਈ ਆਖੇ ਜਾਇ ਰਾਂਝੇ ਨੂੰ, ਰੋਂਦੀ ਸਿਆਲ ਯਾਦ ਕਰ ਤੈਨੂੰ
ਸਾਨੀ ਆਣ ਮਿਲਾਵੈ ਮੈਨੂੰ, ਤੈਨੂੰ ਦੇਵਾਂ ਸੀਸ ਉਤਾਰ ਇਸ਼ਕ ਕਰਵਾਣ ਦਾ।
ਜਿਉਂ ਰੱਬ ਰਖੇ ਤਿਉਂ ਹੁਣਿ ਰਹਿਣਾ, ਸੁਖਾ ਸਿੰਘ ਕਿਸੈ ਕਿਆ ਕਹਿਣਾ
ਜੋ ਸਿਰ ਗੁਜ਼ਰੇ ਸੋਈ ਸਹਿਣਾ, ਕਰਿਕੇ ਸਬਰ ਪਇਆ ਹੁਣ ਬਹਿਣਾ
ਲਿਖਿਆ ਭਾਇ ਤੱਤੀ ਦੇ ਦਹਿਣਾ, ਕਰਮ ਪਛਾਣਦਾ।੮।

### ਦੋਹਰਾ

ਕਤਕ ਕੂੰਜੇ ਬਿਰਹੁ ਤਨ, ਜੈਸੇ ਪਿਰ ਬਿਨ ਤੀਯ
ਪਲ ਭਰ ਪਲਕੇਂ ਨ ਲਗਤ, ਜਾਂ ਕੇ ਬਿਛਰਤ ਪੀਯਾ।੧।

### ਛੰਦ

ਚੜ੍ਹਿਆ ਕੱਤਕ ਕੂੰਜ ਸੁ ਜਰਸਾਂ, ਮਾਹੀ ਮੁਖ ਦੇਖਣ ਨੂੰ ਤਰਸਾਂ
ਸੀਨਾ ਕਟਿ ਕਬਾਬ ਸੁ ਕਰਸਾਂ, ਭੁੰਨ ਭੁੰਨ ਭਾਹਿ ਇਸ਼ਕ ਦੀ ਧਰਸਾਂ



Sri Satguru Jagjit Singh Ji eLibrary NamdhariElibrary@gmail.com

ਤੀਰ ਮਾਰ ਜਿਗਰ ਵਿਚ ਮਰਸਾਂ, ਲਖ ਲਖ ਦੁਖ ਦਰਦ ਸਿਰ ਭਰਸਾਂ
ਮੈਂ ਨਹੀਂ ਜੀਵਣਾ।
ਨੀ ਮੈਂ ਲੁਟੀ ਇਸ਼ਕ ਕਟਕ ਦੇ, ਸੀਨਾ ਬੈਠਾ ਜ਼ੋਰ ਝਟਕ ਦੇ
ਦਿਲ ਨੂੰ ਤੋੜੇ ਵਾਂਙ ਫਟਕ ਦੇ, ਲਗੇ ਤੀਰ ਸਰੀਰ ਸਟਕ ਦੇ
ਬਿਰਹੋਂ ਮਾਰੀ ਤੁਰਤ ਪਟਕ ਦੇ, ਮੇਰੇ ਪਏ ਸੁਆਇ ਫਟਕ ਦੇ,ਆਹਰ ਹੁਣ ਥੀਵਣਾ।
ਸੁਖਾ ਸਿੰਘਾ ਪਿਆਸ ਹੁਣ ਲੁਟੀ, ਦਿਲ ਦੀ ਕੁਫਰ ਜ਼ੰਜੀਰੀ ਤੁਟੀ
ਸਿਰ ਤੋਂ ਲੱਜ ਸੁ ਮਟਕੀ ਫੁੱਟੀ,ਮਨ ਦੀ ਹੁਬ ਸੁ ਤੈਂ ਸੰਗਿ ਜੁਟੀ,ਜਿਹਦੇ ਜੀਵਣਾ।੮।

ਦੋਹਰਾ

ਮੱਘਰ ਮਹਿੰ ਅਤਿ ਸੁਖ ਘਣੋ, ਜਾਕੇ ਪ੍ਰੀਤਮ ਪਾਸ
ਮੈਂਡੀ ਜਾਨ ਸੁ ਤਰਸਦੀ, ਸਾ ਕੂੰ ਤੈਂਡੀ ਆਸ।੧।

ਛੰਦ

ਸਈਓ ! ਆਇਆ ਮੱਘਰ ਮਾਸ, ਮੈਂਡੇ ਮਨ ਮਾਹੀ ਦੀ ਆਸ
ਪਲ ਪਲ ਘਟਦੇ ਤੁਰਦੇ ਸਾਸ, ਸਾ ਕੂੰ ਪਈ ਪ੍ਰੇਮ ਦੀ ਫਾਸ. ਆਉ ਘਰ ਜਾਨੀਆ !
ਮਨ ਲਗੀ ਆਸ ਸੁ ਤੈਂਡੀ, ਵੰਞੀ ਆਹੀ ਪਾਸ ਤੁਸੈਂਦੀ
ਨਿਕਲ ਸੁ ਜਾਸੀ ਹਥੋਂ ਮਹਿੰਦੀ, ਮੈਂ ਕੂੰ ਛਡਿ ਗਯੋਂ ਕਰਿ ਕੈਂ ਦੀ
ਜੇ ਟੁਕ ਇਸ਼ਕੇ ਮਾਹਿ ਲਟੇਂਦੀ, ਤਾਂ ਮੈਂ ਤੈਂਡੇ ਸੰਗਿ ਸਵੇਂਦੀ, ਕਸਮ ਕੁਰਾਨੀਆਂ।
ਹੁਣ ਤੂੰ ਬਖਸ਼ੀ ਕਰਮ ਕਰੀਵੀਂ, ਮੈਂਡੇ ਸੀਨੇ ਆਇ ਲਗੀਵੀਂ
ਚਾਦਰ ਇਸ਼ਕ ਹਕੀਕੀ ਸੀਵੀਂ, ਹੁਕਮੈ ਬਿਰਹੋਂ ਕੀਨੀ ਨੀਵੀਂ
ਆਪਣੇ ਵੇੜੇ ਨੂੰ ਪਹੁਤੀਵੀ, ਆ ਮਿਲਿ ਮੈਂਡੀ ਜਾਨ ਸੁ ਜੀਵੀ, ਗਰਬ ਗੁਮਾਨੀਆਂ !
ਰੋਂਦੀ ਗੁਜ਼ਰੇ ਨਵੇਂ ਮਹੀਨੇ, ਬਿਰਹੋਂ ਭੁੰਨ ਭੁੰਨ ਬੇਰੇ ਕੀਨੇ
ਲਗੇ ਬਾਣ ਇਸ਼ਕ ਦੇ ਸੀਨੇ, ਸੁਖਾ ਸਿੰਘਾ ਹੀਰ ਮਨ ਚੀਨੇ
ਜਬ ਘਰ ਆਵਣ ਯਾਰ ਨਗੀਨੇ, ਸਾ ਕੂੰ ਹੱਸਣ ਲੋਕ ਕਮੀਨੇ
ਜ਼ਹਿਰ ਹੁਣ ਖਾਨੀਆਂ।੯।

ਦੋਹਰਾ

ਪੋਹ ਮਾਸ ਜਾੜੋ ਘਣੋ, ਤੀਯ ਸੋਵੈ ਪੀਆ ਸੰਗ
ਬੀਤਤ ਰੈਨ ਨ ਚੈਨ ਮੁਹਿ, ਮਾਰਤ ਨੀਚ ਅਨੰਗ।੧।

ਛੰਦ

ਚੜ੍ਹਿਆ ਪੋਹ ਪ੍ਰੇਮ ਵਿਚ ਵਸਦੀ, ਪੈਂਦੀ ਬਰਫ ਸੁ ਸੀਨਾ ਕਸਦੀ
ਦਿਲ ਦੀ ਖੁਸ਼ੀ ਖਜ਼ਾਨਾ ਖਸਦੀ, ਪੈਂਦੀ ਬਰਫ ਸੁ ਸੀਨਾ ਲਸਦੀ
ਸੱਸੀ ਵਾਂਗ ਕਬਰ ਵਿਚ ਧਸਦੀ, ਕਿਉਂ ਮੈਂ ਸੂਲੀਂ ਦਰਦੀਂ ਫਸਦੀ, ਮਾਏ ਮੇਰੀਏ !
ਜੇ ਟੁਕ ਸਾਰ ਇਸ਼ਕ ਦੀ ਜਾਣਾਂ, ਤਾਂ ਮੈਂ ਪਹਿਲੇ ਕਦਰ ਪਛਾਣਾਂ
ਚੂਚਕ ਕੀਤਾ ਜ਼ੋਰ ਧਿਙਾਣਾ, ਖੇੜੇ ਕਰਦੇ ਝੂਠਾ ਮਾਣਾ



Sri Satguru Jagjit Singh Ji eLibrary NamdhariElibrary@gmail.com

ਬਿਰਹੋਂ ਭੁੰਨ ਦਾ ਵਾਂਗ ਸੁ ਧਾਣਾਂ, ਸੀਨੇ ਇਸ਼ਕ ਭੂਤ ਦਾ ਠਾਣਾ ਕੀਕੂੰ ਫੇਰੀਏ।
ਸਾਨੂੰ ਇਸ਼ਕ ਹਮੇਸ਼ਾ ਸੱਲਦਾ, ਪਲ ਪਲ ਸੀਨਾ ਆਣ ਸੁ ਮੱਲਦਾ
ਮੇਰੇ ਪਇਆ ਖਿਆਲ ਸੁ ਕੱਲ ਦਾ, ਬਿਰਹੋਂ ਬਾਣ ਜਿਗਰ ਵਿਚ ਹਲਦਾ
ਮੇਰਾ ਵਸ ਨ ਕੋਈ ਚਲਦਾ, ਮਾਹੀ ਖਬਰ ਨ ਮੂਲੋਂ ਘਲਦਾ, ਦਰਦ ਦਰੇਤੀਏ।
ਵੇਖੋ ਇਸ਼ਕ ਸੁ ਕਾਰੇ ਕਰਦਾ, ਸੂਲੀ ਚੜ੍ਹਨੇਂ ਮੂਲ ਨ ਡਰਦਾ
ਦਿਲਬਰ ਖਾਤਰ ਨੈਂ ਵਿਚ ਤਰਦਾ, ਸੁਖਾ ਸਿੰਘ ਇਸ਼ਕ ਦੇ ਦਰਦਾ
ਜੂਸਬ ਜੇਹੇ ਹੋਹੇ ਬਰਦਾ, ਪੁੰਨੂੰ ਛਡਿਆ ਨਾ ਉਸ ਘਰ ਦਾ
ਹੀਰ ਕਿਸ ਕੇਰੀਏ।੧੦।

ਦੋਹਰਾ

ਮਾਘ ਮਾਸ ਮਾਹੀ ਨਹੀਂ, ਕੈਸੇ ਆਵੈ ਚੈਨ
ਨੀਂਦ ਜੁਟਤ ਨਹਿ ਨਿਸ ਬਿਤੈ, ਤਰਫਤ ਬੀਤਤ ਰੈਨ।੧।

ਛੰਦ

ਚੜ੍ਹਿਆ ਮਾਘ ਮਹੀਨੇ ਪੁੰਨੇ, ਮੁੱਦਤ ਗੁਜ਼ਰੀ ਯਾਰ ਵਿਛੁੰਨੇ
ਬਿਰਹੋਂ ਵਾਂਗ ਸੁ ਧਾਣਾਂ ਭੁੰਨੇ, ਹੰਝੂ ਕਢਿ ਕਢਿ ਨੈਣ ਸੁ ਰੁੰਨੇ
ਸੀਨਾ ਇਸ਼ਕ ਹਮੇਸ਼ਾ ਭੁੰਨੇ, ਦਿਲਬਰ ਦਰਦ ਦੁਖ ਤੁੰਨੇ ਇਸ਼ਕ ਸਹੇੜਿਆ।
ਇਕ ਮੈਂ ਕਮਲੀ ਕੀਤੀ ਲੋਕਾਂ, ਦੂਜਾ ਬਿਰਹੋ ਦੇਂਦਾ ਚੋਕਾ
ਕਸੇ ਤੀਰ ਇਸ਼ਕ ਤਿਖ ਨੋਕਾ, ਧਸੇ ਵਿਚ ਜਿਗਰ ਸਣ ਫੋਕਾ
ਹੁਣ ਮੈਂ ਘੇਰੀ ਆਣ ਸੁ ਲੋਕਾਂ, ਲਭਸਨ ਮੇਰੀਂ ਵਾਲੀਆਂ ਝੋਕਾਂ
ਤੂੰ ਰਹੁ ਖੇੜਿਆਂ।
ਮੈਂਡਾ ਰੋਗ ਨ ਕੋਈ ਜਾਣੈ, ਦਾਰੂ ਦੇਂਦੇ ਰਹੇ ਸਿਆਣੇ
ਪੜ੍ਹਿ ਪੜ੍ਹਿ ਥਕੇ ਇਲਮ ਮੁਲਾਣੇ, ਮਜਨੂੰ ਜੇਹੇ ਇਸ਼ਕ ਰੰਞਾਣੇ
ਯੂਸਬ ਜੇਹੇ ਹੱਟ ਵਿਕਾਣੇ, ਜਿਸਨੂੰ ਲਗੇ ਸੋਈ ਜਾਣੇ, ਜਿਸਨੇ ਫੇੜਿਆ।
ਮੈਂ ਵਲਿ ਸ਼ਗਨ ਆਜ ਸ਼ੁਭ ਖੜਕੇ, ਸੁਖਾ ਸਿੰਘਾ ਆਜ ਭੌਂਹ ਫਰਕੇ
ਕੜਕੀ ਚੂੜੀ ਆਜ ਸੁ ਕਰਕੇ, ਕੁਚ ਸੋਂ ਉਰ ਕੀ ਅੰਗੀਆਂ ਦਰਕੇ
ਪਗ ਕੀ ਜਿਗਰ ਕੀਲ ਸੁ ਕਰਕੇ, ਸਾਈਆਂ ਜੀਵੀ ਮੈਂ ਹੁਣ ਮਰਕੇ
ਰਾਖਹੁ ਬੇੜਿਆ।੧੧।

ਦੋਹਰਾ

ਫਾਗਨ ਮਾਹ ਸੁ ਆਇਓ, ਭਯੋ ਸੁ ਜੀਵਨ ਮੂਰ
ਭਯੋ ਅਨੰਦ ਸੁਖਕੰਦ ਮਿਲ, ਗਯੋ ਬਿਰਹੁ ਦੁਖ ਦੂਰ।੧।

ਛੰਦ

ਚੜ੍ਹਦੇ ਫੱਗਣ ਭਾਗ ਸਵਾਇਆ, ਮੈਂਡਾ ਦਿਲਬਰ ਯਾਰ ਸੁ ਆਇਆ
ਹਡਾ ਮੌਲੇ ਮੁਲਖ ਵਸਾਇਆ, ਬਿਰਹੋ ਦਾਗ ਸੁ ਸਕਲ ਕਰਾਇਆ


Sri Satguru Jagjit Singh Ji eLibrary NamdhariElibrary@gmail.com

ਸਾਈਂ ਫੇਰ ਸੁਹਾਗ ਦਿਵਾਇਆ, ਭਾਗਠ ਹੀਰ ਸੁ ਨਾਉਂ ਸਦਾਇਆ
ਮਾਹੀ ਪਾਇ ਕੇ ।
ਸੁਣਕੇ ਸਭੇ ਸਹੀਆਂ ਆਈਆਂ, ਸਾਨੂੰ ਦੇਵਣ ਆਣ ਵਧਾਈਆਂ
ਆਦਰ ਕਰਕੈ ਕੋਲ ਬਹਾਈਆਂ, ਮੌਲੇ ਆਸਾਂ ਸਭ ਪੁਜਾਈਆਂ
ਤੈਂਡੇ ਸਦਕੇ ਲੈਂਦੀ ਸਾਈਆਂ, ਹੁਣ ਮੈਂ ਮਰਦੀ ਫੇਰ ਜਿਵਾਈਆਂ, ਰਾਂਝਣ ਆਣਕੇ ।
ਚੁਣ ਚੁਣ ਸੇਜ ਵਿਛਾਈ ਕਲੀਆਂ, ਮਿਲ ਕੇ ਰੀਤ ਮਨੇਂਦੀ ਰਲੀਆਂ
ਬਿਰਹੋ ਸੂਲ ਵਿਸੂਲਾਂ ਟਲੀਆਂ, ਮੌਲੇ ਫੇਰ ਵਸਾਈਆਂ ਗਲੀਆਂ
ਜ਼ਰੀਆਂ ਦੇਨਿ ਮੁਮਾਰਖ ਚਲੀਆਂ, ਸ਼ਗਨ ਮਨਾਇਕੈ ।
ਅਜ ਸੁ ਜਾਗੇ ਮੈਂਡੇ ਭਾਗ, ਮਿਲਿਆ ਜਾਨੀ ਚੰਦ ਚਰਾਗ
ਮੌਲੇ ਮਸਤਕ ਲਾਇਆ ਭਾਗ, ਆਵਹੁ ਰਲ ਕੇ ਖੇਲੈਂ ਫਾਗ
ਖੁਲ੍ਹੇ ਇਸ਼ਕ ਸ਼ਕੂਫੇ ਬਾਗ, ਸੁਖਾ ਸਿੰਘ ਮਿਟੇ ਦੁਖ ਦਾਗ
ਸੁਤੀ ਮਾਹੀ ਦੇ ਗਲਿ ਲਾਗ, ਸੁ ਸੇਜ ਵਿਛਾਇਕੈ ।੧੨।

ਦੋਹਰਾ

ਲੀਨਾ ਪਲੰਘ ਵਿਛਾਇ, ਖੁਸ਼ੀਆਂ ਮਾਣਨ ਆਪ ਸੋ
ਹੀਰ ਪੀੜ ਤਨ ਜਾਇ, ਸੁਖ ਆਇਆ ਜੀਅ ਰਾਮ ਸੋਂ ।੧।





Sri Satguru Jagjit Singh Ji eLibrary NamdhariElibrary@gmail.com

## ੨੫. ਬਾਰਾਂਮਾਹ ਹੀਰ ਦਾ (ਬੁਧ ਸਿੰਘ)

ਰੱਬਾ ਚੜ੍ਹਿਆ ਚੇਤ ਮਹੀਨਾ, ਇਸ਼ਕੇ ਜ਼ੋਰ ਤਪਾਇਆ ਸੀਨਾ
ਮੈਂਡਾ ਦਿਲ ਮਾਹੀ ਨੇ ਲੀਨਾ, ਖੇੜਾ ਹੁੰਦਾ ਕੌਣ ਕਮੀਨਾ
ਮੌਲਾ ਮੇਲੀਂ ਯਾਰ ਨਗੀਨਾ, ਮੈਂ ਤਾਂ ਹੋਈਆਂ ਬਹੁਤ ਅਧੀਨਾ ਬਾਝੋਂ ਯਾਰ ਦੇ।
ਕੇਸੂ ਫੁਲੇ ਰੰਗ ਗੁਲਾਲੀ, ਜਾਨਕ ਅੱਗ ਬਿਰਹੁ ਨੇ ਬਾਲੀ
ਕੋਇਲ ਕੁਹਕੇ ਅੰਬ ਸੁ ਡਾਲੀ, ਭੌਰੇ ਗੂੰਜਨ ਲੈਣ ਭਵਾਲੀ
ਕੁੜੀਆਂ ਖੇਡਣ ਰਾਤ ਚੰਦਾਲੀ, ਗਾਵਣ ਗੀਤ ਬਜਾਵਣ ਤਾਲੀ
ਹਭਾ ਫੁਲੀ ਹੈ ਬਨ ਮਾਲੀ, ਨਾਲ ਬਹਾਰ ਦੇ।
ਮੈਨੂੰ ਕਝ ਨ ਭਲਾ ਸੁਝੇ, ਕਲੇਜਾ ਵਾਂਗੁ ਕਬਾਬੇ ਭੁਜੇ
ਬਿਰਹੋਂ ਤੀਰ ਚਲੇਂਦਾ ਗੁੱਝੇ, ਮੈਂਡੀ ਜਾਨ ਹਮੇਸ਼ਾ ਲੁੱਝੇ
ਸਈਓ ਕਰੋ ਇਲਾਜੁ ਨੀ ਕੁਝੇ, ਭੜਕੀ ਅੱਗ ਇਸ਼ਕ ਦੀ ਬੁਝੇ
ਪਿਆਰਾ ਆਣ ਮਿਲਾਵੋ ਮੁਝੇ, ਆਇ ਕਰਾਰ ਦੇ।
ਪਿਆਰੇ ਬਾਝੋਂ ਘੜੀ ਨ ਜੀਵਾਂ, ਪਿਆਲਾ ਘੋਲਿ ਜ਼ਹਿਰ ਦਾ ਪੀਵਾਂ
ਬੁਧ ਸਿੰਘ ਹੀਰ ਰਾਂਝਣ ਦੀ ਥੀਵਾਂ, ਖੇੜੇ ਨਾਉਂ ਨ ਮੂਲੇ ਲੀਵਾਂ
ਫੇੜੇ ਅਪਣੇ ਨੂੰ ਪਛਤੀਵਾਂ, ਚਸ਼ਮਾਂ ਤਾਰ ਸਾਰ ਦੀਆਂ ਸੀਵਾਂ, ਬਾਝ ਦੀਦਾਰ ਦੇ।੮।

ਫੁਲ ਹਰੀ ਕਿ ਹਰ ਦੀ ਹਾਂ, ਕਿ ਵਹਿਦੀ ਤਖ਼ਤ ਹਜ਼ਾਰੇ ਜਾਂ,
ਮਹੀਨਾ ਗੁਜ਼ਰਿਆ।੧। ਰਹਾਉ।

ਵੈਸਾਖ ਵੈਸਾਖੀ ਆਈ, ਬਿਰਹੋਂ ਧੂੰਮ ਘਨੇਰੀ ਪਾਈ
ਕੁੱਠੀ ਬਕਰੇ ਵਾਂਗੁ ਕਸਾਈ, ਕੇਹੀ ਫੂਕ ਕਲੇਜੇ ਲਾਈ
ਤੱਤੀ ਹੀਰ ਤਨੋ ਤਪ ਤਾਈ, ਇਸ਼ਕੇ ਨਾਲ ਅਸਾਂ ਦੇ ਚਾਈ ਰੱਬਾ ਕੀ ਕਰਾਂ।
ਹਭੇ ਫੁਲੇ ਬਾਗ਼ ਬਗੀਚੇ, ਜਾਨਕ ਦੁਖ ਰੁਖੇ ਨੀ ਸੀਚੇ
ਇਸ਼ਕੇ ਪਕੜਿ ਨਿਵਾਈ ਨੀਚੇ, ਬੈਠਾ ਸੀਨੇ ਆਇ ਦੁਲੀਚੇ
ਫੜਿ ਫੜਿ ਦਿਲ ਦੇਵਾਨਾ ਖੀਂਚੇ, ਬਿਰਹੋਂ ਫਾਥੀ ਫੰਧੀ ਬੀਚੇ ਸਈਓ ਮੈਂ ਮਰਾਂ।
ਮੈਂਡਾ ਹਾਲ ਨ ਕੋਈ ਜਾਣੇ, ਪੁੜੀਆਂ ਦੇਂਦੇ ਰਹੇ ਸਿਆਣੇ
ਪੜਿ ਪੜਿ ਥਕੇ ਇਲਮ ਮੁਲਾਣੇ, ਇਸ਼ਕੇ ਭੂਤ ਬਹਾਏ ਠਾਣੇ
ਭੁੰਨੀ ਭੱਠ ਸੁ ਵਾਂਗੂ ਦਾਣੇ, ਪਿਆਰੇ ਬਾਝੋਂ ਕੌਣ ਪਛਾਣੇ, ਧੀਰਜ ਕਿਉਂ ਧਰਾਂ।



Sri Satguru Jagjit Singh Ji eLibrary NamdhariElibrary@gmail.com

ਦੇਖੋ ਸਈਓ ਮੈਂ ਕੀ ਕੀਤਾ, ਪਿਆਲਾ ਜ਼ਹਿਰ ਆਪ ਫੜਿ ਪੀਤਾ
ਬੁਧ ਸਿੰਘ ਦਿਲ ਜਾਨ ਹਥਿ ਦਿਤਾ, ਪਿਆਰਾ ਵੰਵ ਗਇਆ ਚੁਪ ਕੀਤਾ
ਤੜਫਾਂ ਰਾਮੇ ਬਾਝੋਂ ਸੀਤਾ, ਬਿਰਥਾ ਜੋਬਨ ਤਕਦੀ ਬੀਤਾ ਜੀਵਾਂ ਨਾ ਮਰਾਂ।੨।
ਸਈਓ ! ਆਇਆ ਜੇਠ ਨਿਮਾਣੀ, ਕੇਹੀ ਬਾਬ ਅਸਾਂ ਦੇ ਵਾਣੀ
ਬਿਰਹੋਂ ਕੁਟ ਕੁਟ ਨਿਕ੍ਰੀ ਛਾਣੀ, ਰਿੜਕੀ ਵਾਂਗੂ ਦੁਧ ਮਧਾਣੀ
ਤੜਫਾਂ ਬਾਝੋਂ ਮਛਲੀ ਪਾਣੀ, ਫਾਥੀ ਆਣ ਦੁਖਾਂ ਦੀ ਘਾਣੀ ਤੱਤੀ ਕਰਮ ਦੀ।
ਪਾਂਧੀ ਪੰਧ ਨ ਮੂਲੇ ਚਲੇ, ਤੱਤੀ ਪੌਣ ਸੁ ਜਾਨ ਭਖੱਲੇ
ਬਿਰਹੁ ਜਾਨ ਕਰੇਂਦਾ ਹੱਲੇ, ਤਪੇ ਧਰਤੀ ਮਾਰੂ ਥਲੇ
ਡਾਢਾ ਸੂਲ ਕਲੇਜਾ ਸੱਲੇ, ਮੈਂ ਵਲਿ ਜਾਨੀ ਕੋਇ ਨ ਘੱਲੇ ਸਾਈਆਂ ਸ਼ਰਮਦੀ।
ਸਾਨੂੰ ਭੁਖੋ ਭੁਖ ਵਿਹਾਵੇ, ਮਰੀਏ ਮਾਹੀ ਦੇ ਹੀ ਹਾਵੇ
ਦੂਜਾ ਖੇੜਾ ਝਿੜਕ ਡਰਾਵੇ, ਕੇਹੜਾ ਤਖਤ ਹਜ਼ਾਰੇ ਜਾਵੇ
ਮੈਡਾਂ ਹਭੋ ਹਾਲ ਸੁਣਾਵੇ, ਪਿਅ ਰਾ ਅਜੁ ਇਥਾਈਂ ਲਿਆਵੇ ਥੱਕੀ ਭਰਮਦੀ।
ਸਾਨੂੰ ਹਭੋ ਕਦੀਆ ਭੁਲੇ, ਸਿਰ ਪਰ ਛੱਤ ਇਸ਼ਕ ਦਾ ਝੁਲੇ
ਬੁਧ ਸਿੰਘ ਬਾਗ ਸਲੇਟੀ ਫੁਲੇ, ਗੂੰਨਾ ਗੂੰਨ ਚਮਨ ਗੁਲ ਖਿਲੇ
ਅਰਸ਼ੋਂ ਬਾਦ ਸੁਬਹਿ ਦੀ ਝੁਲੇ,ਪਿਆਰਾ ਵਲਿ ਅਸਾਂ ਦੀ ਜੁੱਲੇ ਘੜੀ ਸੁ ਧਰਮ ਦੀ।੩।

ਚੜ੍ਹਿਆ ਹਾੜ੍ਹ ਹਵਾਈ ਕਰਦਾ, ਸੁਣਿ ਸੁਣਿ ਜੀਉ ਸੁ ਮੈਂਡਾ ਡਰਦਾ
ਅਸ਼ਕ ਅੱਗ ਥੀਂ ਅੱਗੋਂ ਮਰਦਾ, ਅਸਾਂ ਤੇ ਚਾਇ ਕੀਤਾ ਦਿਲ ਬਰਦਾ
ਬਿਰਹੋਂ ਦੁਖ ਹੱਡਾਂ ਨੂੰ ਚਰਦਾ, ਸਾਂਈਆਂ ਹੋਇ ਰਹੀ ਗੁਲਜ਼ਰਦਾ
ਤਲਬ ਦੀਦਾਰ ਦੀ।

ਤ੍ਰਿਖੀ ਧੁਪ ਸਿਰਾਹਾਂ ਪਾਂਦੀ, ਦੂਜਾ ਅੱਗ ਬ੍ਰਿਹੁੰ ਦੀ ਖਾਂਦੀ
ਤੱਤੀ ਰੇਤ ਡਿਹੇਂ ਬਿਲਲਾਂਦੀ, ਖੇੜੇ ਘੱਤਿ ਕਚਾਵੇ ਆਂਦੀ
ਬਾਬੁਲ ਬੰਨ੍ਹਿ ਦਿਤੀ ਕਰ ਬਾਂਦੀ, ਮੈਂਡੀ ਨ ਕਾਈ ਪਾਰ ਵਸਾਂਦੀ ਨਾਅਰੇ ਮਾਰਦੀ।
ਮੈਂ ਤਾਂ ਹੋਈਆਂ ਅਹਿਲ ਦੀਵਾਨੀ, ਸੀਨੇ ਉਠਣ ਸੂਲ ਤੂਫਾਨੀ
ਇਸ਼ਕੇ ਛਿਕ ਜੜੀ ਤਨ ਕਾਨੀ, ਸਾਨੂੰ ਲਹਿਰ ਦੇਂਦੇ ਜ੍ਹਾਨੀ
ਪਿਆਰਾ ਛੋੜਿ ਗਿਆ ਸੈਲਾਨੀ, ਰੱਬਾ ਮੇਲਿਆ ਸਾਨੂੰ ਜਾਨੀ ਸ਼ਗਨ ਵੀਚਾਰਦੀ।
ਸਈਓ ! ਕੁੱਠੀ ਓਨ ਕਸਾਈ, ਜਿਨ ਚਾ ਸੱਸੀ ਥਲੀਂ ਰੁਲਾਈ
ਬੁਧ ਸਿੰਘ ਸੋਹਣੀ ਨੈਂਇੰ ਡੁਬਾਈ, ਮਜਨੂੰ ਜੁਸੇ ਦੱਭ ਵਧਾਈ
ਜ਼ੁਲੈਖਾਂ ਰੋਂਦੀ ਉਮਰ ਗਵਾਈ, ਸਾਹਿਬਾਂ ਕੁੱਠੀ ਸਕੇ ਭਾਈ ਖਾਤਰ ਯਾਰ ਦੀ।੪।

ਰੱਬਾ ਚੜ੍ਹਿਆ ਮਹੀਨਾ ਸਾਵਣ, ਕੁੜੀਆਂ ਹੱਸਣ ਖੇਡਣ ਗਾਵਣ
ਮੌਲੀ ਮਹਿੰਦੀ ਕੱਜਲ ਪਾਵਣ, ਬਣਿ ਬਣਿ ਰੰਗ ਸ਼ਹਾਨੇ ਆਵਣ
ਛੱਤੇ ਗੁੰਦ ਫੁਲੇਲ ਲਗਾਵਣ, ਝੂਟਣ ਪਿਪਲ ਜੂਹ ਸੁਹਾਵਣ, ਜੋਬਨ ਮੱਚਿਆ।
ਸਾਨੂੰ ਬਿਜਲ ਲਿਸ਼ਕ ਡਰਾਵੇ, ਡਾਇਣ ਕੱਢਿ ਕਲੇਜਾ ਖਾਵੇ


Sri Satguru Jagjit Singh Ji eLibrary NamdhariElibrary@g

ਮਰੀਏ ਮਾਹੀ ਦੇ ਨੀ ਹਾਵੇ, ਰਾਤੀਂ ਰੱਤੀ ਨੀਂਦ ਨ ਆਵੇ
ਰੋਵਾਂ ਲਗਿ ਲਗਿ ਪਲੰਘੇ ਪਾਵੇ, ਪਿਆਰੇ ਬਾਝ ਤੇ ਕੁਝ ਨ ਭਾਵੇ
ਆ ਰਣੁ ਰਚਿਆ।

ਜਿਉ ਜਿਉਂ ਮੋਲਾ ਮੇਂਹ ਵਰਸੇ, ਤਿਉਂ ਤਿਉਂ ਪੀੜ ਕਲੇਜਾ ਕੱਸੇ
ਸੀਨੇ ਉਠਨ ਸੂਲ ਸਰੱਸੇ, ਸਾਨੂੰ ਲੋਕ ਵਿਡਾਣਾ ਹੱਸੇ
ਪਿਆਰਾ ਤਖਤ ਹਜ਼ਾਰੇ ਵੱਸੇ, ਜੈਂਦੇ ਡਿਠੇ ਹਭ ਦੁਖ ਨੱਸੇ ਦਿਲ ਮੈਂ ਖਿਚਿਆ।
ਕੇਹੀ ਕੀਤੀ ਬੇਪਰਵਾਹੀ, ਮੈਂ ਤਾਂ ਸਾਈਆਂ ਤੈਂਡੀ ਆਹੀ
ਜੇ ਮੈਂ ਭਰੀਹਾਂ ਲੱਖ ਗੁਨਾਹੀਂ, ਤੂੰ ਤਾਂ ਆਲਮ ਕੁਲ ਪਨਾਹੀ
ਬਿਰਹੋਂ ਦਧੀ ਤੈਂ ਕੀ ਦਾਹੀ, ਬੁਧ ਸਿੰਘ ਕੂਕਾਂ ਮਾਹੀ ਮਾਹੀ
ਮੇਲੀਂ ਸੱਚਿਆ !੫।

ਭਾਦ੍ਰੋਂ ਭਰਮ ਨ ਜੀਉ ਫੁਟਦਾ, ਸੀਨੇ ਸੂਲ ਕਹਿਰ ਦਾ ਉਠਦਾ
ਜਾਨੁਕ ਮੂਲ ਸੁਖਾਂ ਦੇ ਪੁਟਦਾ, ਡਾਢੀ ਪੀੜ ਕਲੇਜਾ ਘੁਟਦਾ
ਦੇ ਦੇ ਤਾਉ ਵਦਾਣੀਂ ਕੁਟਦਾ, ਵਾਂਗੂ ਸਾਰ ਦੇ।
ਬਣ ਤ੍ਰਿਣ ਫੁਲੇ ਭੌਰੁ ਗੁੰਜਾਰਨ, ਬੋਲਣ ਬਿੰਡੇ ਮੋਰ ਝਿੰਕਾਰਨ
ਬਿਰਹੋਂ ਫੌਜਾਂ ਜਾਣ ਲਲਕਾਰਨ, ਤਨਿ ਤਨਿ ਤੀਰ ਕਹਿਰ ਦੇ ਮਾਰਨ
ਚਾਤ੍ਰਿਕ ਪੀ ਪੀ ਸ਼ਬਦ ਉਚਾਰਨ, ਸੁਣਿ ਸੁਣਿ ਜਾਨ ਕਲੇਜਾ ਠਾਰਨ
ਬਿਰਹੀ ਯਾਰ ਦੇ।
ਮੈਂਡੀ ਸੁੰਞੀ ਸੇਜਿ ਅਕੇਲੀ, ਜੈਂਦੀ ਤ੍ਰੈ ਸੈ ਸੱਠ ਸਹੇਲੀ
ਮੈਂ ਬਿਨ ਹੱਭਾ ਕੰਤ ਮਹੇਲੀ, ਬਿਰਹੋਂ ਪੀੜ ਸੁਟੀ ਤਿਲ ਤੇਲੀ
ਸੁੱਕੀ ਮਜਨੂੰ ਵਾਂਗ ਸੁ ਲੇਲੀ, ਰੱਬਾ ਮੇਲੁ ਅਸਾਨੂੰ ਬੇਲੀ ਆਇ ਦੀਦਾਰ ਦੇ।
ਮੈਂ ਤਾਂ ਸੁਖ ਨ ਸੇਜੇ ਸੋਵਾਂ, ਰੋ ਰੋ ਹੰਝੂ ਹਾਰ ਪਰੋਵਾਂ
ਮਲਿ ਮਲਿ ਦਾਗ ਬਿਰਹੋ ਦੇ ਧੋਵਾਂ, ਚੜ੍ਹਿ ਚੜ੍ਹਿ ਉਚੇ ਪੰਧ ਸੁ ਜੋਵਾਂ
ਯਾਰਾਂ ਮਿਲਿਆਂ ਦੁਖੜਾ ਖੋਵਾਂ, ਬੁਧ ਸਿੰਘ ਹੀਰ ਰਾਂਝਣ ਦੀ ਹੋਵਾਂ
ਰਹਿਮ ਸਤਾਰ ਦੇ।੬।

ਚੜ੍ਹਿਆ ਅਸੂ ਆਸ ਕਰੇਂਦੀ, ਮੁੰਧਣ ਰੋ ਰੋ ਨੈਣ ਭਰੇਂਦੀ
ਸਾਧਨ ਸੱਜਣ ਗੁਣ ਸਾਰੇਂਦੀ ਸੂਰਤ ਸੋਹਣੀ ਚਿਤ ਧਰੇਂਦੀ
ਬਾਝੋਂ ਤੁਲਹੇ ਨੈਇੰ ਤਰੇਂਦੀ, ਵਾਂਗ ਸੋਹਣੀ ਡੁਬਿ ਮਰੇਂਦੀ ਜੇ ਮੈਂ ਜਾਣਦੀ।
ਸਈਓ ! ਅਸੂ ਮਾਹੁ ਨਿਰਾਲਾ, ਡਿੰਹੇ ਧੁਪਿ ਸੁ ਰਾਤੀਂ ਪਾਲਾ
ਬਿਰਹੋ ਤਾਉ ਅਸਾਂ ਤੇ ਡਾਲਾ, ਸਾਨੂੰ ਛੋੜਿ ਗਇਆ ਮੇਹੀਵਾਲਾ
ਜੈਂ ਦੇ ਰੁਖਸਰ ਮਾਹੁ ਉਜਾਲਾ, ਹਲਕੇ ਜ਼ੁਲਫਾਂ ਬਿਸੀਅਰ ਕਾਲਾ
ਫਾਹੀ ਜਾਨ ਦੀ।
ਮੈਂਡੀ ਜਿੰਦ ਤਿਸੈ ਵਿਚ ਅਟਕੀ, ਸਾਨੂੰ ਭੁਲਿ ਗਈ ਸੁਧ ਘਟ ਕੀ



Sri Satguru Jagjit Singh Ji eLibrary NamdhariElibrary@gmail.com

ਬਿਰਹੋਂ ਬਾਜ਼ ਲਵੇ ਜਿਉਂ ਪਟਕੀ, ਸਿਰ ਥੀਂ ਚਾਇ ਸੁਟੀ ਜਲ ਮਟਕੀ
ਸੀਨੇ ਸਾਂਗ ਕਹਰੁ ਦੀ ਖਟਕੀ, ਮੈਂ ਤਾਂ ਹੋਇ ਰਹੀ ਬਟ ਨਟ ਕੀ
ਕਸਮ ਕੁਰਾਨ ਦੀ।
ਬੁਧ ਸਿੰਘ ਇਸ਼ਕ ਕੀ ਕਾਰੇ ਕਰਦਾ, ਯੂਸਥ ਚਾਇ ਕੀਤੋਨੇ ਬਰਦਾ
ਪੁੰਨੂੰ ਨਾਉਂ ਨ ਲੀਤਾ ਘਰ ਦਾ, ਸੂਲੀ ਚਾ ਮਨਸੂਰ ਸੁ ਚੜ੍ਹ ਦਾ
ਮਜਨੂੰ ਲਖ ਲਖ ਸਿਜਦੇ ਧਰਦਾ। ਮੇਹੀਂ ਵਾਲ ਨੈਂਇ ਡੁਬ ਮਰਦਾ
ਖਾਤਰ ਆਣ ਦੀ।੭।
ਚੜ੍ਹਿਆ ਕੱਤਕ ਕੀ ਸੁਣਿ ਕਹਿਣਾ, ਕਰਿਕੈ ਸਬਰ ਪਇਆ ਹੁਣ ਬਹਿਣਾ
ਕੀਤਾ ਸਾਈਂ ਦਾ ਸਿਰ ਸਹਿਣਾ, ਲਿਖਿਆ ਪਾਇ ਅਸਾਡੇ ਕਹਿਣਾ
ਪਾਈਏ ਧੁਰ ਦਰਗਾਹੋਂ ਲਹਿਣਾ, ਜਿਉਂ ਰਬ ਰਖੇ ਤਿਉਂ ਹੁਣ ਰਹਿਣਾ
ਜ਼ੋਰ ਨ ਚਲਦਾ।
ਦੇਖੋ ਇਸ਼ਕ ਅਵੱਲੀ ਚਾਲੀ, ਬਾਝੁ ਚਿਰਾਗ ਦੀਵਾਲੀ ਬਾਲੀ
ਸਿਰ ਤੇ ਖੇੜਾ ਜਮ ਜੰਦਾਲੀ, ਵਹਿੰਦੇ ਨੈਣ ਸੁ ਰੱਤੁ ਪਰਨਾਲੀ
ਸਾਨੂੰ ਵੇਦਨ ਪਈ ਕਮਾਲੀ, ਰੱਬਾ ਮੇਹੀਂ ਵਾਲ ਵਿਖਾਲੀ ਰੋਜ਼ ਅਜ਼ਲ ਦਾ।
ਤੈਂਡੇ ਬਾਝ ਨ ਕੋਈ ਮੇਰਾ, ਸਾ ਕੂ ਆਸ ਭਰੋਸਾ ਤੇਰਾ
ਸਿਜਦਾ ਕਰਸਾਂ ਲਖ ਲਖ ਬੇਰਾ, ਬਿਰਹੋਂ ਦੁਸ਼ਮਣ ਪਾਇਆ ਘੇਰਾ
ਪਿਆਰੇ ਮੂਲ ਨ ਕੀਤੋਸੁ ਫੇਰਾ, ਸਈਓ ਕਿਚਰਕ ਰਖਾਂ ਜੇਰਾ, ਖੇੜਾ ਖਲਕਦਾ।
ਦਿਲਬਰ ਟੁਕ ਅਸਾਂ ਵਲਿ ਆਵੀਂ, ਸੋਹਣਾ ਮੁਖੜਾ ਆਣ ਦਿਖਾਵੀਂ
ਭੋਰਾ ਬੰਸੀ ਧੁਨਕ ਸੁਣਾਵੀਂ ਬੁਧ ਸਿੰਘ ਸਚ ਸਨੇਹੁ ਅਲਾਵੀਂ
ਆਤਸ਼ ਸੀਨੇ ਲਗਿ ਬੁਝਾਵੀਂ, ਆਜ਼ਜ ਬੰਦੀ ਆਣ ਛੁਡਾਵੀਂ ਬਿਰਹੋਂ ਸੱਲਦਾ।੮।
ਮਘਰ ਮਾਹੀ ਨੂੰ ਜੇ ਪਾਵਾਂ, ਚੁਣ ਚੁਣ ਕਲੀਆਂ ਸੇਜ ਵਿਛਾਵਾਂ
ਜਾਨੀ ਖੋਲ੍ਹਿ ਤਣੀ ਗਲ ਲਾਵਾਂ, ਭਾਗਠ ਹੀਰ ਸਿਆਲ ਸਦਾਵਾਂ
ਬੇਸਰ ਮਾਂਗ ਸੰਧੂਰ ਭਰਾਵਾਂ, ਸੀਨੇ ਲਗਿ ਸੁ ਅੱਗ ਬੁਝਾਵਾਂ ਸਾਈਆਂ ਮੇਰਿਆ!
ਭਾਈਏ ਯੂਸ਼ਫ ਖੂਹਿ ਵਹਾਇਆ, ਤਿਥੋਂ ਕਢਿ ਸੌਦਾਗਰ ਲਿਆਇਆ
ਸੱਸੀ ਪੁੰਨੂੰ ਸੇਜ ਸਵਾਇਆ, ਸ਼ੀਰੀ ਆਸ਼ਕ ਨੂੰ ਜੀਵਾਇਆ ਮੈਂ ਕੀ ਫੇੜਿਆ।
ਏਵਡ ਹੋਰ ਨ ਕੋਈ ਸੁਝਦਾ, ਤੁਧ ਬਿਨ ਕੌਣ ਦਿਲਾਂ ਦੀ ਬੁਝਦਾ
ਬਿਰਹੋਂ ਆਇ ਹਮੇਸ਼ਾਂ ਲੁਝਦਾ, ਸੀਨੇ ਘਾਉ ਕਿ ਬਾਈਂ ਗੁਝਦਾ
ਬਾਲਣ ਹੱਡ ਕਲੇਜਾ ਭੁਜਦਾ, ਸਾਨੂੰ ਆਸ ਭਰੋਸਾ ਤੁਝਦਾ ਰੱਖ ਹਥੇੜਿਆ।
ਮੈਂ ਤਾਂ ਹੋਈਆਂ ਅਹਿਲ ਦਿਵਾਨੀ, ਫਿਰਦੀ ਰਾਤ ਡਿਹੈਂ ਹੈਰਾਨੀ
ਬੁਧ ਸਿੰਘ ਹਿਕੋ ਯਾਰ ਹਕਾਨੀ, ਜੀਵਨ ਕੂੜ ਫ਼ਨਾਹ ਜਵਾਨੀ
ਆ ਮਿਲ ਮੈਂਡੀ ਜਾਨ ਸੁਜਾਨੀ, ਸੋਹਣੀ ਸੂਰਤ ਥੋਂ ਕੁਰਬਾਨੀ
ਮਰੁ ਵੇ ਖੇੜਿਆ।੯।



Sri Satguru Jagjit Singh Ji eLibrary NamdhariElibrary@gmail.com

ਟੱਬਾ ਪੋਹੁ ਮਹੀਨਾ ਆਇਆ, ਸਈਆਂ ਸੇਜ ਸ਼ੀਂਗਾਰ ਬਣਾਇਆ
ਪਿਆਰਾ ਅੰਕ ਭਰੇ ਗਲ ਲਾਇਆ, ਕਾਮਣ ਕੀਤੇ ਨੇਹੁ ਸਵਾਇਆ
ਮੈਂ ਕੀ ਤੱਤੀ ਲੇਖ ਬਣਾਇਆ, ਪਾਂਧੀ ਨੇਹੁ ਸੁ ਜੀਉ ਤਰਸਾਇਆ
ਬਿਰਹੋਂ ਕਢਿ ਛੁਰੀ ਹੁਣ ਧਾਇਆ, ਮੈਨੂੰ ਮਾਰਣੇ।
ਕੇਹੀ ਕੀਤੀ ਹੈਂ ਸਿਆਰੇ, ਕਰਿਕੇ ਕੌਲ ਕਰਾਰ ਵਿਸਾਰੇ
ਵੁੱਠਾ ਆਪ ਸੁ ਤਖਤ ਹਜ਼ਾਰੇ, ਗੁਜ਼ਰੇ ਰਾਤ ਗਿਣੇਂਦੀ ਤਾਰੇ
ਕੜਕਨ ਕੱਕਰ ਜਾੜੇ ਭਾਰੇ, ਲੇਫ ਨਿਹਾਲੀ ਬਿਸੀਅਰ ਕਾਰੇ ਵਿਸੁ ਵਿਥਾਰਣੇ।
ਹਾਇ ਨੀ ਆਖ ਕਰਾਂ ਕੀ ਮਾਏ, ਕੇਹੜੇ ਖੂਹ ਪਵਾਂ ਹੁਣ ਜਾਏ
ਪਿਆਰੇ ਛਡਿ ਸੁ ਲੜ ਸਿਧਾਏ, ਰੋਂਦੀ ਦਸ ਮੈਂ ਮਾਹ ਬਿਤਾਏ
ਹਥੋਂ ਛੁੜਕੇ ਹੋਣ ਪਰਾਏ, ਉਡੇ ਬਾਜ਼ ਸੁ ਬਾਜ਼ ਨ ਆਏ, ਦੁਖ ਸਹਾਰਣੇ।
ਸਈਓ ! ਭੱਠ ਅਵੇਹੀ ਯਾਰੀ, ਕਰਦਾ ਇਸ਼ਕ ਹਮੇਸ਼ਾ ਖੁਆਰੀ
ਸਾਨੂੰ ਵੇਦਨ ਪਈਆ ਭਾਰੀ, ਬੁਧ ਸਿੰਘ ਮਰਸਾਂ ਮਾਰ ਕਟਾਰੀ
ਰੋਂਦੀ ਉਮਰ ਵਞਾਈਆ ਸਾਰੀ, ਮਿਲ ਜਾਨੀ ਮੈਂ ਵੇ ਵਾਰੀ ਵਾਰੀ
ਭਰਿ ਭਰਿ ਨੈਣ ਝਰੇਂਦੀ ਝਾਰੀ, ਤੈਂਡੇ ਕਾਰਣੇ ।੧੦।
ਮਾਘੀ ਮਾਘ ਬਾਘ ਜਿਉਂ ਬੁਕੇ, ਸੁਣਿਕੈ ਜਾਨ ਸੁ ਮੈਂਡੀ ਸੁੱਕੇ
ਲਗਾ ਨੇਹੁ ਅਵੇਹਾ ਲੁੱਕੇ, ਬਿਰਹੋਂ ਕਰਕੇ ਗਰਕ ਗਏ ਤੁਕੇ
ਕਰਿਕੈ ਵੋਇ ਦੁਖ ਸਭ ਢੁਕੇ, ਤੱਤੀ ਹੀਰ ਕਿਵੇਂ ਮਰ ਮੁਕੇ, ਤਾਂ ਵਿਸੁ ਖਾਨੀਆਂ।
ਲਗੇ ਪਤ ਝੜੇ ਝੜਿ ਜਾਣ, ਦਿਸਨ ਰੁਖ ਸੁ ਦੱਧੇ ਜਾਣ
ਕਾਨ੍ਹ ਤੁਧ ਬਾਝੋਂ ਮੁਲਖ ਵੈਰਾਨ, ਬਿਰਹੋਂ ਉਠਣ ਸੂਲ ਤੂਫਾਨ
ਨਿਕਲ ਜਾਇ ਸੁ ਮੈਂਡੀ ਜਾਨ, ਤੈਂਡੀ ਸੂਰਤ ਥੋਂ ਕੁਰਬਾਨ ਮੈਂ ਕਸਮ ਕੁਰਾਨੀਆਂ।
ਰਾਤੀਂ ਸੁਪਨੇ ਸਜਣ ਮਿਲੀਆਂ, ਚੁਣ ਚੁਣ ਸੇਜ ਵਿਛਾਈਆਂ ਕਲੀਆਂ
ਰਲ ਮਿਲ ਨਾਹ ਮਨੇਂਦੀ ਟਲੀਆਂ, ਮੈਂ ਤਾਂ ਭਾਗ ਸੁਬਾਹੇ ਫਲੀਆਂ
ਉਘੜ ਗਈਆਂ ਭਾਹੇ ਬਲੀਆਂ, ਕੂਕਾਂ ਬਾਂਹ ਕਰੇ ਕਰਿ ਖਲੀਆਂ
ਆਉ ਗੁਮਾਨੀਆਂ।
ਬਾਝੂ ਅਜ ਨੀ ਫੁਰਦੇ ਮੇਰੇ, ਬੁਧ ਸਿੰਘ ਹੁੰਦੇ ਸੋਣ ਭਲੇਰੇ
ਜਾਣਾ ਮਿਲਸਨ ਸੰਝ ਸਵੇਰੇ, ਹੱਤੇ ਜਾਸਨ ਦੁਖ ਪਰੇਰੇ
ਪਾਸਾ ਮਿਲਿਆ ਸੁਖ ਘਨੇਰੇ, ਉਜੜ ਫੇਰ ਵਸਾਸੀ ਡੇਰੇ ਰਹਿਮ ਰਬਾਨੀਆਂ ।੧੧।
ਫੱਗਣ ਮਾਹ ਸੁ ਨਾਹ ਪਿਆਰੇ, ਆਏ ਛੈਲ ਛਬੀਲੇ ਭਾਰੇ
ਸੋਹਣੀ ਸੂਰਤ ਦੇ ਮਤਵਾਰੇ, ਜੈਂਦੀ ਜ਼ੁਲਫਾਂ ਬਿਸੀਅਰ ਕਾਲੇ
ਤ੍ਰਿਖੇ ਨੈਣ ਸੁ ਅੰਨ ਕਟਾਰੇ, ਚੰਪਕ ਦੰਦ ਸੁ ਚੰਦ ਲਿਲਾਰੇ, ਮੋਤੀ ਮਣ ਲੜੀ।
ਜੈਂਦੀ ਲਟਕ ਕਟਕ ਹੁਇ ਲੁਟਦੀ, ਕੁੰਡੀ ਮੱਛ ਅਟਕ ਜਿਉਂ ਮੁਠਦੀ



NamdhariElibrary@gmail.com

ਦ੍ਰਿਲੀ ਥੀ ਲੇਜੁ ਤਟਕ ਦੇ ਤੁਟਦੀ, ਡਿਠਿਆਂ ਪ੍ਰੀਤਿ ਚਟਕ ਦੇ ਚੁਟਦੀ
ਵਿਛੜਿਆਂ ਜਾਨ ਪਟਕ ਦੇ ਫੁਟਦੀ, ਲਗੀ ਲ਼ਗਨ ਝਟਕ ਨਾ ਛੁਟਦੀ
ਹੀਰੇ ਜਿਉਂ ਜੜੀ ।

ਆਵੋ ਸਈਓ ! ਖੇਡਾਂ ਫਾਗ, ਮਿਲਿਆ ਜਾਨੀ ਚੰਦ ਚਰਾਗ਼
ਮੌਲੇ ਮਸਤਕਿ ਲਾਇਆ ਭਾਗ, ਬਿਰਹੋਂ ਸਿਕਲ ਕਰੇਹਾਂ ਦ਼ਾਗ
ਖਿਲੇ ਖ਼ੂਬ ਸ਼ਗੂਫਾ ਫਾਗ, ਗਵੇਹਾਂ ਗੀਤ ਸੁਹਾਨੇ ਰਾਗ, ਜੜੇਹਾਂ ਸਿਰ ਧੜੀ ।
ਬੁਧ ਸਿੰਘ ਹੀਰ ਸੁ ਹੀਰਾ ਪਾਇਆ, ਬਿਰਹੋਂ ਦਾਰਦ ਦੁਖ ਵੰਞਾਇਆ
ਮੌਲੇ ਮੁਲਖ ਸੁ ਸੁਖਿ ਵਸਾਇਆ, ਸੀਨੇ ਸਚੁ ਸਲੇਟੀ ਆਇਆ
ਹੱਭੇ ਹਾਰ ਸੀਂਗਾਰ ਸੁਹਾਇਆ, ਦੂਜਾ ਭਾਉ ਕੁਦਾਉ ਮਿਟਾਇਆ
ਸੁਲੱਖਣੀ ਇਹ ਘੜੀ । ੧੨ ।



Sri Satguru Jagjit Singh Ji eLibrary NamdhariElibrary@gmail.com

## ੨੬. ਬਾਰਾਂਮਾਹ ਢੋਲ ਸੰਮੀ ਦਾ (ਮੁਨਸਫ਼ ਮਹਿਣੀ)

ਚੜ੍ਹਦੇ ਚੇਤ੍ਰ ਸ਼ੰਮਸ ਰਾਣੀ, ਨਿਤ ਕੂਕੇ ਦਰਗਾਹ ਰਬਾਣੀ
ਰੱਬਾ ! ਢੋਲ ਸ਼ਾਮ ਘਰਿ ਆਣੀ, ਖਾਂਦੀ ਅੰਨ ਨ ਪੀਂਦੀ ਪਾਣੀ
ਤਾਰੇ ਗਿਣਦੀ ਰਾਤ ਵਿਹਾਣੀ, ਹਰਦਮ ਏਹਾ ਜ਼ਿਕਰ ਕਹਾਣੀ, ਮਿਲੀਏ ਸ਼ਾਮ ਨੂੰ ।
ਆਸ਼ਕ ਕਰਦੇ ਫਿਕਰ ਵਧੇਰੇ, ਪੰਡਤੁ ਸੱਦ ਪੁਛਾਇਆ ਡੇਰੇ
ਕੇਹਾ ਲੇਖੁ ਲਿਖਿਆ ਸਿਰ ਮੇਰੇ, ਪੰਡਤ ਜੋਇਸੀ ਕਹਿਨ ਘਨੇਰੇ
ਮਸਤਕ ਢੋਲ ਬਾਦਸ਼ਾਹ ਤੇਰੇ, ਖਬਰ ਨ ਆਮ ਨੂੰ ।
ਸ਼ੰਮਸ ਰਾਣੀ ਖਤੁ ਕਰਵਾਇਆ, ਸਾਰਾ ਹਾਲੁ ਹਵਾਲੁ ਲਿਖਾਇਆ
ਕਾਸਦ ਹੀਰਾ ਹਰਨੁ ਬੁਲਾਇਆ, ਲਿਖ ਰੁੱਕਾ ਗਲਿ ਉਸਦੇ ਪਾਇਆ
ਨਿਕੜੀ ਹੋਂਦੀ ਸਾ ਸੁ ਪੜ੍ਹਾਇਆ, ਟੋਰਿਆ ਕਾਮ ਨੂੰ ।
ਮਹਿਣੀ ਮੁਨਸਫ ਆਖ ਸੁਣਾਈ, ਦਿਤੀ ਹੀਰੇ ਹਰਨ ਦੁਹਾਈ
ਉਤ ਵਲ ਪਾਈ ਢੋਲ ਤਵਾਈ, ਫੜਿ ਹਰਨਾਂ ਨੂੰ ਜ਼ਿਬ੍ਹਾ ਕਰਾਈ
ਬਕਰਾ ਮਿਲਿਆ ਹੱਥ ਕਸਾਈ, ਫੜਿਆ ਸਹਿਮ ਨੂੰ । ੧ ।

ਅਗੇ ਚੜ੍ਹੇ ਵਿਸਾਖ ਫਜ਼ਰ ਨੂੰ, ਸ਼ੰਮਸ ਖਤੁ ਕੀਤਾ ਦਿਲਬਰ ਨੂੰ
ਕਰਨ ਮੁਸਾਫ਼ਰ ਯਾਦ ਸਫ਼ਰ ਨੂੰ, ਤੁਰਿਆ ਹਰਨੁ ਕੋਟ ਨਰਵੜ ਨੂੰ
ਸੇਵੇ ਦਸਤਗੀਰ ਸਰਵਰ ਨੂੰ, ਮੁੜ ਕੇ ਹੰਸ ਲਿਆਵੇ ਸਰ ਨੂੰ
ਕੂੰਜਾਂ ਸਿਕਨ ਪਰਬਤ ਘਰ ਨੂੰ, ਲਾਈਏ ਭਾਹਿ ਇਵੇਹੀ ਜਰ ਨੂੰ, ਜੋ ਘਰਿ ਵਸੀਏ ।
ਹੀਰੇ ਹਰਨ ਜੋ ਕੀਤੀ ਧਾਈ, ਵਹਿਦਾ ਮਜਲੋ ਮਜਲੀ ਜਾਈ
ਖ਼ੌਫ਼ ਵਧੇਰਾ ਜ਼ਿਮੀ ਪਰਾਈ, ਅਗੋਂ ਸਿਕਦਿਆਂ ਮਿਲ ਗਈ ਮਾਈ
ਆਖੇ ਤੁਧੁ ਥੋਂ ਘੋਲ ਘੁਮਾਈ, ਸਾਇਤ ਨੇਕ ਅਸਾਡੀ ਆਈ, ਦਿਲ ਦੀ ਦੱਸੀਏ ।
ਹੀਰਾ ਅਰਜ਼ ਕਰੇ, ਸੁਣ ਅੰਮਾਂ ! ਕੇਹੇ ਵਖਤ ਦਿਤੋਈ ਮੰਮਾ
ਕੀ ਸੁਖ ਵੇਖਾਂ ਬਾਝੁ ਕਰੰਮਾ, ਸਿਰ ਤੇ ਸਫਰੁ ਸੁਣੀਂਦਾ ਲੰਮਾ
ਸੁਣ ਸੁਣ ਖੌਫ ਤਿਸਦੇ ਕੰਬਾਂ, ਕਿਉਂ ਕਰ ਹੱਸੀਏ ।
ਮਹਿਣੀ ਸਚੁ ਨਾਮ ਦੇ ਤਰਣਾ, ਫਰਮੂਦਾ ਖ਼ਾਵੰਦ ਦਾ ਕਰਨਾ
ਜਿਤ ਵਲ ਭੇਜਨ ਉਜਰੁ ਨ ਕਰਨਾ, ਹੀਰਾ ਵਿਦਿਆ ਕੀਤਾ ਹਰਨਾ



Sri Satguru Jagjit Singh Ji eLibrary NamdhariElibrary@gmail.com

ਵਿਸਰਿ ਗਿਆ ਓਨ੍ਹਾਂ ਬੇ ਚਰਨਾ, ਕਜਾ ਨ ਹੋਵੇ ਜਿਸ ਦਿਨ ਮਰਨਾ
ਕਿਤ ਵਲ ਨਸੀਏ। ੨।
ਅਗੋਂ ਜੇਠ ਮਹੀਨੇ ਚੜ੍ਹਦੇ, ਯਾਰ ਯਾਰਾਂ ਵਲ ਲਿਖਦੇ ਪੜ੍ਹਦੇ
ਕਾਸਦ ਹਰਨ ਸਨੇਹੇ ਖੜਦੇ, ਛਾਉਂ ਤੱਕੀ ਸੂ ਧੁਪੇ ਸੜਦੇ
ਬਰਕੰਦਾਜ਼ ਬੰਦੂਕਾਂ ਫੜਦੇ, ਹਾਂਇਸਆਰੇ ਤੋੜੇ ਜੜਦੇ ਖਬਰ ਗਿਰਾਇੰ ਨੂੰ।
ਖਾਂ ਨੂੰ ਖਬਰ ਦਿਤੀ ਹਲਕਾਰੇ, ਮਿਰਿਓ ਵੜਿਆ ਬਾਗੁ ਤੁਮਾਰੇ
ਕੀਤੇ ਤਾਜੀ ਜ਼ੀਨ ਕਰਾਰੇ, ਕਮਰਾ ਬੰਨ੍ਹ ਕਰਨ ਤਈਯਾਰੇ
ਸੁਤਰ ਮੰਗਾਏ ਕੜੇ ਨਗਾਰੇ, ਚੜ੍ਹਦਾ ਮੀਰ ਸ਼ਿਕਾਰ ਪੁਕਾਰੇ, ਮਿਲਦਾ ਮਾਇ ਨੂੰ।
ਮਾਊ ਅੰਦਰਿ ਢੋਲ ਸਦਾਇਆ, ਸ਼ਬ ਦਾ ਖਾਬ ਖਿਆਲ ਸੁਣਾਇਆ
ਰਾਤ੍ਰਿ ਚਲਿਤ੍ਰ ਨਜ਼ਰੀਂ ਆਇਆ, ਢੋਲਾ ਦੇਖੇ ਦੇਸ ਪਰਾਇਆ
ਕਹਿੰਦਾ ਇਵੇਂ ਹੀ ਭਰਮਾਇਆ, ਸੁਣਿਆ ਹਰਨੁ ਬਾਗ ਵਿਚਿ ਆਇਆ
ਪਕੜ ਲਿਆਵਾਂ ਹੋਇ ਸਵਾਇਆ, ਕਹਿੰਦਾ ਮਾਇ ਨੂੰ।
ਮਹਣੀ ਲੇਖੁ ਦੱਸੁ ਕਿਨ ਪੜ੍ਹਿਆ, ਰੂੰਮੋ ਢੋਲ ਸ਼ਾਮ ਤੇ ਚੜ੍ਹਿਆ
ਜਾਂਦਾ ਨਾਲਿ ਹਰਨ ਦੇ ਅੜਿਆ, ਕਾਬੂ ਮੂਲ ਨ ਆਵੇ ਖੜਿਆ
ਮੁੜਨਾ ਨਹੀਂ ਅਸੀਲਾ ਪੜ੍ਹਿਆ, ਲੋਚਨ ਰਾਇ ਨੂੰ। ੩।
ਹਾੜ ਮਹੀਨੇ ਧਾਉਂਦੇ ਰਾਹੀਂ, ਵਗਨ ਲੋਆਂ ਭੜਕਨ ਭਾਹੀਂ
ਬਿੰਡੇ ਚੀਕਨ ਵਣੀ ਕਹਾਂ ਹੀ, ਜਾਇ ਬੈਠੇ ਨੀ ਹੋਰਨੀ ਜਾਈਂ
ਮਿਰਿਓ ਕਹਿਆ ਢੋਲੇ ਤਾਈਂ, ਹਜਰਤ ਡੇਰਾ ਕਰੋ ਸਰਾਈਂ
ਡੇਰਾ ਮੇਰਾ ਭੇੜ ਸੁਬਾਹੀਂ, ਭਲਕੇ ਆਵਣਾ।
ਉਥੇ ਦੁਹਾਂ ਅਰਾਮ ਸੀ ਪਾਇਆ, ਧੰਮੀ ਰਾਤਿ ਚੜਨ ਦਿਨੁ ਆਇਆ
ਸੁੰਦਰ ਤੋਤਾ ਢੋਲੁ ਜਗਾਇਆ, ਉਥੋਂ ਹੋਇ ਸਵਾਰੁ ਚੜਿ ਧਾਇਆ
ਘੋੜਾ ਮਗਰ ਹਰਨ ਦੇ ਲਾਇਆ, ਮਿਰਿਓ ਵਗਿਓ ਥੀਉ ਸਵਾਇਆ
ਤੋੜ ਪਹੁਚਾਵਣਾ।
ਤੋਤੇ ਕੀਤੀ ਅਰਜ਼ ਨਿਮਾਣੇ, ਆਖੇ ਲਗ ਨ ਹਰਗਿਜ਼ ਜਾਣੇ
ਜਾ ਉਹ ਮੁਲਖ ਬਿਗਾਨੇ ਧਾਣੇ, ਢੋਲੁ ਕਹਿਆ ਸੂ ਸਮਝਿ ਸਿਆਣੇ
ਸਿਰ ਤੇ ਮੰਨੋ ਹੁਕਮੁ ਰਬਾਣੇ, ਬੇੜੀ ਠੇਲ੍ਹੀ ਢੋਲੁ ਇਆਣੇ
ਸਰਵਰ ਆਲਮ ਹੋਇ ਮੁਹਾਣੇ, ਪਾਰਿ ਲੰਘਾਵਣਾ।
ਮਹਿਣੀ ਢੋਲ ਯਾਰੁ ਲਲਕਾਰੇ, ਕਾਨੀ ਕਢ ਹਰਨ ਨੂੰ ਮਾਰੇ
ਬਹਿ ਗਇਆ ਸੁੰਬ ਵਟ ਕੇ ਚਾਰੇ, ਕੁਸਦਾ ਹੋਇਆ ਅਰਜੀ ਤਾਰੇ
ਅਗੇ ਕਿਸੇ ਨ ਏਲਚੀ ਮਾਰੇ, ਢੋਲਾ ਤਕ ਲੈ ਮਹਲ ਮੁਨਾਰੇ
ਸ਼ੰਮਸ ਰਾਣੀ ਢੋਲੁ ਚਿਤਾਰੇ ਉਸੇ ਰਾਵਣਾ। ੪!
ਚੜ੍ਹਦੇ ਸਾਵਣ ਅਜਬ ਬਹਾਰਾਂ, ਵੜਿਆ ਢੋਲੁ ਬਾਗੁ ਗੁਲਜ਼ਾਰਾਂ



Sri Satguru Jagjit Singh Ji eLibrary NamdhariElibrary@gmail.com

ਖਿੜਿਆ ਚੰਬਾ ਹੁਸਨ ਅਨਾਰਾਂ, ਮਾਲਣ ਚੁਣਦੀ ਫੁਲ ਹਜਾਰਾਂ
ਜਾਇ ਸੁਣਾਇਆ ਖਿਜਮਤਗਾਰਾਂ, ਤਾਦੀ ਕੀਤੀ ਬਾਗ ਸਵਾਰਾਂ, ਸੁਣਕੇ ਆਂਵਦੀ।
ਸ਼ੰਮਸ ਰਾਣੀ ਗੁੱਸਾ ਆਇਆ, ਜਾ ਉਸ ਡੇਰਾ ਆਨਿ ਵਿਖਾਇਆ
ਮਾਲੀ ਬਾਗਵਾਨ ਸਦਵਾਇਆ, ਕਿਸੇ ਬਾਗੋ ਦਾ ਬੂਹਾ ਲਾਹਿਆ
ਕੌਣ ਕੋਈ ਇਹ ਕਿਥੋਂ ਆਇਆ, ਆਖ ਸੁਣਾਇੰ ਦੀ।
ਸੁੰਦਰ ਤੋਤੇ ਅਰਜ਼ੀ ਤਾਰੀ ਗੁਸਾ ਨ ਤੂੰ ਕਰ ਮੁਟਿਆਰੀ
ਉਥੋਂ ਕੀਤੀ ਢੋਲ ਸਵਾਰੀ, ਆਂਦਾ ਹੀਰੇ ਹਰਣ ਸ਼ਿਕਾਰੀ
ਜਬ ਕੀ ਦੇਖੀ ਮੁਹਰ ਤੁਮਾਰੀ, ਤਾਹੀਏਂ ਆਈ ਬਾਗ ਸਵਾਰੀ, ਰਾਹੁ ਪੁਛਾਂਵਦੀ।
ਮਹਿਣੀ ਯਾਰ ਯਾਰਾਂ ਥੇ ਆਏ, ਤੋਤਾ ਸ਼ੰਮਸ ਨੂੰ ਸਮਝਾਏ।
ਸੁਣ ਸੁਣ ਦੂਣੀ ਹੋਂਦੀ ਜਾਏ, ਬੰਦ ਤੁਟੇ ਪਿਜਵਾਜੋ ਤ੍ਰਾਏ
ਬਹਿ ਸਹੀਆਂ ਨੂੰ ਗੱਲਿ ਸੁਣਾਏ, ਰਾਤੀਂ ਢੋਲ ਸਾਮ ਗਲਿ ਲਾਏ
ਫਜ਼ਰੀਂ ਬਾਬਰ ਤਕਿ ਵਿਖਾਏ, ਖਾਬ ਸੁਣਾਂਵਦੀ। ੫।
ਚੜਦੇ ਭਾਦ੍ਰੋ ਮਿਲੇ ਪਿਆਰੇ, ਸ਼ੰਮਸ ਚੜ੍ਹਿਆ ਢੋਲ ਚਉਬਾਰੇ
ਸਹੀਆਂ ਕੀਤੇ ਹਾਰ ਸਿੰਗਾਰੇ, ਜਿਉ ਕਰਿ ਪਰੀਆਂ ਲਹਿਨ ਹੁਲਾਰੇ
ਹੂਰਾਂ ਖੇਡਨ ਅਰਸ਼ ਮੁਨਾਰੇ, ਸਾਹਤ ਰਾਗ ਦੀ।
ਸ਼ੰਮਸ ਰਾਣੀ ਢੋਲ ਵਿਆਹੀ, ਚੜ੍ਹਦੀ ਤਖਤ ਸਾਮ ਦਿਲ ਚਾਹੀ
ਮਿਲ ਪਏ ਸਿਕ ਜਿਨਾਂ ਦੀ ਆਹੀ, ਹੋਇ ਸ਼ਗੁਫਤਾਂ ਘੁੰਗਟ ਲਾਹੀ
ਡਿਠਾ ਹੌਜ ਕੌਸਰ ਤ੍ਰਿਹਾਈ, ਜਾ ਭਰਿ ਪੀਤਾ ਜਾਮ ਸੁਰਾਹੀ
ਲੂੰ ਲੂੰ ਕੀਤਾ ਜ਼ਿਕਰ ਇਲਾਹੀ, ਰਾਤਿ ਸੁਹਾਗ ਦੀ।
ਤਾਰਿਆਂ ਰਲ ਮਿਲ ਝੁਰਮਟੁ ਪਾਇਆ, ਜਿਨਾ ਤਖਤ ਬਖਤ ਦਾ ਸਾਇਆ,
ਓਨਾ ਸਰਵਰ ਪੀਰੁ ਮਨਾਇਆ, ਸੂਰਜ ਰਾਤੀ ਚਾਉ ਰਚਾਇਆ
ਤੀਜੇ ਪਹਿਰੇ ਵੇਲਾ ਆਇਆ, ਢੋਲ ਸੰਮਸ ਲੈ ਛਾਤੀ ਲਾਇਆ
ਸਈਆਂ ਵੰਞ ਸਿੰਗਾਰੁ ਲਵਾਇਆ, ਫਜਰੀ ਵੇਲੇ ਆਣ ਜਗਾਇਆ
ਸ਼ੰਮਸ ਜਾਗਦੀ।
ਮਹਿਣੀ ਹੋਣੀ ਕੌਣ ਮਿਟਾਏ, ਸੁੰਦਰ ਤੋਤਾ ਮਹਲੀਂ ਜਾਏ।
ਹਾਲ ਹਕੀਕਤਿ ਆਖ ਸੁਣਾਏ, ਭੌਰ ਇਰਾਕੀ ਫਾਕੇ ਆਏ
ਦਾਣਾ ਕੌਣ ਮਹੇਲਾ ਪਾਏ, ਖਸਮਾਂ ਬਾਝੋਂ ਕੌਣ ਚੁਗਾਏ
ਕਦਰ ਨ ਰਹਿੰਦਾ ਵਤਨ ਪਰਾਏ, ਇਜ਼ਤ ਭਾਗ ਦੀ। ੬।
ਅਸੂ ਮਾਹ ਪਿਛੋਂ ਖਤ ਆਇਆ, ਮਾਊ ਲਿਖਿਆ ਇਹ ਫੁਰਮਾਇਆ।
ਕਾਮਣ ਕਿਸ ਢੋਲਾ ਭਰਮਾਇਆ, ਦਰਦਾਂ ਦਿਲ ਵਿਚਿ ਡੇਰਾ ਪਾਇਆ।
ਮਾਲੁ ਸ਼ਰੀਕਾ ਜਬਤੁ ਕਰਾਇਆ, ਅਸਾਡਾ ਹੁਕਮ ਨਿਆਉ ਉਠਾਇਆ
ਸਿਕਾ ਅਪਣੇ ਨਾਉਂ ਚਲਾਇਆ, ਖੋਹ ਹਵੇਲੀਆਂ।



Sri Satguru Jagjit Singh Ji eLibrary NamdhariElibrary@gmail.com

ਸੁਣਕੇ ਹੋਇਆ ਢੋਲ ਉਦਾਸੀ, ਸ਼ੰਮਸ ਰਾਣੀ ਖਰੀ ਹਿਰਾਸੀ।
ਅਰਜ਼ਾਂ ਕਰਦੀ ਹੋਇ ਲਿਬਾਸੀ, ਆਈ ਵਿਚ ਬਖੀਲਾ ਵਾਸੀ
ਜੇ ਤੂੰ ਚਲਿਓਂ ਕੇਹੜਾ ਰਾਹ ਸੀ, ਸੁੰਵੀ ਸੇਜ ਅਸਾਨੂੰ ਖਾਸੀ
ਦਰਦਾਂ ਥੀਂ ਹੁਣ ਨਹੀ ਖਲਾਸੀ, ਬਾਝੋਂ ਬੇਲੀਆ।
ਓਦੋਂ ਕੀਤੀ ਢੋਲ ਤਯਾਰੀ, ਸ਼ੰਮਸ ਰਾਣੀ ਰਹੀ ਨਿਆਰੀ
ਉਡਿਆ ਬਾਜ਼ ਲਈ ਉਡਾਰੀ, ਖੜੇ ਤਕੇਂਦੀ ਵਾਂਗੁ ਸ਼ਿਕਾਰੀ
ਜੇ ਮੈਂ ਹੋਂਦੀ ਯਾਰ ਪਿਆਰੀ, ਨ ਛਡ ਜਾਂਦਾ ਦਰਦਾਂ ਮਾਰੀ
ਜੇ ਮੈਂ ਜਾਣਾਂ ਰਹੁ ਕੁਆਰੀ, ਵਿਚ ਸਹੇਲੀਆਂ।
ਮਹਿਣੀ ਮੰਨ ਰਜਾਇ ਇਲਾਹੀ, ਡਾਢੀ ਕੈਦ ਜ਼ੁਲਫ ਦੀ ਫਾਹੀ
ਵੜੇ ਹੀਰ ਸੋਧਦੀ ਮਾਹੀ, ਨਿਤ ਉਠ ਢੂੰਢੇ ਬੇਲਾ ਕਾਹੀਂ
ਮੇਹੀਂਵਾਲੁ ਮਿਲਾਇ ਇਲਾਹੀ, ਸੰਮੀ ਦੇ ਸਿਰ ਲਿਖੀ ਆਹੀ
ਜੇ ਮੈਂ ਜਾਣਾ ਨਿਜ ਵਿਆਹੀ, ਨਾਲਿ ਉਲੇਲੀਆਂ। ੭।
ਚੜ੍ਹਦੇ ਕੱਤਕ ਸਰਦੀ ਪੌਂਦੀ, ਖਲਕਤ ਲੇਫ ਤੁਲਾਈਏ ਸਉਂਦੀ
ਸ਼ੰਮਸ ਰਾਣੀ ਜ਼ਰਾ ਨ ਚੌਂਦੀ, ਕਹੇ ਗਵਾਂਢਣ ਪਾਸੋਂ ਲਉਂਦੀ
ਜੋਹੜੀ ਲਾਇ ਸ਼ਾਮ ਗਲਿ ਸੌਂਦੀ, ਘਿਰਸੁ ਕਲੇਜਾ ਗਿਰਦੀਏ ਭੌਂਦੀ ਆਹੀਂ ਮਾਰਦੀ।
ਉਸਨੂੰ ਜਣੀ ਖਣੀ ਸਮਝਾਏ, ਗਲਿ ਨ ਸ਼ੰਮਸ ਜ਼ਰਾ ਸੁਖਾਏ
ਗੁਝੀ ਵੇਦਨ ਤਨ ਨੂੰ ਖਾਏ, ਦੁਖ ਜਿਗਰ ਦਾ ਕਿਉਂ ਕਰਿ ਜਾਏ
ਪੀੜ ਹਿਜਰ ਦੀ ਕੌਣੁ ਵੰਡਾਏ, ਆਖੇ ਨਿਜ ਜਣੇਂਦੀ ਮਾਏ, ਚਿੰਤਾ ਯਾਰ ਦੀ।
ਸ਼ੰਮਸ ਫ਼ਿਕਰ ਦਲੀਲਾਂ ਧਰੀਆਂ, ਭਾਗ ਸੁਹਾਗੁ ਜਿਨ੍ਹਾ ਸੇ ਤਰੀਆਂ
ਪਹਿਨਣ ਪਟ ਬਾਦਲੇ ਜ਼ਰੀਆਂ, ਬਾਝੋਂ ਢੋਲਨ ਲਹਿੰਦੀਆਂ ਵਰੀਆਂ
ਗਲਿ ਹਜ਼ਾਰ ਦੀ।
ਮਹਿਣੀ ਸ਼ੰਮਸ ਭਈ ਦੀਵਾਨੀ, ਲੇਲਾ ਮਜਨੂੰ ਜਿਉਂ ਮਸਤਾਨੀ
ਆਲਮ ਕਰਦੇ ਵਾਹਦ ਜ਼ਬਾਨੀ, ਕਿਸਾ ਜੂਸਬ ਵਿਚਿ ਕੁਰਾਨੀ
ਫੇਰ ਜ਼ੁਲੀਖਾਂ ਲਈ ਜੁਆਨੀ, ਤਲਬ ਦੀਦਾਰ ਦੀ। ੮।
ਚੜ੍ਹਦੇ ਮੰਘਰ ਸਰਦ ਹਵਾਂਈ, ਜਿਨ੍ਹਾਂ ਕੰਤ ਸਾਮ ਘਰਿ ਸਾਈਂ
ਕਰਨ ਰਜਾਈਆਂ ਕਤਕ ਵਾਂਈ, ਲੈਕੇ ਸੌਂਦੀਆਂ ਲੇਫ ਤੁਲਾਈ
ਸ਼ੰਮਸ ਰਾਣੀ ਮਾਰੇ ਆਹੀਂ, ਜਿਸ ਦਾ ਕੰਤ ਸਾਮ ਘਰਿ ਨਾਹੀਂ ਚਿੰਤਾ ਢੋਲ ਦੀ।
ਨਿਤ ਉਠ ਕਰੇ ਵਿਖੋਆ ਸੰਮੀ, ਲਗੀ ਜਿਗਰ ਹਿਜਰ ਵਿਚ ਰੰਮੀ
ਕੀ ਸੁਖ ਵੇਖਾਂ ਬਾਝੁ ਕਰੰਮੀ, ਕਹੈ ਜੋਲ ਸਤਾਰੇ ਜੰਮੀ
ਨਿਮਖ ਹਰਾਮ ਅਸਾਡੀ ਕੰਮੀ, ਆਖਨ ਵਾਟ ਰੂਮ ਦੀ ਲੰਮੀ, ਖੜੀ ਨ ਜੋਲਦੀ।
ਕਹਿੰਦੀ ਢੋਲ ਸੇਜ ਜਾਂ ਰਵਿਆ, ਤਿਸ ਦਿਨ ਕਾਗ ਚੁਬਾਰੇ ਲਵਿਆ
ਮੰਦਾ ਬਾਲ ਇਆਣਾ ਚਵਿਆ, ਅਖਸਰ ਲੋਹਾ ਟੁਟਦਾ ਧਵਿਆ



Sri Satguru Jagjit Singh Ji eLibrary NamdhariElibrary@gmail.com

ਜੇ ਮੈਂ ਲੇਖੁ ਜਾਣਦੀ ਭਵਿਆ, ਤਾਕੁ ਨ ਖੋਲ੍ਹਦੀ।
ਮਹਿਣੀ ਲਿਖਿਆ ਲੇਖੁ ਨਜ਼ਰ ਵਿਚਿ, ਸੰਮਸ ਲਗਾ ਰੋਗੁ ਜਿਗਰ ਵਿਚ
ਰਾਤ ਦਿਨੇ ਮਨ ਏਸ ਫਿਕਰ ਵਿਚ, ਚਲੀ ਉਠ ਸੁੰਞੀ ਸੇਜ ਹਿਜਰ ਵਿਚ
ਸਰਵਰ ਪੀਰ ਮਨਾਏ ਘਰ ਵਿਚਿ, ਮੈਨੂੰ ਲੈ ਚਲੀ ਨਰਵੜ ਵਿਚ
ਹੰਝੂ ਡੋਲ੍ਹਦੀ। ੯।
ਚੜ੍ਹਦੇ ਪੋਹ ਜੁ ਬਰਫਾਂ ਪਈਆਂ, ਗਾਵਨ ਚਾਇ ਲੋਹੀ ਦੇ ਸਈਆਂ
ਵਾਵੀਆਂ ਵਾਂਗੁ ਰੰਜੂਲਾਂ ਭਈਆਂ, ਤਿਨ੍ਹਾਂ ਦੀਆਂ ਕਿਸੇ ਨ ਖਬਰਾਂ ਲਈਆਂ
ਸਾਡੀਆਂ ਕੌਣ ਕਰੇ ਪਰਵਾਈਆਂ, ਸ਼ੰਮਸ ਆਖਦੀ।
ਵਾਂਢੇ ਸਦਾ ਬੈਰਾਗੀ ਰਹਿੰਦੇ, ਨਾਲਿ ਫਿਕਰ ਨਿਤ ਸੌਂਦੇ ਬਹਿੰਦੇ
ਜਾ ਕੇ ਔਂਸੀਆਂ ਤਾਵਨਿ ਵੈਂਦੇ, ਰੱਬਾ! ਕਰ ਤੂ ਮੇਲ ਦੁਹਾਂ ਦੇ
ਕੰਤ ਦਿਸਾਵਰ ਜਾਣ ਜਿਨ੍ਹਾਂ ਦੇ, ਫੁਲ ਨ ਤਿਨਾ ਲੌਂਗ ਸੁਖਾਂਦੇ ਸ਼ਾਦੀ ਖਾਕ ਦੀ।
ਸੰਮਸ਼ ਸੇਜ ਚੜ੍ਹੀ ਜਦਿ ਖਾਲੀ, ਯਾਦਿ ਕਰੇ ਗਲਿ ਢੋਲੇ ਵਾਲੀ
ਅਜੇਹੀ ਰਾਤਿ ਪੋਹ ਦੀ ਕਾਲੀ, ਪਈ ਗੁਜ਼ਾਰਨ ਕਿਨੀਂ ਹਾਲੀ
ਬਾਝੋਂ ਆਬ ਨ ਤ੍ਰਿਹ ਖੁਸਹਾਲੀ, ਇਜ਼ਤ ਸਾਕ ਦੀ।
ਮਹਿਣੀ ਕਰੇ ਮੁਨਸਫੀ ਝੇੜਾ, ਮੰਦਾ ਇਸ਼ਕ ਮਿਜਾਜੀ ਪੇੜਾ
ਜਿਸ ਤਨ ਲਗੀ ਜਾਣੇ ਕੇੜ੍ਹਾ, ਹੋਣੀ ਅੰਗ ਕੋਕਲਾ ਭੇੜਾ
ਵਰਤਿਆ ਨਾਲਿ ਰੀਸਾਲੂ ਝੇੜਾ, ਹੀਰੇ ਜ਼ਰਾ ਨ ਕੀਤਾ ਖੇੜਾ
ਸਦੀਏ ਚਾਕ ਦੀ। ੧੦।
ਚੜ੍ਹਦੇ ਮਾਂਹ ਜੁ ਆਈ ਲੋਹੀ, ਸਹੀਆਂ ਕੀਤੀ ਨ੍ਹਾਈ ਧੋਈ
ਸ਼ੰਮਸ ਆਇ ਘਾਬਰੇ ਸੋਈ, ਅਜੁ ਕਲਿ ਸਾਮ ਲਿਆਵੇ ਕੋਈ
ਅਸਾਡਾ ਮਿਤ੍ਰ ਪਿਆਰਾ ਸੋਈ, ਸ਼ੰਮਸ ਆਖੇ ਰਹਾ ਨ ਹੋਈ, ਓਥੇ ਜਾਇ ਕੈ।
ਸੰਮਸ ਰਾਣੀ ਆਖਿ ਸੁਣਾਈ, ਸਿਕਦਿਆਂ ਸਾਰੀ ਉਮਰ ਵੰਞਾਈ
ਗਲਿ ਨ ਲਿਖੀਆ ਢੋਲੇ ਕਾਈ, ਵਿਦਾ ਟੁਰੀ ਕਰਿ ਮਾਈ ਦਾਈ
ਜਾਂਦੀ ਨਰਵੜਿ ਕੋਟਿ ਪੁਛਾਈ, ਗੁਸਾ ਖਾਇਕੇ।
ਸ਼ੰਮਸ ਨਾਲਿ ਟੁਰੀ ਸਰਵਾਨਾ, ਛਡਿਆ ਪਲਰ ਮਾਲ ਖਜ਼ਾਨਾ
ਜੈਂਦਾ ਸ਼ਾਹ ਨਸੀਨ ਦਰਿ ਖਾਨਾ, ਭੁਈਏਂ ਸਉਂਦੀ ਕਰਿ ਸ਼ੁਕਰਾਨਾ
ਅਰਜ਼ਾਂ ਕਰਦੀ ਪੜ੍ਹੇ ਦੁਗਾਨਾ, ਮੇਲੀ ਢੋਲੁ ਸਾਮ ਸੁਲਤਾਨਾ ਗਲਿ ਮਿਲਾਇਕੇ।
ਮਹਿਣੀ ਕੌਣੁ ਕਰੇ ਦਿਲਜੋਈ, ਸੁੱਤੀ ਨੂੰ ਛਡਿ ਗਏ ਸਥੋਈ।
ਉਥੇ ਡੇਹਲ ਹੋਇ ਖਲੋਈ, ਦਰਦ ਫਿਰਾਕ ਢੋਲ ਦੇ ਰੋਈ
ਸਰਵਰ ਦੇਈ ਨਰਵੜ ਢੋਈ, ਮੈ ਬਹੁਤੀ ਦਰਮਾਂਦੀ ਹੋਈ
ਜਿਸ ਤਨ ਲਗੀ ਜਾਣੇ ਸੋਈ, ਸੁਣਿ ਦਿਲ ਲਾਇ ਕੇ। ੧੧।
ਚੜ੍ਹਦੇ ਫਗਣ ਮਿਲੇ ਪਿਆਰੇ, ਸ਼ਾਹ ਨੂੰ ਖਬਰ ਦਿਤੀ ਹਲਕਾਰੇ


Sri Satguru Jagjit Singh Ji eLibrary NamdhariElibrary@gmail.com

ਸੰਮਸ ਆਈ ਖੋਜ ਤੁਮ੍ਹਾਰੇ, ਮੈਂ ਦੇਖੀ ਇਕ ਸ਼ਹਿਰ ਕਿਨਾਰੇ
ਖਰੇ ਵਿਖੋਏ ਮਾਰੇ ਨ੍ਹਾਰੇ, ਆਖੇ ਨਰਵੜ ਸੈਨ ਹਮਾਰੇ
ਮੇਲ ਅਸਾਨੂੰ ਯਾਰ ਪਿਆਰੇ, ਖੜੀ ਪੁਕਾਰਦੀ।
ਕਾਸਤ ਦੇਇ ਸਨੇਹੇ ਕਲਿ ਦੇ, ਬਕੀ ਸਾਥ ਢੂੰਢਉ ਅਵਲ ਦੇ
ਸੁਣ ਕੇ ਖੌਫ ਨ ਉਥੋਂ ਹਲਦੇ, ਅਗੇ ਸ਼ੇਰ ਬੁਕਨ ਵਿਕ ਝੱਲ ਦੇ
ਤ੍ਰਿਮਕਣ ਨੈਣ ਨਾਲ ਪਲ ਪਲ ਦੇ, ਖੁਲ੍ਹੇ ਵਾਲ ਪਏ ਵਿਚਿ ਗਲ ਦੇ
ਖਾਤਰ ਆਪ ਚੜ੍ਹੇ ਉਸ ਗਲ ਦੇ, ਡੌਲ ਸ਼ਿਕਾਰ ਦੀ।
ਸੁਣ ਕੇ ਫੌਜ ਗਈ ਉਸ ਵਲ ਮੇਂ, ਸ਼ੰਮਸ ਫਿਰਦੀ ਜੂਹ ਜੰਗਲ ਮੇਂ
ਡਿਠਸੁ ਢੋਲ ਪਾਤਸ਼ਾਹ ਦਲ ਮੇਂ, ਦੁਖ ਤੇ ਪਾਪ ਗਏ ਸਭ ਪਲ ਮੇਂ
ਬੀੜੇ ਖੋਲ੍ਹ ਮਿਲੇ ਤਬ ਗਲ ਮੇਂ, ਸ਼ੁਕਰ ਗੁਜ਼ਾਰਦੀ।
ਮਹਿਣੀ ਮੁਨਸਫ ਕਹੇ ਪੰਜਾਬੀ, ਖੀਵੀ ਸ਼ੰਮਸ ਢੋਲ ਸ਼ਰਾਬੀ
ਖਾਸੇ ਗੁਰਦੇ ਤਲੇ ਕਬਾਬੀ, ਸ਼ੰਮਸ ਲਈ ਪੁਸ਼ਾਕ ਸਿਤਾਬੀ
ਹੋਇ ਸ਼ਗੁਫਤਾਂ ਬਲੀ ਮਤਾਬੀ, ਸਿਕ ਪਿਆਰ ਦੀ।੧੨।



Sri Satguru Jagjit Singh Ji eLibrary NamdhariElibrary@gmail.com

## ੨੭. ਬਾਰਾਂਮਾਹ ਸਾਹਿਬ ਸਿੰਘ ਮ੍ਰਿਗਿੰਦ

ਅਬ ਬਾਰਾਂਮਾਹ ਕ੍ਰਿਤ ਕਵੀ ਸਾਹਿਬ ਮ੍ਰਿਗਿੰਦ ਲਿਖਯ ਤੇ

ਦੋਹਰਾ

ਬਨ ਉਪਬਨ ਮੌਲੇ ਸਕਲ, ਲਲਿਤ ਲਤਾ ਗੁਲਜ਼ਾਰ
ਖਿਰੀ ਕੁੰਜ ਬਨ ਬੀਥਿਕਾ, ਚੇਤ੍ਰ ਬਸੰਤ ਬਹਾਰ ।੧।

ਛੰਦ

ਚੜ੍ਹਿਆ ਚੇਤ ਬਸੰਤ ਬਹਾਰਾਂ, ਬਾਗੀਂ ਖਿੜੀਆਂ ਸਭ ਫੁਲਵਾਰਾਂ
ਵਿਚਿ ਵਿਚਿ ਕਰਦੇ ਭਵਰ ਗੁੰਜਾਰਾਂ, ਜਲ ਵਿਚ ਜਲਜ ਕਰਨ ਗੁਲਜ਼ਾਰਾਂ
ਬਨ ਬਨ ਛੁਟਦੀ ਮੁਸ਼ਕ ਫੁਹਾਰਾਂ, ਮਾਨੋਂ ਛਿੜਕੇ ਅਤਰ ਅਤਾਰਾਂ
ਇਤ ਵਲ ਚਾਈਆਂ ਇਸ਼ਕ ਮੁਹਾਰਾਂ, ਵੇ ਮੈਂ ਪਈਆਂ ਵਾਂਗੁ ਬੀਮਾਰਾਂ
ਬਾਝੁ ਅਰਾਮ ਦੇ ।੧।

ਮੈਨੂੰ ਛਡ ਗਇਆ ਬਨਵਾਰੀ, ਸੁੰਞੀ ਪਈਆ ਮਹਲ ਅਟਾਰੀ
ਖਿੜੀ ਬਗੀਚੇ ਸਭ ਫੁਲਵਾੜੀ, ਬਨ ਵਿਚ ਕੂਕੇ ਕੋਇਲ ਕਾਰੀ
ਸੁਣਿ ਸੁਣਿ ਉਠਦੀ ਲਹਿਰ ਕਰਾਰੀ, ਹੁਣ ਮੈਂ ਮਰਸਾਂ ਖਾਇ ਕਟਾਰੀ
ਬਿਰਹੋਂ ਸਾਂਗ ਸਿਤਮ ਦੀ ਮਾਰੀ, ਲਗਦੇ ਤੀਰ ਜਿਗਰ ਨੂੰ ਕਾਰੀ, ਦੁਸ਼ਮਨ ਕਾਮ ਦੇ ।੨।

ਚੰਪਾ, ਮੌਲਸਿਰੀ, ਅਲਬੇਲੀ, ਕੂਜਾ, ਮਰੁਵਾ, ਜ਼ਰਦ ਚੰਬੇਲੀ
ਨਰਗਸ ਨਰਮਾਂ ਵੇਲ ਰਵੇਲੀ, ਖਿੜਦੇ ਫੁਲ ਲਟਕਦੀਂ ਵੇਲੀਂ
ਛਡੀ ਮੁਸ਼ਕ ਬਸੰਤ ਫੁਲੇਲੀ, ਕੁਬਜਾ ਕੀਤੀ ਸਜਾਮ ਸਹੇਲੀ
ਮੈਂ ਤਾਂ ਕੂਕਾਂ ਵਿਚ ਹਵੇਲੀ, ਤੜਫਾਂ ਸੁੰਞੀ ਸੇਜ ਇਕੇਲੀ, ਦੁਖ ਅਠ ਜਾਮ ਦੇ ।੩।

ਕਿਉਂ ਵੇ ਚੇਤੇ ! ਸਜਾਮ ਨ ਆਇਆ, ਤੈਂ ਤਾਂ ਸਬਜ਼ੀ ਫਰਸ ਵਿਛਾਇਆ
ਬੋਲਨ ਪੰਛੀ ਸ਼ਬਦ ਸੁਹਾਇਆ, ਸੁਨ ਝਨਕਾਰ ਜਿਗਰ ਭਰ ਆਇਆ
ਵਗਦਾ ਨੀਰ ਨੈਨ ਝਰਲਾਇਆ, ਹਰਿ ਜੀ ਕੀਤਾ ਮਨ ਦਾ ਭਾਇਆ
ਕੁਬਜਾ ਕਰਿ ਕਾਮਣ ਸਿਰਿ ਪਾਇਆ, ਕਿਉਂ ਤੈਂ ਮੈਨੂੰ ਤਦੋਂ ਹਟਾਇਆ
ਨਾਲੋਂ ਸਜਾਮ ਦੇ ।੪।

ਫੁਲ ਹਰੀ ਕਿ ਹਰਦਮ ਯਾਦ, ਅਰਜ਼ ਤੂੰ ਸੁਣੀਂ ਮੇਰੀ ਫਰਿਆਦ
ਕਿ ਮੰਗਦੀ ਰੱਬ ਥੋਂ ਯਹੀ ਮੁਰਾਦ ਕਿ ਸ਼ਾਦੀ ਸਜਾਮ ਦੀ ।੧।



Sri Satguru Jagjit Singh Ji eLibrary NamdhariElibrary@gmail.com

ਛੰਦ

ਸੁਣ ਨੀਂ ਰਾਧੇ ! ਇਸ਼ਕ ਦੀਵਾਨੀ, ਜਦ ਸੀ ਕੋਲ ਤੇਰੇ ਜਿੰਦ ਜਾਨੀ
ਤਦ ਤੂੰ ਫਿਰਦੀ ਰੂਪ ਗੁਮਾਨੀ, ਛੁਟਦੀ ਲਹਰਾ ਲਟਕ ਜਵਾਨੀ
ਮਨ ਮਗ਼ਰੂਰੀ ਅਲਿ ਮਸਤਾਨੀ, ਦਿਲ ਵਿਚ ਖੌਫ਼ ਨ ਕਰੇਂ ਅਯਾਨੀ
ਹੁਣ ਤੂੰ ਕਿਉਂ ਮੁੜ ਕੇ ਪਛੁਤਾਨੀ, ਤੁਰੀਆ ਸਾਰੇ ਜਗ ਕਹਾਣੀ, ਤੇਰੇ ਮਾਨ ਦੀ ।੧।
ਜਦ ਸਿਆਨ ਅਸੀਂ ਜਗ ਚਰਦੇ, ਖਿਰਦੇ ਫੁੱਲ ਸਕਲ ਤਰੁਵਰ ਦੇ
ਬਾਗੀਂ ਭੌਰ ਬਹਾਰਾਂ ਕਰਦੇ, ਹਰਿ ਜੀ ਜਲਜ ਮਨਾਂ ਵਿਚ ਤਰਦੇ
ਗੁੰਦ ਗੁੰਦ ਹਾਰ ਚੰਗੇਰਾਂ ਭਰਦੇ, ਗਜਰੇ ਸਬਜ਼ ਸੁਨਹਿਰੀ ਜਰ ਦੇ
ਕਰ ਕਰ ਅਚਰਜ ਤੇਰੀ ਵਲ ਧਰਦੇ, ਤਦ ਤੂੰ ਬੋਲੇ ਬਚਨ ਕਹਰ ਦੇ, ਭਰੀ ਗੁਮਾਨ ਦੀ।੨।
ਇਕ ਦਿਨ ਰੁਤ ਬਸੰਤ ਸੁਹਾਈ, ਹਰਿ ਜੀ ਬਨ ਵਿਚ ਖੇਲ ਮਚਾਈ
ਫੜ ਕੇ ਮੁਰਲੀ ਦਸਤ ਬਜਾਈ, ਸੁਣਿਕੇ ਦੇਵ ਬਧੂ ਮਿਲ ਆਈ
ਵਗਦੀ ਜਲ ਜਮੁਨਾ ਠਹਰਾਈ, ਰਹਿ ਗਈ ਘਾਸ ਚਰਣ ਥੋਂ ਗਾਈਂ
ਰਾਧੇ ਕੀਤੀ ਕੌਣ ਕਮਾਈ, ਗਲ ਵਿਚ ਬਾਂਹ ਸਜਾਮ ਨੇ ਪਾਈ, ਪ੍ਰੀਤਮ ਜਾਨ ਦੀ ।੩।
ਤਦ ਤੂ ਦਿਲ ਵਿਚ ਕਿਸੇ ਨ ਜਾਣੇ, ਬੈਠੀ ਹਰਿਦਮ ਖੁਸ਼ੀਆਂ ਮਾਣੇ
ਕਰਦੀ ਅਪਣੇ ਮਨ ਦੇ ਭਾਣੇ, ਤੈ ਤਾਂ ਕੀਤੇ ਕ੍ਰਿਸ਼ਨ ਨਿਮਾਣੇ
ਕਰਦੇ ਅਰਜ਼ਾਂ ਤੂੰ ਨ ਪਛਾਣੇ, ਹੁਣ ਤਾਂ ਹਵੇਂ ਬਾਜ਼ ਉਡਾਣੇ
ਮਾਹਾ ਰੁਤੀ ਆਵਣ ਜਾਣੇ, ਨੌਤਨ ਆਵਣ, ਤੁਰਨ ਪੁਰਾਣੇ, ਰਸਮ ਜਹਾਨ ਦੀ ।੪।
ਫੁਲ ਹਰੀ ਕੇ ਹਰਦਮ ਯਾਰ, ਸਿਮਰ ਲੈ ਸਚਾ ਪਰਵਦਗਾਰ
ਚੜ੍ਹੀ ਹੁਣ ਅਗਲੀ ਅਜਬ ਬਹਾਰ, ਮਹੀਨਾ ਗੁਜ਼ਰਿਆ ।੧।

ਦੋਹਰਾ

ਮਾਸ ਵਿਸਾਖ ਮੁਮਾਰਖੀ, ਫੂਲ ਰਹੀ ਬਨਰਾਇ
ਫੂਲੀ ਗਨ ਸਖੀਆਂ ਲਲਤ, ਹਾਰ ਸ਼ਿੰਗਾਰ ਬਨਾਇ ।੩।

ਛੰਦ

ਚੜ੍ਹਦੇ ਮਾਹ ਵਿਸਾਖ ਸੁਹਾਏ, ਸਖੀਆਂ ਸਭ ਸ਼ਿੰਗਾਰ ਬਣਾਏ
ਚੁਣਕੇ ਕਲੀਆਂ ਹਾਰ ਗੁੰਦਾਏ, ਬਾਗੀਂ ਸੇਜਵੰਦ ਕਸਵਾਏ
ਪ੍ਰੀਤਮ ਪੀਯ ਗਰੇ ਲਪਟਾਏ, ਕਰਦੀ ਕੇਲ ਸਭੀ ਮਨ ਭਾਏ
ਮੈਨੂੰ ਬਿਰਹੋਂ ਨਿਤ ਸੰਤਾਏ, ਪਲ ਪਲ ਦੇਂਦਾ ਦੁਖ ਸਵਾਏ, ਉਠ ਪ੍ਰਭਾਤ ਨੂੰ ।੧।
ਨੀ ਮੈਂ ਕੀਕੂੰ ਸਵਾਂ ਸੁਖਾਲੀ, ਛਾਤੀ ਮਾਰ ਵਿਛੋੜੇ ਸਾਲੀ
ਕੇਸੂ ਅਜਬ ਖਿੜੇ ਵਿਚ ਲਾਲੀ, ਜੂਹਾਂ ਹੋਈਆਂ ਲਾਲ ਗੁਲਾਲੀ
ਮਾਨੋ ਅੱਗ ਬ੍ਰਿਹੋਂ ਨੇ ਜਾਲੀ, ਚੌਂਕੀ ਭਾਹਿ ਚੌਗਿਰਦ ਬਹਾਲੀ
ਪਈਆਂ ਮਹਲ ਅਟਾਰੀ ਖਾਲੀ, ਚਰਦਾ ਦਰਦ ਜਿਗਰ ਬਨ ਮਾਲੀ
ਦਿਨ ਤੇ ਰਾਤ ਨੂੰ ।੨।



Sri Satguru Jagjit Singh Ji eLibrary NamdhariElibrary@gmail.com

ਹੁਣ ਮੈਂ ਕਿਸਨੋ ਕੂਕ ਸੁਣਾਵਾਂ, ਜੋਗਣ ਹੋਇ ਕਿਤੇ ਰਮ ਜਾਵਾਂ
ਸਭੇ ਹਾਰ ਸ਼ਿੰਗਾਰ ਲੁਟਾਵਾਂ, ਕਪੜੇ ਪਾੜ ਬਿਭੂਤ ਰਮਾਵਾਂ
ਗਲ ਮਿਰਗਾਨੀ ਜਟਾਂ ਰਖਾਵਾਂ, ਕੰਨ ਪੜਾ ਕੇ ਮੁੰਦ੍ਰਾਂ ਪਾਵਾਂ
ਘਰ ਘਰ ਗੋਰਖਨਾਥ ਜਗਾਵਾਂ,ਅੜੀਓ!ਹੁਣ ਮੈਂ ਖ਼ਾਕ ਮਿਲਾਵਾਂ ਕੰਚਨ ਗਾਤ ਨੂੰ।੩।

ਮੈਂ ਤਾਂ ਲੱਖ ਦੁਖਾਂ ਨੇ ਘੇਰੀ, ਬਿਧਨਾਂ ਕਲਮ ਅਪੁਠੀ ਫੇਰੀ
ਕੇਹੀ ਛੁਟੀ ਇਸ਼ਕ ਅਨ੍ਹੇਰੀ, ਵਿਚੇ ਉਡ ਚਲੀ ਜਿੰਦ ਮੇਰੀ
ਕਰਦੀ ਅਰਜ਼ ਵਿਸਾਖਾ ! ਤੇਰੀ, ਦੰਮਾਂ ਬਾਝ ਰਹਾਂ ਤੁਧ ਚੇਰੀ
ਮੇਰਾ ਸਯਾਮ ਮਿਲੇ ਇਕ ਵੇਰੀ, ਵੇ ਮੈਂ ਮੰਨਸਾਂ ਪਰਮ ਘਨੇਰੀ, ਏਸੇ ਦਾਤ ਨੂੰ ।੪।
ਫੁਲ ਹਰੀ ਕਿ ਹਰਦਮ ਯਾਦ, ਅਰਜ਼ ਤੂੰ ਸੁਣੀ ਮੇਰੀ ਫਰਿਆਦ
ਕਿ ਮੰਗਦੀ ਰਬ ਥੋਂ ਯਹੀ ਮੁਰਾਦ, ਕਿ ਸ਼ਾਦੀ ਸਯਾਮ ਦੀ ।੨।

ਦੋਹਰਾ

ਕਹਿ ਵਿਸਾਖ ਸੁਨ ਸਾਂਵਰੀ, ਹੁਣ ਮੈਂਡਾ ਕੀ ਦੋਸ਼
ਜਦੋਂ ਸਯਾਮ ਤੁਧ ਕੋਲ ਸੀ, ਤਦ ਤੂੰ ਰਹੀ ਬਿਹੋਸ਼ ।੪।

ਛੰਦ

ਤੂੰ ਤਾਂ ਸੈਂ ਅਣਜਾਣ ਜਨਮ ਕੀ, ਜਦ ਸੀ ਤੇਗ ਹੁਸਨ ਦੀ ਝਮਕੀ
ਕਰਕੇ ਕਤਲ ਜੜਾਂ ਦਿਲ ਗ਼ਮ ਕੀ, ਆ ਕੇ ਅੰਗ ਜੁਵਾਨੀ ਦਮਕੀ
ਦਿਨ ਦਿਨ ਭਾਹਿ ਇਸ਼ਕ ਦੀ ਚਮਕੀ, ਉਤੋਂ ਹਵਾ ਲਗਣ ਦੀ ਰਮਕੀ
ਚੇਟਕ ਚਟਕ ਦਿਨੋ ਦਿਨ ਠਮਕੀ,ਮੋਹੇ ਹਰਿ ਟੁਕ ਨਜ਼ਰ ਚਸ਼ਮ ਕੀ,ਚੇਟਕ ਡਾਰਕੇ।੧।

ਹਰਿ ਜੀ ਕਰਨ ਤੇਰੀ ਅਰਜ਼ੋਈਆਂ, ਚੁਣ ਚੁਣ ਕਲੀਆਂ ਹਾਰ ਪਰੋਈਆਂ
ਛਿੜਕੀ ਅਤਰ ਗੁਲਾਬ ਭਿਗੋਈਆਂ, ਲਪਟਾਂ ਇਸ਼ਕ ਮੁਸ਼ਕ ਵਿਚ ਧੋਈਆਂ
ਕਰ ਕਰ ਮਿੰਨਤਾਂ ਤੁਧ ਵਲ ਢੋਈਆਂ, ਸਈਆਂ ਵੇਖਣ ਸਭ ਖਲੋਈਆਂ
ਮੁੜ ਮੁੜ ਦੇਂਦੀ ਤੂੰ ਝਿੜਕੋਈਆਂ,ਹੁਣ ਓਹੁ ਗੱਲਾਂ ਔਖੀ ਹੋਈਆਂ,ਦੇਖ ਬਿਚਾਰਕੇ।੨।
ਤਦ ਤੂੰ ਦਿਲ ਵਿਚ ਕਿਸੇ ਨ ਲਿਆਵੇਂ, ਮਹਿਲੀਂ ਸੇਜਬੰਦ ਕਸਵਾਵੇਂ
ਮੁਸ਼ਕਾਂ ਅਤਰ ਫੁਲੇਲ ਰਮਾਵੇਂ, ਰੇਸ਼ਮ ਪਸ਼ਮੀ ਗਿਲਮ ਬਿਛਾਵੇਂ
ਫੂਲਨ ਸੰਗ ਚਰਨ ਮਲਵਾਵੇਂ, ਉਠਕੇ ਧਰਤੀ ਪੈਰ ਨ ਲਾਵੇਂ
ਐਸ਼ਾਂ ਕਰਦੀ ਭੋਗ ਕਮਾਵੇਂ, ਭਏ ਬਿਤੀਤ ਕਹੋ ਕਿਉਂ ਪਾਵੇਂ,ਦਿਵਸ ਬਹਾਰ ਕੇ ।੩।
ਰਾਧੇ ਕੀ ਮੇਰੀ ਤਕਸੀਰ, ਕਿ ਸੁਣ ਕੇ ਜਿਗਰ ਤੇਰੇ ਦੀ ਪੀਰ
ਕਿ ਮੈਨੂੰ ਲਗਨ ਕਲੇਜੇ ਤੀਰ, ਕਿ ਤੈਨੂੰ ਮਿਲੇ ਨ ਹਲਧਰ ਬੀਰ
ਕ੍ਰਿਸ਼ਨ ਜੀ ਧਰੇ ਕੇਸਰੀ ਚੀਰ, ਜੁ ਤੇਰੀ ਆਨ ਬੰਧਾਵੇ ਧੀਰ
ਕਿ ਥੰਮੇ ਵਗਨ ਨੈਣ ਦੇ ਨੀਰ,ਕਿ ਮੈਂ ਹੁਣ ਤੁਰਸਾਂ ਬਿਧ ਤਕਦੀਰ,ਪੰਥ ਸੰਸਾਰ ਕੇ ।੪
ਫੁਲ ਹਰੀ ਕਿ ਹਰਦਮ ਯਾਰ, ਸਿਮਰ ਲੈ ਸਚਾ ਪ੍ਰਵਰਦਗਾਰ
ਚੜ੍ਹੀ ਹੁਣ ਅਗਲੀ ਅਜਬ ਬਹਾਰ, ਮਹੀਨਾ ਗੁਜ਼ਰਿਆ ।੨।


Sri Satguru Jagjit Singh Ji eLibrary NamdhariElibrary@gmail.com

ਦੋਹਰਾ

ਗ੍ਰੀਖਮ ਰੁਤ ਆਈ ਸਖੀ ! ਗਰਮੀ ਕੀਯੋ ਪ੍ਰਕਾਸ਼
ਜੇਠ ਮਾਸ ਤਾਪਨ ਤਪਤ, ਜਲ ਥਲ ਪਵਨ ਅਕਾਸ਼ ।੫।

ਛੰਦ

ਸਈਓ ! ਚੜ੍ਹਦੇ ਜੇਠ ਮਹੀਨੇ, ਕੀਤਾ ਜ਼ੋਰ ਵਡਾ ਗਰਮੀ ਨੇ
ਬਿਰਹੋਂ ਭਾਹਿ ਭੜਕਦੀ ਸੀਨੇ, ਸਖੀਆਂ ਪਹਰ ਸਭੇ ਪਟ ਝੀਨੇ
ਗਹਿਣੇ ਪਾਵਨ ਅਜਬ ਨਵੀਨੇ, ਛੱਲੇ ਛਾਪ ਜਗਣ ਨਗੀਨੇ
ਮੈਂ ਤਾਂ ਹੋਈਆਂ ਭੇਸ ਮਲੀਨੇ, ਮੇਰਾ ਕਾਨ੍ਹ ਲਿਆ ਕੁਬਰੀ ਨੇ, ਜ਼ਾਲਮ ਕਾਮਨੀ ।੧।

ਪਾਂਦੀ ਧੁਪ ਕੜਕਦੀ ਲੋਵਾਂ, ਤਪਦੀ ਧਰਤ ਅਕਾਸ਼ ਦਿਸੋਵਾਂ
ਚੜ੍ਹ ਚੜ੍ਹ ਉਚੇ ਮਹਿਲ ਖੜੋਵਾਂ, ਕੂਕਾਂ ਮਾਰ ਲਿਖੀ ਨੂੰ ਰੋਵਾਂ
ਦੂਰੋਂ ਮਾਰਗ ਪੰਧ ਤਕੋਵਾਂ, ਡਾਢੇ ਫੱਟ ਜਿੱਗਰ ਦੇ ਧੋਵਾਂ
ਬਣ ਕੇ ਪੰਖੀ ਗਗਨ ਉਡੋਵਾਂ, ਕੀਕੂ ਸਜਾਮ ਨਜ਼ੀਕਣ ਹੋਵਾਂ
ਜਿਉਂ ਘਨ ਦਾਮਨੀ ।੨।

ਦਿਨ ਦਿਨ ਤਪਤ ਇਵੇਹੀ ਕੜਕੀ, ਛਾਤੀ ਵੇਖ ਹਵਾ ਨੂੰ ਧੜਕੀ
ਬਿਰਹੋਂ ਪੀੜ ਕਰੇਜੇ ਰੜਕੀ, ਲਗੀ ਭਾਹਿ ਇਸ਼ਕ ਦੀ ਭੜਕੀ
ਮੇਰੀ ਜਿੰਦ ਸਜਾਮ ਬਿਨ ਖੜਕੀ, ਜ਼ਾਲਮ ਜੋਬਨ ਦੇਂਦਾ ਮੜਕੀ,ਬਾਝੋਂ ਸਜਾਮ ਨੀ ।੩।

ਸੁਣ ਵੇ ਜੇਠ ! ਕਰਾਂ ਅਰਦਾਸ, ਕਿ ਮੇਰੇ ਦਿਲ ਤੇਰੀ ਸੀ ਆਸ
ਕਿ ਤੂੰ ਤਾਂ ਚਲਿਆ ਛਡ ਅਵਾਸ, ਕਿ ਮੇਰੀ ਕਰ ਜਾ ਬੰਦ ਖਲਾਸ
ਕਿ ਤਪ ਕੇ ਕਰਿ ਕੁਬਜਾ ਦਾ ਨਾਸ, ਕਿ ਮੇਰਾ ਮੀਤ ਮਿਲੇ ਸੁਖ ਰਾਸ
ਕਿ ਕੱਟੇ ਬ੍ਰਿਹੁੰ ਸਿਤਮ ਦੀ ਫਾਸ,ਕਿ ਬੈਠੀ ਕਰਸਾਂ ਭੋਗ ਬਿਲਾਸ,ਸੁਖਾਂ ਦੀ ਜਾਮਨੀ।੪।

ਫੂਲ ਹਰੀ ਕੇ ਹਰਦਮ ਯਾਦ, ਅਰਜ਼ ਤੂੰ ਸੁਣੀ ਮੇਰੀ ਫਰਿਆਦ
ਕਿ ਮੰਗਦੀ ਰੱਬ ਥੋਂ ਯਹੀ ਮੁਰਾਦ, ਕਿ ਸ਼ਾਦੀ ਸਜਾਮ ਦੀ ।੩।

ਦੋਹਰਾ

ਜੇਠ ਕਹੈ ਸੁਨਿ ਕਾਮਨੀ, ਦਾਮਨਿ ਦੁਤਿ ਸੰਸਾਰ
ਚੜ੍ਹਿਆ ਸੁ ਚਲਣਹਾਰ ਹੈ, ਅਪਨੀ ਅਪਨੀ ਵਾਰ ।੬।

ਛੰਦ

ਸੁਣ ਨੀ ਰਾਧੇ ! ਖਿਆਲ ਜਹੂਰ ਦਾ, ਕਰ ਕਰ ਬੈਠਣ ਮਹਲ ਸਪੂਰਦਾ
ਸਿਰ ਤੇ ਕੂਚ ਨਗਾਰਾ ਘੁਰਦਾ, ਇਹ ਤਾਂ ਰਾਹੁ ਜਗਤ ਦਾ ਤੁਰਦਾ
ਰਾਜੇ ਰਾਉ ਛਤ੍ਰ ਸਿਰ ਝੁਰਦਾ, ਕੀਤੇ ਫੜ ਕੇ ਕਾਲ ਅਜੁਰਦਾ
ਲਿਖਿਆ ਹੁਕਮ ਰਬਾਣੀ ਧੁਰ ਦਾ, ਕੀਤੇ ਲਖ ਜਤਨ ਨਹੀਂ ਮੁੜਦਾ
ਲੇਖਣ ਸਾਰ ਦੀ ।੧।



Sri Satguru Jagjit Singh Ji eLibrary NamdhariElibrary@gmail.com

ਢਲਣਾ ਪੀਰ ਅਮੀਰਾਂ ਸਾਹਾਂ, ਸਦਾ ਨ ਸੱਜਣ ਦੇ ਗਲ ਬਾਹਾਂ
ਜੀਕੂੰ ਢਲਨ ਬ੍ਰਿਛੀਆਂ ਛਾਹਾਂ, ਚਲਣਾ ਤਿਵੇਂ ਰੁਤ ਤੇ ਮਾਹਾਂ
ਰਲਣਾ ਆਖ਼ਰ ਵਿਚ ਸੁਆਹਾਂ, ਵਿਚੇ ਰਹਿਣ ਚਿਤ ਦੀਆਂ ਚਾਹਾਂ
ਸਿਰ ਤੇ ਬਲਨ ਮੌਤ ਦੀਆਂ ਭਾਹਾਂ, ਉਸਦੀ ਕੁਦਰਤਿ ਤੋਂ ਬਲਿ ਜਾਹਾਂ
ਪਰਵਦਗਾਰ ਦੀ ।੨।

ਜਦ ਸੀ ਕੋਲ ਤੇਰੇ ਬ੍ਰਿਜਬਾਸੀ, ਤਦ ਤੂੰ ਬੈਠੇਂ ਵਿਚ ਖਵਾਸੀ
ਕਰਦੀ ਖੁਸ਼ੀਆਂ ਭੋਗ ਬਿਲਾਸੀ, ਮਹਿਲੀਂ ਸੇਜ ਵਿਛਾਵੇਂ ਖਾਸੀ
ਹਰਿ ਜੀ ਨਾਲ ਕਰੇਂ ਰਸ ਹਾਸੀ, ਜੋਬਨ ਰੰਗ ਨਵਾਂ ਚੜ੍ਹਿਆ ਸੀ
ਉਸ ਦਿਨ ਰਾਧੇ ਕਉਣ ਹਵਾਸੀ, ਹੁਣ ਕਿਉਂ ਲਗੀ ਚਿਤ ਉਦਾਸੀ
ਯਾਦ ਬਹਾਰ ਦੀ ।੩।

ਹੁਣ ਤਾਂ ਛਡ ਗਏ ਗਿਰਧਰ ਜੀ, ਡੇਰੇ ਲਾ ਮਥਰਾ ਵਿਚ ਹਰਿ ਜੀ
ਕੀਤਾ ਜ਼ਾਲਮੀ ਜ਼ੁਲਮ ਅਚਰਜੀ, ਮਤਲਬ ਆਪਣੇ ਦਾ ਸੀ ਗਰਜ਼ੀ
ਰਾਧੇ ਕੀ ਤੇਰੀ ਨੀ ਮਰਜ਼ੀ, ਕਰਿ ਤੂੰ ਹਾੜ ਅਗੇ ਹੁਣ ਅਰਜ਼ੀ
ਤੈਨੂੰ ਆਣ ਮਿਲਾਵੇ ਹਰਿ ਜੀ, ਲੋਕੋ ! ਰਹਿੰਦੀ ਮੂਲ ਨ ਬਰਜੀ
ਗਤਿ ਕਰਤਾਰ ਦੀ ।੪।

ਭੁਲ ਹਰੀ ਕਿ ਹਰਦਮ ਯਾਰ, ਸਿਮਰ ਲੈ ਸਚਾ ਪਰਵਦਗਾਰੁ
ਚੜ੍ਹੀ ਹੁਣ ਅਗਲੀ ਅਜਬ ਬਹਾਰ, ਮਹੀਨਾ ਗੁਜ਼ਰਿਆ । ੩ ।

ਦੋਹਰਾ

ਪਾਵਸ ਰੁਤ ਆਈ ਸਖੀ ! ਬਾਦਰ ਕੀਏ ਪ੍ਰਕਾਸ
ਹਾੜ ਮਹੀਨੇ ਸਜਾਮ ਬਿਨ, ਖਾਲੀ ਪਰੇ ਅਵਾਸ ।੭।

ਛੰਦ

ਸਈਓ ! ਹਾੜ ਮਹੀਨਾ ਚੜ੍ਹਿਆ, ਬਦਲੀ ਰਾਹੁ ਹਵਾ ਦਾ ਫੜਿਆ
ਸੀਨਾ ਭਾਹਿ ਇਸ਼ਕ ਦੀ ਸੜਿਆ, ਬ੍ਰਿਹੋਂ ਨਾਗ ਇਆਣਾ ਲੜਿਆ
ਲੂੰ ਲੂੰ ਵਿਚ ਜ਼ਹਿਰ ਨੀ ਵੜਿਆ, ਮੇਰਾ ਜਿਗਰ ਜੰਜ਼ੀਰੀਂ ਜੜਿਆ
ਹਰਿ ਜੀ ਆਉ ਕਦੇ ਹੁਣ ਅੜਿਆ, ਮੈਂ ਤਾਂ ਲੜ ਤੈਂਡਾ ਸੀ ਫੜਿਆ
ਗੋਬਿੰਦ ਜਾਣ ਕੇ ।੧।

ਵੇ ਤੂੰ ਆਉ ਕਦੇ ਬ੍ਰਿਜ ਸਾਈਆਂ, ਚੜ ਕੇ ਸਯਾਮ ਘਟਾਂ ਨੀ ਆਈਆਂ
ਵਰਸਣ ਮੇਘ ਛਹਿਬਰਾਂ ਲਾਈਆਂ, ਮੈਂ ਤਾਂ ਦੇਂਦੀ ਕੂਕ ਦੁਹਾਈਆਂ
ਨੈਣੀਂ ਨੀਰ ਫੁਹਾਰਾਂ ਛਾਈਆਂ, ਸੋਲਾਂ ਸਹਿਸ ਸਖੀ ਕੁਰਲਾਈਆਂ
ਫੜਕੇ ਜ਼ੁਲਫ਼ਾਂ ਪੁਟ ਗਵਾਈਆਂ, ਸਭਨੀਂ ਅੰਗ ਬਿਭੂਤ ਰਮਾਈਆਂ
ਮਤ ਨਿਰਬਾਣ ਕੇ ।੨।

ਝੜ੍ਹਕੇ ਘਟਾਂ ਕਾਲੀਆਂ ਘੂਕੀ, ਰਲਕੇ ਪੌਣ ਫੁਹਾਰਾਂ ਸ਼ੂਕੀ



Sri Satguru Jagjit Singh Ji eLibrary NamdhariElibrary@gmail.com

ਕੋਇਲ ਅੰਬਾਂ ਭਾਲ ਕੁਹੂਕੀ, ਬਨ ਵਿਚ ਮੋਰਨੀਆਂ ਸਭ ਕੂਕੀ
ਕੇਹਾ ਮਿਲਯਾ ਸਜਾਮ ਬੰਦੂਕੀ, ਧਰ ਕੇ ਅੱਗ ਬ੍ਰਿਹੋਂ ਕੀ-ਫੂਕੀ
ਨੈਣੀ ਹੰਝੂ ਨ ਵਗਦੀ ਸੂਕੀ, ਨੀ ਮੈਂ ਵਖਤ ਕੇਹਾ ਤਦ ਚੂਕੀ, ਸਮੇ ਪ੍ਰਯਾਣ ਕੇ ।੩।
ਸੁਣ ਵੇ ਹਾੜਾ ਬਾਲ ਸਖਾਤੀ, ਫੜਕੇ ਹਥ ਬ੍ਰਿਹੁੰ ਦੀ ਕਾਤੀ
ਕਾਗਦ ਕਤਰ ਬਣਾਵਾਂ ਛਾਤੀ, ਵੱਢਾਂ ਉਂਗਲ ਕਲਮ ਬਣਾਤੀ
ਰੋ ਰੋ ਲਿਖਾਂ ਸਜਾਮ ਨੂੰ ਪਾਤੀ, ਵੇ ਤੂੰ ਆਉ ਪੂਤਨਾ-ਘਾਤੀ
ਤੁਧ ਬਿਨ ਤੜਫਾਂ ਮੈਂ ਦਿਨ ਰਾਤੀ, ਅਠੇ ਪਹਿਰ ਫਿਰਾਂ ਬਿਲਲਾਤੀ
ਪ੍ਰੀਤਮ ਠਾਣ ਕੇ ।੪।

ਫੁਲ ਹਰੀ ਕਿ ਹਰਦਮ ਯਾਦ, ਅਰਜ਼ ਤੂੰ ਸੁਣੀ ਮੇਰੀ ਫਰਿਆਦ
ਕਿ ਮੰਗਦੀ ਰੱਬ ਥੋਂ ਯਹੀ ਮੁਰਾਦ, ਕਿ ਸ਼ਾਦੀ ਸਜਾਮ ਦੀ ।੪।

ਦੋਹਰਾ

ਹਾੜ ਹਕੀਕਤ ਹਾਲ ਦੀ, ਕਹਈ ਰਾਧੇ ਸੰਗ
ਜਿਂਹ ਜਿਂਹ ਕੋ ਜਿਵ ਜਿਵ ਮਿਲੇ, ਪ੍ਰੀਤਮ ਮੀਤ ਪਸੰਗ ।੮।

ਛੰਦ

ਸੁਣ ਲੈ ਐਸ ਇਸ਼ਕ ਦੀ ਰਮਕਾਂ, ਲਾ ਕੇ ਬ੍ਰਿਹੁੰ ਵਿਖਾਵੇ ਝਮਕਾਂ
ਰਾਂਝੇ ਹੀਰ ਸਹੀ ਸਿਰ ਦਮਕਾਂ, ਮਾਪੇ ਲਾਇ ਥਕੇ ਤਨ ਛਮਕਾਂ
ਕਾਜ਼ੀ ਸਖਤ ਦਿਤੀ ਫੜ ਚਮਕਾਂ, ਸਹੀਆਂ ਲਖ ਖੇੜਿਆਂ ਦੀਆਂ ਧਮਕਾਂ
ਛਡੇ ਕੌਣ ਇਸ਼ਕ ਦੀਆਂ ਗ਼ਮਕਾਂ, ਡਾਢੀ ਲਗ ਚੇਟਕ ਦੀ ਠਮਕਾਂ
ਨਿਤ ਤਨ ਗਾਲਦੀ ।੧।
ਸੱਸੀ ਨਾਲ ਅਵੇਹੀ ਕੀਤੀ, ਚਸ਼ਮਾਂ ਨਾਲ ਪੁੰਨੂੰ ਦੇ ਸੀਤੀ
ਕਪੜੇ ਪਾੜ ਫਕੀਰੀ ਲੀਤੀ, ਜ਼ੁਲਫਾਂ ਖੋਲ੍ਹ ਸ਼ਿੰਗਾਰ ਸਮੀਤੀ
ਚੜੀਆਂ ਇਸ਼ਕ ਸ਼ਰਾਬਾਂ ਪੀਤੀ, ਕੀਕੂ ਬੈਠਾਂ ਮੈਂ ਚੁਪ ਕੀਤੀ
ਘੜੀ ਇਕ ਚਹੁੰ ਜੁਗਾਂ ਸਮ ਬੀਤੀ, ਜਿੰਦੜੀ ਵਾਰ ਫੇਰ ਕੇ ਦੀਤੀ
ਥਲ ਵਿਚ ਭਾਲਦੀ ।੨।
ਮੇਂਹੀਵਾਲ ਸੋਹਣੀ ਨਾਲੇ, ਤਰ ਦਰੀਆਉ ਕੌਲ ਨੂੰ ਪਾਲੇ
ਮਿਰਜ਼ਾ ਪਕੜ ਸਾਹਿਬਾਂ ਜਾਲੇ, ਰੋਡਾ ਵੇਖ ਜਿ ਨਾਲ ਜਲਾਲੇ
ਲੇਲਾਂ ਮਜਨੂੰ ਜਗਤ ਉਜਾਲੇ, ਇਸ਼ਕੇ ਹੋਰ ਵਡੇ ਘਰ ਗਾਲੇ
ਸਕਦਾ ਕੌਣ ਹਿਸਾਬ ਬਹਾਲੇ, ਤੈ ਤਾਂ ਪੀਤੇ ਇਸ਼ਕ ਪਿਆਲੇ,ਪ੍ਰੀਤਿ ਨੰਦ ਲਾਲ ਦੀ ।੩।
ਸੁਣ ਨੀ ਰਾਧੇ ! ਤੈਂ ਕਿਆ ਕੀਤਾ, ਪਿਆਲਾ ਘੋਲ ਜ਼ਹਿਰ ਦਾ ਪੀਤਾ
ਅਪਣਾ ਦਿਲ ਮਾਹੀ ਨੂੰ ਦੀਤਾ, ਤੜਫੇ ਬਾਝ ਰਾਮ ਜਿਉਂ ਸੀਤਾ
ਕੀ ਤੈਂ ਐਸ਼ ਇਸ਼ਕ ਥੋਂ ਲੀਤਾ, ਮਿਲਸੀ ਕਦੋਂ ਸਜਾਮ ਜੀ ਮੀਤਾ
ਮੈਂ ਤਾਂ ਵੇਖ ਰਹਿਆ ਚੁਪ ਕੀਤਾ, ਸਾਡੇ ਸਭ ਕੁਲ ਦੀ ਯਹਿ ਰੀਤਾ
ਚੜ੍ਹ ਕੇ ਚਾਲ ਦੀ ।੪।



Sri Satguru Jagjit Singh Ji eLibrary NamdhariElibrary@gmail.com

ਛੁਲ ਹਰੀ ਕੇ ਹਰਿ ਦਮ ਯਾਰ, ਸਿਮਰਲੈ ਸਚਾ ਪਰਵਦਗਾਰ
ਚੜ੍ਹੀ ਹੁਣ ਅਗਲੀ ਅਜਬ ਬਹਾਰ, ਮਹੀਨਾ ਗੁਜ਼ਰਿਆ ।੪।

ਦੋਹਰਾ

ਸਾਵਨ ਆਇਆ ਰੀ ਸਖੀ, ਨੀਕੀ ਚੜ੍ਹੀ ਬਹਾਰ
ਘਨ ਗਰਜਤ ਬਿਜਲੀ ਖਿਵੈ, ਝਿਮ ਝਿਮ ਪਰਤ ਫੁਹਾਰ ।੯।

ਛੰਦ

ਚੜਿਆ ਮਾਹ ਰੰਗੀਲਾ ਸਾਵਨ, ਘਨੀਅਰ ਗਰਜ ਗਰਜ ਝੁਕ ਜਾਵਨ
ਬਨ ਵਿਚ ਮੋਰ ਪਾਇਲਾਂ ਪਾਵਨ, ਪੀਯ ਪੀਯ ਟੇਰ ਪਪੀਹੇ ਲਾਵਨ
ਧਰਨੀ ਸਬਜ਼ ਰੰਗ ਦਰਸਾਵਨ, ਸਖੀਆਂ ਸਭ ਸ਼ਿੰਗਾਰ ਬਣਾਵਨ
ਰੇਸ਼ਮ ਡੋਰ ਹਿੰਡੋਲੇ ਪਾਵਨ, ਝੂਟਨਿ ਹੱਸਣ ਖੇਡਣ ਗਾਵਨ, ਬਾਗੀਂ ਜਾਇਕੇ ।੧।
ਚਹੁੰਦਿਸ ਲਾਈਆਂ ਵੇ ਘਨਘੋਰਾਂ, ਕੀਤਾ ਸ਼ੋਰ ਦਾਦਰਾਂ ਮੋਰਾਂ
ਕੂਕਨ ਬਿੰਡੇ ਬਨ ਚਹੁ ਓਰਾਂ, ਮੇਰਾ ਸਜਾਮ ਲਇਆ ਫੜ ਚੋਰਾਂ
ਛੁਟੇ ਬਾਜ਼ ਰਹੀ ਹਥ ਡੋਰਾਂ, ਨੀ ਮੈਂ ਕਰ ਰਹੀ ਬਚਨ ਕਠੋਰਾਂ
ਲਿਖ ਲਿਖ ਪਤੀਆਂ ਕਾਸਦ ਟੋਰਾਂ, ਫੜ ਕੇ ਦਸਤੀ ਦਸਤ ਮਰੋਰਾਂ
ਮਨ ਪਛੁਤਾਇਕੇ ।੨।

ਨੀ ਮੈਂ ਬਾਝ ਸਜਾਮ ਕਿਉਂ ਜੀਵਾਂ, ਪਯਾਲਾ ਘੋਲ ਜ਼ਹਿਰ ਦਾ ਪੀਵਾਂ
ਮਹਿਲੀਂ ਚੜ੍ਹਕੇ ਪੰਧ ਤਕੀਵਾਂ, ਜ਼ੁਲਫ਼ਾਂ ਖੋਲ੍ਹ ਬਿਰਾਗਣਿ ਥੀਵਾਂ
ਕਫਨੀ ਸਯਾਮ ਬ੍ਰਿਹੋਂ ਦੀ ਸੀਵਾਂ, ਕਿਤ ਵਲ ਦੇਸ ਬਿਦੇਸ ਰਮੀਵਾਂ
ਭਿਛਾ ਘਰਿ ਘਰਿ ਜਾਇ ਮੰਗੀਵਾਂ; ਅੜੀਓ ! ਰਾਵਲ ਭੇਖ ਬਣੀਵਾਂ
ਖ਼ਾਕ ਰਮਾਇਕੇ ।੩।

ਸੁਣ ਵੇ ਸਾਵਣ ! ਕਰਦੀ ਅਰਜ਼ਾਂ, ਸੁਣਕੇ ਘਟ ਘਨੀਅਰ ਦੀ ਗਰਜਾਂ
ਛਾਤੀ ਪਾਟ ਪਈ ਵਿਚ ਦਰਜਾਂ, ਦਾਮਨ ਦਮਨ ਦਿਖਾਲੇ ਤਰਜ਼ਾਂ
ਕੰਬੀ ਜਿੰਦ ਖਾਇ ਕੇ ਲਰਜ਼ਾਂ, ਤੈਨੂੰ ਹੱਥ ਜੋੜਕੇ ਬਰਜਾਂ
ਵੇਖੀ ਹੁਣੇ ਕਦੇ ਮੈਂ ਮਰਜਾਂ, ਮੇਰੇ ਦਿਲ ਵਿਚ ਵਡੀਆਂ ਗਰਜ਼ਾਂ, ਪੂਰਣ ਆਇਕੇ ।੪।

ਫੁਲ ਹਰੀ ਕੇ ਹਰਦਮ ਯਾਦ, ਅਰਜ਼ ਤੂੰ ਸੁਣ ਮੇਰੀ ਫਰਿਆਦ
ਕਿ ਮੰਗਦੀ ਰਬ ਥੋਂ ਇਹੀ ਮੁਰਾਦ; ਕਿ ਸ਼ਾਦੀ ਸਯਾਮ ਦੀ ।੫।

ਦੋਹਰਾ

ਸਾਵਨ ਕਹਿ ਸੁਨ ਸ਼ਾਂਵਰੀ ! ਅਨਚਾਹਿਤ ਸੋ ਪ੍ਰੀਤਿ
ਦੀਪਕ ਦੇਖ ਪਤੰਗ ਜਿਉਂ, ਜਰ ਜਰ ਮਰਨ ਅਨੀਤ ।੧੦।

ਛੰਦ

ਸੁਣਿ ਲੈ ਕਮਲੀ ਬਚਨ ਕਰਾਰੇ, ਕਿਉਂ ਤੈਂ ਹਾਰ ਸ਼ਿੰਗਾਰ ਉਤਾਰੇ
ਖੁਲ੍ਹੇ ਵਾਲ ਲਟਕਦੇ ਕਾਰੇ, ਤੜਫੇ ਮਛਲੀ ਜਿਉਂ ਬਿਨ ਖਾਰੇ



Sri Satguru Jagjit Singh Ji eLibrary NamdhariElibrary@gmail.com

ਹੋ ਕੇ ਪਈ ਏਂ ਮਰਨ ਕਿਨਾਰੇ, ਮਲੀ ਬਿਭੂਤਾ ਬਦਨ ਉਘਾਰੇ
ਝਿਮ ਝਿਮ ਵਰਸਨ ਨੈਣ ਫੁਹਾਰੇ, ਕਿਉਂਕਰ ਛਡੇ ਐਡ ਅਖਾਰੇ, ਦੁਖ ਦੇ ਦਾਗ਼ ਨੀ ।੧।
ਉਨ ਤਾਂ ਖਬਰ ਨ ਮੁੜ ਕੇ ਘੱਲੀ, ਕੇਹੀ ਕੀਤੀ ਕ੍ਰਿਸ਼ਨ ਅਵੱਲੀ
ਗੋਕੁਲ ਤਜ ਕੇ ਮਥਰਾ ਮੱਲੀ, ਤੈਨੂੰ ਛਡ ਤੜਫਦੀ ਕੱਲੀ
ਬੈਠਾ ਕੁਬਜਾ ਰੰਗ ਮਹੱਲੀਂ, ਕਿਉਂ ਤੂੰ ਫਾਥੀ ਆਣ ਕੁਵੱਲੀ
ਪਈਏ ਬ੍ਰਿਹੋਂ ਸਰਾਂ ਦੀ ਸੱਲੀ, ਤਜ ਘਰ ਬਾਰ ਫਕਰ ਹੋ ਚੱਲੀ
ਲਿਆ ਬਿਰਾਗ ਨੀ ।੨।
ਰਾਂਝਾ ਵੇਖ ਹੀਰ ਦਾ ਬਰਦਾ, ਚੜ੍ਹੀ ਝਨਾਉਂ ਠਿਲ੍ਹ ਕੇ ਤਰਦਾ
ਕਪੜੇ ਫਾੜ ਫਕੀਰੀ ਕਰਦਾ, ਪੁੰਨੂੰ ਆਹ ਖੜਾ ਹੋ ਭਰਦਾ
ਜਿੰਦੜੀ ਕਢ ਕਬਰ ਵਿਚ ਧਰਦਾ, ਮਜਨੂੰ ਸੁੱਕ ਹੋਇਆ ਰੰਗ ਜਰਦਾ
ਖਲੜੀ ਲਾਹਿ ਹਵਾਲੇ ਕਰਦਾ, ਮਿਰਜ਼ਾ ਵੇਖ ਅਚਾਨਕ ਮਰਦਾ
ਦਿਲ ਵਿਚ ਲਾਗ ਨੀ ।੩।
ਕਿਥੋਂ ਤੀਕ ਕੋਈ ਗਿਣ ਦਸੇ, ਅਸਰ ਕੀ ਆਣ ਜਿਨਾਂ ਤਨ ਵਸੇ
ਫੜਕੇ ਦੁਹਾਂ ਧਿਰਾਂ ਨੂੰ ਕਸੇ, ਨੀਂਦਰ ਭੁਖ ਦੁਹਾਂ ਦੀ ਨਸੇ
ਤੂੰ ਤਾਂ ਆਪ ਪਈ ਵਿਚ ਰੱਸੇ, ਉਹ ਤਾਂ ਵੇਖ ਤੇਰੀ ਵਲ ਹੱਸੇ
ਮੈਂ ਹੁਣ ਤੁਰਸਾਂ ਹੁਕਮ ਅਵੱਸੇ, ਆਯਾ ਵੇਖੋ ਝਿਮ ਝਿਮ ਵੱਸੇ, ਭਾਦੋਂ ਭਾਗ ਨੀ ।੪।
ਫੁਲ ਹਰੀ ਕਿ ਹਰਦਮ ਯਾਰ, ਸਿਮਰ ਲੈ ਸਚਾ ਪਰਵਦਗਾਰ
ਚੜ੍ਹੀ ਹੁਣ ਅਗਲੀ ਅਜਬ ਬਹਾਰ, ਮਹੀਨਾ ਗੁਜ਼ਰਿਆ ।੫।

ਦੋਹਰਾ

ਭਰਿ ਭਰਿ ਬਾਦਰ ਆਵਤੇ, ਘਟਾ ਜ਼ੋਰ ਘਨਘੋਰ
ਬਰਸ ਬਰਸ ਉਘਰਤ ਭਲੇ, ਵੇ ਭਾਦੋਂ ਕੇ ਲੋਰ ।੧੧।

ਛੰਦ

ਭਾਦੋਂ ਭਰਿ ਭਰਿ ਆਵਨ ਬਾਦਰ, ਬੋਲਨ ਮੋਰ ਪਪੀਹਰੇ ਬਾਦਰ
ਮੂਸਲਧਾਰ ਛੁਟੇ ਜਲ ਨਾਦਰ, ਧਰਨੀ ਬਿਛੀ ਜਲਾਂ ਦੀ ਚਾਦਰ
ਕੋਇਲ ਕੂਕ ਕਰੇ ਦਿਲ ਕਾਦਰ, ਕੇਹੀ ਕੀਤੀ ਰਾਮ ਬਿਰਾਦਰ
ਜਾ ਕੇ ਮੱਲ ਬਹੇ ਕੁਬਜਾ ਦਰ, ਉਹ ਤਾਂ ਬਣ ਗਈ ਅਜ ਬਹਾਦਰ
ਲੈ ਕੇ ਸਜਾਮ ਨੀ ।੧।
ਕੇਹੇ ਕੀਤੇ ਕੁਬਜਾ ਕਾਰਨ, ਦੇ ਕੇ ਦੁਖ ਦਿਲਾਂ ਨੂੰ ਦਾਰਨ
ਤੜਫਨ ਸਭੇ ਬ੍ਰਿਜ ਦੀ ਗ੍ਵਾਰਨ, ਰੋ ਰੋ ਕੂਕਨ ਦਸਤ ਉਭਾਰਨ
ਖੋਲ੍ਹਨ ਧੜੀਆਂ ਮਾਂਗ ਬਿਦਾਰਨ, ਤੋੜਨ ਹਾਰ ਸਾਰੀਆਂ ਪਾਰਨ
ਮਾਲਨ ਲਗੀ ਸਜਾਮ ਬਿਹਾਰਨ, ਲੈ ਕੇ ਚੜ੍ਹ ਗਈ ਉਚ ਅਟਾਰਨ
ਕੁਬਰੀ ਕਾਮਨੀ ।੨।



Sri Satguru Jagjit Singh Ji eLibrary NamdhariElibrary@gmail.com

ਦੇਖੋ ਕੀਤੀ ਕ੍ਰਿਸ਼ਨ ਅਦਾਲਤ, ਸੋਲਾਂ ਸਹਸ ਤਜੀ ਬ੍ਰਿਜ ਬਾਲਤ
ਜੋਬਨ ਰੂਪ ਮਸਾਲ ਜਮਾਲਤ, ਘੂਮਤ ਮਸਤ ਹਸਤਿ ਸੀ ਚਾਲਤ
ਦੇਖ ਅਨੰਗ ਨ ਅੰਗ ਸੰਭਾਲਤ, ਉਸਨੂੰ ਕੀਕੂੰ ਕੋਲ ਬਹਾਲਤ
ਦਿਲ ਵਿਚ ਰੰਚ ਨ ਕਰੇ ਗਿਲਾਲਤ, ਟੁਟੀ ਕਮਰ ਕੁਜਾਤ ਰਿਜਾਲਤ
ਨੀਚ ਗੁਲਾਮ ਨੀ।੩।

ਭਾਦੋਂ ਭਰ ਜੋਬਨ ਭਰ ਪੂਰਨ, ਮੈਂ ਤਾਂ ਕਰੀਂ ਬ੍ਰਿਹੋਂ ਨੇ ਚੂਰਨ
ਕੀਤਾ ਤੈਂ ਕੋਈ ਜਤਨ ਜ਼ਰੂਰ ਨ, ਮੇਰਾ ਮਿਟਤ ਨ ਝਗਰਾ ਝੂਰਨ
ਜੀਵਾਂ ਬਾਝ ਸਯਾਮ ਮੈਂ ਮੂਰ ਨ, ਦਿਲ ਦਾ ਦਰਦ ਜੁ ਹੋਂਦਾ ਦੂਰ ਨ
ਮੈਨੂੰ ਕਰ ਜਾ ਸਯਾਮ ਹਜ਼ੂਰਨ, ਮਿਲਗਿਲ ਹੋਨ ਮੁਰਾਦਾਂ ਪੂਰਨ
ਜਿਉਂ ਘਨ ਦਾਮਨੀ।੪।

ਭੁਲ ਹਰੀ ਕਿ ਹਰਦਮ ਯਾਦ, ਕਿ ਮੰਗਦੀ ਰਬ ਥੋਂ ਯਹੀ ਮੁਰਾਦ
ਅਰਜ਼ ਤੂੰ ਸੁਣ ਮੇਰੀ ਫਰਿਆਦ, ਕਿ ਸ਼ਾਦੀ ਸਯਾਮ ਦੀ।੬।

ਦੋਹਰਾ

ਭਾਦੋਂ ਭਰਮ ਤਜ ਭਾਮਨੀ ! ਭਰ ਮਰਦਾਨੀ ਹੋਇ
ਜੋ ਕਿਛੁ ਲੇਖ ਲੇਖਕ ਲਿਖਿਓ, ਮੇਟ ਨ ਸਕਦਾ ਕੋਇ।੧੨।

ਛੰਦ

ਰਾਧੇ ਅਰਜ਼ ਮੇਰੀ ਤੂੰ ਸੁਣ ਲੈ, ਸੁਣਕੇ ਦਿਲ ਅਪਣੇ ਵਿਚ ਗੁਣ ਲੈ
ਜਗ ਵਿਚ ਸਾਰ ਵਸਤ ਨੂੰ ਚੁਣ ਲੈ, ਨੀਰੋ ਛੀਰ ਸੀਰ ਨੂੰ ਪੁਣ ਲੈ
ਬੀਜੇ ਕਰਮ ਆਪਣੇ ਲੁਣ ਲੈ, ਕੱਤਿਆ ਆਪ ਆਪਣਾ ਉਣ ਲੈ
ਕੀਤੇ ਪੂਰਬ ਦਾ ਫਲ ਹੁਣ ਲੈ, ਰੋ ਰੋ ਸ੍ਵਾਸ ਸੀਸ ਨੂੰ ਧੁਣ ਲੈ,ਪ੍ਰੀਤਮ ਕਾਰਨੇ।੧।

ਦਿਲ ਵਿਚ ਕਰ ਸੰਤੋਖ ਗੁਮਾਨਣ, ਅੰਦਰ ਖੋਜ ਗਿਆਨ ਦੇ ਚਾਨਣ
ਛਡ ਦੇ ਖ਼ੁਦੀ ਗੁਮਾਨ ਇਆਨਣ, ਹੋ ਰਹੁ ਪ੍ਰੇਮ ਨੇਮ ਵਿਚ ਧਯਾਨਣ
ਉਹ ਤਾਂ ਬੰਧੇ ਪ੍ਰੀਤਿ ਦੇ ਬਾਨਣ, ਤੇਰੀ ਪੂਰਨ ਪ੍ਰੀਤਿ ਪਛਾਨਣ
ਸਭੇ ਬੇਦ ਪੁਰਾਨ ਬਖਾਨਣ,ਹਰਿ ਜੀ ਸਭ ਘਟ ਘਟ ਦੀ ਜਾਨਣ,ਪਤਿਤ ਉਧਾਰਨੇ।੨।

ਮਜਲਸ ਬਿਚ ਦ੍ਰੋਪਤੀ ਧਯਾਏ, ਕਪੜ ਕੋਟਨ ਕੋਟ ਬਧਾਏ
ਗਜਪਤ ਰਾਮ ਕਹਣ ਨਹੀਂ ਪਾਏ, ਨੰਗੇ ਚਰਨ ਬਿਕੁੰਠੋਂ ਧਾਏ
ਆਪਨ ਜਨ ਪ੍ਰਹਿਲਾਦ ਬਚਾਏ, ਥੰਭੋਂ ਨਿਕਲ ਦੁਸ਼ਟ ਚੁਣ ਘਾਏ
ਗਨਕਾ ਸਹਤ ਅਜਾਮਲ ਭਾਏ, ਜੂਠੇ ਬੇਰ ਭੀਲਨੀ ਖਾਏ, ਨੀਚ ਨਿਸਤਾਰਣੇ।੩।

ਏਹੁ ਤਾਂ ਪ੍ਰੇਮ ਅਕਥ ਕਹਾਣੀ, ਜਾਨਣ ਸੇ ਜਿਨ ਸੀਸ ਬਿਹਾਣੀ
ਖਾਂਦੇ ਅੰਨ ਨ ਪੀਂਦੇ ਪਾਣੀ, ਦਿਲ ਕਰਿ ਸਫ਼ਾ ਸਫਰ ਪੌ ਸਿਆਣੀ
ਹਰਿ ਜੀ ਸਭ ਘਟ ਘਟ ਦੇ ਜਾਣੀ, ਆਪੇ ਮਿਲਸਨ ਸਾਰੰਗਪਾਣੀ
ਸਾਡੇ ਕੁਲ ਦੀ ਰਸਮ ਨਿਮਾਣੀ,ਚੜ੍ਹਕੇ ਉਤਰਣ ਆਵਣ ਜਾਣੀ,ਰਚਿ ਕਰਤਾਰ ਨੇ।੪।



Sri Satguru Jagjit Singh Ji eLibrary NamdhariElibrary@gmail.com

ਭੁਲ ਹਰੀ ਕੋ ਹਰਦਮ ਯਾਰ, ਸਿਮਰਲੈ ਸਚਾ ਪਰਵਦਗਾਰ
ਚੜ੍ਹੀ ਹੁਣ ਅਗਲੀ ਅਜਬ ਬਹਾਰ, ਮਹੀਨਾ ਗੁਜ਼ਰਿਆ ।੬।

ਦੋਹਰਾ

ਮਾਸ ਕੁਵਾਰ ਜੁ ਸਰਦ ਰੁਤ, ਨਿਰਮਲ ਅਵਨਿ ਅਕਾਸ਼
ਹਾ ਹਾ ! ਹੌਂ ਹਰਿ ਹਰਿ ਰਟੌ, ਲੈ ਲੈ ਉਰਧ ਉਸਾਸ ।੧੩।

ਛੰਦ

ਚੜ੍ਹਿਆ ਅੱਸੂ ਮਾਹ ਬਿਸ਼ਾਰਦ, ਜਲ ਬਿਨ ਫਿਰਨ ਸ੍ਵੇਤ ਹ੍ਵੈ ਵਾਰਦ
ਨਿਰਮਲ ਰੈਨ ਚੈਨ ਬਿਨ ਦਾਰਦ, ਧਰਨੀ ਧੋਇ ਧਰੀ ਵਿਚ ਪਾਰਦ
ਕੀਤੀ ਬ੍ਰਿਹੋਂ ਮਾਰ ਕੇ ਗਾਰਦ, ਸੁਕਾ ਬਦਨ ਰੰਗ ਹੋ ਜ਼ਾਰਦ
ਰੋ ਰੋ ਕੂਕਾਂ ਮਾਰ ਪੁਕਾਰਦ, ਪੂਰਬ ਪ੍ਰੀਤਿ ਨ ਸਜਾਮ ਸੰਭਾਰਦ, ਜਮਨਾ ਕੂਲ ਦੀ ।੧।

ਦਿਨ ਦਿਨ ਰੁਤ ਸਰਸਦੀ ਸਰਦੀ, ਕੇਹਾ ਮਿਲਿਆ ਕਾਨ੍ਹ ਬਿਦਰਦੀ
ਕੀਤੋ ਹਥ ਬ੍ਰਿਹੋਂ ਦੇ ਬਰਦੀ, ਉਡਿਆ ਰੰਗ ਫਿਰੀ ਮੁਖ ਜ਼ਰਦੀ
ਉਠਦੀ ਦਿਲ ਵਿਚ ਲਹਰ ਕਹਰ ਦੀ, ਲੈ ਵੇ ਸਜਾਮ ! ਕਦੇ ਸੁਧ ਘਰ ਦੀ
ਮੈਂ ਤਾਂ ਹੋ ਚੇਰੀ ਜਲ ਭਰਦੀ, ਚਸ਼ਮਾਂ ਕਢ ਚਰਨ ਤਲ ਧਰਦੀ, ਬਖਸ਼ੀਂ ਭੁਲਦੀ ।੨।

ਘਰਿ ਘਰਿ ਪੂਜਤ ਲੋਕ ਦੁਸਹਰਾ, ਧੁੰਮਾਂ ਪਈ ਵਿਚ ਸਭ ਸ਼ਹਰਾਂ
ਵਗਦੇ ਨੀਰ ਨੈਨ ਭਰ ਨਹਿਰਾਂ, ਵੇਖਾਂ ਬੈਠ ਇਸ਼ਕ ਦੀਆਂ ਲਹਿਰਾਂ
ਸਹਿਸੀ ਕੌਣ ਹਿਜਰ ਦੀਆਂ ਜ਼ਹਰਾਂ, ਰੋ ਰੋ ਕੂਕਾਂ ਉਚੀ ਬਹਰਾਂ
ਕੁਬਰੀ ਚੜਿ ਚਮਕੀ ਵਿਚ ਕਹਿਰਾਂ, ਲੈਂਦੀ ਸਜਾਮ ਪ੍ਰੀਤਿ ਦੀ ਠਹਿਰਾਂ
ਸੁਖ ਵਿਚ ਝੂਲਦੀ ।੩।

ਕਿਉਂ ਵੇ ਅੱਸੂ ! ਕੀ ਦਿਲ ਤੇਰੇ, ਹਰਿ ਜੀ ਫੇਰ ਨ ਕੀਤੇ ਫੇਰੇ
ਪਾਏ ਲੱਖ ਦੁਖਾਂ ਨੇ ਘੇਰੇ, ਕਰਿ ਕੋਈ ਜਤਨ ਜ਼ਰੂਰ ਸਵੇਰੇ
ਮੇਰਾ ਸਜਾਮ ਆਵੇ ਮੁੜ ਡੇਰੇ, ਕੇਹੀ ਬਾਬ ਕਰੀ ਤੈਂ ਮੇਰੇ, ਵੈਰਣ ਮੂਲ ਦੀ ।੪।
ਭੁਲ ਹਰੀ ਕਿ ਹਰਦਮ ਯਾਦ, ਅਰਜ਼ ਤੂੰ ਸੁਣ ਮੇਰੀ ਫਰਿਆਦ
ਕਿ ਮੰਗਦੀ ਰੱਬ ਥੋਂ ਇਹ ਮੁਰਾਦ, ਕਿ ਸ਼ਾਦੀ ਸਜਾਮ ਦੀ ।੭।

ਦੋਹਰਾ

ਕਹਿ ਅੱਸੂ ਸਜਨੀ ਸੁਨੋ, ਸਜਨ ਸਜਾਮ ਦੀ ਰੀਤਿ
ਨਿਜ ਤਨ ਮਨ ਕੁਰਬਾਨ ਕਰ, ਤਬੀ ਮਿਲਨ ਕੇ ਮੀਤ ।੧੪।

ਛੰਦ

ਸੁਣ ਸੁਣ ਨੀ ਰਾਧੇ ਬਡਭਾਗਨਿ, ਹੋਵੇ ਤਜ ਜੰਜਾਲ ਬਿਰਾਗਨ
ਸਭ ਰਸ ਭਸਮ ਕਟੇ ਬਿਰਹਾਗਨਿ, ਮਲੇ ਬਿਭੂਤ ਸੁਧਾ ਸਰਬਾਂਗਨ
ਗਲ ਵਿਚ ਕਫਨੀ ਸੀਸ ਜਟਾਗਨਿ, ਨਿਸਦਿਨ ਰਹੇ ਧਯਾਨ ਲਿਵਲਾਗਨ
ਤਾਂ ਤੂੰ ਹੋਵੇ ਸਜਾਮ ਸੁਹਾਗਨਿ, ਹਰਿ ਜੀ ਪ੍ਰੇਮ ਪ੍ਰੀਤ ਵਿਚ ਪਾਗਨ, ਗੀਤ ਪੂਰਾ ਤੁਰੀ।੧।



Sri Satguru Jagjit Singh Ji eLibrary NamdhariElibrary@gmail.com

ਜਿਉਂ ਪਲਾਸ ਫੂਲਨ ਪਰ ਆਵੈ, ਪਾਤ ਪਾਤ ਕਰ ਸਕਲ ਲੁਟਾਵੈ
ਕਾਲਾ ਮੂਹ ਕਰ ਜਗ ਦਿਖਲਾਵੈ, ਤਬ ਲਾਲਨ ਕੀ ਲਾਲੀ ਪਾਵੈ
ਜਿਉਂ ਕਰ ਜ਼ਾਹਰ ਜਗਤ ਕਹਾਵੈ, ਆਪ ਮਰੈ ਬਿਨ ਸੁਰਗ ਨ ਜਾਵੈ
ਸਤਿਗੁਰ ਪਰਗਟ ਪੁਕਾਰ ਸੁਣਾਵੈ, ਆਪ ਗਵਾਵੈ ਸੋ ਸਹੁ ਪਾਵੈ
ਚਲਤ ਨ ਚਾਤੁਰੀ ।੨।

ਆਪੇ ਆ ਮਿਲਸਨ ਨੰਦ ਨੰਦਨ; ਹਰਿ ਜੀ ਤੀਨ ਲੋਕ ਜਗ ਬੰਦਨ,
ਸੋਹਤ ਚਾਰੁ ਚਰੂ ਤਨ ਚੰਦਨ, ਪਾਪ ਪ੍ਰਣਾਸਨ ਦੁਸਟ ਨਿਕੰਦਨ,
ਗਾਵਤ ਜਸ ਮੁਨਿਜਨ ਸ੍ਰੁਤਿ ਛੰਦਨ, ਕੱਟਨ ਜਨਮ ਮਰਨ ਭਵ ਫੰਧਨ
ਦੀਨ ਬੰਧੁ ਮਨਿਮੁਕਟ ਨਰਿੰਦਨ, ਕਰਤ ਉਧਾਰ ਨੀਚ ਮਤਿ ਮੰਦਨ,
ਸਹਤ ਨ ਆਤੁਰੀ ।੩।

ਏਹ ਤਾਂ ਮਾਰਗ ਪ੍ਰੇਮ ਨਿਰਾਲਾ, ਛਡ ਦੇ ਝੂਠਾ ਜਗਤ ਜੰਜਾਲਾ
ਤਨ ਮਨ ਕਰਦੇ ਕ੍ਰਿਸ਼ਨ ਹਵਾਲਾ, ਤੈਨੂੰ ਮਿਲਸਨ ਸ੍ਰੀ ਨੰਦ ਲਾਲਾ
ਕਰੁਨਾ ਸਾਗਰ ਦੀਨ ਦਿਆਲਾ, ਸੁੰਦਰ ਸਯਾਮ ਪੀਤੰਬਰ ਵਾਲਾ
ਸਾਡੇ ਸਭ ਕੁਲ ਦੀ ਯਹਿ ਚਾਲਾ, ਜਿਉਂ ਕਰ ਹਰਟ ਟਿੰਡ ਦੀ ਮਾਲਾ
ਆਵਤ ਜਾਤ ਰੀ ।੪।

ਭੁਲ ਹਰੀ ਕਿ ਹਰਦਮ ਯਾਰ; ਸਿਮਰ ਲੈ ਸਚਾ ਪਰਵਦਗਾਰ
ਚੜ੍ਹੀ ਹੁਣ ਅਗਲੀ ਅਜਬ ਬਹਾਰ, ਮਹੀਨਾ ਗੁਜ਼ਰਿਆ ।੫।

ਦੋਹਰਾ

ਕਾਤਕ ਕੌਤਕ ਨਗਰ ਮੈਂ, ਘਰ ਘਰ ਬਗਰ ਬਾਜ਼ਾਰ
ਦੀਪਮਾਲ ਦੀਪਕ ਦਿਪੈ, ਬਿਰਹਨਿ ਤਨ ਅੰਗਿਆਰ ।੧੫।

ਛੰਦ

ਕੱਤਕ ਮਾਸ ਚੜ੍ਹੀ ਰੁਤ ਸਰਦ, ਫੜ ਕੇ ਹਥ ਬਿਰਹੁੰ ਦੀ ਕਰਦ
ਕੱਢ ਕਲੇਜਾ ਕੀਤੀ ਗਰਦ, ਸੁੱਕਾ ਬਦਨ ਰੰਗ ਹੋ ਜ਼ਰਦ
ਚਰਦਾ ਜਿਗਰ ਸਯਾਮ ਦਾ ਦਰਦ, ਘਰ ਘਰ ਫਿਰਾਂ ਜਿਉਂ ਚੌਪਰ ਨਰਦ
ਖੁਲ੍ਹੀ ਜਨਮ ਕਰਮ ਦੀ ਫਰਦ, ਕੁਬਰੀ ਬਣੀ ਬਹਾਦਰ ਮਰਦ, ਜਿਤ ਕੇ ਮੀਤ ਨੀ ।੧।
ਘਰ ਘਰ ਦਿਪਤ ਦੀਪ ਗਣਜੋਤੀ, ਬਗਰ ਬਜ਼ਾਰਨ ਜਗਮਗ ਹੋਤੀ
ਸਹੀਆਂ ਪਹਿਰ ਚਾਰ ਗਜ ਮੋਤੀ, ਖੇਲਤ ਜੂਪ ਮਹਲ ਛਬ ਹੋਤੀ
ਕਰਤ ਕਲੋਲ ਪੀਆ ਸੰਗ ਸੋਤੀ, ਮੈਂ ਨਿਸਦਿਨ ਤਰਫਤ ਰੋਤੀ
ਗਿਣ ਗਿਣ ਹੰਝੂ ਹਾਰ ਪਰੋਤੀ, ਛਤੀਆ ਨੈਨ ਨੀਰ ਸੰਗ ਧੋਤੀ ਦੇਖੁ ਅਨੀਤ ਨੀ ।੨।

ਸਹੀਓ ! ਇਹ ਦੁਖ ਸਹਿਆ ਨ ਜਾਂਦਾ, ਬਿਛੁੜੇ ਜਾਨੀ ਯਾਰ ਜਿਨ੍ਹਾਂ ਦਾ
ਖਾਵੇ ਖੂਨ ਬ੍ਰਿਹੋਂ ਜਿਗਰਾਂ ਦਾ, ਦਰਦ ਨ ਹੋਂਦਾ ਦੂਰ ਦਿਲਾਂ ਦਾ



Sri Satguru Jagjit Singh Ji eLibrary NamdhariElibrary@gmail.com

ਹਾਇ ਨੀ ! ਨਹੀਉਂ ਵਸ ਵਸਾਂਦਾ, ਨਹੀਂ ਤ ਉਸ ਕੁਬਰੀ ਨਖਰਾਂਦਾ
ਫੜ ਕੇ ਪੁਟਾਂ ਗੁੱਤ ਪਰਾਂਦਾ, ਕੇਹਾ ਕਲੇਸ਼ ਪਿਆ ਰਾਹਿ ਜਾਂਦਾ,ਚਿਤ ਨ ਚੀਤ ਨੀ ।੩।
ਕਿਉਂ ਵੇ ਕੌਤੇ ! ਹੁਣ ਕੀ ਕਰੀਏ, ਪੀ ਕੇ ਜ਼ਹਿਰ ਪਿਆਲਾ ਮਰੀਏ
ਤਜ ਘਰ ਬਾਰ ਫਕੀਰੀ ਕਰੀਏ, ਕੀਕੂੰ ਸਜਾਮ ਬਿਛੋੜਾ ਜਰੀਏ
ਕੱਢ ਕਲੇਜਾ ਕਿਸ ਥੇ ਧਰੀਏ, ਕਿਤ ਵਲ ਜਾਇ ਹਿਮਾਚਲ ਗਰੀਏ
ਕਿਉਂ ਕਰ ਦਰਦ ਬ੍ਰਿਹੁ ਦਾ ਭਰੀਏ, ਸਹੀਓ ! ਕਰਮ ਰੇਖ ਥੋਂ ਡਰੀਏ
ਹੈ ਬਿਪਰੀਤ ਨੀ ।੪।
ਫੁਲ ਹਰੀ ਕਿ ਹਰਦਮ ਯਾਦ, ਕਿ ਮੰਗਦੀ ਰੱਬ ਤੋਂ ਯਹੀ ਮੁਰਾਦ
ਅਰਜ਼ ਤੂੰ ਸੁਣ ਮੇਰੀ ਫਰਿਆਦ ਕਿ ਸ਼ਾਦੀ ਸਜਾਮ ਦੀ ।੮।

ਦੋਹਰਾ

ਕੌਤਕ ਕਹਿ ਸੁਨ ਕਾਮਨੀ ! ਕਰਮ ਰੇਖ ਕੀ ਬਾਤ
ਨਤ ਕਿਤ ਬ੍ਰਿਜ ਬਨਤਾ ਸੁਘਰ, ਕਿਤ ਕੁਬਰੀ ਕਮਜਾਤ ।੧੬।

ਛੰਦ

ਸੁਨ ਬ੍ਰਿਖਭਾਨ ਸੁਤਾ ਗਰਬੀਲੀ, ਹੈ ਤਕਦੀਰ ਲਕੀਰ ਹਠੀਲੀ
ਫੁਲ ਗੁਲਾਬੀ ਤਾਰ ਕੰਡੀਲੀ, ਮਣੀ ਫਣੀ ਸਿਰ ਅਮੀ ਰਸੀਲੀ
ਚੰਦ ਕਲੰਕੀ ਸਕਲ ਰੰਗੀਲੀ, ਕਾਲੀ ਕੋਇਲ ਬੋਲ ਅਸੀਲੀ
ਮੂਰਖ ਦੇ ਘਰਿ ਨਾਰ ਛਬੀਲੀ, ਕੰਤ ਸੁਘਰ ਕਾਮਨਿ ਕਹਿਰੀਲੀ
ਦੇਖ ਬਿਚਾਰ ਨੀ ।੧।
ਕਾਲੇ ਨੈਨ ਮ੍ਰਿਗਾਂ ਦੇ ਕੀਤੇ, ਪਤਲੀ ਕਮਰ ਬਣਾਏ ਚੀਤੇ
ਮਧੁਰੀ ਬਾਣਿ ਸੂਏ ਫੜ ਲੀਤੇ, ਗਿਰਜਾ ਕੰਤ ਈਸ ਬਿਖ ਪੀਤੇ
ਹਾਰੇ ਸੂਰ ਕੂਰ ਰਣਜੀਤੇ, ਨਾਰਿ ਜਵਾਨ ਬਾਲ ਬਰਸੀਤੇ
ਮਿਤ੍ਰਾਂ ਵਿਚ ਵਿਛੋੜੇ ਦੀਤੇ, ਜਾਣਨਿ ਬ੍ਰਿਥਾ ਜਿਨ ਸਿਰ ਬੀਤੇ,ਬਿਰਹੁੰ ਬਿਮਾਰ ਨੀ ।੨।
ਹੈ ਕਹੁ ਕੌਣ ਕਰਮ ਥੋਂ ਅਟਕੇ, ਤਖ਼ਤੋਂ ਸੁਲੇਮਾਨ ਧਰਿ ਪਟਕੇ
ਸੱਸੀ ਨਾਰ ਬਨਾਂ ਵਿਚ ਭਟਕੇ, ਸੋਹਣੀ ਡੁੱਬ ਮੋਈ ਕਚ ਮਟਕੇ
ਰਾਵਣ ਮੁਇਆ ਸੀਸ ਦਸ ਕਟਕੇ, ਝੱਲੇ ਕੌਣ ਇਸ਼ਕ ਦੇ ਲਟਕੇ
ਪਾਂਦੇ ਛੇਕ ਹਿਰਦੇ ਵਿਚ ਫਟਕੇ, ਦੇਖੇ ਖੇਡ ਬ੍ਰਿਹੋਂ ਨਟਬਟ ਕੇ
ਅਪਰ ਅਪਾਰ ਨੀ ।੩।
ਹਰਿ ਜੀ ਕੀਤੀ ਪ੍ਰੀਤਿ ਕਪਟ ਦੀ, ਦੇ ਕੇ ਮਟਕ ਪੀਤੰਬਰ ਪਟ ਦੀ
ਕੁੰਡਲ ਕਨਕ ਜ਼ੁਲਫ ਦੀ ਲਟ ਦੀ, ਭ੍ਰਿਕੁਟੀ ਕੁਟਲ ਸ਼ੁਦ੍ਰਿਸ਼ਟ ਝਪਟ ਦੀ
ਤਜ ਬ੍ਰਿਜ ਕੇਲ ਕਲਿੰਦ੍ਰੀ ਤਟ ਦੀ, ਕੁਬਰੀ ਕੀਕੂੰ ਕੰਠ ਲਪਟਦੀ
ਸਾਡੇ ਕੁਲ ਦੀ ਰੀਤ ਨ ਹਟਦੀ, ਭਰ ਨਿਜ ਬਾਰ ਚਲੇ ਪਨਘਟ ਦੀ
ਜਿਉਂ ਪਨਹਾਰਨੀ ।੪।



Sri Satguru Jagjit Singh Ji eLibrary NamdhariElibrary@gmail.com

ਭੁਲ ਹਰੀ ਕਿ ਹਰਦਮ ਯਾਰ, ਸਿਮਰਲੈ ਸਚਾ ਪਰਵਦਗਾਰ
ਚੜ੍ਹੀ ਹੁਣ ਅਗਲੀ ਅਜਬ ਬਹਾਰ, ਮਹੀਨਾ ਗੁਜ਼ਰਿਆ ।੮।

ਦੋਹਰਾ

ਮਘਰ ਮਾਹਿ ਹਿਮੰਤ ਰੁਤ, ਸੀਤ ਅਧਿਕ ਸਰਸਾਤ
ਪ੍ਰਿਯ ਬਿਯੋਗ ਮੈਂ ਭੋਗਨੀ, ਭਈ ਜੋਗਨੀ ਰਾਤ ।੧੭।

ਛੰਦ

ਚੜ੍ਹਿਆ ਮੰਘਰ ਮਾਹੁ ਰੰਗੀਲਾ, ਸਈਆਂ ਕਰਨ ਸ਼ਿੰਗਾਰ ਰਸੀਲਾ
ਮਹਲੀਂ ਪਲੰਘ ਬਿਛਾ ਚਟਕੀਲਾ, ਪ੍ਰੀਤਮ ਸੰਗ ਕਰਨ ਰਸ ਲੀਲ੍ਹਾ
ਨੀ ਮੈਂ ਕੀ ਹੁਣ ਕਰਾਂ ਵਸੀਲਾ, ਕਰੀਏ ਕੌਣ ਬਹਾਨਾ ਹੀਲਾ
ਸੁੱਕਾ ਬਦਨ ਹੋਇਆ ਰੰਗ ਪੀਲਾ, ਉਠਦਾ ਸਜ਼ਾਮ ਬ੍ਰਿਹੁ ਦਾ ਵੀਲ੍ਹਾ
ਅਠੇ ਪਹਿਰ ਨੀ ।੧।

ਨੀ ਹੁਣ ਦਸੋ ਮਸਲਤ ਅੜੀਏ, ਦਿਨ ਦਿਨ ਭਾਇ ਇਸ਼ਕ ਦੀ ਸੜੀਏ
ਤਜ ਘਰ ਫਕਰ ਫਕੀਰੀ ਫੜੀਏ, ਕਿਤ ਵਲ ਜਾਇ ਰਸਾਤਲ ਵੜੀਏ
ਨਾਤਰ ਜਾਇ ਹਿਮਾਚਲ ਚੜ੍ਹੀਏ, ਮਛਲੀ ਵਾਂਗ ਪਈ ਤੜਫੜੀਏ
ਕੁਬਰੀ ਨਾਲ ਕਿਵੇਂ ਜਾ ਲੜੀਏ, ਚੁਨਰੀ ਪਾੜ ਗੁਤੜੀਆ ਫੜੀਏ
ਕਹਿੰਦੀ ਕਹਿਰ ਨੀ ।੨।

ਪੈਂਦਾ ਸੀਤ ਸਵਾਇਆ ਦਿਨ ਦਿਨ, ਬਧਦੀ ਰੈਨ ਚੈਨ ਬਿਨ ਛਿਨ ਛਿਨ
ਖਾਂਦਾ ਬ੍ਰਿਹੁੰ ਜਿਗਰ ਨਿਤ ਖਿਨ ਖਿਨ, ਕੁਬਜਾ ਲਾਵੇ ਲੀਕਾਂ ਗਿਨ ਗਿਨ
ਲਇਆ ਅਰਾਮ ਪ੍ਰੇਮ ਤੋਂ ਕਿਨ ਕਿਨ, ਤੜਫਤ ਮੁਏ ਲਗਾਇਆ ਜਿਨ ਜਿਨ
ਡਿਠਾ ਸਮਝੁ ਸੋਚ ਦਿਲ ਗਿਨ ਮਿਨ, ਪਾਈ ਲਹਿਰ ਕਹਿਰ ਦੀ ਤਿਨ ਤਿਨ
ਪੀਤਾ ਜ਼ਹਿਰ ਨੀ ।੩।

ਕਹੁ ਵੇ ਮੱਘਰ ! ਦਿਲ ਦੀ ਗੱਲਾਂ, ਕਿਕੂੰ ਲਹਿਰ ਬ੍ਰਿਹੋਂ ਦੀ ਝੱਲਾਂ
ਲਿਖ ਲਿਖ ਪਤੀਆਂ ਕਾਗਦ ਘਲਾਂ, ਕਿਉਂ ਕਰ ਸਹਾਂ ਇਸ਼ਕ ਦੀ ਸੱਲਾਂ
ਤਜ ਘਰ ਮਹਲ ਜੰਗਲੇ ਮੱਲਾਂ, ਉਛਲਨ ਜਿਗਰ ਸਿੰਧ ਦੀ ਛੱਲਾਂ
ਕੂਕਾਂ ਪਾਂਦੀ ਰੰਗ ਮਹੱਲਾਂ, ਸਹੀਓ ! ਆਵੋ ਨੀ ਉਠ ਚਲਾਂ, ਮਥਰਾ ਸ਼ਹਿਰ ਨੀ ।੪।
ਭੁਲ ਹਰੀ ਕਿ ਹਰਦਮ ਯਾਦ, ਕਿ ਮੰਗਦੀ ਰੱਬ ਥੋਂ ਯਹੀ ਮੁਰਾਦ
ਅਰਜ਼ ਤੂੰ ਸੁਣ ਮੇਰੀ ਫਰਿਆਦ ਕਿ ਸ਼ਾਦੀ ਸਜ਼ਾਮ ਦੀ ।੯।

ਦੋਹਰਾ

ਬਿਨਤੀ ਮੱਘਰ ਮਾਸ ਦੀ, ਸੁਣ ਰਾਧੇ ! ਸੁਰ ਗਯਾਨ
ਜਤਨ ਕਰੇ ਪਰ ਹੋਤ ਹੈ, ਮੁਸ਼ਕਲ ਸਕਲ ਅਸਾਨ ।੧੮।

ਛੰਦ

ਸੁਣ ਬ੍ਰਿਖ ਭਾਨ ਦੁਲਾਰੀ ਸੁੰਦਰ, ਸੁਣ ਕੇ ਸਮਝ ਖੋਜ ਦਿਲ ਅੰਦਰ



Sri Satguru Jagjit Singh Ji eLibrary NamdhariElibrary@gmail.com

ਬਰਖਾ ਹੇਤ ਬਣਾਵਨ ਮੰਦਰ, ਚੜ੍ਹੇ ਜਹਾਜੀਂ ਤਰਨ ਸਮੁੰਦਰ
ਮਾਣਕ ਲਹਨ ਖੋਜ ਗਿਰ ਕੰਦਰ, ਸਾਗਰ ਮਥਿਓ ਡਾਰ ਗਿਰ ਮੰਦਰ
ਲੋਕਾਂ ਲੀਨੀ ਰਘੁਕੁਲ ਚੰਦਰ, ਸੈਨਾ ਜੋਰ ਰੀਛ ਕਪਿ ਇੰਦਰ, ਸਮਝ ਸੁਜਾਣ ਤੂੰ ।੧।
ਪਾਵਨ ਮਤਲਬ ਜਤਨ ਕਰੇਂਦੇ, ਪਹੁੰਚਨ ਮਜ਼ਲ ਜੁ ਰਾਹਿ ਪਵੇਂਦੇ
ਹੈ ਨਹੀਂ ਰੰਗ ਰੂਪ ਕਛੁ ਜੈਂਦੇ, ਸਿਮ੍ਰਿਤਿ ਬੇਦ ਪੁਰਾਨ ਕਹੈਂਦੇ
ਅਗਮ ਅਗੋਚਰ ਅਲਖ ਸੁਣੇਂਦੇ, ਸਾਧਨ ਸਹਤ ਸਾਧ ਤੁਰ ਪੈਂਦੇ
ਅਚਲ ਅਖੰਡ ਬੋਧ ਲਖ ਲੈਂਦੇ, ਦੱਸਾਂ ਹੋਰ ਜਤਨ ਕੈਂ ਕੈਂ ਦੇ, ਮੰਨ ਪ੍ਰਮਾਣ ਤੂੰ ।੨।
ਇਹ ਤਾਂ ਕ੍ਰਿਸਣ ਕਮਲ ਦਲ ਲੋਚਨ, ਸੁੰਦਰ ਸ਼ਿਆਮ ਭਗਤ ਭਵ ਮੋਚਨ
ਕੁੰਡਲ ਕਨਕ ਤਿਲਕ ਗੋ ਰੋਚਨ, ਮਾਧੁਰ ਮੂਰਤਿ ਮਾਨ ਬਿਮੋਚਨ
ਦਿਲ ਵਿਚ ਕਰ ਤੂੰ ਰੰਚ ਸੰਕੋਚ ਨ, ਲਿਖਦੇ ਪਤੀਆਂ ਤਜ ਸਭ ਸੋਚਨ
ਆਵਹੁ ਪਤਤ ਉਧਾਰਨ ਮੋਚਨ, ਬਿਰਦ ਸੰਭਾਰਹੁ ਪੂਰਨ ਲੋਚਨ, ਜਾਣੀ ਜਾਣ ਤੂੰ ।੩।
ਜੀ ਤੂ ਆਉ ਭਗਤਿ ਭਵ ਭੰਜਨ, ਸੁੰਦਰ ਬਦਨ ਪ੍ਰਭਾ ਦ੍ਰਿਗ ਭੰਜਨ
ਚੰਚਲ ਚਾਰ ਚਪਲ ਵਤ ਖੰਜਨ, ਮੰਜਨ ਕਰੇ ਧਰੇ ਸੁਭ ਅੰਜਨ
ਕ੍ਰਿਪਾ ਸਿੰਧ ਸੁਰਨਰ ਮਨਿ ਰੰਜਨ, ਨਿਸਚੇ ਆਵਨ ਬਿਪਤ ਬਿਭੰਜਨ
ਆਯਾ ਪੋਹੁ ਗਰਬ ਦਾ ਗੰਜਨ, ਮੈਂ ਹੁਣ ਤੁਰਸਾਂ ਹੁਕਮ ਨਿਰੰਜਨ
ਖੁਸ਼ੀਆਂ ਮਾਣ ਤੂੰ ।੪।

ਫੁਲ ਹਰੀ ਕਿ ਹਰਦਮ ਯਾਰ, ਸਿਮਰਲੈ ਸਚਾ ਪਰਵਦਗਾਰ
ਚੜ੍ਹੀ ਹੁਣ ਅਗਲੀ ਅਜਬ ਬਹਾਰ, ਮਹੀਨਾ ਗੁਜ਼ਰਿਆ ।੯।

ਦੋਹਰਾ

ਪੋਹ ਮਹੀਨਾ ਸੀਤ ਦਾ, ਪਾਲਾ ਪਰੈ ਬਿਅੰਤ
ਪੰਜ ਪਹਿਰ ਦੀ ਰੈਨੜੀ, ਕਿਉਂ ਬਿਤਹੈ ਬਿਨ ਕੰਤ ।੧੯।

ਛੰਦ

ਸਹੀਓ ! ਚੜ੍ਹਿਆ ਪੋਹ ਮਹੀਨਾ, ਕਾਮਨ ਕਰਨ ਸ਼ਿੰਗਾਰ ਨਵੀਨਾ
ਲਾਵਨ ਅਤਰ ਫੁਲੇਲ ਰੰਗੀਨਾ, ਪਹਰ ਪਟੰਬਰ ਅਰ ਪਸ਼ਮੀਨਾ
ਮਦ ਅਰੁਨਾਰੇ ਨੈਨ ਪ੍ਰਬੀਨਾ, ਰੇਸ਼ਮ ਜਾਲ ਫਸੇ ਜਸ ਮੀਨਾ
ਪਾਂਦੀ ਬਰਫ ਸੀਤ ਠਰ ਸੀਨਾ, ਮੇਰੇ ਛੁਟਦਾ ਅੰਗ ਪ੍ਰਸੀਨਾ
ਬ੍ਰਿਹੋਂ ਭਾਹਿ ਦਾ ।੧।

ਕੇਹੀ ਕੀਤੀ ਵੇ ਨੰਦ ਲਾਲਨ ! ਮੈਨੂੰ ਰਹੀਓ ਸੁਰਤ ਸੰਭਾਲ ਨ
ਛਡੀ ਗੋਕੁਲ ਦੀ ਸਭ ਗ੍ਵਾਲਨ, ਕੁਬਰੀ ਕੋਣ ਕਮੀਨੀ ਮਾਲਨ
ਜਾਤ ਕੁਜਾਤ ਕਰੂਪ ਕੰਗਾਲਨ, ਉਹਨੂੰ ਸੇਜ ਸੁਹਾਗ ਬਹਾਲਨ
ਦੱਸਣ ਜੋਗ ਬ੍ਰਿਜ ਦੀ ਬਾਲਨ, ਖੋਲ੍ਹ ਸ਼ਿੰਗਾਰ ਖਾਕ ਸਿਰ ਡਾਲਨ
ਪੰਥ ਅਗਾਂਹ ਦਾ ।੨।



Sri Satguru Jagjit Singh Ji eLibrary NamdhariElibrary@gmail.com

ਹੁਣ ਤਾਂ ਭੌਰ ਨਿਮਾਣਾ ਚਲਦਾ, ਕੰਚਨ ਬਦਨ ਖਾਕ ਵਿਚ ਰਲਦਾ
ਨਹੀਂ ਵਿਸਾਹੁ ਰਹਿਆ ਇਕ ਪਲ ਦਾ, ਲਿਖ ਲਿਖ ਜੋਗ ਅਸਾਨੂੰ ਘਲਦਾ
ਲਿਖਾਂ ਜਵਾਬ ਲਿਆਵੇ ਇਸ ਗੱਲ ਦਾ, ਜਹੀ ਕਲਮ ਮਸ ਕਾਗਦ ਗਲਦਾ
ਖੁਸ਼ਕ ਦਵਾਤ ਨੀਰ ਸਭ ਜਲ ਦਾ, ਬਿਰਹਨ ਹਥ ਨ ਕੋਈ ਝਲਦਾ
ਦਵਾਗਨਿ ਦਾਹਦਾ ।੩।

ਲੈ ਵੇ ਪਾਤੀ ਪੋਹ ਪਿਰਮ ਦੀ, ਖੁਸ਼ਕ ਦਵਾਤ ਅਰ ਭਸਮ ਕਲਮ ਦੀ
ਆਖੀਂ ਬ੍ਰਿਥਾ ਬ੍ਰਿਹੁੰ ਦੇ ਗ਼ਮ ਦੀ, ਨਹੀਂ ਉਮੈਦ ਰਹੀ ਇਕ ਦਮ ਦੀ
ਤਜ ਕਲਬੂਤ ਜਾਨ ਹੁਣ ਠਮਦੀ, ਕੀਤੇ ਲਖ ਜਤਨ ਨਹੀਂ ਥਮਦੀ
ਨ ਤੈਂ ਕੀਤੀ ਨਜ਼ਰ ਰਹਮ ਦੀ, ਝੱਲੇ ਪੀੜਾ ਕੌਣ ਜ਼ੁਲਮ ਦੀ, ਦਰਦ ਫਨਾਹਿ ਦਾ ।੪।

ਫੁਲ ਹਰੀ ਕਿ ਹਰਦਮ ਯਾਦ, ਕਿ ਮੰਗਦੀ ਰਬ ਥੋਂ ਯਹੀ ਮੁਰਾਦ
ਅਰਜ਼ ਤੂ ਸੁਣ ਮੇਰੀ ਫਰੀਆਦ, ਕਿ ਸ਼ਾਦੀ ਸਜਾਮ ਦੀ । ੧੦ ।

ਦੋਹਰਾ

ਪੋਹ ਪੁਲਕ ਪਾਤੀ ਨਿਰਖ, ਸਮਝ ਅਪੂਰਬ ਪ੍ਰੀਤਿ
ਬਿਲਖ ਬਦਨ ਭਰ ਨੈਨ ਜਲ, ਬੋਲਤ ਬਿਹਬਲ ਚੀਤ ।੨੦।

ਛੰਦ

ਰਾਧੇ ! ਅਰਜ਼ ਮੇਰੀ ਸੁਣ ਲੈ ਨੀ, ਸੁੰਦ੍ਰ ਚੰਦਰ ਬਦਨ ਮ੍ਰਿਗ ਨੈਨੀ
ਅੱਡੀ ਨਾਲ ਠਹਿਕਦੀ ਬੈਨੀ, ਕਟ ਮ੍ਰਿਗਰਾਜ ਚਾਲ ਮਤ ਗੈਨੀ
ਦੰਦ ਅਨਾਰ ਕੋਕਲਾ ਬੈਨੀ, ਕੇਹੀ ਕੀਤੀ ਕ੍ਰਿਸਨ ਬ੍ਰਿਹੈਨੀ
ਕਾਗਦ ਗਰਹੀ ਕਲਮ ਜਰੈਨੀ, ਕਹਾਂ ਜ਼ਬਾਨੀ ਜੀਭ ਦਹੈਨੀ, ਬ੍ਰਿਹੋਂ ਬਖਾਨ ਤੇ ।੧।
ਓਹੁ ਤਾਂ ਹਈਓ ਪੁਰਖੁ ਪੁਰਾਤਨ, ਪ੍ਰੇਮ ਅਧੀਨ ਸੁਰੀਤ ਚਿਰਾਤਨ
ਕਹਿੰਦੇ ਬੇਦ ਪੁਰਾਨ ਸਨਾਤਨ, ਕਰੇ ਉਧਾਰ ਸੁਜਾਤ ਕੁਜਾਤਨ
ਸੁਣਦਾ ਸਭ ਘਟ ਘਟ ਦੀ ਬਾਤਨ, ਸਿਮਰਿਓ ਮਨ ਗੋਇੰਦ ਗਨਕਾਤਨ
ਦੀਨੋ ਦਰਸ ਦੌਰ ਅਚਿਰਾਤਨ,ਚੀਟੀ ਅੰਤ ਆਦਿ ਬਿਧਨਾਤਨ,ਦਿਲ ਦੀ ਜਾਨ ਤੇ ।੨।
ਹਰਿ ਜੀ ਪੂਰਨ ਹੈ ਸਭ ਥਾਵੀਂ, ਜਲ ਥਲ ਸਿੰਧ ਨਦੀ ਦਰਿਆਵੀਂ
ਬਨ ਤਿਨ ਪਰਬਤ ਨਗਰ ਗਿਰਾਵੀਂ, ਪੰਛੀ ਪਸੂ ਨਰ ਦੇਵ ਤਲਾਵੀਂ
ਦਿਨ ਪ੍ਰਹਿਲਾਦ ਸੁ ਯਾਦ ਕਰਾਵੀਂ, ਥੰਮ ਉਪਾੜ ਰੂਪ ਪ੍ਰਗਟਾਵੀਂ
ਤੇਰੀ ਅੱਖ ਫਰਕਦੀ ਬਾਵੀਂ, ਤੂੰ ਭੀ ਸਭੀ ਮੁਰਾਦਾਂ ਪਾਵੀਂ, ਜਾਣੀ ਜਾਣ ਤੇ ।੩।
ਧਰ ਲੈ ਮਨ ਵਿਚ ਧਿਆਨ ਹਰੀ ਦਾ, ਹੈ ਯਹ ਜਗ ਕੌਤਕ ਜੀਹਦਾ
ਆਵਨ ਤਤ ਛਿਨ ਕ੍ਰਿਸ਼ਨ ਜਤੀਦਾ, ਦਿਲ ਵਿਚ ਕਰ ਲੈ ਸਚ ਯਕੀਦਾ
ਅੰਤਰਜਾਮੀ ਪ੍ਰਗਟ ਕਹੀਦਾ, ਮਤ ਕਰ ਭਰਮ ਬਿਲੰਮ ਘਰੀ ਦਾ
ਮੈਥੋਂ ਨਹੀਂ ਹੁਣ ਪਲ ਠਹਿਰੀਦਾ, ਆਯਾ ਮਾਘ ਮਹੀਨਾ ਮਹੀ ਦਾ
ਮੈਂ ਪ੍ਰਸਥਾਨ ਤੇ ।੪।



Sri Satguru Jagjit Singh Ji eLibrary NamdhariElibrary@gmail.com

ਫੁਲ ਹਰੀ ਕਿ ਹਰਦਮ ਯਾਰ, ਸਿਮਰਲੈ ਸਚਾ ਪਰਵਦਗਾਰ
ਚੜੀ ਹੁਣ ਅਗਲੀ ਅਜਬ ਬਹਾਰ, ਮਹੀਨਾ ਗੁਜ਼ਰਿਆ ।੧੦।

ਦੋਹਰਾ

ਮਾਹ ਮੁਮਾਰਖ ਮਾਘ ਦਾ, ਆਈ ਅਜਬ ਬਹਾਰ
ਕਰਤ ਕੌਤੂਹਲ ਕਾਮਨੀ, ਸਜਨ ਵਸਤ ਸ਼ਿੰਗਾਰ ।੧੦।

ਛੰਦ

ਚੜਦੇ ਮਾਘ ਅੰਬ ਬਨਿ ਮੌਲੇ, ਗੁੰਜਨ ਭਵਰ ਕੋਕਲਾ ਬੋਲੇ
ਸੁੰਦਰ ਪਵਨ ਕੁੰਜ ਝਕਝੋਲੇ, ਪਾਲੇ ਪਵਨ ਦਿਨੋ ਦਿਨ ਹੌਲੇ
ਪੰਛੀ ਪਾਵਨ ਬਨ ਬਨ ਚੋਲੇ, ਸੁਨ ਝਨਕਾਰ ਹੀਯਰਾ ਹੌਲੇ
ਪਾਂਦੇ ਡੋਬਕ ਸੇਜਾ ਡੋਲੇ, ਖੁਲ੍ਹਨ ਦੁਖ ਜਿਗਰ ਦੇ ਢੋਲੇ, ਚਰਦਾ ਦਰਦ ਨੀ ।੧।

ਨੀ ਮੈਂ ਹੁਣ ਕੀ ਕਰਾਂ ਬਹਾਨਾ, ਮੇਰਾ ਲੁਟ ਗਇਆ ਮਾਲ ਖ਼ਜ਼ਾਨਾ
ਲਾਈਆ ਪ੍ਰੀਤ ਜੋ ਨਾਲ ਨਿਦਾਨਾ, ਅੜੀਓ ! ਫੇਰ ਪਇਆ ਪਛੁਤਾਨਾ
ਵੇ ਮੈਂ ਲੁਟ ਲਈ ਹਾਇ ! ਜਹਾਨਾ, ਮੇਰੇ ਹਥੋਂ ਬਾਜ਼ ਉਡਾਨਾ
ਮੈਂ ਤਾਂ ਹੋਈਆਂ ਬਹੁਤ ਹੈਰਾਨਾ, ਹੁਣ ਮੈਂ ਛਡਾਂ ਦੇਹਿ ਪਰਾਨਾਂ, ਹੋਵਾਂ ਗ਼ਰਕ ਨੀ ।੨।

ਸਈਓ ! ਇਕ ਹੁਣ ਜਤਨ ਕਰਾਵੋ, ਪੁਤਲੀ ਕੁਬਰੀ ਦੀ ਬਣਵਾਵੋ
ਫੜਕੇ ਗੁਤੋਂ ਮੈਥੇ ਲਿਆਵੇ, ਮੱਥੇ ਕਾਲਾ ਤਿਲਕ ਕਰਾਵੋ
ਸਿਰ ਵਿਚ ਖਾਕ ਖੋਲ੍ਹ ਕੇ ਪਾਵੋ, ਕਟ ਕਟ ਮਾਸ ਦੰਦੀਏਂ ਖਾਵੋ
ਸੌਂਕਣ ਮਰੇ ਕੁਸ਼ਗਨ ਮਨਾਵੇ, ਇਕ ਵਲ ਮਾਰ ਮੂਹੇ ਮੂਹ ਪਾਵੋ
ਜਿਉਂਕਰ ਨਰਦ ਨੀ ।੩।

ਕਹੁ ਵੇ ਮਾਘ ਦਿਲਾਂ ਦੀਆਂ ਬਤੀਆਂ, ਕਿਕੂੰ ਕਟੇ ਬ੍ਰਿਹੁੰ ਦੀਆਂ ਰਤੀਆਂ
ਚਰਦਾ ਦਰਦ ਦਿਨੋ ਦਿਨ ਛਤੀਆਂ, ਤਨ ਵਿਚ ਰੱਤ ਨ ਰਹੀਯੋ ਰਤੀਆਂ
ਕਟਦੀ ਜਿਗਰ ਬ੍ਰਿਹੁੰ ਦੀ ਕਤੀਆਂ, ਹੁਣ ਮੈਂ ਸਾਂਗ ਬਣਾਵਾਂ ਸਤੀਆਂ
ਤਨ ਕਰ ਕੁਸਮ ਲਹਾਂ ਹਰਿ ਗਤੀਆਂ, ਜਿਤਾ ਜਗਤ ਜਨਮ ਜਿਉਂ ਜਤੀਆਂ
ਫਟ ਜਾ ਫਰਦ ਨੀ ।੪।

ਫੁਲ ਹਰੀ ਕਿ ਹਰਦਮ ਯਾਦ, ਕਿ ਮੰਗਦੀ ਰਬ ਥੋਂ ਯਹੀ ਮੁਰਾਦ
ਅਰਜ਼ ਤੂ ਸੁਣ ਮੇਰੀ ਫਰਿਆਦ, ਕਿ ਸ਼ਾਦੀ ਸ਼ਜਾਮ ਦੀ ।੧੧।

ਦੋਹਰਾ

ਮਾਘ ਕਹੇ ਸੁਨ ਮਾਨਨੀ !, ਮਨ ਮੈਂ ਧਰ ਤੂੰ ਧੀਰ
ਅਜ ਕਾਲ੍ਹ ਦਸ ਦਿਵਸ ਮੈਂ, ਆ ਮਿਲਸਨ ਬਲਬੀਰ ।੨੨।

ਛੰਦ

ਸੁਣ ਸੁਣ ਸ੍ਰੀ ਰਾਧੇ ! ਬਰ ਨਾਗਰ, ਸਸਿ ਬਦਨੀ ਮ੍ਰਿਗ ਨੈਨਿ ਉਜਾਗਰ
ਤੂ ਹੁਣ ਹੋਈਏਂ ਭਗਤ ਇਕਾਗਰ, ਤੈਨੂੰ ਮਿਲਸਨ ਸ੍ਰੀ ਨਟ ਨਾਗਰ



Sri Satguru Jagjit Singh Ji eLibrary NamdhariElibrary@gmail.com

ਲੰਘੀ ਜਾਣ ਦੁਖਾਂ ਦੇ ਸਾਗਰ, ਕੱਟਨ ਜਨਮ ਕਰਮ ਦੀ ਬਾਗਰ
ਹੁਨ ਤੂੰ ਹੋਈਏਂ ਪ੍ਰੇਮ ਸੁਦਾਗਰ, ਪਾਵੇਂ ਸਰਬ ਸੁਖਾਂ ਦੀ ਆਗਰ
ਜਨਮ ਸੁਧਾਰ ਤੂੰ ।੧।

ਨੀ ਹੁਣ ਮਰ ਨਾ ਸਿਤਾਬੀ ਡਰ ਕੇ, ਲੰਘੀ ਦੁਖ ਸਮੁੰਦਰ ਤਰ ਕੇ
ਤਨ ਮਨ ਕ੍ਰਿਸ਼ਨ ਹਵਾਲੇ ਧਰਕੇ, ਹਰਿ ਦਾ ਪ੍ਰੇਮ ਤਰੀ ਜਿਉਂ ਕਰਕੇ
ਕੰਢੇ ਲਗੀ ਬਹੁ ਦੁਖ ਭਰ ਕੇ, ਦੇਖੀਂ ਹਰਿ ਬਰ ਉਤਰੇ ਕਰਕੇ
ਪੈਂਦੀ ਛੇਤੀ ਨਾਲ ਉਛਰ ਕੇ, ਰਹੁ ਹੁਣ ਗਾਢ ਧੀਰ ਮਨ ਧਰ ਕੇ ਹੋਵੇਂ ਪਾਰ ਤੂੰ ।੨।

ਦਿਨ ਦਿਨ ਹੋਣ ਤੈਨੂੰ ਸ਼ੁਭ ਸ਼ਗਨ, ਹੁਣ ਤਾਂ ਭਾਗ ਪੁਰਾਤਨ ਜਗਨ
ਮੇਰਾ ਏਹੋ ਪੁਕਾਰੇ ਲਗਨ, ਦਰਸਨ ਹੋਊਗੁ ਹਰਿ ਜੀ ਪਗਨ
ਹੋਵੇਂ ਸਰਬ ਸੁਖਾਂ ਵਿਚ ਮਗਨ, ਬਿਰਹੋਂ ਦੁਖ ਦੂਰ ਸਭ ਭਗਨ
ਫਿਰ ਗਈ ਸੁੰਦਰ ਗਰਦਸ਼ ਸ਼ਗਨ, ਬੁਝਸੀ ਲਗੀ ਹੀਏ ਦੀ ਅਗਨਿ
ਹੋਵੇ ਠਾਰ ਤੂੰ ।੩।

ਹੁਣ ਤਾਂ ਬਿਰਹੁੰ ਭੇਸ ਉਤਾਰੋ, ਅਪਨੀ ਸਖੀਆਂ ਸਭ ਸਿੰਗਾਰੋ
ਭਰ ਭਰ ਮਾਂਗ ਸੰਧੂਰ ਸੁਧਾਰੋ, ਨਖ ਸ਼ਿਖ ਹਾਰ ਸ਼ਿੰਗਾਰ ਸਵਾਰੋ
ਹਰਿ ਜੀ ਆਵਨ ਸਾਚ ਵਿਚਾਰੋ, ਮੁਰਲੀ ਮੁਕਟ ਪੀਟ ਪਟਵਾਰੋ
ਅਬ ਤੂ ਲਖ ਲੈ ਗਵਨ ਹਮਾਰੋ, ਆਵੈ ਫਾਗਨ ਮਨ ਮਤਵਾਰੋ, ਲੈ ਸੁਖ ਸਾਰ ਤੂੰ ।੪।
ਫੁਲ ਹਰੀ ਕਿ ਹਰਦਮ ਯਾਰ, ਸਿਮਰਲੈ ਸਚਾ ਪਰਵਦਗਾਰ
ਚੜ੍ਹੀ ਹੁਣ ਅਗਲੀ ਅਜਬ ਬਹਾਰ, ਮਹੀਨਾ ਗੁਜ਼ਰਿਆ ।੧੧।

ਦੋਹਰਾ

ਫਾਗਨ ਆਇਆ ਰੀ ਸਖੀ ! ਰਚੀ ਸੁਹਾਗਨ ਫਾਗ
ਅਜਹੂੰ ਸਜਾਮ ਨ ਬਾਹੁੜੇ, ਦੇਖ ਹਮਾਰੇ ਭਾਗ ।੨੩।

ਛੰਦ

ਫਾਗਨ ਰੰਗ ਫੁਹਾਰਾਂ ਫਹਰਨ, ਪਈਆਂ ਧੂੰਮ ਧਮਾਰਾਂ ਸ਼ਹਿਰਨ
ਸੁੰਦਰ ਛੁਟ ਪਿਚਕਾਰਾਂ ਛਹਿਰਨ, ਵਿਚ ਵਿਚ ਮੂਠ ਗੁਲਾਲੀ ਲਹਿਰਨ
ਸਖੀਆਂ ਗਾਵਨ ਉਚੀ ਬਹਰਨ, ਕੇਹੀ ਕੀਤੀ ਕੁਬਜਾ ਕਹਿਰਨ
ਵਗਦੀ ਹੰਝੂ ਨ ਮਾਂਡੀ ਠਹਿਰਨ, ਹੈਨੀ ਜਨਮ ਕਰਮ ਦੀ ਜ਼ਹਰਨ, ਕਾਰੀ ਨਾਗਨੀ ।੧।
ਅੜੀਓ ! ਹੁਣ ਕੋਈ ਜਤਨ ਕਰੋ ਨੀ, ਦਿਲ ਵਿਚ ਹਰ ਜੀ ਧਯਾਨ ਧਰੋ ਨੀ
ਬਿਨਤੀ ਕਰ ਅਭਮਾਨ ਹਰੋ ਨੀ, ਕਰਣੀ ਅਪਣੀ ਕੋਲ ਡਰੋ ਨੀ
ਪੂਰਨ ਪੁਰਖ ਹੀਏ ਸਿਮਰੋ ਨੀ, ਦਰਸ਼ਨ ਦੇਵਨ ਚਰਨ ਪਰੋ ਨੀ
ਭਵ ਸੰਸਾਰ ਅਪਾਰ ਤਰੋ ਨੀ, ਪ੍ਰਭੁ ਕੀ ਸਰਨ ਪਰੋ ਉਬਰੋ ਨੀ, ਹੋ ਵਡਭਾਗਨੀ ।੨।
ਏਹ ਤਾਂ ਮਾਨਸ ਜਨਮ ਪਦਾਰਥ, ਜਗ ਵਿਚ ਖੋਜ ਲਹੋ ਪਰਮਾਰਥ
ਪਾਵੋ ਗਿਆਨ ਪਰਮ ਪੁਰਖਾਰਥ, ਹਰਿ ਜੀ ਸਿਧ ਕਰਨ ਸਰਬਾਰਥੁ



Sri Satguru Jagjit Singh Ji eLibrary NamdhariElibrary@gmail.com

ਤਜਕੇ ਸਰਬ ਧਰਮ ਕਾਮਾਰਥ, ਮਿਲਸਨ ਕ੍ਰਿਸ਼ਨ ਹੋਹੁ ਕ੍ਰਿਤਾਰਥ ਸਰਬ ਸੁਹਾਗਨੀ।੩।
ਕਿਉਂ ਵੇ ਫਲਗੁਨ ਸਫਲ ਫਲੰਤ, ਆਵਨ ਕਬ ਸ੍ਰੀ ਕਮਲਾ ਕੰਤ
ਕਰਣਾ ਸਾਗਰ ਅਲਖ ਅਨੰਤ, ਘਟ ਘਟ ਬਾਸੀ ਅਲਿਪ ਰਹੰਤ
ਦੁਸ਼ਟ ਨਿਵਾਰ ਉਬਾਰਨ ਸੰਤ, ਸਿੰਮ੍ਰਿਤਿ ਬੇਦ ਨਾ ਪਾਵਨ ਅੰਤ
ਪਤਤ ਉਧਾਰਨ ਬਿਰਦ ਕਹੰਤ,ਮੇਰੀ ਮਿਟੀ ਸਗਲ ਹੁਣ ਹੰਤ, ਹੋਈ ਸੁ ਜਾਗਨੀ।੪।
ਫੂਲ ਹਰੀ ਕਿ ਹਰਦਮ ਯਾਦ, ਕਿ ਮੈਂਰਦੀ ਰਬ ਥੋਂ ਯਹੀ ਮੁਰਾਦ
ਅਰਜ਼ ਤੂੰ ਸੁਣ ਮੇਰੀ ਫਰਿਆਦ, ਕਿ ਸ਼ਾਦੀ ਸਜਾਮ ਦੀ।੧੨।

ਦੋਹਰਾ

ਕਹਿ ਫਾਗਨ ਫਲ ਫੂਲ ਤੂ, ਮਨ ਬੰਛਤ ਫਲ ਪਾਇ
ਆਵਹਿ ਕ੍ਰਿਸਨ ਕ੍ਰਿਪਾਲ ਬਰ, ਨਿਜ ਜਨ ਕਰਨ ਸਹਾਇ।੨੪।

ਛੰਦ

ਸੁਣ ਸੁਣ ਸ੍ਰੀ ਰਾਧੇ ! ਬਡਭਾਗੀ, ਤੇਰੀ ਪ੍ਰੀਤਿ ਚਰਨ ਹਰਿ ਲਾਗੀ
ਨਿਸਦਿਨ ਰਹੀ ਪ੍ਰੇਮ ਵਿਚ ਪਾਗੀ, ਸਭ ਜੰਜਾਲ ਜਗਤ ਤਜ ਭਾਗੀ
ਗੋਬਿੰਦ ਚਰਨਨ ਸੋਂ ਅਨੁਰਾਗੀ, ਤਜ ਭ੍ਰਮ ਮੋਹ ਨੀਂਦ ਅਬ ਜਾਗੀ
ਪਾਵੇ ਪਰਮ ਪੁਰਖ ਜਗ ਤਜਾਗੀ, ਜਿਸ ਨੂੰ ਖੋਜਨ ਸੰਤ ਬਿਰਾਗੀ
ਅਗਮ ਅਗਾਹਿ ਨੂੰ।੧।
ਦੇਖੋ ਸ੍ਰੀ ਨੰਦ ਨੰਦਨ ਆਵਤ, ਸੁੰਦਰ ਪੀਤ ਧੁਜਾ ਫਹਿਰਾਵਤ
ਰਬ ਦੀ ਘੋਰ ਸ੍ਰਵਨ ਸੁਨ ਪਾਵਤ, ਮਾਨਹੁ ਸਾਵਨ ਘਨ ਘਹਰਾਵਤ
ਮਾਥੇ ਮੋਰ ਮੁਕਟ ਛਬਿ ਪਾਵਤ, ਕੁੰਡਲ ਕਨਕ ਕਪੋਲ ਸੁਹਾਵਤ
ਸਾਂਵਰ ਰੂਪ ਪੀਤ ਪਟ ਭਾਵਤ, ਦਰਸਨ ਦੇ ਕੇ ਤੁਰਤ ਮਿਟਾਵਤ
ਦਿਲ ਦੀ ਦਾਹਿ ਨੂੰ।੨।
ਰਬ ਤੇ ਉਤਰ ਦੀਓ ਹਰਿ ਦਰਸਨ, ਗ੍ਵਾਰਨ ਦੌਰ ਪਰੀ ਪਗ ਪਰਸਨ
ਹਰ ਬਰ ਉਲਟ ਪਰੀ ਇਕ ਹਰਸਨ, ਇਕ ਭਰ ਪ੍ਰੇਮ ਨੈਨ ਜਲ ਬਰਸਨ
ਇਕ ਦ੍ਰਿਗ ਪੋਂਛ ਦਰਸ ਨੂੰ ਤਰਸਨ, ਰਾਧੇ ਦੌਰ ਮਿਲੀ ਨਿਜ ਬਰ ਸਨ
ਮੇਟੀ ਬਿਰਹੁੰ ਬਿਥਾ ਬਹੁ ਬਰਸਨ, ਹਰਿ ਜੀ ਪਲ ਵਿਚ ਪੂਰਨ ਕਰਸਨ
ਚਿਤ ਦੀ ਚਾਹਿ ਨੂੰ।੩।
ਹਰਿ ਜੀ ਸਫਲ ਮਨੋਰਥ ਕੀਤੇ, ਗ੍ਵਾਰਨ ਸੁਖ ਪਾਏ ਮਨ ਕੀਤੇ
ਗੋਪੀ ਗ੍ਵਾਲ ਮੁਕਤ ਪਦ ਲੀਤੇ, ਪ੍ਰਭੂ ਕੀ ਕੀਰਤਿ ਪਰਮ ਪੁਨੀਤੇ, ਵੇਪਰਵਾਹ ਨੂੰ।੪।
ਫੂਲ ਹਰੀ ਕਿ ਹਰਦਮ ਯਾਰ, ਸਿਮਰਲੈ ਸਚਾ ਪਰਵਦਗਾਰ
ਚੜ੍ਹੀ ਹੁਣ ਅਗਲੀ ਅਜਬ ਬਹਾਰ, ਮਹੀਨਾ ਗੁਜ਼ਰਿਆ।੧੨।
ਇਤਿ ਸ੍ਰੀ ਕ੍ਰਿਸ਼ਨ ਰਾਧਾ ਜੀ ਕੋ ਬਿਰਹੁ ਨਾਟਕ ਬਾਰਾਂਮਾਹ ਕ੍ਰਿਤ
ਕਵਿ ਸਾਹਿਬ ਮ੍ਰਿਗਿੰਦ ਵਿਯੋਗ ਸ਼ਿੰਗਾਰ ਬਰਨਨੰ।੧।



Sri Satguru Jagjit Singh Ji eLibrary NamdhariElibrary@gmail.com

## ੨੮. ਬਾਰਾਂਮਾਹ ਗੁਲਾਮ ਹੁਸੈਨ ਦਾ

ਦੋਹਰਾ

ਸੁਫਨੇ ਮਿਲੇ ਸਿਆਮ ਜੀ, ਤਨ ਮਨ ਖੁਸ਼ੀ ਭਈ
ਗੁਲਾਮ ਸੈਨ ਜਾਂ ਜਾਗਿਆ, ਚੋਲੇ ਚਿਣਗ ਪਈ ।

ਛੰਦ

ਸਖੀ ਜਬ ਚੰਦ ਅਸੂ ਦਾ ਚੜਿਆ, ਜ਼ਾਲਮ ਬ੍ਰਿਹੁ ਨਗਾਰਾ ਕੜਿਆ
ਪੀ ਬਿਨ ਦੇਖ ਕਲੇਜਾ ਸੜਿਆ, ਸਈਓ ਨਾਗ ਇਸ਼ਕ ਦਾ ਲੜਿਆ
ਮੇਰਾ ਭੰਨ ਕਲੇਜਾ ਫੜਿਆ, ਹੋਈ ਬਿਮਾਰ ਮੈਂ ।੧।

ਹੋਈ ਬੀਮਾਰ ਇਸ਼ਕ ਨੇ ਘੇਰੀ, ਸਈਓ ਕਿਉਂ ਕਰ ਹੋਵਾਂ ਚੰਗੇਰੀ
ਦਿਲਬਰ ਦੇ ਗਿਆ ਮੈਂਡ ਦਲੇਰੀ, ਮੁੜ ਕੇ ਮੂਲ ਨ ਪਾਈ ਫੇਰੀ
ਸਈਓ ! ਤੜਫ ਰਹੀ ਜਿੰਦ ਮੇਰੀ, ਉਸਦੇ ਮਿਲਣ ਨੂੰ ।੨।

ਉਸਦੇ ਦਿਲ ਪਰ ਕੀ ਕੁਛ ਆਈ, ਸੋਹਣਾ ਕਰਦਾ ਵੇਪਰਵਾਹੀ
ਸਾਨੂੰ ਖਾਵੇ ਬ੍ਰਿਹੁੰ ਕਸਾਈ, ਸਾਡੀ ਵਾਹਿ ਨ ਲਗਦੀ ਕਾਈ
ਕਿਸ ਮੈ ਘੜੀ ਪ੍ਰੀਤ ਲਗਾਈ, ਵਿਛੜੀ ਲਾਲ ਤੇ ।੩।

ਬਿਛੜੀ ਲਾਲ ਤੇ ਹੋਈ ਬਿਮਾਰ, ਸਈਓ ਕੁਝ ਨ ਸੁਝੇ ਕਾਰ
ਦੁਸਹਿਰਾ ਪੂਜੇ ਸਭ ਸੰਸਾਰ, ਲੀਕਾਂ ਉਠਨ ਧੂੰਏਦਾਰ
ਕਬ ਘਰ ਆਏ ਸ਼ਿਆਮ ਮੁਰਾਰ, ਹੋਵਾਂ ਕੁਰਬਾਨ ਮੈਂ ।੪।

ਦੋਹਰਾ

ਅਸੂ ਆਸ ਨ ਪੂਜੀਓ, ਕਹਿ ਊਧੋ ਕੁਝ ਬਾਤ
ਗੁਲਾਮ ਸੈਨ ਇਸ ਜਾਨ ਪਰ, ਝੁਲੀ ਬ੍ਰਿਹੁ ਅਫਾਤ ।੧।

ਛੰਦ

ਅਸੂ ਗਏ ਜੁ ਕੱਤਕ ਆਏ, ਸ਼ਹੁ ਦੇ ਅਸਾਂ ਨ ਦਰਸ਼ਨ ਪਾਏ
ਰੋ ਰੋ ਨੈਣ ਮੇਰੇ ਪਛਤਾਏ, ਹੁਣ ਕੀ ਕਰਾਂ ਨੀ ਮੇਰੀ ਮਾਏ
ਸਾਨੂੰ ਕਟਕ ਬ੍ਰਿਹੂੰ ਦੇ ਧਾਏ, ਇਕ ਸੈ ਵਾਰੀਆਂ ।੧।
ਇਕ ਸੈ ਬਾਰ ਬ੍ਰਿਹੂੰ ਉਠ ਝੁਲੀ, ਮੇਰੀ ਅਕਲ ਹੋਸ਼ ਸਭ ਭੁਲੀ



Sri Satguru Jagjit Singh Ji eLibrary NamdhariElibrary@gmail.com

ਹਟੀ ਨਗਰ ਪ੍ਰੇਮ ਦੀ ਖੁਲ੍ਹੀ, ਮਾਏ ! ਸਿਆਮ ਬਿਨਾ ਮੈਂ ਭੁਲੀ
ਗਈ ਹੈ ਜਾਨ ਮੇਰੀ ਅਣਮੁਲੀ, ਕੀ ਇਲਾਜ ਕਰਾਂ ।੨।
ਮਾਏ ! ਇਲਾਜ ਕਰੀਂ ਕੁਝ ਕਾਰੀ, ਮੈਂ ਘਰ ਆਵਣ ਲਾਲ ਹਜ਼ਾਰੀ
ਦਰਸ਼ਨ ਪਾਵਾਂ ਹਰ ਹਰ ਵਾਰੀ, ਜ਼ਹਿਮਤ ਜਾਇ ਬੰਦੀ ਦੀ ਸਾਰੀ
ਮੁਖ ਸੇ ਚਾਬਾਂ ਪਾਨ ਸਪਾਰੀ, ਸੁੰਦਰ ਸਾਂਵਰੇ ।੩।
ਸੁੰਦਰ ਸਾਂਵਰੇ ਦੇਣ ਦਿਖਾਈ, ਆਈ ਦਿਵਾਲੀ ਭੜਕੇ ਭਾਈ
ਦੀਵੇ ਕਰਾਂ ਮੈਂ ਕਿਸ ਦੀ ਚਾਈਂ, ਲੈਂਦੇ ਖਬਰ ਜੁ ਸਾਡੀ ਨਾਹੀਂ
ਮਨ ਦੀਆਂ ਰਹਿ ਗਈਆਂ ਮਨ ਮਾਹੀ, ਸ਼ਿਆਮ ਨ ਬਾਹੁੜੇ ।੪।੨।

ਦੋਹਰਾ

ਆਈ ਦਿਵਾਲੀ ਪੂਜਨੀ, ਨਾ ਮੈਂ ਕੀਏ ਚਰਾਗ਼
ਗ਼ੁਲਾਮ ਸੈਨ ਮੈਂ ਪਾਪੀਆ, ਰਹੀਆਂ ਕੌਲੇ ਲਾਗ ।੧।

ਛੰਦ

ਮੱਘਰ ਚੜ੍ਹੇ ਜੋ ਸਰਦੀ ਹੋਈ, ਬੰਦੀ ਬ੍ਰਿਹੋਂ ਨੇ ਬੰਨ੍ਹ ਪਰੋਈ
ਪੰਡਤ ਸ਼ਗਨ ਬਿਚਾਰੀਂ ਕੋਈ, ਸ਼ਿਆਮ ਨੂੰ ਐਡੀ ਦੇਰ ਕਿਉਂ ਹੋਈ
ਤੈਨੂੰ ਰਾਮਚੰਦ ਦੀ ਦੋਹੀ, ਝੂਠ ਨਾ ਬੋਲਣਾ ।੧।
ਝੂਠ ਨ ਬੋਲੀਂ ਪੰਡਤ ਪਿਆਰੇ, ਬੰਦੀ ਜਸ ਗਾਵੇਗੀ ਸਾਰੇ
ਦੇਖੀਂ ਖੋਲ੍ਹ ਪੱਤਰੇ ਸਾਰੇ, ਦੇਂਦੀ ਥਾਲ ਮੋਤੀਆਂ ਵਾਰੇ
ਕਬ ਘਰ ਆਵਣ ਸ਼ਿਆਮ ਹਮਾਰੇ, ਮੈਂ ਤਾਂ ਮਰ ਰਹੀ ।੨।
ਮੈਂਝਾ ਮਰ ਗੀ ਸ਼ਿਆਮ ਨਹੀਂ ਆਇਆ, ਪੰਡਤ ਕੋਲੋਂ ਪਤਾ ਨ ਪਾਇਆ
ਪਾਪੀ ਝੂਠਾ ਸੁਖਨ ਸੁਣਾਇਆ, ਮੇਰਾ ਪੁਛਕੇ ਮਨ ਪਛਤਾਇਆ
ਉਲਟਾ ਲਗਾ ਫਿਕਰ ਸਵਾਇਆ; ਸੋਹਣੇ ਲਾਲ ਦਾ ।੩।
ਸੋਹਣੇ ਲਾਲ ਨੂੰ ਕਿਕੁਰ ਲਿਆਈਏ, ਆਗਿਆ ਪੀਰ ਮੁਰਸ਼ਦੀ ਪਾਈਏ
ਜੋਗਣ ਹੋ ਕੇ ਢੂੰਡਣ ਜਾਈਏ, ਸਈਓ ! ਅੰਗ ਬਿਭੂਤ ਰਮਾਈਏ
ਜਾ ਦਰਵਾਜ਼ੇ ਅਲਖ ਜਗਾਈਏ, ਬੂਹੇ ਸਿਆਮ ਦੇ ।੪।

ਦੋਹਰਾ

ਬੈਠੀ ਧੂੰਆਂ ਘੱਤ ਕੇ, ਲੈ ਪੀਰ ਮੁਰਸ਼ਦ ਦਾ ਨਾਮ
ਗ਼ੁਲਾਮ ਸੈਨ ਤਬ ਜੀਵਸਾਂ, ਜਬ ਮੁਝ ਮਿਲੇ ਸ਼ਿਆਮ ।੫।੩।

ਛੰਦ

ਚੜ੍ਹਿਆ ਪੋਹ ਤੇ ਬਰਫ ਜੋ ਬਰਸਦੀ, ਮੇਰੀ ਜਾਨ ਸੋਹਣੇ ਵਿਚ ਵਸਦੀ
ਗੁੱਝੇ ਭੇਤ ਮੈਂ ਕਿਸਨੂੰ ਦਸਦੀ, ਸੁੰਨੀ ਛੇਜ ਨਾਗਣੀ ਡਸਦੀ
ਮੇਰੀ ਪਈ ਜੁ ਜਿੰਦ ਤੜਫਦੀ, ਰਾਤੀਂ ਕਾਲੀਆਂ ।੧।
ਰਾਤੀਂ ਕਾਲੀਆਂ ਡਸਣ ਨਾਗ, ਨੈਣੀਂ ਆਵੇ ਪੀਆ ਬਿਰਾਗ


Sri Satguru Jagjit Singh Ji eLibrary NamdhariElibrary@gmail.com

ਮੁੜ ਘਿੜ ਗਾਵਾਂ ਰਾਗ ਬਿਹਾਗ, ਸੀਨੇ ਦੁਖ ਬ੍ਰਿਹੋਂ ਦੇ ਲਾਗ
ਨ ਆਵੇ ਨੀਂਦ ਨ ਆਵੇ ਜਾਗ, ਪੀਆ ਦੀ ਤਲਬ ਮੈਂ ।੨।
ਪੀਆ ਦੀ ਤਲਬ ਮੈਂ ਨੀਂਦ ਨ ਆਵੇ, ਤਾਰਿਆਂ ਗਿਣਦਿਆਂ ਰਾਤ ਵਿਹਾਵੈ
ਮੁੜ ਕੇ ਬ੍ਰਿਹੁ ਹੱਡਾਂ ਨੂੰ ਖਾਵੇ, ਮੇਰਾ ਪਿਆ ਚਿਤ ਕੁਰਲਾਵੈ
ਬ੍ਰਿਹੁੰ ਜ਼ਾਲਮ ਬਹੁਤ ਸੰਤਾਵੈ, ਹਾਇ ! ਮੈਂ ਕੀ ਕਰਾਂ ।੩।
ਹਾਇ ਮੈਂ ਕੀ ਕਰਾਂ ਨੀ ਕਿਤ ਵਲ ਜਾਵਾਂ, ਅਪਣਾ ਹਾਲ ਮੈਂ ਕਿਸੈ ਸੁਣਾਵਾਂ
ਮਾਰੀ ਬ੍ਰਿਹੋਂ ਦੀ ਗੋਤੇ ਖਾਵਾਂ, ਪੀ ਪ੍ਰਦੇਸ ਪਈ ਪਛਤਾਵਾਂ
ਸਈਓ ! ਲਿਖ ਭੇਜੋ ਕੋਈ ਨਾਵਾਂ, ਆਵੇ ਸਾਂਵਰਾ ।੪।

ਦੋਹਰਾ

ਲਾਗੀ ਚਾਟ ਪ੍ਰੇਮ ਦੀ, ਨੈਣ ਰਹੇ ਝੜ ਲਾਇ
ਗੁਲਾਮ ਸੈਨ ਉਸ ਲਾਲ ਦਾ, ਖੜੀ ਉਡੀਕਾਂ ਰਾਹ ।੫।੪।

ਛੰਦ

ਚੜ੍ਹਿਆ ਮੰਘਰ ਤੇ ਪੋਹ ਬਦੀਤਾ, ਜਿਗਰੋਂ ਲੋਹੂ ਬੰਦੀ ਦਾ ਪੀਤਾ
ਮੇਰੀ ਖਬਰ ਨ ਲੀਤੀ ਮੀਤਾ, ਤੈਨੂੰ ਕਿਸਨੇ ਜਾਦੂ ਕੀਤਾ
ਗੁੱਝਾ ਪਾਇ ਪਟਾਰੀ ਸੀਤਾ, ਕਾਮਣਹਾਰੀਆਂ ।੧।
ਕਾਮਣਹਾਰੀਆਂ ਕਾਰੇ ਕੀਨਾ, ਸਾਡਾ ਸ਼ਿਆਮ ਸੁੰਦ੍ਰ ਠਗ ਲੀਨਾ
ਮੇਰਾ ਪਿਆ ਭੁਜਦਾ ਸੀਨਾ, ਨਾਹੀ ਮਿਲਿਆ ਯਾਰ ਨਗੀਨਾ
ਬੰਦੀ ਰੋ ਰੋ ਹੋਈ ਅਧੀਨਾ, ਦੁਖ ਮਹਿਬੂਬ ਦੇ ।੨।
ਦੁਖ ਮਹਿਬੂਬ ਦਾ ਲਗਾ ਭਾਰਾ, ਸਈਓ ਕਿਕੁਰ ਹੋਇ ਨਿਸਤਾਰਾ
ਸਾਡਾ ਸਿਆਮ ਫਿਰੇ ਮਤਵਾਰਾ, ਨਾਹੀ ਜਾਣੇ ਦੁਖ ਹਮਾਰਾ
ਮਾਰੂ ਬਜਿਆ ਇਸ਼ਕ ਨਗਾਰਾ, ਰਣ ਕਣ ਸਥਰੀਆ ।੩।
ਰਣ ਕਣ ਸਥਰੀ ਆਸ਼ਕਾਂ ਵਾਲੀ, ਉਤੋਂ ਰਾਤ ਮਾਘ ਦੀ ਕਾਲੀ
ਬੰਦੀ ਕਿਕੂੰ ਹੋਇ ਸੁਖਾਲੀ, ਦਹਿੰਦਾ ਘੜੀ ਘੜੀ ਘੜਿਆਲੀ
ਇਸਨੇ ਜਾਨ ਬੰਦੀ ਦੀ ਜਾਲੀ, ਗਜ਼ਲ ਬਜਾਇਕੇ ।੪।

ਦੋਹਰਾ

ਬਾਜ਼ੀ ਗਜ਼ਲ ਪ੍ਰੇਮ ਕੀ, ਸੁਣਕੇ ਹੋਈ ਹੈਰਾਨ
ਗੁਲਾਮ ਸੈਨ ਉਸ ਲਾਲ ਬਿਨ, ਤੜਫ ਰਹੀ ਹੈ ਜਾਨ ।੫।੫।

ਛੰਦ

ਚੜ੍ਹਿਆ ਫਗਣ ਖੇਲ ਰਹੀ ਹੋਲੀ, ਸਈਆਂ ਬੰਨ੍ਹ ਆਈਆਂ ਸਭ ਟੋਲੀ
ਬੰਦੀ ਸਿਆਮ ਬਿਨਾਂ ਮੈਂ ਡੋਲੀ, ਚਾਦਰ ਜ਼ਰਦ ਨ ਰੰਗੀ ਚੋਲੀ
ਸਭ ਦੇ ਸੋਹੇ ਨੱਥ ਮਮੋਲੀ, ਨਾਲ ਬਲਾਕ ਦੇ ।੧।
ਨਾਲ ਬਲਾਕ ਦੇ ਮੋਤੀ ਝਮਕਣ, ਜ਼ੁਲਫ਼ਾਂ ਨਾਗ ਬ੍ਰਿਹੋਂ ਦੇ ਲਮਕਣ



Sri Satguru Jagjit Singh Ji eLibrary NamdhariElibrary@gmail.com

ਸੁੰਦਰ ਨੈਣ ਸਈਆਂ ਦੇ ਦਮਕਣ, ਮੱਥੇ ਚੰਦ ਬਿੰਦੀਆਂ ਝਮਕਣ
ਸੀਨੇ ਪਏ ਆਸ਼ਕਾਂ ਰਮਕਣ, ਛਣਕਣ ਝਾਂਜਰਾਂ ।੨।
ਛਣਕਣ ਝਾਂਜਰਾਂ ਕਦਮ ਉਠਾਵਣ, ਸਈਆਂ ਮਾਣ ਮੱਤੀਆਂ ਆਵਣ
ਦਸਤੀ ਛੱਲੇ ਅਜਬ ਸੁਹਾਵਣ, ਹੋਰੀ ਖੇਲਣ ਧੂੰਮ ਮਚਾਵਣ
ਕਰ ਕਰ ਰੰਗ ਗੁਲਾਲ ਉਡਾਵਣ, ਰਲਿ ਸੰਗਿ ਪਿਆਰਿਆਂ ।੩।
ਰਲ ਸੰਗਿ ਪਿਆਰੇ ਕੀਤੇ ਰੰਗ, ਘਰ ਘਰ ਤਾਨ ਬਜਾਵਨ ਸੰਗ
ਡੌਰੂ ਡੱਫ ਤੇ ਮੁਰਲੀ ਜੰਗ, ਬਾਜੇ ਢੋਲ ਕੀਤੇ ਮਰਦੰਗ
ਹੋਰੀ ਹੋਇ ਰਹੀ ਇਕ ਰੰਗ ਸਿਆਮਾ ! ਆਉ ਤੂੰ ।੪।

ਦੋਹਰਾ

ਖੇਲਣ ਫਾਗ ਸਹੇਲੀਆਂ, ਜਿਨ ਕੇ ਮਸਤਕ ਭਾਗ
ਗੁਲਾਮ ਸੈਨ ਬ੍ਰਿਥੜੀ, ਖੜੀ ਉਡੀਵਾਂ ਕਾਗ ।੫।੬।

ਛੰਦ

ਚੜ੍ਹਿਆ ਚੇਤ ਚਿਤਵਨੀ ਜਾਗੀ, ਤਨ ਮਨ ਅਗਨ ਬ੍ਰਿਹੁ ਦੀ ਲਾਗੀ
ਹੋਈ ਸਿਆਮ ਬਿਨਾ ਬੈਰਾਗੀ, ਖੇਲੀ ਫਾਗਣ ਨ੍ਹਾਤੀ ਮਾਘੀ
ਸਈਓ ! ਆਉ ਭੇਜੋ ਕੋਈ ਲਾਗੀ, ਲਿਖਕੇ ਚੀਰੀਆਂ ।੧।
ਲਿਖਕੇ ਚੀਰੀਆ ਦਰਦਾਂ ਵਾਲੀ, ਸੋਹਣਾ ਵੇਖ ਕਰੇ ਕੁਸ਼ਿਆਲੀ
ਮੁੜ ਘਿੜ ਆਵੀਂ ਦੇਈਂ ਦਿਖਾਲੀ, ਸੋਹਣੀ ਸੂਰਤ ਅਜਬ ਖਿਆਲੀ
ਬੰਦੀ ਦੇਖ ਹੋਈ ਮਤਵਾਲੀ, ਸੁੰਦਰ ਸਿਆਮ ਨੂੰ ।੨।
ਸੁੰਦਰ ਸਿਆਮ ਅਜੇ ਨਹੀਂ ਆਏ, ਖੁਲ੍ਹੇ ਬਾਗ਼ ਤੇ ਚਮਨ ਸੁਹਾਏ
ਫੁਲ ਅਨਾਰੀਂ ਰੰਗ ਲਗਾਏ, ਖਿੜੇ ਗੁਲਾਬ ਤੇ ਭਵਰ ਲਪਟਾਏ
ਫੇਰੇ ਆਣ ਬੁਲਬੁਲਾਂ ਪਾਏ, ਬੋਲਣ ਤੂਤੀਆਂ ।੩।
ਬੋਲਣ ਤੂਤੀਆਂ ਕਰਨ ਬਹਾਰਾਂ, ਸਜਣ ਸੈਲ ਕਰਨ ਸਭ ਨਾਰਾਂ
ਜਿਨਕੇ ਪੀਆ ਬਸੇ ਘਰ ਬਾਰਾ, ਸੋਈ ਲੈਣ ਇਸ਼ਕ ਦੀਆਂ ਸਾਰਾਂ
ਮੈਂ ਤਾਂ ਪੀਆ ਪੀਆ ਚਿਤਾਰਾਂ, ਬਾਗੀਂ ਸਜਾਮ ਦੇ ।੪।

ਦੋਹਰਾ

ਸੈਲ ਕਰਨ ਸਭ ਨਾਰੀਆਂ, ਪੀਆ ਆਪਣੇ ਸੰਗ
ਗੁਲਾਮ ਸੈਨ ਮੇਰੇ ਚਿਤ ਵਿਖੇ, ਉਠਣ ਬਹੁਤ ਤਰੰਗ ।੫।੭।

ਛੰਦ

ਅਗੋਂ ਚੜ੍ਹਿਆ ਮਾਹ ਵਿਸਾਖ, ਮੈਂ ਤਾਂ ਰਹੀ ਸਜਾਮ ਨੂੰ ਆਖ
ਬਾਗੀਂ ਪੱਕ ਰਹੀ ਹੈ ਦਾਖ, ਚੋਰ ਉਚੱਕਾ ਫਿਰਦਾ ਲਾਖ
ਮਾਲ ਬਗਾਨਾ ਜਾਂਦਾ ਰਾਖ, ਪਿਆ ਜੀਉ ਕੰਬਦਾ ।੧।
ਪੀਆ ਜੀਉ ਕੰਬੇ ਸਣੇ ਸਰੀਰਾ, ਜ਼ਾਲਮ ਲਗੇ ਬ੍ਰਿਹੁੰ ਦੇ ਤੀਰਾ



Sri Satguru Jagjit Singh Ji eLibrary NamdhariElibrary@gmail.com

ਤੜਫਾਂ ਜਿਉਂ ਮਛਲੀ ਬਿਨ ਨੀਰਾ, ਮੇਰੀ ਕੋਈ ਬੰਧਾਵੇ ਧੀਰਾ
ਸਈਓ ! ਧਿਆਵਾਂ ਮੀਰ ਫਕੀਰਾਂ, ਆਉਣ ਘਰ ਸੋਹਣੇ ।੧।
ਆਉਣ ਘਰ ਸੋਹਣੇ ਉਡ ਜਾ ਕਾਵਾਂ, ਤੈਨੂੰ ਕੁੱਟ ਚੂਰੀਆਂ ਪਾਵਾਂ
ਬੰਦੀ ਪਲ ਪਲ ਸ਼ਗਨ ਮਨਾਵਾਂ, ਦਾਵਾਂ ਕਦੀ ਨ ਹੁੰਦਾ ਬਾਵਾਂ
ਜਾਣਾ ਨਿਜ ਮੁਹੱਬਤਿ ਲਾਵਾਂ, ਕਰਮਾਂ ਤੱਤੜੀ ।੩।
ਕਰਮਾਂ ਤੱਤੜੀ ਕਿਉਂ ਨਹੀਂ ਮਰਦੀ, ਤਾਅਨੇ ਪਏ ਜਗਤ ਦੇ ਜਰਦੀ
ਕੇਹੀ ਵਾਉ ਵਗੀ ਹੈ ਕਹਰ ਦੀ, ਮੁੜ ਨ ਖਬਰ ਆਈ ਦਿਲਬਰ ਦੀ
ਸਹਿ ਸਹਿ ਪਈ ਜਾਨ ਰੋਹ ਕਰਦੀ, ਦਰ ਕਰਤਾਰ ਦੇ ।੪।

ਦੋਹਰਾ

ਸਾਜਨ ਅਜੇ ਨ ਬਾਹੁੜੇ, ਲਿਖ ਥਕੀ ਕਰ ਦੋਇ
ਗੁਲਾਮ ਸੈਨ ਮੈਂ ਰੰਗ ਰੂਪ, ਲੀਆ ਰੋਇਕੇ ਖੋਇ ।੫।੮।

ਛੰਦ

ਚੜਿਆ ਜੇਠ ਨਹੀਂ ਕੁਝ ਸੁਝੇ, ਭੁਖ ਦੁਖ ਬ੍ਰਿਹੁ ਦੇ ਲੁਝੇ
ਮੇਰਾ ਪਇਆ ਕਲੇਜਾ ਭੁਜੇ, ਕਿਕਰ ਜੀਵਸਾਂ ।੧।
ਕਿਕਰ ਜੀਵਸਾਂ ਉਡਣ ਲਹਿਰੀਂ, ਧੁਪਾਂ ਪੈਣ ਜੇਠ ਦੀਆਂ ਕਹਿਰੀਂ
ਨਿਤ ਉਠ ਭੱਜਾਂ ਸਿਖਰ ਦੁਪਹਿਰੀਂ, ਛਾਲੇ ਪਏ ਬੰਦੀ ਦੀ ਪੈਰੀਂ
ਮੁੜ ਮੁੜ ਉਠਣ ਬ੍ਰਿਹੋਂ ਦੀਆਂ ਲਹਿਰੀਂ, ਫਿਰਾਂ ਢੂੰਡੇਦੜੀ ।੨।
ਫਿਰਾਂ ਢੂੰਡੇਦੜੀ ਇਸ਼ਕ ਦਿਵਾਨੀ, ਸਿਆਮਾ ! ਆਵੀਂ ਮੇਰੇ ਜਾਨੀ
ਤੈਂ ਬਿਨ ਹੋਈ ਬਹੁਤ ਨਿਮਾਣੀ, ਕਿਧਰ ਗਿਆ ਯਾਰ ਗੁਮਾਨੀ
ਕੋਈ ਹੋਰ ਨਾ ਉਸ ਦਾ ਸਾਨੀ, ਦਿਵਾਨੀ ਮੈਂ ਫਿਰਾਂ ।੩।
ਦਿਵਾਨੀ ਮੈਂ ਫਿਰਾਂ ਸੁਣ ਪੀਰਾ, ਹਡੀ ਲਗ ਰਹੀਆ ਤਨ ਪੀੜਾ
ਸਿਆਮ ਜੀ ਕਸਮ ਅਸਾਨੂੰ ਪੀਰਾ, ਰੱਤੀ ਰੱਤ ਨਹੀਂ ਸਰੀਰਾ
ਤਨ ਮਨ ਕੀਤਾ ਬ੍ਰਿਹੋਂ ਨੇ ਲੀਰਾ, ਸੁਣ ਜਗਦੀਸ਼ ਤੂੰ ।੪।

ਦੋਹਰਾ

ਸਰਦਖਾਨੇ ਸਰਦਾਈਆਂ, ਜਿਨ ਕੇ ਭਾਗ ਭਲੇ
ਗੁਲਾਮ ਸੈਨ ਮੇਰਾ ਜੀਅੜਾ, ਪਾਪੀ ਪੀਆ ਜਲੇ ।੫।੯।

ਛੰਦ

ਸਖੀ ਚੜ੍ਹਿਆ ਮਹੀਨਾ ਹਾੜ, ਬੰਦੀ ਸਿਟੀ ਗਰਮੀ ਨੇ ਸਾੜ
ਕੇਹੀ ਪਈ ਬ੍ਰਿਹੁ ਦੀ ਧਾੜ, ਜਾਂ ਮੈਂ ਦੇਖਾਂ ਖੋਲ੍ਹ ਕਿਵਾੜ
ਦਿਸੇ ਚਾਰੋ ਤਰਫ ਉਜਾੜ, ਸਿਆਮ ਤੁਝ ਬਿਨਾ ।੧।
ਸਿਆਮ ਜੀ ਤੁਝ ਬਿਨ ਕੁਝ ਨਾ ਭਾਵੇ, ਸਾਨੂੰ ਬ੍ਰਿਹੋਂ ਨਿਤ ਸੰਤਾਵੇ
ਆਤਸ਼ ਗਰਮ ਹੱਡਾਂ ਨੂੰ ਖਾਵੇ, ਤੇਰੇ ਮਨ ਵਿਚ ਮਿਹਰ ਨ ਆਵੇ



Sri Satguru Jagjit Singh Ji eLibrary NamdhariElibrary@gmail.com

ਬੰਦੀ ਮਰੇ ਤੁਸਾਡੇ ਹਾਵੇ, ਆਉ ਘਰ ਜ਼ਾਲਮਾ !੨।
ਆਉ ਘਰ ਜ਼ਾਲਮ ਤੇ ਮੈਂ ਟੁਟੀ, ਜਾਦੂ ਨੈਣ ਤੇਰਿਆਂ ਨੇ ਲੁਟੀ
ਹਥੋਂ ਵਾਗ ਅਸਾਥੋਂ ਛੁਟੀ, ਬੰਦੀ ਪਈ ਪ੍ਰੇਮ ਦੀ ਘੁਟੀ ਕੀਜੋ ਮੇਹਰ ਜੀ ।੩।
ਕੀਜੋ ਮੇਹਰ ਬਾਗ ਦੇ ਬੇਲੀ, ਮੇਰੀ ਤੜਫੇ ਜਿੰਦ ਅਕੇਲੀ
ਛਾਵਾਂ ਮਾਣਨ ਸਭੇ ਸਹੇਲੀ, ਜਿਸ ਕੇ ਪਾਸ ਦਿਲਾਂ ਦੇ ਮੇਲੀ
ਸਾਨੂੰ ਖਾਵੇ ਪਈ ਹਵੇਲੀ, ਆਹੀਂ ਮਾਰਸਾਂ ।੪।

ਦੋਹਰਾ

ਸਾਵਣ ਆਇ ਸੁਹਾਵਣਾ, ਘਟਾ ਛਾਈ ਅਸਮਾਨ
ਗੁਲਾਮ ਸੈਨ ਮੇਰਾ ਨੇਹੁੜਾ, ਲਗਿਆ ਨਾਲ ਨਿਦਾਨ ।੪।੧੦।

ਛੰਦ

ਮਾਏ ਚੜ੍ਹਿਆ ਮਹੀਨਾ ਸਾਵਣ, ਚੜ੍ਹ ਚੜ੍ਹ ਘਟੀਂ ਕਾਲੀਆਂ ਆਵਣ
ਬਗਲੇ ਉਡਣ ਕਤਾਰਾਂ ਲਾਉਣ, ਸਾਡੇ ਦਿਲ ਨੂੰ ਬਹੁਤ ਸੰਤਾਉਣ
ਕੂਕਣ ਮੋਰ ਪਾਇਲਾਂ ਪਾਵਣ, ਬਰਸੇ ਮੇਘਲਾ ।੧।
ਬਰਸੇ ਮੇਘ ਚਿਕਾਰਨ ਮੋਰ, ਸੂਕਰ ਬਿਸੀਅਰ ਉਡਣ ਚਕੋਰ
ਦਾਦਰ ਪਾਉਣ ਜਲ ਮੇਂ ਸ਼ੋਰ, ਪਾਪੀ ਚੜ੍ਹੇ ਇਸ਼ਕ ਦੇ ਲੋਰ
ਕੋਇਲਾਂ ਬੋਲ ਰਹੀਆਂ ਇਕ ਜ਼ੋਰ ਜ਼ੋਰ, ਲਸ਼ਕੇ ਦਾਵਨੀ ।੨।
ਲਸ਼ਕੇ ਦਾਵਨੀ ਪੈਣ ਫੁਹਾਰਾਂ, ਸਈਆਂ ਕਰਨ ਮਜਾਜ਼ ਹਜ਼ਾਰਾਂ
ਬਟਣੇ ਲਾਉਣ ਮੁਸ਼ਕ ਹਜਾਰਾਂ, ਸੀਸ ਗੁੰਦਾਵਣ ਸਭੇ ਨਾਰਾਂ
ਪਹਿਰਨ ਸੂਹੇ ਕਰਨ ਬਹਾਰਾਂ, ਚਾਉ ਤਿਹਾਰ ਦੇ ।੩।
ਚਾਉ ਤਿਹਾਰ ਦੇ ਖੇਲਣ ਆਈਆਂ, ਮੱਥੇ ਚੰਦ ਬਿੰਦੀਆਂ ਲਾਂਈਆਂ
ਨੱਕ ਵਿਚ ਬੇਸਰ ਅਜਬ ਸੁਹਾਈਆਂ, ਗਿਧਾ ਪਾਵਣ ਧੂੰਮ ਮਚਾਈਆਂ
ਰਲਮਿਲ ਪੀਘਾਂ ਆਣ ਚੜਾਈਆਂ, ਅਪਣੇ ਪਿਆਰਿਆਂ ।੪।

ਦੋਹਰਾ

ਝੂਟਨ ਸਭੇ ਸਹੇਲੀਆਂ, ਪੀਆ ਆਪਣੇ ਕੇ ਸਾਥ
ਗੁਲਾਮ ਸੈਨ ਮੈਂ ਪੀਆ ਬਿਨ, ਰਹੀ ਮਲੇਂਦੀ ਹਾਥ।੫।੧੧।

ਛੰਦ

ਭਾਦੋਂ ਫਜ਼ਲ ਕੀਤਾ ਕਰਤਾਰ, ਦਿਲਬਰ ਲਈ ਅਸਾਡੀ ਸਾਰ
ਸਈਓ ! ਆਓ ਮੇਰੇ.ਘਰਬਾਰ,ਮੰਗਲ ਗਾਵੋ ਅੱਜ ਦਰਬਾਰ ਆਏ ਘਰ ਸੋਹਣੇ।੧।
ਆਏ ਘਰ ਸੋਹਣੇ ਮੇਰੀ ਜਾਨ, ਝੂਲਨ ਨੇਜੇ ਜਾਲ ਨਿਸ਼ਾਨ
ਸਈਓ ਲਿਆਇ ਸੁਪਾਰੀ ਪਾਨ, ਹੋਵਾਂ ਸ਼ਹੁ ਨਾਂ ਤੋਂ ਕੁਰਬਾਨ
ਸਈਓ ਦੇਖੋ ਕਰੋ ਧਿਆਨ, ਸੋਹਣਾ ਅਜ ਬੰਗਲਾ ।੨।
ਸੋਹਣਾ ਅਜ ਬੰਗਲੇ ਨਾਲ ਅਟਾਰੀ, ਅਜ ਦਿਨ ਸੇਜ ਵਿਛੀਆ ਸਵਾਰੀ



Sri Satguru Jagjit Singh Ji eLibrary NamdhariElibrary@gmail.com

ਦੀਵੇ ਬਲਨ ਚਮਾਖੇ ਭਾਰੀ, ਸਹੀਓ ਬੇਸਰ ਲਿਆਉ ਗੁਜ਼ਾਰੀ
ਅਜ ਮੈਂ ਸ਼ਿਆਮ ਸੁੰਦਰ ਨੇ ਤਾਰੀ, ਆਏ ਹੈਂ ਧੌਲਰੀਂ ।੩।
ਆਏ ਹੈਂ ਧੌਲਰੀਂ ਸੱਦ ਬੁਲਾਈ, ਕਰਕੇ ਮੇਹਰ ਮੈਂ ਕੋਲ ਬਿਠਾਈ
ਅਜ ਦਿਨ ਕੀਤਾ ਫਜ਼ਲ ਇਲਾਹੀ, ਸੋਹਣੇ ਖੋਲ੍ਹ ਤਣੀ ਗਲ਼ ਲਾਈ
ਲੂੰ ਲੂੰ ਹਰਿਆ ਨੀ ਮੇਰੀ ਮਾਈ, ਮਿਲਕੇ ਸ਼ਿਆਮ ਨੂੰ ।੪।

ਦੋਹਰਾ

ਅਜ ਮਿਲੇ ਮੁਹਿ ਸ਼ਿਆਮ ਜੀ, ਹੋਈ ਬਹੁਤ ਅਨੰਦ
ਗੁਲਾਮਸੈਨ ਪੀਆ ਪਾ ਗਏ, ਦਿਲ ਨੂੰ ਬਹੁਤ ਉਮੰਗ ।੧੨।
ਚਲਤ ਅਸੂ ਕੇ ਚਲਤ ਹੀ, ਕੀਏ ਬਾਰਾਂ ਮਾਸ
ਆਏ ਸੁੰਦਰ ਸ਼ਿਆਮ ਜੀ, ਮਨ ਕੀ ਪੂਰੀ ਆਸ
ਆਈਆਂ ਸਭੇ ਗੋਪੀਆਂ, ਦਰਸ਼ਨ ਕਰਨੇ ਹੇਤ
ਐਸੇ ਸੁੰਦਰ ਸ਼ਿਆਮ ਕਾ, ਕਿਸੇ ਨ ਪਾਇਆ ਭੇਤ ।

Sri Satguru Jagjit Singh Ji eLibrary NamdhariElibrary@gmail.com

## ੨੯. ਬਾਰਾਂਮਾਹ ਕੇਸੋ ਦਾ

ਚੇਤਰ ਫੂਲ ਝੂਲ ਰਹੇ ਬਨ ਮੇਂ, ਕਈ ਭਵਰ ਲਟਕ ਰਹੇ ਬੇਲੀ।
ਜਾਂਦੀ ਸਾਂ ਬ੍ਰਿਜਨਾਥ ਸਾਥ, ਹੁਣ ਕਿਉਂ ਕਰ ਰਹੀ ਅਕੇਲੀ।
ਰਾਮ ਸ਼ਾਮ ਭਗਵਾਨ ਪਾਿਆ ਇਕ, ਬਚਨ ਰਾਧਕੇ ਬੋਲੀ।
ਕੇਸੋ ਹਰਿਦਰਸ਼ਨ ਕੀ ਚਾਹੁ ਅਸਾਨੂੰ, ਪ੍ਰਭ ਅੰਤਰਜਾਮੀ ਮੇਲੀਂ।੧।

ਵੈਸਾਖ ਲਾਖ ਕਰ ਰਹੀ ਹਾਉੜੇ, ਰਹਿਓ ਨਹੀਂ ਬਨਵਾਰੀ।
ਸਭਨਾਂ ਚਿਤ ਉਦਾਸ ਭਇਓ ਪ੍ਰਭ, ਜਿਤਨੀ ਗੋਕਲ ਗੁਆਰੀ।
ਭੀਜ ਅੰਚਲਾ ਚੀਰ ਨਿਕਸ ਗਏ, ਨੈਨ ਬੂੰਦ ਪਰ ਡਾਰੀ।
ਕੇਸੋ ਬਾਦਲ ਹੋਂਦੇ ਨੈਨ ਬਰਸ ਰਹੇ, ਬੂੰਦ ਪਰਤ ਪੀਯਾ ਪਿਆਰੀ।੨।

ਜੇਠ ਜ਼ੋਰ ਸਿਰ ਵਗਦੀ ਜਮਨਾ, ਸੁਣ ਮਥਰਾ ਕੇ ਵਾਸੀ।
ਕੁਬਜਾ ਮਾਲਨ ਕ੍ਰਿਸ਼ਨ ਰੀਝਾਇਆ ਪਾਏ ਪ੍ਰੇਮ ਕੀ ਫਾਸੀ।
ਸੋਲਾਂ ਸੱਠ ਸਹੰਸ ਗੋਪੀਆਂ, ਸਭਨਾਂ ਚਿਤ ਉਦਾਸੀ।
ਵੇ ਕੇਸੋ ਤੂੰ ਦੱਸ ਅਸਾਨੂੰ,ਕਦ ਆਵਣਗੇ ਪ੍ਰਭ ਅਬਿਨਾਸੀ।੩।

ਹਾੜ ਹੈਰਾਨ ਹੋਈ ਹਰਿ ਬਾਝੋਂ, ਹਰਿ ਬਿਨ ਮੰਦਰ ਖਾਲੀ।
ਵੱਗਣ ਲੋਆਂ ਸ਼ਾਮ ਸਲੋਆਂ ਪੈਂਦੀ ਧੁਪ ਧੁਪਾਲੀ।
ਰੁਤ ਬਸੰਤ ਕੋਕਲਾ ਬੋਲੇ, ਬੈਠ ਅੰਬ ਦੀ ਡਾਲੀ।
ਵੇ ਕੇਸੋ ਤੂੰ ਦੱਸ ਅਸਾਨੂੰ, ਕਦ ਆਵਣਗੇ ਬ੍ਰਿਜਪਾਲੀ।੪।

ਸਾਵਣ ਸੁਭਕ ਫੁਹਾਰਾਂ ਵਰਸਣ ਚਿਟਕ ਬੂੰਦ ਕੀਆਂ ਕਲੀਆਂ।
ਕਵਲ ਨੈਣ ਕੁਬਜਾਂ ਸੰਗ ਰਤੇ, ਅਸੀਂ ਵੀ ਮਾਪਿਆਂ ਜਣੀਆਂ।
ਤੁਸਾਂ ਜੇਹਾ ਸਾਨੂੰ ਅਵਰ ਨਾ ਕੋਈ, ਅਸਾਂ ਜੇਹੀਆਂ ਲੱਖ ਘਣੀਆਂ।
ਕੇਸੋ ਰਾਮ ਸ਼ਾਮ ਭਗਵਾਨ ਬਿਨ, ਖਿਸਕ ਗਏ ਬੰਦ ਤਣੀਆਂ।੫।

ਭਾਦੋਂ ਭਰਮ ਮਰਮ ਚਿਤ ਰਾਧੇ, ਘਰ ਕੂਕੇ ਸ਼ਾਮ ਸੁਣ ਮੇਰਾ।
ਮਥਰਾ ਦੇ ਵਿਚ ਜਾਇ ਜੁ ਬੈਠੋ, ਸੂਨਾ ਜੀਉ ਹੈ ਮੇਰਾ।
ਰਾਧੇ ਕਹਿੰਦੀ ਸੁਣ ਰੁਕਮਣਿ ਨੂੰ, ਕੀ ਘਸ ਜਾਂਦਾ ਤੇਰਾ।
ਕੇਸੋ ਰੁਕਮਣਿ ਕਹਿੰਦੀ ਰਾਧੇ ਨੂੰ, ਸੌਂਕਣ ਦਾ ਸਾਕ ਮੰਦੇਰਾ।੬।



Sri Satguru Jagjit Singh Ji eLibrary NamdhariElibrary@gmail.com

ਅੱਸੂ ਦੇ ਵਿਚ ਮਥਰਾ ਜਾਏ, ਚੰਚਲ ਦੀ ਚਤਰਾਈ ।
ਹਾਥ ਜੋੜ ਕੇ ਬਿਨਤੀ ਕਰੀਉ, ਦੀਜੀਓ ਕ੍ਰਿਸ਼ਨ ਦੁਹਾਈ ।
ਤਨ ਬਿਭੂਤ ਗਲ ਮੈਲੇ ਕਪੜੇ, ਰਾਧਾ ਸੁਧ ਨ ਕਾਈ ।
ਕੇਸੋ ਇਕ ਸੰਦੇਸਾ ਮੇਰਾ, ਕਹੀਓ ਬਲਭੱਦਰ ਜੂ ਕੇ ਭਾਈ ।੭।

ਕੱਤਕ ਕਵਿ ਕ੍ਰਿਸ਼ਨ ਅਬਿਨਾਸੀ, ਘਰ ਕੂਕਾਂ ਕ੍ਰਿਸ਼ਨ ਘਨਈਆ ।
ਮਥਰਾ ਦੇ ਵਿਚ ਜਾਏ ਜੋ ਬੈਠੇ, ਬਲਭੱਦਰ ਜੂ ਕੇ ਭਈਆ ।
ਕਿਸੇ ਜਨਮ ਕੀ ਕੁਬਜਾਂ ਵੈਰਨ, ਭਾਇ ਅਸਾਡੇ ਪਈਆ ।
ਕੇਸੋ ਚੜ੍ਹ ਮਾੜੀ ਪਰ ਕੂਕਾਂ, ਵੇ ਘਰ ਆਵੀਂ ਕ੍ਰਿਸ਼ਨ ਘਨਈਆ ।੮।

ਮੱਘਰ ਮਨ ਵਿਚ ਚਿੰਤਾ ਉਪਜੀ, ਘਰ ਆਇਓ ਸ਼ਾਮ ਸਲੋਇਆ ।
ਤੇਰੇ ਮੇਘ ਅਡੰਬਰ ਮਾੜੀ, ਮਹਿਲੀਂ ਜਾਲਾ ਹੋਇਆ ।
ਛੇਜ ਸੁੱਤੀ ਮੈਨੂੰ ਨੀਂਦ ਨਾ ਆਵੇ, ਨੈਣ ਭਰੇ ਭਰ ਰੋਇਆ ।
ਕੇਸੋ ਧ੍ਰਿਗ ਜੀਵਣ ਹਰਿਨਾਮ ਬਿਨਾ, ਜਗ ਜਨਮ ਅਕਾਰਥ ਖੋਇਆ ।੯।

ਪੋਹ ਪਲੰਘ ਪੁਰ ਪਾਲਾ ਪੈਂਦਾ, ਕਿਆ ਕੁਝ ਕਹਿਣਾ ਨਾ ਕਹਿਣਾ ।
ਕੌਣ ਅਰਾਇਣ ਕਿਸਕਾ ਠਾਕੁਰ, ਕਿਆ ਕੁਬਜਾ ਸੰਗ ਬਹਿਣਾ ।
ਜਿਸ ਦਿਨ ਦੇ ਮੇਰੇ ਸ਼ਾਮ ਵਿਛੜ ਗਏ, ਗੋਪੀਆਂ ਅੰਗ ਨਾ ਗਹਿਣਾ ।
ਕੇਸੋ ਹਰਿ ਬਿਨ ਪਾਲਾ ਪੈਂਦਾ, ਛੇਜੇ ਅਸਾਂ ਗਰੀਬਾਂ ਸਹਿਣਾ ।੧੦।

ਮਾਘ ਤਾਂਘ ਸਭ ਕਰਨ ਗੋਪੀਆਂ, ਹਰਿਦਰਸ਼ਨ ਸਭਿ ਤਰਸਾਈਆਂ ।
ਜੋੜਾ ਭਾਈ ਭਲੇਰਾ ਗੋਬਿੰਦ ਰਖਿਆ, ਕੁਬਜਾ ਬੁਰੀਆਂ ਚਾਈਆਂ
ਜੇਹੀ ਕੀਤੀ ਨਾਲ ਅਸਾਡੇ, ਆਵਨ ਅਗੇ ਜਾਈਆਂ
ਕੇਸੋ ਜਮਨ ਘਾਟ ਪੁਰ ਕੂਕਾਂ, ਵੇ ਘਰ ਆਉ ਬ੍ਰਿਜ ਦੇ ਸਾਈਆਂ ।੧੧।

ਫਾਗਨ ਫੇਰ ਆਇ ਹਰਿ ਦੁਆਰੇ, ਇਕ ਚਰਨ ਗੋਪੀਆਂ ਫੜਿਆ
ਸੋ ਉਹ ਘੜੀ ਸੁਲੱਖਣੀ ਜਾਂ ਸ਼ਹੁ, ਮਹਿਲੀਂ ਆ ਕੇ ਵੜਿਆ
ਰਲ ਮਿਲ ਸਹੀਓ ਦਿਉ ਵਧਾਈ, ਚੰਦ ਸਖੀ ਰਾ ਚੜ੍ਹਿਆ
ਕੇਸੋ ਚੁਣ ਚੁਣ ਕਲੀਆਂ ਛੇਜ ਵਿਛਾਵਾਂ, ਅੱਜ ਦਿਨ ਭਾਗੀਂ ਭਰਿਆ ।੧੨।





Sri Satguru Jagjit Singh Ji eLibrary NamdhariElibrary@gmail.com

## ੩੦ ਬਾਰਾਂਮਾਹ ਮੂਲ ਸਿੰਘ ਜੀ ਕਾ

ਚੇਤਰ ਮਹੀਨੇ ਚੜ੍ਹੇ ਸ਼ਯਾਮ ਜੀ, ਮਥਰਾ ਓਰ ਸਿਧਾਰੇ
ਸਾਰੀ ਬ੍ਰਿਜ ਲੁਕਾਈ ਰੋਂਦੀ, ਬਹਿ ਬਹਿ ਜਮਨ ਕਿਨਾਰੇ
ਹਾਰ ਸ਼ਿੰਗਾਰ ਉਤਾਰ ਚੋਲੀਆਂ, ਚੀਰ ਗੋਪੀਆਂ ਫਾੜੇ
ਬਾਝ ਸ਼ਾਮ ਦੇ ਮੂਲ ਸਿੰਘਾ, ਸਭ ਸੁੰਞੇ ਮਹਲ ਚੁਬਾਰੇ ।੧।

ਚੜ੍ਹੇ ਵੈਸਾਖ ਕੋਕਲਾਂ ਬੋਲੇ, ਬੈਠ ਅੰਬ ਦੀ ਡਾਲੀ
ਭਵਰੇ ਫੁਲ ਗੁੰਜਾਵਨ ਸੁੰਦਰ, ਸੋਹੇ ਰਾਤ ਚੰਦਾਲੀ
ਕਰਨ ਕਲੋਲ ਭਤਾਰ ਨਾਰੀਆਂ, ਮਿਲ ਕਰ ਸੇਜ ਸੁਖਾਲੀ
ਖੜੀ ਉਡੀਕਾਂ ਮੂਲ ਸਿੰਘਾ, ਘਰ ਆਉ ਨੰਦ ਦੇ ਪਾਲੀ ।੨।

ਜੇਠ ਜ਼ੋਰ ਕਰ ਚੜ੍ਹੀ ਜੁਆਨੀ, ਹੁਣ ਕਿਆ ਕਰੀਏ ਜੀਆ
ਸ਼ਾਮ ਰੂਪ ਕੁਬਜਾਂ ਵੱਸ ਹੋਏ, ਮਰਨ ਅਸਾਡਾ ਥੀਆ
ਰੋ ਰੋ ਕਰਾਂ ਪੁਕਾਰ ਕੂਕਦੇ, ਬਿਨਾਂ ਰਾਮ ਜਿਉਂ ਸੀਆ
ਖੜੀ ਉਡੀਕਾਂ ਮੂਲ ਸਿੰਘਾ, ਘਰ ਆਉ ਸਾਂਵਰੇ ਪੀਆ ।੩।

ਹਾੜ ਹਾਉਕੇ ਲੈਣ ਗੋਪੀਆਂ, ਪਿਆ ਵਿਛੋੜਾ ਭਾਰੀ
ਰਾਤ ਦਿਨੇ ਨਿਤ ਫਿਰਨ ਰੋਂਦੀਆਂ, ਕਰ ਕਰ ਕੂਕ ਪੁਕਾਰੀ
ਕਿਤ ਵਲ ਗਿਉਂ ਪ੍ਰੀਤ ਲਾਇ ਕੇ, ਸ਼ਾਮ ਰੂਪ ਅਵਤਾਰੀ
ਬਾਝ ਸ਼ਿਆਮ ਦੇ ਮੂਲ ਸਿੰਘਾ, ਸਭ ਸੁੰਞੀ ਹੈ ਸੰਸਾਰੀ ।੪।

ਸਾਵਣ ਮਾਹਿ ਸੁਹਾਗ ਭਾਗਣਾਂ, ਧੜੀਆਂ ਸੀਸ ਗੁੰਦਾਈਆਂ
ਕਰ ਕਰ ਹਾਰ ਸ਼ਿੰਗਾਰ ਸੋਹਣੇ, ਗਲੀਂ ਹਮੇਲਾਂ ਪਾਈਆਂ
ਪਹਿਨ ਪੁਸ਼ਾਕਾਂ ਅਤਰ ਭਿੰਨੀਆਂ, ਪੀਂਘਾਂ ਪਾਇ ਚੜ੍ਹਾਈਆਂ
ਖਲੀ ਉਡੀਕਾਂ ਮੂਲ ਸਿੰਘਾ, ਘਰ ਆਉ ਬ੍ਰਿਜ ਦੇ ਸਾਈਆਂ ।੫।

ਭਾਦਰੋਂ ਭਰਮ ਲਗਾ ਦਿਲ ਅੰਦਰ, ਕਿਸ ਨੂੰ ਆਖ ਸੁਣਾਈਂ
ਬਿਨਾ ਸ਼ਾਮ ਦੀਦਾਰ ਤੁਸਾਡੇ, ਜੋਬਨ ਗਿਆ ਅਜਾਈਂ
ਜਾਇ ਪੁਕਾਰ ਕਰਨ ਵਿਚ ਬਨ ਦੇ, ਕਰ ਕਰ ਖਲੀਆਂ ਬਾਹੀਂ
ਜੀਉ ਤਰਸਦੀ ਮੂਲ ਸਿੰਘਾ ਥੱਬ, ਆਇ ਦਰਸ ਦਿਖਲਾਈਂ ।੬।



Sri Satguru Jagjit Singh Ji eLibrary NamdhariElibrary@gmail.com

ਅੱਸੂ ਮਾਸ ਉਦਾਸ ਹੋਇ, ਘਰ ਤਿਆਗ ਗੋਪੀਆਂ ਚਲੀਆਂ
ਜਾਇ ਪੁਕਾਰ ਕਰਨ ਵਿਚ ਬਨ ਦੇ, ਕਰ ਕਰ ਬਾਹੀਂ ਖਲੀਆਂ
ਆਇ ਦੀਦਾਰ ਦਿਖਾਲ ਅਸਾਂ ਨੂੰ, ਮਾਣ ਲਏ ਸੁਖ ਰਲੀਆਂ
ਬਾਝ ਸ਼ਾਮ ਦੇ ਮੂਲ ਸਿੰਘਾ, ਸਭ ਸੁੰਞੀਆਂ ਬ੍ਰਿਜ ਦੀਆਂ ਗਲੀਆਂ ।੭।

ਕੱਤਕ ਕਾਮਣ ਕਰ ਕੁਬਜਾਂ ਨੇ, ਤੈਨੂੰ ਵਸ ਕਰ ਲੀਤਾ
ਤੂੰ ਮਥਰਾ ਪੁਰ ਮੇਂ ਰਮ ਰਹਿਓਂ, ਮਨਮੋਹਨ ਚੁਪ ਕੀਤਾ
ਰਾਤ ਦਿਨੇ ਮੈਂ ਸਹਿਤ ਗੋਪੀਆਂ, ਧਿਆਨ ਤੁਸਾਡਾ ਕੀਤਾ
ਖੜੀ ਉਡੀਕਾਂ ਮੂਲ ਸਿੰਘਾ, ਘਰ ਆਇ ਸਾਂਵਰੇ ਮੀਤਾ ।੮।

ਮੱਘਰ ਮੋਹਰਾ ਖਾ ਕੇ ਮਰਸਾਂ, ਨਹੀਂ ਜੀਵਾਂ ਬਨਵਾਰੀ
ਮੋ ਸੰਗ ਪ੍ਰੀਤ ਤਜੀ ਨੰਦ-ਨੰਦਨ, ਪੁਰ ਮਥਰਾ ਗਿਰਧਾਰੀ
ਹਸ ਰਸ ਕੇਲ ਕਰੇਂ ਕੁਬਜਾਂ ਸੋਂ, ਜਾਣੇ ਖ਼ਲਕਤ ਸਾਰੀ
ਇਸ ਦੁਖ ਕੋਲੋਂ ਮੂਲ ਸਿੰਘਾ, ਹੁਣ ਮਰਸਾਂ ਖਾਇ ਕਟਾਰੀ ।੯।

ਪੋਹ ਪਵੇ ਠੰਢ ਲਗਦੀ ਸਰਦੀ, ਕਿਚਰਕੁ ਰੱਖਾਂ ਜੇਰਾ
ਗਿਆ ਸੋ ਗਿਆ ਨ ਆਇਆ ਊਧੋ, ਬੰਸੀ ਵਾਲਾ ਮੇਰਾ
ਚਾਰ ਪਹਰ ਦਿਨ ਤੜਫਤ ਬੀਤੇ, ਰੋਂਦਿਆਂ ਸੰਝ ਸਵੇਰਾ
ਇਸ ਦੁਖ ਕੋਲੋਂ ਮੂਲ ਸਿੰਘਾ, ਹੁਣ ਊਧੋ ਮਰਣ ਚੰਗੇਰਾ ।੧੦।

ਮਾਘ ਮਹੀਨੇ ਕੁਰਖੇਤ੍ਰ ਨੂੰ, ਸ਼ਯਾਮ ਰੂਪ ਚਲ ਆਏ
ਹਸ ਕਰ ਆਇ ਮਿਲੇ ਸਭ ਗਵਾਲਨ, ਚਰਨੀ ਸੀਸ ਨਿਵਾਏ
ਬੀਤੇ ਰੋਗ ਸੋਗ ਤਨ ਮਨ ਦੇ, ਜਬ ਹਰਿ ਦਰਸ਼ਨ ਪਾਏ
ਧੰਨ ਘੜੀ ਓਹ ਮੂਲ ਸਿੰਘਾ, ਬ੍ਰਿਜ ਨਾਰੀ ਮੰਗਲ ਗਾਏ ।੧੧।

ਫਾਗਨ ਚੜ੍ਹੇ ਬਸੰਤ ਫੂਲਿਆ, ਸ਼ਾਮ ਮਚਾਈ ਹੋਰੀ
ਅਤਰ ਅੰਬੀਰ ਗੁਲਾਬ ਕੁੰਕੁਮੇ, ਡਾਰਤ ਜ਼ੋਰਬਜ਼ੋਰੀ
ਲਾਲ ਗੁਲਾਲ ਭਏ ਮੁਖ ਮਸਤਕ, ਭਿੰਨੀ ਰਾਧਾ ਗੋਰੀ
ਹਸ ਹਸ ਖੇਲਤ ਮੂਲ ਸਿੰਘਾ, ਦੋਊ ਬਨੀ ਅਨੂਪਮ ਜੋਰੀ ।੧੨।





Sri Satguru Jagjit Singh Ji eLibrary NamdhariElibrary@gmail.com

## ੩੧. ਬਾਰਾਂਮਾਹ ਨਥੋ ਭੱਯੇ ਦਾ

ਚੜ੍ਹੇ ਚੇਤ ਚਮਨ, ਫੁਲਾਂ ਪਰ ਲਾਲੀ ਆਈ
ਬਿਨ ਡਿਠਿਆਂ ਉਸ ਯਾਰ, ਅਸਾਨੂੰ ਸੁਧ ਨ ਕਾਈ
ਰਾਤ ਦਿਨੇ ਨਹੀਂ ਚੈਨ, ਤੜਫਦਾ ਜੀਅੜਾ ਮੇਰਾ
ਨਥੋ ਭਈਏ ਨੂੰ ਮੇਲੁ ਯਾਰ, ਗ਼ਮ ਖਾ ਗਿਆ ਤੇਰਾ ।੧।

ਆਈ ਰੁਤ ਬੈਸਾਖ, ਲਾਖ ਮੈਂ ਮਿਨਤਾਂ ਕਰਦਾ
ਕਦੀ ਤਾਂ ਦਰਸਨੁ ਦੇਹਿ ਲਾਲ ! ਮੈਂ ਜਾਂਦਾ ਮਰਦਾ
ਬਿਨ ਦਰਸ਼ਨ ਤੋਂ ਯਾਰ, ਤੇਰੇ ਬਿਨ ਹੋਈ ਖ਼ੁਆਰੀ
ਨਥੋ ਭਈਏ ਨੂੰ ਮੇਲੁ, ਨਹੀਂ ਖਾ ਮਰਾਂ ਕਟਾਰੀ ।੨।

ਜੇਠ ਜ਼ੋਰ ਜੁਆਨੀ ਤੇਰੀ, ਸਦਾ ਨ ਰਹਸੀ
ਲਾ ਕੇ ਦੀਆ ਜੁਬਾਬ, ਏਹ ਗਲ ਬਣਦੀ ਨਹਿੰ ਸੀ
ਸਦਾ ਰੰਗਲਾ ਰੂਪ ਸਦਾ ਇਹ ਹੁਸਨ ਨ ਹੋਸੀ
ਨਥੋ ਭਈਏ ਨੂੰ ਮੇਲ, ਤੇਰਾ ਕਛ ਭਲਾ ਜੁ ਹੋਸੀ ।੩।

ਹਾੜ ਹਿਕਮਤਾਂ ਯਾਰ, ਤੇਰੇ ਬਿਨ ਕੋਈ ਨ ਚਲਦੀ
ਜਲਦੀ ਆਣ ਬੁਝਾਉ, ਬ੍ਰਿਹੋਂ ਦੀ ਅੱਗ ਜੁ ਬਲਦੀ
ਗੰਗਾ ਤੁਲ ਅਸਨਾਨ ਤੇਰਾ ਹੈ ਦਰਸ਼ਨ ਪਿਆਰੇ
ਨਥੋ ਭੱਯੇ ਨੂੰ ਮੇਲੁ, ਪਾਪ ਕਟ ਜਾਵਨ ਸਾਰੇ ।੪।

ਸਾਵਣ ਸ਼ੌਕ ਦੀਦਾਰ ਮਿਲਣ ਦਾ ਤੇਰਾ ਮੈਨੂੰ
ਕਦੀ ਮੁਹਾਰਾਂ ਮੋੜ, ਦੇਹ ਖਾਂ ਦਰਸ਼ਨ ਮੈਨੂੰ
ਬਿਨ ਦਰਸ਼ਨ ਹੋ ਯਾਰ, ਉਦਾਸ ਤੇਰੇ ਬਿਨੁ ਰਹਿੰਦਾ
ਨਥੋ ਭੱਯੇ ਨੂੰ ਮੇਲੁ, ਭਯਾ ਰਾਮ ਨਾ ਕੁਛ ਕਹਿੰਦਾ ।੫।

ਭਾਦੋਂ ਭੜਕੀ ਅੱਗ, ਯਾਰ ਤੂੰ ਆਣ ਬੁਝਾਵੀਂ
ਜਲਦੀ ਆ ਕਰ ਯਾਰ, ਮਿਹਰ ਦਾ ਮੀਂਹੁ ਬਰਸਾਵੀਂ
ਨਾਮ ਤੇਰਾ ਆਧਾਰ ਜੁ ਹੈ, ਦਿਨ ਰਾਤੀ ਮੈਨੂੰ
ਨਥੋ ਭੱਯੇ ਨੂੰ ਮੇਲੁ, ਯਾਰ ਲਿਖ ਭੇਜਾਂ ਤੈਨੂੰ ।੬।



Sri Satguru Jagjit Singh Ji eLibrary NamdhariElibrary@gmail.com

ਅੱਸੂ ਅਸਾਂ ਨੂੰ ਯਾਰ ਤੇਰੇ ਬਿਨ ਹੋਈ ਖੁਆਰੀ
ਜਲਦੀ ਆ ਕਰ ਮਿਲੋ, ਨਹੀਂ ਖਾਂ ਮਰਾਂ ਕਟਾਰੀ
ਕੌਲ ਕਰਾਰ ਹੋ ਯਾਰ, ਆਪਣੇ ਓੜ ਨਿਭਾਵੀਂ
ਨਥੋ ਭੱਯੇ ਨੂੰ ਮੇਲੁ, ਭਯੇ ਦੀ ਆਸ ਪੁਜਾਵੀਂ ।੭।

ਕਤਕ ਕਟਕ ਕ੍ਰੋੜ, ਫੌਜ ਬ੍ਰਿਹੋਂ ਚੜ੍ਹ ਆਈ
ਲਾਇ ਮੋਰਚੇ ਯਾਰ ਅਸਾਂ ਸੰਗ ਕਰੇ ਲੜਾਈ
ਬ੍ਰਿਹੋਂ ਫੌਜ ਹਟਾਓ, ਯਾਰ ਸੁਦਾਰ ਹੈਂ ਤੂੰ ਹੀਂ
ਨਥੋ ਭੱਜੇ ਨੂੰ ਮੇਲ, ਆਖਰ ਨੂੰ ਜੀਤੈ ਤੂਹੀ ।੮।

ਮਘਰ ਮੜਕ ਹੋ ਯਾਰ, ਤੇਰੇ ਹੈ ਪਾਸ ਅਸਾਡੀ
ਮੀਰੀ ਦਿਸਦਾ ਤੂੰਹੀਂ, ਯਾਰ ਅਸੀਂ ਦਿਸਦੇ ਫਾੜੀ
ਚੜ੍ਹਿਆ ਤਾਪ ਹੋ ਯਾਰ, ਜੁਦਾਈ ਵਾਲਾ ਤੇਰਾ
ਨਥੋ ਭਯੇ ਨੂੰ ਮੇਲ, ਮੰਨੁ ਸਵਾਲ ਜੁ ਮੇਰਾ ।੯।

ਚੜ੍ਹਿਆ ਮਹੀਨਾ ਪੋਹੁ, ਪਾਲੇ ਹੁਣ ਕੜਕ ਜੁ ਆਏ
ਗੋਕਲ ਰਾਮ ਸ਼ਗਿਰਦ, ਭੱਯੇ ਨੂੰ ਆਖ ਸੁਣਾਵੇ
ਗੋਕਲ ਹੈ ਸ਼ਾਗਿਰਦ, ਭੱਯਾ ਉਸਤਾਦ ਕਹਾਵੇ
ਬਾਰਾਂਮਾਹ ਜੋੜ ਭੱਯਾ, ਰੋ ਆਖ ਸੁਣਾਵੇ ।੧੦।

ਮਾਘ ਮੌਤ ਹੁਣ ਯਾਰ, ਤੇਰੇ ਬਿਨੁ ਸਾਡੀ ਆਈ
ਰਲ ਮਿਲ ਬੈਠਣ ਨਫਾ, ਯਾਰ ਕਿਉਂ ਕਰੇ ਜੁਦਾਈ
ਕਾਸਦ ਭੇਜਿਆ ਯਾਰ, ਸ਼ਿਤਾਬੀ ਘਰ ਨੋਂ ਆਵੇਂ
ਜਲਦੀ ਆਣ ਸ਼ਿਤਾਬ, ਭੱਯੇ ਨੂੰ ਛਾਤੀ ਲਾਵੇਂ ।੧੧।

ਫਗਣ ਖੇਲੈ ਫਾਗ, ਖੂਬ ਮ੍ਰਿਦੰਗ ਬਜਾਇਆ
ਨਥੋ ਨਾਲ ਪਿਆਰ, ਭੱਯੇ ਨੇ ਛਾਤੀ ਲਾਇਆ
ਦੇਣ ਬਧਾਈਆਂ ਯਾਰ, ਮਿਲੇ ਹੈ ਆਇ ਪਿਆਰਾ
ਕੀਤਾ ਚਾ ਕੁਰਬਾਨ ਭੱਯੇ ਨੈ, ਮਾਲ ਜੁ ਸਾਰਾ ।੧੨।

ਚੜ੍ਹੇ ਚੇਤ ਚਿਤ ਚੌਂਪ, ਦੁਆਬੇ ਵਿਚ ਹਰਿਆਣਾ
ਬਾਗੀਂ ਬੜੀ ਬਹਾਰ, ਭੱਯੇ ਦਾ ਬੀਚ ਟਿਕਾਣਾ
ਸ਼ਾਹੂਕਾਰ ਦਾ ਪੁਨਾਹ, ਮਨ ਖੋਜਦਾ ਜਾਵੇ
ਭੱਯਾ ਜਾਤ ਬ੍ਰਾਹਮਣ, ਉਸਦਾ ਇਸ਼ਕ ਕਮਾਵੇ ।੧੩।



Sri Satguru Jagjit Singh Ji eLibrary NamdhariElibrary@gmail.com

## ੩੨. ਬਾਰਾਂਮਾਹ ਦਿਲ ਚਮਨ ਦਾ (ਭਈਆ ਰਾਮ)

ਚੇਤ ਚੰਬੇਲੀ ਔਰ ਰਵੇਲੀ, ਫੂਲ ਰਹੀ ਫੁਲਵਾਰੀ ਕੇਸਰ ਕਿਆਰੀ
ਕੇਸੂ ਫੂਲੈ ਅੰਬੂਆ ਮੌਲੈ, ਕੋਇਲ ਬੋਲੈ ਕਾਰੀ, ਸ਼ਬਦ ਉਚਾਰੀ
ਕੇਵੜਾ ਕੇਤਕੀ ਕਰਨ ਫੂਲ ਜੋ, ਖਾਤ੍ਰ ਹਾਰ ਸ਼ਿੰਗਾਰੀ ਚੁਣੈ ਬ੍ਰਿਜ ਨਾਰੀ
ਭਈਆ ਰਾਮ ਨੰਦਲਾਲ ਨਥੋ ਬਿਨ, ਸੁੰਨੀ ਸੇਜ ਹਮਾਰੀ ਬਨੀ ਲਚਾਰੀ।੧।

ਵੈਸਾਖ ਲਾਖ ਹੋਇ ਰਸਕਸ ਪੀਂਦੇ, ਅੰਬ ਅਲੂਚੇ ਨਾਖਾਂ ਗੁੱਛੇ ਦਾਖਾਂ
ਬਟਲ ਬੇਟੰਕ ਬੇਦਾਮ ਬਿਆ ਬਹੁ, ਝੁਕਨ ਸੁਪੇਦੇ ਸ਼ਾਖਾਂ ਬੀਚ ਅਵਾਖਾਂ
ਹਰ ਹਰ ਡਾਲੀ ਬੁਲਬੁਲ ਬੋਲੇ, ਕੁਮਰੀ ਕੂਕਤ ਲਾਖਾਂ ਅਪਣੀ ਭਾਖਾਂ
ਭਈਆਰ ਮ ਨੰਦ ਲਾਲ ਨਥੋ ਬਿਨ, ਭੇਤ ਕਿਸੇ ਨਹੀਂ ਆਖਾਂ ਜੀ ਮੈਂ ਰਾਖਾਂ।੨।

ਜੇਠ ਜ਼ੋਰ ਲੋਇਆਂ ਨੇ ਪਾਇਆ, ਪੈਂਦੀ ਧੁਪ ਕਹਿਰ ਦੀ ਕਸਮ ਜ਼ਹਰ ਦੀ
ਪੀ ਪਰਦੇਸ ਸਿਧਾਰੇ ਹਮਰੇ, ਉਠਦੀ ਪੀੜ ਲਹਿਰ ਦੀ ਜਿਗਰ ਠਹਿਰਦੀ
ਤਨ ਵਿਚ ਆਗ ਜਾਗ ਬ੍ਰਿਹੋਂ ਦੀ, ਹੋਈਆਂ ਖ਼ਾਕ ਪੈਰ ਦੀ ਐਰ ਗ਼ੈਰ ਦੀ
ਭਈਆਰਾਮ ਨੰਦਲਾਲ ਨਥੋ ਬਿਨ, ਖਬਰ ਨ ਮੁਝੇ ਸ਼ਹਿਰ ਦੀ
ਪਲਕ ਪਹਰ ਦੀ।੩।

ਹਾੜ ਹਿਕਮਤਾਂ ਕੋਈ ਨ ਚਲਦੀ, ਛੋਡ ਗਏ ਮੋ ਹਰ ਜੀ ਬਿਆਕੁਲ ਕਰ ਜੀ
ਭੁਲ ਗਈ ਅਕਲ ਸਕਲ ਭਈ ਗਾਰਜ,ਆਨਾ ਬ੍ਰਿਹ ਸਿਰ ਗਰਜੀ ਰਹੈ ਨ ਬਰਜੀ
ਪੀ ਪਰਦੇਸ ਮੰਦੇਸ਼ ਨ ਆਇਓ, ਲਿਖ ਲਿਖ ਭੇਜਾਂ ਅਰਜ਼ੀ ਖਾਸ ਖਬਰ ਜੀ
ਭਈਆ ਰਾਮ ਨੰਦ ਲਾਲ ਨਥੋ ਕਉ, ਕਾਨ੍ਹਾ ! ਆਵੋ ਘਰ ਜੀ ਨੰਦ ਕਮਰ ਜੀ।੪।

ਸਾਵਣ ਸਹੀਆਂ ਸੂਹੇ ਪਹਿਰਨ, ਦਸਤੀ ਮਹਿੰਦੀ ਲਾਵਣ ਸੀਸ ਗੁੰਦਾਵਣ
ਪੈਹਰਨ ਸੂਹੇ ਸ਼ਹਾਨੇ ਭੂਖਣ ਅਤਰ ਫੁਲੇਲ ਲਗਾਵਣ ਲਟਕ ਦੇਖਾਵਣ
ਜਿਨਕੇ ਕੰਤ ਮਹੰਤ ਹੋਏ ਗ੍ਰਿਹ, ਸਦਾ ਸੁਹਾਗ ਉਹ ਪਾਵਣ ਸਭ ਮਨ ਭਾਵਣ
ਭਈਆ ਰਾਮ ਨੰਦਲਾਲ ਨਥੋ ਬਿਨ,ਬੀਤ ਗਇਓ ਅਬ ਸਾਵਣ ਗਰਜ ਡਰਾਵਣ।੫।

ਭਾਦ੍ਰੋਂ ਜਾਦੋ ਘਰ ਨਹੀਂ ਹਮਰੇ, ਉਮਡ ਘੁਮੰਡ ਘਨ ਗਰਜੈ ਜੀਅਰਾ ਲਰਜ਼ੈ
ਦਾਦਰ ਮੋਰ ਪਪੀਹਾ ਬੋਲੈ, ਲਾਖ ਬੇਰ ਹੌਂ ਬਰਜੈ ਕਰ ਕਰ ਅਰਜ਼ੈ
ਸਾਵਣ ਬਕਤ ਭਯੋ ਬਹੁ ਬਰਸਤ, ਭ੍ਰਾਦ੍ਰੋਂ ਬਾਤ ਅਚਰਜੈ ਜਿਗਰੈ ਜਰ ਜੈ
ਭਈਆਰਾਮ ਨੰਦ ਲਾਲ ਨਥੋ ਬਿਨ, ਸਭ ਆਖੇ ਹਮ ਮਰ ਜੈਂ ਪ੍ਰਾਨ ਨਿਕਰਜੈਂ।੬।



Sri Satguru Jagjit Singh Ji eLibrary NamdhariElibrary@gmail.com

ਅਸੂ ਇਸ਼ਕ ਅਸੀਰ ਏ ਕੀਤੇ, ਬ੍ਰਿਹੋਂ ਬੰਦੂਕਾ ਚਲਦੀ ਸੀਨਾ ਸਲਦੀ
ਤਨ ਵਿਚ ਰੱਤ ਮਤ ਨਹੀਂ ਮਾਸਾ,ਭੁਲੀ ਹੋਸ਼ ਅਕਲ ਦੀ ਸਭ ਫੁਲ ਫਲ ਦੀ
ਕਾਮ ਗੁਮਾਨ ਕਮਾਨ ਉਤਰ ਗਈ, ਤਾਂਘ ਰਹੇ ਉਸ ਵਲ ਦੀ ਪਲ ਪਲ ਗਲਦੀ
ਭਈਆ ਰਾਮ ਨੰਦ ਲਾਲ ਨਥੋ ਬਿਨ, ਕਮਲੀ ਕਲੀ ਕਮਲ ਦੀ ਵਾਹ ਨ ਚਲਦੀ।੭।

ਕੱਤਕ ਕਾਮਣ ਪਾਇ ਪੀਆ ਜੀ, ਛੋਡਿ ਗਏ ਮੋਹ ਇਕੱਲੀ ਕਰਕੇ ਝੱਲੀ
ਬ੍ਰਿਹਾ ਬਾਣ ਆਣ ਮੋ ਲਾਗੇ, ਜਿੰਦ ਅਸਾਡੀ ਚੱਲੀ ਦੁਖਾਂ ਸੱਲੀ
ਹੋਈ ਬੀਮਾਰ ਅਜ਼ਾਰ ਇਸ਼ਕ ਦੇ, ਕਹਿੰਦੇ ਲੋਕ ਵਲੱਲੀ ਫਿਰੇ ਅਵੱਲੀ
ਭਈਆ ਰਾਮ ਨੰਦ ਲਾਲ ਨਥੋ ਬਿਨ,ਕੋਈ ਨ ਕਹਿੰਦਾ ਭਲੀ ਫਿਰਦੀਆਂ ਗਲੀਂ।੮।

ਮੱਘਰ ਮੀਤ ਪ੍ਰੀਤ ਤਿਆਗ ਗਏ, ਛੋੜ ਗਏ ਕਰ ਬਰਦੀ ਅਪਣੇ ਘਰ ਦੀ
ਦੁਸ਼ਮਣ ਲਾਖ ਆਖਦੇ ਮੈਂ ਕੂ, ਜ਼ਾਹਰ ਭੇਤ ਨ ਕਰਦੀ ਰਹਿੰਦੀ ਡਰਦੀ
ਦੁਖਾਂ ਘੇਰ ਚੁਫੇਰ ਗ੍ਰਸ ਲਈ, ਮੁਖ ਪਰ ਆਈ ਜ਼ਰਦੀ ਕੋਈ ਨ ਦਰਦੀ
ਭਈਆ ਨੰਦ ਲਾਲ ਨਥੋ ਬਿਨ, ਹੌਂ ਬਿਆਕੁਲ ਹੌਂ ਮਰਦੀ ਪਿਰ ਦੀ ਬਰਦੀ ।੯।

ਪੋਹ ਪ੍ਰੀਤਮ ਪਰਦੇਸ ਸਿਧਾਰੇ, ਜਿਗਰ ਹਿਜਰ ਪਈ ਜਾਲੇ ਰੁਤ ਸਿਆਲੇ
ਸਰਰ ਸਰਰ ਬਰਫਾਨਿ ਪਵਨ ਚਲੈ, ਗ਼ਜ਼ਬ ਪੋਹ ਦੇ ਪਾਲੇ ਯਾਰ ਸੰਭਾਲੇ
ਰੈਣ ਵਿਛੋੜਾ ਚਕਵੀ ਜੋੜਾ, ਐਸੇ ਸਹਿਮ ਨਿਰਾਲੇ ਭਏ ਬੇਹਾਲੇ
ਭਈਆ ਰਾਮ ਪਾਲੇ ਦੇ ਸਿਆਲੇ, ਨਥੋ ਛਾਤੀ ਲਾ ਲੇ ਮਿਟਨ ਕਿ ਸਾਲੇ ।੧੦।

ਮਾਘ ਆਗ ਜਾਗੀ ਹੈ ਬ੍ਰਿਹੋਂ, ਕਦੀ ਤਾਂ ਆਣ ਬੁਝਾਉ ਪਾਣੀ ਪਾਉ
ਹਮ ਸੈ ਫਰਕ ਪਕੜੀ ਸੋ ਤੁਮ, ਫਿਰੇਂ ਭਾਗਉਂ ਵਾਉ ਮੈਂ ਵਲ ਆਉ
ਦੁਸ਼ਮਨ ਲਾਖ ਆਖਦੇ ਤੁਮ ਕੋ, ਦਿਲ ਪਰ ਏਕ ਨ ਲਿਆਉ ਮੁਝੇ ਬੁਲਾਉ
ਭਈਆਰਾਮ ਨੰਦ ਲਾਲ ਨਥੋ ਜੀ, ਹਮਰੀ ਸੁਨੋ ਸੁਨਾਉ ਹਰਿ ! ਘਰ ਆਉ ।੧੧।

ਫਾਗਣ ਭਾਗ ਜਾਗੇ ਹੈਂ ਉਨ ਕੇ, ਜਿਨਕੋ ਮਿਲੇ ਪੈਰਾਨੀ ਭਈ ਪਟਰਾਨੀ
ਢੋਲਕ ਤਾਲ ਮ੍ਰਿਦੰਗ ਬਾਜ ਰਹੇ,ਗਾਵੈ ਰਾਗ ਸੁਰ ਤਾਨੀ ਇਆਨੀ ਸਿਆਨੀ
ਅਤਰ ਅੰਬੀਰ ਗੁਲਾਲ ਉਡਾਵਹਿ, ਕੋਈ ਉਡਾਵਹਿ ਪਾਨੀ ਨਾ ਫੁਰਮਾਨੀ
ਭਈਆ ਰਾਮ ਨਥੋ ਨੂੰ ਮਿਲਸੀ, ਜਗ ਵਿਚ ਰਹੂ ਕਹਾਨੀ ਮਿਲੈ ਦੋ ਜਾਨੀ ।੧੨।





Sri Satguru Jagjit Singh Ji eLibrary NamdhariElibrary@gmail.com

## ੩੩. ਬਾਰਾਂਮਾਹ ਬਖਸ਼ੂੱਲਾ ਕਾ

ਚੇਤ੍ਰ ਮਾਹਿ ਬਹਾਰ, ਖਿੜੀ ਗੁਲਜ਼ਾਰ, ਖ਼ੂਬਾਂ ਦਾ ਯਾਰ ਦਿਸਾਵਰ ਚਲਿਆ।
ਮੈ ਦਰ ਵਿੱਚ ਰਹੀ ਖਲੋਇ, ਨਿਮਾਣੀ ਹੋਇ, ਨ ਸੱਕਾਂ ਰੋਇ ਕਲੇਜਾ ਸੱਲਿਆ।
ਮੈ ਕੂਕਾਂ ਕਰ ਫਰਯਾਦ ਨ ਮਿਲੀਆ ਦਾਦਿ ਜਿਵੇਂ ਫਰਹਾਦ ਕਜੀਆ ਜਾਲਿਆ।
ਬਖਸ਼ੂੱਲਾ ਆਵੀਂ ਉਸੇ ਵਾਂਗੁ, ਲਗੀ ਤਨਿ ਸਾਂਗੁ, ਬ੍ਰਿਹੋਂ ਦੀ ਨਾਗੁ ਦਿਦਾਰ
ਦਿਖਾਲਿਆ।੧।

ਜਬ ਚੜੇ ਵਿਸਾਖੀ ਮਾਹਿ, ਪੀਆ ਘਰ ਨਾਹਿ, ਥਕੀ ਸੀ ਬਾਂਹਿ ਔਸੀਆਂ ਘੱਤਦੀ।
ਮੇਰੀ ਨੈਣੀ ਨੀਂਦ ਹਰਾਮ, ਨ ਸੁਝੇ ਕਾਮ, ਨਾ ਰਜੇ ਨਾਮੁ, ਨਾ ਚਰਖਾ ਕੱਤਦੀ।
ਮੇਰੀ ਸਿਕਦਿਆਂ ਗਈ ਵਿਹਾਇ ਰਹੀ ਕੁਰਲਾਇ ਨ ਡਿਠੋ ਆਇ ਮੇਰੇ ਅਹਿਵਾਲ ਨੂੰ
ਬਖਸ਼ੂੱਲਾ ਮੈਂ ਕਿਸ ਬੁਰੇ ਨੂੰ ਜੰਮੀ, ਤੱਤ ਕਰੰਮੀ, ਵਾਂਗੁਰ ਸੰਮੀ ਬੁਰੀ ਜਵਾਲ ਨੂੰ।੨।

ਜਬ ਚੜ੍ਹੇ ਮਹੀਨਾ ਜੇਠ ਦੁਖਾਂ ਦੇ ਪੇਠ ਆਈ ਸਾਂ ਹੇਠ ਬ੍ਰਿਹੋਂ ਦੇ ਭਾਰ ਦੇ।
ਮੈਂ ਹੈਸਾਂ ਖਰੀ ਅਜਾਨ, ਬ੍ਰਿਹੋਂ ਦੀ ਬਾਨ, ਕੀਤੀ ਹੈਰਾਨ ਵਿਛੋੜੇ ਯਾਰ ਦੇ।
ਮੈਂ ਪੁਟ ਪੁਟ ਸੁਟਾਂ ਵਾਲ, ਕਹਿਰ ਦੇ ਨਾਲ,ਹੋਈ ਬੁਰੇ ਹਾਲ ਵੇ ਅਹਿਲ ਗੁਮਾਨੀਆਂ
ਬਖਸ਼ੂੱਲਾ ਦਰਸ਼ਨ ਦੇਈਂ ਅਸਾਡੇ ਤਾਈਂ, ਭੜਕਨ ਭਾਹੀਂ ਉਡੇ ਸਾਹੀਂ
ਮੈਂ ਮਰ ਜਾਨੀਆਂ।੩।

ਜਬ ਚੜ੍ਹੇ ਮਹੀਨਾ ਹਾੜ ਭੜਕਦੇ ਭਾੜ ਵਿਛੋੜੇ ਸਾੜ ਅਸਾਂ ਨੂੰ ਘੱਤਿਆ।
ਰੱਬਾ ਕੋਈ ਨਾ ਦਰਦ ਸਰੀਕ ਮੇਰੇ ਨਜ਼ਦੀਕ ਮੂਈ ਤਹਕੀਕ ਪਈਗੀ ਹੱਤਿਆ।
ਜਦ ਗੁਜ਼ਰੇ ਚਾਰ ਮਹੀਨੇ ਯਾਰ ਨਗੀਨੇ, ਅੰਦਰ ਸੀਨੇ ਭਾਹਾਂ ਭੜਕੀਆਂ।
ਬਖਸ਼ੂੱਲਾ ਬਾਹਿਰ ਜਾਇ ਖਲੋਵਾਂ, ਵਗਨ ਲੋਆਂ ਜੀਉ ਰੋਵਾਂ ਆਵਨ ਅੱਖੀਆਂ।੪।

ਜਬ ਚੜ੍ਹੇ ਮਹੀਨਾ ਸਾਵਨ ਨਦੀ ਸੁਹਾਵਨ, ਲੱਗਾ ਖਾਵਨ ਝੋਰਾ ਹੱਡੀਆਂ।
ਮੇਰੀ ਪੇਸ਼ ਨ ਚਲੇ ਕੋਇ, ਰਹੀ ਸਾਂ ਰੋਇ ਕਿ ਹੁਣ ਕੀ ਹੋਇ ਜੋਵਨ ਵਡੀਆਂ।
ਮੈਂ ਬੈਠੀ ਕਰਾਂ ਦੁਆਈਂ ਤੇਰੇ ਤਾਈਂ ਨਾ ਚਿਰ ਲਾਂਈ ਵੇ ਮੇਰਿਆ ਸਾਂਈਆਂ।
ਬਖਸ਼ੂੱਲਾ ਮੇਰੇ ਸਿਕਦੇ ਨੈਣ ਨਿਮਾਣੇ, ਦਰਦ ਰੰਞਾਣੇ, ਬ੍ਰਿਹੋਂ ਸਿਆਣੇ
ਲੋਕਾਂ ਲਾਈਆਂ।੫।

ਜਦ ਚੜ੍ਹੇ ਭਾਦਰੋਂ ਜ਼ੋਰ, ਇਸ਼ਕ ਦਾ ਚੋਰੁ, ਨਹੀਂ ਕੁਝ ਹੋਰੁ ਅਸਾਂਨੂੰ ਭਾਂਵਦਾ।
ਜਦ ਮਿਲੇ ਅਸਾਂ ਨੂੰ ਆਇ,ਸਵਾਂ ਗਲ ਲਾਇ,ਗਿਆ ਗ਼ਮਖਾਇ ਤੱਤੀ ਦਿਆਖਾਂਵਦਾ



Sri Satguru Jagjit Singh Ji eLibrary NamdhariElibrary@gmail.com

ਅਵੇ ਯਾਰ ਨਾ ਲਈਆਂ ਸਾਰ,ਨ ਆਇਆ ਬਾਰ,ਹੋਇ ਲਾਚਾਰ ਇਕੇਲੀ ਬਹਿ ਰਹਾਂ
ਬਖਸ਼ੁੱਲਾ ਮੇਰੀ ਕੁਝ ਨਾ ਚਲੇ ਪੇਸ਼,ਨਹੀਂ ਘਰ ਖੇਸ਼,ਬਿਗਾਨਾ ਦੇਸ,ਕਜੀਏ ਮੈਸਹਾਂ।੬

ਜਦ ਚੜ੍ਹਿਆ ਅਸੂ ਮਾਂਹਿ, ਪੀਆ ਘਰ ਨਾਹਿ, ਇਕੇਲੀ ਬਾਂਹਿ ਸਿਰ੍ਹਾਣੇ ਧਰ ਰਹੀ।
ਮੇਰੀ ਕਿਸੇ ਨ ਪੁਛੀ ਬਾਤ ਨਾ ਪਾਈ ਝਾਤ ਅੰਧੇਰੀ ਰਾਤ ਅੰਦਰੋਂ ਡਰ ਮੁਈ।
ਮੇਰੀ ਛੇਜੇ ਧੁੰਧੂਕਾਰ, ਬਲਨ ਅੰਗਿਆਰ, ਹੋਈ ਲਾਚਾਰ ਅਕੇਲੀ ਰਾਤ ਨੂੰ।
ਬਖਸ਼ੁੱਲਾ ਰੋ ਰੋ ਮਾਰਾਂ ਚੀਕਾਂ, ਖਲੀ ਉਡੀਕਾਂ, ਲਗਣ ਲੀਕਾਂ ਤੇਰੀ ਵਾਤ ਨੂੰ। ੭।

ਜਦ ਚੜ੍ਹੇ ਮਹੀਨਾ ਕੱਤੇ ਜੋਬਨ ਮੱਤੇ, ਗਾਫਲ ਵਤੇ ਖੁਸ਼ੀਆਂ ਮਾਣਦਾ।
ਇਹ ਇਸ਼ਕ ਇਵਾਣਾ ਬਾਲ, ਪਿਆ ਜੰਜਾਲ, ਤੇਰਾ ਅਹਿਵਾਲ
ਨਹੀਂ ਕੋਈ ਜਾਣਦਾ।
ਮੇਰੇ ਕਜਲ ਭਿੰਨੇ ਨੈਣ, ਕਰੇਂਦੇ ਵੈਣ ਗਈ ਸਭ ਰੈਣ ਜੋ ਤਾਰੇ ਗਿਣਦਿਆਂ।
ਬਖਸ਼ੁੱਲਾ ਭੱਠ ਪਈ ਇਹ ਯਾਰੀ, ਸਦਾ ਖੁਆਰੀ ਆਖਰ ਹਾਰੀ ਬਾਜ਼ੀ ਜਿਤਿਆਂ।੮।
ਮਘਰ ਮਾਹਿ ਸਿਆਲੇ, ਪੈਂਦੇ ਪਾਲੇ, ਛੇਜ ਸੰਭਾਲੇ ਤੈਨੂੰ ਜਾਨੀਆਂ।
ਵੇ ਤੂੰ ਕਦੀ ਨਾ ਆਇਓਂ ਆਪ, ਰੁਧੋਂ ਕਿਸ ਸਾਥ, ਭੜਕਦੇ ਤਾਪ
ਕਲਾਮ ਕਹਾਣੀਆਂ।
ਵੇ ਮੈਂ ਰਹੀ ਸਨੇਹੜੇ ਘਲ, ਤੁਸਾਡੀ ਵਲ, ਲਗੀ ਤਨ ਝਲ ਚੁਆਤੀ ਭੜਕ ਕੇ।
ਬਖਸ਼ੁੱਲਾ ਨਹੀਂ ਅਸਾਡੇ ਵੱਸ ਪਈ ਸਿਰ ਭੱਸ, ਜਾਂ ਦੇਖੇ ਸੱਸ ਤਾਂ ਪੈਂਦੀ
ਕੜਕਕੇ। ੯।
ਜਦ ਚੜ੍ਹੇ ਮਹੀਨਾ ਪੋਹ ਰਹੀ ਕਰ ਰੋਹ ਜੋੜੇ ਸੈ ਕੋਹਿ ਜੁ ਪਾਇਆ ਸੁ ਫਾਸਲਾ।
ਮੈਨੂੰ ਦੁਖ ਘਨੇਰੇ ਲਾਇ, ਨ ਡਿਠਾ ਈ ਜਾਇ, ਕਦੇ ਘਰ ਆਇ ਸਮਝ ਬੇਹਾਸਲਾ।
ਜਦ ਗਿਓਂ ਅੱਖੀਂ ਥੀ ਦੂਰ, ਹੋਈ ਹੰਜੂਰ, ਮੁਈ ਸਾਂ ਝੂਰ ਕਿਸੇ ਨੂੰ ਕੀ ਕਹਾਂ।
ਬਖਸ਼ੁੱਲਾ ਮੈਂ ਘਤ ਰਹੀ ਵਸੀਲੇ, ਸਣੇ ਕਬੀਲੇ ਕਾਗਦ ਨੀਲੇ,
ਕੀਤੇ ਲਿਖਦਿਆਂ।੧੦।
ਜਦ ਚੜ੍ਹੇ ਮਹੀਨਾਂ ਮਾਂਘ ਜ਼ਿਆਦਾ ਤਾਂਘ ਉਡਾਵਾਂ ਕਾਂਗ ਆਜੁਰਦਨ ਹੋਇਕੇ।
ਮੈਨੂੰ ਜ਼ਰਾ ਨ ਮੂਲ ਆਰਾਮ, ਨਾ ਖਾਵਾਂ ਤੁਆਮ,ਨ ਪੀਵਾਂ ਜਾਮ ਬੇਦਰਦਨ ਹੋਇਕੇ।
ਉਨਾਂ ਨਾਰੀਆਂ ਕੀਤੇ ਨਾਜ਼, ਦਿਤੇ ਨੇ ਸਾੜ,ਜਿਵੇਂ ਅੰਗਿਆਰ ਕਿ ਖਫਤਨ ਹੋਇਕੇ।
ਬਖਸ਼ੁੱਲਾ ਕੰਤ ਜਿਨਾਂ ਦੇ ਪਾਸ, ਕਰਨ ਘਰ ਵਾਸ, ਦੇਵਨ ਧਰਵਾਸ ਬੇਦਰਦਨ
ਹੋਇਕੇ। ੧੧।
ਜਦ ਚੜ੍ਹੇ ਮਹੀਨਾ ਫਗਣ, ਵਾਵਾਂ ਵਗਣ, ਸਾਖਾਂ ਲਗਨ ਹੋਵਨ ਆਬਾਦੀਆਂ।
ਰੱਬਾ ! ਕੰਤ ਖੂਬਾਂ ਦਾ ਆਇਆ, ਲੈ ਗਲ ਲਾਇਆ, ਹਾਸਲ ਪਾਇਆ
ਹੋਈਆਂ ਖੁਸ਼ਹਾਲੀਆਂ।
ਮੈਂ ਸੁਤੀ ਛੇਜ ਵਿਛਾਇ ਸਵਨ ਦੇ ਚਾਇ, ਟਹੀ ਝਰਲਾਇ ਅੰਗੂਠੀ ਆਰਸੀ।
ਬਖਸ਼ੁੱਲਾ ਬੈਠੀ ਕਰੀਂ ਦੁਆਈਂ ਤੇਰੇ ਤਾਂਈਂ, ਆਪੇ ਸਾਂਈਂ ਤੈਨੂੰ ਤਾਰਸੀ।੧੨।



Sri Satguru Jagjit Singh Ji eLibrary NamdhariElibrary@gmail.com

## ੩੪. ਬਾਰਾਮਾਂਹ ਵਿਯੋਗ (ਅਗਿਆਤ)

ਮੈਨੂੰ ਚੇਤ ਮਹੀਨਾ ਆਇਆ, ਹੁਣ ਚੜ੍ਹਿਆ ਤਾਪ ਸਵਾਇਆ।
ਜੇ ਜੰਮਦੀ ਮਰ ਜਾਂਵਦੀ, ਕਿਉਂ ਰੱਬਾ ! ਇਹ ਦੁਖ ਪਾਂਵਦੀ
ਦਿਨ ਜਾਵੇ ਮੈਨੂੰ ਰੋਂਦਿਆਂ, ਮੂੰਹ ਨਾਲ ਹੰਝੂ ਦੇ ਧੋਂਦਿਆਂ
ਮੈਂ ਜਿਸ ਦਿਨ ਲੇਖ ਲਿਖਾਇਆ, ਦੁਖ ਮੇਰੇ ਵੰਡੇ ਆਇਆ
ਇਕ ਵਾਲ ਤੇ ਸੌ ਸੌ ਦੁੱਖੜੇ, ਤਨ ਉਤੇ ਉਗੇ ਰੁਖੜੇ
ਜਾ ਵਸਿਓਂ ਦੇਸ ਬਿਗਾਨੜੇ, ਅਸੀਂ ਪਿਛੇ ਰਹੇ ਨਿਮਾਨੜੇ
ਕਿਉਂ ਕੱਚੀ ਆਵੀ ਛਡਨੈਂ, ਕਿਉਂ ਮੁਢੋਂ ਬੂਟਾ ਵੱਢਨੈਂ
ਮੈਂ ਔਗੁਣਹਾਰੀ ਭੁੱਲੀਆਂ, ਮੈਂ ਦਰ ਦਰ ਮਿੱਟੀ ਰੁਲੀਆਂ
ਤੇਰੇ ਬਾਗੀਂ ਲੱਗੇ ਫੁੱਲ ਵੇ, ਕਦੀ ਰਾਹ ਅਸਾਂ ਵਲ ਭੁੱਲ ਵੇ
ਮੇਰੇ ਤਨ ਵਿੱਚ ਸੂਲਾਂ ਉਗੀਆਂ, ਮੈਂ ਹਾੜੇ ਕਰ ਕਰ ਚੁੱਗੀਆਂ
ਘਰ ਆ ਵੇ ਬਾਗ ਦੇ ਮਾਲੀਆ, ਮੇਰੇ ਦੀਨ ਦੁਨੀ ਦੇ ਵਾਲੀਆ
ਹਰ ਰੋਜ਼ ਕਰੂੰ ਅਰਜ਼ੋਈਆਂ, ਬਿਨ ਤੇਰੇ ਦਿਲਬਰ ਰੋਈਆਂ। ੧।

ਹੁਣ ਚੜ੍ਹਿਆ ਮਾਹ ਵਿਸਾਖ ਵੇ, ਮੈਨੂੰ ਸਭ ਕੋਈ ਝੱਲੀ ਆਖਦੇ
ਮੈਂ ਹੰਝੂ ਹਾਰ ਪਰੋਂਵਦੀ, ਵਿੱਚ ਲੋਹੂ ਸਾਲੂ ਧੋਂਵਦੀ
ਮੈਂ ਰਹਾਂ ਜੋ ਆਹੀਂ ਮਾਰਦੀ, ਕੋਈ ਖਬਰ ਲਿਆਵੇ ਯਾਰ ਦੀ.
ਮੈਨੂੰ ਆਂਢ ਗਵਾਂਢੀ ਹੱਸਦੇ, ਪਰ ਤੇਰੀ ਖਬਰ ਨ ਦੱਸਦੇ
ਜੇ ਭੇਦ ਬਿਰਹੋਂ ਦਾ ਪਾਂਵਦੀ, ਤਾਂ ਅੱਖਾਂ ਮੂਲ ਨ ਲਾਂਵਦੀ
ਸੀ ਨਾਲ ਦੁਖਾਂ ਦੇ ਪਾਲਿਆ, ਤੇਰਾ ਚੀਣਾ ਚਿੜੀਆਂ ਖਾ ਲਿਆ
ਹੁਣ ਅੰਬੀਂ ਲੱਗਾ ਬੂਰ ਵੇ, ਪਰ ਚੂਪਨ ਵਾਲਾ ਦੂਰ ਵੇ
ਮੈਂ ਚੁਲੀਏ ਪਾਨੀ ਪਾਇਆ, ਹੁਣ ਫਲ ਲਗਣੇ ਨੂੰ ਆਇਆ
ਤੂੰ ਵਢ ਨਾ ਮੁਢੋਂ ਜਾਨੀਆਂ, ਇਹ ਕਲੀਆਂ ਜੋ ਕੁਮਲਾਨੀਆਂ
ਜੇ ਨਹੀਂ ਸੀ ਪਾਣੀ ਪਾਵਨਾ, ਤਾਂ ਬੂਟਾ ਕਿਉਂ ਸੀ ਲਾਵਨਾ
ਮੈਂ ਨਾਲ ਦੁਖਾਂ ਦੇ ਰੱਖੀਆਂ, ਪਰ ਵਰਜੀਆਂ ਰਹਿਨ ਨਾ ਅਖੀਆਂ
ਕਿਉਂ ਪਥਰ ਕੀਤਾ ਈ ਜੀਉ ਵੇ ! ਕਦੀ ਮੋਮ ਅਸਾਂ ਵੱਲ ਥੀਉ ਵੇ
ਹੁਣ ਆ ਮਿਲ ਔਖੇ ਵੇਲੜੇ, ਜੱਗ ਜੀਂਵਦਿਆਂ ਦੇ ਮੇਲੜੇ। ੨।



Sri Satguru Jagjit Singh Ji eLibrary NamdhariElibrary@gmail.com

ਹੁਣ ਜੇਠ ਮਹੀਨਾ ਆਇਆ, ਮੇਰਾ ਲੋਆਂ ਲਹੂ ਸੁਕਾਇਆ
ਉਡ ਕਾਵਾਂ ਚੂਰੀ ਪਾਨੀਆਂ, ਘਰ ਲਿਆਵੀਂ ਮੇਰੇ ਜਾਨੀਆਂ
ਤੂੰ ਕਿਉਂ ਚਿਰ ਲਾਯਾ ਮਾਹੀਆ, ਕੋਈ ਖਬਰ ਲਿਆਵੀਂ ਰਾਹੀਆ
ਨਿਤ ਵਗੇ ਤੱਤੀ ਵਾਉ ਵੇ, ਕਦੇ ਠੰਢ ਜਿਗਰ ਵਿਚ ਪਾਉ ਵੇ
ਫਰਿਆਦ ਮੇਰੀ ਫਰਿਆਦ ਵੇ, ਮੈਨੂੰ ਯਾਰ ਨਾ ਦੇਂਦਾ ਦਾਦ ਵੇ
ਜੇ ਖਬਰ ਹੁੰਦੀ ਵੇ ਸਜਨਾ, ਨੇਹੁੰ ਲਾ ਕੇ ਸੀ ਤੂੰ ਭੱਜਨਾ
ਤਾਂ ਭੁਲ ਨਾ ਪਾਂਦੀ ਪਿਆਰ ਵੇ, ਹੁਣ ਹੱਛੀ ਕੀਤੀਓ ਯਾਰ ਵੇ
ਮੈਂ ਰੱਜ ਨਾ ਡਿਠਾ ਮੁਖ ਵੇ, ਇਕ ਵਾਰ ਦੇਖਣ ਦੀ ਭੁਖ ਵੇ
ਇਕ ਰਾਤ ਨਾ ਮਿਲਿਆ ਸੌਣ ਵੇ, ਵਿੱਚ ਦੂਤੀ ਆਇਆ ਕੌਣ ਵੇ
ਕਿਉਂ ਬਿਰਹੋਂ ਲੱਗੀ ਲਾਗ ਵੇ, ਇਹ ਦੇਖ ਬੰਦੀ ਦੇ ਭਾਗ ਵੇ
ਇਹ ਦੁਖ ਵਿਛੋੜਾ ਤੁਧ ਦਾ, ਇਕ ਭਾਂਬੜ ਬਲ ਬਲ ਬੁਝਦਾ
ਮੈਂ ਮੁੜ ਮੁੜ ਪਾਵਾਂ ਫੇਰੀਆਂ, ਇਹ ਵੇਖੀਂ ਮਿਨਤਾਂ ਮੇਰੀਆਂ
ਸੁਣ ਪਿਆਰੇ ਯਾਰ ਪੁਕਾਰ ਵੇ, ਅੱਜ ਦਿਹ ਦਿਦਾਰ ਬਲਿਹਾਰ ਵੇ । ੩ ।

ਹੁਣ ਚੜ੍ਹਿਆ ਮਹੀਨਾ ਹਾੜ ਵੇ, ਕੋਈ ਦੇਖੇ ਮੇਰੀ ਨਾੜ ਵੇ
ਹੁਣ ਧੁੱਪਾਂ ਪਈਆਂ ਡਾਢੀਆਂ, ਇਹ ਦੇਖੀਂ ਲਿਖੀਆਂ ਸਾਡੀਆਂ
ਇਕ ਧੁਪ ਲੱਗੇ ਤਨ ਅੱਗ ਵੇ, ਇਕ ਬਦੀਆਂ ਦੇਂਦਾ ਜੱਗ ਵੇ
ਗਲ ਲਾਵਾਂ ਜੇ ਮੈਂ ਤੁਧ ਨੂੰ, ਇਹ ਸ਼ਰਬਤ ਹੋਵੇ ਮੁਝ ਨੂੰ
ਮੈਂ ਦੁਖ ਨ ਢੋਲ ਸੁਨਾਯਾ, ਤੂੰ ਕਿਸ ਗੱਲੋ ਚਿਰ ਲਾਇਆ
ਵਿੱਚ ਗੁੱਛੇ ਦਾਖਾਂ ਫੁੱਟੀਆਂ, ਬਿਨ ਤੇਰੇ ਕਾਂਵਾਂ ਲੁੱਟੀਆਂ
ਮੇਰੀ ਅਖੀਂ ਲਹੂ ਵਗਦਾ, ਕਦੀ ਲਾਹ ਉਲਾਂਭਾ ਜੱਗ ਦਾ
ਦਿਨ ਵਡੇ ਰਾਤੀ ਕਾਲੀਆਂ, ਮੈਂ ਨਾਲ ਦੁਖਾਂ ਦੇ ਜਾਲੀਆਂ
ਵਿਚ ਮਿੱਟੀ ਰੁਲਦੀ ਧੌਣ ਵੇ, ਬਿਨ ਤੇਰੇ ਚੁਕੇ ਕੌਣ ਵੇ
ਤੇਰੇ ਆੜੂ ਤੇਤੇ ਟੁਕਦੇ, ਇਕ ਪਾਣੀ ਬਾਝੋਂ ਸੁਕਦੇ
ਇਹ ਅਖਾਂ ਮੇਰੀ ਚੀਰੀਆਂ, ਲਹੂ ਵੱਗੇ ਵਾਂਗ ਤਤੀਰੀਆਂ
ਹੁਣ ਪਾਣੀ ਕਿਉਂ ਨਹੀਂ ਪਾਂਵਦਾ, ਹਾਇ ਕਿਉਂ ਨਹੀਂ ਅੱਗ ਬੁਝਾਂਵਦਾ । ੪ ।

ਹੁਣ ਸਾਵਣ ਪਾਇਆ ਜ਼ੋਰ ਵੇ, ਇਕ ਬਦਲਾਂ ਦੀ ਘਨਘੋਰ ਵੇ
ਇਕ ਬਿਜਲੀ ਚਮਕ ਡਰਾਂਵਦੀ, ਮੇਰੀ ਜਾਨ ਲਬਾਂ ਤੇ ਆਂਵਦੀ
ਜੀ ਦੇਖ ਘਟਾਂ, ਘਟ ਜਾਂਵਦਾ, ਮੈਨੂੰ ਸ਼ਾਮ ਨ ਨਜ਼ਰੀ ਆਂਵਦਾ
ਜੇ ਬੂੰਦ ਪੜੇ ਕੋਈ ਯਾਰ ਵੇ, ਤਨ ਲੱਗੇ ਜਿਉਂ ਅੰਗਿਆਰ ਵੇ
ਲੋਗ ਪੀਂਘਾਂ ਪਾਵਨ ਜਾਂਵਦੇ, ਮੈਨੂੰ ਗ਼ਮ ਦੇ ਝੂਟੇ ਆਂਵਦੇ
ਮੇਰੀ ਅੱਖੀਂ ਛਹਿਬਰ ਲਾਈਆਂ, ਕੇਈ ਨਦੀ ਲੋਹੂ ਵਗਾਈਆਂ



Sri Satguru Jagjit Singh Ji eLibrary NamdhariElibrary@gmail.com

ਹੁਣ ਹਰੇ ਹੋਏ ਸਭ ਬਾਗ ਵੇ, ਏਹ ਫੁਟ ਪਏ ਨੀ ਦਾਗ ਵੇ
ਮੈਂ ਦੁੱਖੀਂ ਬੂਟਾ ਪਾਲਿਆ, ਘਰ ਆਵੀਂ ਵੇਖਨ ਵਾਲਿਆ
ਲੋਹੂ ਵਾਂਗ ਫੁਹਾਰੇ ਚੱਲਿਆ, ਮੈਂ ਜੱਗ ਦਾ ਮੇਹਣਾ ਝੱਲਿਆ
ਜੋ ਨੈਣ ਬੂੰਦ ਨੂੰ ਤਰਸਦੇ, ਹੁਣ ਬੱਦਲ ਵਾਂਗੂੰ ਬਰਸਦੇ
ਮੈਂ ਜਗ ਦੀਆਂ ਬਦੀਆਂ ਝੱਲੀਆਂ, ਪਰ ਤੇਰੀਆਂ ਗਲੀਆਂ ਮੱਲੀਆਂ
ਮੇਰੇ ਵਿਚ ਕਲੇਜੇ ਸੂਲ ਵੇ, ਪਰ ਤੈਨੂੰ ਖ਼ਬਰ ਨ ਮੂਲ ਵੇ
ਦਿਲਦਾਰ ਪਿਆਰੇ ਸੱਜਨਾ, ਸਭ ਔਗਣ ਮੇਰੇ ਕੱਜਨਾ । ੫ ।

ਹੁਣ ਚੜ੍ਹਿਆ ਭਾਦਰੋਂ ਮਾਹ ਵੇ, ਮੈਂ ਖੜੀ ਉਡੀਕਾਂ ਰਾਹ ਵੇ
ਮੈਂ ਗਲ ਵਿੱਚ ਖੁਲ੍ਹੇ ਕੇਸ ਵੇ, ਮੈਂ ਜੋਗਨ ਕੀਤਾ ਭੇਸ ਵੇ
ਮੈਨੂੰ ਦੁਖਾਂ ਘੇਰਾ ਪਾਇਆ, ਹੁਣ ਮਰਨਾ ਨੇੜੇ ਆਇਆ
ਤਨ ਰੱਤੀ ਰੱਤ ਨਾ ਦਿੱਸਦੀ, ਕੋਈ ਖਾਈ ਬੂਟੀ ਵਿਸ ਦੀ
ਕੀ ਦਿਲ ਤੇਰੇ ਵਿੱਚ ਆਈਆਂ, ਵਿੱਚ ਵਡੀਆਂ ਵਾਟਾਂ ਪਾਈਆਂ
ਵਾਹ ਵਾਹ ਵੇ ਦੁੱਖਾ ਮੇਰਿਆ, ਹੁਣ ਮੁਖ ਨਾ ਮੈਥੋਂ ਫੇਰਿਆ
ਹੁਣ ਛੱਡ ਨਾ ਮੈਨੂੰ ਜਾਵਨਾ, ਨਿਹੁੰ ਲਾ ਕੇ ਤੋੜ ਨਿਭਾਹੁਨਾ
ਮੈਂ ਦੁਖ ਨਾ ਡਰਦੀ ਫੋਲਦੀ, ਨਾ ਗੰਢ ਦਿਲੇ ਦੀ ਖੋਲ੍ਹਦੀ
ਸੁਖ ਪਾਇਆ ਜੋ ਨਿਹੁੰ ਲਾਇਕੇ, ਸਿੰਘ ਪਾਸੋਂ ਪੁੱਛੋ ਜਾਇਕੇ
ਉਹ ਮਹਿਰਮ ਹੈ ਜੋ ਹਾਲ ਦਾ, ਦੁਖਿਆਰਾ ਮੇਰੇ ਨਾਲ ਦਾ
ਉਹ ਭੈੜੀਆਂ ਘੜੀਆਂ ਆਈਆਂ, ਮੈਂ ਜਿਸ ਅੱਖੀਆਂ ਲਾਈਆਂ
ਪਲ ਇੱਕ ਨਾ ਆਇਆ ਸੁਖ ਦਾ, ਫਲ ਲੱਗਾ ਮੈਨੂੰ ਦੁਖ ਦਾ ।੬।

ਸੁਣ ਅੱਸੂ ਲੜੀਆਂ ਛੱਡੀਆਂ, ਨਿੱਤ ਕੜ ਕੜ ਕਰਦੀਆਂ ਹੱਡੀਆਂ
ਮੈਂ ਰੋ ਰੋ ਔਂਸੀ ਪਾਨੀਆਂ, ਤੂੰ ਕਦ ਘਰ ਆਵੇਂ ਜਾਨੀਆਂ
ਕੋਈ ਘੱਲ ਸੁਨੇਹਾ ਸੁੱਖ ਦਾ, ਮੈਨੂੰ ਦਾਰੂ ਹੋਵੇ ਦੁਖ ਦਾ
ਤੇਰੇ ਪਾਨ ਗਏ ਕੁਮਲਾਇ ਵੇ, ਹੁਣ ਪਾਣੀ ਆਇਕੇ ਪਾਇ ਵੇ
ਮੈਂ ਡੁੱਬੀ ਅਧਿ ਵਿਚਕਾਰ ਵੇ, ਹੁਣ ਆਣ ਲੰਘਾਈਂ ਪਾਰ ਵੇ
ਮੈਂ ਗਲੀਆਂ ਫਿਰ ਫਿਰ ਥੱਕਦੀ, ਪਰ ਫਿਰਨੋਂ ਮੂਲ ਨਾ ਅੱਕਦੀ
ਮੈਂ ਕਿਥੋਂ ਲੱਭਾਂ ਤੁਧ ਨੂੰ, ਕੋਈ ਦੱਸ ਟਿਕਾਣਾ ਮੁਝ ਨੂੰ
ਜਾਂ ਨਜ਼ਰ ਨਹੀਂ ਤੂੰ ਆਂਵਦਾ, ਤਾਂ ਸੁੰਨਾਂ ਮਹਿਲ ਡਰਾਂਵਦਾ ।
ਲਹੂ ਫੁੱਟ ਅੱਖਾਂ ਤੋਂ ਆਇਆ, ਰੱਬਾ ਤੈਨੂੰ ਤਰਸ ਨਾ ਆਇਆ
ਗਲ ਪੱਲਾ ਮੂੰਹ ਵਿਚ ਘਾਉ ਵੇ, ਇਕ ਵਾਰੀ ਤਾਂ ਮਿਲ ਜਾਉ ਵੇ
ਹਾਇ ਹਾਇ ਵੇ ਰੱਬਾ ਮੇਰਿਆ, ਕਿਉਂ ਦੁੱਖਾਂ ਮੈਨੂੰ ਘੇਰਿਆ
ਹੁਣ ਇਸ਼ਕ ਪਵਾੜਾ ਪਾਇਆ, ਇਹ ਛਪਦਾ ਨਹੀਂ ਛਿਪਾਇਆ । ੭ ।



Sri Satguru Jagjit Singh Ji eLibrary NamdhariElibrary@gmail.com

ਵਿੱਚ ਕੱਤਕ ਪਾਲਾ ਚੁੱਭਦਾ, ਤਨ ਤੀਰਾਂ ਵਾਂਗੂ ਖੁੱਭਦਾ
ਮੈਂ ਸੱਜਨ ਸੱਜਨ ਕੂਕਦੀ, ਵਿੱਚ ਆਹਾਂ ਦੇ ਤਨ ਫੂਕਦੀ
ਕੋਈ ਬਾਤ ਨਾ ਦੱਸੇ ਤੁਝ ਦੀ, ਬਲ ਅੱਗ ਜਿਗਰ ਵਿਚ ਬੁਝਦੀ
ਮੈਂ ਘੁਟ ਲਹੂ ਦੇ ਪੀਂਵਦੀ, ਨਿੱਤ ਜੀ ਨੂੰ ਖਾ ਖਾ ਜੀਂਵਦੀ
ਮੈਨੂੰ ਛੱਡ ਨਾ ਜਾਈਂ ਮਾਹੀਆ, ਮੈਂ ਮਰਨ ਕਿਨਾਰੇ ਆਈਆਂ
ਆ ਅੰਬੜੀਏ ! ਏਹ ਵੇਖ ਤੂੰ, ਜੋ ਮਥੇ ਲਿਖਿਆ ਲੇਖ ਤੂੰ
ਮੈਂ ਮਰਨ ਲੱਗੀ ਬੀਮਾਰ ਵੇ, ਪਰ ਮੈਨੂੰ ਖ਼ਬਰ ਨਾ ਸਾਰ ਵੇ
ਮੈਂ ਰੱਜ ਨ ਗੱਲਾਂ ਕੀਤੀਆਂ, ਏਹ ਲਿਖੀਆਂ ਸਿਰ ਤੇ ਬੀਤੀਆਂ
ਫਲ ਪੱਕੇ ਹੋਏ ਲਾਲ ਵੇ, ਮੈਂ ਕਿੱਥੋਂ ਕਰਸਾਂ ਭਾਲ ਵੇ
ਵੇ ਦੱਸ ਤੂੰ ਮੈਨੂੰ ਬਾਹਮਣਾ, ਕਿਉਂ ਤਾਰਾ ਹੋਇਆ ਸਾਹਮਣਾ
ਕਦ ਆਵਣਗੇ ਦਿਨ ਸੁਖ ਦੇ, ਮੁਖ ਨਾਲ ਜੋੜਾਂਗੀ ਮੁਖ ਦੇ । ੮ ।

ਹੁਣ ਚੜ੍ਹਿਆ ਮੱਘਰ ਮਾਹ ਵੇ, ਮੈਂ ਲੈਂਦੀ ਉਭੇ ਸਾਹ ਵੇ
ਤੇਰੇ ਪੱਕੇ ਸੇਉ ਅਨਾਰ ਵੇ, ਮੈਂ ਅਜੇ ਨਾ ਲਈਆ ਸਾਰ ਵੇ
ਮੈਨੂੰ ਬਿਰਹੋਂ ਮਾਰ ਮੁਕਾਇਆ, ਕੋਈ ਚੀਰਾ ਤਨ ਵਿਚ ਲਾਇਆ
ਮੈਂ ਖਲੀ ਉਡੀਕਾਂ ਮੌਤ ਨੂੰ, ਕੁਛ ਖਬਰ ਨਹੀਂ ਉਸ ਕੌਂਤ ਨੂੰ
ਰਹੀ ਜੀ ਦੀ ਜੀ ਦੇ ਵਿਚ ਵੇ, ਸਾਹ ਮੌਤ ਲਿਆ ਵੇ ਖਿੱਚ ਵੇ
ਇੱਕ ਭੁਖ ਤੇਰੇ ਦੀਦਾਰ ਦੀ, ਮੈਂ ਅੱਠੇ ਪਹਰ ਚਿਤਾਰਦੀ
ਮੈਂ ਕੂੰਜ ਵਾਂਗੂ ਕੁਰਲਾਂਵਦੀ, ਜੀ ਤੇਰੇ ਇੱਕ ਨ ਆਂਵਦੀ
ਕੀ ਦੇਨਾ ਅੜਿਆ ਦੁਖ ਵੇ, ਮੈਂ ਜੰਮ ਨਾ ਪਾਇਆ ਸੁਖ ਵੇ
ਮੈਂ ਬਦਲੇ ਲੈ ਵੇ ਵੈਰੀਆ. ਕੀ ਜੀਉ ਤੇਰੇ ਵਿਚ ਠਹਿਰੀਆ
ਦਮ ਨਿਕਲ ਜਾਂਦਾ ਤਾਂ ਠੀਕ ਵੇ, ਪਰ ਤੇਰੀ ਅਜੇ ਉਡੀਕ ਵੇ
ਜੇ ਚਲਿਆਂ ਸਾਨੂੰ ਛੱਡ ਕੇ, ਸਿਰ ਹੱਥੀਂ ਜਾਂਈਂ ਵੱਢ ਕੇ
ਜਾਂ ਲੈ ਚਲ ਸਾਨੂੰ ਨਾਲ ਵੇ, ਨਹੀਂ ਜੀਵਨ ਹੋਗੁ ਮੁਹਾਲ ਵੇ । ੯ ।

ਮੈਨੂੰ ਪੋਹ ਵਿਚ ਰਾਤਾਂ ਵੱਡੀਆਂ, ਮੈਂ ਨਾਲ ਦੁਖਾਂ ਦੇ ਕੱਢੀਆਂ
ਰਹੁ ਰਹੁ ਵੇ ਇਸ਼ਕਾ ! ਬਸ ਵੇ, ਸੁਖ ਡਿਠਾ ਤੈਥੋਂ ਭੁੱਸ ਵੇ
ਹਾਇ ਭੈੜਿਆ ਪਹਿਲਾਂ ਦੱਸਦੋਂ, ਨਾ ਲੂਣ ਫੱਟ ਤੇ ਸੱਟਦੋਂ
ਮੇਰੇ ਵਿਚ ਕਲੇਜੇ ਲਹਿਰ ਵੇ, ਕੀ ਕੀਤਾ ਰੱਬਾ ਕਹਿਰ ਵੇ
ਕੀ ਔਗਣ ਕੀਤਾ ਤੁਝ ਦਾ, ਕਿਉਂ ਵੈਰੀ ਬਣਿਆ ਮੁਝ ਦਾ
ਸੁਣ ਪਿਆਰੇ ਦਿਲਬਰ ਯਾਰ ਵੇ, ਮਿਲ ਜਾਹ ਮੈਨੂੰ ਇਕ ਵਾਰ ਵੇ
ਕੋਈ ਚਰਖਾ ਕੱਤ ਨਾ ਜਾਂਵਦੀ, ਮੈਂ ਛੋਪ ਦੁਖਾਂ ਦਾ ਪਾਂਵਦੀ
ਕੋਈ ਤੰਦ ਅਵੱਲੀ ਪੈ ਗਈ, ਮੇਰਾ ਕੱਤਣ ਤੁੰਬਣ ਲੈ ਗਈ



NamdhariElibrary@gmail.com

ਦਿਨ ਰੋਂਦਿਆਂ ਮੈਨੂੰ ਬੀਤਦਾ, ਇਹ ਡਿੱਠਾ ਸੁਖ ਪ੍ਰੀਤ ਦਾ
ਮੈਂ ਉਠ ਉਠ ਝਾਤੀ ਪਾਂਵਦੀ, ਪਹੁ ਫੁੱਟਣ ਵਿੱਚ ਨਾ ਆਂਵਦੀ
ਇਹ ਲੇਫ ਤੁਲਾਈ ਰੰਗ ਦਾ, ਤਨ ਸੱਪਾਂ ਵਾਂਗੂੰ ਡੰਗਦਾ
ਜੇ ਖਾਣਾ ਏ ਦੁਖਾਂ ਮੁਝ ਨੂੰ, ਮੈਂ ਮੂਲ ਨਾ ਵਰਜਿਆ ਤੁਧ ਨੂੰ
ਪਰ ਖਾਈਂ ਨਾ ਅੱਖ ਦਾ ਮਾਸ ਵੇ, ਅਜੇ ਵੇਖਣ ਦੀ ਹੈ ਆਸ ਵੇ ।੧੦।

ਹੁਣ ਮਾਘ ਮਹੀਨਾ ਆਂਵਦਾ, ਸਾਹ ਹੋਠਾਂ ਉਤੇ ਆਂਵਦਾ
ਕੋਈ ਜਾਵੇ ਕਾਸਦ ਹੋਇਕੇ, ਤੇ ਏਹ ਗੱਲ ਆਖੇ ਰੋਇਕੇ
ਸਿਰ ਪੈਰਾਂ ਉਪਰ ਲਾਇਕੇ, ਤੇ ਗਲ ਵਿਚ ਪੱਲਾ ਪਾਇਕੇ
ਮੈਂ ਹਰਦਮ ਸੀਸ ਨਿਵਾਂਵਣਾ, ਇਕ ਵਾਰੀ ਫੇਰਾ ਪਾਵਣਾ
ਜੇ ਨਹੀਂ ਸੀ ਤੋੜ ਨਿਬਾਹੁਣੀ, ਤਾਂ ਪਹਿਲੇ ਕਿਉਂ ਸੀ ਲਾਉਣੀ
ਮੈਂ ਖਲੀ ਉਡੀਕਾਂ ਵਾਟ ਵੇ, ਕੋਈ ਆਵੇ ਪੱਤਨ ਘਾਟ ਵੇ
ਪੇਸ਼ ਆਇਆ ਮੇਰਾ ਫੇੜਿਆ, ਦੁਖ ਹੱਥੀਂ ਆਪ ਸਹੇੜਿਆ
ਮੈਂ ਜੀ ਵਿਚ ਏਹੋ ਜਾਣਿਆ, ਦੁੱਖ ਦੇਂਦਾ ਰੱਬ ਨਿਮਾਣਿਆਂ
ਵਿੱਚ ਸੀਨੇ ਲੱਗਾ ਘਾਉ ਵੇ, ਹੁਣ ਮੱਲ੍ਹਮਾਂ ਆ ਕੇ ਲਾਉ ਵੇ
ਮੈਂ ਹੱਥੀਂ ਗੰਢਾਂ ਪਾਈਆਂ, ਹੁਣ ਦੰਦੀਂ ਖੋਲ੍ਹਣ ਆਈਆਂ
ਚਿਰ ਹੋਇਆ ਹੱਥਾਂ ਜੋੜਿਆ, ਤੇ ਜੀਵਨ ਥੀਂ ਮੁਖ ਮੋੜਿਆਂ
ਸੁਜ ਪੱਥਰ ਹੋਏ ਪੈਰ ਵੇ, ਤੂੰ ਅਜੇ ਨ ਪਾਵੇਂ ਖੈਰ ਵੇ ।੧੧।

ਹੁਣ ਫੱਗਣ ਆਈਆਂ ਹੋਲੀਆਂ, ਮੈਨੂੰ ਸਹੀਆਂ ਮਾਰਨ ਬੋਲੀਆਂ
ਜੋ ਵਾਲ ਅਤਰ ਵਿਚ ਘੁਲਦੇ, ਹੁਣ ਮਿੱਟੀ ਦੇ ਵਿਚ ਰੁਲਦੇ
ਵਿਚ ਲੋਹੂ ਹੋਈ ਲਾਲ ਵੇ, ਇਹ ਦਿੱਤੀ ਰੱਬ ਗੁਲਾਲ ਵੇ
ਸੁਖ ਵੱਸੋ ਮੇਰੇ ਸੱਜਣੋ ! ਸਭ ਔਗਣ ਮੇਰੇ ਕੱਜਣੋ
ਅਸੀਂ ਚਲਦੇ ਭਲੇ ਫ਼ਕੀਰ ਹੈ, ਨਾ ਹੋਵੀਂ ਤੂੰ ਦਿਲਗੀਰ ਵੇ
ਤੂੰ ਇੱਕ ਨਾ ਜੀਉ ਤੇ ਲਿਆਉ ਵੇ, ਗ਼ਮ ਖਾਵੇ ਤੇਰੀ ਬਲਾਉ ਵੇ
ਆ ਮਿਲ ਜਾ ਔਖੇ ਵੇਲੜੇ, ਜਗ ਜੀਉਂਦਿਆਂ ਦੇ ਮੇਲੜੇ
ਅਸੀਂ ਛਡ ਚਲੇ ਸੰਸਾਰ ਵੇ, ਫਿਰ ਮਿਲਨਾ ਹੋਗੁ ਨਾ ਯਾਰ ਵੇ
ਹੁਣ ਓੜਕ ਮੇਲਾ ਹੋਵਸੀ, ਰੱਬ ਦਾਗ਼ ਦਿਲਾਂ ਦੇ ਧੋਵਸੀ
ਨਾ ਦਿਲ ਥੀਂ ਮੂਲ ਭੁਲਾਵਣਾ, ਇਕ ਏਨਾ ਤੋੜ ਨਿਭਾਵਣਾ
ਇਕ ਰੱਬਾ ਸੁਣੀਂ ਪੁਕਾਰ ਤੂੰ, ਸੁਖ ਰੱਖੀਂ ਮੈਂਡਾ ਯਾਰ ਤੂੰ
ਹੁਣ ਮੇਰਾ ਅੱਜ ਸਲਾਮ ਹੈ, ਇਹ ਓੜਕ ਦਾ ਪੈਗ਼ਾਮ ਹੈ ।

## ੩੫. ਬਾਰਾਮਾਂਹ ਫ਼ਜ਼ਲ ਸ਼ਾਹ

ਦੋਹਰਾ

ਚੜ੍ਹੇ ਮਹੀਨੇ ਚੇਤ ਕੇ, ਕਿਛ ਨਾਹੀਂ ਚਿਤ ਚੇਤ
ਮਨ ਕਾ ਭਾਣਾ ਕਰ ਗਏ, ਸਾਜਨ ਅਚਨਚੇਤ ।

ਚੜ੍ਹਦੇ ਚੇਤ ਗਿਆ ਟੁਰ ਬੇਲੀ, ਰਹੀ ਅਕੇਲੀ, ਵੇਖ ਹਵੇਲੀ ਹਾਲ ਵੰਜਾਨੀਆਂ
ਨਿਤ ਕੂਕ ਕਰਾਂ ਦਿਨ ਰਾਤ, ਉਡੀਕਾਂ ਵਾਟ, ਲਗੀ ਦਿਲ ਚਾਟ ਤੁਸਾਡੀ ਜਾਨੀਆਂ
ਕਰ ਫਜ਼ਲ ਪਿਆਰੇ ਯਾਰ, ਐ ਦਿਲਦਾਰ, ਕਲੇਜਾ ਠਾਰ, ਮੈਂ ਸਦਕੇ ਜਾਨੀਆਂ ।
ਮੈਨੂੰ ਬਾਗ਼ ਬਗੀਚੇ ਖਾਵਨ, ਮੂਲ ਨਾ ਭਾਵਨ, ਮਹਿਲ ਡਰਾਵਨ, ਮੈਂ ਹੁਣ ਕੀ ਕਰਾਂ
ਨਿਤ ਫਿਰਦੀ ਸਰ ਗਰਦਾਨ, ਨਾ ਹੋਸ਼ ਜਹਾਨ,ਹੋਈ ਬੇਜਾਨ,ਮੈਂ ਕਿਤ ਵਲ ਜੀ ਧਰਾਂ
ਮੈਂ ਖਲੀਆਂ ਕਰ ਕਰ ਬਾਹੀਂ, ਮਾਰਾਂ ਆਹੀਂ, ਢੂੰਡਾਂ ਕਾਹੀਂ, ਜੰਗਲ ਬਰਬਰਾਂ
ਕਰ ਫਜ਼ਲ ਪੀਆ ਛਡ ਸ਼ਰਮ,ਕਰ ਕੁਝ ਕਰਮ,ਲਗੇਦਿਲ ਵਰਮ,ਕਟਾਰੀ ਖਾ ਮਰਾਂ।੧

ਦੋਹਰਾ

ਆਈ ਰੁਤ ਬੈਸਾਖ ਕੀ ਪੱਕੀ ਦਾਖ ਵ ਸ਼ਾਖ
ਰਹੁ ਘਰ ਮਹਿੰ ਮਤ ਜਾਈਓ, ਕਰਤ ਬੇਨਤੀ ਲਾਖ ।

ਚੜ੍ਹਦੇ ਮਾਹ ਬੈਸਾਖ ਧੁਪਾਂ ਨਾਲ ਹੋਈਆਂ ਬੇਹਾਲ, ਵਿਛੋੜੇ ਨਾਲ ਗ਼ਮਾਂ ਦੇ ਘੇਰੀਆਂ
ਤੂੰ ਆ ਮੇਰੇ ਘਰ ਸ਼ਾਹ, ਉਡੀਕਾਂ ਰਾਹ, ਹੋਇਉਂ ਗੁਮਰਾਹ, ਰਜ਼ਾਈਂ ਤੇਰੀਆਂ
ਲਾ ਪਾਰ ਮੈ ਨਾ ਤਰਸਾਉ, ਕਲੇਜੇ ਲਾਉ, ਕਦੀ ਵਰ ਲਿਆਉ ਮੁਰਾਦਾਂ ਮੇਰੀਆਂ
ਕਰ ਫਜ਼ਲ ਪੀਆ, ਛਡ ਜ਼ੋਰ, ਮੁਹਾਰਾਂ ਮੋੜ, ਲਿਖਾਂ ਹੱਥ ਜੋੜ ਮੈਂ ਆਜਿਜ਼ ਤੇਰੀਆਂ
ਨਿਤ ਲੂੰ ਲੂੰ ਭੜਕੇ ਭਾਹ, ਮੇਰੇ ਦਿਲ ਖ਼ਾਹ, ਤੁਸਾਡੀ ਚਾਹ, ਦੁਖਾਂ ਨੂੰ ਫੂਕਦੀ
ਤੂੰ ਪਹੁੰਚ ਮੇਰੇ ਮਨ ਮਾਂਝ, ਤੁਸਾਡੀ ਤਾਂਘ, ਲਗੀ ਹੁਣ ਸਾਂਗ, ਕਲੇਜੇ ਸ਼ੂਕਦੀ ।
ਕੋਈ ਨਾਮ ਖੁਦਾ ਦੇ ਜਾਵੇ, ਹਾੜ੍ਹਾ ਪਾਵੇ, ਆਖ ਸੁਣਾਵੇ, ਹਾਲਤ ਜੋਗ ਦੀ
ਕਰ ਫਜ਼ਲ ਪੀਆ ਲੈ ਵਾਤ,ਹੋਈ ਮੈਂ ਘਾਤ, ਸੁਣੀਂ ਤੂੰ ਬਾਤ ਦਿਲਾਂ ਦੇ ਰੋਗ ਦੀ ।੨।

ਦੋਹਰਾ

ਬੈਸਾਖ ਕਹੇ ਸੁਣ ਬਾਵਰੇ, ਮੱਤ ਤਨਹਾ ਕੁਰਲਾਇ
ਹਮ ਭੀ ਚਲੇ ਮੁਸਾਫ਼ਰੀ, ਕਹੋ ਜੇਠ ਕੋ ਜਾਇ ।



Sri Satguru Jagjit Singh Ji eLibrary NamdhariElibrary@gmail.com

ਚੜ੍ਹੇ ਮਹੀਨੇ ਜੇਠ ਕੇ, ਬਿਰਹੋਂ ਜਾਲੇ ਜੀਅ
ਜਨਮ ਵਿਛੋੜਾ ਦੇ ਗਏ, ਮੈਂ ਕਮਲੀ ਕੇ ਪੀਅ।

ਚੜ੍ਹਦੇ ਜੇਠ ਨਹੀਂ ਦਿਲ ਚੈਨ, ਕਰੇਂਦੀ ਵੈਣ, ਫਿਰਾਂ ਦਿਨ ਰੈਣ, ਉਦਾਸੀ ਹੋ ਰਹੀ
ਮੈਂ ਬਹੁਤ ਹੋਈ ਬੀਮਾਰ, ਨਾ ਆਇਉਂ ਯਾਰ, ਮੈਂ ਔਗੁਣਹਾਰ ਬਥੇਰਾ ਰੋ ਰਹੀ
ਹੁਣ ਆ ਮਿਲ ਮੈਨੂੰ ਯਾਰ, ਡੁਬੀ ਨੂੰ ਤਾਰ, ਵਿਚ ਦੀਦਾਰ ਗੁਲਾਮ ਖਲੋ ਰਹੀ।
ਕਰ ਫਜ਼ਲ ਪੀਆ ਮੁੜ ਵੇਖ, ਤੱਤੀ ਦੇ ਲੇਖ, ਮਿਟਾਈਂ ਰੇਖ, ਵਸੀਲੇ ਢੋ ਰਹੀ
ਮੈਂ ਦਿਲਬਰ ਬਾਝ ਅੰਧੇਰ, ਦਿਸੇ ਚੌਫੇਰ, ਲਿਆ ਗ਼ਮ ਘੇਰ ਲਿਖੇ ਹੁਣ ਧਰ ਗਈ।
ਮੈਂ ਪਿਟ ਪਿਟ ਸੁਟਦੀ ਵਾਲ,ਗਇਓਂ ਟੁਰ ਨਾਲ,ਕਰੇਂਦੀ ਭਾਲ,ਬੈਰਾਗਨਫਿਰ ਰਹੀ
ਨਿਤ ਗ਼ਮ ਤੇਰੇ ਦੇ ਸੂਲ, ਆਵਨ ਕਰ ਹੂਲ, ਨਾ ਜਾਵਨ ਮੂਲ, ਮੈਂ ਕਮਲੀ ਮਰ ਰਹੀ
ਕਰ ਫਜ਼ਲ ਪੀਆ ਇਸ ਦਰਦ, ਕੀਤਾ ਮੁਖ ਜ਼ਰਦ, ਲਗੀ ਦਿਲ ਕਰਦ,
ਮੇਰੀ ਮੰਨ ਕਰ ਰਹੀ।੩।

ਦੋਹਰਾ—ਜੇਠ ਕਹੈ ਸੁਣ ਕਾਮਨੀ, ਹਮਰੀ ਕਿਆ ਤਕਸੀਰ
ਹਮ ਜੋਗੀ ਹੋ ਰਮ ਰਹੇ, ਪਾ ਕਰ ਹਾੜ ਕੇ ਚੀਰ
ਹਾੜ ਮਹੀਨੇ ਧੂਪ ਮੇਂ, ਪਾਂਧੀ ਚਲੈ ਨਾ ਕੋਇ
ਹਮਰੇ ਪੀਆ ਬਿਦੇਸ, ਮੈਂ ਕਠਿਨ ਬਲਾਵੇਂ ਸੋਇ।

ਚੜ੍ਹਦੇ ਹਾੜ ਧੁਪਾਂ ਦੇ ਜ਼ੋਰ, ਲੂਆਂ ਦੇ ਸ਼ੋਰ, ਹੋਈ ਮੈਂ ਚੋਰ, ਸੋਹਣੇ ਦਿਲਦਾਰ ਦੀ
ਮੈਨੂੰ ਸਬਰ ਕਰਾਰ ਨਾ ਆਵੇ, ਕੋਈ ਹੁਣ ਜਾਵੇ ਖ਼ਬਰ ਲਿਆਵੇ ਦਿਲਬਰ ਯਾਰ ਦੀ
ਕਰ ਫਜ਼ਲ ਪੀਆ ਇਕ ਵਾਰ ਕਰੋ ਗੁਲਜ਼ਾਰ,ਮੇਰੇ ਸਰਦਾਰ, ਮੈਂ ਨਿਤ ਪੁਕਾਰਦੀ।
ਮੇਰੀ ਸੂਲਾਂ ਸਾੜੀ ਛਾਤੀ, ਖਾਵੇ ਕਾਤੀ, ਫਿਰਾਂ ਚੁਪਾਤੀ, ਘਰ ਵਿਚ ਯਾਰ ਨਾ
ਨਿਤ ਝਿੜਕਾਂ ਦੇਂਦੀ ਮਾਈ, ਵਰਜਨ ਭਾਈ, ਬਿਰਹੋਂ ਤਾਈਂ ਪਲਕ ਕਰਾਰ ਨਾ
ਮੈਨੂੰ ਖਾਣ ਢੁਕੇ ਗਲ ਹਾਰ,ਗਈ ਭੁਲ ਕਾਰ,ਲਬਾਂ ਗ਼ਮ ਯਾਰ,ਮੇਰਾ ਗ਼ਮਖ਼ਾਰ ਨਾ।੪

ਦੋਹਰਾ

ਹਾੜ੍ਹ ਕਹੈ ਮਤ ਭੂਲਿਓ, ਸਾਵਨ ਗਹਿਓ ਵਿਯੋਗ
ਹਮ ਪੀਛੇ ਪਰਦੇਸ ਕੇ, ਨਦੀ ਨਾਮ ਸੰਜੋਗ
ਸਾਵਨ ਸਖੀਆਂ ਲੈ ਚਲੇ, ਬਨ ਠਨ ਕੇ ਸ਼ਿੰਗਾਰ
ਮੁਝ ਤਨ ਢਾਂਢੀ ਹੇ ਸਖੀ ! ਬਿਛੜੇ ਬਾਲਮ ਯਾਰ।

ਚੜ੍ਹਦੇ ਰੰਗ ਰੰਗੀਲੇ ਸਾਵਨ, ਸਈਆਂ ਜਾਵਨ, ਸੀਸ ਗੁੰਦਾਵਨ ਸੋਹਣੇ ਵੇਸ ਕਰ
ਮੈਂ ਹੋ ਖਲੀ ਗ਼ਮਨਾਕ, ਹੋਇਆ ਦਿਲ ਚਾਕ, ਮਲੀ ਤਨ ਖਾਕ, ਖੁਲ੍ਹੇ ਗਲ ਕੇਸ ਕਰ
ਫੇਰ ਰਲੀ ਫਕੀਰਾਂ ਸੰਗ, ਗਵਾਇਆ ਅੰਗ, ਹੋਈ ਬੇਰੰਗ ਫ਼ਕੀਰੀ ਭੇਸ ਕਰ
ਕਰ ਫਜ਼ਲ ਪੀਆ ਛਡ ਦੂਰ, ਕਰੀਂ ਮੰਜ਼ੂਰ, ਹੋਈ ਰੰਜੂਰ ਨਾ ਦਿਲ ਪਰਦੇਸ ਕਰ।
ਸਈਆਂ ਬਾਗ ਬਗੀਚੇ ਜਾਵਨ, ਮਲ ਮਲ ਨ੍ਹਾਵਨ, ਅਤਰ ਲਗਾਵਨ,
ਖ਼ਾਤਰ ਯਾਰ ਦੀ।



Sri Satguru Jagjit Singh Ji eLibrary NamdhariElibrary@gmail.com

ਫੇਰ ਜੋੜੇ ਖ਼ੂਬ ਮੰਗਾਵਨ, ਅੰਗ ਲਗਾਵਨ, ਨੈਣ ਬਣਾਵਣ ਬਰਛੀ ਸਾਰ ਦੀ
ਉਚੇ ਬੇਲੇ ਪੀਂਘਾਂ ਪਾਵਨ, ਝੂਟ ਵਿਖਾਵਨ, ਰਲਕੇ ਗਾਵਨ ਕਤਲ ਹਜ਼ਾਰ ਦੀ
ਕਰ ਫਜ਼ਲ ਪੀਆ ਧਰ ਚਿਤ,ਸਈਆਂ ਮਠ ਜਿਤ,ਉਡੀਕਾਂ ਨਿਤ,ਮੈਂ ਆਹੀਂ ਮਾਰਦੀ।੫

ਦੋਹਰਾ

ਸਾਵਨ ਕਹਿਓ ਬਾਵਰੇ, ਹਮਰਾ ਕਹਿਆ ਮਾਨ
ਭਾਦ੍ਰੋਂ ਸਿਉਂ ਕਰ ਬੇਨਤੀ, ਪੀਆ ਮਿਲਾਵੇ ਆਨ ।
ਭਾਦੋਂ ਕਾਰੀ ਘਟਨ ਯਹ, ਵਸਦੇ ਰੋਵੈਂ ਨੈਣ
ਪਾਂਧੇ ਪੂਛਤ ਦਿਨ ਗਏ, ਤੜਫਤ ਸਗਲੀ ਰੈਣ ।

ਚੜ੍ਹਦੇ ਭਾਦ੍ਰੋਂ ਪਏ ਭਾਰ, ਨਹੀਂ ਘਰ ਬਾਰ, ਮੈਂ ਰੋਵਾਂ ਜ਼ਾਰ, ਪੁਕਾਰ ਹਬੀਬ ਨੂੰ
ਕੋਈ ਦੌੜ ਕੇ ਨਾਹੀ ਜਾਵੇ, ਸੱਦ ਲਿਆਵੇ, ਨਬਜ਼ ਵਿਖਾਵੇ ਯਾਰ ਤਬੀਬ ਨੂੰ
ਮੈਂ ਜੋਤਸ਼ੀ ਨਿਤ ਸਦਾਵਾਂ, ਫ਼ਾਲ ਕਢਾਵਾਂ, ਚਾ ਅੱਗ ਲਾਵਾਂ ਬੁਰੇ ਨਸੀਬ ਨੂੰ
ਕਰ ਫ਼ਜ਼ਲ ਪੀਆ ਘਰ ਵਸ, ਨਾ ਮੈਥੋਂ ਨੱਸ, ਦਿਲਾਂ ਦੀ ਦਸ ਫ਼ਕੀਰ ਗ਼ਰੀਬ ਨੂੰ ।
ਮੇਰੀ ਕਾਰ ਨਹੀਂ ਬਿਨ ਰੋਣ, ਗਿਆ ਟੁਰ ਸੌਣ, ਗਏ ਗ਼ਮ ਕੌਣ,ਮੇਰੀ ਇਸ ਜਾਨ ਦੇ
ਨਿਤ ਬਿਰਹੋਂ ਭਾ ਬਨਾਵੇ, ਘੁਲ ਮਿਲ ਆਵੇ, ਨੀਰ ਵਸਾਵੇ, ਜ਼ੁਲਮ ਤੂਫ਼ਾਨ ਦੇ
ਮੈਨੂੰ ਤਾਹਨੇ ਦੇਣ ਹਜ਼ਾਰ, ਹੋਈ ਲਾਚਾਰ, ਉਠਾਵੇ ਭਾਰ, ਫ਼ਿਰਾਕ ਜਹਾਨ ਦੇ
ਕਰ ਫਜ਼ਲ ਪੀਆ ਹੁਣ ਸਾਈਂ, ਮੁਖ ਵਿਖਾਈਂ, ਕਰਮ ਕਮਾਈਂ ਨੂਰ ਜਹਾਨ ਦੇ ।੬

ਦੋਹਰਾ

ਭਾਦ੍ਰੋਂ ਕਹਿਅਉ ਹਮ ਚਲੇ, ਬਸਿਓ ਬੇਬਿਸਵਾਸ
ਪ੍ਰੇਮ ਕਹਾਨੀ ਪੀਆ ਕੀ, ਕਰ ਅਸੂਜ ਦੇ ਪਾਸ ।
ਅਸੂਜ ਰੂਠੇ ਮੈਂ ਪੀਆ, ਫਿਰਉਂ ਪੂਛਤੀ ਦੇਸ
ਭਗਵੇਂ ਕੀਤੇ ਕਪੜੇ, ਕਰ ਜੋਗਨ ਕਾ ਵੇਸ ।

ਚੜ੍ਹਦੇ ਅਸੂਜ ਹੋਏ ਉਦਾਸ, ਨਾ ਦਿਲਬਰ ਪਾਸ, ਅੱਲ੍ਹਾ ਦੀ ਆਸ ਮਿਲਾਂਗੀ ਭਾਲਕੇ
ਮੈਂ ਦਰਦ ਕੀਤੀ ਪਾਮਾਲ, ਜ਼ਿਮੀਂ ਤੇ ਡਾਲ, ਦਿਤਾ ਤਨ ਜਾਲ, ਭੁਬੂਕਾ ਬਾਲ ਕੇ
ਨਿਤ ਗ਼ਮ ਤੇਰੇ ਦੇ ਨਾਲ, ਖੁਲ੍ਹੇ ਤਨ ਵਾਲ, ਫਿਰਾਂ ਬੇਹਾਲ, ਮੈਂ ਨੀਰ ਉਛਾਲ ਕੇ
ਕਰ ਫਜ਼ਲ ਪੀਆ ਛਡ ਮਾਨ, ਹੋਈ ਹੈਰਾਨ, ਕੀਤੀ ਬੇਜਾਨ, ਗ਼ਮਾਂ ਨੇ ਗਾਲ ਕੇ ।
ਮੈਂ ਤਾਂ ਲਖ ਤਾਵੀਜ਼ ਲਿਖਾਵਾਂ, ਲੈ ਘਰ ਆਵਾਂ, ਪੀਰ ਮਨਾਵਾਂ ਦਿਲਬਰ ਵਾਸਤੇ
ਰਾਤ ਦਰਦ ਹੱਡਾਂ ਨੂੰ ਖਾਵਨ, ਹਾਲ ਵੰਞਾਵਨ, ਪਲਕ ਨਾ ਜਾਵਨ, ਸਹੋਂ ਮਨਾਸ ਤੇ
ਮੈਂ ਖੁਲ੍ਹੇ ਕੇਸ ਕਰਾਵਾਂ, ਨੱਥ ਲਿਆਵਾਂ ਤੇ ਮੈਂ ਪਾਵਾਂ ਕਿਸ ਧਰਵਾਸ ਤੇ
ਕਰ ਫ਼ਜ਼ਲ ਪੀਆ ਹੁਣ ਮਰਦੀ,ਦੁਖ ਨਾ ਜਰਦੀ,ਯਾਰ ਬੇਦਰਦੀ ਹੋਇਓਂ ਕਾਸ ਤੇ?੭।

ਦੋਹਰਾ

ਅਸੂਜ ਕਹਿਓ ਰੀ ਸਖੀ, ਅਪਣਾ ਆਪ ਸੰਭਾਲ
ਹਮਰਾ ਦੋਸ਼ ਬੇਦੋਸ਼ ਹੈ, ਪੈ ਕਾਤਕ ਰੰਗ ਭਾਲ ।



Sri Satguru Jagjit Singh Ji eLibrary NamdhariElibrary@gmail.com

ਕਾਤਕ ਸਖੀਓ ! ਪੀ ਗਿਆ, ਬਨ ਜੋਗਿਨ ਕੇ ਪਾਸ
ਪੀਆ ਜੀਆ ਕੋ ਲੇ ਗਏ, ਕਿਆ ਜੀਨੇ ਕੀ ਆਸ ।

ਚੜ੍ਹਦੇ ਕੱਤਕ ਮੂਲ ਨਾ ਕੱਤਾਂ, ਪੁਛਦੀ ਵੱਤਾਂ, ਹਾੜ੍ਹੇ ਘੱਤਾਂ, ਦਰ ਦਰ ਜਾਇ ਕੇ
ਕੋਈ ਪਾਸ ਪੀਆ ਦੇ ਜਾਵੇ, ਹਾਲ ਸੁਣਾਵੇ, ਯਾਰ ਉਠਾਵੇ, ਮੈਨੂੰ ਆਇ ਕੇ
ਮੈਂ ਦਰਦ ਫਰਾਕ ਸਤਾਈ, ਮਾਰ ਗਵਾਈ, ਖ਼ਾਕ ਰਲਾਈ, ਘੇਰਾ ਪਾਇ ਕੇ
ਕਰ ਫ਼ਜ਼ਲ ਪੀਆ ਦੇ ਦਾਦ, ਕਰਾਂ ਫ਼ਰਿਆਦ, ਹੋਈ ਬਰਬਾਦ ਤੇਰਾ ਗ਼ਮ ਖਾਇ ਕੇ ।
ਮੈਨੂੰ ਲਗੀ ਬਿਰਹੋਂ ਕਾਨੀ, ਜਿੱਗਰ ਸਮਾਣੀ, ਘੋਲ ਘੁਮਾਣੀ, ਤੇਰੇ ਨਾਮ ਥੀਂ
ਹੁਣ ਆ ਕੇ ਇਕ ਵਾਰੀ, ਵੇਖ ਅਜ਼ਾਰੀ, ਗਈ ਵਿਚਾਰੀ, ਚੈਨ ਆਰਾਮ ਥੀਂ
ਮੈਥੋਂ ਲੱਦ ਗਏ ਵਣਜਾਰੇ, ਯਾਰ ਪਿਆਰੇ, ਠਗਣੇਹਾਰੇ ਐਸ਼ ਤਮਾਮ ਥੀਂ
ਕਰ ਫਜ਼ਲ ਪੀਆ ਪਉਂ ਰਾਹੀਂ,ਮਾਰਾਂ ਆਹੀਂ, ਸੰਝ ਸੁਬਾਹੀਂ ਹੋਵਨ ਸ਼ਾਮ ਥੀਂ ।੮।

ਦੋਹਰਾ

ਕਾਤਕ ਕਹੇ ਅਚਿੰਤ ਹੋ, ਮੱਘਰ ਪੀਰ ਮਨਾਇ
ਐਸੀ ਕਠਨ ਪ੍ਰੀਤ ਕਾ, ਸਭੀ ਤਾਪ ਘਟ ਜਾਇ ।
ਮੱਘਰ ਕਠਨ ਪ੍ਰੀਤ ਕੋ, ਮੈਂ ਚਾਹੂੰ ਆਰਾਮ
ਸ਼ਾਮ ਬੈਰਾਗਨ ਹੋ ਰਹੀ, ਬਾਝੁ ਸ਼ਾਮ ਦੇ ਸ਼ਾਮ ।

ਚੜ੍ਹਦੇ ਮਘਰ ਹੋਈ ਨਿਰਾਸ, ਟੁਟ ਗਈ ਆਸ, ਪ੍ਰੇਤਾ ਮਾਸ ਗ਼ਮਾਂ ਦੇ ਤੀਰ ਨੇ
ਮੇਰੀ ਮੌਲ ਨਾ ਸਕਦੀ ਆਸ, ਪਾਵਾਂ ਸਿਰ ਭੱਸ,ਨਹੀਂ ਕੁਝ ਵੱਸ, ਪੱਟੀ ਤਕਦੀਰ ਨੇ ।
ਹੁਣ ਵੇਖ ਮੈਨੂੰ ਘਰ ਆ, ਗਿਆ ਗ਼ਮ ਖਾ,ਕੀਤੇ ਦਰਿਆ ਅੱਖੀਂ ਦੇ ਨੀਰ ਨੇ
ਕਰ ਫਜ਼ਲ ਪੀਆ ਆ ਕੋਲ, ਉਡੀਕਾਂ ਢੋਲ, ਦੱਸਾਂ ਮੈਂ ਖੋਲ੍ਹ ਦੁਖਾਂ ਦੇ ਕੀਰਨੇ
ਮੈਨੂੰ ਚੈਨ ਨਹੀਂ ਦਿਲ ਭੋਰਾ, ਪਿਆ ਵਿਛੋੜਾ, ਕਰ ਕੇ ਜ਼ੋਰਾ ਵਜ ਕਹਾਰ ਦੀ
ਨਿਤ ਦਰਦ ਦਿਲਾਂ ਨੂੰ ਖਾਵੇ, ਨੀਂਦ ਨਾ ਆਵੇ, ਛੇਜ ਡਰਾਵੇ, ਮਹਿਰਮ ਯਾਰ ਦੀ
ਨਿਤ ਰੋ ਰੋ ਦਿਆਂ ਦੁਹਾਈ, ਸੁਣੇ ਨਾ ਕਾਈ, ਰੱਬ ਬਣਾਈ ਕਾਗ ਉਡਾਰਦੀ
ਕਰ ਫਜ਼ਲ ਪੀਆ ਦਰਮਾਂਦੀ,ਫਿਰਾਂ ਤੁਲਾਂਦੀ,ਝਿੜਕਾਂ ਖਾਂਦੀ ਮਾਰੀ ਪਿਆਰ ਦੀ ।੯।

ਦੋਹਰਾ

ਮੱਘਰ ਕਹਿਓ ਸੁਣ ਸਖੀ, ਪੋਸ ਮਿਲਾਵਤ ਮੀਤ
ਰੈਨ ਬਸੇਰਾ ਕਰ ਚਲੀ, ਹਮ ਜੋਗੀ ਕੀ ਰੀਤ ।
ਪੋਸ ਪੀਆ ਤੇ ਘਰ ਨਹੀਂ, ਬਰਸਤ ਨੈਨ ਨਾ ਚੈਨ
ਕੈਸੇ ਜਾੜੇ ਪ੍ਰੇਮ ਕੇ, ਕਾਂਪਤ ਕਟੈ ਨ ਰੈਨ ।

ਚੜ੍ਹਦੇ ਪੋਹ ਦਰਿੰਦੇ ਸਿਆਲੇ, ਪਉਂਦੇ ਪਾਲੇ, ਸਿਰ ਤੇ ਜਾਲੇ ਮੈਂ ਦੁਖਿਆਰ ਨੇ
ਨਿਤ ਸੂਲੀਂ ਗੁਜ਼ਰੇ ਰਾਤ, ਹੋਏ ਪਰਭਾਤ, ਮੈਂ ਕੀਤੀ ਮਾਤ, ਦੁਖਾਂ ਦੇ ਭਾਰ ਨੇ
ਤੂੰ ਆਣ ਵਿਖਾਈਂ ਮੁਖ, ਦਿਵਾਈਂ ਸੁਖ, ਵੰਜਾਈਂ ਦੁਖ, ਮੈਂ ਸਦਕੇ ਵਾਰਨੇ
ਕਰ ਫਜ਼ਲ ਪੀਆ ਦੇ ਜਾਮ, ਆਵੇ ਆਰਾਮ, ਕੀਤੀ ਕਤਲਾਮ ਤੇਰੀ ਤਲਵਾਰ ਨੇ



Sri Satguru Jagjit Singh Ji eLibrary NamdhariElibrary@gmail.com

ਨਿਤ ਬੋਲ ਸਈਆਂ ਦੇ ਸਹਿੰਦੀ, ਫਿਰਾਂ ਡੋਲੇਂਦੀ ਮੂਲ ਨਾ ਬਹਿੰਦੀ ਵਿਚ ਭੰਡਾਰ ਦੇ
ਮੈਂ ਦਰਦ ਤੇਰੇ ਹੁਣ ਮਰਸਾਂ, ਦਾਅਵਾ ਕਰਸਾਂ........ਰੋਜ਼ ਸ਼ੁਮਾਰ ਦੇ
ਤੂੰ ਕਿਸ ਦੁਸ਼ਮਨ ਭਰਮਾਇਉਂ,ਲੱਦ ਸਿਧਾਇਉਂ,ਫੇਰ ਨਾ ਆਇਉਂਨਾਲ ਪਿਆਰਦੇ
ਕਰ ਫਜ਼ਲ ਪੀਆ ਹੁਣ ਜਾਨੀ,ਮਾਣ ਜੁਆਨੀ,ਯਾਰ ਗੁਮਾਨੀ ਖ਼ੁਦ ਹੰਕਾਰ ਦੇ।੧੦

ਦੋਹਰਾ

ਪੋਸ ਦੋਸ਼ ਮਤ ਦੀਜੀਉ, ਸੁਣ ਰੀ ਸਖੀ ਨਾਦਾਨ
ਜਾਹ ਮਾਘ ਸੇ ਮਾਂਗ ਲੇ, ਭੀਖ ਪੀਆ ਕਾ ਦਾਨ।
ਮਾਘ ਮਹੀਨੇ ਰੀ ਸਖੀ, ਤਨ ਮੇਂ ਰਹੇ ਨਾ ਮਾਨ
ਜਾਨ ਲੀਆ ਮੈਂ ਬਾਵਰੀ, ਤੈਂ ਬਿਨ ਰਹੈ ਨਾ ਜਾਨ।

ਚੜ੍ਹਦੇ ਮਾਘ ਮਹੀਨੇ ਸਰਦੀ, ਮੈਂ ਹੁਣ ਮਰਦੀ, ਮੂੰਹ ਤੇ ਜ਼ਰਦੀ ਮੈਨੂੰ ਆ ਗਈ
ਨਿਤ ਅੱਖੀਂ ਚਲੇ ਨੀਰ, ਲਗੇ ਤਨ ਤੀਰ, ਗ਼ਮਾਂ ਦੀ ਪੀੜ ਕਲੇਜੇ ਧਾ ਗਈ
ਮੈਂ ਰੋ ਰੋ ਕਰਾਂ ਪੁਕਾਰ,ਮੁਇਆਂ ਨੂੰ ਨਾ ਮਾਰ,ਗਇਓਂ ਟੁਰ ਯਾਰ ਜੁਦਾਈ ਖਾ ਗਈ
ਕਰ ਫਜ਼ਲ ਪੀਆ ਲਾ ਅੰਗ, ਨਾ ਮੈਥੋਂ ਸੰਗ,ਹੋਈ ਮੈਂ ਤੰਗ ਗੁਲਾਮ ਵਿਹਾ ਗਈ।
ਮੇਰਾ ਬਾਗ਼ ਸੁਕਾ ਬਿਨ ਮਾਲੀ,ਟੁਰ ਗਏ ਵਾਲੀ,ਰਹੀ ਨਾ ਲਾਲੀ ਗੁਲ ਗੁਲਜ਼ਾਰ ਦੀ
ਨਿਤ ਵੇਖਾਂ ਲੋੜ ਨਿਹਾਲੀ, ਯਾਰ ਉਚਾਲੀ, ਕਰ ਗਏ ਖਾਲੀ ਔਗੁਣਹਾਰ ਦੀ
ਇਸ ਬਿਰਹੋਂ ਪਾ ਕੁਠਾਲੀ, ਦਰਦਾਂ ਵਾਲੀ, ਮੁੜ ਮੁੜ ਗਾਲੀ, ਜਾਨ ਬੀਮਾਰ ਦੀ
ਕਰ ਫਜ਼ਲ ਪੀਆ ਛਡ ਰੰਧ,ਮੇਰੇ ਦਿਲ ਬੰਦ,ਘੱਤਾਂ ਸੌਗੰਦ ਮਿਲਾਵਨਹਾਰ ਦੀ।੧੧

ਦੋਹਰਾ

ਮਾਘ ਕਹੈ ਸੁਣ ਬਾਵਰੇ ਪ੍ਰੀਤ ਪੜੀ ਮਤ ਰੋਇ
ਫਾਗਨ ਸੇ ਹੱਥ ਜੋੜੀਉ,ਪੀਆ ਮਿਲਾਵੇ ਸੋਇ।
ਫ਼ਾਗਨ ਚੜ੍ਹਿਓ ਭਾਗ ਸੇ, ਮੈਂ ਘਰ ਆਇਓ ਪੀ
ਆਜ ਸੁਹਾਗਣਿ ਮੈਂ ਬਣੀ, ਜੁ ਮਿਲੇ ਜੀਉ ਤੇ ਜੀ।

ਚੜ੍ਹਦੇ ਫਾਗਨ ਰੁਤ ਬਹਾਰ, ਖਿਲੀ ਗੁਲਜ਼ਾਰ, ਫਲੀ ਫੁਲਵਾਰ,ਤੇ ਵਗਨ ਹਵਾਈਆਂ
ਅਚਨਚੇਤ ਅੱਖੀਂ ਖੁਲ੍ਹ ਗਈਆਂ,ਦੱਸਾਂ ਪਈਆਂ,ਰਲ ਮਿਲ ਸਈਆਂ ਦੇਣ ਵਧਾਈਆਂ
ਮੈਥੋਂ ਟੁਰ ਗਏ ਦੁਖ ਤਮਾਮ, ਪਾਇਆ ਆਰਾਮ,ਆਇਆ ਘਰ ਸ਼ਾਮ
ਮੈਂ ਲਵਾਂ ਬਲਾਈਆਂ
ਕਰ ਫਜ਼ਲ ਪੀਆ ਗਲ ਲੱਗ, ਬੁਝਾਈਂ ਅੱਗ, ਵਸਾਈਂ ਜੱਗ ਘਰਾਂ ਦੇ ਸਾਈਆਂ!
ਸਈਆਂ ਮਲ ਮਲ ਖੂਬ ਨ੍ਹਾਵਣ, ਜੋੜਾ ਲਾਵਣ, ਸੇਜ ਬਨਾਵਣ, ਹਾਰ ਸ਼ਿੰਗਾਰ ਨੂੰ
ਮੇਰਾ ਘਰ ਤੇ ਬਾਹਰ ਸੁਹਾਇਆ,ਦਿਲਬਰ ਆਇਆ,ਪਕੜ ਉਠਾਇਆ ਮੈਂ ਬੀਮਾਰਨੂੰ
ਮੈਨੂੰ ਦੇਣ ਮੁਬਾਰਕਬਾਦ, ਹੋਇਆ ਦਿਲ ਸ਼ਾਦ,ਦਿਤੀ ਰੱਬ ਦਾਦ, ਮਿਲੇ ਦਿਲਦਾਰ ਨੂੰ
ਕਰ ਫਜ਼ਲ ਪੀਆ ਸਾਰੇ ਭਾਵੇ, ਦੁਖ ਵੰਜਾਵੇ, ਯਾਰ ਮਿਲਾਵੇ ਕੁੱਲ ਸੰਸਾਰ ਨੂੰ।੧੨।



Sri Satguru Jagjit Singh Ji eLibrary NamdhariElibrary@gmail.com

## ੩੬. ਬਾਰਾਂਮਾਹ ਸ਼ਾਹ ਹਦਾਇਤ

ਚੜ੍ਹਦੇ ਚੇਤ ਨਹੀਂ ਘਰ ਜਾਨੀ, ਰੋ ਰੋ ਧਾਹੀਂ ਮਾਰਾਂ ਮੈਂ
ਫਲਿਆ ਬਾਗ਼ ਪੱਕੇ ਸਭ ਮੇਵੇ, ਕਿਸ ਦੀ ਨਜ਼ਰ ਗੁਜ਼ਾਰਾਂ ਮੈਂ
ਝੁਕ ਰਹੀ ਡਾਲ ਨਹੀਂ ਵਿਚ ਮਾਲੀ, ਬੁਲਬੁਲ ਵਾਂਗ ਪੁਕਾਰਾਂ ਮੈਂ
ਜੇਕਰ ਯਾਰ ਹਦਾਇਤ ਆਵੇ, ਅੰਬ ਅਨਾਰ ਉਤਾਰਾਂ ਮੈਂ ।੧।

ਚੜ੍ਹੇ ਵਿਸਾਖ ਵਿਸਾਖੀ ਹੋਈ, ਘਰੀਂ ਸੁਦਾਗਰ ਆਏ ਨੀਂ
ਨਾਹੀਂ ਖਬਰ ਅਸਾੜੇ ਜਾਨੀ, ਕਿਉਂ ਇਤਨੇ ਦਿਨ ਲਾਏ ਨੀਂ
ਖੁਲ੍ਹੇ ਕੇਸ ਗਲੇ ਵਿਚ ਮੇਰੇ, ਸਹੀਆਂ ਸੀਸ ਗੁੰਦਾਏ ਨੀਂ
ਕੌਣ ਹਦਾਇਤ ਖਬਰ ਲਿਆਵੇ, ਕਿਹੜਾ ਕਾਸਦ ਜਾਏ ਨੀਂ ।੨।

ਚੜ੍ਹਿਆ ਜੇਠ ਵਗਣ ਹੁਣ ਲੋਆਂ, ਰੁਤ ਗਰਮੀ ਦੀ ਆਈ ਹੈ
ਜ਼ਾਲਮ ਬ੍ਰਿਹੋਂ ਫੂਕ ਅਲੰਬਾ, ਆਤਸ਼ ਤੇਜ਼ ਮਚਾਈ ਹੈ
ਏਸ ਵਿਛੋੜੇ ਵਾਂਗ ਸ਼ਮਾਂ ਦੇ, ਮੇਰੀ ਜਾਨ ਜਲਾਈ ਹੈ
ਅਜੇ ਹਦਾਇਤ ਯਾਰ ਨਾ ਆਇਆ, ਜਾਨ ਲਬਾਂ ਪਰ ਆਈ ਹੈ।੩।

ਚੜ੍ਹਿਆ ਹਾੜ ਕਰਾਂ ਮੈਂ ਹਾੜੇ, ਪੀਆ ਬਾਝ ਇਕੱਲੀ ਜੇ
ਮੁਦਤ ਹੋਈ ਪੰਧ ਉਡੀਕਾਂ, ਸੁਹਣੇ, ਖ਼ਬਰ ਨਾ ਘੱਲੀ ਜੇ
ਵਾਂਗ ਜ਼ੁਲੈਖਾਂ ਯੂਸਫ ਪਿੱਛੇ, ਮੈਂ ਹੁਣ ਹੋਈ ਝੱਲੀ ਜੇ
ਲਗੇ ਇਸ਼ਕ ਹਦਾਇਤ ਉਸ ਨੂੰ, ਕਿਸਮਤ ਜਿਦ੍ਹੀ ਅਵੱਲੀ ਜੇ ।੪।

ਚੜ੍ਹਿਆ ਸਾਵਣ ਮੀਂਹ ਬਰਸਾਵਣ, ਸਹੀਆਂ ਪੀਂਘਾਂ ਪਾਈਆਂ ਨੀਂ
ਕਾਲੀ ਘਟਾ ਸਿਰ ਉੱਪਰ ਜ਼ਾਲਮ, ਕਰਦਾ ਇਸ਼ਕ ਚੜ੍ਹਾਈਆਂ ਨੀਂ
ਬਿਜਲੀ ਕੜਕੇ ਬਿਰਹੋਂ ਵਾਲੀ, ਨੈਣਾਂ ਝੜੀਆਂ ਲਾਈਆਂ ਨੀਂ
ਸੌਖਾ ਇਸ਼ਕ ਹਦਾਇਤ ਦਿੱਸੇ, ਲੱਗੀਆਂ ਸਖਤ ਜੁਦਾਈਆਂ ਨੀਂ ।੫।

ਭਾਦੋਂ ਭਾਹ ਇਸ਼ਕ ਨੇ ਫੂਕੀ, ਖ਼ੂਨ ਬਦਨ ਦਾ ਸੜਿਆ ਜੇ
ਦੱਸ ਪੀਆ ਦੀ ਕਿਤੇ ਨਾ ਪੈਂਦੀ, ਛੇਵਾਂ ਮਹੀਨਾ ਚੜ੍ਹਿਆ ਜੇ
ਮੈਂ ਬੇ-ਕਿਸਮਤ ਰੋਂਦੀ ਫਿਰਦੀ, ਨਾਗ ਇਸ਼ਕ ਦਾ ਲੜਿਆ ਜੇ
ਕਿਹੜੇ ਦੇਸ ਹਦਾਇਤ ਜਾਨੀ, ਕਿਸਮਤ ਮੇਰੀ ਖੜਿਆ ਜੇ ।੬।



Sri Satguru Jagjit Singh Ji eLibrary NamdhariElibrary@gmail.com

ਅੱਸੂ ਅੱਤ ਸਤਾਇਆ ਮੈਨੂੰ, ਤਰਫ ਜੰਗਲ ਉਠ ਵੈਨੀ ਹਾਂ
ਜ਼ਾਲਮ ਬ੍ਰਿਹੋਂ ਪੈਣ ਨਾ ਦੇਂਦਾ, ਜੇ ਮੈਂ ਲੰਮੀ ਪੈਨੀ ਹਾਂ
ਕਰ ਕੇ ਯਾਦ ਪੀਆ ਨੂੰ ਰੋਵਾਂ, ਕੱਲੀ ਹੋ ਹੋ ਬਹਿਨੀ ਹਾਂ
ਜਾਨੀ ਬਾਝ ਹਦਾਇਤ ਤੇਰੇ, ਗਿਣਤੀ ਗਿਣਦੀ ਰਹਿਨੀ ਹਾਂ ।੭।

ਚੜ੍ਹਿਆ ਕੱਤਕ ਕੰਤ ਨ ਆਇਆ, ਮੈਂ ਹੁਣ ਢੂੰਡਣ ਜਾਵਾਂਗੀ
ਦੇਸ਼ ਬਿਦੇਸ਼ ਫਿਰਾਂਗੀ ਭੌਂਦੀ, ਜੋਗਨ ਭੇਸ ਬਣਾਵਾਂਗੀ
ਗੇਰੀ ਨਾਲ ਰੰਗਾਂ ਕਰ ਕਪੜੇ, ਕੰਨੀ ਮੁੰਦਰਾਂ ਪਾਵਾਂਗੀ
ਸੱਸੀ ਵਾਂਗ ਹਦਾਇਤ ਮੈਂ ਭੀ, ਥਲ ਵਿਚ ਜਾਨ ਗਵਾਵਾਂਗੀ ।੮।

ਮੱਘਰ ਮਾਰ ਮੁਕਾਇਆ ਮੈਨੂੰ, ਹੱਡ ਵਿਛੋੜੇ ਗਾਲੇ ਨੀ
ਸਾਡੀ ਵੱਲੋਂ ਕਿਉਂ ਚਿੱਤ ਚਾਇਆ, ਉਸ ਪੀਆ ਮਤਵਾਲੇ ਨੀ
ਅੱਗੇ ਰਾਤ ਹਿਜਰ ਦੀ ਲੰਮੀ, ਉਤੋਂ ਪੈ ਗਏ ਪਾਲੇ ਨੀ
ਜਾਨੀ ਕੋਲ ਹਦਾਇਤ ਨਾਹੀਂ, ਲਾਵਾਂ ਅੱਗ ਸਿਆਲੇ ਨੀ ।੯।

ਚੜ੍ਹਿਆ ਪੋਹ ਪਈਆਂ ਨੀ ਬਰਫਾਂ, ਕਾਈ ਸਾਰ ਨਾ ਵਾਲੀ ਨੂੰ
ਮੁੜ ਕੇ ਵਾਤ ਨਾ ਪੁੱਛੀ ਉਸ ਨੇ, ਛੱਡ ਕੇ ਗਿਆ ਬਿਹਾਲੀ ਨੂੰ
ਭਾਂਬੜ ਬਲਣ ਜਦੋਂ ਮੈਂ ਵੇਖਾਂ, ਉਸ ਦੀ ਪਲੰਘ ਨਿਹਾਲੀ ਨੂੰ
ਲਾ ਗਲ ਨਾਲ ਹਦਾਇਤ ਰੋਵਾਂ, ਲੇਫ ਸਿਰਹਾਣੇ ਖਾਲੀ ਨੂੰ ।੧੦।

ਮਾਘ ਮਹੀਨੇ ਮਾਹੀ ਬਾਝੋਂ, ਜੋ ਕੁਝ ਮੈਂ ਸੰਗ ਬੀਤੀ ਜੇ
ਸ਼ਾਲਾ ! ਦੁਸ਼ਮਨ ਨਾਲ ਨ ਹੋਵੇ, ਜੇਹੀ ਵਿਛੋੜੇ ਕੀਤੀ ਜੇ
ਕੋਹਲੂ ਵਾਂਗੂੰ ਜਾਨ ਤੱਤੀ ਦੀ, ਪੀੜ ਇਸ਼ਕ ਨੇ ਲੀਤੀ ਜੇ
ਵਸਲ ਉਨ੍ਹਾਂ ਤ੍ਰਿਆਕ ਹਦਾਇਤ, ਜ਼ਹਿਰ ਇਸ਼ਕ ਜਿਨ ਪੀਤੀ ਜੇ।੧੧

ਚੜ੍ਹਿਆ ਫਾਗਨ ਕੰਧੇ ਲਾਗਨ, ਉਮਰ ਰਹੀ ਦਿਨ ਥੋੜ੍ਹੇ ਨੀ
ਨਾਲ ਪੀਆ ਦੇ ਖੇਡਾਂ ਹੋਲੀ, ਇਹ ਮੇਰਾ ਦਿਲ ਲੋੜੇ ਨੀ
ਐਸਾ ਕੌਣ ਕੱਢਾਂ ਮੈਂ ਦਰਦੀ, ਜਾ ਉਸਨੂੰ ਹੱਥ ਜੋੜੇ ਨੀ
ਤਾਂਹੀ ਸੁਹਾਗਣ ਬਣਾਂ ਹਦਾਇਤ, ਜੇ ਸ਼ਹੁ ਵਾਗਾਂ ਮੋੜੇ ਨੀ ।੧੨।

ਪੀਆ ਗਿਆ ਮੁੜ ਭੀ ਘਰ ਆਇਆ, ਹਾਰ ਸ਼ਿੰਗਾਰ ਬਣਾਇਆ ਮੈਂ
ਕਰਾਂ ਤਿਆਰੀ ਸੇਜ ਚੜ੍ਹਨ ਦੀ, ਰੋ ਰੋ ਸਾਲ ਗੰਵਾਇਆ ਮੈਂ
ਸੱਜਣ ਆਣ ਵੜੇ ਘਰ ਮੇਰੇ, ਰੱਤਾ ਪਲੰਘ ਵਿਛਾਇਆ ਮੈਂ
ਜਾਗੇ ਬਖਤ ਹਦਾਇਤ ਮੇਰੇ, ਢੋਲਣ ਨੂੰ ਗਲ ਲਾਇਆ ਮੈਂ ।੧੩।



Sri Satguru Jagjit Singh Ji eLibrary NamdhariElibrary@gmail.com

## ੩੭. ਬਾਰਾਂਮਾਹ ਹੀਰ ਦਾ (ਭਗਵਾਨ ਸਿੰਘ)

ਚੇਤ ਦੇ ਮਹੀਨੇ ਸਾਥੋਂ ਲੱਦ ਲਏ ਨਗੀਨੇ ਯਾਰ,
ਕਦੋਂ ਹੁਣ ਮਿਲਾਂ ਮੈਂ ਤਾਂ ਔਂਸੀਆਂ ਹਾਂ ਪਾਉਂਦੀ
ਹੋਈ ਹਾਂ ਉਦਾਸ ਬਾਝ ਚੂਚਕ ਦੇ ਚਾਕ ਪਿਛੇ,
ਚਿਤ ਮੁਰਝਾਣੀ ਤੇ ਖ਼ੁਸ਼ਹਾਲੀ ਨਹੀਂ ਭਾਉਂਦੀ
ਜਿਸ ਦੇ ਵਿਛੰਨੇ ਸੁੰਞੇ ਮੰਦਰ ਦਿਖਾਈ ਦਿੰਦੇ,
ਸੇਜ ਉਤੇ ਚੈਨ ਰੈਨ ਸਾਰੀ ਨਹੀਂ ਆਉਂਦੀ
ਰਾਂਝੇ ਬਾਝ ਹੋਰ ਨਾ ਖਿਆਲ ਭਗਵਾਨ ਸਿੰਘਾ,
ਪੀਰ ਤੇ ਫਕੀਰ ਜਿਸ ਕਾਰਨੇ ਮਨਾਉਂਦੀ ।੧।

ਚੜ੍ਹੇ ਜੋ ਬਿਸਾਖ ਆਖੇ ਕਿਸਨੂੰ ਅਹਿਵਾਲ ਦੱਸਾਂ,
ਕੌਣ ਸਾਡੇ ਦਿਲਾਂ ਦੀਆਂ ਜਾਣੇ ਬਾਝ ਰੱਬ ਦੇ
ਇਕ ਵਾਰ ਆਈ ਹਾਂ ਵਿਸਾਰ ਯਾਰ ਅਪਣੇ ਨੂੰ,
ਫਿਰ ਹੋਊ ਮੇਲਾ ਕਦੇ ਨਾਲ ਹੀ ਸਬੱਬ ਦੇ
ਪੁਛਦੀ ਗੁਆਂਢਣਾਂ ਨੂੰ ਹੀਰ ਪਰੇਸ਼ਾਨ ਹੋਈ,
ਮਾਹੀ ਸਾਨੂੰ ਮਿਲੇ ਕਿਸੇ ਨਾਲ ਹੀ ਕਰਤੱਬ ਦੇ
ਆਵੀਂ ਭਗਵਾਨ ਸਿੰਘਾ ਮੁਖੜਾ ਦਿਖਾਵੀਂ ਮੈਨੂੰ,
ਜਾਨ ਬਾਝ ਤੇਰੇ ਮੇਰੀ ਹੋਈ ਉਤੇ ਲਬ ਦੇ ।੨।

ਜੇਠ ਜ਼ੋਰ ਅਸਾਂ ਦਾ ਨਾ ਪੁਜਦਾ ਕਿਸੇ ਦੇ ਨਾਲ,
ਅਪਣੇ ਸਰੀਰ ਨਾਲ ਆਪ ਦੁਖ ਜਾਲੀਏ
ਕੋਈ ਨਾ ਵੰਡਾਏ ਪੀੜ ਬੈਠ ਕੇ ਨਿਮਾਣਿਆਂ ਦੀ,
ਬਿਨਾਂ ਦਿਲਦਾਰ ਦੁਖ ਕਿਸ ਨੂੰ ਦਿਖਾਲੀਏ
ਚਿਤ ਉਤੋਂ ਉਤਰੇ ਨਾ ਮੂਲ ਸਾਥੋਂ ਮੀਆਂ ਰਾਂਝਾ,
ਕੇਹੀ ਪਾਈ ਡੋਰੀ ਜੋ ਬਥੇਰਾ ਅਸੀਂ ਟਾਲੀਏ
ਇਕ ਵਾਰੀਂ ਮੁਖ ਜੇ ਦਿਖਾਵੇਂ ਭਗਵਾਨ ਸਿੰਘਾ,
ਕੋਈ ਰੋਜ਼ ਅਪਣੇ ਸਰੀਰ ਨੂੰ ਸੰਭਾਲੀਏ ।੩।



Sri Satguru Jagjit Singh Ji eLibrary NamdhariElibrary@gmail.com

ਹਾੜ ਹਾਲ ਦੇਖੇ ਮੇਰਾ ਕੌਣ ਆਣ ਤੱਤੜੀ ਦਾ,
ਭੁਲ ਗਈਆਂ ਚਾਵੜਾਂ ਅਸਾਂ ਥੋਂ ਅੱਜ ਸਾਰੀਆਂ
ਛੁਟ ਗਈਆਂ ਡੋਰਾਂ ਬਾਜ਼ ਉਡ ਅਸਮਾਨ ਚਲੇ,
ਖਲੀ ਮੈਂ ਉਡੀਕਾਂ ਵਾਂਗੂ ਮੀਰ ਹੀ ਸ਼ਿਕਾਰੀਆਂ
ਤੇਰੇ ਬਾਝ ਘਰ ਬਾਰ ਸਾਨੂੰ ਨਹੀਂ ਸੁਝਦਾ ਹੈ,
ਕਟਦੀ ਹਮੇਸ਼ਾਂ ਮੈਂ ਮੁਸੀਬਤਾਂ ਹੀ ਭਾਰੀਆਂ
ਆਪਣੇ ਪਿਆਰਿਆਂ ਬਗ਼ੈਰ ਭਗਵਾਨ ਸਿੰਘਾ,
ਕੌਣ ਕਰੇ ਆਨ ਸਾਡੇ ਨਾਲ ਦਿਲਦਾਰੀਆਂ ।੪।

ਸਾਵਣ ਸਹੇਲੀਆਂ ਦੇ ਨਾਲ ਤੀਆਂ ਖੇਡਦੀ ਸੀ,
ਲੈਂਦੀ ਸੀ ਹੁਲਾਰੇ ਪੀਂਘ ਨਾਲ ਅਸਮਾਨ ਦੇ
ਹੱਥੀਂ ਮਹਿੰਦੀ ਰੰਗਲੀ ਲਗਾਈ ਆਣ ਰਾਂਝਣੇ ਨੇ,
ਦੋਵੇਂ ਵਿੱਚ ਬਾਗ ਦੇ ਹਮੇਸ਼ ਮੌਜਾਂ ਮਾਣਦੇ
ਝੂਟਨ ਸਹੇਲੀਆਂ ਅਨੇਕ ਤੌਰ ਪੀਂਘ ਉਤੇ,
ਲੈਂਦੀਆਂ ਹੁਲਾਰੇ ਵਾਂਗੂੰ ਹੁੰਦੀਆਂ ਕਮਾਨ ਦੇ
ਮਾਰ ਕੇ ਲਿਆਏ ਸਾਨੂੰ ਖੇੜੇ ਭਗਵਾਨ ਸਿੰਘਾ,
ਇਹੋ ਜਹੇ ਚਾਕਰਾਂ ਨੂੰ ਅਸੀਂ ਕੀ ਸਾਂ ਜਾਣਦੇ ।੫।

ਭਾਦੋਂ ਭਾਹ ਭੜਕਦੀ ਚੁਫੇਰੇ ਮੇਰੇ ਰਾਂਝਿਆ ਵੇ !
ਆਣ ਕੇ ਬੁਝਾਵੀਂ ਪਾਵੀਂ ਪਾਣੀ ਪਵੇ ਠੰਢ ਵੇ
ਬਾਹਾਂ ਵਿੱਚ ਸਤ ਨਹੀਂ ਰੱਤ ਨ ਸਰੀਰ ਵਿਚ,
ਦੇਖ ਰੰਗ ਮੇਰਾ ਸੁਕ ਹੋਈ ਹਾਂ ਪਲੰਢ ਵੇ
ਬੁਢਿਆਂ ਦੇ ਵਾਂਗ ਮੈਂ ਡੰਗੋਰੀ ਫੜੀ ਹਥ ਵਿੱਚ,
ਝੂਲਦਾ ਸਰੀਰ ਤੇ ਜਵਾਨੀ ਗਈ ਹੰਢ ਵੇ
ਦਰਦ ਤੁਸਾਡੇ ਕੀਤਾ ਗਰਦ ਭਗਵਾਨ ਸਿੰਘਾ,
ਕਾਲਜੇ ਦੇ ਵਿੱਚ ਹੈ ਵਿਛੋੜੇ ਵਾਲੀ ਗੰਢ ਵੇ ।੬।

ਅਸੂ ਆਸ ਰਖੀ ਤੇਰੇ ਦੇਖਣੇ ਦੀਦਾਰ ਵਾਲੀ,
ਹੋਰ ਸਭ ਢਾਹ ਬੈਠੀ ਜਗ ਉਤੋਂ ਢੇਰੀਆਂ
ਜਾਇਕੇ ਸਿਆਲਾਂ ਵਿੱਚ ਸਾਨੂੰ ਤੂੰ ਵਿਸਾਰ ਬੈਠਾ,
ਸਾਥੋਂ ਤੈਨੂੰ ਹੋਰ ਕੌਣ ਮਿਲੀਆਂ ਚੰਗੇਰੀਆਂ
ਇਸ਼ਕ ਲਗਾਇਕੇ ਅਲੱਗ ਬੈਠਾ ਮੀਆਂ ਰਾਂਝਾ,
ਇਥੇ ਓਥੇ ਦੋਹੀਂ ਥਾਈਂ ਬਾਂਦੀ ਹਾਂ ਮੈਂ ਤੇਰੀਆਂ



Sri Satguru Jagjit Singh Ji eLibrary NamdhariElibrary@gmail.com

ਮੋੜ ਬੈਠੋਂ ਮੁਖ ਭਗਵਾਨ ਸਿੰਘਾ ਸਾਡੇ ਪਾਸੋਂ,
ਦਰਦ ਫਿਰਾਕ ਵਿੱਚ ਮੈਂ ਹਾਂ ਨਿਤ ਘੇਰੀਆਂ।੭।

ਕੱਤਕ ਕਮਾਲ ਦੁਖ ਤੇਰੇ ਵੇ ਵਿਛੋੜੇ ਵਾਲਾ,
ਲਗਿਆ ਅਸਾਨੂੰ ਕੌਣ ਬੰਨ੍ਹੇ ਆਣ ਧੀਰ ਵੇ
ਕਫਨੀ ਬਨਾਈ ਗਲ ਪਾਈ ਵਾਂਗ ਜੋਗੀਆਂ ਦੇ,
ਤੇਰੇ ਪਿੱਛੇ ਰਾਂਝਿਆ ! ਮੈਂ ਹੋਈ ਹਾਂ ਫਕੀਰ ਵੇ
ਰਾਤ ਦਿਨ ਹੋਂਦਾ ਬਤੀਤ ਨਾਲ ਨਾਰ੍ਹਿਆਂ ਦੇ,
ਤਾਕਤ ਨ ਮਾਸਾ ਹੋਇਆ ਪਿੰਜਰ ਸਰੀਰ ਵੇ
ਦੇਈਂ ਤੂੰ ਦੀਦਾਰ ਸਾਨੂੰ ਆਨ ਭਗਵਾਨ ਸਿੰਘਾ,
ਤੇਰੇ ਮੀਆਂ ਕਾਰਣੇ ਮਨਾਵਾਂ ਪੰਜ ਪੀਰ ਵੇ।੮।

ਮੱਘਰ ਮੁਹਾਲ ਹੋਯਾ ਕੱਟਣਾ ਸਿਆਲ ਸਾਨੂੰ,
ਰੋਂਵਦੀ ਜਟੇਟੀ ਕੌਣ ਸੁਣੇ ਮੇਰੀ ਗੱਲ ਵੇ
ਕੱਤਣਾ ਤੇ ਤੁੰਬਣਾ ਵਿਸਾਰ ਬੈਠੀ ਤੇਰੇ ਪਿਛੇ,
ਇਕ ਮੀਆਂ ਰਾਂਝਣਾ ਧਿਆਨ ਤੇਰੇ ਵੱਲ ਵੇ
ਹਸਣਾ ਤੇ ਖੇਡਣਾ ਤਮਾਮ ਦੂਰ ਹੋਇਆ ਮੇਰਾ,
ਤੇਰੇ ਬਾਝ ਆਵੇ ਨ ਅਰਾਮ ਘੜੀ ਪਲ ਵੇ
ਆਸ਼ਕੀ ਦਾ ਸ਼ੇਰ ਤੂੰ ਜਗਾ ਕੇ ਭਗਵਾਨ ਸਿੰਘਾ,
ਸਾਡੇ ਵਲ ਦੇਖ ਕੇਹਾ ਹੋਇਆ ਤੂੰ ਮਚਲ ਵੇ।੯।

ਪੋਹ ਪੈਂਦੇ ਪਾਲੇ ਨੂੰ ਹਟਾਵੇ ਤੇਰੇ ਬਾਝ ਕੌਣ,
ਰਾਤਾਂ ਹੈਨ ਲੰਮੀਆਂ ਨਾ ਜਾਣ ਸਾਥੋਂ ਜਾਲੀਆਂ
ਸੇਜਬੰਦ ਤੋੜ ਅੱਗ ਲਾਉਂਦੀ ਸਿਰ੍ਹਾਣਿਆਂ ਨੂੰ,
ਦੂਰ ਕੀਤੇ ਲੇਫਾਂ ਸਣੇ ਪਲੰਘ ਤੇ ਨਿਹਾਲੀਆਂ
ਮਿਠੀਆਂ ਖਜੂਰਾਂ ਮੇਵੇ ਪਕ ਕੇ ਤਿਆਰ ਹੋਏ,
ਵਾਸਤੇ ਤੁਹਾਡੇ ਅਸਾਂ ਮਸਾਂ ਮਸਾਂ ਪਾਲ੍ਹੀਆਂ
ਸੋਈ ਆਣ ਖਾਣ ਭਗਵਾਨ ਸਿੰਘਾਂ ਮੇਵਿਆਂ ਨੂੰ,
ਜਿਨ੍ਹਾਂ ਦੀਆਂ ਜਗ਼ ਵਿਚੋਂ ਕਿਸਮਤਾਂ ਨਿਰਾਲੀਆਂ।੧੦।

ਮਾਘ ਮੌਤ ਆਵੇ ਤਾਂ ਤਕਾਦੇ ਸਭ ਚੁਕ ਜਾਂਦੇ,
ਮੁਕ ਜਾਂਦੇ ਝੇੜੇ ਜੇਹੜੇ ਮੇਰੇ ਨਾਲ ਬੀਤਦੇ
ਕਾਗਾਂ ਨੂੰ ਉਡਾਵਾਂ ਪਾਵਾਂ ਬਾਰ ਬਾਰ ਔਂਸੀਆਂ ਨੂੰ,



Sri Satguru Jagjit Singh Ji eLibrary NamdhariElibrary@gmail.com

ਇਕ ਇਕ ਦਿਨ ਸਾਨੂੰ ਜੁਗੜੇ ਬਤੀਤਦੇ
ਰਾਤ ਦਿਨ ਪੜ੍ਹਾਂ ਮੈਂ ਨਮਾਜ਼ ਤੇਰੇ ਨਾਮ ਵਾਲੀ,
ਏਠਕੇ ਅਕੇਲੀ ਵਿੱਚ ਦਾਇਰੇ ਮਸੀਤ ਦੇ
ਯਾਰ ਨੂੰ ਵਿਸਾਰ ਕੇ ਤੂੰ ਬੈਠਾ ਭਗਵਾਨ ਸਿੰਘਾ,
ਆਫਰੀਂ ਵੇ ਰਾਂਝਿਆ! ਨਿਬਾਹੁਣੀ ਪ੍ਰੀਤ ਦੇ ।੧੧।

ਫੱਗਣ ਫੁਹਾਰੇ ਪਿਚਕਾਰੀਆਂ ਦੇ ਰੰਗ ਡਾਢੇ,
ਉਡਨ ਗੁਲਾਬ ਰੁਤ ਆਈ ਹੈ ਬਸੰਤ ਵੇ
ਚਾਨ-ਚਕ ਚੱਕ ਕੇ ਦਸੌਂਟੇ ਪਾਏ ਸਾਡੇ ਤਾਈਂ,
ਧੰਨ ਤਕਦੀਰ ਸਾਈਂ ਬੜਾ ਹੈ ਬੇਅੰਤ ਵੇ
ਬੈਠੀਆਂ ਵਿਚਾਰੀਆਂ ਨਿਆਰੀਆਂ ਜਗਤ ਵਿਚੋਂ,
ਮੁਢੋਂ ਹੀ ਵਿਛੁੰਨੇ ਜਿਨ੍ਹਾਂ ਨਾਰੀਆਂ ਦੇ ਕੰਤ ਵੇ
ਦੁਖਾਂ ਨਾਲ ਸਾਲ ਮੈਂ ਲੰਘਾਇਆ ਭਗਵਾਨ ਸਿੰਘਾ,
ਰਹੂੰ ਕੀਕੂੰ ਜੀਂਵਦੀ ਮੈਂ ਏਦੂੰ ਉਪਰੰਤ ਵੇ ।੧੨।



Sri Satguru Jagjit Singh Ji eLibrary NamdhariElibrary@gmail.com

## ੩੮. ਬਾਰਾਂਮਾਹ ਕਿਸ਼ਨ ਸਿੰਘ ਆਰਿਫ਼

ਚੇਤਰ ਚੋਰਾਂ ਚਿਤ ਚੁਰਾਇਓ, ਚਸ਼ਮਾਂ ਚੋਟ ਚਲਾ ਕੇ
ਚਿਖਿਆ ਚਾੜ੍ਹ ਚਕੋਰਾਂ ਚੰਦਾ, ਚਲਿਓਂ ਚੈਨ ਚੁਰਾ ਕੇ
ਚੂੜਾ ਚੌਂਕ ਚੂਰ ਚਿਟ-ਚੋਲੀ, ਚੀਂਟਾਂ ਚੁੰਨੀ ਚਾ ਕੇ
ਕਿਸ਼ਨ ਸਿੰਘ ਚਲ ਚਾਲ ਚੰਗੇਰੀ, ਚਾਹ ਚੱਛ ਚਮਕਾ ਕੇ ।੧।

ਵਿਚ ਵਿਸਾਖੀ ਵਰਤੀ ਵੇਦਨ, ਵਰ ਵਿਣੁ ਵਿੱਖ ਵਿਚਾਰਾਂ
ਵਲ ਵਲ ਵੇਖਾਂ ਵਾਲੀ ਵਲੋਂ, ਵੇਸ ਵਪਾਰ ਵਿਹਾਰਾਂ
ਵਰਜਣ ਵੀਰ ਵਲੱਲੀ ਵੱਤਾਂ, ਵਾਦ ਵਿਵਾਦ ਵਿਸਾਰਾਂ
ਕਿਸ਼ਨ ਸਿੰਘ ਵਲ ਵੈਲੁ ਕਵੱਲੀ, ਵਾਰ ਵਾਰ ਵਤ ਵਾਰਾਂ ।੨।

ਜੇਠ ਜਿਗਰ ਜੀਅ ਜੋਬਨ ਜਲਿਆ, ਜਲੀਏ ਜਿੰਦ ਜੁਵਾਨੀ
ਜਲ ਜਲ ਜਾਨ ਜਲਾਇਆ ਜਾਮਾ, ਜਲ ਜਾਨੀ ਜਲ ਜਾਨੀ
ਜਪ ਜਪਨੀ ਜੋਹੇ ਜਗ ਜੇਤੇ, ਜੋਗੀ ਜਤੀ ਜਹਾਨੀਂ
ਕਿਸ਼ਨ ਸਿੰਘ ਜਾਵੇ ਜਿਸ ਜਾਗਾ, ਜੁੜ ਜੋਗਨ ਜਲ ਜਾਨੀ ।੩।

ਹਾੜ੍ਹ ਹੇਰ ਹੀਰਾ ਹਿਕ ਹਾਰਿਆ, ਹਰ ਹਰ ਹੋਈ ਹਲਦੀ
ਹਿੰਮਤ ਹੋਸ਼ ਹਵਾ ਹੋ ਹਲੀ, ਹਿਰਦਿਓਂ ਹਲ ਦੀ ਹਲਦੀ
ਹੌਲੀ ਹੌਲੀ ਹੂਲਾਂ ਹਲਣ, ਹਾਲ ਹਕੀਕਤ ਹਲਦੀ
ਕਿਸ਼ਨ ਸਿੰਘ ਹੌਂ ਹਾਜ਼ਰ ਹੋਵਾਂ, ਹੁਰਮਤ ਹੋਏ ਹਕਲ ਦੀ ।੪।

ਸਾਵਣ ਸਾਈਂ ਸਾਹਿਬ ਸੂਰਤ, ਸੋਹਣਾ ਸੁੰਦਰ ਸਾਰਾ
ਸਿਫ਼ਤ ਸਨਾਇ ਸੁਨਾਵਣ ਸਾਰੇ, ਸਾਜੇ ਸਭ ਸੰਸਾਰਾ
ਸਾਧੂ ਸੰਤ ਸਦਾ ਸਚ ਸਿਮਰਨ, ਸਾਸ ਸਾਸ ਸਚਿਆਰਾ
ਕਿਸ਼ਨ ਸਿੰਘ ਸੋ ਸਰਬ ਸ਼ਬਦ ਸੁਣ, ਸੁਤੇ ਸਿਧ ਸਮ ਸਾਰਾ ।੫।

ਭਾਦੋਂ ਭੌਰਾ ਭੂਲਾ ਭਰਮੇ, ਭਰਮ ਭਰਮ ਭਰਮਾਵੇ
ਭੋਗੀ ਭੋਗੇ ਭੋਗ ਭਲੇਰੇ, ਭਟਕ ਭਟਕ ਭਟਕਾਵੇ
ਭਲਾ ਭਲਾ ਭਗਵਾਨ ਭਗਤ ਭਣ, ਭੌਂਦੂ ਭੁਲਾ ਨ ਭਾਵੇ
ਕਿਸ਼ਨ ਸਿੰਘ ਭਰਮਾਵਣ ਭੈੜੇ, ਭਾਰਜ ਭਰਤਾ ਭਾਵੇ ।੬।



Sri Satguru Jagjit Singh Ji eLibrary NamdhariElibrary@gmail.com

ਅਸੂ ਆਪ ਆਪ ਇਹ ਆਪੇ, ਅਜਲ ਅਖੰਡ ਅਬਨਾਸ਼ੀ
ਏਕ ਅਨੇਕ ਅਲੇਖ ਅਸੰਗੀ, ਇਸਥਿਤ ਈਸ ਅਕਾਸ਼ੀ
ਉਚਨ ਊਚ ਅਕਾਗਰ ਐਸਾ, ਅਮਰ ਅਚਰ ਅਬਿਨਾਸੀ
ਕ੍ਰਿਸ਼ਨ ਸਿੰਘ ਇਹ ਉਹ ਅਬ ਏਕੋ, ਓਅੰ ਅਸ ਅਭਿਆਸੀ ।੭।

ਕਤਕ ਕੰਚਨ ਕੰਕਨ ਕੁੰਡਲ, ਕਚ ਕਹੁ ਕਾਚ ਕਟੋਰਾ
ਕਾਨ੍ਹ ਕਹਾਵੇ ਕ੍ਰਿਸ਼ਨ ਕਲੋਲੀ, ਕਮਲਾ ਕੰਤ ਕਿਸ਼ੋਰਾ
ਕਾਰਨ ਕੁਲ ਕਰੀਮ ਕਮਾਲੀ, ਕਰਤਾ ਕਹਿਨ ਕਰੋਰਾ
ਕ੍ਰਿਸ਼ਨ ਸਿੰਘ ਕਿਰਪਾਲੂ ਕਾਦਰ, ਕਰਨਹਾਰ ਕਹੁ ਕੋਰਾ ।੮।

ਮਘਰ ਮੌਲਾ ਮੌਜੀ ਮੋਰਾ, ਮਾਲਕ ਮੁਲਕ ਮਕਾਨਾ
ਮੇਹਰ ਮੁਹਬਤ ਮੋ ਮੈਂ ਮਿਲਿਆ, ਮਨ ਮੋਹਨ ਮਸਤਾਨਾ
ਮੋਰ ਮੁਕਟ ਮੁਰਲੀ ਮੁਖ ਮਾਹੀਂ, ਮੋ ਮਨ ਮਾਂਹਿ ਮਿਲਾਨਾ
ਕ੍ਰਿਸ਼ਨ ਸਿੰਘ ਮਤ ਮਾਰੇ ਮਨਮੁਖ, ਮਾਰਗ ਮੁਕਤ ਮੁਸਾਨਾ ।੯।

ਪੋਹ ਪਰਮੇਸਰ ਪੂਰਨ ਪਰਗਟ, ਪ੍ਰੀਤਮ ਪਰਮ ਪਿਆਰਾ
ਪੀਆ ਪਰੇਮੀ ਪਿਆਸਿਆਂ ਪਾਣੀ, ਪਾਂਧੀ ਪਾਇ ਪੁਕਾਰਾ
ਪੀਰਾਂ ਪੀਰ ਪਸਾਰੀ ਪੂਰਾ, ਪਲਕ ਪਸਾਰੁ ਪਸਾਰਾ
ਕ੍ਰਿਸ਼ਨ ਸਿੰਘ ਪਰਤੀਤ ਪਰੀਤ ਕਰ, ਪਾਇਓ ਪਰ ਪਦ ਪਾਰਾ ।੧੦।

ਮਾਘ ਮੋਈ ਮੈਂ ਮਿਲਿਆ ਮਾਂਹੀ, ਮਮ ਮੇਰੀ ਮੈਂ ਮਾਰੀ
ਮਰਨਾ ਮੇਰਾ ਮਿਟਿਆ ਮਾਇ, ਮਿਲੀ ਮੁਰਾਰ ਮਝਾਰੀ
ਮਕੇ ਮਾਂਹ ਮਸੀਤ ਮਕੱਬਰ, ਮਧੁ ਮਾਤੀ ਮਤਵਾਰੀ
ਕ੍ਰਿਸ਼ਨ ਸਿੰਘ ਮੈਂ ਮੇਲ ਮਿਲਾਇਆ, ਮੌਲਾ ਮਸਤ ਮੁਰਾਰੀ ।੧੧।

ਫਾਗਨ ਫੇਰ ਫਲੀ ਫੁਲ ਫਲੀਆਂ, ਫਲ ਫੈਲੇ ਫੁਲਵਾਰੀ
ਫਿਰ ਫਿਰ ਫੇਰ ਫੇਰ ਫੱਟ ਫੈਲਾਂ, ਫੈਲੀ ਫਿਰ ਫੁਲਕਾਰੀ
ਫੁਟ ਫੁਟ ਫਾਟਨ ਫਿਰ ਫਲੀਆਂ, ਫੌਜ ਫਕੀਰਾਂ ਫਾਰੀ
ਕ੍ਰਿਸ਼ਨ ਸਿੰਘ ਫਿਰ ਫਿਰ ਫੁਜਦਾਰਾਂ, ਫਾਰੀ ਫਿਕਰ ਫਕਾਰੀ ।੧੨।





Sri Satguru Jagjit Singh Ji eLibrary NamdhariElibrary@gmail.com

## ੩੯. ਬਾਰਾਂਮਾਹ ਵੈਰਾਗ ਕਿਸ਼ਨ ਸਿੰਘ ਆਰਿਫ਼

ਚੇਤ੍ਰ ਚਿਤ ਡੋਲੇ ਵਿਚ ਡੋਲੇ ਮੇਰਾ, ਬਾਝ ਪੀਆ ਦੇ ਰਲਦੀ ਖਬਰ ਨ ਰੱਲ ਦੀ
ਨਾਲ ਹਿਜਰ ਦੇ ਮੈਂ ਨਿਤ ਜਲਦੀ, ਜੈਸੇ ਮਛਲੀ ਜਲ ਦੀ ਜਲ ਬਿਨ ਜਲਦੀ
ਵਾਂਙ ਨਦੀ ਦੇ ਦੀਦੇ ਵਗਦੇ, ਬਿਨ ਬੇੜੀ ਮੈਂ ਠਲ੍ਹਦੀ ਮੂਲ ਨ ਟਲਦੀ
ਕਿਸ਼ਨ ਸਿੰਘ ਮੈਂ ਢੂੰਢਾਂ ਤੈਨੂੰ, ਖਬਰ ਮਿਲੇ ਜੇ ਝਲ ਦੀ ਨ ਦੁਖ ਝਲਦੀ ।੧।

ਵਿਸਾਖ ਵਿਸਾਰਿਆ ਕੰਤ ਨੇ ਮੈਨੂੰ, ਕੂੰਜਾਂ ਪਾ ਲਏ ਮੋੜੇ ਵਾਗ ਨ ਮੋੜੇ
ਬਾਝ ਪੀਆ ਦੇ ਕੁਝ ਨਹੀਂ ਸੁਝਦਾ, ਲਾਹ ਸੁਟਦੀ ਮੈਂ ਤੋੜੇ ਦਿਸਦੇ ਤੋੜੇ
ਜਲ ਬਲ ਕੇ ਮੈਂ ਕੋਲੇ ਹੋਵਾਂ, ਦੇਖ ਲੋਕਾਂ ਦੇ ਜੋੜੇ ਆਪ ਨ ਜੋੜੇ
ਕਿਸ਼ਨ ਸਿੰਘ ਨਿਤ ਸੁਕਦੀ ਜਾਂਦੀ, ਦੁਖਦੇ ਦਿਲ ਦੇ ਫੋੜੇ ਵੈਦ ਨ ਫੋੜੇ ।੨।

ਜੇਠ ਜੁਆਨੀ ਜਾਇ ਬੀਤਦੀ, ਦਿਲਬਰ ਦਿਲੋਂ ਭੁਲਾਇਆ ਨ ਭੁਲ ਆਇਆ
ਮੈਨੂੰ ਸੁਟ ਕੇ ਅੱਗ ਬ੍ਰਿਹੋਂ ਵਿਚ, ਚਾਂਦੀ ਵਾਂਙ ਗਲਾਇਆ ਨ ਗਲ ਲਾਇਆ
ਓਸੇ ਵੇਲੇ ਨੂੰ ਨਿਤ ਮੈਂ ਰੋਵਾਂ, ਰੁੱਸਿਆ ਨਾਹਿ ਮਨਾਇਆ ਇਹ ਮਨ ਆਇਆ
ਕਿਸ਼ਨ ਸਿੰਘ ਹੁਣ ਵਸ ਨ ਚਲਦਾ, ਮੈਂ ਸੀ ਚਿਤ ਚੁਰਾਇਆ ਤਾਂ ਚਿਰ ਲਾਇਆ ।੩

ਹਾੜ ਹੁਲਾਸੇ ਕੇਹੜੇ ਜੀਵਾਂ, ਸੋਹਣਾ ਨਾ ਦਿਸ ਆਵੇ ਨ ਦਸ ਆਵੇ
ਮੰਜੀ ਤੇ ਮਨ ਜੀ ਨਾ ਲਗਦਾ, ਵਢ ਵਢ ਖਾਂਦੇ ਪਾਵੇ ਖਬਰ ਨ ਪਾਵੇ
ਦਿਨ ਤਪਦੇ ਮੈਂ ਢੂੰਡਨ ਨਿਕਲੀ, ਗਰਮੀ ਖ਼ੂਬ ਤਪਾਵੇ ਤੇ ਤਪ ਆਵੇ
ਕਿਸ਼ਨ ਸਿੰਘਾ ਆ ਮਿਲ ਜਾ ਮੈਨੂੰ, ਬਿਰਹੋਂ ਜਾਨ ਜਲਾਵੇ ਨ ਜਲ ਆਵੇ ।੪।

ਸਾਵਣ ਸਾਂਗ ਬਿਰਹੋਂ ਦੀ ਲਾਈਆ, ਸੀਨਾ ਮੇਰਾ ਹੱਲੇ ਮੂਲ ਨ ਹੱਲੇ
ਦਰਦੀ ਹੋ ਕੇ ਦਰਦ ਦੇ ਗਿਆ, ਦੁਖ ਵਧੇਰੇ ਝੱਲੇ ਜੋ ਹੁਣ ਝੱਲੇ
ਪੀਆ ਜੇ ਆਨ ਦਖਾਲੀ ਦੇਵੇ, ਦੁਖੜੇ ਸਾਰੇ ਟਲੇ ਫੇਰ ਨ ਟਲੇ
ਕਿਸ਼ਨ ਸਿੰਘਾ ਫੇਰ ਕਦੇ ਨ ਛੋਡਾਂ, ਆਇ ਵੜੇ ਜੋ ਫਲੇ ਫਲ ਫੁਲ ਫਲੇ ।੫।

ਭਾਦਰੋਂ ਭਾਇ ਬਿਰਹੁੰ ਦੀ ਜ਼ਾਲਮ, ਜਾਂਦੀ ਜਾਲ ਹੈ ਜਲਦੀ ਆ ਮਿਲ ਜਲਦੀ
ਤੇਰੇ ਬਾਝ ਬੇਹੋਸ਼ ਪਈ ਹਾਂ, ਖਬਰ ਨਹੀਂ ਹੈ ਪਲ ਦੀ ਦੁਖ ਵਿਚ ਪਲਦੀ
ਸੁੱਕ ਤਬੀਤ ਹੋਈ ਵਿਚ ਦੁਖ ਦੇ, ਸੰਗ ਜੋ ਤੇਰਾ ਮਲਦੀ ਤਾਂ ਮੈਂ ਮਲਦੀ
ਕਿਸ਼ਨ ਸਿੰਘਾ ਰੰਗ ਨਾਲ ਵਿਛੋੜੇ, ਪੀਲਾ-ਹੋ ਗਿਆ ਹਲਦੀ ਕਿਤੇ ਨ ਹਲਦੀ ।੬।



Sri Satguru Jagjit Singh Ji eLibrary NamdhariElibrary@gmail.com

ਅੱਸੂ ਆਸ ਨਿਰਾਸ਼ ਨ ਕਰਕੇ, ਮੈਨੂੰ ਨਾਂਹ ਜਲਾਈਂ ਮੂਈ ਜਲਾਈਂ
ਘੱਤ ਸ਼ਤਾਬੀ ਮੋੜਾ ਜਾਨੀ, ਮੁਖੜਾ ਆਨ ਦਿਖਾਈਂ ਨਾਂਹ ਦੁਖਾਈਂ
ਬਾਝ ਤੇਰੇ ਦੀਦਾਰ ਦੇ ਮਰਦੀ, ਕੇਰਾਂ ਆਨ ਬੁਲਾਈਂ ਜਾਣ ਬਲਾਈਂ
ਕਿਸ਼ਨ ਸਿੰਘਾ ਮੈਂ ਤਰਲੇ ਭਰਦੀ, ਮੈਨੂੰ ਸੰਗਹਲਾਈਂ ਨਾਂਹ ਰੁਲਾਈਂ ।੭।

ਕੱਤਕ ਕੰਤਾ ! ਤੇਰੇ ਬਾਝੋਂ, ਮੈਂ ਹਾਂ ਦੁਖੜੇ ਭਰਦੀ ਦਮ ਨਾ ਭਰਦੀ
ਜੇਕਰ ਆਣ ਦਿਖਾਈ ਦੇਵੇਂ, ਮੈਂ ਹੋ ਜਾਵਾਂ ਬਰਦੀ ਤੁਝ ਦਿਲਬਰ ਦੀ
ਹਾੜੇ ਕਢਦੀ ਹਾੜ ਬੀਤਿਆ, ਨੇੜੇ ਆ ਗਈ ਸਰਦੀ ਘੜੀ ਨਾ ਸਰਦੀ
ਕਿਸ਼ਨ ਸਿੰਘਾ ! ਹੁਣ ਰਹਿਮ ਕਰੀਂ ਤੂੰ, ਬਾਂਦੀ ਤੇਰੇ ਦਰ ਦੀ ਹੋ ਜਾ ਦਰਦੀ ।੮।

ਮੱਘਰ ਮੋੜ ਮੁਹਾਰਾਂ ਸਾਈਆਂ, ਤੈਂ ਫੇਰਾ ਨ ਪਾਇਆ ਫੇਰਾ ਪਾਇਆ
ਜਾਨ ਲਬਾਂ ਤੇ ਆਈ ਮੇਰੇ, ਤੈਂ ਮੁਖ ਨ ਦਿਖਲਾਇਆ ਏਹ ਦੁਖ ਲਾਇਆ
ਤਿੰਨ ਮਹੀਨੇ ਬਾਕੀ ਰਹਿ ਗਏ, ਅਜੇ ਨ ਮੂੰਹ ਭਵਾਇਆ ਮੂੰਹ ਭਵਾਇਆ
ਕਿਸ਼ਨ ਸਿੰਘਾ ਹੁਣ ਤਾਂ ਮੈਂ ਬਚਦੀ, ਜੇ ਦਿਲਬਰ ਦਿਲ ਆਇਆ
ਦਿਲ ਬਰ ਆਇਆ ।੯।

ਪੋਹ ਮਹੀਨੇ ਬਾਝ ਪੀਆ ਦੇ, ਪੁਛਦਾ ਨ ਕੋਈ ਹਾਲੀ ਹੋਈ ਬਿਹਾਲੀ
ਜੇਕਰ ਪੀਆ ਪਿਆਰਾ ਆਵੇ, ਹੋਵਾਂ ਮੈਂ ਮਤਵਾਲੀ ਤੇ ਮਤ ਵਾਲੀ
ਮੁਖ ਤੋਂ ਜ਼ਰਦੀ ਦੂਰ ਮੈਂ ਕਰਦੀ, ਚੜ੍ਹਦੀ ਆਣਕੇ ਲਾਲੀ ਲਾਲਾਂ ਵਾਲੀ
ਕਿਸ਼ਨ ਸਿੰਘਾ ਮੈਂ ਖੁਸ਼ੀ ਮਨਾ ਕੇ, ਨਜ਼ਰਾਂ ਦੇਵਾਂ ਡਾਲੀ ਫੁਲ ਦੀ ਡਾਲੀ ।੧੦।

ਮਾਘ ਮਾਹੀ ਦਿਨ ਰਾਤ ਮੈਂ ਸਾਰੀ, ਗਿਣਦੀ ਹਾਂ ਨਿਤ ਤਾਰੇ ਕਦੇ ਤਾਂ ਤਾਰੇ
ਦੁਖਾਂ ਆਣ ਸਤਾਇਆ ਮੈਨੂੰ, ਘੇਰੇ ਪਾਸੇ ਸਾਰੇ ਲਈ ਨ ਸਾਰੇ
ਨਾਲ ਵਿਛੋੜੇ ਪਿੰਜਰ ਹੋ ਗਈ, ਚੀਰੀ ਦੁਖ ਦੇ ਆਰੇ ਕਦੀ ਤਾਂ ਆ ਰੇ
ਕਿਸ਼ਨ ਸਿੰਘਾ ਹੁਣ ਆਣ ਨਿਕਾਲੀਂ, ਪਈ ਸਮੁੰਦਰ ਖਾਰੇ, ਹੱਡ ਨੇ ਖਾਰੇ ।੧੧।

ਫਾਗਨ ਫਾਗ ਤਿਨ੍ਹਾਂ ਦਾ ਦੁਸ਼ਮਨ, ਕੰਤ ਨਹੀਂ ਹੈ ਕੋਲੇ ਹੋਈਆਂ ਕੋਲੇ
ਸੁਣ ਕੇ ਸ਼ੋਰ ਸੁਹਾਗਣਿ ਸੰਦਾ, ਕੰਨ ਹੋ ਜਾਂਦੇ ਬੋਲੇ ਮੂੰਹੋਂ ਬੋਲੇ
ਦੇਖ ਨ ਸਕਦੀਆਂ ਰੰਗ ਤਮਾਸ਼ੇ, ਜਿਉਂ ਅੱਖੀਆਂ ਵਿਚ ਫੋਲੇ ਦਰਦਾਂ ਫੋਲੇ
ਕਿਸ਼ਨ ਸਿੰਘ ਮੈਂ ਅਰਜ਼ਾਂ ਕਰਦੀ, ਚਾੜ੍ਹ ਅਸਾਨੂੰ ਤੋਲੇ ਲੈ ਬਿਨ ਤੋਲੇ ।੧੨।

ਲੌਂਦ ਲਗਾ ਇਹ ਵੈਰੀ ਮੈਨੂੰ, ਸਾਲ ਅਜੇ ਨ ਮੁਕਦਾ ਨ ਦਮ ਮੁਕਦਾ
ਮੁਕੇ ਸਾਲ ਤੇ ਝੇੜਾ ਚੁਕੇ, ਤਨ ਜਾਂਦਾ ਹੈ ਸੁਕਦਾ ਨੀਰ ਨ ਸੁਕਦਾ
ਜਾਨ ਮੇਰੀ ਹੈ ਭਾਰੀ ਹੋ ਗਈ, ਮਲਕੁਲ ਮੌਤ ਭੀ ਲੁਕਦਾ ਭੇਦ ਨ ਲੁਕਦਾ
ਕਿਸ਼ਨ ਸਿੰਘਾ ਲੜ ਲਗ ਪੀਆ ਦੇ, ਚਾਰੋਂ ਤਰਫੋਂ ਚੁਕਦਾ ਫੇਰ ਨ ਚੁਕਦਾ ।੧੩।



Sri Satguru Jagjit Singh Ji eLibrary NamdhariElibrary@gmail.com

## ੪੦. ਬਾਰਾਂਮਾਹ ਮੌਲਵੀ ਅਬਦੁਲ ਸਤਾਰ

ਚੜ੍ਹਿਆ ਚੇਤ ਜੁਦਾਈ ਵਾਲੇ ਰਹਿ ਗਏ ਭਾਰ ਗ਼ਮਾਂ ਦੇ ਯਾਰ ਦਿਲਾਂ ਦੇ
ਸੱਚ ਮੁਹਬਤ ਪ੍ਰੀਤ ਦਿਲੇ ਦੀ ਆਹੀ ਨਾਲ ਜਿਨ੍ਹਾਂ ਦੇ ਛੋੜੀ ਜਾਂਦੇ
ਹਾਲ ਹਕੀਕਤ ਦਿਲ ਦੁਖੀਏ ਦੀ ਕਰਸਾਂ ਪੇਸ਼ ਤਿਨ੍ਹਾਂ ਦੇ ਜੇ ਰੱਬ ਆਂਦੇ
ਕੌਣ ਸਤਾਰ ਪੈਗ਼ਾਮ ਲਿਆਵੇ ਲੰਮੇ ਸਫਰ ਪਿਆਂ ਦੇ ਦੂਰ ਗਿਆਂ ਦੇ ।

ਚੇਤਰ ਚਿਣਗ ਪਈ ਵਿਚ ਸੀਨੇ ਜਲਦੇ ਨੈਣ ਅਕੇਲੇ ਵਾਂਗਣ ਤੇਲੇ
ਛੋੜਨ ਪ੍ਰੀਤ ਪਿਆਰ ਨਾ ਤੋੜਨ ਨੈਣਾਂ ਦੇ ਅਰਬੇਲੇ ਮਾਰਨ ਸੇਲੇ
ਟੁਰ ਗਏ ਖ਼ੂਨ ਬੇਦੋਸ਼ਾ ਕਰਕੇ ਜਾਨੀ ਗੁਰਗ ਬਘੇਲੇ ਯਾਰ ਮਰੇਲੇ
ਆਖ ਸਤਾਰ ਮਿਸਾਲ ਸੱਸੀ ਦੀ ਮੁੱਠੀਆਂ ਫਜ਼ਰੀ ਬੇਲੇ ਕੇਹੜਾ ਮੇਲੇ ।

ਚੇਤ ਚਿੰਤਾ ਦਿਨ ਰਾਤੀਂ ਬਲਦੀ ਜਲਦੀ ਦਰਦ ਰੰਜਾਣੀ ਉਮਰ ਵਿਹਾਣੀ
ਬਲ ਬਲ ਆਤਸ਼ ਸਾੜੇ ਮੈਨੂੰ ਕੂਕੇ ਪਾਣੀ ਪਾਣੀ ਜਾਨ ਨਿਮਾਣੀ
ਦਰਦ ਫਰਾਕ ਨਸੀਬ ਮੇਰੇ ਨੂੰ ਲਿਖ ਗਈ ਕਲਮ ਰਵਾਨੀ ਜੋ ਰਬ ਭਾਣੀ
ਆਖ ਸਤਾਰ ਪੀਆ ਬਿਨ ਮੈਨੂੰ ਲੂੰ ਲੂੰ ਆਤਸ਼ ਦਾਹਣੀ ਜ਼ਹਿਰ ਸਮਾਣੀ ।

ਚੇਤ ਚਰੋਕੀ ਆਸ ਸੱਜਣ ਦੀ ਦਿਲ ਨੂੰ ਤਾਂਘ ਹੈ ਰਹਿੰਦੀ ਛੋੜ ਨਾ ਵੈਂਦੀ
ਖੋਹ ਲਿਆ ਯਾਰ ਜੁਦਾਈ ਜ਼ਾਲਮ ਜ਼ੋਰ ਧਿੰਗਾਣੇ ਖਹਿੰਦੀ ਹੁਣ ਕੀ ਲਹਿੰਦੀ
ਦਰਦਾਂ ਦੀ ਮੈਂ ਦੁਸ਼ਮਣ ਹੋਈਆਂ ਵਲ ਵਲ ਚੋਟਾਂ ਸਹਿੰਦੀ ਹੋ ਰਹੀ ਮਹਿੰਦੀ
ਆਖ ਸਤਾਰ ਜੇ ਮਹਿੰਦੀ ਹੁੰਦੀ ਕਦਮਾਂ ਵਿਚ ਹੋ ਬਹਿੰਦੀ ਕੋਲੇ ਰਹਿੰਦੀ ।੧।

ਚੜ੍ਹਿਆ ਵਿਸਾਖ ਉਦਾਸ ਹੋਈਆਂ ਮੈਂ ਰੋ ਰੋ ਹਾਲ ਵਞਾਵਾਂ ਕੂਕ ਸੁਣਾਵਾਂ
ਜਾਨੀ ਬਾਝ ਮਕਾਨ ਵੀਰਾਨੇ ਸੁੰਞ ਦਿੱਸਣ ਸਭ ਥਾਵਾਂ ਕਿਤ ਵੱਲ ਜਾਵਾਂ
ਉਸ ਨੂੰ ਵਹਿਮ ਖਿਆਲ ਨਾ ਆਵੇ ਮੁੜਕੇ ਮੈਂ ਘਰ ਆਵਾਂ ਨਾ ਚਿਰ ਲਾਵਾਂ
ਕਿਤ ਗੁਣ ਬਾਗ਼ ਸਤਾਰ ਪੀਆ ਬਿਨ ਕਿਤ ਗੁਣ ਠੰਢੀਆਂ ਛਾਵਾਂ ਘੋਲਘੁਮਾਵਾਂ।

ਵੱਸ ਵਿਸਾਖ ਨਾ ਰਹਿ ਗਈ ਮੇਰੇ ਟੁਰ ਪਏ ਯਾਰ ਤੇ ਸਾਂਈ ਲੰਮੀਂ ਰਾਹੀਂ
ਰੜਕਣ ਤੀਰ ਗ਼ਮਾਂ ਦੇ ਮੈਨੂੰ ਰੋ ਰੋ ਮਾਰਾਂ ਆਹੀਂ ਬਲੀਆਂ ਭਾਹੀਂ
ਨਹੀਂ ਸੀ ਖ਼ਬਰ ਜੋ ਪ੍ਰੀਤ ਲਗਾਕੇ ਕਰਸਨ ਮਾਰ ਅਜਾਈਂ ਮਿਲਸਨ ਨਾਹੀਂ
ਆਖ ਸਤਾਰ ਪੀਆ ਨੂੰ ਜਾ ਕੇ ਸੀਨੇ ਦਾਗ਼ ਨਾ ਲਾਈਂ ਛੋੜ ਨਾ ਜਾਈਂ ।



Sri Satguru Jagjit Singh Ji eLibrary NamdhariElibrary@gmail.com

ਵੇਖ ਵਿਸਾਖ ਪੀਆ ਦਿਲ ਮੇਰੇ ਪਾ ਗਇਓਂ ਗ਼ਮ ਦੀ ਨੈਂਅ ਨੂੰ ਤਰਸ ਨਾ ਤੈਨੂੰ
ਛਮ ਛਮ ਪਵਨ ਹੰਝੂ ਵਿਚ ਚੋਲੇ ਨਹੀਂ ਆਰਾਮ ਦਿਲੇ ਨੂੰ ਵਹਿਣ ਪਿਆਂ ਨੂੰ
ਬੇਦਰਦਾਂ ਵਿਚ ਜਾਨ ਅਸਾਡੀ ਹੋਵਣ ਦਰਦ ਕਿਸੇ ਨੂੰ ਸਾਰ ਉਸੇ ਨੂੰ
ਆਖ ਸਤਾਰ ਜੁਦਾਈ ਮੇਰੀ ਜਿਗਰ ਲੈ ਗਈ ਤੈਨੂੰ ਮਿਲਸੇਂ ਕੈਨੂੰ ।
ਸ਼ੋਕ ਵਿਸਾਖ ਪੀਆ ਦਿਲ ਤੈਨੂੰ ਅੰਗ ਫਲੇਲ ਮਲੇਵੇਂ ਲੈ ਸੁਖ ਸੋਵੇਂ
ਤੈਂ ਤਨ ਤਰਸ ਨ ਖੌਫ਼ ਗਰੀਬਾਂ ਮੈਂ ਤਨ ਸੂਲੀ ਢੋਵੇਂ ਉਹ ਚੁਵੇਵੇਂ
ਠੰਢੀ ਛਾਉਂ ਬਗ਼ੀਚੇ ਵਾਲੀ ਰਲ ਕੇ ਬਹੀਏ ਦੋਵੇਂ ਜੇ ਘਰ ਹੋਵੇਂ
ਦੂਰ ਸਤਾਰ ਆਜ਼ਾਰ ਬਦਨ ਦੇ ਖੈਰੀਂ ਥੀਵੇਂ ਓਵੇਂ ਆਣ ਖਲੋਵੇਂ ।੨।

ਜੇਠ ਪਿਆਰੇ ਜਾਨੀ ਬਾਝੋਂ ਐਸ਼ ਆਰਾਮ ਨਾ ਭਾਵੇ ਖਾਵਣ ਧਾਵੇ
ਜਾਂਦੀ ਨੂੰ ਹੱਥ ਜੋੜ ਖਲੋਤੀ ਲੇਵਾਂ ਝਾੜ ਕਲਾਵੇ ਛੋੜੀ ਜਾਵੇ
ਸੀਨੇ ਤੀਰ ਗ਼ਮਾਂ ਦੇ ਰੜਕਣ ਸੁੰਞੀ ਸੇਜ ਡਰਾਵੇ ਖਾਵਣ ਆਵੇ
ਆਖ ਸਤਾਰ ਹਯਾਤੀ ਹੋਵੇ ਜੇ ਸੋਹਣਾ ਘਰ ਆਵੇ ਕੋਲ ਲਿਆਵੇ ।
ਅਖੀਂ ਸ਼ਹੁ ਨੂੰ ਜਾਂਦਾ ਵੇਖਾਂ ਤੀਰ ਜੁਦਾਈਆਂ ਖਲੀਆਂ ਭਾਹੀਂ ਬਲੀਆਂ
ਕਰਕੇ ਸਾਂਗ ਵੈਰਾਗਣ ਵਾਲਾ ਮਗਰ ਪੀਆ ਉਠ ਚਲੀਆਂ ਰਹਿਣ ਨਾ ਵਲੀਆਂ
ਇਸ਼ਕ ਕੜਾਹੀ ਯਾਰ ਮੇਰੇ ਜੀਅ ਕੋਲ ਖਲੋਤੇ ਤਲੀਆਂ ਵਾਹ ਵਾਹ ਜਲੀਆਂ
ਛੋੜ ਸਤਾਰ ਹਕੀਕਤ ਨਾਜ਼ੀ ਜੋ ਮਾਹੀ ਸੰਗ ਰਲੀਆਂ ਉਹੋ ਭਲੀਆਂ ।
ਜੇਠ ਜੁਦਾਈ ਮੁਸ਼ਕਲ ਆਈ ਜਿਸ ਪਰ ਵਰਤਣ ਭਾਣੇ ਸੋਈ ਜਾਣੇ
ਬਾਲਣ ਬਾਲ ਭੁੰਨੇ ਭਠਿਆਰਾਂ ਜਾਨ ਮੇਰੀ ਦੇ ਦਾਣੇ ਰੇਤ ਨਾ ਛਾਣੇ
ਤਨ ਮੇਰਾ ਮੇਖਾਂ ਤੇ ਧਰ ਕੇ ਟੁਰ ਪਏ ਯਾਰ ਪੁਰਾਣੇ ਜ਼ੋਰ ਧਿੰਗਾਣੇ
ਯਾਰ ਸਤਾਰ ਗਿਆ ਜਿੱਤ ਬਾਜ਼ੀ ਪੇਸ਼ ਪਏ ਤ੍ਰੈ ਕਾਣੇ ਸਾਡੇ ਭਾਣੇ ।
ਜੇਠੋਂ ਜਾਨ ਕਰਾਂ ਕੁਰਬਾਨ ਹੋਵਾਂ ਸਦਕੇ ਸਦਕੇ ਜੇ ਸ਼ਹੁ ਬੋਲੇ
ਸਦਕੇ ਜਾਨ ਪਿਆਰੀ ਕੀਤੀ ਅਜੇ ਨਾ ਘੁੰਗਟ ਖੋਲੇ ਕਰਦਾ ਓਹਲੇ
ਫ਼ਾਨੀ ਧੂੜਾਂ ਸਾਥੋਂ ਉਡਸਨ ਵੱਗਸਨ ਵਾ ਵਰੋਲੇ ਝੱਖੜ ਝੋਲੇ
ਮੋਇਆਂ ਨਾਲ ਸਤਾਰ ਕੀ ਰੁੱਸਣਾ ਈਂ ਚਾੜ੍ਹ ਖੁਸ਼ੀ ਦੇ ਡੋਲੇ ਲੈ ਚੱਲ ਕੋਲੇ ।੩।

ਹਾੜ੍ਹ ਹਰਾਮ ਆਰਾਮ ਅਸਾਨੂੰ ਵੱਲ ਵੱਲ ਸੂਲਾਂ ਢੱਈਆਂ ਆਪੇ ਸਹੀਆਂ
ਸੱਸੀ ਵਾਂਗ ਨਾ ਕੇਚਮ ਪਹੁੰਚੀ ਨਾ ਖੇਡੀ ਰਲ ਸਈਆਂ ਰਾਹੇ ਰਹੀਆਂ
ਮੇਹੀਂਵਾਲ ਖਿਆਲ ਨਾ ਕੀਤਾ ਵਹਿਣ ਗ਼ਮਾਂ ਦੇ ਪਈਆਂ ਤਾਂ ਡੁੱਬ ਗਈਆਂ
ਗਿਆ ਸਤਾਰ ਨਾ ਮਿਲਕੇ ਜਾਨੀ ਦਿਲ ਦੀਆਂ ਦਿਲ ਵਿਚ ਰਹੀਆਂ
ਆਖ ਨਾ ਲਈਆਂ ।
ਹਾੜ੍ਹ ਮਹੀਨੇ ਯਾਰ ਨਗੀਨੇ ਲਾਈ ਸੀਨੇ ਕਾਨੀ ਯਾਰ ਗੁਮਾਨੀ
ਪਲ ਪਲ ਆਤਸ਼ ਸਾੜੇ ਮੈਨੂੰ ਕੂਕੇ ਪਾਣੀ ਪਾਣੀ ਜਾਨ ਨਿਮਾਣੀ



Sri Satguru Jagjit Singh Ji eLibrary NamdhariElibrary@gmail.com

ਦਿਲ ਚਾਹੇ ਨਿਤ ਜਲਵਾ ਹੋਵੇ ਚਮਕੇ ਘੁੰਡ ਨੂਰਾਨੀ ਦਰਮਿਆਨੀ
ਆਖ ਸਤਾਰ ਮਿਸਾਲ ਅਜ਼ਲ ਦੀ ਜਿਸਨੂੰ ਤਾਂਘ ਲਗਾਨੀ ਮੌਤ ਨਿਸ਼ਾਨੀ ।
ਹਾੜੇ ਹਾੜ੍ਹ ਨਾ ਜਾਣੇ ਬਿਰਹੋਂ ਫੜਕੇ ਚੜ੍ਹ ਗਿਆ ਕਾਤੀ ਮੇਰੀ ਛਾਤੀ
ਇੱਕਸ ਮੰਡੀ ਵਿਚ ਦੋ ਭਾਅ ਵਿਕਦੇ ਜਾਂ ਮੈਂ ਬਾਤ ਨਾ ਜਾਤੀ ਫਿਰਾਂ ਛਪਾਤੀ
ਇਸ਼ਕ ਕਿਤਾਬ ਦਿੱਤੀ ਹੱਥ ਮੇਰੇ ਤਾਂ ਮੈਂ ਰਾਜ਼ ਪਛਾਤੀ ਤੈਂ ਨਹੀਂ ਜਾਤੀ
ਆਖ ਸਤਾਰ ਲਬਾਂ ਜਿੰਦ ਮੇਰੀ ਜਲਵਾ ਆਬਹਿਯਾਤੀ ਤੇਰੀ ਝਾਤੀ ।
ਹਾੜ ਹੋਈ ਸੋ ਮੈਂ ਪਰ ਹੋਈ ਕੀ ਜਾਣਨ ਹਮਸਾਏ ਲੋਕ ਪਰਾਏ
ਭਾਣੇ ਹੋਤ ਜੁਦਾਈ ਵਾਲੇ ਸੁਤੀ ਛੋੜ ਸਿਧਾਏ ਕੌਣ ਜਗਾਏ
ਇਸ਼ਕ ਉਜਾੜਾਂ ਥਲ ਬਿਰਹੋਂ ਦੇ ਜਾਨੀ ਯਾਰ ਲੰਘਾਏ ਲੰਘੇ ਜਾਏ
ਵੇਖ ਸਤਾਰ ਸ਼ਹਾਦਤ ਮਿਲਦੀ ਸਾਂਸ ਲਬਾਂ ਪਰ ਹਾਏ ਕੌਣ ਪਿਆਏ ।੪।

ਚੜ੍ਹਿਆ ਸਾਵਣ ਬੱਦਲ ਗ਼ਮ ਦੇ ਸ਼ਾਮ ਘਟਾਂ ਬਣ ਚੜ੍ਹੀਆਂ ਲਾਈਆਂ ਝੜੀਆਂ
ਮਛਲੀ ਵਾਂਗ ਨਸੀਬ ਕੜਾਹੀ ਜ਼ੁਲਫ ਕੁੰਡਲ ਵਿਚ ਅੜੀਆਂ ਮੋਹੋਂ ਸੜੀਆਂ
ਦਿਲਬਰ ਸੰਗ ਸਈਆਂ ਰਲ ਖੇਡਣ ਝੰਗ ਸੁਹਾਵਣ ਕੁੜੀਆਂ ਹਾਇ ਮੈਂ ਫੜੀਆਂ
ਆਖ ਸਤਾਰ ਗੁਲਾਮ ਕਦੀਮੀ ਦਰ ਪਰ ਹਾਜ਼ਰ ਖੜੀਆਂ ਹਾਇ ਮੈਂ ਕਦ ਲੜੀਆਂ
ਸਾਵਣੋਂ ਕਾਂਗ ਚੜ੍ਹੀ ਸਿਰ ਮੇਰੇ ਮੌਜ ਵਿਖਾਵਣ ਨਾਲੇ ਬਿਰਹੋਂ ਵਾਲੇ
ਵੱਲ ਵੱਲ ਠਾਠ ਮਰੋੜੇ ਮੈਨੂੰ ਨੈਣਾਂ ਨੀਰ ਉਛਾਲੇ ਵਹਿਣ ਦੁਆਲੇ
ਉਲਟ ਗਈ ਸ਼ਤਰੰਜ ਅਕਲ ਦੀ ਭੁਲੀਆਂ ਪਹਿਲੇ ਚਾਲੇ ਜਾਂਦੀ ਨਾਲੇ
ਛੋੜ ਸਤਾਰ ਗਇਉਂ ਡੁੱਬਦੀ ਨੂੰ ਆਖੇਂ ਮੋਹੀਂ ਵਾਲੇ ਆਣ ਸੰਭਾਲੇ ।
ਸਾਵਣ ਸਈਆਂ ਖੇਡਣ ਗਈਆਂ ਰਲ ਕੇ ਖੇਡਣ ਸਾਵੇਂ ਜੇ ਮੁੜ ਆਵੇਂ
ਬੈਠ ਅੱਖੀਂ ਵਿਚ ਪੈਰ ਟਿਕਾ ਕੇ ਕੱਜਲੇ ਵਾਲੀ ਛਾਵੇਂ ਖ਼ੂਬ ਸਮਾਵੇਂ
ਬਣ ਬਣ ਚੋਰ ਪਵੇਂ ਘਰ ਮੇਰੇ ਲੋਕਾਂ ਚੋਰ ਬਣਾਵੇਂ ਲਾਲਚ ਲਾਵੇਂ
ਆਖ ਸਤਾਰ ਰਹਿਣਾ ਬਣ ਤੇਰੀ ਜੋ ਫੁਰਮਾਨ ਮਨਾਵੇਂ ਲੈ ਚਲ ਭਾਵੇਂ ।
ਸਾਉਣੋਂ ਸ਼ਾਖਾਂ ਮੇਵੇ ਦਾਖਾਂ ਖ਼ੂਨੀ ਇਸ਼ਕ ਪਕਾਈਆਂ ਆਣ ਝੁਕਾਈਆਂ
ਪਕੇ ਅੰਬ ਮੁਹਬਤ ਵਾਲੇ ਰੋ ਰੋ ਅਖੀਆਂ ਆਈਆਂ ਰੋਣ ਵੰਞਾਈਆਂ
ਕੋਇਲ ਜਾਣ ਇਕੇਲੀ ਰੋਵੇ ਕੇਡੀਆਂ ਮੁਦਤਾਂ ਲਾਈਆਂ ਮੇਰਿਆ ਸਾਂਈਆਂ
ਬਚਣ ਮੁਹਾਲ ਸਤਾਰ ਸੱਜਣ ਬਿਨ ਬ੍ਰਿਹੋਂ ਮਾਰਮੁਕਾਈਆਂ ਲੰਮਿਆਂ ਦਾਈਆਂ।੫

ਭਾਦੋਂ ਭੜਕ ਲਗੀ ਤਨ ਮੇਰੇ ਬਿਰਹੋਂ ਬਾਲਣ ਪਾਇਆ ਫੂਕ ਮਚਾਇਆ
ਸ਼ਾਮ ਪਈ ਘਰ ਖਲੀ ਉਡੀਕਾਂ ਨੈਣਾਂ ਨੀਰ ਸੁਕਾਇਆ ਕਿਉਂ ਚਿੱਤ ਚਾਇਆ
ਜਿਸ ਦੇ ਕਾਰਨ ਮੈਂ ਦੀਵਾਨੀ ਰੋ ਰੋ ਹਾਲ ਵੰਞਾਇਆ ਕਿਉਂ ਨਹੀਂ ਆਇਆ
ਆਖ ਸਤਾਰ ਪੀਆ ਬਿਨ ਮੈਨੂੰ, ਦਿਨ ਦਿਨ ਸੂਲ ਸਵਾਇਆ
ਕਿਉਂ ਨਹੀਂ ਆਇਆ ।



Sri Satguru Jagjit Singh Ji eLibrary NamdhariElibrary@gmail.com

ਭਾਦੋਂ ਭਲਾ ਫਰਾਕ ਨਾ ਮੇਲੇ ਅਸਾਂ ਦੇਖ ਲਿਆ ਅਜ਼ਮਾ ਕੇ ਯਾਰੀ ਲਾ ਕੇ
ਆਪੇ ਯਾਰ ਦੀਵਾਨੀ ਕੀਤੀ ਕਾਤਲ ਜ਼ਹਿਰ ਪਿਆ ਕੇ ਜਾਦੂ ਪਾ ਕੇ
ਆਪੇ ਯਾਰ ਤਮਾਸ਼ਾ ਵੇਖੇ ਤੇਲ ਸ਼ਮ੍ਹਾ ਚਮਕਾ ਕੇ ਨੈਣ ਵਿਖਾ ਕੇ
ਕੌਣ ਸਤਾਰ ਹਕੀਕਤ ਤੇਰੀ ਕਹੇ ਪੀਆ ਨੂੰ ਜਾ ਕੇ ਕੋਲ ਬਹਾ ਕੇ ।

ਭਾਦੋਂ ਭਲਾ ਜੁਦਾਈ ਨਾਲੋਂ ਬਿਹਤਰ ਹੈ ਮਰ ਜਾਣਾ ਮੌਹਰਾ ਖਾਣਾ
ਸਬਕ ਤਸੱਵਰ ਜਾਨੀ ਵਾਲਾ ਦਿਲ ਵਿਚ ਪਕੜ ਲਗਾਣਾ ਖ਼ੂਬ ਸਮਾਣਾ
ਹੀਰੇ ਹਾਰ ਪਿਆ ਗਲ ਰਾਂਝਨ ਖੇੜਾ ਖੋਰ ਪੁਰਾਣਾ ਮੈਂ ਨਹੀਂ ਜਾਣਾ
ਆਖ ਸਤਾਰ ਮੋਹੀਂ ਮਰ ਚੁਕੀਆਂ ਅਜੇ ਨਹੀਂ ਪਛੋਤਾਣਾ ਯਾਰ ਸਿੰਞਾਣਾ ।

ਭਾਦੋਂ ਭਾਗ ਲਗੇ ਘਰ ਮੇਰੇ ਵਾਰਾਂ ਸੋਨੇ ਚਾਂਦੀ ਸਦਕੇ ਜਾਂਦੀ
ਵੱਸਣ ਕੋਲ ਨਾ ਮੈਂ ਵੱਲ ਤੱਕਣ ਸੜ ਗਈਆਂ ਤਰਸਾਂਦੀ ਪੀਂਦੀ ਖਾਂਦੀ
ਵੈਦਾ ! ਜੋੜ ਮਰਹਮ ਜ਼ਹਿਰ ਦੀ ਦੇਂਦਾਂ ਸੂਲ ਪਹੁੰਚਾਂਦੀ ਨਹੀਂ ਸਮਾਂਦੀ
ਕੌਣ ਸਤਾਰ ਸੁਣੇ ਗੱਲ ਤੇਰੀ ਉਚੀ ਨਜ਼ਰ ਤਿਨ੍ਹਾਂ ਦੀ ਤਾਂਘ ਜਿਨ੍ਹਾਂ ਦੀ ।੬।

ਅੱਸੂ ਆਸ ਵਸਲ ਦੀ ਕੀਤੀ ਉਲਟੇ ਯਾਰਾਂ ਜੋੜੇ ਏਸ ਵਿਛੋੜੇ
ਕਦਮਾਂ ਤੇ ਸਿਰ ਧਰ ਕੇ ਰੋਵਾਂ ਇਸ਼ਕ ਜਲਾਦ ਨਾ ਛੋੜੇ ਮਾਰਨ ਲੋੜੇ
ਮਰਨ ਬਖ਼ੀਲ ਵਿਛੋੜਨ ਵਾਲੇ ਸ਼ਾਲਾ ! ਥੀਵਣ ਦੋੜੇ ਥੋੜੇ ਥੋੜੇ
ਯਾਰ ਸਤਾਰ ਕਦੋਂ ਘਰ ਆਵੇ ਦੇਵਾਂ ਜ਼ਰ ਦੇ ਜੋੜੇ ਜੇ ਕੋਈ ਮੋੜੇ ।

ਅੱਸੂ ਇਸ਼ਕ ਚਿਖਾ ਵਿਚ ਪਈਆਂ ਸੜ ਗਈਆਂ ਹਰ ਹਾਲੇ ਹਾੜ ਸਿਆਲੇ
ਮੁੜ ਮੁੜ ਮੋਇਆਂ ਨੂੰ ਮਾਰੇ ਤੀਰ ਜੁਦਾਈ ਵਾਲੇ ਖਲੀਆਂ ਜਾਲੇ
ਦੇਖਣ ਇਸ਼ਕ ਸੁਖੱਲਾ ਦਿੱਸੇ ਪੀਵਣ ਜ਼ਹਿਰ ਪਿਆਲੇ ਨਹੀਂ ਸੁਖਾਲੇ
ਆਖ ਸਤਾਰ ਕਰਾਂ ਸ਼ੁਕਰਾਨਾ ਜੇ ਤੂੰ ਨੈਣ ਵਿਖਾਲੇਂ ਮਾਹੀ ਵਾਲੇ ।

ਅੱਸੂ ਇਸ਼ਕ ਹਿੱਜਰ ਦੀਆਂ ਸਾਂਗਾਂ ਧਸ ਵੜੀਆਂ ਤਨ ਮੇਰੇ ਖਾਵਣ ਬੇਰੇ
ਜਿਉਂ ਜਿਉਂ ਆਤਸ਼ ਸਾੜੇ ਮੈਨੂੰ ਤਿਉਂ ਤਿਉਂ ਪਰੇ ਪਰੇਰੇ ਜਾਨੀ ਮੇਰੇ
ਚਰਖਾ ਜਾਨ ਹੋਈ ਸੁਕ ਸੜਕੇ ਇਸ਼ਕ ਮਚਾਏ ਜਿਹੜੇ ਕੌਣ ਨਬੇੜੇ
ਆਖ ਸਤਾਰ ਪੀਆ ਨੂੰ ਜਾ ਕੇ ਮਰ ਗਿਆ ਬਾਝੋਂ ਤੇਰੇ ਪਹੁੰਚ ਸਵੇਰੇ ।

ਅੱਸੂ ਆ ਮਿਲ ਯਾਰ ਪਿਆਰੇ ਨੈਂ ਵਿਚ ਬੋੜ ਨ ਮੈਨੂੰ ਰੋੜ੍ਹ ਨਾ ਮੈਨੂੰ
ਮੌਤ ਹਰਾਮ ਮਰਾਂ ਬਿਨ ਤੇਰੇ ਝੱਲਦੀ ਗੋਰ ਨਾ ਮੈਨੂੰ ਮੋੜ ਨਾ ਮੈਨੂੰ
ਜਾਂ ਤਕ ਜਾਨ ਨਿਮਾਣੀ ਤਨ ਵਿਚ ਮਾਰ ਵਿਛੋੜ ਨਾ ਮੈਨੂੰ ਇਹ ਦੁਖ ਕੈਨੂੰ
ਆਖ ਸਤਾਰ ਪੀਆ ਬਿਨ ਤੇਰੇ ਘਰ ਦੀ ਲੋੜ ਨਾ ਮੈਨੂੰ ਛੋੜ ਨਾ ਮੈਨੂੰ ।੭।

ਕੱਤਕ ਕੋਲ ਪੀਆ ਨਿਤ ਵੱਸਦੇ ਮੈਂ ਦਿਲ ਕ਼ਦਰ ਨਾ ਪਾਈ ਕੀ ਦਿਲ ਆਈ
ਹਾਲ ਮੇਰੇ ਦੀ ਸਾਰ ਨਾ ਪੁਛੇ ਰੋ ਰੋ ਉਮਰ ਵੰਞਾਈ ਨਾਲ ਜੁਦਾਈ



Sri Satguru Jagjit Singh Ji eLibrary NamdhariElibrary@gmail.com

ਬਿਨ ਮਨਸੂਰ ਨਾ ਸਾਰ ਸੂਲੀ ਦੀ ਕਿਉਂਕਰ ਸੂਲੀ ਆਹੀ ਯਾਰ ਵਿਖਾਈ
ਪਹੁੰਚ ਸਤਾਰ ਪੈਗਾਮ ਸੱਜਣ ਨੂੰ ਬਿਰਹੋਂ ਜਾਨ ਸਤਾਈ ਆਵਣ ਮਾਹੀ।
ਕੱਤਕ ਕੌਣ ਪੀਆ ਵੱਲ ਭੇਜਾਂ ਰੋ ਰੋ ਨੈਣ ਨਿਮਾਣੇ ਦਰਦ ਰੰਜਾਣੇ
ਟੁਰ ਗਏ ਯਾਰ ਜੁਦਾਈ ਦੇ ਕੇ ਰਹਿ ਗਏ ਪਲੰਘ ਸਰ੍ਹਾਣੇ ਓਸ ਟਿਕਾਣੇ
ਇਸ਼ਕ ਹਲਾਲ ਕੀਤੀ ਤਰਸਾਂਦੀ ਫੜਕੇ ਜ਼ੋਰ ਧਿੰਙਾਣੇ ਮਾਣੂੰ ਖਾਣੇ
ਸਬਰ ਸਤਾਰ ਏਹੋ ਕੁਝ ਹਾਸਲ ਕੀ ਹੋਂਦਾ ਪਛਤਾਣੇ ਵਕਤ ਵਿਹਾਣੇ।
ਕੱਤਕ ਕਿ ਕੀ ਵੱਸ ਅੱਖੀਆਂ ਦੇ ਆਪੇ ਸ਼ਾਮ ਰੂਠਿਉਨੀ ਮਾਰ ਚਲਿਉ ਨੀ
ਨਾਲ ਵਕੀਲ ਵਸੀਲਾ ਲੈ ਕੇ ਪੈਰਾਂ ਸਿਰ ਧਰਿਉ ਨੀ ਨਾ ਮੁੜਿਉ ਨੀ
ਇਸ਼ਕ ਮਿਸਰ ਵਿਚ ਬਰਦੇ ਕਰਕੇ ਤਨ ਮਨ ਵੇਚ ਦਿਤੋਨੀ ਕੀ ਕੀਤੋ ਨੀ
ਆਖ ਸਤਾਰ ਕੀ ਦੋਸ਼ ਕਿਸੇ ਨੂੰ ਆਪੇ ਵੰਞ ਕੀਤੋਨੀ ਪੇਸ਼ ਪਇਉ ਨੀ।
ਕੱਤਕ ਕਮਲੇ ਨੈਣ ਪੀਆ ਬਿਨ ਰੋਂਦੇ ਬੇਵੱਸ ਥੀਂਦੇ ਨਹੀਂ ਵਲੀਂਦੇ
ਜਿਤ ਵੱਲ ਜਾਵਾਂ ਆਤਸ਼ ਬਲਦੀ ਵਲ ਵਲ ਸੀਖ ਚੜ੍ਹੇਂਦੇ ਫਿਰਨ ਮਰੀਂਦੇ
ਕੋਲ ਸੀ ਤਦੇ ਨਹੀਂ ਮਿਲੇਂਦੇ ਕਿਉਂ ਨਹੀਂ ਰਾਜ਼ੀ ਥੀਂਦੇ ਲੋਹੂ ਪੀਂਦੇ
ਪਹੁੰਚ ਸਤਾਰ ਨਹੀਂ ਤੇ ਅਜ ਕਲ ਵੇਖਣ ਅਦਲ ਤੋਲੀਂਦੇ ਖ਼ੂਨ ਭਰੀਂਦੇ।੮।

ਮੱਘਰ ਮੈਂ ਹੁਣ ਕਿਤ ਵੱਲ ਜਾਵਾਂ ਬਿਰਹੋਂ ਵਲ ਵਲ ਤਾਈਆਂ ਮਾਰ ਮੁਕਾਈਆਂ
ਜਿਤ ਵੱਲ ਯਾਰ ਉਤੇ ਵੱਲ ਅੱਖੀਆਂ ਆਈਆਂ ਇਸ਼ਕ ਮਨਾਈਆਂ ਕਾਹਨੂੰ ਲਾਈਆਂ
ਅੱਵਲ ਮੌਤ ਅਸਾਡੇ ਕਾਰਨ ਚਸ਼ਮਾਂ ਯਾਰ ਵਿਖਾਈਆਂ ਫੇਰ ਛੁਪਾਈਆਂ
ਆਖ ਸਤਾਰ ਖੁਸ਼ੀ ਦੀਆਂ ਰਾਤਾਂ ਥੋੜੇ ਰੋਜ਼ ਲੰਘਾਈਆਂ ਮੁੜ ਨਹੀਂ ਆਈਆਂ।
ਮੱਘਰ ਮੈਨੂੰ ਮਾਹੀ ਬਾਝੋਂ ਸਾਰਾ ਦੇਸ਼ ਬਿਗਾਨਾ ਹਾਲ ਵੀਰਾਨਾ
ਮੇਰੀ ਜਾਨ ਕੜਾਹੀ ਤਲ ਕੇ ਫਿਰਦਾ ਮਸਤ ਦੀਵਾਨਾ ਤੇ ਮਸਤਾਨਾ
ਵੇਖੋ ਨੀ ਹੁਣ ਰੁਠਾ ਜਾਂਦਾ ਲੁਟ ਕੇ ਸਬਰ ਖਜ਼ਾਨ ਤੋੜ ਯਰਾਨਾ
ਰਹਿਣ ਮੁਹਾਲ ਸਤਾਰ ਪੀਆ ਬਿਨ ਖਾਵੇ ਮਹਿਲ ਸ਼ਹਾਨਾ ਬੰਦੀਖ਼ਾਨਾ।
ਘਰ ਮਹਿਲੀਂ ਚੜ੍ਹ ਕੇ ਵੇਖਾਂ ਰਾਹ ਨਿੱਤ ਦੂਰ ਗਿਆਂ ਦਾ ਪਿਆਰ ਜਿਨ੍ਹਾਂ ਦਾ
ਕਾਈ ਪੇਸ਼ ਨਾ ਜਾਵੇ ਮੇਰੀ ਬਿਰਹੋਂ ਜ਼ਾਲਮ ਖਾਂਦਾ ਨਹੀਂ ਸਮਾਂਦਾ
ਪ੍ਰੇਮ ਨਗਰ ਵਿਚ ਦੇ ਰਹੀ ਹੋਕਾ ਵੇਖੋ ਹਾਲ ਮੋਇਆਂ ਦਾ ਦਰਦਮੰਦਾਂ ਦਾ
ਵਾਂਗ ਸਤਾਰ ਜੇ ਲਗਦੀ ਉਸਨੂੰ ਕਦੀ ਤੇ ਪਛੋਤਾਂਦਾ ਤੇ ਟੁਰ ਜਾਂਦਾ।
ਮੱਘਰ ਮੋੜ ਰਹੀ ਨੈਣਾਂ ਨੂੰ ਰੋਵਣ ਸਬਕ ਢਹਿਉਨੇ ਆਪ ਲਇਉਨੇ
ਹੱਸਦੇ ਸਨ ਜਦ ਮਿਲਿਆ ਨਹੀਂ ਸੀ ਰੋਣ ਨਸੀਬ ਹੋਇਉਨੇ ਜਦ ਡਿਠੋਨੇ
ਕੂੰਜਾਂ ਤਾਂਘ ਵਤਨ ਦੀ ਆਹੀ ਇਸ਼ਕ ਸੱਯਾਦ ਪਇਉਨੇ ਵੇਖ ਗਇਉਨੇ
ਆਖ ਸਤਾਰ ਕੀ ਵੱਸ ਅੱਖੀਆਂ ਦੇ ਜਲਵਾ ਮਾਰ ਗਇਉਨੇ ਯਾਦ ਪਇਉਨੇ।੯



Sri Satguru Jagjit Singh Ji eLibrary NamdhariElibrary@gmail.com

ਪੋਹ ਪ੍ਰਦੇਸ਼ ਪਿਆਰ ਪਇਓਨੇ ਜਾਂ ਤਕਦੀਰ ਨਖੇੜੇ ਜਾਨੀ ਮੇਰੇ
ਦਿਲ ਦੀਵਾਨਾ ਯਾਰ ਬੇਗਾਨਾ ਇਸ਼ਕ ਮਚਾਏ ਝੇੜੇ ਕੌਣ ਨਿਬੇੜੇ
ਯਾ ਰਬ ਭੇਜ ਪੈਗ਼ਾਮ ਸੱਜਣ ਨੂੰ ਸ਼ਾਲਾ ਆਵਣ ਨੇੜੇ ਦੁਖ ਜਾਵਣ ਮੇਰੇ
ਆਖ ਸਤਾਰ ਕੀ ਦੋਸ਼ ਕਿਸੇ ਨੂੰ ਆਪੇ ਛੇੜਨ ਭੇੜੇ ਦੁਖ ਸਹੇੜੇ।
ਪੋਹ ਵਿਚ ਪੇਸ਼ ਪਏ ਦੁਖ ਮੈਨੂੰ ਲੱਖ ਹਜ਼ਾਰ ਕਰੋੜਾਂ ਪ੍ਰੀਤ ਨ ਤੋੜਾਂ
ਗਲ ਪੱਲਾ ਸਿਰ ਪੈਰਾਂ ਤੇ ਧਰ ਕੇ ਹੱਥ ਖਲੋਤੀ ਜੋੜਾਂ ਰੋ ਰੋ ਮੋੜਾਂ
ਤੋੜ ਨਾ ਪਹੁੰਚੀਂ ਕਾਸਦ ਗ਼ਮ ਦੇ ਵਲ ਵਲ ਦਸਤ ਮਰੋੜਾਂ ਮੁੱਠੀਆਂ ਜੋੜਾਂ
ਆਖ ਸਤਾਰ ਜੇ ਮਿਲਿਉ ਨਾਹੀਂ ਮੈਂ ਮਰ ਜਾਣਾ ਲੋੜਾਂ ਵੇਖਣ ਲੋੜਾਂ।
ਪੋਹ ਪੀਆ ਘਰ ਖੈਰੀਂ ਆਵਣ ਵੇਖਾਂ ਕਮਲੀ ਹੋ ਕੇ ਰਾਹ ਖਲੋ ਕੇ
ਸੌਕਣ ਸੜ ਗਈ ਮੇਰੇ ਸਾੜੇ ਰੋਵਾਂ ਹੰਝੂ ਚੋ ਕੇ ਕਮਲੀ ਹੋ ਕੇ
ਗਲੀ ਗਲੀ ਵਿਚ ਦੁਸ਼ਮਣ ਮਾਰਨ ਥੱਕੀਆਂ ਕਾਸਦ ਢੋ ਕੇ ਕਮਲੀ ਹੋ ਕੇ
ਵੇਖ ਸਤਾਰ ਨਾ ਖ਼ੂਬ ਸੱਜਣ ਨੂੰ ਮੈਂ ਮਰ ਗਈਆਂ ਰੋ ਕੇ ਕਮਲੀ ਹੋ ਕੇ।
ਪੋਹ ਵਿਚ ਰਾਤ ਹਿਜਰ ਦੀ ਲੰਬੀ ਵੱਗੇ ਬਾਦ ਖ਼ਿਜ਼ਾਂ ਦੀ ਰਾਤ ਗ਼ਮਾਂ ਦੀ
ਸੁਕੇ ਬਾਗ਼ ਬਹਾਰ ਖ਼ੁਸ਼ੀ ਦੇ ਗਈ ਬਹਾਰ ਫੁਲਾਂ ਦੀ ਐਸ਼ ਦਿਲਾਂ ਦੀ
ਬੁਲਬੁਲ ਜਾਨ ਅਕੇਲੀ ਰੋਵੇ ਦਿਲ ਤੋਂ ਤਾਂਘ ਨਾ ਜਾਂਦੀ ਨਾਲ ਗਿਆਂ ਦੀ
ਆਖ ਸਤਾਰ ਮਿਸਾਲ ਜ਼ਹਿਰ ਦੀ ਯਾਰੀ ਬੇਦਰਦਾਂ ਦੀ ਜ਼ੋਰਾਵਰਾਂ ਦੀ।੧੦।

ਮਾਘ ਸੱਜਣ ਬਿਨ ਤਾਂਘ ਦਿਲੇ ਨੂੰ ਕੌਣ ਵਕੀਲ ਬਣਾਈਏ ਕਿਤ ਵੱਲ ਜਾਈਏ
ਬਿਹਤਰ ਏਸ ਜੁਦਾਈ ਨਾਲੋਂ ਜ਼ਹਿਰ ਮੰਗਾ ਕੇ ਖਾਈਏ ਤੇ ਮਰ ਜਾਈਏ
ਜਿਸ ਘਰ ਬੇਪਰਵਾਹੀ ਹੋਵੇ ਉਸ ਘਰ ਨਹੀਂ ਉ ਲਾਈਏ ਜਾਨ ਵੰਞਾਈਏ
ਯਾਰ ਸਤਾਰ ਕਦੋਂ ਘਰ ਆਵੇ ਜੇ ਉਹ ਜਲਵਾ ਪਾਈਏ ਪੀਰ ਮਨਾਈਏ।
ਮਾਘੀ ਮਾਘ ਸਈਆਂ ਰਲ ਖੇਡਣ ਗਾਵਣ ਆਈਆਂ ਲੋਹੜੀ ਖ਼ਬਰ ਨਾ ਹੋਰੀ
ਘਰ ਘਰ ਇਸ਼ਕ ਤੇਰੇ ਨੇ ਦਿਲ ਵਿਚ ਆਣ ਮਚਾਏ ਹੋੜੀ ਜ਼ੋਰ-ਬਜ਼ੋਰੀ
ਹੋੜੇ ਨਾਲ ਸਈਆਂ ਰਲ ਖੇਡਣ ਸਾਥੋਂ ਕਰ ਨਾ ਚੋਰੀ ਬਾਤ ਅਜੋੜੀ
ਆਖ ਸਤਾਰ ਨਹੀਂ ਵੱਸ ਮੇਰੇ ਪਾ ਪਤਲੀ ਗਲ ਡੋਰੀ ਤੈਂ ਵਲ ਲੋੜੀ।
ਮਾਘ ਮਰਨ ਵਿਚ ਰਹੀ ਨਾ ਬਾਕੀ ਰੋਵਨ ਨੈਣ ਅਮੋੜੇ ਨੈਣ ਨਘੋੜੇ
ਦਰਦ ਦੁਕਾਨ ਲਲਾਰੀ ਗ਼ਮ ਦੀ, ਵਲ ਵਲ ਦੇਂਦਾ ਬੋੜੇ ਚਣ੍ਹਨ ਮਰੋੜੇ
ਧੋਬੀ ਜ਼ੋਰੀ ਤੇ ਮੈਂ ਕਮਜ਼ੋਰੀ ਦੇ ਪਟਕਾਰ ਨਚੋੜੇ ਪਲਕ ਨਾ ਛੋੜੇ
ਆਖ ਸਤਾਰ ਕਰਾਂ ਸ਼ੁਕਰਾਨਾ ਜੇ ਸ਼ਹੁ ਵਾਗਾਂ ਮੋੜੇ ਪ੍ਰੀਤ ਨਾ ਤੋੜੇ।
ਮਾਘ ਬਸੰਤ ਖ਼ੁਸ਼ੀ ਦੀ ਘਰ ਘਰ ਘਰ ਘਰ ਚੈਨ ਸੁਹਾਏ ਸ਼ਾਮ ਨ ਆਏ
ਬਾਗ਼ਾਂ ਸਬਜ਼ ਪੁਸ਼ਾਕਾਂ ਲਾਈਆ ਹਾਰ ਫੁਲਾਂ ਗਲ ਪਾਏ ਸ਼ਾਮ ਨਾ ਆਏ
ਭੌਰਾਂ ਆਸ ਸੱਜਣ ਦੇ ਕਾਰਨ ਸੁਕਦਿਆਂ ਸਾਲ ਲੰਘਾਏ ਸ਼ਾਮ ਨਾ ਆਏ
ਆਖ ਸਤਾਰ ਜੁਦਾਈ ਵਾਲੇ ਬੁਲਬੁਲ ਬਾਗ਼ ਸੁਕਾਏ ਸ਼ਾਮ ਮਨਾਏ।੧੧।



Sri Satguru Jagjit Singh Ji eLibrary NamdhariElibrary@gmail.com

ਫੱਗਣ ਫੇਰ ਸੱਜਣ ਘਰ ਆਵਣ ਹਾਲ ਦਸਾਂ ਲੜ ਭਿੜ ਕੇ ਹੰਝੂ ਭਰ ਕੇ
ਸਿੱਪਾਂ ਸਰਦ ਹੋਸੀ ਕਦ ਸੀਨਾ ਜਲ ਗਏ ਜਲ ਵਿਚ ਵੜਕੇ ਹਿਜਰੋਂ ਸੜ ਕੇ
ਆਬਹਿਯਾਤ ਸਕੰਦਰ ਵਾਂਗੂੰ ਸੂਲ ਜਿਗਰ ਵਿਚ ਜਰ ਕੇ ਪਹੁੰਚੀ ਮਰ ਕੇ
ਖ਼ੈਰ ਸਤਾਰ ਮੰਗਾਂ ਸਰਕਾਰੋਂ ਨਬੀ ਵਸੀਲਾ ਧਰ ਕੇ ਸਿਜਦਾ ਕਰ ਕੇ ।

ਫੱਗਣ ਫੁਲ ਨਾ ਭਾਵਨ ਮੈਨੂੰ ਅਖੀਂ ਹੰਝੂ ਜਾਰੀ ਵਹਿਣ ਝਲਾਰੀ
ਕਰ ਤਖਤਾ ਤਰਖਾਣ ਇਸ਼ਕ ਵੇ ਸਿਰ ਤੋਂ ਧਰ ਕੇ ਆਰੀ ਚੀਰ ਉਤਾਰੀ
ਆ ਮਿਲ ਯਾਰ ਨਾ ਜਾਵੇ ਟੁਰਦੀ ਤੈਂ ਬਿਨ ਜਾਨ ਪਿਆਰੀ ਜਾਂਦੀ ਵਾਰੀ
ਕਸਮ ਸਤਾਰ ਤੇਰੇ ਕਦਮਾਂ ਤੇ ਮੈਂ ਸਦਕੇ ਬਲਿਹਾਰੀ ਉਮਰਾਂ ਸਾਰੀ ।

ਫੱਗਣ ਫਿਰਾਂ ਦੀਵਾਨੀ ਹੋ ਕੇ ਜੰਗਲ ਬੇਲੇ ਭਾਲੇ ਬਿਰਹੋਂ ਵਾਲੇ
ਭੁਲੀ ਅਕਲ ਜ਼ੁਲੈਖਾਂ ਵਾਂਗੂੰ ਪੀਤੇ ਮਸਤ ਪਿਆਲੇ ਮਸਤਾਂ ਵਾਲੇ
ਉਲਟ ਗਈ ਸ਼ਤਰੰਜ ਤਮਾਮੀ ਭੁਲੀਆਂ ਪਹਿਲੇ ਚਾਲੇ ਜਾਂਦੀ ਨਾਲੇ
ਉਠ ਸਤਾਰ ਪੀਆ ਵੱਲ ਚਲੀਏ ਪਾ ਮੁੰਦਰਾਂ ਕੰਨ ਬਾਲੇ ਜੋਗੀਆਂ ਵਾਲੇ ।

ਫੱਗਣ ਫਿਰੀ ਬਹਾਰ ਗ਼ਮਾਂ ਦੀ ਹਰ ਹਰ ਰੰਗ ਸੁਹਾਵੇ ਜੇ ਸ਼ਹੁ ਆਵੇ
ਚੁਣ ਚੁਣ ਹਾਰ ਸਈਆਂ ਗਲ ਪਾਵਣ ਪਹਿਨਣ ਸੂਹੇ ਸਾਵੇ ਜੇ ਸ਼ਹੁ ਆਵੇ
ਵੱਸ ਪਏ ਸ਼ਹੁ ਮਿਲਸੀ ਮੈਨੂੰ ਸ਼ਾਲਾ ! ਖੈਰ ਸੁਹਾਵੇ ਖੈਰੀਂ ਆਵੇ
ਖੈਰ ਸਤਾਰ ਖਜ਼ਾਨੇ ਰੱਬ ਦੇ ਫਜ਼ਲ ਕਰਮ ਕਰ ਪਾਵੇ ਜੇ ਉਸ ਭਾਵੇ ।੧੨।





Sri Satguru Jagjit Singh Ji eLibrary NamdhariElibrary@gmail.com

# ੪੧. ਬਾਰਾਂਮਾਹ ਬਾਵਾ ਦੇਸਰਾਜ

ਕਾਫ਼ੀ ਪਹਾੜੀ ਤਾਰ ਧਮਾਰ

ਚੇਤਰ ਚੜ੍ਹਿਆ ਮੈਂ ਉਠ ਧਾਈਆਂ, ਪਹਿਲੇ ਪ੍ਰੇਮ ਨਗਰ ਵਿਚ ਆਈਆਂ
ਅਜਬ ਦਵਾਈ ਪ੍ਰੇਮ ਖਵਾਈ, ਤਨ ਮਨ ਅੰਦਰ ਹੋਈ ਸਫਾਈ
ਲਾਜਾਂ ਸ਼ਰਮਾਂ ਚਾ ਉਠਾਈਆਂ, ਦਿਨ ਦਿਨ ਪੌਣ ਉਦਾਸੀ ਰਮਕੀ
ਅਗਨੀ ਪ੍ਰੇਮ ਤਿਵੇਂ ਤਿਉਂ ਚਮਕੀ, ਭੜਕੀ ਲਾਟ ਪੀਆ ਦੇ ਗ਼ਮ ਦੀ
ਸਭ ਚਤਰਾਈਆਂ ਪ੍ਰੇਮ ਜਲਾਈਆਂ
ਖੁਲ੍ਹੇ ਸ਼ਗੂਫੇ ਬਾਗ਼ ਬਹਾਰਾਂ, ਵਿਚ ਬਾਗ਼ਾਂ ਖਿੜੀਆਂ ਗੁਲਜ਼ਾਰਾਂ
ਕਰਣੇ ਗਲਗਲ ਅੰਬ ਅਨਾਰਾਂ, ਬਾਝ ਪੀਆ ਮਨ ਮੂਲ ਨਾ ਭਾਈਆਂ
ਜਿਸ ਘਰ ਕੰਤ ਸੁਹਾਗਣ ਸਾਂਈ, ਸਭ ਗੁਲਜ਼ਾਰ ਤਿਸੇ ਬਣ ਆਈ
ਦੇਖ ਦੁਹਾਗਣ ਜੀਵ ਜਲਾਈ, ਪੀਆ ਵਿਛੋੜੇ ਅਗਨ ਤਪਾਈਆਂ
ਪੀਆ ਵਿਛੜੀ ਹੌਂ ਫਿਰਾਂ ਦੁਹਾਗਣ, ਪ੍ਰੇਮ ਪੀਆ ਮੈਂ ਭਈ ਬਿਰਾਗਣ
ਜੋਬਨ ਜਾਂਦਾ ਸੁਨੋ ਸੁਹਾਗਨ, ਪ੍ਰੀਤਮ ਵਿਛੜੀ ਦਿਆਂ ਦੁਹਾਈਆਂ
ਜਿਸ ਗੁਣ ਆਲੀ ਪ੍ਰੀਤਮ ਪਾਵਾਂ, ਕਹੋ ਸੋਈ ਮੈਂ ਜਤਨ ਕਮਾਵਾਂ
ਤੁਹ ਆਗੇ ਬਿਨ ਮੋਲ ਵਿਕਾਵਾਂ, ਮੈਂ ਦੁਖਿਆਰੀ ਕਰੋ ਦਵਾਈਆਂ
ਚੇਤਰ ਗੁਜ਼ਰ ਗਿਆ ਹੁਣ ਪਿਆਰੀ, ਵਾਟ ਨਾ ਸੁਝਦੀ ਰੈਨ ਅੰਧਾਰੀ
ਪੰਥ ਬਤਾਵੇ ਮੈਂ ਬਲਹਾਰੀ, ਦੇਸਰਾਜ ਮੈਂ ਘੋਲ ਘੁਮਾਈਆਂ ।੧।

ਕਾਫੀ ਵਡਹੰਸ ਤਾਰ ੩

ਚੜ੍ਹੇ ਵਿਸਾਖ ਵਿਸਾਖੀ ਸ਼ੋਰ, ਮੇਲਾ ਕੁੰਭ ਗੰਗਾ ਪਰ ਜ਼ੋਰ
ਹੋਰ ਘਣੇ ਮੇਲੇ ਬਤਲਾਵਣ, ਰਲ ਮਿਲ ਲੋਕ ਜਹਾਂ ਚਲ ਆਵਣ
ਇਕ ਨ੍ਹਾਵਣ ਇਕ ਖਾਵਣ ਗਾਵਣ, ਢੋਲ ਦਮਾਮੇਂ ਬਹੁ ਘਨਘੋਰ
ਬਿਨ ਮੇਲੀ ਮੇਲਾ ਨਾਹੀਂ ਭਾਵੇ, ਝੂਠੇ ਮੇਲੇ ਕਿਆ ਹੱਥ ਆਵੇ
ਪੰਧ ਧੂੜ ਧੱਕੇ ਬਹੁ ਖਾਵੇ, ਦੁਖਦਾਈ ਸਭ ਮੇਲੇ ਹੋਰ।
ਜਿਸ ਘਰ ਕੰਤ ਸਦਾ ਤਿਸ ਮੇਲੇ, ਸਭ ਦਿਨ ਹਾਰ ਸ਼ਿੰਗਾਰ ਸੁਹੇਲੇ
ਖੁਸ਼ੀਆਂ ਚੈਨ ਸਦਾ ਹਰ ਵੇਲੇ, ਸੋਈ ਸੁਹਾਗਣ ਸਭ ਸਿਰਮੌਰ
ਭਾਲ ਪੀਆ ਦੀ ਕਰ ਕਰ ਥੱਕੀਆਂ, ਦੇਖਤ ਦੇਖਤ ਅੱਖੀਆਂ ਪਕੀਆਂ।



Sri Satguru Jagjit Singh Ji eLibrary NamdhariElibrary@gmail.com

ਗੰਗ ਬਨਾਰਸ ਫਿਰ ਫਿਰ ਅੱਕੀਆਂ, ਢੂੰਢ ਫਿਰੀ ਸਾਜਨ ਸਭ ਓਰ।
ਤੀਰਥ ਧਾਮ ਸਭੀ ਫਿਰ ਦੇਖੇ, ਜਪ ਤਪ ਵਰਤ ਘਣੇ ਕਰ ਵੇਖੇ
ਜੋਤਸ ਤੰਤਰ ਮੰਤ੍ਰ ਪੇਖੇ, ਗੈਲ ਫਿਰੇਂ ਪਾਂਚੋ ਠੱਗ ਚੋਰ।
ਬਿਨ ਪੀਆ ਦੇਖ ਅਕੇਲੀ ਧਾਵਨ, ਪਾਂਚੋਂ ਚੋਰ ਪਾਂਚੋਂ ਠੱਗ ਆਵਨ
ਦੇਖ ਅਨਾਥਨ ਲੁਟ ਲੁਟ ਖਾਵਨ, ਇਨ ਦੋਨੋ ਪੀਆ ਮੋਹ ਵਿਛੋਰ।
ਗੁਜ਼ਰ ਵਿਸਾਖ ਗਿਆ ਹੁਣ ਸਾਰਾ, ਅਬਲਗ ਮਿਲਿਉ ਨਾ ਪ੍ਰਾਨ ਪਿਆਰਾ
ਦੇਖ ਫਿਰੀ ਸਭ ਪੰਥ ਦੁਆਰਾ, ਦੇਸ ਰਾਜ ਪ੍ਰੀਤਮ ਹੱਥ ਡੋਰ।੨।

## ਕਾਫ਼ੀ ਸਿੰਧੜਾ ਤਾਰ ੩

ਆਇਆ ਜੇਠ ਜ਼ਾਲਮ ਜਲਾਦ ਸਈਆਂ, ਕੀਤੇ ਬਿਰਹੋਂ ਦੇਖ ਫਸਾਦ ਸਈਆਂ
ਚੜ੍ਹਦੇ ਜੇਠ ਧੁੱਪਾਂ ਕੜਕਾਰੇ, ਗਰਮ ਹਵਾਈ ਅਗਨ ਫੁਹਾਰੇ
ਝੜਨ ਅਕਾਸ਼ੋਂ ਅਗਨ ਅੰਗਾਰੇ, ਬਿਨ ਪ੍ਰੀਤਮ ਜੀਵਣ ਬਾਦ ਸਈਆਂ।
ਜਿੰਦੜੀ ਬਿਰਹੋਂ ਅਗਨ ਤਪਾਈ, ਤਪਦੀ ਸਿਕਦੀ ਦਿਆਂ ਦੁਹਾਈ
ਬਿਨ ਪ੍ਰੀਤਮ ਜੀਉੜਾ ਜਲ ਜਾਈਂ, ਗਿਆ ਜੋਬਨ ਸਭ ਬਰਬਾਦ ਸਈਆਂ।
ਦਿਲ ਜਾਨੀ ਅਜੇ ਨਾ ਆਇਆ ਹੈ, ਤਨ ਬਿਰਹੋਂ ਅਲੰਬਾ ਲਾਇਆ ਹੈ
ਸਭ ਹੋਸ਼ ਜਹਾਨ ਭੁਲਾਇਆ ਹੈ, ਭੁਲੇ ਸਭ ਜਹਾਨ ਸਵਾਦ ਸਈਆਂ।
ਇਸ ਮੌਸਮ ਸਖਤ ਅੰਧੇਰੀਆਂ ਮੈਂ, ਰਖਾਂ ਨਿਤ ਉਡੀਕਾਂ ਤੇਰੀਆਂ ਮੈਂ
ਰਹੀ ਸਜਣਾ! ਕੂਕ ਬਤੇਰੀਆਂ ਮੈਂ, ਕਰੀਂ ਉਜੜੇ ਬਾਗ਼ ਅਬਾਦ ਸਈਆਂ।
ਵਿਚ ਜੰਗਲ ਮੈਂ ਰਹੀ ਭਾਲ ਮਾਹੀ, ਤੇਰੀ ਅਜਬ ਡਿਠੀ ਕੋਈ ਚਾਲ ਮਾਹੀ
ਤੁਝ ਵਿਛੜੇ ਪਏ ਜੰਜਾਲ ਮਾਹੀ, ਕਦੇ ਮਿਹਰ ਕਰਹੁ ਕਰ ਯਾਦ ਸਈਆਂ।
ਸਾਰਾ ਜੇਠ ਗਿਆ ਕੁਰਲਾਂਦੀ ਨੂੰ, ਕਦੇ ਆਣ ਮਿਲਹੁ ਇਸ ਬਾਂਦੀ ਨੂੰ
ਦੇਹੁ ਧੀਰਜ ਇਸ ਜਿੰਦ ਜਾਂਦੀ ਨੂੰ, ਦੇਸਰਾਜ ਸੁਣਹੁ ਫਰਿਆਦ ਸਈਆਂ।

## ਕਾਫ਼ੀ ਦੇਸ, ਤਾਰ ੩

ਚੜ੍ਹਿਆ ਹਾੜ ਮਹੀਨਾ ਆਲੀ, ਬਿਰਹੋਂ ਅਗਨਿ ਚੁਤਰਫੋਂ ਬਾਲੀ
ਹਾੜ ਹਵਾੜ ਉਠਣ ਚਉਫੇਰੇ, ਲਾਟ ਬਿਰਹੋਂ ਉਠਦੀ ਦਿਲ ਮੇਰੇ
ਕਰ ਕਰ ਥਕੀਆਂ ਜਤਨ ਬਤੇਰੇ, ਜਲ ਗਏ ਬਾਗ ਨ ਆਇਆ ਮਾਲੀ।
ਘਰ ਬੈਠਣ ਦਿਲ ਮੂਲ ਨ ਭਾਂਦੀ, ਵਲਿ ਵਲਿ ਫੇਰ ਜੰਗਲ ਵਲ ਜਾਂਦੀ
ਜੰਗਲ ਜਾਂਦੀ ਧੂਪ ਜਲਾਂਦੀ, ਫਿਰਨ ਵਰੋਲੇ ਧੂੜ ਉਠਾਲੀ।
ਬੱਦਲ ਨਜ਼ਰ ਕਿਤੇ ਨਹੀਂ ਆਵੇ, ਚਾਤ੍ਰਿਕ ਜਿਉਂ ਜੀਉੜਾ ਬਿਲਲਾਵੇ
ਜਿਵੇਂ ਪਪੀਹਾ ਕੂਕ ਸੁਣਾਵੇ, ਸਾਜਨ ਮੇਘ ਨਜ਼ਰ ਨਹੀਂ ਭਾਲੀ।
ਜਿਉਂ ਮਿਰਗ ਥਲ ਵਿਚ ਨੀਰ ਪਿਆਸਾ, ਮਰੁ ਥਲ ਨੀਰ ਨਹੀ ਘਰ ਆਸਾ
ਸਭ ਦਿਨ ਭਟਕਤ ਫਿਰਤ ਉਦਾਸਾ, ਜਲ ਬਿਨ ਦੇਖਿਓ ਸਭ ਥਲ ਖਾਲੀ।



Sri Satguru Jagjit Singh Ji eLibrary NamdhariElibrary@gmail.com

ਹੈ ਕੋਈ ਸਾਜਨ ਆਨਿ ਮਿਲਾਵਹੁ, ਬਿਰਹੋਂ ਅਗਨੀ ਤਪਤ ਬੁਝਾਵਹੁ
ਮੇਘ ਮੇਹਰ ਕੋਈ ਆਨਿ ਬਸਾਵਹੁ, ਪੀਆ ਵਿਛੋੜੇ ਜਿੰਦੜੀ ਜਾਲੀ।
ਗੁਜ਼ਰ ਗਿਆ ਸਭ ਹਾੜ ਮਹੀਨਾ, ਤੜਫ ਰਹੀ ਜਿਉਂ ਜਲ ਬਿਨ ਮੀਨਾ
ਜੀਵਨ ਸਾਜਨ ਮਿਲਣ ਅਧੀਨਾ, ਦੇਸਰਾਜ ਘਰ ਆਵੇ ਵਾਲੀ। ੪।

ਕਾਫ਼ੀ ਮਲਾਰ, ਤਾਰ ੩

ਸੁਣੋ ਸਖੀ ਅਬ ਸਾਵਣ ਆਇਆ, ਜਾਨੀ ਯਾਰ ਨਾ ਫੇਰਾ ਪਾਇਆ
ਬਿਰਹੋਂ ਬੱਦਲ ਬਣ ਬਣ ਆਵਣ, ਬਿਜਲੀ ਕੜਕੇ ਚਮਕ ਡਰਾਵਣ
ਸ਼ਾਮ ਘਟਾਂ ਨਿਸਦਿਨ ਬਰਸਾਵਣ, ਭਰ ਭਰ ਤਾਲ ਨੈਣ ਉਛਲਾਇਆ।
ਮੇਰੇ ਨੈਣ ਪ੍ਰਨਾਲੇ ਚਲ ਪਏ, ਨਦੀਆਂ ਨਾਲੇ ਭਰ ਭਰ ਹਲ ਪਏ
ਰਹਿਣ ਨਾ ਰੋਕੇ ਸਿੰਧ ਉਛਲ ਪਏ, ਚਾਹਿਤ ਸਾਜਣ ਸਿੰਧ ਸਮਾਇਆ।
ਦਾਦਰ ਮੋਰ ਪਪੀਹੇ ਸਾਰੇ, ਨਾਚਤ ਕੂਦਤ ਕੂਕ ਪੁਕਾਰੇ
ਰੋਂਦੇ ਪਾਪੀ ਨੈਣ ਹਮਾਰੇ, ਪੀਯਾ ਨਾ ਦਰਸ਼ਨ ਮੇਘ ਵਸਾਇਆ।
ਸਾਵਣ ਬਰਸਣ ਮੇਘ ਮਲਾਰਾਂ, ਹਾਥੀ ਸੁੰਡ ਪੜਨ ਜਲ ਧਾਰਾਂ
ਮੈਂ ਬਿਰਹੋਂ ਵਿਚ ਜਲਾਂ ਪੁਕਾਰਾਂ, ਚੰਦਨ ਚੰਦ ਨ ਦਾਹ ਬੁਝਾਇਆ।
ਕੱਲਰ ਖੇਤ ਬੀਜ ਮੈਂ ਪਾਏ, ਭੁੰਨੇ ਬੀਜ ਨਾ ਖੇਤ ਜਮਾਏ
ਪਾਣੀ ਦਿੱਤੇ ਦੂਣ ਸਵਾਏ, ਮਿਲਸੀ ਅਪਣਾ ਕਰਮ ਕਮਾਇਆ।
ਇਸ ਬਿਧ ਸਾਵਣ ਗਿਆ ਵਿਹਾਇ, ਰਾਤ ਦਿਨੇ ਰਹੀਆਂ ਕੁਰਲਾਇ
ਅਬ ਲਗ ਪੀਯਾ ਨਾ ਮਿਲਿਆ ਆਇ, ਦੇਸਰਾਜ ਮਨ ਬ੍ਰਿਹੋਂ ਤਪਾਇਆ।੫।

ਕਾਫ਼ੀ ਧਨਾਸਰੀ ਤਾਰ ੩

ਭਾਦਰੋਂ ਬੱਦਲ ਫੜੀ ਉਦਾਸੀ, ਭਾਗ ਬਿਨਾਂ ਕਿਛ ਹਾਥ ਨਾ ਆਸੀ
ਸਾਜਣ ਮੁਦਤ ਘਣੀ ਲਗਾਈ, ਹੁਣ ਜੀਵਣ ਦੀ ਆਸ ਨਾ ਕਾਈ
ਸੁਖ ਵਿਚ ਵੱਸਦੀ ਸਰਬ ਲੁਕਾਈ, ਮੈਨੂੰ ਦੇਖ ਕਰਨ ਸਭ ਹਾਸੀ।
ਪ੍ਰੇਮ ਪੀਯਾ ਦੇ ਚਾਟਾਂ ਲਾਈਆਂ, ਥਈ ਥਈ ਕਰ ਨਾਚ ਨਚਾਈਆਂ
ਪ੍ਰੇਮ ਕਲੰਦਰ ਰਿੱਛ ਬਣਾਈਆਂ, ਖਬਰ ਨਹੀਂ ਕਬ ਤਲਕ ਨਚਾਸੀ।
ਪ੍ਰੇਮ ਕੀ ਰੀਤ ਸਰਬ ਤੇ ਨਿਆਰੀ, ਲਾਜ ਸ਼ਰਮ ਹੁਣ ਵਹਿ ਗਈ ਸਾਰੀ
ਕੀਤੀ ਜੱਗ ਵਿਚ ਘਣੀ ਖੁਆਰੀ, ਕਿਆ ਜਾਨੇ ਸਾਜਣ ਕਬ ਆਸੀ।
ਜਬ ਲਗ ਸਾਜਣ ਘਰ ਨਹੀਂ ਆਵੇ, ਖਾਵਣ ਪੀਵਣ ਨੀਂਦ ਨਾ ਭਾਵੇ
ਹਾਰ ਸ਼ਿੰਗਾਰ ਨਾ ਮੂਲ ਸੁਹਾਵੇ, ਗਲ ਵਿਚ ਪਈ ਪ੍ਰੇਮ ਦੀ ਫਾਸੀ।
ਹਾਰ ਸ਼ਿੰਗਾਰ ਸੁਹਾਗਣ ਲਾਏ, ਅਤਰ ਅੰਬੀਰ ਫੁਲੇਲ ਮੰਗਾਏ
ਜੋ ਚਾਹੇ ਸੋਈ ਵੇਸ ਬਣਾਏ, ਸੋਈ ਸ਼ਿੰਗਾਰ ਸੋਈ ਬਣ ਜਾਸੀ।
ਕਿਸਨੂੰ ਹਾਰ ਸ਼ਿੰਗਾਰ ਦਿਖਾਵਾਂ, ਰੋਂਦੀ ਪਿਟਦੀ ਰੋਜ਼ ਬਿਤਾਵਾਂ
ਭਾਦਰੋਂ ਗੁਜ਼ਰ ਗਿਆ ਸੁਖੀ ਸਾਵਾਂ, ਦੇਸਰਾਜ ਕਬ ਮੁਖ ਦਿਖਲਾਸੀ।੬।



Sri Satguru Jagjit Singh Ji eLibrary NamdhariElibrary@gmail.com

### ਕਾਫ਼ੀ ਦੇਸ਼ ਤਾਰ ੩ ਲੰਮੇ

ਅੱਸੂ ਅਸਾਂ ਤੁਸਾਡੀ ਤਾਂਘ ਪੀਯਾ, ਤੇਰੇ ਪ੍ਰੇਮ ਲਗਾਈ ਸਾਂਗ ਪੀਯਾ
ਹੋਈ ਘਾਇਲ ਪਈ ਪੁਕਾਰਦੀ ਹਾਂ, ਮੈਂ ਬਾਂਦੀ ਤੈਂ ਦਰਬਾਰ ਦੀ ਹਾਂ
ਨਿੱਤ ਭੁਖੀਆਂ ਯਾਰ ਦੀਦਾਰ ਦੀ ਹਾਂ, ਰਹੀ ਹੋਰ ਨਹੀਂ ਕੁਝ ਮਾਂਗ ਪੀਯਾ ।
ਧਨ ਮਾਲ ਨਾ ਕੁਝ ਧਿਆਨ ਕਰਾਂ, ਤੇਰੇ ਦਰਸ਼ਨ ਤੋਂ ਕੁਰਬਾਨ ਕਰਾਂ
ਤਨ ਮਨੂਆ ਵਾਰ ਜਹਾਨ ਧਰਾਂ, ਦੇਹੋ ਦਰਸ਼ਨ ਕਰ ਰਹੀ ਚਾਂਗ ਪੀਯਾ ।
ਨਿੱਤ ਨਾਮ ਤੇਰਾ ਬਹਿ ਜਪਦੀ ਹਾਂ, ਤੇਰੇ ਕਾਰਨ ਨਿੱਤ ਤਪ ਤਪਦੀ ਹਾਂ
ਚੜ੍ਹ ਪ੍ਰੇਮ ਚਿਖਾ ਕਿਉਂ ਛਪਦੀ ਹਾਂ, ਹੁਣ ਦੇਣਾ ਰਹਿ ਗਿਆ ਦਾਗ ਪੀਯਾ ।
ਨਿੱਤ ਸਜਣਾ ਕਾਗ ਉਡਾਇ ਰਹੀ, ਕਈ ਰਮਲਾਂ ਔਂਸੀਆਂ ਪਾਇ ਰਹੀ
ਕਈ ਪੀਰ ਫਕੀਰ ਮਨਾਇ ਰਹੀ, ਰਹੀ ਦੇਖ ਮਿਲਣ ਦੀ ਤਾਂਘ ਪੀਯਾ ।
ਵਾਹ ਸੱਜਣ ਵਾਹ ਵਾਹ ਸੱਜਣ, ਕਦੇ ਘੁੰਡ ਅਸਾਂ ਤੋਂ ਲਾਹ ਸੱਜਣ
ਤੇਰੀ ਚਾਹਿ ਸੱਜਣ ਲੱਗੀ ਭਾਹਿ ਸੱਜਣ,ਪਈ ਵਿਚ ਥਲ ਦੇ ਸੱਸੀ ਵਾਂਗ ਪੀਯਾ ।
ਅੱਸੂ ਗੁਜ਼ਰ ਗਿਆ ਤੇਰੀ ਆਸ ਮੈਨੂੰ, ਦੁਖ ਰੂਪ ਰਿਹਾ ਜੱਗ ਭਾਸ ਮੈਨੂੰ
ਨਹੀਂ ਭਾਵੇਂ ਤਨ ਮਨ ਸੁਆਸ ਮੈਨੂੰ, ਦੇਸਰਾਜ ਸੁਣੋ ਮੇਰੀ ਬਾਂਗ ਪੀਯਾ ।੭।

### ਕਾਫ਼ੀ ਤਿਲੰਗ ਤਾਰ ਢਈਆ

ਕੱਤੇ ਕਾਲੇ ਰੰਗ ਵਟਾਇ ਗਏ, ਕਊਏ ਹੰਸਾਂ ਸ਼ਕਲ ਬਣਾਇ ਗਏ ।
ਬਿਨ ਸਾਜਣ ਰਹੇ ਕੁਰਲਾਇ ਕਊਏ, ਗਏ ਜੋਬਨ ਸਾਰਾ ਖਾਇ ਕਊਏ
ਰਹੇ ਗੰਦਗੀ ਪ੍ਰੀਤ ਲਗਾਇ ਕਊਏ, ਹੁਣ ਹੰਸ ਸ਼ਕਲ ਬਣ ਆਇ ਗਏ ।
ਹੁਣ ਹੰਸਾਂ ਕਰ ਪ੍ਰਿਤਪਾਲ ਪੀਯਾ, ਇਨ ਮੋਤੀ ਚੋਗ ਖਵਾਲ ਪੀਯਾ
ਦਿਹੋ ਦਰਸ਼ਨ ਹੋਣ ਨਿਹਾਲ ਪੀਯਾ, ਕਈ ਭੁੱਖਿਆਂ ਦਿਵਸ ਵਿਹਾਇ ਗਏ ।
ਨਿੱਤ ਬੈਠੇ ਪੰਖ ਸਵਾਰਦੇ ਨੀ, ਮਨ ਉਡਣ ਵਿਚਾਰ ਵਿਚਾਰਦੇ ਨੀ
ਇਹ ਪਿਆਸੇ ਯਾਰ ਦੀਦਾਰ ਦੇ ਨੀ, ਇਨ ਹੰਸਾਂ ਬਾਝ ਤਕਾਇ ਗਏ ।
ਤੁਝ ਬਾਝੋਂ ਹੰਸ ਹੈਰਾਨ ਸੱਜਣ, ਇਹ ਤਬ ਲਗ ਬਗਲੇ ਜਾਣ ਸੱਜਣ
ਨਿੱਤ ਚੁਣ ਚੁਣ ਮੱਛੀਆਂ ਖਾਣ ਸੱਜਣ, ਇਨ ਗੰਦੇ ਟੋਭੇ ਭਾਇ ਗਏ ।
ਇਹ ਮਾਨ ਸਰੋਵਰ ਪਾਵਣਗੇ, ਤਬ ਅਸਲੀ ਹੰਸ ਕਹਾਵਣਗੇ
ਜਦ ਮੋਤੀ ਚੁਣ ਚੁਣ ਖਾਵਣਗੇ, ਤਬ ਬਾਜ਼ ਸਿਰੋਂ ਇਹ ਖਾਇ ਗਏ ।
ਸਭ ਕੱਤੇ ਗਿਆ ਕੂਕੇਂਦਿਆਂ ਨੂੰ, ਦਿਨ ਗੁਜ਼ਰੇ ਰਾਹ ਤਕੇਂਦਿਆਂ ਨੂੰ
ਕੱਢ ਬ੍ਰਿਹੋਂ ਅਗਨ ਜਲੇਂਦਿਆਂ ਨੂੰ, ਦੇਸ ਰਾਜ ਪੀਯਾ ਦੁਖ ਲਾਇ ਗਏ ।੮।

### ਕਾਫ਼ੀ ਰਾਮਕਲੀ ਤਾਰ ਧਮਾਰ

ਮੱਘਰ ਮਾਸ ਪ੍ਰੇਮ ਦੀਆਂ ਲਟਕਾਂ, ਡਿੱਠੀਆਂ ਵਾਂਗ ਕਬੂਤਰ ਫਟਕਾਂ
ਲਗਾ ਸ਼ੌਕ ਹੋਈ ਮਸਤਾਨੀ, ਆਖਣ ਸਾਰੇ ਲੋਕ ਦੀਵਾਨੀ



Sri Satguru Jagjit Singh Ji eLibrary NamdhariElibrary@gmail.com

ਦਿਲ ਦੀ ਮਰਜ਼ ਕਿਸੇ ਨਹੀਂ ਜਾਣੀ, ਲਈ ਲੁਟ ਬ੍ਰਿਹੋਂ ਦੇ ਕਟਕਾਂ।
ਸੋਹਣੀ ਵਾਂਗ ਤਿਖੇ ਦਰਿਆਇ ਪਈਆਂ, ਸੱਸੀ ਵਾਂਗ ਥਲਾਂ ਵਿਚ ਆਇ ਪਈਆਂ
ਜਿਵੇਂ ਹੀਰ ਖੇੜਿਆਂ ਵਿਚ ਜਾਇ ਪਈਆਂ, ਬੁਰੀਆਂ ਸਖ਼ਤ ਪ੍ਰੇਮ ਦੀਆਂ ਚਟਕਾਂ।
ਬਿਨ ਪ੍ਰੀਤਮ ਜਾਣ ਨਾ ਦੁਖ ਮੇਰੇ, ਨਹੀਂ ਤਬ ਲਗ ਤਨ ਮਨ ਸੁਖ ਮੇਰੇ
ਪੀਯਾ ਦਰਸ਼ਨ ਦੀ ਨਿੱਤ ਭੁੱਖ ਮੇਰੇ, ਬਿਨ ਪ੍ਰੀਤਮ ਕਹੀਂ ਨਾ ਮੈਂ ਅਟਕਾਂ।
ਇਹ ਚੰਦ ਸਲੂਕ ਜਹਾਨ ਸਾਰਾ, ਦਿੱਸੇ ਕਾਗ ਦੀ ਵਿਠ ਸਮਾਨ ਸਾਰਾ
ਸਮ ਸਰਦ ਹੋਵੇ ਮੁਝ ਭਾਨ ਸਾਰਾ, ਇਸ ਝੂਠੇ ਮਗਰ ਨਾ ਮੈਂ ਭਟਕਾਂ।
ਇਕੇ ਪਾਸ ਪੀਯਾ ਦੇ ਜਾਵਾਂਗੀ, ਮਿਲ ਸਾਜਣ ਸਭ ਸੁਖ ਪਾਵਾਂਗੀ
ਇਕੇ ਅਗਨੀ ਦੇਹ ਜਲਾਵਾਂਗੀ, ਨਹੀਂ ਸਿੰਧ ਹਿਮਾਚਲ ਤਨ ਪਟਕਾਂ।
ਗਿਆ ਮੱਘਰ ਝੋਰੇ ਝੁਰਦੀ ਨੂੰ, ਪੀਯਾ ਮਿਲੇ ਨਾ ਆਇ ਆਜ਼ੁਰਦੀ ਨੂੰ
ਹੁਣ ਕਿਆ ਕਰਸਾਂ ਜਿੰਦ ਮੁਰਦੀ ਨੂੰ, ਦੇਸਰਾਜ ਰਹੀ ਕਰ ਬਹੁ ਹਟਕਾਂ।੯।

ਕਾਫੀ ਭੈਰਵੀ ਤਾਰ ਧਮਾਰ

ਚੜ੍ਹਿਆ ਪੋਹ ਪੀਯਾ ਨਹੀਂ ਆਇਆ, ਉਪਰ ਸਖ਼ਤ ਸਿਆਲਾ ਆਇਆ
ਕਰ ਕਰ ਥੱਕੀਆਂ ਜਤਨ ਬਥੇਰਾ, ਅਬ ਲਗ ਪੀਯਾ ਨ ਕੀਤਾ ਫੇਰਾ
ਮੁਸ਼ਕਲ ਦਿਸਦਾ ਜੀਵਨ ਮੇਰਾ, ਪੀਯਾ ਵਿਛੋੜੇ ਮਾਰ ਮੁਕਾਇਆ।
ਸਰਦੀ ਜ਼ੋਰ ਦਿਨੋਂ ਦਿਨ ਪਾਵੇ, ਸੇਜ ਅਕੇਲੀ ਜੀਉ ਡਰਾਵੇ
ਲੇਫ ਨਿਹਾਲੀ ਖਾਵਣ ਆਵੇ, ਬਿਨ ਪੀਆ ਮਨ ਮਛਲੀ ਤੜਫਾਇਆ।
ਸਖੀਆਂ ਪਾਸ ਪੁਛਣ ਨਿਤ ਜਾਵਾਂ, ਕਹੋ ਸਖੀ! ਕਿਉਂ ਪ੍ਰੀਤਮ ਪਾਵਾਂ
ਜੋ ਪੀਆ ਭਾਵੇ ਵੇਸ ਲਗਾਵਾਂ, ਹੁਣ ਮੈਂ ਆਪਣਾ ਆਪ ਗਵਾਇਆ।
ਕਹੋ ਸਖੀ! ਤਨ ਅੱਗ ਜਲਾਈਏ, ਰੱਤੀ ਰੱਤੀ ਕਰ ਇਸ ਕਟਵਾਈਏ
ਚਾਹੇ ਸਾਗਰ ਬੀਚ ਰੁੜ੍ਹਾਈਏ, ਬਿਨ ਪ੍ਰੀਤਮ ਇਸ ਦੁਖ ਦਿਖਲਾਇਆ।
ਰੂਪ ਜੋਬਨ ਦੇ ਮਾਣ ਪਿਆਰੀ, ਮੈਂ ਭੁਲੀ ਪਾਪਣ ਹਤਿਆਰੀ
ਜਾਣ ਗੁਮਾਨਣ ਪੀਆ ਵਿਸਾਰੀ, ਮਘਰ ਸਾਰਾ ਸਖੀ! ਵਿਹਾਇਆ।
ਕਰ ਕਿਰਪਾ ਕੋਈ ਜੁਗਤਿ ਬਤਾਵੋ, ਸਰਣ ਪੜੀ ਪੀਆ ਆਣ ਮਿਲਾਵੋ
ਮੇਰੀ ਭੂਲ ਕਿਵੇਂ ਬਖਸ਼ਾਵੋ, ਦੇਸ ਰਾਜ ਮੈਂ ਦੁਖ ਪਾਇਆ।੧੦।

ਕਾਫ਼ੀ ਪੀਲੋ ਤਾਰ ਧਮਾਰ

ਮਾਘ ਚੜ੍ਹੇ ਮੌਸਮ ਫਿਰ ਆਈ, ਰਵਿ ਉਤਰਾਇਣ ਕੀਤੀ ਧਾਈ
ਕੀਤੀ ਮਿਹਰ ਸਈਆਂ ਨੇ ਭਾਰੀ, ਜਬ ਦੇਖਾ ਮੁਝ ਦੀਨ ਦੁਖਾਰੀ
ਪੜਦੇ ਅੱਖੀਆਂ ਦੀਏ ਉਤਾਰੀ, ਤਬ ਹੋਈ ਮੁਝ ਨਜ਼ਰ ਸਵਾਈ।
ਪਿਛੇ ਸਖੀਆਂ ਸੁਖਨ ਸੁਣਾਇਆ, ਕਹੋ ਸਖੀ! ਕਹਿ ਕੰਤ ਗਵਾਇਆ?
ਦੇਖ ਦਸੋ ਦਿਸ ਮੁਖ ਤੇ ਗਾਇਆ, ਦੂਰਬੀਨ ਇਕ ਹੱਥ ਪਕੜਾਈ।
ਜਬ ਦੇਖਾਂ ਮੈਂ ਨਜ਼ਰ ਪਸਾਰਾ, ਜਲ ਥਲ ਸਾਗਰ ਬਿਰਛ ਪਹਾਰਾ



Sri Satguru Jagjit Singh Ji eLibrary NamdhariElibrary@gmail.com

ਦੇਵ ਦੈਂਤ ਸਭ ਹੀ ਨਰ ਨਾਰਾ, ਸਾਜਨ ਸਭ ਘਟ ਰਿਹਾ ਸਮਾਈ ।
ਜਿਵੇਂ ਜੁਲਾਹਿਆ ਭਰਮ ਭੁਲਾਇਓ, ਨੌਂ ਗਿਣ ਦਸਵਾਂ ਆਪ ਡੁਬਾਇਓ
ਰੋਵਣ ਪਿਟਣ ਬਹੁ ਦੁਖ ਪਾਇਓ, ਤੈਸੇ ਹੀ ਮੈਂ ਭਰਮ ਭੁਲਾਈ ।
ਜਿਵੇਂ ਦਿਆਲੂ ਜਨ ਕੋਈ ਆਵੇ, ਦੁਖੀ ਜੁਲਾਹਿਆਂ ਦਸਮ ਦਿਖਾਵੈ
ਤੁਹੀ ਦਸਮ ਗਿਣ ਕਰ ਬਤਲਾਵੈ, ਸਖੀਆਂ ਸੰਤ ਰੀਤਿ ਸਮਝਾਈ ।
ਦੇਸ ਰਾਜ ਹੁਣ ਮਾਘ ਵਿਹਾਣਾ, ਕਰ ਗਏ ਸੰਸੇ ਦੁਖ ਚਲਾਣਾ
ਖੁਸ਼ੀਆਂ ਕੀਤਾ ਆਣ ਟਿਕਾਣਾ, ਮਿਲ ਪ੍ਰੀਤਮ ਨਉਨਿਧਿ ਘਰ ਪਾਈ ।੧੧।

### ਕਾਫ਼ੀ ਬਸੰਤ, ਤਾਰ ਸੁਲਫਾਖ਼ਤਾ

ਅਜ ਫਾਗਣ ਚੜ੍ਹਿਆ ਸਖੀ ਬਸੰਤ, ਹੋਰੀ ਖੇਲੋ ਮਿਲ ਕਰ ਕੰਤ
ਹਾਰ ਸ਼ਿੰਗਾਰ ਸਕਲ ਤਨ ਲਾਏ, ਚੰਦਨ ਅਤਰ ਅੰਬੀਰ ਮਲਾਏ
ਮੌਲੀ ਮਹਿੰਦੀ ਸੀਸ ਗੁੰਦਾਏ, ਤਨ ਮਨ ਖੁਸ਼ੀਆਂ ਅਜ ਬਿਅੰਤ ।
ਖਿੜੀਆਂ ਬਾਗ਼ੀਂ ਸਭ ਗੁਲਜ਼ਾਰਾਂ, ਰੰਗ ਬਸੰਤੀ ਫੁਲ ਹਜ਼ਾਰਾਂ
ਸਿਆਮ ਘਟਾਂ ਭੌਰੇ ਗੁੰਜਾਰਾਂ, ਕਰਣੇ ਖਿੜੇ ਗੁਲਾਬ ਅਨੰਤ ।
ਧਰਤੀ ਮੌਲੀ ਸਬਜ਼ ਸੁਹਾਈ, ਬਣ ਤ੍ਰਿਣ ਪਰਬਤ ਹੋਈ ਹਰਿਆਈ
ਹੋਰੀ ਕੀ ਅਜ ਧੂਮ ਧੁਮਾਈ, ਮੌਲ ਰਹੇ ਸਭ ਹੀ ਜਗ ਜੰਤ ।
ਮਿਲ ਸਭ ਸਖੀਆਂ ਸਾਂਵਲ ਗੋਰੀ, ਪ੍ਰੀਤਮ ਸੰਗ ਮਚਾਈ ਹੋਰੀ
ਭਰ ਪਿਚਕਾਰੀ ਮਾਰਤ ਚੋਰੀ, ਸਾਵਣ ਮੇਘ ਜਿਵੇਂ ਬਰਸੰਤ ।
ਗਜ਼ਾਨ ਗੁਲਾਲ ਘਟਾਂ ਚੜ੍ਹ ਆਈਆਂ, ਕੇਸੂ ਕੇਸਰ ਰੰਗ ਬਰਸਾਈਆਂ
ਢੋਲ ਮ੍ਰਿਦੰਗ ਬਜਤ ਸ਼ਰਨਾਈਆਂ, ਤਨ ਮਨ ਖੁਸ਼ੀਆਂ ਵੱਸਣ ਭਿਜੰਤ ।
ਖੇਲਤ ਖੇਲਤ ਭਈ ਮਤ ਮਾਰੀ, ਤਨ ਮਨ ਜਗਤ ਭੁਲੀ ਸੁੱਧ ਸਾਰੀ
ਮਿਲ ਪ੍ਰੀਤਮ ਭਈ ਪਿਆਰੀ, ਆਜ ਨਾ ਖੁਸ਼ੀਆਂ ਆਵੈ ਅੰਤ ।
ਇਹ ਫਾਗਣ ਸਦਾ ਰਿਹਾ ਸੀ, ਮਿਲਿਆ ਪ੍ਰੀਤਮ ਛੋਡ ਨਾ ਜਾਸੀ
ਸਦਾ ਸੁਹਾਗਣਿ ਮੈਂ ਅਬਿਨਾਸ਼ੀ, ਦੇਸਰਾਜ ਧੰਨ ਸਾਜਣ ਸੰਤ ।੧੨।





Sri Satguru Jagjit Singh Ji eLibrary NamdhariElibrary@gmail.com

## ੪੨. ਬਾਰਾਂਮਾਹ ਈਸ਼ਰਦਾਸ ਉਦਾਸੀ ਕਾ

ਚੜ੍ਹਦੇ ਚੇਤ ਚਿੰਤਾ ਨਿਤ ਜਾਲੇ, ਦੁਖ ਵਿਛੋੜੇ ਵਾਲਾ
ਨਾ ਕੋਈ ਵੈਦ ਹਕੀਮ ਅਜਲ ਦਾ, ਕੌਣ ਕਰੇ ਦੁਖ ਟਾਲਾ
ਦਿਲ ਦਾ ਮਹਿਰਮ ਜ਼ਖਮੀਂ ਕਰਕੇ ਆਪ ਫਿਰੇ ਮਤਵਾਲਾ
ਆਪ ਅਨੋਖਾ ਹਾਸੀ ਕਰਦਾ, ਸਾਡੇ ਭਾਗ ਦਾ ਗਾਲਾ
ਪ੍ਰੇਮ ਸ਼ਰਾਬਣ ਕਰ ਗਿਆ ਮੈਨੂੰ, ਦੇ ਕੇ ਇਸ਼ਕ ਪਿਆਲਾ
ਦੁਖਾਂ ਵਿਚ ਗਿਆ ਸੁੱਟ ਸਾਨੂੰ, ਬੈਠਾ ਆਪ ਨਿਰਾਲਾ
ਈਸ਼ਰਦਾਸਾ ਨਾਮ ਤੇਰੇ ਦੀ ਰੋਜ਼ ਸਿਮਰਦੀ ਮਾਲਾ ।੧।

ਚੜ੍ਹੇ ਵਿਸਾਖ ਖ਼ਬਰ ਲੈ ਘਰ ਦੀ, ਬਾਗ ਪਕੇ ਫਲ ਤੇਰੇ
ਕਉਂ ਲਗ ਮੈਂ ਮਠ ਕਰਸਾਂ ਦਿਲ ਦਾ, ਵਸ ਨਹੀਂ ਕੁਛ ਮੇਰੇ
ਤਿਲੀਅਰ ਤੋਤੇ ਮੋਰ ਜਨਾਵਰ, ਝੁਕ ਝੁਕ ਪੈਣ ਚੁਫੇਰੇ
ਲਾਗੂ ਲੋਗ ਤੂਫ਼ਾਨੀ ਦੁਸ਼ਮਣ, ਡਾਕੂ ਚੋਰ ਲੁਟੇਰੇ
ਤਾੜ ਮਾਰੀ ਜ਼ਿਮੀਂ ਤੇ ਪਟਕਾਂ, ਕੌਣ ਅਜ਼ਲ ਦੇ ਘੇਰੇ
ਅੰਬ ਅਮਰੂਦ ਅਜਾਈਂ ਜਾਂਦੇ, ਸੇਬ ਅਨਾਰ ਚੰਗੇਰੇ
ਜੇ ਤੂੰ ਸਚ ਪੁਛੇਂਦਾ ਸਾਨੂੰ, ਤੈਥੋਂ ਦੁਖ ਵਧੇਰੇ
ਸੈ ਸੈ ਵਾਰੀ ਯਾਦ ਕਰਾਂ ਮੈਂ, ਹਰ ਚਰਖੇ ਦੇ ਫੇਰੇ
ਮੁੜ ਆ, ਨਾ ਕਰ ਹੋਰ ਨਿਹੋਰੇ, ਇਹੋ ਜਾਣ ਬਥੇਰੇ
ਸਹੀਓ ! ਕਹੋ ਅਸਾਡੇ ਸਾਜਨ, ਕਦੋਂ ਕਰਨਗੇ ਫੇਰੇ
ਈਸ਼ਰਦਾਸ ਬਿਨਾ ਜਿੰਦ ਮੇਰੀ, ਜਾਵੇ ਸੰਝ ਸਵੇਰੇ ।੨।

ਜੇਠ ਵਿਛੋੜੇ ਤੇਰੇ ਸਾਜਨ, ਮੇਰੀ ਜਾਨ ਖਪਾਈ
ਹੋਇ ਨਿਮਾਣੀ ਪੱਕਾਂ ਬੈਠੀ ਸੇਜਾ ਲੇਫ ਤੁਲਾਈ
ਕਾਤੀ ਪ੍ਰੇਮ ਵਿਛੋੜੇ ਵਾਲੀ, ਤਾਣ ਜਿਗਰ ਵਿਚ ਲਾਈ
ਆਜਜ਼ ਅਸਾਂ ਗਰੀਬਾਂ ਉਪਰ, ਕੇਹੀ ਚੋਟ ਲਗਾਈ
ਤੇਰੇ ਬਾਝੋਂ ਸਾਕ ਨ ਮਾਪੇ, ਸਾਜਣ ਭੈਣ ਨ ਭਾਈ
ਜ਼ਾਲ ਗਿਆ ਦੁਖ ਤੇਰਾ ਮੈਨੂੰ, ਦੂਣੀ ਤੇਜ਼ ਮਚਾਈ



Sri Satguru Jagjit Singh Ji eLibrary NamdhariElibrary@gmail.com

ਕਰਕੇ ਘਾਇਲ ਸਾਡੇ ਦਿਲ ਨੂੰ, ਨਹੀਂ ਮੱਲ੍ਹਮ ਤੂੰ ਲਾਈ
ਈਸ਼ਰਦਾਸ ਵਿਛੋੜੇ ਤੇਰੇ ਮੇਰੀ ਜਾਨ ਗਵਾਈ ।੩।

ਹਾੜ ਮਹੀਨੇ ਜਲਦੇ ਬਲਦੇ, ਦੋਜ਼ਖ ਦੇ ਦਿਨ ਬੀਤੇ
ਪਿਛਲੇ ਰੋਗ ਦਿਹਾੜੇ ਲੰਮੇ, ਗਿਣ ਗਿਣ ਪੂਰੇ ਕੀਤੇ
ਮੂਨ ਦੇਖ ਕੇ ਹੋੜੀ ਵਾਂਗਰ, ਝੋਕ ਦਿਤੀ ਚੁਪ ਕੀਤੇ
ਧਰੀਆਂ ਬੀੜ ਮਦਾਨੀ ਤੋਪਾਂ, ਦਿਤੇ ਚਿਣਗ ਪਲੀਤੇ
ਮਾਰ ਨਿਸ਼ਾਨਾ ਮਾਰੀ ਜਾਨੋਂ, ਤੜਫ ਰਹੀ ਧਰਤੀ ਤੇ
ਤੈਂ ਬਿਨ ਜਾਨ ਚਲੀ ਦੁਖਿਆਰੀ, ਸੁਖੀ ਕੌਣ ਕਰਨੀ ਤੇ
ਪੀਆ ਬਾਝ ਤਪੈ ਤਨ ਤੁਰਨੋਂ, ਨਾ ਡਰਸਾਂ ਅਗਨੀ ਤੇ
ਈਸ਼ਰ ਦਾਸਾ ਤਾਉ ਇਸ਼ਕ ਦਾ, ਤੇਜ਼ ਤੱਤਾ ਅਗਨੀ ਤੇ ।੪।

ਸਾਵਣ ਸਈਆਂ ਖੇਡਣ ਗਈਆਂ ਹਾਰ ਸ਼ਿੰਗਾਰ ਬਣਾਏ
ਪੀਂਘਾਂ ਪਾਏ ਚੜ੍ਹਾਵਣ ਗਾਵਨ, ਕੰਤ ਜਿਨ੍ਹਾਂ ਘਰ ਆਏ
ਪੀਆ ਬਾਝ ਤਪੈ ਤਨ ਮੇਰਾ, ਤੱਤੇ ਲੇਖ ਲਿਖਾਏ
ਗਹਿਣਾ ਅੰਗ ਨ ਚੀਰ ਚਲੇਆਂ, ਕੇਸ ਗਲੇ ਲਟਕਾਏ
ਬਦਲ ਕੜਕੇ ਪੈਣ ਫੁਹਾਰਾਂ, ਸਈਆਂ ਸ਼ੁਕਰ ਮਨਾਏ
ਮੇਰੇ ਭਾਣੇ ਮਾਰਨ ਮੈਨੂੰ, ਤੀਰ ਅਰਸ਼ ਤੋਂ ਆਏ
ਕਾਲੀ ਬਾਗੀਂ ਕੋਇਲ ਕੂਕੇ, ਸੁੰਦਰ ਗੀਤ ਸੁਣਾਏ
ਮੇਰੇ ਭਾਣੇ ਮੌਤ ਬੋਲਦੀ, ਫੱਟ ਕਲੇਜੇ ਲਾਏ
ਈਸ਼ਰਦਾਸ ਪਿਆਰੇ ਬਾਝੋਂ, ਜਾਨ ਅਜਾਈਂ ਜਾਏ ।੫।

ਭਾਦਰੋਂ ਭਰਮ ਲਗਾ ਤਨ ਝੋਰਾ, ਪੀੜ ਹੱਡਾਂ ਨੂੰ ਖਾਂਦੀ
ਪੀਰ ਫਕੀਰ ਸ਼ਹੀਦ ਮਨਾਏ, ਕਰਕ ਅਜੇ ਨਹੀਂ ਜਾਂਦੀ
ਕੱਢ ਕਾਲਜਾ ਆਪ ਲੈ ਗਿਆ, ਮੈਨੂੰ ਕਰ ਗਿਆ ਮਾਂਦੀ
ਕੇਹੜੇ ਐਬੋਂ ਕੂੰਜ ਅਕੇਲੀ, ਛੱਡ ਗਿਆ ਕੁਰਲਾਂਦੀ
ਤੱਤੇ ਲੇਖ ਨਸੀਬ ਜਿਨ੍ਹਾਂ ਦੇ, ਭਾਇ ਪਈ ਕਰਮਾਂ ਦੀ
ਭਾਗ ਵਿਹੂਣੀ ਖੜੀ ਕਿਨਾਰੇ, ਨਦੀਓਂ ਨਾ ਵਰਸਾਂਦੀ
ਸੋਹਣੀ ਵਾਂਙ ਨਸੀਬ ਤਰਾਂ ਮੈਂ, ਪਾਰ ਕੀਕਰ ਤਰ ਜਾਂਦੀ
ਈਸ਼ਰ ਦਾਸ ਪਿਆਰੇ ਬਾਝੋਂ, ਜਾਨ ਜਾਏ ਕੁਰਲਾਂਦੀ ।੬।

ਅਸੂ ਆਸ਼ਾ ਰੋਜ਼ ਮਿਲਣ ਦੀ, ਮੈਂ ਆਪਣੇ ਮਨ ਕਰਦੀ
ਔਂਸੀਆਂ ਪਾਵਾਂ ਪੰਧ ਉਡੀਕਾਂ, ਦਾਣੇ ਗਿਣ ਗਿਣ ਧਰਦੀ



Sri Satguru Jagjit Singh Ji eLibrary NamdhariElibrary@gmail.com

ਭਾਗ ਹੁੰਦੇ ਪੈਂਦੇ ਪਉਂ ਬਾਰਾਂ, ਨਰਦ ਨ ਜੋੜਿਓਂ ਮਰਦੀ
ਮੁੜ ਕੇ ਆਓ ਖਬਰ ਲੌ ਮੇਰੀ, ਨਾਲੇ ਆਪਣੇ ਘਰ ਦੀ
ਦਿਨ ਦਿਨ ਪੀੜਾਂ ਹੋਣ ਸਵਾਈਆਂ, ਗਿਣ ਗਿਣ ਦੁਖੜੇ ਭਰਦੀ
ਜਿਉਂ ਜਿਉਂ ਰਾਤੀ ਹੋਣ ਵੱਡੀਆਂ, ਤਿਉਂ ਤਿਉਂ ਪੈਂਦੀ ਸਰਦੀ
ਰੋ ਰੋ ਨੈਣ ਕਰਨ ਜਲ ਤਾਰੂ, ਓਸ ਨਦੀ ਵਿਚ ਤਰਦੀ
ਦਾਮਨਗੀਰ ਗ਼ੁਲਾਮ ਤੁਹਾਡੀ, ਬਾਂਦੀ ਟਹਿਲਣ ਬਰਦੀ
ਮੈਂ ਕੁਰਬਾਨ ਤੁਸਾਡੇ ਜਾਵਾਂ, ਕਦੋਂ ਬਣੋਗੇ ਦਰਦੀ
ਮੈਂ ਹੁਣ ਤਾਂਘ ਤੁਸਾਡੀ ਜੀਵਾਂ, ਆਸ ਨਹੀਂ ਕੋ ਨਰ ਦੀ
ਈਸ਼ਰ ਦਾਸ ਪਿਆਰੇ ਬਾਝੋਂ, ਕਹਿਰ ਵਿਛੋੜਾ ਜਰਦੀ।੭।

ਕੱਤਕ ਕਿਸਮਤ ਕਿਹੀ ਅਸਾਡੀ, ਵਿਛੜੇ ਮੀਤ ਪਿਆਰੇ
ਆਹੀਂ ਮਾਰ ਮਸਾਂ ਦਿਨ ਗੁਜ਼ਰੇ, ਰਾਤੀਂ ਗਿਣਦੀ ਤਾਰੇ
ਠੰਢੀ ਵਗੇ ਹਵਾ ਜਿਸ ਵੇਲੇ, ਲੈਂਦੇ ਬ੍ਰਿਛ ਹੁਲਾਰੇ
ਮੁੜ ਮੁੜ ਨਾਲ ਜ਼ਿਮੀਂ ਦੇ ਪਟਕਣ, ਇਸ਼ਕ ਪੌਣ ਦੇ ਮਾਰੇ
ਕੌਣ ਅਸਾਡਾ ਦਰਦੀ ਹੋਵੇ, ਦਿਲ ਦੇ ਦੁਖ ਨਿਵਾਰੇ
ਤੇਰੇ ਦੁਖ ਅਸਾਡੇ ਅੰਦਰ, ਵਰਮ ਜੰਮ ਗਏ ਭਾਰੇ
ਤੇਰੇ ਬਾਝ ਨਹੀਂ ਸੁਖ ਜੀਵਨ, ਕਟਦੀ ਵਖਤ ਗੁਜ਼ਾਰੇ
ਜੇ ਮੈਂ ਜਾਣਾ ਪੈਣ ਮਾਮਲੇ, ਨਿਜ ਚੜ੍ਹੇਂਦੀ ਖਾਰੇ
ਅਗੇ ਪਾਸ ਅਸਾਡੇ ਰਹਿੰਦਾ, ਹੁਣ ਕੀ ਖੋਟ ਚਿਤਾਰੇ
ਕਾਲਾ ਨਾਗ ਵਿਛੋੜੇ ਵਾਲਾ, ਡੰਗ ਕਲੇਜੇ ਮਾਰੇ
ਦੁਖ ਸਮੁੰਦਰ ਕੀਕਰ ਤਰੀਏ, ਬਿਨਾਂ ਤੁਹਾਡੇ ਤਾਰੇ
ਪੁਛੋ ਸਈਓ ! ਪੰਡਤ ਜੋਤਸ਼ੀ, ਕੀ ਕੁਝ ਵੇਦ ਪੁਕਾਰੇ
ਵਾਗ ਮੋੜ ਕਦੋਂ ਘਰ ਆਵਣ ਨੰਦ ਲਾਲ ਬਣਜਾਰੇ
ਉਡੇ ਸਾਹ ਲਵਾਂ ਨਿਤ ਮਾਰਾਂ ਵਾਂਗ ਮਲੰਗਾਂ ਨਾਰੇ
ਈਸ਼ਰ ਦਾਸ ਤੁਸਾਡੇ ਮਿਲਿਆਂ, ਜਾਗਣ ਭਾਗ ਹਮਾਰੇ।੮।

ਮੱਘਰ ਬਾਝ ਤੁਹਾਡੇ ਮਿਲਿਆਂ, ਜੀਵਨ ਸਾਡਾ ਭਾਰੀ
ਘਰ ਘਰ ਕੰਤ ਸੁਹਾਗਣ ਗਾਵੇ, ਮੈਂ ਕਿਉਂ ਤੁਸਾਂ ਵਿਸਾਰੀ
ਨੰਦ ਲਾਲ ਬਿਨ ਤੇਰੇ ਮੈਨੂੰ, ਹੋਈ ਪੁਜ ਖੁਆਰੀ
ਮੱਘਰ ਮੌਹਰਾ ਖਾਇ ਮਰੂੰ ਜਿੰਦ, ਤੁਸਾਂ ਬਾਝ ਦੁਖਿਆਰੀ
ਅੰਗ ਸਾਕ ਮੈਂ ਛਡ ਕਬੀਲਾ, ਤੱਕੀ ਸ਼ਰਣ ਤੁਮਾਰੀ
ਝੂਠੀ ਮੁਹੱਬਤ ਨਾਲ ਅਸਾਡੇ, ਕੀਤੀ ਬਹੁਤ ਖੁਆਰੀ
ਚੰਦਨ ਸਾਖ ਬਣਾ ਕੇ ਮੈਨੂੰ, ਧਰੀ ਵਿਛੋੜਾ ਆਰੀ



Sri Satguru Jagjit Singh Ji eLibrary NamdhariElibrary@gmail.com

ਲਗੀ ਇਸ਼ਕ ਜੁਦਾਈ ਕਾਨੀ, ਦੇਹ ਕੰਬ ਗਈ ਸਾਰੀ
ਹੁਣ ਕਲਬੂਤੋਂ ਹੋਵਨ ਲਗੀ ਵਿਦਿਆ ਜਾਨ ਵੀਚਾਰੀ
ਖਾਵਨ ਪੀਵਨ ਨਹੀਂ ਸੁਖ ਸੋਵਨ ਕੇਹੀ ਬਣੀ ਲਾਚਾਰੀ
ਵੈਦ ਹਕੀਮ ਅਸਾਡਾ ਬਣ ਕੇ ਕਦੋਂ ਕਰੇਂਗਾ ਕਾਰੀ
ਡਿਠਾ ਐਬ ਅਸਾਡਾ ਕੋਈ ਮੈਂ ਹੁਣ ਬਾਤ ਵਿਚਾਰੀ
ਸਭੇ ਐਬ ਅਸਾਡੇ ਅੰਦਰ ਤੂੰ ਸਰਵੱਗ ਗੁਣਕਾਰੀ
ਈਸ਼ਰਦਾਸਾ ਤੇਰੇ ਅਗੇ ਅਰਜ਼ ਕਰਾਂ ਦਿਲ ਕਾਰੀ ।੯।

ਪੋਹ ਪਲਕ ਬਿਨ ਤੇਰੇ ਮੈਨੂੰ, ਦੁਖੀ ਰਾਤ ਵਿਹਾਣੀ
ਤੰਦ ਹੋਵੇ ਵਿਖਾਲਾਂ ਤੈਨੂੰ ਇਹ ਉਲਝੀ ਸਭ ਤਾਣੀ
ਪੀੜਾ ਰੋਜ਼ ਨਿਖੁਟੇ ਨਾਹੀਂ ਇਸ਼ਕ ਰੋਗ ਦੀ ਘਾਣੀ
ਰੋਜ਼ ਹਮੇਸ਼ ਇਸ਼ਕ ਤਨ ਮੇਰਾ ਰਿੜਕੇ ਵਾਂਗ ਮਧਾਣੀ
ਨੀਂਦ ਆਰਾਮ ਹਰਾਮ ਅਸਾਨੂੰ ਭਾਵੇਂ ਅੰਨ ਨ ਪਾਣੀ
ਸੁੰਦਰ ਜਾਨ ਅੰਗੂਰੀ ਦੇਹੀ ਦੇਖ ਕੇਹੀ ਕੁਰਲਾਣੀ
ਰੋਜ਼ ਅਸਾਨੂੰ ਮਤਾਂ ਦੇਂਦੀ ਮਾਉਂ ਰਕਾਨ ਸਿਆਣੀ
ਸਈਆਂ ਕਹਿਣ-ਹੋਸ਼ ਕਰ ਕਮਲੀ, ਨਾ ਬਣ ਖਰੀ ਇਆਣੀ
ਬੋਲ ਕੁੜੇ ! ਕੀ ਹੋਇਆ ਤੈਨੂੰ, ਕਿਸ ਕਾਰਣ ਪਛੁਤਾਣੀ
ਬਾਝ ਦੀਦਾਰ ਪਿਆਰੇ ਸਾਜਨ ਆਣ ਦੁਖਾਂ ਮੈਂ ਰਾਣੀ
ਸਾਨੂੰ ਛਡ ਅਸਾਡੀ ਸੌਂਕਣ, ਕੀਤੀ ਕੌਣ ਸਿਆਣੀ
ਆਸ਼ਕ ਛੇਜ ਵਿਛਾਇ ਦੁਖਾਂ ਦੀ ਮੌਜ ਕਿਨੈ ਨਹੀਂ ਮਾਣੀ
ਤੈਂ ਬਿਨ ਖਾਇਆਂ ਖਾਣ ਨ ਸੁਝੇ, ਪੀਂਦਿਆਂ ਸੁਝੇ ਨ ਪਾਣੀ
ਈਸ਼ਰ ਦਾਸਾ ਮੋੜ ਨ ਪਾਸਾ, ਟਹਿਲਣ ਕਰਕੇ ਜਾਣੀ ।੧੦।

ਮਾਘ ਮਹੀਨੇ ਚੜ੍ਹਦੇ ਸਈਓ ! ਕੰਤ ਨਹੀਂ ਘਰ ਆਇਆ
ਸਾਡੇ ਕੰਤ ਅਸਾਡੇ ਉਪਰ ਕੀ ਭਾਣਾ ਵਰਤਾਇਆ
ਜੋ ਕੁਝ ਭਾਗ ਅਸਾਡੇ ਲਿਖਿਆ,ਮਿਟਦਾ ਨਹੀਂ ਮਿਟਾਇਆ
ਖੋਇਆ ਲਾਲ ਕਿਸੇ ਨੂੰ ਮੁੜਕੇ, ਭਾਗ ਬਿਨਾਂ ਨਹੀਂ ਆਇਆ
ਮਾਰ ਕਟਾਰੀ ਜ਼ਖਮੀ ਕਰ ਗਿਆ, ਇਹ ਕੀ ਜ਼ੁਲਮ ਕਮਾਇਆ
ਬਹੁਤੀ ਏਸ ਅੰਦੇਸ਼ੇ ਮਾਰੀ, ਬਹੁਤ ਘਣਾ ਦੁਖ ਪਾਇਆ
ਝੜ ਝੜ ਫਰਸ਼ ਗਿਰੇ ਅਸਮਾਨੋਂ, ਫਰਸ਼ ਜ਼ਿਮੀਂ ਦਾ ਛਾਇਆ
ਪਾਲੇ ਮਾਰ ਮਰੋੜੇ ਪਰਬਤ ਮਾਨਸ ਕੀਹਦਾ ਜਾਇਆ
ਮੈਂ ਦੁਖਿਆਰੀ ਜਨਮ ਕਰਮ ਦੀ, ਦੁਖੀਆ ਲੇਖ ਲਿਖਾਇਆ
ਪਿਛਲੇ ਜਨਮ ਅਸਾਂ ਕੋਈ ਖਬਰੇ ਸਾਂਈ ਲੋਕ ਦੁਖਾਇਆ
ਓਸ ਸਰਾਪ ਅਸਾਡਾ ਅੰਦਰ, ਵਾਂਗ ਤੰਦੂਰ ਤਪਾਇਆ



Sri Satguru Jagjit Singh Ji eLibrary NamdhariElibrary@gmail.com

ਬਾਝ ਪਿਆਰੇ ਚੀਰ ਨਿਆਰੇ, ਭਾਂਬੜ ਤੇਜ ਮਚਾਇਆ
ਜਾਨੀ ਯਾਰ ਪਿਆਰੇ ਬਾਝੋਂ, ਬੁਝਦਾ ਨਹੀਂ ਬੁਝਾਇਆ
ਚੰਨਣ ਘੋਲ ਪਿਆਲਣ ਸਈਆਂ, ਭੜਕੇ ਦੂਣ ਸਵਾਇਆ
ਜਾਗਣ ਲੇਖ ਸੁਹਾਗਣ ਹੋਵਾਂ, ਖਵਾਜਾ ਪੀਰ ਮਨਾਇਆ
ਈਸ਼ਰ ਦਾਸਾ ਮਾਘ ਮਹੀਨਾ, ਦੋਜ਼ਖ ਨਾਲ ਲੰਘਾਇਆ ।੧੧।
ਫੱਗਣ ਫੇਰ ਫਿਰੇ ਦਿਨ ਮੇਰੇ, ਆਏ ਓਸ ਟਿਕਾਣੇ
ਓਸ ਘੜੀ ਨੂੰ ਸ਼ੁਕਰ ਮਨਾਇਆ, ਮੋੜੇ ਜਦੋਂ ਮੁਹਾਣੇ
ਜਾਗੇ ਭਾਗ ਪਏ ਪਉਂ ਬਾਰਾਂ, ਵਿਸਰ ਗਏ ਤਿੰਨ ਕਾਣੇ
ਹੁਣ ਘਰ ਕੰਤ ਰੰਗੀਲੇ ਆਏ, ਬਹੁਤ ਬਲੀ ਜਰਵਾਣੇ
ਸਭ ਤੇ ਭਾਗ ਭਲੇ ਹੁਣ ਮੇਰੇ, ਘਰ ਵਿਚ ਪਤੀ ਸਿਆਣੇ
ਪੈਰ ਜ਼ਮੀਨੋਂ ਉਚਾ ਧਰਦੀ, ਕਰਦੀ ਮਨ ਦੇ ਭਾਣੇ
ਤਜਕੇ ਪੀੜ ਪਲੰਘ ਚੜ੍ਹ ਸੁਤੀ, ਧਰਕੇ ਬਾਂਹ ਸਿਰ੍ਹਾਣੇ
ਜਾਗੇ ਭਾਗ ਲਗਾ ਗਲ ਸਾਜਨ, ਜਾਗਣ ਪਿਆਰ ਪੁਰਾਣੇ
ਮੁੜ ਮੁੜ ਫੇਰ ਕਰਨ ਦਿਲਬਰੀਆਂ, ਹਸ ਹਸ ਨੈਣ ਨਿਤਾਣੇ
ਫੱਗਣ ਫਾਗ ਉਡਾਵਣ ਗਾਵਣ, ਕੇਸਰ-ਭਿੰਨੇ ਬਾਣੇ
ਗਾਵਣ ਰਾਗ ਮਚਾਵਣ ਹੋਰੀ, ਕਾਮਣ ਸਭ ਸੁਖ ਮਾਣੇ
ਲਾਲ ਗੁਲਾਬੀ ਭਰ ਪਿਚਕਾਰੀ, ਪਾਵਨ ਜ਼ੋਰ ਧਿਙਾਣੇ
ਸਭ ਸੁਖ ਦੇਵਣ ਪਿਆਰ ਪੀਆ ਦੇ, ਅਸੀਂ ਭਲੇ ਵਰਸਾਣੇ
ਹੁਣ ਸੰਤੋਖ ਅਸਾਡੇ ਅੰਦਰ, ਬੈਠ ਗਿਆ ਮਲ ਠਾਣੇ
ਈਸ਼ਰ ਦਾਸਾ ਪਿਆਰੇ ਬਾਝੋਂ, ਕੌਣ ਦਿਲਾਂ ਦੀਆਂ ਜਾਣੇ ।੧੨।
ਚੜ੍ਹਦੇ ਲੌਂਦ ਲਵਾਸੀ ਹੋਈ, ਫਿਰੀਆਂ ਖ਼ੂਬ ਬਹਾਰਾਂ
ਕਲੀ ਕਨੇਰ ਖਿੜੀ ਵਿਚ ਬਾਗੀਂ, ਦੇਖ ਰਹੀਆਂ ਗੁਲਜ਼ਾਰਾਂ
ਹੋਰ ਗੁਲਾਬ ਰਵੇਲ ਚੰਬੇਲੀ, ਖਿੜੀ ਸਮੇਤ ਅਨਾਰਾਂ
ਚੁਣ ਚੁਣ ਫੁਲ ਪੀਆ ਦੀ ਖਾਤਰ, ਗੁੰਦ ਰਹੀ ਵਿਚ ਹਾਰਾਂ
ਮੁੜਕੇ ਫੇਰ ਸੁਹਾਗਣ ਕੀਤੀ, ਆਣ ਜੁੰਡੀ ਦਿਆਂ ਯਾਰਾਂ
ਆਣ ਵਧਾਈਆਂ ਦੇਵਣ ਸਈਆਂ, ਸੁਣ ਸੁਣ ਪੀਆ ਉਚਾਰਾਂ
ਜਿਉਂ ਜਿਉਂ ਕਰਨ ਪਿਆਰ ਪੀਆ ਜੀ, ਤਿਉਂ ਤਿਉਂ ਸ਼ੁਕਰ ਗੁਜ਼ਾਰਾਂ
ਪਿਛਲੇ ਦੁਖ ਵਿਸਾਰੇ ਸਾਰੇ, ਸਈਆਂ ਬਰਖ਼ੁਰਦਾਰਾਂ
ਮੁੜ ਮੁੜ ਅੱਖੀਂ ਫਿਰਨ ਲਗੀਆਂ, ਜਿਉਂ ਸਾਬਨ ਵਿਚ ਤਾਰਾਂ
ਹੁਣ ਮੈਂ ਕੰਤ ਕਬੂਲੀ ਛੁਟੜ, ਫੇਰ ਪਏ ਪਉਂ ਬਾਰਾਂ
ਜੇ ਹੁਣ ਪੀਆ ਵਿਸਾਰੇ ਮੈਨੂੰ, ਮੈਂ ਨਾ ਮਨੋਂ ਵਿਸਾਰਾਂ
ਨਾਮ ਤੇਰੇ ਦੀ ਮਾਲਾ ਫੜ ਕੇ, ਦਮ ਦਮ ਪਈ ਚਿਤਾਰਾਂ
ਈਸ਼ਰ ਦਾਸਾ ਲੌਂਦ ਮਹੀਨੇ, ਫੇਰ ਲਈਆਂ ਮੁੜ ਸਾਰਾਂ ।੧੩।



Sri Satguru Jagjit Singh Ji eLibrary NamdhariElibrary@gmail.com

## ੪੩. ਬਾਰਾਂਮਾਹ ਬਿਸ਼ਨਦਾਸ ਗਹਿਰ ਗੰਭੀਰੀਆ

ਦੋਹਰਾ

ਸੰਤ ਮਹੀਸੁਰ ਸਭਨ ਕੇ, ਚਾਰੁ ਚਰਨ ਮਨਾਇ
ਬਿਸ਼ਨ ਦਾਸ ਅਬ ਕਹਿਤ ਹੋਂ,ਬਾਰਾਂ ਮਾਸ ਸੁਨਾਇ ।੧।

ਤ੍ਰਿਉਢ

ਚਤ੍ਰੁਤ ਚੇਤ ਚਿਤ ਚੰਚਲ ਕੋ ਗਹਿਕੇ, ਅਪਨੇ ਘਰ ਲਿਆਵੇ ਸਭ ਸੁਖ ਪਾਵੇ
ਸਮ ਕੁਰੰਗ ਕੇ ਫਿਰੇ ਭਟਕਤਾ, ਮਧ ਸੁਗੰਧ ਲਖਾਵੇ, ਆਨ ਤਜਾਵੇ
ਸੁਆਨ ਸਮਾਨ ਯਹਿ ਅਹਿਨਿਸ ਭੂਸਤ, ਸ਼ੀਸਾ ਭਰਮ ਹਟਾਵੇ, ਸੁਖਹਿ ਸਮਾਵੇ
ਬਿਸ਼ਨ ਸਾਧ ਕੀ ਸੇਵਾ ਨਿਸਦਿਨ, ਮਨ ਬਾਂਛਤ ਫਲ ਪਾਵੇ ਜੋ ਮਨ ਭਾਵੇ ।੨।

ਬਿਸਾਖ ਬੀਚ ਬਿਸਵਾਸੁ ਨ ਕੀਜੋ, ਵਾਹਿਗੁਰੂ ਮੁਖ ਗਾਈਏ ਸਭ ਸੁਖ ਪਾਈਏ
ਚਾਰ ਜੁਗਨ ਕੋ ਜਾਪ ਸਮਝ ਲੈ, ਸਤਿਗੁਰ ਜੀ ਢਿਗ ਜਾਈਏ ਭਰਮ ਚੁਕਾਈਏ
ਵਾਸਦੇਵ ਵਾ ਵਾਹਾ ਹਰਿ ਜੀ, ਗੁਬਿੰਦ ਗਕਾਰ ਲਖਾਈਏ ਰਾਮ ਧਜਾਈਏ
ਬਿਸ਼ਨ ਦਾਸ ਯਹਿ ਮਾਨਸ ਦੇਹੀ, ਬਾਰ ਬਾਰ ਨਹਿੰ ਪਾਈਏ ਪੁਨ ਪਛੁਤਾਈਏ ।੩।

ਜੇਠ ਜੁੜੋ ਗੁਰਚਰਨਨ ਭੀਤਰ, ਜਗ ਕੋ ਕੂਰਾ ਜਾਨੋ ਸਾਚ ਪਛਾਨੋ
ਜਿਮ ਨਿਸ ਮੈ ਅਹਿ ਭਾਸਤ ਗੁਨ ਕੋ, ਸੀਪ ਰੂਪ ਮਨ ਮਾਨੋ ਭਰਮ ਭੁਲਾਨੋ
ਮ੍ਰਿਗ ਤ੍ਰਿਸ਼ਨਾ ਕੋ ਬਾਰ ਸੁ ਜੈਸੇ, ਭਟਕ ਭਟਕ ਹਤ ਪ੍ਰਾਨੋ ਤ੍ਰਿਖਾ ਨ ਹਾਨੋ
ਬਿਸ਼ਨ ਦਾਸ ਜਯੋਂ ਚੋਰ ਠੂਠ ਮੈਂ, ਤਮ ਅਗਯਾਨ ਭੁਲਾਨੋ ਗੁਰ ਪਹਿਚਾਨੋ ।੪।

ਹਾੜ ਹੋਸ਼ ਦਿਲ ਅਪਨੇ ਅੰਦਰ, ਕਰਕੇ ਦੇਖ ਪਿਆਰੇ ਨੈਨ ਉਘਾਰੇ
ਸੰਤ ਸਭੀ ਮਿਲ ਦੇਨ ਨਸੀਹਤ, ਦੇਖੋ ਚੀਤ ਬਿਚਾਰੇ ਹੈ ਹਰਿ ਸਾਰੇ
ਬੇਦ ਪੁਕਾਰਤ ਤੂ ਨ ਸੰਭਾਰਤ, ਅਠ ਦਸ ਪੁਰਾਨ ਪੁਕਾਰੇ ਬਿਧ ਮੁਖ ਚਾਰੇ
ਬਿਸ਼ਨ ਦਾਸ ਗੁਰਨਾਨਕ ਭਜ ਲੈ, ਬੇਦੀ ਬੰਸ ਉਜਾਰੇ ਜਿਨ ਜਿਨ ਤਾਰੇ ।੫।

ਸਾਵਨ ਮਾਸ ਸਮਝ ਦਿਲ ਭੀਤਰ, ਕਿਉਂ ਹੋਇਆ ਚੁਪ ਕੀਤਾ ਰਟ ਪਤਿਸੀਤਾ
ਲਾਲ਼ ਲਾਲ ਕਾ ਸਵਾਸ ਅਮੋਲਕ, ਬਿਰਥਾ ਜਾਤ ਹੈ ਬੀਤਾ ਫਿਰ ਰਹਿ ਰੀਤਾ
ਹਿਰਸ ਹਵਸ ਮਹਿ ਫਿਰੇ ਦੀਵਾਨਾ, ਰਾਮ ਭਜਨ ਨਹਿੰ ਕੀਤਾ ਰੇ ਬਦਨੀਤਾ
ਸ੍ਰੀ ਚੰਦ ਪਿਤ ਸਤਿਗੁਰ ਭਜ ਲੈ, ਬਿਸ਼ਨ ਦਾਸ ਸੁਭ ਨੀਤਾ ਤੂੰ ਸੁਨ ਮੀਤਾ ।੬।



Sri Satguru Jagjit Singh Ji eLibrary NamdhariElibrary@gmail.com

ਭਾਦੋਂ ਭਰਮ ਨ ਮਨ ਮੈਂ ਕਰੀਏ, ਪ੍ਰਭੁ ਚਰਣੀ ਚਿਤ ਲਾਈਏ ਨਾਮੁ ਧਿਆਈਏ
ਮੜ੍ਹੀ ਮਸਾਣੀ ਮੀਰਾ ਆਦਕ, ਸਭ ਕੀ ਸਫਾ ਉਠਾਈਏ ਤਾਂ ਸੁਖ ਪਾਈਏ
ਇਕ ਪਾਸੇ ਬਿਨ ਸੁਖ ਨਹਿੰ ਕਬਹੂੰ, ਮਨ ਕੋ ਕਿਉਂ ਭਟਕਾਈਏ ਥਾਇੰ ਟਿਕਾਈਏ
ਬਿਸ਼ਨ ਦਾਸ ਬਿਨ ਸਤਿਗੁਰ ਪੂਰੇ, ਮੋਖ ਨ ਕਬਹੂੰ ਪਾਈਏ ਆਈਏ ਜਾਈਏ ।੭।

ਅਸੂ ਆਸ ਆਨ ਕੀ ਤਜ ਦੇ, ਪ੍ਰਭ ਰਮਿਆ ਤੁਝ ਮਾਹੀ ਖੋਜੋ ਤਾਹੀਂ
ਸੋਹਣੇ ਲਾਲ ਕੋ ਖੋਇ ਦਿਵਾਨੇ, ਫਿਰ ਰੋਵਹਿੰਗਾ ਧਾਹੀਂ ਕੂਕ ਸੁਣਾਹੀਂ
ਆਤਮ ਤੀਰਥ ਛੋਡਿ ਪਿਆਰੇ, ਕਿਉਂ ਭਟਕਤ ਹੈ ਰਾਹੀਂ ਸਮਝ ਬਿਨਾ ਹੀ
ਬਿਸ਼ਨ ਦਾਸ ਗੁਰ ਪੂਰਾ ਮਿਲਿਆ, ਸਗਰੇ ਭਰਮ ਚੁਕਾਹੀ ਬ੍ਰਹਿਮ ਦਿਖਾਹੀ ।੮।

ਕੱਤਕ ਕਿਰਤ ਕਰੋ ਨਰ ਅਪਨੀ, ਜ਼ਿਸ ਕਾਰਜ ਕੋ ਆਇਆ ਕਿਉਂ ਬਿਸਰਾਇਆ
ਉਸ ਬਿਨ ਤੇਰਾ ਕੋਇ ਨ ਬੇਲੀ, ਅੰਤ ਸਮਾਂ ਜਬ ਆਇਆ ਪਕੜ ਚਲਾਇਆ
ਮਰਘਟ ਲੌ ਬਿਬਹਾਰ ਬਨਾ ਹੈ, ਆਗੇ ਕਾਮ ਨ ਆਇਆ ਫਿਰ ਪਛਤਾਇਆ
ਬਿਸ਼ਨਦਾਸ ਸ੍ਰਿਸ਼ਟੀ ਕਾ ਕਰਤਾ, ਤੇਰੇ ਦਿਲ ਨ ਭਾਇਆ ਜਿਨ ਤੂਹ ਜਾਇਆ ।੯।

ਮਘਰ ਮਗਨ ਭਯਾ ਮਾਇਆ ਮੇਂ, ਮਰਕਟ ਮੁਸਟੀ ਨਿਆਈਂ ਛੋਡ ਨ ਜਾਈ
ਬਿਸ਼ੇ ਬਾਸਨਾ ਰਸੜੀ ਗਲ ਮੈਂ, ਨਾਚਤ ਦਰ ਦਰ ਆਈ ਬਿਨੈ ਅਲਾਈ
ਬਿਨ ਗੁਰ ਕਬੀ ਨ ਹੋ ਛੁਟਕਾਰਾ, ਸੁਖ ਪ੍ਰਾਪਤ ਨਹਿੰ ਰਾਈ ਭਜ ਜਗਰਾਈ
ਬਿਸ਼ਨਦਾਸ ਸੇਲੀ ਧਰ ਸਤਿਗੁਰ, ਸਿਮਰੋ ਪ੍ਰੀਤ ਲਗਾਈ ਸਭ ਸੁਖਦਾਈ ।੧੦

ਪੋਖ ਪੋਖਨਾ ਤੇਰੀ ਕਰਦਾ, ਸੁਖਦਾਇਕ ਕਰਤਾਰਾ ਸੰਤਨ ਪਿਆਰਾ
ਧੰਨਾ ਸਧਨਾ ਸੈਨ ਕਬੀਰਾ, ਬਾਲਮੀਕ ਬਟਮਾਰਾ ਸੋ ਤਿਨ ਤਾਰਾ
ਰੰਕਾ ਬੰਕਾ ਨਾਮ ਦੇਵ, ਤ੍ਰਿਲੋਚਨ ਗੀਧ ਉਦਾਰਾ ਗਜ ਭਵ ਪਾਰਾ
ਬਿਸ਼ਨ ਦਾਸ ਅਸ ਸ੍ਵਾਮੀ ਤਜ ਕੇ, ਕਿਉਂ ਛਾਨਤ ਹੋ ਛਾਰਾ ਦੇਖ ਵਿਚਾਰਾ ।੧੧।

ਮਾਘ ਮਾਸ ਸਤਸੰਗਤ ਭੀਤਰ, ਨਿਸਦਿਨ ਮਜਨ ਕੀਜੇ ਸਭ ਦੁਖ ਛੀਜੇ
ਮਿਲਨ ਗੁਰੂ ਸੋਂ ਅੰਮ੍ਰਿਤ ਬੇਲਾ ਪੁਰਬੀ ਬਾਕ ਲਖੀਜੈ ਮੋਦ ਭਰੀਜੇ
ਨਮਸ਼ਕਾਰ ਭੇਟਾ ਲੇ ਸਨਮੁਖ ਚਰਣਾਮ੍ਰਿਤ ਕੋ ਲੀਜੇ ਪਾਨ ਕਰੀਜੇ
ਬਿਸ਼ਨ ਦਾਸ ਗੁਰ ਜੀਵਤ ਠਾਕੁਰ, ਸੇਵ ਦੇਖ ਪਰਸੀਜੇ ਨਾਮ ਦ੍ਰਿੜੀਜੇ ।੧੨।

ਫਾਗੁਨ ਮਾਸ ਖੇਲੀਏ ਹੋਰੀ, ਸੰਤ ਜਨਾ ਬਿਚ ਜਾ ਕੇ ਮੋਦ ਬਢਾ ਕੇ
ਗਿਆਨ ਗੁਲਾਲ ਪ੍ਰੇਮ ਪਚਕਾਰੀ, ਗਹਿਰ ਗੰਭੀਰ ਅਲਾ ਕੇ ਸੁਰਤ ਲਗਾ ਕੇ
ਇਕ ਸਮ ਬਜੇ ਸਤਾਰ ਰੈਨ ਦਿਨ, ਓਅੰ ਤਾਲ ਮਿਲਾ ਕੇ ਚੀਤ ਟਿਕਾ ਕੇ
ਬਿਸ਼ਨ ਦਾਸ ਕੇ ਕਹੇ ਲਾਗ ਤੂੰ, ਬਿਰਥਾ ਨ ਜਾਈਂ ਆ ਕੇ ਜਨਮ ਗਵਾ ਕੇ ।੧੩।

ਸ੍ਰੀ ਗੁਰ ਨਾਨਕ ਆਦਿ ਬਰ, ਗੋਬਿੰਦ ਸਿੰਘ ਸੁਜਾਨ
ਬਿਸ਼ਨ ਦਾਸ ਬਾਰਾਂਮਾਹਾ, ਇਤੀ ਨਮੋ ਰੁਚ ਠਾਨ ।

———



Sri Satguru Jagjit Singh Ji eLibrary NamdhariElibrary@gmail.com

## ੪੪. ਬਾਰਾਂਮਾਹ ਬੁਲਾਕੀ ਦਾਸ ਗੁਲਾਬਦਾਸੀਆ

ਦੋਹਰਾ—ਸਤਿਗੁਰ ਦਾਸ ਗੁਲਾਬ ਮਮ, ਤਾਂ ਪਦ ਕੋ ਪਰਣਾਮ
ਬਾਰਹਿ ਮਾਸ ਉਚਾਰਹੋਂ, ਸਿਮਰੋਂ ਆਠੋ ਜਾਮ ।੧।

ਚੇਤਰ ਚਮਕ ਲਗੀ ਦਿਲ ਅੰਦਰ, ਕਿਸਨੂੰ ਕੂਕ ਸੁਣਾਵਾਂ, ਕਿਤ ਵਲ ਜਾਵਾਂ
ਜੇ ਕੋ ਉਸਦੀ ਖਬਰ ਲਿਆਵੇ, ਬਰਦੀ ਹੋਇ ਬਿਕਾਵਾਂ ਨਾ ਸ਼ਰਮਾਵਾਂ
ਬਿਨਾ ਦੇਖਿਆਂ ਚੈਨ ਨ ਆਵੇ, ਰਾਤ ਦਿਨੇ ਤਰਸਾਵਾਂ ਔਂਸੀਆਂ ਪਾਵਾਂ
ਦਾਸ ਬੁਲਾਕੀ ਮਗਰ ਪੀਆ ਦੇ, ਜੋਗਣ ਹੋ ਕੇ ਧਾਵਾਂ ਖੋਜ ਲਿਆਵਾਂ ।੨।

ਚੜ੍ਹੇ ਵਿਸਾਖ ਬਿਆਕੁਲ ਹੋਈ, ਸੁਹਣਾ ਨਜ਼ਰ ਨ ਆਵੇ ਲੈਂਦੀ ਹਾਵੇ
ਅਠੋ ਪਹਿਰ ਬਿਯੋਗ ਮਿਤ੍ਰ ਦਾ, ਖਾਨ ਪਾਨ ਨਹਿ ਭਾਵੇ ਜਿਗਰ ਨੂੰ ਖਾਵੇ
ਚੁਣ ਚੁਣ ਕਲੀਆਂ ਛੇਜ ਬਿਛਾਵਾਂ, ਕਬ ਸ਼ਹੁ ਆਣ ਬੁਲਾਵੇ ਮਨ ਪਰਚਾਵੇ
ਦਾਸ ਬੁਲਾਕੀ ਨਾਲ ਪ੍ਰੇਮ ਦੇ, ਮੰਗਲ ਹਰਦਮ ਗਾਵੇ ਡੇਰ ਨ ਲਾਵੇ ।੩।

ਜੇਠ ਜ਼ੁਲਮ ਨ ਕਰੀਏ ਪਿਆਰੇ, ਹੁੰਦਾ ਸੀ ਤੂੰ ਦਰਦੀ. ਅਰਜ਼ਾਂ ਕਰਦੀ
ਇਸ ਜੁਗ ਰਹਿਣਾ ਚਾਰ ਦਿਹਾੜੇ, ਕਿਸ ਪਰ ਮਾਣਾਂ ਕਰਦੀ ਮੈਂ ਤੋ ਡਰਦੀ
ਪ੍ਰੇਮ ਤੁਮਾਰੇ ਬਿਆਕੁਲ ਕੀਤਾ, ਬਾਝ ਦੇਖਿਆਂ ਮਰਦੀ ਧੀਰ ਨ ਧਰਦੀ
ਦਾਸ ਬੁਲਾਕੀ ਆਣ ਮਿਲਾਵੇ, ਦਿਲਬਰ ਨੂੰ ਮੈਂ ਵਰਦੀ ਦਰਸ਼ਨ ਕਰਦੀ ।੪।

ਹਾੜ ਹਿਰਾਨ ਹੋਈ ਹਰਿ ਬਾਝੋਂ, ਉਸ ਬਿਨ ਕੋਈ ਨ ਯਾਰੋ ਮੀਤ ਹਮਾਰੋ
ਭਾਈ ਭੈਣ ਕੁਟੰਬ ਕਬੀਲਾ, ਮਤਬਲ ਕਾ ਸੰਸਾਰੋ ਏਹੁ ਵੀਚਾਰੋ
ਇਸ ਜਿੰਦੜੀ ਨੂੰ ਖਬਰ ਨ ਕਾਈ, ਸਿਰ ਪਰ ਕਾਲ ਨਗਾਰੋ ਵਜਦਾ ਭਾਰੋ
ਦਾਸ ਬੁਲਾਕੀ ਪਲਕ ਵਸੇਗੋ, ਕਿਸ ਪਰ ਪਾਂਉ ਪਸਾਰੋ ਜਗਤ ਅਸਾਰੋ ।੫।

ਸਾਵਨ ਸ਼ਾਂਤ ਪੀਆ ਬਿਨ ਨਾਹੀ, ਸ਼ਾਮ ਘਟਾ ਚੜ੍ਹ ਆਵਣ ਵਰਖਾ ਲਾਵਣ
ਦਾਦਰ ਮੋਰ ਪਪੀਹੇ ਬੋਲਣ, ਕੋਇਲਾਂ ਸ਼ਬਦ ਸੁਣਾਵਣ ਚਿਤ ਚੁਰਾਵਣ
ਸੂਹੇ ਸਾਵੇ ਪਹਿਨ ਸੋਸਨੀ, ਪੀਂਘਾਂ ਝੂਟਣ ਜਾਵਣ ਮਨ ਪਰਚਾਵਣ
ਦਾਸ ਬੁਲਾਕੀ ਜੋ ਬਿਨ ਖਾਵੰਦ, ਸੋ ਆਨੰਦ ਨ ਪਾਵਣ ਨਾਂਹਿ ਸੁਹਾਵਣ ।੬।



Sri Satguru Jagjit Singh Ji eLibrary NamdhariElibrary@gmail.com

ਭਾਦਰੋਂ ਭਵਜਲ ਠਾਠੀਂ ਦੇਂਦਾ, ਕਿਸ ਬਿਧ ਹੋਵਾਂ ਪਾਰ ਔਗੁਣਹਾਰ
ਨੀਰ ਬਿਨਾਂ ਜਿਉਂ ਮਛਲੀ ਤੜਫੇ, ਮੈਂ ਤੜਫਾਂ ਬਿਨ ਯਾਰ ਬੜੀ ਲਚਾਰ
ਬਿਰਹੋਂ ਭਾਹ ਲਗੀ ਤਨ ਮੇਰੇ, ਦੀਆ ਕਲੇਜਾ ਜਾਰ ਹੋਈ ਬੀਮਾਰ
ਦਾਸ ਬੁਲਾਕੀ ਲਗਨ ਬੁਰੀ ਹੈ, ਭੁਲ ਗਿਆ ਘਰ ਬਾਰ ਮਿਲੇ ਨ ਯਾਰ ।੭।

ਅਸੂ ਆਸਾ ਉਠੀ ਹਮਾਰੀ, ਜਗਤ ਜਾਣ ਕੇ ਫਾਨੀ, ਸੁਨੋ ਸਿਆਨੀ
ਜੋ ਦੀਸੈ ਸੋ ਸਕਲ ਬਿਨਾਸੀ, ਰਹਿਣੀ ਨਾਹਿ ਨਿਸ਼ਾਨੀ ਖਾਕ ਸਮਾਨੀ
ਬੰਦੇ ਦੀ ਮੁਨਿਆਦ ਬਣੀ ਹੈ, ਫੂਟੇ ਘਟ ਜਿਉਂ ਪਾਨੀ ਜਾਣ ਪਰਾਨੀ
ਦਾਸ ਬੁਲਾਕੀ ਪੁਛਾਂ ਜੋਤਸ਼ੀ, ਕਬ ਆਵੇ ਦਿਲ ਜਾਨੀ ਗਈ ਜੁਆਨੀ ।੮।

ਕੱਤੇ ਕਾਲ ਕਿ ਫਾਹੀ ਫਾਬੀ, ਕਿਸ ਬਿਧਿ ਨਿਕਸਯਾ ਜਾਈ ਸਮਝ ਨ ਕਾਈ
ਧਰਮ ਰਾਇ ਦੇ ਹੁਵਾਂ ਹਵਾਲੇ, ਮਾਨਸ ਜੂਨ ਸਵਾਈ ਫਰਕ ਨ ਰਾਈ
ਜੈਸੇ ਕਰਮ ਕਰੇ ਦੁਨੀਆਂ ਵਿਚ, ਤੈਸੇ ਤਿਸੇ ਭੁਗਾਈ ਵੇਦ ਜਨਾਈ
ਦਾਸ ਬੁਲਾਕੀ ਅੰਤ ਸਮੇਂ ਫਿਰ, ਕੋਇ ਨ ਹੋਤ ਸਹਾਈ ਬਿਨਾ ਕਮਾਈ ।੯।

ਮੱਘਰ ਮਿਲੀਏ ਸਤਿਗੁਰ ਪੂਰੇ, ਹਿਰਦੇ ਨਾਮ ਜਨਾਸੀ ਸੁਤੇ ਪ੍ਰਕਾਸ਼ੀ
ਜਿਸ ਪਰ ਕਿਰਪਾ ਕਰਹੈਂ ਪੂਰਨ, ਤਿਸਕੋ ਗਿਆਨ ਦਿਾੜ੍ਰਸੀ ਕਟੇ ਚੁਰਾਸੀ
ਜਨਮ ਜਨਮ ਕੇ ਭਰਮ ਗੁਵਾਵੇ, ਨਿਰਭੈ ਹੋਇ ਵਿਚਰਾਸੀ ਕੱਟ ਜਮ ਫਾਸੀ
ਦਾਸ ਬੁਲਾਕੀ ਤੋੜ ਲਾਜ ਨੂੰ, ਜੀਵਨ ਮੁਕਤ ਕਹਾਸੀ ਆਨੰਦ ਭਾਸੀ ।੧੦।

ਪੋਹੁ ਪਿਆਰਾ ਪਾਯੋ ਜਬ ਕਾ, ਤਬ ਕੀ ਸੀਤਲ ਛਾਤੀ ਸ਼ੋਕ ਭਗਾਤੀ
ਅਨੁਭਵ ਰੂਪੀ ਨੱਥ ਪਹਿਨ ਕੇ, ਨਾਮ ਸੰਧੂਰ ਲਗਾਤੀ ਧੜੀ ਗੁੰਦਾਤੀ
ਨਿਜ ਸਰੂਪ ਸਭ ਦਿਸਦਾ ਜੈਸੇ, ਸੀਸ ਮਹਿਲ ਕੀ ਝਾਤੀ ਵਿੱਸ ਪਛਾਤੀ
ਦਾਸ ਬੁਲਾਕੀ ਭਈ ਸੁਹਾਗਣਿ,ਨਿਰਵਿਕਲਪ ਵਿਚ ਰਾਤੀ ਸੁਖ ਮਦ ਮਾਤੀ।੧੧।

ਮਾਘ ਮਾਣ ਕੇ ਮੌਜ ਪੀਆ ਦੀ, ਆਪਣਾ ਆਪ ਵਿਚਾਰਾ ਹਿਰਦੇ ਧਾਰਾ
ਘਟ ਘਟ ਮ੍ਰਿਤਕਾ ਸੂਤ ਬਸਨ ਜਿਉਂ, ਜਗਤ ਬ੍ਰਹਿਮ ਇਕ ਸਾਰਾ ਬਹੁਪ੍ਰਕਾਰਾ
ਕਨਕ ਕਟਕ ਜਿਉਂ ਨੀਰ ਤਰੰਗੇ, ਬੀਜ ਬਟਕ ਬਿਸਥਾਰਾ ਹਮੈਂ ਨਿਹਾਰਾ
ਦਾਸ ਬੁਲਾਕੀ ਨਾਮ ਰੂਪ ਸਭ, ਜਹ ਲਗ ਭਯੋ ਪਸਾਰਾ ਰੂਪ ਅਪਾਰਾ ।੧੨।

ਫਗਣ ਫਿਕਰ ਨ ਫਕਰਾਂ ਕੋਈ, ਰਲ ਮਿਲ ਖੇਲੀ ਹੋਰੀ ਲਾਖ ਕਰੋਰੀ
ਚੋਆ ਚੰਦਨ ਅਵਰ ਅਰਕ ਜਾਂ, ਜਸ ਕਾ ਤਿਲਕ ਕਟੋਰੀ ਭਾਲ ਚੜ੍ਹੋਰੀ
ਸੰਤ ਸਮਾਗਮ ਨਾਮ ਕੀ ਰੰਗਣ, ਭੀਗੀ ਹੈ ਮਤ ਮੋਰੀ ਰਹੀ ਨ ਕੋਰੀ
ਦਾਸ ਬੁਲਾਕੀ ਹੋਈ ਨਫਿਕਰੀ, ਪ੍ਰੀਤਿ ਪੀਯ ਸੰਗ ਜੋਰੀ ਜਗ ਤੇਂ ਤੋਰੀ ।੧੩।

ਹਰ ਹਰ ਕਰਤੇ ਹਰਿ ਹੂਏ, ਸੰਸਾ ਰਹੇ ਨ ਕੋਇ ।
ਦਾਸ ਬੁਲਾਕੀ ਆਪ ਹਰਿ, ਜਿਸ ਕੋ ਸੋਝੀ ਹੋਇ ।

---



Sri Satguru Jagjit Singh Ji eLibrary NamdhariElibrary@gmail.com

## ੪੫. ਬਾਰਾਂਮਾਹ ਨਾਰਾਇਣ ਸਿੰਘ

ਪੋਥੀ ਵਿਜੋਗ ਲੀਲ੍ਹਾ ਸ੍ਰੀ ਰਾਧਾ ਕਿਸ਼ਨ

ਭਾਦਰੋਂ ਭੜਕ ਤੇਰੀ ਸਖੀ, ਸੋਹਣਾ ਨਜ਼ਰ ਨ ਆਇ
ਦਿਨ ਬੀਤੇ ਨਿਤ ਰੋਂਦਿਆਂ, ਦੁਖੀ ਰੈਣ ਵਿਹਾਇ।

ਕਬਿਤ

ਭਾਦਰੋਂ ਭੜਕ ਸਤਾਇਆ ਨੀ ਘਨੇਰਾ ਦੁਖ ਪਾਇਆ ਜਦੋਂ,
ਅੱਖੀਆਂ ਥੀਂ ਉਹਲੇ ਮੇਰੇ ਕ੍ਰਿਸ਼ਨ ਸਿਧਾ ਗਿਆ।
ਡਾਢੀ ਬਿਰਹੁੰ ਦੀ ਪੀੜ ਕੋਲੋਂ ਹੋਈ ਹੈ ਅਧੀਰ,
ਵਗੇ ਅੱਖੀਆਂ ਥੀਂ ਨੀਰ ਨੀ ਕਲੇਜੇ ਤੀਰ ਲਾ ਗਿਆ।
ਕਦੀ ਰਾਮ ਜੀ ਮਿਲਾਵੇ ਸ਼ਾਮ ਗਲੇ ਨਾਲ ਲਾਵੇ,
ਮੈਨੂੰ ਕ੍ਰਿਸ਼ਨ ਦੇ ਵਿਛੋੜੇ ਵਾਲਾ ਭਾਰਾ ਗ਼ਮ ਖਾ ਗਿਆ।
ਵੇਖੀ ਖਾਂ ਨਾਰਾਇਣ ਸਿੰਘਾ ਸੁੱਕ ਕੇ ਕੁਰੰਗ ਹੋਈ,
ਕ੍ਰਿਸ਼ਨ ਦੇ ਵਿਛੋੜੇ ਵਾਲਾ ਰੋਗ ਜੁੱਸੇ ਧਾ ਗਿਆ।੧।

ਅੱਸੂ ਦਿਤਾ ਈ ਵਿਸਾਰ ਤੇ ਵਿਸਾਰ ਵਾਂਗਣ ਹੋਇਆ ਰੰਗ,
ਲਾਇਆ ਈ ਅਜ਼ਾਰ ਡਾਢਾ ਬਿਰਹੋਂ ਵਾਲਾ ਜ਼ਾਲਮਾਂ !
ਫਾਲੀਆਂ ਥੀਂ ਪੁਛਾਂ ਫਾਲ ਕ੍ਰਿਸ਼ਨ ਦਾ ਬਤਾਓ ਹਾਲ,
ਕੀਤਾ ਈ ਬਿਹਾਲ ਵੇ ਸੰਭਾਲ ਕਦੀ ਜ਼ਾਲਮਾ !
ਨੈਣਾਂ ਵਿਚ ਨੀਂਦ ਰਹੀ ਪੇਟ ਸੰਦੀ ਭੁਖ ਗਈ,
ਸੁਧ ਬੁਧ ਦੂਰ ਭਈ ਵੇਖ ਅੱਖੀਂ ਜ਼ਾਲਮਾ !
ਦੇਈਂ ਵੇ ਨਰਾਇਣ ਸਿੰਘਾ ਸ਼ਾਮ ਨੂੰ ਸੁਨੇਹਾ ਜਾਕੇ,
ਰਾਧਕਾ ਦੇ ਪ੍ਰਾਣ ਆਣ ਅੰਤ ਹੋਇ ਜ਼ਾਲਮਾ।੨।

ਕੱਤੇ ਕੱਤਿਆ ਉਲਾਰ ਬਾਂਹ ਵਿਹੜੇ ਵਿਚ ਬੈਠ ਰਹੀ,
ਔਂਸੀਆਂ ਭੀ ਪਾਵਾਂ ਕਦਣ ਸ਼ਾਮ ਮਿਲੇ ਆਇਕੇ।
ਵਗਣ ਹੰਝੂਆਂ ਪਰਨਾਲੇ ਹੋਈ ਛਾਤੀ ਛਾਲੇ ਛਾਲੇ,
ਕੋਈ ਕ੍ਰਿਸ਼ਨ ਨੂੰ ਸੁਣਾਵੇ ਬੁਰਾ ਹਾਲ ਮੈਂਡਾ ਜਾਇਕੇ।



Sri Satguru Jagjit Singh Ji eLibrary NamdhariElibrary@gmail.com

ਰਹਾਂ ਰੋਂਦੀ ਤੇ ਕੁਰਲਾਂਦੀ ਗੱਲ ਕਿਸੇ ਦੀ ਨ ਭਾਂਦੀ ਮੈਨੂੰ,
ਕਾਵਾਂ ਨੂੰ ਉਡੇਂਦੀਆਂ ਵਧੇਰੀ ਚੂਰੀ ਪਾਇਕੇ।
ਮੈਥੋਂ ਹੋਇਆ ਨ ਕਸੂਰ ਮੋਹਣ ਕੀਤਾ ਦਿਲੋਂ ਦੂਰ ਕਿਉਂ,
ਕਰੀ ਖਾਂ ਨਿਆਉਂ ਵੇ ਨਰਾਇਣ ਸਿੰਘਾ ਆਇਕੇ ।੩।

ਮੱਘਰ ਮੁਲਖਾਂ ਥੀਂ ਚੋਰੀ ਪ੍ਰੀਤਿ ਲਾਈਆ ਜ਼ੋਰੋ ਜ਼ੋਰੀ,
ਮਾਰ ਬ੍ਰਿਹੋਂ ਦੀ ਕਟਾਰ ਛੁਰੀ ਹੁਣ ਕੀਕਣ ਭੱਜਣਾ।
ਜਿਹੜੇ ਕੀਤੇ ਤਕਰਾਰ ਹੁਣ ਦਿਤੇ ਨੀ ਵਿਸਾਰ,
ਕਿਹਾ ਖੋਟਾ ਹੀ ਵਪਾਰ ਇਵੇਂ ਜਗ ਪਿਆ ਠੱਗਣਾਂ।
ਨਾ ਹੀ ਰੱਜ ਕੇ ਬੁਲਾਇਆ ਨ ਮੈਂ ਗਲੇ ਨਾਲ ਲਾਇਆ,
ਸ਼ਾਮ ਜਾਸੇਂ ਕਿਥੇ ਭਜ ਮੈਥੋਂ ਨੱਸ ਕੀਕਣ ਸਗਨਾਂ।
ਦੱਸ ਖਾਂ ਨਰਾਇਣ ਸਿੰਘਾ ਸ਼ਾਮ ਕੋਲੋਂ ਪੁਛੇ ਕੋਈ,
ਕਿਹੜੀ ਮੈਥੋਂ ਚੰਗੀ ਸਖੀ ਜਿਨ੍ਹਾਂ ਪਿਛੇ ਵਗਨਾਂ ।੪।

ਚੜ੍ਹਿਆ ਪੋਹ ਪਿਆ ਸੀਅ, ਮੇਰਾ ਘਰ ਨਹੀਂ ਪੀ,
ਹੋਇਆ ਕਲਵਲ ਜੀ ਸ਼ਾਮ ਲਾ ਨ ਗਲ ਸੁੱਤੀਆਂ।
ਪਈ ਰਹਾਂ ਮੈਂ ਇਕੱਲੀ ਫਿਰਾਂ ਝੱਲੀ ਗਲੀ ਗਲੀ,
ਸਾਰੇ ਪਾਟੇ ਹੋਏ ਚੀਰ ਅਗੋਂ ਭੌਂਕਣ ਮੈਨੂੰ ਕੁੱਤੀਆਂ।
ਹਿਕੋ ਰਾਧਕੇ ਬਿਹਾਲ ਹੋਰ ਸਖੀਆਂ ਨਿਹਾਲ ਭੈਣੋ,
ਜਿਨ੍ਹਾਂ ਕੋਂਤ ਘਰੀਂ ਉਹ ਛਾਤੀ ਲਾਇ ਸੁੱਤੀਆਂ।
ਸੁਣੀ ਵੇ ਨਰੈਣ ਸਿੰਘਾ ਕ੍ਰਿਸਣ ਘਰ ਆਵੇ ਨਹੀਂ,
ਪਤੀਆਂ ਤਾਂ ਚਿਠੀਆਂ ਮੈਂ ਪੜ੍ਹ ਪੜ੍ਹ ਮੁਕੀਆਂ ।੫।

ਮਾਘ ਮੁਢੋਂ ਘੁਥੀਂ ਵੇਲੇ ਪ੍ਰੀਤ ਲਾਈ ਜਿਸ ਵੇਲੇ
ਹੁਣ ਪਈ ਪਛੋਤਾਵਨੀ ਹਾਂ ਵਖਤ ਵਿਹਾਣੇ ਨੂੰ
ਰਾਮ ਜੀ ਮਿਲੈਸੀ ਸ਼ਾਮ ਰਾਧਕੇ ਤੂੰ ਦਿਲ ਥਾਮ
ਪਈ ਸਮਝੈਨੀਆਂ ਮੈਂ ਜੀਵੜੇ ਨਿਮਾਣੇ ਨੂੰ।
ਸ਼ਾਮ ਹੋਇਆ ਦੂਰ ਹੋਈ ਰਾਧਕੇ ਰੰਜੂਰ,
ਤਦੋਂ ਦਾਰੂ ਪਈ ਪੁਛਾਂ ਸੱਦ ਵੈਦ ਤੇ ਸਿਆਣੇ ਨੂੰ।
ਸੁਣ ਵੇ ਨਾਰਾਇਣ ਸਿੰਘਾ! ਪ੍ਰੇਮ ਦੇ ਤਮਾਚੇ ਲਗੇ,
ਦੋਸ਼ ਕੇ ਮੈਂ ਦਿਆਂ ਦੱਸੋ ਪੰਡਤ ਸਿਆਣੇ ਨੂੰ ।੬।

ਚੜ੍ਹਿਆ ਫੱਗਣ ਮਹੀਨਾ ਮੇਰਾ ਜਲ ਗਿਆ ਸੀਨਾ
ਜਦੋਂ ਸਹਿਮਿਆ ਤੇ ਸਹਿਆ ਹੋਇਆ ਸਈਆਂ ਨੂੰ ਮੈਂ ਵੇਖਦੀ।
ਸਈਆਂ ਕੀਤੇ ਨੀ ਸ਼ਿੰਗਾਰ ਮੈਨੂੰ ਲੱਗਣ ਅੰਗਿਆਰ,



Sri Satguru Jagjit Singh Ji eLibrary NamdhariElibrary@gmail.com

ਜਿਹੇ ਕ੍ਰਿਸ਼ਨ ਦੇ ਵਿਛੋੜੇ ਵਾਲੀ ਅੱਗ ਪਈ ਸੇਕਦੀ।
ਮੂੰਹ ਤੇ ਬਿਭੂਤ ਲਾਈ ਰੂਪ ਨਹੀਂ ਰਿਹਾ ਰਾਈ,
ਪਾਟੇ ਚੀਰ ਮਾਰੀ ਮੈਂ ਵਿਧਾਤਾ ਦੇ ਜੋ ਲੇਖ ਦੀ।
ਦੱਸ ਖਾਂ ਨਾਰਾਇਣ ਸਿੰਘਾ ਕਿਥੋਂ ਮੈਂਡੇ ਜਾਗਣ ਭਾਗ,
ਜੀਉਂਦੀ ਅੱਖੀਂ ਕਦੀ ਭਾਈ ਰਾਮ ਜੀ ਨੂੰ ਵੇਖਦੀ।੭।

ਚੇਤਰ ਚਿੰਤਾਵਾਨ ਖੜੀ ਫੇਰੇ ਪਾਵਾਂ ਘੜੀ ਘੜੀ,
ਬਿਰਹੋਂ ਦੀ ਸਤਾਈ ਹੋਈ ਕੋਠੇ ਚੜ੍ਹ ਤੱਕਦੀ।
ਕਦੀ ਆਵਾਂ ਹੇਠਾਂ ਕਦੀ ਕੋਠੇ ਉਤੇ ਜਾਵਾਂ ਬੈਠ,
ਸ਼ਾਮ ਦੇ ਕਲੋਲ ਪਈ ਕਰਾਂ ਬੈਠੀ ਤੱਕਦੀ।
ਕਿਸੇ ਪੈਰ ਦਾ ਖੜਕ ਲਗੇ ਬਿਜਲੀ ਕੜਕ ਵਾਂਗਣ,
ਪਲਕੈ ਤੇ ਪਿਛੋਂ ਅਚਣਚੇਤ ਰਹਾਂ ਤੱਕਦੀ
ਦੱਸ ਖਾਂ ਨਾਰਾਇਣ ਸਿੰਘਾ ਰਤੀ ਨ ਤਰਸ ਸ਼ਾਮ,
ਬਿਰਹੋਂ ਦੀ ਤਪਾਈ ਰਾਧੇ ਅੱਗੀਂ ਵਾਂਗਣ ਭਖਦੀ।੮।

ਵਿਸਾਖ ਕੀਤੀ ਪੀਲੀ ਰੋਗਣ ਹੋਈਆਂ ਸੁਕ ਤੀਲੀ,
ਮੈਂ ਤਾਂ ਵੇਖ ਵੇਖ ਮੋਹਨ ਦੇ ਮਕਾਨ ਵਲ ਥੱਕੀਆਂ।
ਨਜ਼ਰ ਨ ਆਵੇ ਸ਼ਾਮ ਰਤੀ ਨ ਅਰਾਮ ਮੈਨੂੰ,
ਦੇਹੀ ਪੀਲੀ ਪਾਨਾਂ ਵਾਂਗਣ ਅੱਖੀਆਂ ਨੀ ਰੱਤੀਆਂ।
ਮਿਲਣੇ ਦਾ ਟਾਂਗ ਨੀ ਡਰਾਵੇ ਕਾਲਾ ਨਾਗ ਵਾਂਗਣ,
ਜਗਤ ਦੀ ਖੁਆਰੀ ਘੁੰਮਣਘੇਰ ਵਿਚ ਘੱਤੀਆਂ।
ਮੇਲ ਖਾਂ ਨਰੈਣ ਸਿੰਘਾ ਸ਼ਾਮ ਹਿਕ ਵਾਰ ਮੈਨੂੰ,
ਜੰਤ੍ਰ ਮੰਤ੍ਰ ਕਰ ਮੈਂ ਧੁਖੇਂਦੀ ਥੱਕੀ ਬੱਤੀਆਂ।੯।

ਚੜ੍ਹਿਆ ਮਾਂਹ ਜੇਠ ਦਬੀ ਦੁਖਾਂ ਦੇ ਹੇਠ,
ਮੈਨੂੰ ਕ੍ਰਿਸ਼ਨ ਦੇ ਵਿਛੋੜੇ ਨੀ ਬਿਤਾਬ ਕਰ ਸੁੱਟਿਆ।
ਨੀਂਦ ਨਹੀਂ ਭੁਖ ਮੈਥੋਂ ਦੂਰ ਹੋਇਆ ਸੁਖ ਨੀ,
ਵਿਛੋੜੇ ਵਾਲੇ ਦੁਖ ਨੇ ਬਰਾਬਰ ਕਰ ਸੁੱਟਿਆ।
ਫਿਰਾਂ ਬਾਵਰੀ ਦੀਵਾਨੀ ਕੀਤੀ ਸ਼ਾਮ ਹਾਂ ਨਿਮਾਣੀ,
ਝੋਰਾ ਲੱਗਾ ਮੈਂਡੇ ਜਾਨੀ ਉਸਦੀ ਟੋਰੀ ਮੈਨੂੰ ਪੱਟਿਆ।
ਰੋਵਾਂ ਵੇ ਨਾਰਾਇਣ ਸਿੰਘਾ! ਖੁਸ਼ੀਆਂ ਵਿਹਾਣੀਆਂ ਨੂੰ,
ਸ਼ਾਮ ਦੇ ਵਿਛੋੜੇ ਕਾਲੇ ਨਾਗ ਵਾਂਙਣ ਕੱਟਿਆ।੧੦।

ਹਾੜ ਦੇ ਮਹੀਨੇ ਲਗੀ ਸਾਂਗ ਵਿਚ ਸੀਨੇ,
ਸਹੀਓ ਯਾਰ੍ਹਵਾਂ ਮਹੀਨਾ ਚੜ੍ਹਿਆ ਕਾਨ੍ਹ ਚਲੇ ਗਏ ਨੂੰ।



Sri Satguru Jagjit Singh Ji eLibrary NamdhariElibrary@gmail.com

ਆਈ ਨੱਕ ਵਿਚ ਜਾਨ ਹੋਇ ਅੰਤ ਨੀ ਪ੍ਰਾਣ,
ਸਹੀਓ ਤਰਸ ਨਹੀਂ ਆਵੇ ਮੈਥੋਂ ਚੇਰੀ ਵਿਦਾ ਭਏ ਨੂੰ ।
ਦਸੋ ਨੀ ਸਹੇਲੀ ਕੀਕਣ ਬੀਤੇ ਮੇਰਾ ਰਾਤ ਦਿਹੁੰ,
ਯਾਰੁਵਾਂ ਮਹੀਨਾ ਸ਼ਾਮ ਰੋਂਦੀ ਸੱਟ ਗਏ ਨੂੰ ।
ਦੱਸ ਖਾਂ ਨਰੈਣ ਸਿੰਘਾ ਕੂਕ ਫਰਿਆਦ ਕੌਣ,
ਜਾਇ ਕੇ ਪੁਕਾਰੇ ਸੁੰਦਰ ਸ਼ਾਮ ਵਿਛੜ ਗਏ ਨੂੰ ।੧੧।

ਸਾਵਣ ਦੇ ਮਹੀਨੇ ਸਖੀ ਦੇਹੁ ਨੀ ਵਧਾਈਆਂ ਮੈਨੂੰ,
ਸ਼ਾਮ ਦੇ ਸੁਨੇਹੜੇ ਘਰੀਂ ਆਵਣੇ ਦੇ ਆਏ ਨੀ ।
ਹਾਰ ਤੇ ਸ਼ਿੰਗਾਰ ਕਰ ਰਖੇ ਮੈਂ ਤਿਆਰ ਸਭ,
ਚੰਬੇ ਤੇ ਰਵੇਲੀ ਹਾਰ ਮਾਲਣ ਥੀਂ ਗੁੰਦਾਏ ਨੀ ।
ਸੇਜੜੀ ਵਿਛਾ ਸੁੱਤੀ ਸ਼ਾਮ ਗੱਲ ਲਾਇ ਅਜ,
ਹਾਸ ਤੇ ਬਿਲਾਸ ਕਰ ਸ਼ਾਮ ਜੀ ਰੀਝਾਇ ਨੀ ।
ਸੁਣ ਵੇ ਨਰੈਣ ਸਿੰਘਾ ਖੁਸ਼ੀਆਂ ਮਨਾਵਾਂ ਬੈਠੀ,
ਬਾਰੁਵੇ ਮਹੀਨੇ ਸ੍ਰੀ ਕ੍ਰਿਸ਼ਨ ਘਰੀਂ ਆਏ ਨੀ ।੧੨।





Sri Satguru Jagjit Singh Ji eLibrary NamdhariElibrary@gmail.com

## ੪੬. ਬਾਰਾਂਮਾਹ ਭਗਵਾਨ ਸਿੰਘ ਬਨੂੜੀ

ਬਿਸਨਪਦੇ

ਚੇਤਰ ਚਮਨ ਖਿਲ ਰਹੀ ਫੁਲਵਾਰੀ ਹਰ ਹਰ ਸ਼ਾਖ ਚਨਾਰੀ
ਝੂਟਾ ਬੇਲ ਰਵੇਲ ਚਮਕਦਾ, ਜਿਉਂ ਸਾਵਣ ਘਟ ਕਾਰੀ
ਬਿਰਹੋਂ ਬਿਦਰਦੀ ਜ਼ਰਦੀ ਕੀਤੀ, ਕਿਸਨੂੰ ਗੱਲ ਸੁਣਾਵਾਂ
ਕੌਣ ਕਰੇ ਦਿਲਜੋਈ ਮੇਰੀ, ਕੌਣ ਕਰੇ ਦਿਲ਼ਦਾਰੀ
ਭਗਵਾਨ ਸਿੰਘ ਬਿਨ ਤੜਪ ਰਹੀ ਹਾਂ,ਜਿਉਂ ਮਛਲੀ ਬਿਨ ਪਾਣੀ
ਜਾਨੀ ਕੋਈ ਆਣ ਮਿਲਾਵੈ, ਲਾਗੀ ਹੈ ਬਿਰਹੁੰ ਕੀ ਕਟਾਰੀ ।੧।

ਬਸਾਖ ਬਰਨ ਕਹਾਂ ਕਿਸ ਕੋਲੇ, ਕੋਈ ਨ ਮੁਖ ਸੇ ਬੋਲੇ
ਜਿਸਨੂੰ ਜਾਇ ਪ੍ਰੀਤਮ ਕਰਦੀ, ਸੋਈ ਪਰਾਯਾਤਨ ਡੋਲੇ
ਬ੍ਰਿਹੋਂ ਬਿਦਰਦੀ ਜ਼ਰਦੀ ਕੀਤੀ, ਹੱਡ ਪੈਰ ਸਭ ਪੋਲੇ
ਪਾਪੀ ਇਸ਼ਕ ਬੰਦੂਕਾਂ ਲਾਈਆਂ, ਦੇ ਗਏ ਸਖਤ ਝੰਝੋਲੇ
ਭਗਵਾਨ ਸਿੰਘ ਜੋ ਆਣ ਮਿਲਾਵੈ, ਸੋਈ ਹੈ ਮੀਤ ਹਮਾਰਾ
ਹਰਦਮ ਸਦਾ ਗੁਲਾਮ ਤਿਸੀ ਕੀ, ਹੋ ਰਹੀਏ ਗੋਲਿਆਂ ਦੇ ਗੋਲੇ ।੨।

ਜੇਠ ਜਤਨ ਕਰ ਰਹੀ ਬਥੇਰੇ, ਵਸ ਨਹੀਂ ਕੁਛ ਮੇਰੇ
ਸਾਨੂੰ ਮਾਰ ਬਿਮਾਰ ਬਣਾ ਕੇ,ਉਠ ਗਇਆ ਆਪ ਅਗੇਰੇ
ਹਰਦਮ ਨਾਮ ਜਪੇਂਦੀ ਤੇਰਾ, ਹਰ ਚਰਖੀ ਦੇ ਘੇਰੇ
ਨੇੜੇ ਹੋਵੇ ਮੋੜ ਲਿਆਵਾਂ, ਕਿਥੇ ਲਗਾਏ ਸੁਹਣਿਆ ! ਡੇਰੇ
ਭਗਵਾਨ ਸਿੰਘ ਦਰਸ਼ਨ ਕੀ ਪਿਆਸੀ, ਦਾਸੀ ਹੋਇ ਖਲੋਤੀ
ਕੋਈ ਨਗਰ ਕਾ ਮੋੜ ਲਿਆਵੇ, ਲੈ ਲਏ ਪ੍ਰਾਨ ਜਾ ਮੇਰੇ ।੩।

ਹਾੜ ਹਵਾਲ ਕਹਾਂ ਕਿਸ ਤਾਈਂ, ਜਾਨ ਮੇਰੀ ਮੁੜ ਆਈਂ
ਤੈਨੂੰ ਕਸਮ ਰਸੂਲਾਂ ਵਾਲੀ, ਬਹੁਤੀ ਦੇਰ ਨ ਲਗਾਈਂ
ਬੇ ਗੁਨਾਹ ਆਜਜ਼ ਕੋ ਛੋੜਾ, ਮਿਹਰ ਮੁਹਬਤ ਨਾਹੀਂ
ਸਬਰ ਪਵੇ ਦਰਗਾਹ ਕੇ ਅੰਦਰ, ਤਨ ਮਨ ਭਰੇਗਾ ਸਜ਼ਾਈਂ



Sri Satguru Jagjit Singh Ji eLibrary NamdhariElibrary@gmail.com

ਭਗਵਾਨ ਸਿੰਘ ਦਰ ਖੜਾ ਸਵਾਲੀ, ਖਾਲੀ ਮੂਲ ਨ ਤੋਰੋ
ਸਦਕਾ ਨਬੀ ਬਰਾਇ ਲਿਲ੍ਹਾ, ਖ਼ੈਰ ਦੀਦਾਰ ਸਾਨੂੰ ਪਾਈਂ ।੪।

ਸਾਵਣ ਕੋਇਲ ਸ਼ਬਦ ਸੁਣਾਵੇ, ਸ਼ੋਰ ਕੀਤਾ ਬਨ ਮੋਰਾਂ
ਮੋਕੋ ਮੂਲ ਨ ਭਾਵੇ ਹਰਗਿਜ਼, ਚਰਚਾ ਜੋ ਪੜੀ ਹੈ ਚਕੋਰਾਂ
ਬਾਜ਼ ਉਡਾਰੀ ਮਾਰੀ ਐਸੀ, ਹਾਥੋਂ ਰਹਿ ਗਈਆਂ ਡੋਰਾਂ
ਦਰਦਵੰਦਾਂ ਦੀ ਦਰਦੀ ਜਾਣਨ, ਖਬਰ ਨਹੀਂ ਲੋਕਾਂ ਹੋਰਾਂ
ਭਗਵਾਨ ਸਿੰਘਾ ਕਿਉਂ ਦਾਵ੍ਹੇ ਬੰਨ੍ਹਦਾ, ਜਗਜੀਵਨ ਹੈ ਥੋੜਾ
ਮੋੜਾ ਪਾਵੀਂ ਆਵੀਂ ਸਾਥੇ, ਹੁਣ ਹਿਸਾਬ ਵਿਚ ਗੋਰਾਂ ।੫।

ਭਾਦ੍ਰੋਂ ਭਾਹਿ ਲਗੀ ਤਨ ਮੇਰੇ, ਕੌਣ ਹਕੀਮ ਬੁਲਾਵਾਂ
ਮਿਲਦਾ ਨਹੀਂ ਬਿਨ ਤੇਰੇ, ਨਬਜ਼ਾਂ ਜਿਸ ਨੂੰ ਜਾਇ ਦਿਖਾਵਾਂ
ਨੀਂਦ ਆਰਾਮ ਨ ਆਵੇ ਮੂਲੇ, ਪਿਆਸ ਭੁਖ ਨ ਵਿਆਪੇ
ਸਿਆਪੇ ਨਵੇਂ ਸਹੇੜੇ ਆਪੇ, ਰੋਂਦੀ ਹਾਂ ਸੰਝ ਸਵੇਰੇ
ਭਗਵਾਨ ਸਿੰਘਾ ਨਿਤ ਖੜੀ ਉਡੀਕਾਂ, ਜਿਉਂ ਮਜਨੂੰ ਸੰਗ ਲੇਲੀ
ਰੋਜ਼ ਬਰੋਜ਼ ਉਮੈਦਾਂ ਕਰਦੀ, ਕਦੀ ਤਾਂ ਪਾਵੀਂ ਸੋਹਣਿਆ ਫੇਰੇ ।੬।

ਅਸੂ ਆਸ ਕਰਾਂ ਨਿਤ ਤੇਰੀ, ਕਦੀ ਤਾਂ ਪਾਵੇਂ ਫੇਰੀ
ਜਾਨੀ ਕੋਈ ਆਣ ਮਿਲਾਵੈ, ਮੈਨੂੰ ਬਣਾਵੇ ਸੰਗ ਚੇਰੀ
ਜੋਗਨ ਬਣਕੇ ਢੂੰਡਨ ਜਾਵਾਂ, ਦਰ ਦਰ ਅਲਖ ਜਗਾਵਾਂ
ਮੁੰਦਰਾਂ ਪਾਵਾਂ ਖਾਕ ਰਵਾਵਾਂ, ਜੇ ਰੱਬ ਦੇਤ ਦਿਲੇਰੀ
ਭਗਵਾਨ ਸਿੰਘਾ ਦੂਣਾ ਦੁਖ ਦੇ ਨਾ, ਕਬੀ ਲੈਇ ਸੁਧ ਮੇਰੀ
ਹੋਇਆ ਹਾਲ ਬਿਹਾਲ ਹਮਾਰਾ, ਦੇ ਰਹੀ ਡਾਢ ਬਥੇਰੀ ।੭।

ਕੱਤਕ ਕੌਣ ਕਰਾਂ ਤਦਬੀਰਾਂ, ਸੀਨਾ ਹੋ ਗਿਆ ਲੀਰਾਂ
ਮੈਲੇ ਭੇਸ ਕੇਸ ਗਲ ਡਾਰੇ, ਬਣ ਰਹੀ ਹਾਲ ਫ਼ਕੀਰਾਂ
ਰਸਤੇ ਅੰਦਰ ਖੜੀ ਉਡੀਕਾਂ, ਜਿਉਂ ਮੁਰੀਦ ਦਿਲ ਪੀਰਾਂ
ਸਖਤ ਜੁਦਾਈਆਂ ਪਾਈਆਂ ਸਾਈਆਂ, ਕਰੀਆਂ ਕੌਣ ਤਕਸੀਰਾਂ
ਭਗਵਾਨ ਸਿੰਘਾ ਮਰ ਚੁਕੀਆਂ ਵੇ, ਚੰਦਾ ਦਰਸ਼ਨ ਦੇ ਹੁਣ ਸਾਨੂੰ
ਕਾਹਨੂੰ ਐਡ ਵਿਛੋੜਾ ਪਾਇਆ, ਦੇਤੀ ਹੂੰ ਲਖ ਨਜ਼ੀਰਾਂ ।੮।

ਮੱਘਰ ਮਾਸ ਨਹੀਂ ਬਿਨ ਤੇਰੇ, ਪ੍ਰੀਤਮ ਪਿਆਰੇ ਮੇਰੇ
ਸਾਨੂੰ ਆਸ ਉਮੈਦ ਮਿਲਨ ਦੀ, ਕਰ ਰਹੀ ਜਤਨ ਬਥੇਰੇ



Sri Satguru Jagjit Singh Ji eLibrary NamdhariElibrary@gmail.com

ਔਂਸੀਆਂ ਪਾਵਾਂ ਕਾਗ ਉਡਾਵਾਂ, ਲਿਖ ਭੇਜਾਂ ਪਰਵਾਨੇ
ਇਸ਼ਕ ਤੇਰੇ ਨੇ ਕਰੀ ਦਿਵਾਨੀ, ਬਿਰਹੁ ਲਗਾਏ ਡੇਰੇ
ਭਗਵਾਨ ਸਿੰਘ ਹੈ ਜਾਨ ਲਬਾਂ ਤੇ, ਆ ਮਿਲ ਪ੍ਰੀਤਮ ਪਿਆਰੇ
ਸਾਰੇ ਦਰਦ ਦੂਰ ਹੋ ਜਾਵਣ, ਜੇਕਰ ਭਾਗ ਭਲੇਰੇ ।੯।

ਪੋਹ ਪੁਕਾਰ ਕਰਾਂ ਰੱਬ ਅੱਗੇ, ਪਿਆ ਸੀਅ ਲਾਗੇ
ਕੋਈ ਘੜੀਆਂ ਮਿਲੇ ਪਿਆਰਾ, ਮਰਤੀ ਹੁ ਬਿਨਾ ਬਰਾਗੇ
ਮੌਤ ਭਲੀ ਮਰਨ ਚੰਗੇਰਾ ਬੁਰਾ ਵਿਛੋੜਾ ਯਾਰੀ
ਸਾਰੀ ਉਮਰ ਦੁਖਾਂ ਵਿਚ ਬੀਤੀ, ਮੇਰੇ ਨਸੀਬ ਨਾਹੀਂ ਜਾਗੇ
ਭਗਵਾਨ ਸਿੰਘਾ ਖਾ ਮਰਾਂ ਕਟਾਰੀ, ਭਾਰੀ ਬਣੀ ਲਾਚਾਰੀ
ਮੈਂ ਗਰੀਬ ਬੇਦੋਸ਼ ਵੇਚਾਰੀ, ਕੌਣ ਵਤਨ ਦਿਲ ਭਾਗੇ ।੧੦।

ਮਾਘ ਮੁੜਨ ਕਾ ਅਬ ਤੇਰਾ ਵੇਲਾ, ਆਵੀਂ ਫ਼ਕਤ ਇਕੇਲਾ
ਮਾਨ ਗੁਮਾਨ ਸ਼ਾਨ ਕਰ ਬੈਠਾ, ਜਗ ਦਰਸਨ ਕਾ ਹੈ ਮੇਲਾ
ਇਹ ਦੁਨੀਆਂ ਦਿਨ ਚਾਰ ਦਿਹਾੜੇ, ਚੰਦ ਰੋਜ਼ ਕਾ ਖੇਲਾ
ਤੂੰ ਦਾਹਵੇ ਕਿਉਂ ਬੰਨ੍ਹਦਾ ਬਾਵਾ, ਸਿਰ ਪਰ ਕਾਲ ਝਮੇਲਾ
ਭਗਵਾਨ ਸਿੰਘ ਕੋਈ ਨਹੀਂ ਮਿਲਾਪੀ, ਕੌਣ ਗੁਰੂ ਕੌਣ ਚੇਲਾ
ਭੈਣ ਭਾਈ ਲੜ ਕੋਈ ਨ ਪਕੜੇ, ਨ ਕੋਈ ਸੰਗ ਸਹੇਲਾ ।੧੧।

ਫਾਗਣ ਫੂਲ ਰਹਾ ਮੇਰਾ ਸੀਨਾ, ਮਿਲਿਆ ਯਾਰ ਨਗੀਨਾ
ਦੁਖ ਦਰਦ ਸਭ ਦੂਰ ਸਿਧਾਣੇ, ਚੜ੍ਹਿਆ ਨੇਕ ਮਹੀਨਾ
ਸ਼ੁਕਰ ਖੁਦਾਵੰਦ ਮੌਲਾ ਵਾਲਾ, ਰਲ ਪਿਆਰੇ ਸੰਗ ਕੀਨਾ
ਦੇਣਾ ਦਾਨ ਯਥਾ ਮਨ ਭਾਵਤ, ਮਿਲਿਆ ਮਾਲ ਖਜ਼ੀਨਾ
ਭਗਵਾਨ ਸਿੰਘਾ ਜਾਨੀ ਗਲ ਲਾਇਆ, ਚੜ੍ਹਿਆ ਚੰਦ ਚੁਫੇਰੇ
ਭਾਗ ਭਲੇ ਦਿਨ ਮੇਰੇ ਆਏ, ਆਣ ਅਰਾਮ ਅਬ ਲੀਨਾ ।੧੨।



Sri Satguru Jagjit Singh Ji eLibrary NamdhariElibrary@gmail.com

## ੪੭. ਬਾਰਾਂਮਾਹ ਮੌਲੇ ਸ਼ਾਹ

ਫਿਰ ਗਈਆਂ ਰੁਤਾਂ ਚੜ੍ਹਿਆ ਚੇਤ ਮਹੀਨਾ ਵੇ
ਹਸ ਰਸ ਛਾਤੀ ਲਗ, ਨਾ ਰਖ ਦਿਲ ਵਿਚ ਕੀਨਾ ਵੇ ।
ਫੁਲੇ ਬਾਗ ਬਣ ਬਾਸ ਗੁਲਜ਼ਾਰ ਵੇ ਬੀਬਾ
ਨਾ ਰੁਸ ਯਾਰੀ ਲਾ ਕੇ ਮੇਰੇ ਨਾਲ ਯਾਰ ਵੇ ਬੀਬਾ ।
ਚੜ੍ਹੇ ਬਿਸਾਖ ਧੁਪਾਂ ਲਗਣ, ਤਵਾੜਾਂ ਵੇ
ਹੀਰ ਜਟੀ ਦੀ ਖ਼ਾਤਰ ਰਾਂਝੇ, ਚਾਰੀਆਂ ਮੱਝੀਂ ਉਜਾੜਾਂ ਵੇ ।
ਮਖ਼ਲੂਕਾਤ ਵਾਕਫ਼ ਦੋਹਾਂ ਦਾ, ਜੋ ਪਿਆਰ ਵੇ ਬੀਬਾ
ਨਾ ਰੁਸ ਯਾਰੀ ਲਾ ਕੇ ਮੇਰੇ ਨਾਲ ਯਾਰ ਵੇ ਬੀਬਾ ।
ਜੇਠ ਮਹੀਨਾ ਲੋਆਂ ਵਗਣ ਕਹਾਰੀਂ ਵੇ
ਕੀ ਸੁਖ ਪਾਇਆ ਤੇਰੇ ਮੈਂ ਲਾ ਕੇ ਯਾਰੀ ਵੇ ।
ਕਿਸੇ ਨਾਹੀਂ ਮੰਨਣੀ ਤੇਰੀ ਇਹ ਗੱਲ ਸਰਦਾਰ ਵੇ ਬੀਬਾ
ਨਾ ਰੁਸ ਯਾਰੀ ਲਾ ਕੇ ਮੇਰੇ ਨਾਲ ਯਾਰ ਵੇ ਬੀਬਾ !
ਸੂਰਜ ਹਾੜ ਮਹੀਨਾ ਤਪਤ ਸਵਾਈ ਵੇ
ਰੇਤਾਂ ਤਪਦੀਆਂ ਪੈਂਡੇ ਤੁਰਨ ਨਾ ਰਾਹੀ ਵੇ
ਇਸ਼ਕ ਹਿਜਰ ਦੇ ਭੇਤ ਦਸ ਨਾਰ ਵੇ ਬੀਬਾ
ਨਾ ਰੁਸ ਯਾਰੀ ਲਾ ਕੇ ਮੇਰੇ ਨਾਲ ਯਾਰ ਵੇ ਬੀਬਾ ।
ਸੌਣ ਮਹੀਨਾ ਬੂੰਦਾਂ ਪੜਤ ਪੁਹਾਰ ਵੇ
ਅਦਮ ਮਤਲਕ ਬਮਲਕਤੇ ਜਿਹੜੀ ਵੇਖ ਬੱਦਲ ਚਮਕਾਰ ਵੇ ।
ਆਰਫ ਆਸ਼ਕ ਦਹਿਸ਼ਤ ਕੜਕਨ ਛਡ ਦੇ ਕੌਲ ਕਰਾਰ ਵੇ ਬੀਬਾ
ਨਾ ਰੁਸ ਯਾਰੀ ਲਾ ਕੇ ਮੇਰੇ ਨਾਲ ਯਾਰ ਵੇ ਬੀਬਾ ।
ਫਰਾਕ ਪ੍ਰੇਮ ਧੁਪ ਭਾਦੋਂ ਸਖਤੀ ਝੱਲਣ ਆਹੋ ਨਾ ਗੈਂਡੇ ਵੇ
ਪਾਣੀ ਛਾਂ ਵਲ ਨਸੇ ਚੌਪਾਏ, ਟੁਰਨ ਨਾ ਰਾਹੀਂ ਪੈਂਡੇ ਵੇ
ਯਾਰ ਵਿਛੋੜਾ ਹਾਵਾ ਦੋਜ਼ਖ ਕੌਣ ਕਿਸੇ ਗ਼ਮਖ਼ਾਰ ਵੇ ਬੀਬਾ
ਨਾ ਰੁਸ ਯਾਰੀ ਲਾ ਕੇ ਮੇਰੇ ਨਾਲ ਯਾਰ ਵੇ ਬੀਬਾ !
ਓਸ ਅਸੂ ਵਿਚ ਸ਼ਬਨਮ ਪੈਂਦੀ ਸਰਦੀ ਵੇ



Sri Satguru Jagjit Singh Ji eLibrary NamdhariElibrary@gmail.com

ਦਸਤ ਬਦਸਤਾ ਮੂੰਹ ਘਾਹ ਗਲ ਪੱਲੂ ਯਾਰ  ਮੈਂ ਤੇਟੀ ਬਰਦੀ ਵੇ
ਸਮਝਾ ਰਖ ਤਰਕਾਂ ਨੈਨ, ਸਿਪਾਹੀਆ ਤੀਰ ਨਜ਼ਰ ਨਾ ਮਾਰ ਵੇ ਬੀਬਾ
ਨਾ ਰੁਸ ਯਾਰੀ ਲਾ ਕੇ ਮੇਰੇ ਨਾਲ ਮੇਰੇ ਨਾਲ ਯਾਰ ਵੇ ਬੀਬਾ !

ਤਬਦੀਲ ਕੱਤਕ ਵਿਚ ਮੌਸਮ ਹੁੰਦਾ ਬਿਰਛਾਂ ਪੱਤਰ ਝੜਦੇ ਵੇ
ਬਰਫੋਂ ਡਰਦੇ ਲੋਕ ਪਹਾੜੀ ਆਣ  ਬਨਾਂ  ਵਿਚ  ਵੜਦੇ ਵੇ
ਰੁਸ ਟੁਸ ਹਟਾਣ ਇਸ਼ਕੋਂ ਡਰ ਕੇ ਮਿਤਰ ਪਿਆ ਦਿਲਦਾਰ ਵੇ ਬੀਬਾ
ਨਾ ਰੁਸ ਯਾਰੀ ਲਾ ਕੇ ਮੇਰੇ ਨਾਲ ਯਾਰ ਵੇ ਬੀਬਾ ।

ਦਿਨ  ਛੋਟੇ  ਮਘਰ  ਮਹੀਨੇ  ਰਾਤਾਂ  ਵੱਡੀਆਂ  ਵੇ
ਤਟਕ ਫਰੰਗੀਆਂ ਬਜਨ ਨਗਾਰੇ ਰਣ ਵਿਚ ਜਿਹਦੀਆਂ ਗੱਡੀਆਂ ਵੇ
ਇਸ਼ਕ ਸਪਾਹੀ ਪੈਦਲ ਲੜਦੇ ਪਿਆਦੇ ਅਕਲ ਸਵਾਰ  ਵੇ ਬੀਬਾ
ਨਾ ਰੁਸ ਯਾਰੀ ਲਾ ਕੇ ਮੇਰੇ ਨਾਲ ਯਾਰ ਵੇ ਬੀਬਾ !

ਮਾਘ ਮਹੀਨੇ ਛਾਓਂ ਭਜ ਭਜ ਧੁਪੇ ਬਹਿੰਦੇ ਮੋਰ ਵੇ
ਮਸ਼ੂਕ ਰੁਸੇ ਨੂੰ ਇਸ਼ਕ ਮਨਾਵੇ ਕੌਣ ਮਨਾਵੇ ਹੋਰ ਵੇ
ਹਜਾਬ ਜਾਂਦਾ ਉਠ ਇਸ਼ਕ ਦੋਪਾਸੀ ਅੱਖਾਂ  ਹੋਵਣ ਚਾਰ ਵੇ ਬੀਬਾ
ਨਾ ਰੁਸ ਯਾਰੀ ਲਾ ਕੇ ਮੇਰੇ ਨਾਲ ਯਾਰ ਵੇ ਬੀਬਾ !

ਮਾਹ ਫੱਗਣ ਵਿਚ ਖੇਡਣ ਹੋਲੀ ਰੰਗ ਭਰਨ ਪਿਚਕਾਰੀ ਵੇ
ਮੌਲੇ ਸ਼ਾਹ ਮੇਰੀ ਛਡ ਦੇ ਵੀਣੀ ਤੂੰ ਵਿੱਚ  ਖਮਰ ਖੁਮਾਰੀ ਵੇ
ਵਗਦੀ ਰਾਵੀ ਤਰਦੀ ਬੇੜੀ ਕਦੀ ਉਰਾਰ  ਕਦੀ ਪਾਰ ਵੇ ਬੀਬਾ
ਨਾ ਰੁਸ ਯਾਰੀ ਲਾ ਕੇ ਮੇਰੇ ਨਾਲ ਯਾਰ ਵੇ ਬੀਬਾ !





Sri Satguru Jagjit Singh Ji eLibrary NamdhariElibrary@gmail.com

## ੪੮, ੪੯. ਬਾਰਾਂਮਾਹ ਪੰਡਤ ਤੇਜਾ ਸਿੰਘ

ਬਾਰਾਂ ਮਹੀਨੇ ਬਿਯੋਗ ਲੀਲ੍ਹਾ ਕੇ

ਚੇਤਰ ਚਰਨ ਕਮਲ ਬਲਹਾਰੀ, ਸਾਂਵਰ ਸੁੰਦਰ ਸ੍ਰੀ ਬਨਵਾਰੀ
ਆਵੋ ਬੇਗ ਮੋਹਨਗਿਰਧਾਰੀ,ਮੈਂ ਤਾਂ ਸਿਕਦਿਆਂ ਰੈਨ ਗੁਜ਼ਾਰੀ ਕਦੋਂ ਅੰਗਲਾਵਸੀ।੧
ਚੜ੍ਹਿਆ ਮਾਹੁ ਵਿਸਾਖ ਫ਼ਿਰਾਵਾਂ, ਮੈਂ ਤਾਂ ਤੇਰਾ ਨਾਮ ਧਿਆਵਾਂ
ਕੋਠੇ ਚੜ੍ਹ ਕੇ ਰਾਹ ਤਕਾਵਾਂ, ਤੱਤੀ ਪਲਕੁ ਆਰਾਮ ਨ ਪਾਵਾਂ ਬਾਝ ਦੀਦਾਰ ਦੇ ।੨।
ਚੜ੍ਹਿਆ ਜੇਠ ਸੂਰਜ ਅੰਗਾਰੇ, ਤਪ ਗਈ ਧਰਤੀ ਪਿੰਡਾ ਸਾਰੇ
ਅੰਦਰੋਂ ਅਗਨ ਪ੍ਰੇਮ ਦੀ ਮਾਰੇ, ਮੈਂ ਤਾਂ ਉਚੀ ਕਰਾਂ ਪੁਕਾਰੇ ਆ ਮਿਲ ਯਾਰ ਤੂੰ ।੩।
ਚੜ੍ਹਿਆ ਹਾੜ ਹੌਕਿਆਂ ਮਾਰੀ, ਤੇਰਾ ਬਿਰਹੋਂ ਕਲੇਜੇ ਆਰੀ
ਗਈਆਂ ਰੈਨ ਤੜਫਦਿਆਂ ਸਾਰੀ, ਆਵੋ ਬੇਗ ਮੇਰੇ ਗ਼ਮਖਾਰੀ ਖੜੀ ਉਡੀਕਦੀ ।੪।
ਸਾਵਨ ਮਾਹੁ ਬੱਦਲ ਜੁੜ ਆਵੈ, ਵਸਣ ਮੇਘ ਮਲਾਰ ਵਸਾਵੈ
ਸਖੀਆਂ ਪੀਆ ਨ ਪ੍ਰੇਮ ਸੁਭਾਵੈ,ਮੈਨੂੰ ਜ਼ਾਨੀ ਨਜ਼ਰ ਨ ਆਵੈ ਕਿਉਂਕਰ ਖੁਸ਼ੀ ਜੀ।੫।
ਚੜ੍ਹਿਆ ਮਾਹੁ ਭਾਦਰੂਨੇਕ, ਦੱਸੀਂ ਪੰਡਤ ਮੇਰਾ ਲੇਖ
ਉਠ ਕਰ ਕਰਮ ਤੱਤੀ ਦੇ ਵੇਖ, ਮੈਂ ਤਾਂ ਹੋਈ ਮੈਲੇ ਭੇਖ ਵਿਛੋੜੇ ਯਾਰ ਦੇ ।੬।
ਅੱਸੂ ਅਸਾਂ ਕਸੂਰ ਨ ਕਾਈ, ਕੇਹੜੀ ਬਾਤੋਂ ਕਰੇ ਜੁਦਾਈ
ਵਤੇ ਸੋਹਣਾ ਮੁਖ ਲੁਕਾਈ, ਸਾਨੂੰ ਏਹ ਭੀ ਖਬਰ ਨ ਕਾਈ ਵਲਛਲ ਤੇਰਿਆਂ ।੭।
ਚੜ੍ਹਿਆ ਕੱਤਕ ਕੌਣ ਚੰਗੇਰੀ, ਜੇਹੜੀ ਸੌਕਣ ਕੀਨੀ ਮੇਰੀ
ਮੈਨੂੰ ਛੋੜ ਟੰਮਾਈ ਚੇਰੀ, ਏਹਾ ਬਾਤ ਪਛਾਣੀ ਤੇਰੀ ਟੋਕਾਂ ਲਾਵਨੈ ।੮।
ਮਘਰ ਮਾਹਿ ਬੈਰਾਗਣ ਹੋਈ, ਮੈਨੂੰ ਯਾਰ ਮਿਲਾਵੈ ਕੋਈ
ਮੇਰਾ ਸੀਸ ਭੇਟ ਲੈ ਸੋਈ, ਪ੍ਰੀਤਮ ਨੈਣ ਦਿਖਾਵੈ ਜੋਈ, ਮਨ ਤਨ ਵਾਰਦੀ ।੯।
ਚੜ੍ਹਿਆ ਪੋਹ ਕਟਾਰੀ ਮਾਰਾਂ, ਮਾਹੀ ਬਿਨਾਂ ਨ ਪਲਕ ਗੁਜ਼ਾਰਾਂ
ਮੈਨੂੰ ਇਕ ਪਲ ਬਰਖ ਹਜ਼ਾਰਾਂ, ਮੈਂ ਤਾਂ ਗਾਊਂ ਯਾਰ ਦੀਆਂ ਵਾਰਾਂ
ਆਵੀਂ ਸੋਹਣਿਆ ।੧੦।
ਆਇਆ ਮਾਘ ਬਸੰਤ ਬਹਾਰ, ਪਕਣ ਵੇਲਾਂ ਭੌਰ ਗੁੰਜਾਰ
ਪਹਿਨਣ ਫੁਲ ਜਿਨ੍ਹਾਂ ਘਰ ਯਾਰ, ਮਾਣੈ ਕੰਤਾਂ ਸੇਜ ਭਤਾਰ ਮੈਂ ਤਰਸਾਂਵਦੀ ।੧੧।



Sri Satguru Jagjit Singh Ji eLibrary NamdhariElibrary@gmail.com

ਚੜ੍ਹਿਆ ਫਾਗਣ ਹੋਲੀ ਆਈ, ਖੇਲਣ ਯਾਰ ਹਿਕੋ ਜਹੇ ਭਾਈ
ਮੈਂ ਭੀ ਯਾਰ ਵੇਖਣ ਨੂੰ ਆਈ, ਅਗੋ ਮਿਲ ਗਿਆ ਸ਼ਾਮ ਕਨ੍ਹਾਈ,
ਲੀਆ ਗਲ ਲਾਇਕੇ ।੧੨।
ਬਾਰਾਂਮਾਂਹ ਸੰਪੂਰਣ ਭਏ, ਜੋ ਕੋਈ ਪੜ੍ਹੇ ਪ੍ਰੇਮ ਕੋ ਲਏ
ਈਹਾਂ ਸੁਖ ਸੁਰਗ ਪੁਨ ਜਏ, ਤੇਜਾ ਸਿੰਘ ਬ੍ਰਿਹਾਮਣ ਕਹੇ ਸੁਖ਼ਨ ਫ਼ਕੀਰ ਕਾ ।੧੩।

---

ਅਥ ਬਾਰਾਮਾਂਹ ਰਸੀਏ ਕਾ

ਚੇਤਰ ਦੇ ਮਹੀਨੇ ਵੇ ਰਸੀਆ ਖੁਲ੍ਹੀਆਂ ਨੀ ਬਾਗ ਬਹਾਰਾਂ ਜੀ
ਜਿਨ ਘਰਿ ਕੰਤ ਸੁਹਾਵਾ ਵੇ, ਵੇ ਰਸੀਆ, ਸੇ ਸੁਖੀ ਸੇਜ ਭਤਾਰਾਂ ਜੀ
ਚੰਬਾ ਫੂਲ ਗੁਲਾਬੀ ਵੇ ਵੇ ਰਸੀਆ, ਬੋਲਣ ਭੌਰ ਹਜ਼ਾਰਾਂ ਜੀ
ਸਾਈ ਨਾਰ ਸੁਹਾਗਣ ਵੇ ਵੇ ਰਸੀਆ, ਜਿਸ ਸਿਰ ਮਾਂਗ ਪਸਾਰਾ ਜੀ ।੧।
ਵਿਸਾਖ ਦੇ ਮਹੀਨੇ ਵੇ ਵੇ ਰਸੀਆ, ਧੁੰਮ ਪਈਆ ਜਗ ਸਾਰੇ ਯਾਰ ।
ਦੁਨੀਆਂ ਅਸਕ ਬਜਾ ਜੀਵੇ ਵੇ ਰਸੀਆ, ਨੌਬਤ ਚਾਰ ਦਿਹਾਰੇ ਯਾਰ
ਸਾਹਿਬ ਸ਼ੌਕ ਹਕੀਕੀ ਵੇ, ਵੇ ਰਸੀਆ ਕਰ ਲੈ ਯਾਦ ਪਿਆਰੇ ਯਾਰ
ਦੁਨੀਆ ਝੂਠ ਪਸਾਰਾ ਵੇ ਵੇ ਰਸੀਆ, ਇਕ ਦਿਨ ਹੋਤ ਕਿਨਾਰੇ ਯਾਰ ।੨।
ਜੇਠ ਦੇ ਮਹੀਨੇ ਵੇ ਵੇ ਰਸੀਆ, ਜਨਮ ਤੇਰਾ ਜਗ ਆਇਆ ਈ
ਸ਼ਗਨ ਮਨਾਵਣ ਮਾਪੇ ਵੇ ਵੇ ਰਸੀਆ, ਕੁੜੀਆਂ ਆਗਾ ਗਾਇਆ ਈ
ਨਾਲ ਲਾਡ ਦੇ ਅੰਬੜੀ ਵੇ ਵੇ ਰਸੀਆ, ਮੁੰਮਾ ਧੋਇ ਪਿਲਾਇਆ ਈ
ਤੇਜਾ ਸਿੰਘ ਘਰ ਸ਼ਾਦੀ ਵੇ ਵੇ ਰਸੀਆ, ਸਾਹਿਬ ਬੂਟਾ ਲਾਇਆ ਈ ।੩।
ਹਾੜ ਦੇ ਮਹੀਨੇ ਵੇ ਵੇ ਰਸੀਆ, ਮਾਪਿਆਂ ਕਾਜ ਰਚਾਇਆ ਹੈ
ਨਾਲ ਵਾਜਿਆਂ ਵੇ ਵੇ ਰਸੀਆ, ਡੋਲਾ ਪਰਨ ਲਿਆਇਆ ਹੈ
ਇਕਾ ਸੇਜ ਦੁਹਾਂ ਦੀ ਵੇ ਵੇ ਰਸੀਆ, ਰੱਬ ਨੇ ਜੋੜ ਬਣਾਇਆ ਹੈ
ਫਲੀਆ ਵੇਲ ਵਧਾਈ ਵੇ ਰਸੀਆ, ਦੁਨੀਆਂ ਮੋਹ ਵਧਾਇਆ ਹੈ ।੪।
ਸਾਵਣ ਦੇ ਮਹੀਨੇ ਵੇ ਵੇ ਰਸੀਆ, ਜੰਗਲ ਮੇਘ ਮਲ੍ਹਾਰ ਕੀਆ
ਰਲ ਮਿਲ ਸਖੀਆਂ ਪੀਂਘਣ ਵੇ ਵੇ ਰਸੀਆ, ਖੇਡਨ ਚੋਂਪ ਭਿੰਡਾਰ ਕੀਆ
ਮਾਪਿਆਂ ਰਾਜ ਮੈਂ ਲਾਡੜੀ ਵੇ ਵੇ ਰਸੀਆ, ਫੁਲਾਂ ਹਾਰ ਸ਼ਿੰਗਾਰ ਕੀਆ
ਪੇਕੇ ਚਾਰ ਦਿਹਾੜੇ ਵੇ ਵੇ ਰਸੀਆ, ਕਿਉਂ ਨਹੀਂ ਯਾਰ ਦੀ ਸਾਰ ਕੀਆ ।੫।
ਭਾਦਰੂ ਦੇ ਮਹੀਨੇ ਵੇ ਵੇ ਰਸੀਆ, ਦੁਨੀਆਂ ਚਾਰ ਦਿਹਾੜੇ ਜੀ
ਉਠ ਕਰ ਜਾਗ ਸਵੇਲੇ ਵੇ ਵੇ ਰਸੀਆ, ਜਾਗਣ ਕੰਤ ਪਿਆਰੇ ਜੀ
ਅਮਲਾਂ ਬਾਝ ਨ ਉਤਰੇ ਵੇ ਵੇ ਰਸੀਆ, ਕੀ ਪਾਰ ਉਤਾਰੇ ਜੀ
ਅਗੈ ਪੰਥ ਦੁਹੇਲਾ ਵੇ ਵੇ ਰਸੀਆ, ਬਾਹਮਣ ਯਾਰ ਪੁਕਾਰੇ ਜੀ ।੬।



Sri Satguru Jagjit Singh Ji eLibrary NamdhariElibrary@gmail.com

ਅੱਸੂ ਆਸ ਸੱਜਨ ਦੀ ਵੇ ਵੇ ਰਸੀਆ, ਕਦੋਂ ਸਾਜਨ ਘਰ ਆਵੈਂਗਾ
ਕੋਠੇ ਚੜ੍ਹ ਚੜ੍ਹ ਵੇਖਾਂ ਵੇ ਵੇ ਰਸੀਆ, ਕਦੋਂ ਢੋਲਨ ਗਲ ਲਾਵੈਂਗਾ
ਦੋਨੋਂ ਨੈਣ ਪਿਆਸੇ ਵੇ ਵੇ ਰਸੀਆ, ਮਿਹਰ ਸੇ ਫੇਰਾ ਪਾਵੈਂਗਾ
ਮੈਂ ਤਾਂ ਤੁਧ ਬਾਝ ਨਿਮਾਣੀ ਵੇ ਵੇ ਰਸੀਆ, ਸੇਜ ਸ਼ਿੰਗਾਰ ਨ ਭਾਵੈਂਗਾ ।੭।
ਕੱਤਕ ਕਰਮ ਸਵੱਲੇ ਵੇ ਵੇ ਰਸੀਆ, ਜਿਨ ਘਰਿ ਯਾਰ ਸਵਾਣੀ ਦਾ
ਸਭ ਸਖੀਆਂ ਸੁਖ ਮਾਣਨ ਵੇ ਰਸੀਆ, ਘਰ ਨਹੀਂ ਕੰਤ ਨਿਮਾਣੀ ਦਾ
ਸਭ ਸਖੀਆਂ ਉਠ ਨ੍ਹਾਵਣ ਵੇ ਵੇ ਰਸੀਆ, ਚਿਤ ਨ ਖੁਸ਼ੀ ਇਆਣੀ ਦਾ
ਤੇਜਾ ਸਿੰਘ ਮੈਂ ਵਾਰੇ ਵੇ ਵੇ ਰਸੀਆ, ਆਵੀ ਕੰਤ ਸਿਆਣੀ ਦਾ ।੮।
ਮਘਰ ਮਾਹਿ ਮਹੀਨਾ ਵੇ ਵੇ ਰਸੀਆ, ਪਾਲਿਆਂ ਫੇਰਾ ਪਾਇਆ ਈ
ਜਿਨ ਘਰ ਕੰਤ ਰੰਗੀਲੇ ਵੇ ਵੇ ਰਸੀਆ, ਤਿਨ ਸੁਖ ਅੰਗ ਲਗਾਇਆ ਈ
ਜਿਨ ਕੇ ਬੰਕੇ ਘਰੀਂ ਨ ਆਇ ਵੇ ਵੇ ਰਸੀਆ, ਜੋਬਨ ਤਿਨਾਂ ਗਵਾਇਆ ਈ
ਮਾਰੀ ਪੀਆ ਵਿਛੋੜੇ ਵੇ ਵੇ ਰਸੀਆ, ਰੋ ਰੋ ਹਾਲ ਵੰਵਾਇਆ ਈ ।੯।
ਪੋਖ ਪ੍ਰੇਮ ਦਿਵਾਨੀ ਵੇ ਵੇ ਰਸੀਆ, ਪੀਆ ਦੇ ਬਾਝ ਅਰਾਮ ਨਹੀਂ
ਲੂੰ ਲੂੰ ਮੇਰਾ ਤੜਫਦਾ ਵੇ ਵੇ ਰਸੀਆ, ਭਾਵਣ ਘਰ ਦੇ ਕਾਮ ਨਹੀਂ
ਕਹਿ ਨੂੰ ਦੋਸ਼ ਮੈਂ ਦੇਵਾਂ ਵੇ ਵੇ ਰਸੀਆ, ਮੁਝ ਤਨ ਸੁਖ ਇਕ ਜਾਮ ਨਹੀਂ
ਆਵੀਂ ਯਾਰ ਸਵੇਲੇ ਵੇ ਵੇ ਰਸੀਆ, ਤੁਧ ਬਿਨ ਹੋਰ ਕੋਈ ਧਾਮ ਨਹੀਂ ।੧੦।
ਮਾਘ ਦੇ ਮਹੀਨੇ ਵੇ ਵੇ ਰਸੀਆ, ਆਵੀਂ ਯਾਰ ਪਿਆਸੀ ਮੈਂ
ਗਲੀਆਂ ਦੇ ਵਿਚ ਫਿਰਾਂ ਨਿਮਾਣੀ, ਵੇ ਵੇ ਰਸੀਆ ਹੋਇਆ ਜੀਵ ਉਦਾਸੀ ਮੈਂ
ਔਗੁਣ ਮਾਫ਼ ਕਰੀ ਤੂੰ ਮੇਰੇ ਵੇ, ਵੇ ਰਸੀਆ ਹੋ ਰਹੀ ਹਰਦਮ ਦਾਸੀ ਮੈਂ
ਔਂਸਾਂ ਪਾ ਪਾ ਮਨ ਪਰਚਾਵਾਂ, ਵੇ ਵੇ ਰਸੀਆ, ਸਭ ਜਗ ਕਰਦਾ ਹਾਸੀ ਮੈਂ ।੧੧।
ਫਾਗਣ ਦੇ ਮਹੀਨੇ ਵੇ ਵੇ ਰਸੀਆ, ਖੁਲ੍ਹੀ ਬਸੰਤ ਬਹਾਰ ਅਲੀ
ਅਜ ਘਰ ਖੁਸ਼ੀ ਹਮਾਰੇ ਵੇ ਵੇ ਰਸੀਆ, ਪਾਇਆ ਯਾਰ ਦੀਦਾਰ ਅਲੀ
ਸਖੀਆਂ ਮਿਲ ਕਰ ਆਈਆਂ ਵੇ ਵੇ ਰਸੀਆ, ਦੇਣ ਮੁਮਾਰਖ ਯਾਰ ਅਲੀ
ਤੇਜਾ ਸਿੰਘ ਮੈਂ ਖੁਸ਼ ਹਮੇਸ਼ਾ ਵੇ, ਵੇ ਰਸੀਆ ਲਗਿਆ ਸੇਜ ਭਤਾਰ ਅਲੀ ।੧੨।
ਆਜ ਭਲੇ ਦਿਨ ਆਇ ਵੇ ਵੇ ਰਸੀਆ, ਸਾਜਨ ਅੰਗ ਲਗਾਇਆ ਮੈਂ
ਦਰਦ ਫਿਰਾਕ ਗਇਆ ਮੇਰਾ ਵੇ ਵੇ ਰਸੀਆ, ਯਾਰ ਲੁੜੀਂਦਾ ਪਾਇਆ ਮੈਂ
ਜਨਮ ਧਰ ਨਿਤ ਗਾਵੈ ਵੇ ਰਸੀਆ, ਮਨ ਇਛਿਆ ਫਲ ਖਾਇਆ ਮੈਂ
ਹੌਂ ਕੁਰਬਾਨ ਸਦਾ ਵੇ ਵੇ ਰਸੀਆ, ਸਤਿਗੁਰ ਯਾਰ ਦਿਖਾਇਆ ਮੈਂ ।੧੩।
ਆਜ ਭਲਾ ਦਿਨ ਵੇ ਵੇ ਰਸੀਆ, ਸਾਜਨ ਰੰਗ ਦੀਦਾਰ ਦੀਆ
ਜਿਸਦਾ ਰੋਜ਼ ਫਿਰਾਕ ਵੇ ਵੇ ਰਸੀਆ, ਸੋ ਘਰਿ ਆਪ ਨਿਹਾਰ ਲੀਆ
ਗਇਓ ਫਿਰਾਕ ਸਰੀਰੋਂ ਵੇ ਵੇ ਰਸੀਆ, ਸਾਜਨ ਦੇਖ ਬਹਾਰ ਜੀਆ
ਤੇਜਾ ਸਿੰਘਾ ਮੈਂ ਅਜ ਸੁਹਾਗਣਿ ਵੇ ਵੇ ਰਸੀਆ, ਪੂਰਨ ਮੇਘ ਮਲ੍ਹਾਰ ਹੀਆ ।੧੪।



Sri Satguru Jagjit Singh Ji eLibrary NamdhariElibrary@gmail.com

## ੫੦. ਬਾਰਾਂਮਾਹ ਹੀਰ ਦਾ (ਮੀਰਾਂ ਸ਼ਾਹ)

ਚੜ੍ਹਦੇ ਚੇਤ ਫੁਲੀ ਫੁਲਵਾੜੀ, ਬੁਲਬੁਲ ਖੁਸ਼ੀਆਂ ਮਾਣੇ
ਹਰ ਹਰ ਸ਼ਾਖ ਲੱਗੇ ਮੇਵੇ, ਜੋ ਸਾਹਿਬ ਮਨ ਭਾਣੇ
ਬਾਗੀਂ ਸੈਰ ਕਰਨ ਉਠ ਟੁਰੀਆਂ, ਸਭ ਸਹੀਆਂ ਬਹਿਲਾਣੇ
ਹੀਰ ਨਿਮਾਣੀ ਦਾ ਤਨ ਮਨ ਜਲਿਆ, ਬਾਝੋਂ ਚਾਕ ਸਿਆਣੇ ।
ਮੈਂ ਤਰ ਗਈ ਰਾਂਝਾ ਹੋ ।੧।

ਮਾਹ ਵੈਸਾਖ ਸਈਆਂ ਉਠ ਟੁਰੀਆਂ ਨ੍ਹਾਵਣ ਪਰੇਮ ਤਲਾਈਂ
ਰਲ ਮਿਲ ਅਤਰ ਫਲੇਲ ਲਗਾਵਣ, ਕਰਕੇ ਨਾਜ਼ ਅਦਾਈਂ
ਕੰਤਾਂ ਨਾਲ ਸੇਜੀਂ ਚੜ੍ਹ ਸੋਵਣ, ਕਰਕੇ ਲਾਡ ਤੇ ਚਾਈਂ
ਹੀਰ ਨਿਮਾਣੀ ਦੇ ਬਾਝੋਂ ਮਾਹੀ, ਸੀਨੇ ਭੜਕਣ ਭਾਹੀਂ ।
ਮੈਂ ਤਰ ਗਈ ਰਾਂਝਾ ਹੋ ।੨।

ਚੜ੍ਹਦੇ ਜੇਠ ਤਪੇ ਸਭ ਧਰਤੀ, ਬਿਰਹੋਂ ਭਾਹ ਭੜਕਾਵੇ
ਚਾਰੋਂ ਤਰਫ਼ ਦਗਣ ਅੰਗਿਆਰੇ, ਮਾਹੀ ਚਾਕ ਦੇ ਹਾਵੇ
ਬਲਦੀ ਅੱਗ ਜਿਗਰ ਵਿਚ ਮੇਰੇ, ਇਸਨੂੰ ਕੌਣ ਬੁਝਾਵੇ
ਬਹਿ ਪਰਛਾਵੀਂ ਮੈਂ ਔਂਸੀਆਂ ਪਾਵਾਂ, ਜੇ ਮਾਹੀ ਘਰ ਆਵੇ ।
ਮੈਂ ਤਰ ਗਈ ਰਾਂਝਾ ਹੋ ।੩।

ਚੜ੍ਹਿਆ ਹਾੜ ਦੁਖਾਂ ਨੇ ਸਾੜੀ, ਧੁਪਾਂ ਪੈਣ ਬਲਾਈਂ
ਜ਼ਾਹਰ ਬਾਤਨ ਤਨ ਮਨ ਤਪਿਆ, ਕੋਈ ਨ ਤੁਰਦਾ ਰਾਹੀਂ
ਉਡ ਤਾਂ ਵੇ ਤੂੰ ਕਾਗ ਸੁਲੱਖਣਿਆ, ਰਾਂਝੇ ਦੇ ਵਲ ਜਾਵੀਂ
ਤਖਤ ਹਜ਼ਾਰਿਓਂ ਸੁਖ ਦੀਆਂ ਖਬਰਾਂ, ਮੈਨੂੰ ਲਿਆ ਸੁਣਾਵੀਂ ।
ਮੈਂ ਤਰ ਗਈ ਰਾਂਝਾ ਹੋ ।੪।

ਚੜ੍ਹਿਆ ਸਾਵਣ ਮਹੀਨਾ ਬਰਸੇਂਦਾ, ਬਿਜਲੀ ਕੜਕ ਡਰਾਵੇ
ਬੱਦਲ ਗਰਜੇ ਮਨ ਚਿਤ ਲਰਜ਼ੇ, ਮਾਹੀ ਚਾਕ ਦੇ ਹਾਵੇ
ਨਦੀਆਂ ਨੀਰ ਚੜ੍ਹੇ ਦਰਿਆਈਂ, ਕੌਣ ਮਾਹੀ ਵਲ ਜਾਵੇ
ਖ੍ਵਾਜਾ ਖਿਜ਼ਰ ਕਰੇ ਜੇ ਯਾਰੀ, ਉਹ ਮਾਹੀ ਆਣ ਬੁਲਾਵੇ ।
ਮੈਂ ਤਰ ਗਈ ਰਾਂਝਾ ਹੋ ।੫।



Sri Satguru Jagjit Singh Ji eLibrary NamdhariElibrary@gmail.com

ਭਾਦੋਂ ਭਾਇ ਲਗੀ ਦਿਲ ਮੇਰੇ, ਸਹੀਓ ! ਫੂਕ ਜਲਾਵੇ
ਲਗੀ ਨਿਤ ਉਡੀਕ ਮਾਹੀ ਦੀ, ਦਿਲ ਨੂੰ ਚੈਨ ਨ ਆਵੇ
ਆਪ..................ਜੋ ਬੀਤੀ, ਕੇਹੜਾ ਜਾਇ ਸੁਣਾਵੇ
ਸਈਓ ! ਉਸਤੋਂ ਤਨ ਮਨ ਵਾਰਾਂ,ਜੇਹੜਾ ਚਾਕ ਮਿਲਾਵੇ,ਮੈਂ ਤਰ ਗਈ ਰਾਂਝਾ ਹੋ।੬

ਅਸੂ ਆਸ ਉਮੀਦ ਦਿਲਾਂ ਦੀ, ਸਾਬਰ ਪੀਰ ! ਪੁਜਾਵੇ
ਸਦਕਾ ਖੁਆਜਾ ਗੰਜ ਸ਼ਕਰ ਦਾ, ਮਾਹੀ ਲੈ ਗਲ ਲਾਵੇ
ਅਪਣਾ ਦਰਸ ਦੀਦਾਰ ਨੂਰਾਨੀ, ਮੈਨੂੰ ਆਣ ਦਿਖਾਵੇ
ਔਗੁਣਹਾਰੀ ਨੂੰ ਜਾਮ ਵਸਲ ਦਾ,ਆਖੋ ਆਣ ਪਿਲਾਵੇ, ਮੈਂ ਤਰ ਗਈ ਰਾਂਝਾ ਹੋ ।੭।

ਕੱਤਕ ਕਿਥੋਂ ਢੂੰਡਣ ਜਾਵਾਂ, ਮਾਹੀ ਚਾਕ ਪਿਆਰਾ
ਆਪੇ ਮੈਂ ਦਿਲ ਅਖੀਆਂ ਲਾਈਆਂ, ਹੁਣ ਕਿਉਂ ਹੋ ਗਿਆ ਨਿਆਰਾ
ਹੀਰ ਨਿਆਣੀ ਦਾ ਮਨ ਚਿਤ ਲੁਟਿਆ, ਦੇ ਕੇ ਨੈਣ ਨਜ਼ਾਰਾ
ਦਰਦ ਫਿਰਾਕ ਅਸਾਂ ਦਿਲ ਦੇ ਕੇ, ਮਿਲਿਆ ਤਖਤ ਹਜ਼ਾਰਾ ;
ਮੈਂ ਤਰ ਗਈ ਰਾਂਝਾ ਹੋ ।੮।

ਮੱਘਰ ਚੜ੍ਹਿਆ ਨੀ ਮੇਰੀਓ ਸਈਓ, ਕੀ ਕਰਸਾਂ ਤਦਬੀਰਾਂ
ਹਾਰ ਸ਼ਿੰਗਾਰ ਪਿਆ ਭਠ ਮੇਰਾ, ਹੋਈਆਂ ਹਾਲ ਜ਼ਹੀਰਾਂ
ਮਾਹੀ ਚਾਕ ਪਿਆਰੇ ਬਦਲੇ, ਝੰਗ ਬੇਲਾ ਨਿਤ ਚੀਰਾਂ
ਬਾਝੋਂ ਚਾਕ ਰੰਝੇਟੇ ਨੀ ਅੜੀਓ ! ਭੁਲੀਆਂ ਸਭ ਤਕਰੀਰਾਂ,ਮੈਂ ਤਰ ਗਈ ਰਾਂਝਾ ਹੋ ।੯

ਪੋਹ ਮਹੀਨੇ ਕੰਤਾਂ ਵਾਲੀਆਂ, ਮਹਿਲੀਂ ਸੇਜ ਵਿਛਾਵਣ
ਉਤੇ ਤਾਣਕੇ ਲੇਫ ਦੁਲਾਈਆਂ, ਸ਼ਹੁ ਨੂੰ ਲੈ ਗਲ ਲਾਵਣ
ਰਲ ਕੇ ਐਸ਼ ਬਹਾਰ ਕਰੇਂਦੀਆਂ, ਪਿਆਰੀਆਂ ਜੋ ਮਨ ਭਾਵਣ
ਜਿਨ੍ਹਾਂ ਦੇ ਘਰ ਕੰਤ ਨ ਆਏ, ਕਿਉਂ ਨ ਖਾਕ ਉੜਾਵਣ ।
ਮੈਂ ਤਰ ਗਈ ਰਾਂਝਾ ਹੋ ।੧੦।

ਚੜ੍ਹਿਆ ਮਾਘ ਸਹੀਓ ਘਰ ਮਾਹੀ, ਮੇਰਾ ਚਾਕ ਨ ਆਇਆ
ਉਸਦੇ ਇਸ਼ਕ ਖ਼ੂਨੀ ਕਰ ਧਾਵੇ, ਮੈਨੂੰ ਖ਼ਾਕ ਮਿਲਾਇਆ
ਔਂਸੀਆਂ ਪਾਵਾਂ ਖ਼ਾਕ ਉੜਾਵਾਂ, ਬਿਰਹੋਂ ਮਾਰ ਗਵਾਇਆ
ਮੈਂ ਤਾਂ ਇਸ਼ਕ ਮਾਹੀ ਦੇ ਬਦਲੇ, ਰੋ ਰੋ ਜਰਮ ਗਵਾਇਆ ।
ਮੈਂ ਤਰ ਗਈ ਰਾਂਝਾ ਹੋ ।੧੧।

ਚੜ੍ਹਿਆ ਫੱਗਣ ਨਾਥ ਨੂੰ ਆਖੋ, ਟਿਲੇ ਨਾਥ ਦੇ ਜਾਵੇ
ਬਾਲ ਨਾਥ ਗੁਰੂ ਦੇ ਜਾ ਕੇ, ਚਰਣੀਂ ਸੀਸ ਨਿਵਾਵੇ
ਗਲ ਅਲਫੀ ਤਨ ਬਿਭੂਤ ਰਮਾ ਕੇ,ਆਖੋ ਭੇਸ ਵਟਾਵੇ
ਮੀਰਾਂਸ਼ਾਹ ਅਜ ਖੇੜੀਂ ਆਇਆ,ਮੈਨੂੰ ਦਰਸ ਦਿਖਾਵੇ । ਮੈਂ ਤਰ ਗਈ ਰਾਂਝਾ ਹੋ।੧੨



Sri Satguru Jagjit Singh Ji eLibrary NamdhariElibrary@gmail.com

## ੫੧. ਬਾਰਾਂਮਾਹ ਸ਼ੀਰੀਂ ਦਾ (ਮੁਹੰਮਦ ਬੂਟਾ)

ਚੇਤਰ ਮਾਹ ਚੜ੍ਹਿਆ ਮੰਦਾ ਸਾਲ ਮੈਨੂੰ, ਦੂਤਾਂ ਕੰਤ ਥੀਂ ਚਾ ਅਕੰਤ ਕੀਤਾ
ਖੇਤ ਖੇਤ ਬਸੰਤ ਖਿੜੰਤ ਬੇਲੀ, ਮੇਰਾ ਰੰਗ ਬਸੰਤ ਬਸੰਤ ਕੀਤਾ
ਮੇਰੇ ਤੋੜ ਦੇ ਜੋੜ ਨੂੰ ਤੋੜ ਦੂਤਾਂ, ਮੈਂ ਤੇ ਜ਼ੁਲਮ ਬੇਅੰਤ ਚਾ ਅੰਤ ਕੀਤਾ
ਮੇਰਾ ਬੂਟਿਆ ਬਾਝ ਸਨਮ ਦਿਲਬਰ, ਮੰਦਾ ਬਾਬ ਉਸ ਚਿੰਤ ਅਚਿੰਤ ਕੀਤਾ ।੧।

ਚੜ੍ਹੇ ਮਾਹ ਬਿਸਾਖ ਵੇ ਸਾਖ ਲਗੀ, ਚਾ ਬਿਸਾਖ ਦੂਤਾਂ ਦੂਤਾਂ ਨਾਲ ਮੇਰੇ
ਖੋਲ੍ਹ ਵਾਲ ਡੋਲੀ ਨੈਣ ਨੈਣ ਝੋਲੀ, ਬਿਨਾਂ ਲਾਲ਼ ਹੋਏ ਦੀਦੇ ਲਾਲ ਮੇਰੇ
ਦੂਤਾਂ ਚਾ ਫਾਹੀਆਂ ਪਾ ਫਾਹੀਆਂ ਮੈਂ, ਸਾਈਆਂ ਤੁਧ ਸਾਈਆਂ ਜਾਲ ਜਾਲ ਮੇਰੇ
ਮੇਰਾ ਬੂਟਿਆ ਵੇਖ ਲਏ ਹਾਲ ਅੱਖੀਂ, ਆਖੀਂ ਪਾਸ ਜਾ ਕੇ ਜਾਨੀ ਹਾਲ ਮੇਰੇ ।੨।

ਜੇਠ ਹੇਠ ਮੈਂ ਇਸ਼ਕ ਅਲਸੇਠ ਆਈਆਂ, ਹੋਇਆ ਸੇਜ ਦਾ ਪਲੰਘ ਪਲੰਗ ਮੇਰਾ
ਬਿਨਾਂ ਕੰਤ ਮੈਂ ਅੰਤ ਅਕੰਤ ਹੋਈਆਂ, ਰੱਬਾ ਮੇਲ ਫ਼ਰਹਾਦ ਮਲੰਗ ਮੇਰਾ
ਦੂਤੀ ਸੰਗ ਕਰਕੇ ਨਾਹੀਂ ਸੰਗ ਕਰਕੇ, ਜੀ ਸੰਗ ਕਰਕੇ ਤੋੜ ਸੰਗ ਮੇਰਾ
ਰੱਜ ਬੂਟਿਆ ਵਸਲ ਨਾ ਜਾਮ ਪੀਤਾ, ਪਿਆ ਪੀਆ ਜੀਆ ਹੁਣ ਤੰਗ ਮੇਰਾ ।੩।

ਚੜ੍ਹੇ ਮਾਹ ਹਾੜ੍ਹੇ ਬੈਠੀ ਕਰਾਂ ਹਾੜ੍ਹੇ, ਅਸਾਂ ਦੁੱਖ ਹਾੜ੍ਹੇ ਹਾੜ੍ਹੇ ਅੰਤ ਸਾਰੇ
ਇਕ ਜਾਨ ਮੇਰੀ ਦੁੱਖ ਜਾਣ ਲੱਖਾਂ, ਸਾਥੀਂ ਸੁਖ ਹੋ ਗਈ ਉਡੰਤ ਸਾਰੇ
ਸਈਆਂ ਕੌਂਤ ਲੈ ਕੇ ਸੌਣ ਸੇਜ ਉਤੇ, ਸਾਡੀ ਕੰਤ ਬਿਨ ਸੇਜ ਅਕੰਤ ਵਾਰੇ
ਤਕੀਆ ਬੂਟਿਆ ਰੱਬ ਤੇ ਰਖਿਆ ਮੈਂ, ਕਦੀ ਮੇਲਸੇਗਾ ਨਾਲ ਕੰਤ ਪਿਆਰੇ ।੪।

ਸਾਵਣ ਮਾਹ ਚਮਕੀ ਕੜਕ ਮਾਰ ਬਿਜਲੀ, ਘਟਾਂ ਕਾਲੀਆਂ ਕਾਲੀਆਂ ਆਈਆਂ ਨੇ
ਓਧਰ ਅੰਬਰ ਝੜੀਆਂ ਏਧਰ ਨੈਣ ਝੜੀਆਂ, ਦੋਹਾਂ ਖ਼ੂਬ ਝੜੀਆਂ ਅੰਬਰਾਂ ਲਾਈਆਂ ਨੇ
ਝੂਲਾ ਝੂਲਦਾ ਨਾ ਅਚਨਚੇਤ ਦੂਤਾਂ, ਦੇ ਕੇ ਸਾਹ ਵਿਸਾਹ ਵਿਸਾਹੀਆਂ ਨੇ
ਕੀਤੀ ਬੂਟਿਆ ਜਿਨ੍ਹਾਂ ਨੇ ਨਾਲ ਸਾਡੇ, ਆਵੇ ਪੇਸ਼ ਉਨ੍ਹਾਂ ਦੀਆਂ ਜਾਈਆਂ ਨੇ ।੫।

ਭਾਦਰੋਂ ਭਾਹ ਲੱਗੀ ਇਸ਼ਕ ਤਨ ਮੇਰੇ, ਹੋਇਆ ਜਿਗਰ ਤਮਾਮ ਕਬਾਬ ਸ਼ੀਰੀਂ
ਮੇਰੇ ਖ਼ਾਲ ਸੁਲਤਾਨ ਫ਼ਰਹਾਦ ਸਾਈਆਂ, ਜਾਨ ਜਾਨ ਥੀਂ ਜਾਣ ਗ਼ੁਲਾਮ ਸ਼ੀਰੀਂ
ਮਤਾਂ ਕਹੇਂ ਪਿਆਰਿਆ ਸੱਜਣਾ ਵੇ, ਕਰਦੀ ਸੇਜ ਤੇ ਪਈ ਆਰਾਮ ਸ਼ੀਰੀਂ
ਮੌਜੀ ਬੂਟਿਆ ਇਸ਼ਕ ਜੱਲਾਦ ਤੇਰਾ, ਦੇਂਦਾ ਚੈਨ ਨਾਹੀਂ ਸੁਬ੍ਹਾ ਸ਼ਾਮ ਸ਼ੀਰੀਂ ।੬।



Sri Satguru Jagjit Singh Ji eLibrary NamdhariElibrary@gmail.com

ਅਸੂਜ ਪੈਣ ਆਂਸੂ ਛਮ ਛਮ ਝੋਲੀ, ਸਾਨੂੰ ਗ਼ਮ ਫ਼ਰਹਾਦ ਫ਼ਕੀਰ ਦਾ ਜੇ
ਵੇਖ ਹਾਲ ਉਸਦਾ ਕਰਨਾ ਰਹਿਮ ਲੋਕੋ, ਆਜਜ਼ ਹਾਲ ਫ਼ਕੀਰ ਦਿਲਗੀਰ ਦਾ ਜੇ
ਵਾਲ ਵਾਲ ਉਸਦਾ ਦੁੱਖਾਂ ਨਾਲ ਭਰਿਆ, ਪਿਆ ਜਾਲ ਅਸਾਂ ਤਕਦੀਰ ਦਾ ਜੇ
ਐਪਰ ਬੂਟਿਆ ਛੈਲ ਉਹ ਮੱਸ ਭਿੰਨਾ, ਫਿਰੇ ਮਾਰਿਆ ਇਸ਼ਕ–ਸ਼ਮਸ਼ੀਰ ਦਾ ਜੇ।੭।

ਕੱਤਕ ਮਾਹ ਜਾਲਾਂ ਕਬ ਤਕ ਦੁਖ ਲੋਕੋ, ਦਮ ਦਮ ਸਨਮ ਦਾ ਗ਼ਮ ਮੈਨੂੰ
ਮੰਜੀ ਇਸ਼ਕ ਬਖ਼ੀਲ ਜਲਾਦ ਜ਼ਾਲਮ, ਦਿਲ ਤੇ ਦਰਦ ਫ਼ਰਾਕ ਸਿਤਮ ਮੈਨੂੰ
ਦਮ ਦਮ ਪਰ ਗ਼ਮ ਸਿਤਮ ਕਰਦੇ, ਰੱਬਾ ਮੇਲ ਫ਼ਰਹਾਦ ਸਨਮ ਮੈਨੂੰ
ਡਿੱਠੇ ਬੂਟਿਆ ਜੰਮ ਮੈਂ ਗ਼ਮ ਭਾਰੇ, ਭੁਲ ਗਏ ਮਾਪੇ ਆਪੇ ਜੰਮ ਮੈਨੂੰ।੮।

ਚੜ੍ਹੇ ਮਾਹ ਮੱਘਰ ਪਿਆ ਇਸ਼ਕ ਮਗਟ, ਵਾਂਗ ਕੂੰਜ ਦੇ ਔਂਸੀਆਂ ਪਾਨੀਆਂ ਮੈਂ
ਵੇਖਾਂ ਰਾਹ ਤੇਰਾ ਚੜ੍ਹ ਕੇ ਮਹਿਲ ਉਤੇ, ਖਲੀ ਰਾਹੀਆ ਕਾਗ ਉਡਾਨੀਆਂ ਮੈਂ
ਕਦੀ ਮੋੜ ਮੁਹਾਰ ਇਕ ਵਾਰ ਮੈਂ ਤੇ, ਤੈਥੋਂ ਵਾਰਨੇ ਵਾਰਨੇ ਜਾਨੀਆਂ ਮੈਂ
ਐਪਰ ਬੂਟਿਆ ਬਾਝ ਫ਼ਰਹਾਦ ਸਾਈਂ, ਤਾਰੇ ਗਿਣਦਿਆਂ ਰਾਤ ਲੰਘਾਨੀਆਂ ਮੈਂ।੯।

ਚੜ੍ਹਿਆ ਪੋਹ ਸਿਆਲੇ ਤੇ ਪੈਣ ਪਾਲੇ, ਲੰਮੀ ਹਿਜਰ ਫ਼ਰਾਕ ਦੀ ਰੈਣ ਬੇਲੀ
ਰਾਤੀਂ ਗਿਣਾਂ ਤਾਰੇ ਮੇਰੇ ਚੰਦ ਤਾਰੇ, ਸਾਰੀ ਰੈਣ ਬੈਠੀ ਕਰਾਂ ਵੈਣ ਬੇਲੀ
ਨੈਣ ਪੈਣ ਡੋਲ੍ਹੀ ਲੈਣ ਚੈਨ ਨਾਹੀਂ, ਵੈਣ ਵੈਣ ਕਰਦੀ ਦੈਣ ਰੈਣ ਬੇਲੀ
ਸਖ਼ਤ ਬੂਟਿਆ ਇਸ਼ਕ ਦੇ ਮੁਆਮਲੇ ਨੇ, ਅੱਲ੍ਹਾ ਪੇਸ਼ ਨਾ ਕਿਸੇ ਦੇ ਪੈਣ ਬੇਲੀ।੧੦।

ਚੜ੍ਹਿਆ ਮਾਘ ਮਾਹੀ ਤੜਫਾਂ ਵਾਂਗ ਮਾਹੀ, ਤੇਰੇ ਇਸ਼ਕ ਨੇ ਫਾਹੀਆਂ ਪਾਈਆਂ ਮੈਂ
ਤੇਰੇ ਦਰਦ ਫ਼ਰਾਕ ਹਲਾਕ ਕੀਤੀ, ਰੋ ਰੋ ਅੱਖੀਆਂ ਖ਼ੂਨ ਡੁਬਾਈਆਂ ਮੈਂ
ਅਗੇ ਰੱਬ ਦੇ ਕੂਕ ਫ਼ਰਿਆਦ ਮੇਰੀ, ਤੈਥੋਂ ਦੂਤੀਆਂ ਜੁਦਾ ਕਰਾਈਆਂ ਮੈਂ
ਨਿਹੁੰ ਬੂਟਿਆ ਲਾ ਨਾ ਸੁਖ ਪਾਇਆ, ਨਿਜ ਸਾਈਆਂ ਪਾਈਆਂ ਸਾਈਆਂ ਮੈਂ।੧੧।

ਚੜ੍ਹੇ ਮਾਹ ਫੱਗਣ ਰੱਬਾ! ਮੇਲ ਸੱਜਣ, ਮੈਨੂੰ ਦਰਦ ਫ਼ਰਾਕ ਸਤਾਇਆ ਏ
ਗੱਲਾਂ ਮਨ ਦੀਆਂ ਮਨ ਦੀਆਂ ਮਨ ਰਹੀਆਂ, ਜਾਨੀ ਰੱਜ ਕੇ ਗਲ ਨਾ ਲਾਇਆ ਏ
ਫਿਰੇ ਖ਼ੁਆਰ ਲਾਚਾਰ ਫ਼ਰਹਾਦ ਮੇਰਾ, ਸਾਨੂੰ ਓਸਦੇ ਸਾੜ ਜਲਾਇਆ ਏ
ਅਸਾਂ ਬੂਟਿਆ ਦਰਦ ਫ਼ਰਾਕ ਅੰਦਰ, ਸਾਰਾ ਰੋਂਦਿਆਂ ਸਾਲ ਲੰਘਾਇਆ ਏ।੧੨।

---



Sri Satguru Jagjit Singh Ji eLibrary NamdhariElibrary@gmail.com

## ੫੨. ਬਾਰਾਂਮਾਹ ਦੇਵੀ ਜੀ ਕਾ

ਜੈ ਜੈ ਮਈਆ ਮੈਥੋਂ ਸੀ, ਜਿਸਦੀ ਭੁੱਲੀ ਕਮਾਈ
ਕਰਨਫੂਲ ਸੁਇਨੇ ਦੇ ਲਾਟੂ, ਜੈ ਜੈ ਕਾਰ ਲੁਕਾਈ
ਚੇਤ੍ਰ ਬੋਲੇ ਬਕ ਬਾਨੀ, ਸਭ ਘਟ ਬੋਲੇ ਮਈਆ
ਕਬਿਤ ਛੰਦ ਤੇ ਮਾਝ ਤੁਖਾਰੀ, ਬਾਲ ਬਜੰਤਾ ਬਈਆ
ਜਬ ਸਿੰਘ ਚੜ੍ਹੀ ਸਿਰ ਛਤਰ ਬਿਰਾਜੇ, ਗਲ ਮੋਤੀਅਨ ਕੀ ਮਾਲਾ
ਮਨਸਾ ਪੁਰ ਦੇਵੀ ਦਿਆਲ ਸਦਾ, ਜੈ ਆਸ ਪੂਰਨੀ ਮਈਆ ।੧।

ਵੈਸਾਖ ਭਵਾਨੀ ਭੈ ਹਰਨੀ, ਜਿਨ ਸਗਲੇ ਦੁਸ਼ਟ ਬਿਡਾਰੇ
ਰਾਖ ਲਾਜ ਕਰ ਅਪਨੇ ਮਈਆ, ਸਗਲ ਸੰਤ ਤੁਮ੍ਹਾਰੇ
ਕਰਨ ਫੂਲ ਬੈਠੀ ਅਤਿ ਸੁੰਦਰ, ਕੇਸਰ ਤਿਲਕ ਚੜ੍ਹਈਆ
ਮਨਸਾਪੁਰ ਦੇਵੀ ਦਿਆਲ ਸਦਾ, ਜੈ ਆਸ ਪੂਰਨੀ ਮਈਆ ।੨।

ਜੇਠ ਹੇਠ ਚੰਦਨ ਦੀ ਚੌਂਕੀ, ਜਿਸ ਪਰ ਬੈਠੀ ਰਾਣੀ
ਆਗੇ ਬ੍ਰਹਿਮਾ ਵੇਦ ਪੜ੍ਹੇ, ਦੁਆਰੇ ਤੇ ਨਾਚੇ ਨਾਰਦ ਗਿਆਨੀ
ਬਾਰ ਲੌਂਕੜਾ ਸਨਮੁਖ ਠਾਂਢਾ, ਹਾਜ਼ਰ ਭਰਦਾ ਅਕਬਰ ਦਈਆ
ਮਨਸਾ ਪੁਰ ਦੇਵੀ ਦਿਆਲ ਸਦਾ, ਜੈ ਆਸ ਪੂਰਨੀ ਮਈਆ ।੩।

ਹਾੜ ਪਹਾੜਾਂ ਦੇ ਵਿਚ ਮਈਆ, ਸੁੰਦਰ ਭਵਨ ਬਣਾਏ
ਅਰਜਨ ਭੀਮ ਨੁਕਲ ਸਹਿਦੇਵ ਦ੍ਰੋਪਤੀ ਪਾਂਡੋ ਸ਼ਰਨੀ ਆਏ
ਬ੍ਰਹਿਮਾ ਬਿਸ਼ਨ ਮਹੇਸ਼ ਮਹਾਂਬਲਿ ਜੋਧੇ, ਜਗ ਵਿਚ ਜੋਤ ਜਗਈਆ
ਮਨਸਾਪੁਰ ਦੇਵੀ ਦਿਆਲ ਸ਼ਦਾ, ਜੈ ਆਸ ਪੂਰਨ ਮਈਆ ।੪।

ਸਾਵਣ ਭਵਣ ਭਰਪੂਰ ਮਈਆ ਦੇ, ਬਣ ਬਣ ਮੋਰ ਬਿੰਗਾਰੇ
ਗਰਜ ਗਰਜ ਬਰਸੇ ਹਰਿ ਮੇਘਲ, ਦਾਦਰ ਸ਼ਬਦ ਪੁਕਾਰੇ
ਮਾਤਾ ਦੇ ਦਰਬਾਰ ਸਦਾ ਜੈ, ਜਲ ਅੰਮ੍ਰਿਤ ਬਰਖਈਆ
ਮਨਸਾ ਪੁਰ ਦੇਵੀ ਦਿਆਲ ਸਦਾ, ਜੈ ਆਸ ਪੂਰਨੀ ਮਈਆ ।੫।

ਭਾਦ੍ਰੋਂ ਖੜਗ ਫੜੀ ਹੱਥ ਜੁਆਲਾ, ਬਿਖਮ ਅਖਾੜੇ ਕੀਤੇ
ਹਰਨਾਖਸ਼ ਜਿਹੇ ਨਖੀਂ ਬਿਦਾਰੇ, ਰਾਵਣ ਜੇਹੇ ਜੀਤੇ



Sri Satguru Jagjit Singh Ji eLibrary NamdhariElibrary@gmail.com

ਦਹਸਿਰ ਜਿਹੇ ਬੜੇ ਹੰਕਾਰੀ, ਲੰਕਾ ਦਾਹ ਕਰਈਆ
ਮਨਸਾਪੁਰ ਦੇਵੀ ਦਿਆਲ ਸਦਾ, ਜੈ ਆਸ ਪੂਰਨੀ ਮਈਆ ।੬।

ਅੱਸੂ ਅੰਗ ਪਹਿਨਕੇ ਚੋਲਾ ਘੰਟਾ ਬਾਜੈ ਘਨਨਨ ਘੰਨ
ਸਿਰ ਪਰ ਸਾਲੂ ਸੁਰਖ ਬਰਾਜੈ, ਨੌਂ ਮਣ ਤਿਲਕ ਸੋਹੈ ਅੰਗ ਅੰਗ
ਧਰਮ ਧੁਜਾ ਨੀਸਾਣ ਝੂਲਦੇ, ਜੋਤ ਸਦਾ ਜਗਾਵਈਆ
ਮਨਸਾਪੁਰ ਦੇਵੀ ਦਿਆਲ ਸਦਾ, ਜੈ ਆਸ ਪੂਰਨੀ ਮਈਆ ।੭।

ਕੱਤਕ ਮਾਤਾ ਸਿੰਘ ਸਵਾਰੀ, ਮੁਕਤ ਜੁਗਤ ਵਰਦਾਤੀ
ਏ ਫਰਕਸ਼ੇਰ ਪਾਤਸ਼ਾਹ ਸਲਾਮਤ, ਜਿਸ ਕੁਛ ਅਜ਼ਮਤ ਜਾਤੀ
ਨੌਰੰਗਜ਼ੇਬ ਨੂੰ ਬਰਦਾ ਕੀਤਾ, ਅਕਬਰ ਦਾਨ ਕਰਈਆ
ਮਨਸਾਪੁਰ ਦੇਵੀ ਦਿਆਲ ਸਦਾ, ਜੈ ਆਸ ਪੂਰਨੀ ਮਈਆ ।੮।

ਮੱਘਰ ਮੋਹਰ ਮਾਇਆ ਮਝਿ ਊਪਰ, ਚਰਨ ਕਮਲ ਚਿਤ ਲਾਵਨ ਕਉ
ਦਰਸ਼ਨ ਪਰਸੇ ਪਾਪ ਉਤਾਰੇ, ਮਨ ਕੀ ਆਸ ਪੁਜਾਵਨ ਕਉ
ਜੋ ਕੋਈ ਆਵੈ ਸੋ ਫਲ ਪਾਵੈ, ਬਹੁੜ ਨ ਜੋਨੀ ਪਈਆ
ਮਨਸਾਪੁਰ ਦੇਵੀ ਦਿਆਲ ਸਦਾ, ਜੈ ਆਸ ਪੂਰਨੀ ਮਈਆ ।੯।

ਪੋਹ ਪਹਾੜਾਂ ਵਾਲੀ ਰਾਣੀ, ਨਗਰ ਕੋਟ ਮਹਿ ਮਾਨੀ
ਜੈ ਜੈ ਹਿੰਦੂ ਕਰਨ ਸਾਰੇ, ਗਾਵੈ ਮੁਸਲਮਾਨੀ
ਧਰਤ ਵਿਛੁੰਨੀ ਪਰਬਤ ਪੀਏ ਤੰਬੂ ਗਗਨ ਕਰਈਆ
ਮਨਸਾਪੁਰ ਦੇਵੀ ਦਿਆਲ ਸਦਾ, ਜੈ ਆਸ ਪੂਰਨੀ ਮਈਆ ।੧੦।

ਮਾਘ ਮਗਨ ਹੋਈ ਬੈਠੀ ਜੁਆਲਾ, ਹੋਮ ਕਰਨ ਜੱਗ ਕੇਰੇ
ਕਿਸਮਿਸ ਮੇਵਾ ਦਾਖ ਮੁਨੱਕਾ, ਤਿਲ ਬਾਦਾਮ ਬਤੇਰੇ
ਨਾਲੀਏਰ ਤੇ ਗਰੀ ਛੁਹਾਰੇ, ਘ੍ਰਿਤ ਅਹੂਤੀ ਪਈਆ
ਮਨਸਾਪੁਰ ਦੇਵੀ ਦਿਆਲ ਸਦਾ, ਜੈ ਆਸ ਪੂਰਨੀ ਮਈਆ ।੧੧।

ਫ ਗਣ ਫੂਲ ਰਹੀ ਫੁਲਵਾਰੀ, ਦੁਰਗਾ ਬਾਗ ਲਗਾਇਆ
ਚੰਬਾ ਮਰੂਆ ਅਤੇ ਗੁਲਨਰਗਸ, ਮੋਤੀ ਆਬਿ ਚਲਾਇਆ
ਦੁਆਰੇ ਪਰ ਖੇਡਨ ਕਾਨ੍ਹ ਗੋਪੀਆਂ, ਅਤਰ ਗੁਲਾਬ ਉਡਈਆ
ਮਨਸਾਪੁਰ ਦੇਵੀ ਦਿਆਲ ਸਦਾ, ਜੈ ਆਸ ਪੂਰਨੀ ਮਈਆ ।੧੨।





Sri Satguru Jagjit Singh Ji eLibrary NamdhariElibrary@gmail.com

## ੫੩. ਬਾਰਾਂਮਾਹ ਸੱਸੀ ਦਾ (ਕਰੀਮ ਬਖਸ਼)

ਚੇਤਰ ਚਿਤ ਅੱਲ੍ਹਾ ਵਲ ਕੀਤਾ, ਅਕਲੋਂ ਦੀਵਾ ਬਲਿਆ
ਇਸ਼ਕ ਉਖੇਰਾ ਸੂਲੀ ਨਾਲੋਂ, ਜ ਣੇ ਜਿਹੜਾ ਚੜ੍ਹਿਆ
ਪਹਿਲਾਂ ਇਸ਼ਕ ਯੂਸਫ ਦੇ ਸੀ, ਆਣ ਕਬੀਲੇ ਰਲਿਆ
ਕਰੀਮ ਬਖਸ਼ ਦੀ ਕਹਿੰਦੀ ਸੱਸੀ, ਇਸ਼ਕ ਛੁਰੀ ਸਿਰ ਧਰਿਆ ।੧

ਵਿਸਾਖ ਮਹੀਨੇ ਲੱਗੀ ਸੀਨੇ, ਸੱਸੀ ਹੌਕਾ ਭਰਿਆ
ਜ਼ਾਲਮ ਬਿਰਹੋਂ ਟਿਕਣ ਨਾ ਦੇਂਦਾ, ਸੇਕ ਜਿਗਰ ਨੂੰ ਚੜ੍ਹਿਆ
ਵਿਚ ਵਿਰਾਗ ਰੋਂਵਦੀ ਸੱਸੀ, ਪੁੰਨੂੰ ਮੇਰਾ ਖੜ੍ਹਿਆ
ਕਰੀਮ ਬਖਸ਼ ਦੀ ਕਹਿੰਦੀ ਸੱਸੀ, ਆਣ ਦੁਖਾਂ ਲੜ ਫੜਿਆ ।੨।

ਜੇਠ ਮਹੀਨੇ ਰੋਂਦੀ ਸੱਸੀ, ਮਾਂ ਤੋਂ ਬਹਿ ਕੇ ਲਾਹਮੇਂ
ਇਕ ਵਿਛੋੜਾ ਮਾਂ ਪਿਉ ਵਾਲਾ, ਲੋਕਾਂ ਮਾਰੇ ਤਾਹਨੇ
ਇਹ ਮੁਸੀਬਤ ਭਾਰੀ ਬਣ ਗਈ, ਸਹਿ ਲੈ ਮੇਰੀਏ ਜਾਨੇ
ਕਰੀਮ ਬਖਸ਼ ਦੀ ਕਹਿੰਦੀ ਸੱਸੀ, ਭੱਠ ਘੱਤਾਂ ਚੂੜੇ ਜਾਮੇ ।੩।

ਹਾੜ ਮਹੀਨਾ ਮਾਰੂ ਚੜ੍ਹਿਆ, ਚੜ੍ਹਿਆ ਇਸ਼ਕ ਜਵਾਨੀ
ਇਕ ਫਰਯਾਦ ਰੱਬ ਦੇ ਅਗੇ, ਕਬਰੀਂ ਨਿਕਲੇ ਸਾਮੀਂ
ਲੂੰ ਲੂੰ ਅੰਦਰ ਪੀੜਾਂ ਹਿਲੀਆਂ, ਐਸੀ ਕਰ ਗਿਆ ਜਾਨੀ
ਕਰੀਮ ਬਖਸ਼ ਦੀ ਕਹਿੰਦੀ ਸੱਸੀ, ਪੁੰਨੂੰ ਟੁਰ ਗਿਆ ਸ਼ਾਮੀ ।੪।

ਚੜ੍ਹਦੇ ਸਾਵਨ ਮੀਂਹ ਵਸਾਵਨ, ਛੱਭੀਂ ਖਲੇ ਨੇ ਪਾਣੀ
ਕਿਤ ਵਲ ਢੂੰਡਾਂ ਯਾਰ ਪੁੰਨੂੰ ਨੂੰ, ਵਖ਼ਤੀਂ ਪਈ ਸਵਾਣੀ
ਇਸ਼ਕ ਲਗਾ ਤਨ ਡਾਢਾ ਮੇਰੇ, ਡਿਗੀ ਹੋ ਨਿਤਾਣੀ
ਕਰੀਮ ਬਖਸ਼ ਦੀ ਕਹਿੰਦੀ ਸੱਸੀ, ਪੁੰਨੂੰ ਟੁਰ ਗਿਆ ਜਾਨੀ ।੫।

ਭਾਦਰੋਂ ਭੜਕੀ ਲਗੀ ਸੀਨੇ, ਪੁੰਨੂੰ ਪੁੰਨੂੰ ਕੂਕਾਂ
ਲੋਕਾਂ ਭਾਣੇ ਇਸ਼ਕ ਸੁਖੇਰਾ, ਲਾਂਦਾ ਅੱਗ ਮਸ਼ੂਕਾਂ
ਇਸ਼ਕੋਂ ਗੋਲੀ ਲੱਗੀ ਮੈਨੂੰ, ਦਾਰੂ ਬਾਝ ਬੰਦੂਕਾਂ
ਕਰੀਮ ਬਖਸ਼ ਦੀ ਕਹਿੰਦੀ ਸੱਸੀ, ਇਸ਼ਕ ਵਿਖਾਈਆਂ ਘੂਕਾਂ ।੬।



Sri Satguru Jagjit Singh Ji eLibrary NamdhariElibrary@gmail.com

ਅੱਸੂ ਆਸ ਰਖਾਂ ਮੈਂ ਤੇਰੀ, ਪੁੰਨੂੰ ਰੱਬ ਮਿਲਾਏ
ਬਾਜ਼ੂਬੰਦ ਬਹੁਟੇ ਕੁੜੀਆਂ, ਰੋਂਦੀ ਸੱਭੇ ਲਾਹੇ
ਐਸਾ ਦਰਦੀ ਕਿਹੜਾ ਹੋਵੇ, ਪੁੰਨੂੰ ਯਾਰ ਮਿਲਾਏ
ਕਰੀਮ ਬਖਸ਼ ਦੀ ਕਹਿੰਦੀ ਸੱਸੀ, ਰੱਬ ਤਗਾਦੇ ਪਾਏ ।੭।

ਕੱਤੇ ਕੌਂਤ ਨਹੀਂ ਘਰ ਮੇਰਾ, ਹੋਇਆ ਰੱਬ ਦਾ ਭਾਣਾ
ਤਖ਼ਤੋਂ ਵਖ਼ਤ ਪਿਆ ਅੱਜ ਮੈਨੂੰ, ਦਿਲੋਂ ਦਲਿਦਰ ਜਾਣਾ
ਯਾਦ ਪਿਆ ਤਾਂ ਜੰਮਾਂ ਉਹਨੂੰ, ਪੁੰਨੂੰ ਯਾਰ ਅਵਾਣਾ
ਕਰੀਮ ਬਖਸ਼ ਦੀ ਕਹਿੰਦੀ ਸੱਸੀ, ਮਗਰ ਬਲੋਚਾਂ ਜਾਣਾ ।੮।

ਮੱਘਰ ਮਾਰ ਮੁਕਾਇਆ ਮੈਨੂੰ, ਯਾਦ ਹਕੀਕਤ ਆਈ
ਪਹਿਲਾਂ ਸਾਂ ਮੈਂ ਬਾਦਸ਼ਾਹਜ਼ਾਦੀ, ਘੱਤ ਸੰਦੂਕ ਰੁੜ੍ਹਾਈ
ਦਾਣਾ ਪਾਣੀ ਕਿਸਮਤ ਸੇਤੀ, ਘਰ ਅੱਤੇ ਦੇ ਆਈ
ਕਰੀਮ ਬਖਸ਼ ਦੀ ਕਹਿੰਦੀ ਸੱਸੀ, ਧੋਬਣ ਮੇਰੀ ਮਾਈ ।੯।

ਚੜ੍ਹਦੇ ਪੋਹ ਪੈਂਦੀਆਂ ਬਰਫ਼ਾਂ, ਰੋਂਦੇ ਨੈਣ ਇਕੱਲੇ
ਜਾਂ ਜਾਂ ਸੁਹਣਾ ਯਾਦ ਆਂਵਦਾ, ਤਾਰ ਇਸ਼ਕ ਦੀ ਹੱਲੇ
ਜਿਸ ਦੀ ਖ਼ਾਤਰ ਬਾਗ਼ ਲਵਾਇਆ, ਬੂਟੇ ਦੁਖਾਂ ਮੱਲੇ
ਕਰੀਮ ਬਖਸ਼ ਦੀ ਕਹਿੰਦੀ ਸੱਸੀ, ਮੈਂ ਜੀਵਾਂ ਕਿਹੜੀ ਗੱਲੇ ।੧੦।

ਚੜ੍ਹਦੇ ਮਾਘ ਨਹੀਂ ਘਰ ਮਾਹੀ, ਦਿਆਂ ਸੁਨੇਹੜੇ ਰਾਹੀਆਂ
ਸੁਹਣਿਆਂ ਮੁਖਾਂ ਮਿਟੀ ਪਾਂਦੀ, ਬੇਲੇ ਫੁਲੀਆਂ ਕਾਹੀਆਂ
ਕਿਤ ਵਲ ਗਿਆ ਏ ਪੁੰਨਣ ਮੇਰਾ, ਕਿਉਂ ਮੁਹੱਬਤਾਂ ਲਾਈਆਂ
ਕਰੀਮ ਬਖਸ਼ ਦੀ ਕਹਿੰਦੀ ਸੱਸੀ,ਮੈਨੂੰ ਪਾ ਗਿਆ ਫਾਹੀਆਂ ।੧੧।

ਚੜ੍ਹਦੇ ਫੱਗਣ ਕੰਧੀਂ ਲਗਣ, ਯਾਰ ਵਿਛੋੜਾ ਪਾਇਆ
ਵਿਚ ਕਚਾਵੇ ਸੁੱਤਾ ਜਾਂਦਾ, ਨੀਂਦਰ ਦਾ ਘਬਰਾਇਆ
ਧੋਬਣ ਜਾਤ ਕਮੀਨਣ ਕਰ ਕੇ, ਚਾਇ ਸ਼ਰਾਬ ਪਿਵਾਇਆ
ਕਰੀਮ ਬਖਸ਼ ਫ਼ਕੀਰ ਸੱਸੀ ਦਾ, ਬਾਰਾਂਮਾਹ ਬਣਾਇਆ ।੧੨।





Sri Satguru Jagjit Singh Ji eLibrary NamdhariElibrary@gmail.com

## ੫੪. ਬਾਰਾਂਮਾਹ ਅਬਦੁਲ ਰਹਿਮਾਨ

ਆਇਆ ਚੇਤ ਸਿਰ ਉਤੇ, ਫੁਲੀਆਂ ਬਾਗ ਬਹਾਰਾਂ ਨੀ
ਨੈਣ ਨੈਣਾਂ ਨੂੰ ਵਢ ਵਢ ਖਾਵਣ, ਜਿਉਂ ਖ਼ੂਨੀ ਤਲਵਾਰਾਂ ਨੀ.
ਅੱਖ ਉਠਾਵਨ, ਮਾਰ ਵੰਵਾਵਨ, ਜ਼ੁਲਮ ਸਿਤਮ ਦੀਆਂ ਕਾਰਾਂ ਨੀ
ਅਬਦੁਲ ਰਹਿਮਾਨਾ ਤਰਸ ਨ ਕਰਦਾ, ਮਰਣ ਗਰੀਬ ਹਜ਼ਾਰਾਂ ਨੀ ।੧।

ਆਇਆ ਬੈਸਾਖ 'ਦਾਖ' ਪੁਕਾਰੇ, ਦਿਲਬਰ ਨੂੰ ਗਲ ਲਾਵਾਂ ਮੈਂ
ਪਰ ਹੋਵਣ ਤੇ ਨਾਲ ਸ਼ਤਾਬੀ, ਦੇਸ ਮਾਹੀ ਦੇ ਜਾਵਾਂ ਮੈਂ
ਜੋ ਕੁਝ ਗੁਜ਼ਰੀ ਵਰਤੀ ਸਿਰ ਤੇ, ਖੋਲ੍ਹ ਬਿਆਨ ਸੁਨਾਵਾਂ ਮੈਂ
ਅਬਦੁਲ ਰਹਿਮਾਨਾਂ ਕੋਲ ਬਹਾ ਕੇ, ਦੇਖਾਂ ਮਨ ਪਰਚਾਵਾਂ ਮੈਂ ।੨।

ਆਇਆ ਜੇਠ, ਹੇਠ ਦੁਖਾਂ ਦੇ, ਆ ਗਈ ਜਾਨ ਬੇਚਾਰੀ ਨੀ
ਸੱਦ ਲਿਆਓ ਦਿਲਬਰ ਸਹੀਓ, ਆਣ ਕਰੇ ਮਤ ਕਾਰੀ ਨੀ
ਹੁਣ ਤਕ ਫਿਕਰ ਸਜਨ ਦੇ, ਰੋ ਰੋ ਉਮਰ ਗੁਜ਼ਾਰੀ ਨੀ
ਅਬਦੁਲ ਰਹਿਮਾਨਾ ਆਖ ਸੱਜਨ ਨੂੰ, ਲਾਵੇ ਗੱਲ ਨਿਕਾਰੀ ਨੀ ।੩।

ਆਇਆ ਹਾੜ ਤੇ ਸਾੜ ਗ਼ਮਾਂ ਨੇ, ਤਨ ਨੂੰ ਲਾਂਬੂ ਲਾਇਆ ਨੀ
ਇਹ ਜੁਸਾ ਮੇਰਾ ਕੋਲੇ ਹੋਇਆ, ਪਾਣੀ ਕਿਸੇ ਨ ਪਾਇਆ ਨੀ
ਹਿਜਰ ਵਿਛੋੜਾ, ਦਿਲ ਦਾ ਝੋਰਾ, (ਮੈਨੂੰ) ਦੋਹਾਂ ਮਾਰ ਮੁਕਾਇਆ ਨੀ
ਅਬਦੁਲਰਹਿਮਾਨਾਂ ਦਿਲਬਰ ਮੇਲੀਂ, ਵਾਸਤਾ ਰੱਬ ਦਾ ਪਾਇਆ ਨੀ।੪।

ਆਇਆ ਸਾਵਨ, ਉਹ ਗ਼ਮ ਖਾਵਣ, ਜਿਨ੍ਹਾਂ ਯਾਰ ਗਵਾਏ ਨੀ
ਉਹ ਕੀ ਸਾਰ ਇਸ਼ਕ ਦੀ ਜਾਣਨ, ਜਿਨ੍ਹਾਂ ਨਾ ਲਾ ਅਜ਼ਮਾਏ ਨੀ
ਕੌਣ ਬੁਲਾਵੇ ਯਾਰ ਸੱਜਨ ਨੂੰ, ਕਿਹੜਾ ਕਾਸਦ ਜਾਏ ਨੀ
ਅਬਦੁੱਲ ਰਹਿਮਾਨਾ ਤਾਂ ਮੈਂ ਵਸਦੀ, ਦਿਲਬਰ ਕੋਲ ਬੁਲਾਏ ਨੀ।੫।

ਆਇਆ ਭਾਦੋਂ, ਭਾਅ ਹਿਜਰ ਦੀ, ਤਨ ਮਨ ਫੂਕ ਜਲਾਇਆ ਨੀ
ਮੁਦੱਤ ਗੁਜ਼ਰੀ ਯਾਰ ਅਸਾਡਾ, ਹੁਣ ਤਕ ਪਰਤ ਨਾ ਆਇਆ ਨੀ
ਨਾ ਕੋਈ ਸੁਖ ਸੁਨੇਹੜਾ ਪਹੁੰਚਾ, ਨਾ ਕੋਈ ਖ਼ਤ ਪੁਚਾਇਆ ਨੀ
ਅਬਦੁੱਲਰਹਿਮਾਨਾਂ ਨਹੀਂ ਬੁਲਾਉਂਦਾ, ਕੀ ਮੈਂ ਐਬ ਕਮਾਇਆ ਨੀ।੬।



Sri Satguru Jagjit Singh Ji eLibrary NamdhariElibrary@gmail.com

ਆਇਆ ਅਸੂਜ ਆਸ ਚਿਰੋਕੀ, ਦਿਲਬਰ ਨੂੰ ਗਲ ਲਾਵਣ ਦੀ
ਜੋਗਣ ਬਣਕੇ ਭੇਸ ਵਟਾਇਆ, ਨੀਯਤ ਢੂੰਡਣ ਜਾਵਣ ਦੀ
ਖਬਰ ਹਾਲੀ ਨਾ ਦਿਤੀ ਕਿਸੇ, ਯਾਰ ਮੇਰੇ ਦੇ ਆਵਣ ਦੀ
ਅਬਦੁਲ ਰਹਿਮਾਨਾ ਸਿੱਕ ਚਰੋਕੀ, ਸੋਹਣਾ ਘਰੀਂ ਹੰਢਾਵਣ ਦੀ ।੭।

ਆਇਆ ਕੱਤਕ ਕਦ ਤਕ ਜੀਵਾਂ, ਹਿਜਰ ਵਿਛੋੜੇ ਜਾਲੇ ਨੀ
ਧੁਪ ਦਿਹਾੜੀਂ ਸਖਤ ਸਤਾਵੇ, ਰਾਤੀਂ ਪਉਂਦੇ ਪਾਲੇ ਨੀ
ਤਾਹਨੇ ਲੋਕ ਮਰੇਂਦੇ ਮੈਨੂੰ, ਹੱਡ ਵਿਛੋੜੇ ਗਾਲੇ ਨੀ
ਅਬਦੁਲ ਰਹਿਮਾਨਾ ਦਿਸਣ ਨਾ ਕਿੱਧਰੇ, ਸੁਹਣੇ ਨੈਣਾਂ ਵਾਲੇ ਨੀ।੮।

ਆਇਆ ਮੱਘਰ ਮਰ ਮਰ ਰੋਵਾਂ, ਰਾਤੀਂ ਨੀਂਦ ਨਾ ਆਉਂਦੀ ਏ
ਬੰਦੀ ਵਿਚ ਫਰਾਕ ਸੱਜਣ ਦੇ, ਸੁਖ ਦਾ ਸਾਹ ਨਾ ਸਉਂਦੀ ਏ
ਦਿਹਾਂ ਦਿਹਾੜੀ ਗੋਸ਼ੇ ਬਹਿਕੇ, ਕਿੱਸੇ ਫੋਲ ਖਲੋਂਦੀ ਏ
ਅਬਦੁਲ ਰਹਿਮਾਨਾ ਤੇਰੇ ਪਿਛੇ, ਵਾਂਗ ਦਿਵਾਨਿਆਂ ਭੌਂਦੀ ਏ ।੯।

ਆਇਆ ਪੋਹ ਪਈਆਂ ਨੀਂ ਬਰਫਾਂ, ਕਿਉਂਕਰ ਮਿਲਸਾਂ ਜਾਨੀ ਨੂੰ
ਸਰਦੀ ਪਾਲੇ ਨੇ ਹੱਡ ਗਾਲੇ, ਬਰਫਾਂ ਢੱਕਿਆ ਪਾਣੀ ਨੂੰ
ਰੋ ਰੋ ਮਰਦੀ ਜ਼ਾਰੀ ਕਰਦੀ, ਦਰਦਾਂ ਭਰੀ ਕਹਾਣੀ ਨੂੰ
ਅਬਦੁਲ ਰਹਿਮਾਨਾਂ ਲਾ ਗਲ ਆ ਕੇ, ਆਜਜ਼ ਦਰਦ ਰੰਞਾਣੀ ਨੂੰ।੧੦।

ਆਇਆ ਮਾਘ ਤੇ ਤਾਂਘ ਮਾਹੀ ਦੀ, ਹਾਰ ਸ਼ਿੰਗਾਰ ਬਣਾਵਾਂ ਮੈਂ
ਵਿਚ ਸਹੀਆਂ ਨਿਤ ਖੇਡਣ ਜਾਵਾਂ, ਸਿਰ ਦੇ ਬਾਲ ਗੁੰਦਾਵਾਂ ਮੈਂ
ਲਾ ਸਾਬੂਣ ਦੀਦਾਰ ਵਸਲ ਦਾ, ਮੈਲ ਕੁਚੈਲ ਲਾਹਵਾਂ ਮੈਂ
ਅਬਦੁਲ ਰਹਿਮਾਨਾ ਪੈਰੀਂ ਪੈ ਕੇ, ਦਿਲਬਰ ਯਾਰ ਮਨਾਵਾਂ ਮੈਂ ।੧੧।

ਆਇਆ ਫਗਣ, ਫਾਹ ਹਿਜਰ ਦਾ, ਦਿਲਬਰ ਆਣ ਛੁੜਾਸੀ ਨੀ
ਬਾਝ ਜਮਾਲ ਵਸਾਲ ਸੱਜਣ ਦੇ, ਮੇਰਾ ਰੋਗ ਨ ਜਾਸੀ ਨੀ
ਗਰਮੀ ਸਰਦੀ ਉਠੂ ਸਦਾ ਲਈ, ਜਦ ਸੋਹਣਾ ਗਲ ਲੱਗਸੀ ਨੀ
ਅਬਦੁਲ ਰਹਿਮਾਨਾ ਪੜ੍ਹਕੇ ਕਲਮਾ, ਬਣ ਗਏ ਯਾਰ ਉਦਾਸੀ ਨੀ।੧੨।



Sri Satguru Jagjit Singh Ji eLibrary NamdhariElibrary@gmail.com

## ੫੫. ਬਾਰਾਂਮਾਹ ਮਾਲੀ ਬੁਲਬੁਲ (ਗ਼ੁਲਾਮ ਰਸੂਲ)

ਚੇਤਰ ਆਈ ਏ ਮੌਸਮ ਬਹਾਰ ਗੁਲ ਦੀ, ਗ਼ੁੰਚੇ ਬਰਗ ਜ਼ਾਹਰ ਸ਼ਾਖਾਂ ਨਾਲ ਹੋਏ
ਗੁਲਲਾਲਾ ਨੇ ਚੁਕ ਨਕਾਬ ਲੀਤਾ, ਹੈਰਾਨ ਬਿਦਖਸ਼ਾਂ ਦੇ ਲਾਲ ਹੋਏ
ਮਾਲੀ ਰਖਵਾਲੀ ਕਰਨ ਬੂਟਿਆਂ ਦੀ, ਫਿਰਦੇ ਚਮਨ ਅੰਦਰ ਖ਼ੁਸ਼ਹਾਲ ਹੋਏ
ਗ਼ੁਲਾਮਰਸੂਲ ਬੋਲੀ ਬੁਲਬੁਲ ਮਸਤ ਹੋਕੇ, ਸਿਆਹ ਭੌਰ ਆਸ਼ਕ ਡਾਲ ਡਾਲ ਹੋਏ।੧

ਵੈਸਾਖ ਦੇਖ ਕੇ ਚਮਨ ਦੇ ਵਲ ਬੁਲਬੁਲ, ਵਿਚ ਇਸ਼ਕ ਦੇ ਪਈ ਬੇਖੁਦ ਬੋਲੇ
ਗੁੰਚੇ ਵਾਲੀ ਡਾਲੀ ਤੇ ਬੈਠ ਕੇ ਤੇ, ਨਾਲ ਚੁੰਝ ਦੇ ਗੁੰਚੇ ਦੇ ਬਰਗ ਖੋਲੇ
ਗੁਲ ਲਾਲਾ ਉਤੇ ਕੁਰਬਾਨ ਹੋ ਗਈ, ਸੀਨੇ ਲਾ ਉਸ ਨੂੰ ਪੈਰਾਂ ਨਾਲ ਫੋਲੇ
ਗ਼ੁਲਾਮ ਰਸੂਲ ਸੋਖ਼ਤ ਖਾਧੀ ਭੌਰ ਨੇ ਜੀ, ਵਿਚ ਦਿਲ ਦੇ ਇਹ ਦਲੀਲ ਤੋਲੇ ।੨।

ਜੇਠ ਜਾ ਕੇ ਮਾਲੀ ਨੂੰ ਭੌਰ ਕਹਿੰਦਾ, 'ਤੇਰਾ ਚਮਨ ਹੈ ਬੁਲਬੁਲ ਖਰਾਬ ਕਰਦੀ
ਗੁਲਲਾਲਾ ਦੇ ਬਰਗ ਸਭ ਤੋੜ ਸਟੇ, ਤੇ ਗੁਲਾਬ ਦੇ ਗ਼ੁੰਚੇ ਬੇਤਾਬ ਕਰਦੀ
ਬੜਾ ਗ਼ੁਲ ਕਰਦੀ ਗੁਲ ਗੁਲ ਕਹਿੰਦੀ, ਡਰ ਤੇਰਾ ਨਾ ਮਾਲੀ ! ਵਿਚ ਖ਼ੁਆਬ ਕਰਦੀ
ਗੁਲਾਮ ਰਸੂਲ ਸੁਣਕੇ ਆਇਆ ਦੌੜ ਮਾਲੀ, ਮਾਲੀ ਨਾਲ ਸਵਾਲ ਜਵਾਬ ਕਰਦੀ। ੩

ਹਾੜ ਆਹ ਇਕ ਦਰਦ ਦੀ ਮਾਰ ਬੁਲਬੁਲ, ਕਹਿੰਦੀ ਮੈਂ ਪਰ ਮਾਲੀ! ਕਰਮ ਕਰ ਦੇਈਂ
ਨਾਲ ਸ਼ਾਖਾਂ ਦੇ ਗੁਲਾਂ ਨੂੰ ਰਹਿਣ ਦੇਈਂ, ਹਨ ਜਾਨ ਮੇਰੀ ਨਾ ਖਤਮ ਕਰ ਦੇਈਂ
ਬੜਾ ਬੇਦਰਦ ਹੋ ਕੇ ਨਾ ਕੋਈ ਫੁਲ ਤੋੜੇ, ਦਰਦੀ ਦਿਲ ਮੇਰਾ ਨਾ ਜ਼ਖਮ ਕਰ ਦੇਈਂ
ਗ਼ੁਲਾਮ ਰਸੂਲ ਜੇ ਕਰ ਫੁਲ ਤੋੜਨੇ ਹੈਨ, ਤੇ ਫੇਰ ਮੇਰੇ ਵੀ ਪਰ ਕਲਮ ਕਰ ਦੇਈਂ ।੪।

ਸਾਵਨ ਆਈ ਬਹਾਰ ਹੈ ਸੈਰ ਗੁਲ ਦੀ, ਮਾਲੀ ਕਹੇ ਉਸਨੂੰ ਉਪਰ ਬੈਠ ਫੁਲ ਫੁਲ
ਤਜਵੀਜ਼ ਕਰੇ ਮਾਲੀ ਉਸ ਨੂੰ ਪਕੜਨੇ ਦੀ, ਮੂੰਹੋਂ ਕਹੇ ਉਸ ਨੂੰ ਬੇਸ਼ਕ ਬੋਲ ਖੁਲ ਖੁਲ
ਹਾਏ ਦਮ ਦੇ ਕੇ ਤੇ ਲਾ ਦਮ ਦਿਤਾ, ਉਹ ਬੇਖਬਰ ਆਸ਼ਕ ਕਰਦੀ ਫਿਰੇ ਚੁੱਲ ਚੁੱਲ
ਗੁਲਾਮ ਰਸੂਲ ਜਦੋਂ ਆਈ ਦਾਮ ਉਤੇ, ਖਿਚੀ ਜਾਲੀ ਮਾਲੀ ਪਕੜ ਲਈ ਬੁਲਬੁਲ।੫

ਭਾਦਰੋਂ ਭੌਰ ਹੋ ਕੇ ਹੋ ਤੀਰ ਗਏ, ਬੁਲਬੁਲ ਕਹੇ ਹਾਏ ! ਮੇਰੀ ਤਕਦੀਰ ਅੱਲ੍ਹਾ
ਖਰੀਦਾਰ ਸਾਂ ਇਕ ਦੀਦਾਰ ਦੀ ਮੈਂ, ਹੋਰ ਕੁਛ ਨਾ ਸੀ ਤਕਸੀਰ ਅੱਲ੍ਹਾ
ਗੁਲਲਾਲਾ ਮੇਰਾ ਸਦਾ ਲਾਲ ਰਖੀਂ, ਖਾਤਰ ਜਿਦੀ ਮੈਂ ਹੋਈ ਅਸੀਰ ਅੱਲ੍ਹਾ
ਗ਼ੁਲਾਮ ਰਸੂਲ ਕਹਿੰਦੀ ਦਿਲ ਚੀਰ ਗਿਆ, ਲਗਾ ਸਖਤ ਜੁਦਾਈ ਦਾ ਤੀਰ ਅੱਲ੍ਹਾ। ੬



Sri Satguru Jagjit Singh Ji eLibrary NamdhariElibrary@gmail.com

ਅਸੂ ਆਸ ਕਰ ਆਈ ਸਾਂ ਚਮਨ ਅੰਦਰ, ਰਹੀ ਦਿਲ ਦੀ ਦਿਲ ਮੁਰਾਦ ਮਾਲੀ
ਇਕ ਜੁਦਾਈ ਤੇ ਦੂਸਰੀ ਪਈ ਫਾਹੀ, ਤੀਜੀ ਸੁਣੀ ਨਾ ਤੂੰ ਫਰਿਆਦ ਮਾਲੀ
ਪਾਵਾਂ ਰਬ ਦਾ ਵਾਸਤਾ ਛਡ ਮੈਨੂੰ, ਤੇਰਾ ਚਮਨ ਰਹੇ ਆਬਾਦ ਮਾਲੀ
ਗੁਲਾਮ ਰਸੂਲ ਕਹਿੰਦੀ ਤਰਸ ਕਰ ਤੂੰ, ਐ ਬੇਦਾਦ ! ਸੱਯਾਦ ! ਜਲਾਦ ਮਾਲੀ ।੭।

ਕੱਤਕ ਕੀਤਾ ਤੂੰ ਆਪਣਾ ਪਾ ਲੀਤਾ, ਮਾਲੀ ਕਹੇ 'ਕੀ ਮੇਰੇ ਅਖਤਿਆਰ ਬੁਲਬੁਲ
ਨਹੀਂ ਬਸ ਮੇਰੇ ਸਖ਼ਤ ਵਖਤ ਤੇਰੇ, ਹੋਈ ਸਖਤ ਹੈਂ ਸਜ਼ਾਵਾਰ ਬੁਲਬੁਲ
ਬੁਲਬੁਲ ਦੇਖ ਸਰਕਾਰ ਦਾ ਹੁਕਮ ਆਇਆ, ਤੈਨੂੰ ਪਕੜ ਕਰਨਾ ਸਜ਼ਾਵਾਰ ਬੁਲਬੁਲ
ਗੁਲਾਮਰਸੂਲ ਸੀ ਇਹ ਮੇਰੇਇਸ਼ਕ ਅੰਦਰ,ਹੋਣਾਗ੍ਰਿਫਤਾਰ ਲਾਚਾਰ ਬੇਜ਼ਾਰਬੁਲਬੁਲ।੮

ਮਘਰ ਮਰਨ ਥੀਂ ਡਰਨ ਨਾ ਕਦੀ ਆਸ਼ਕ, ਡਰਨਾ ਕਿਆ ਮਰਨਾ ਬੇਸ਼ਕ ਮਾਲੀ
ਅਫਸੋਸ ! ਇਹ ਗੁਲ ਜੁਦਾ ਹੋਸਨ, ਪਕੇ ਦਮ ਸਮਝਾਂ ਆਪਣੇ ਦਿਲ ਵਿਚ ਮਾਲੀ
ਮੈਂ ਵੀ ਆਸ ਥੀ ਹੋ ਬੇਆਸ ਚੁਕੀ, ਤੂੰ ਵੀ ਮਾਰਨੇ ਨੂੰ ਬੱਧਾ ਲੱਕ ਮਾਲੀ
ਗੁਲਾਮ ਰਸੂਲ ਤੇਰੇ ਸਿਰ ਤੇ ਕਾਲ ਕੜਕੇ, ਅਛਾ ! ਤੂੰ ਜੀਵੇਂ ਕਬ ਤਕ ਮਾਲੀ ।੯।

ਪੋਹ ਪਕੜ ਮਾਲੀ ਬੁਲਬੁਲ ਬਾਜ਼ੂਆਂ ਤੋਂ, ਉਲਟ ਪੁਲਟ ਉਸ ਨੂੰ ਤੰਗ ਕਰਦਾ
ਕਰਦ ਕੱਢ ਰਗੜੇ ਉਪਰ ਸੰਗ ਦੇ ਜੀ, ਡਾਢਾ ਸੰਗ ਨਾਲੋਂ ਦਿਲ ਸੰਗ ਕਰਦਾ
ਬੁਲਬੁਲ ਲਗੀ ਤੜਫਨ ਨੀਮ ਜਾਨ ਹੋਵੇ, ਮਾਲੀ ਦੇਖੋ ਉਸ ਨੂੰ ਖ਼ੂਨੀ ਰੰਗ ਕਰਦਾ
ਗ਼ੁਲਾਮ ਰਸੂਲ ਬਜ਼ੀਦ ਬੇਦੀਦ ਵਾਂਗੂੰ, ਬੇਉਜ਼ਰ ਆਜਜ਼ ਨਾਲ ਜੰਗ ਕਰਦਾ ।੧੦।

ਮਾਘ ਮਾਰਨੇ ਥੀਂ ਇਕ ਦਮ ਠਹਿਰ ਜਾਵੀਂ,ਬੁਲਬੁਲ ਕਹੇ ਇਕ ਮੇਰਾ ਸਵਾਲ ਮਾਲੀ
ਮੇਰਾ ਖ਼ੂਨ ਸੁਟੀਂ ਅਪਣੇ ਚਮਨ ਅੰਦਰ, ਮੇਰੇ ਗੁਲ ਦੇਖਣ ਮੇਰਾ ਹਾਲ ਮਾਲੀ
ਦੋ ਚਾਰ ਗੁਲਾਬ ਦੇ ਫੁਲ ਲੈ ਕੇ, ਰਖੀਂ ਮੇਲ ਮੇਰੇ ਪਰਾਂ ਨਾਲ ਮਾਲੀ
ਗੁਲਾਮਰਸੂਲ ਬੁਲਬੁਲ ਅਖੀਂ ਮੀਟਲਈਆਂ,ਮੂੰਹੋਂਕਹੇ ਉਸਨੂੰਕਰ ਹਲਾਲਮਾਲੀ੧੧

ਫਗਣ ਫੁਲ ਤੇ ਗੁਲ ਸਭ ਭੁਲ ਗਏ, ਮੌਤ ਮਾਲੀ ਨੂੰ ਵੀ ਆਪਣੀ ਯਾਦ ਆ ਗਈ
ਪਾਇਆ ਤਰਸ ਉਸਦੇ ਦਿਲ ਵਿਚ ਰਬ ਸਚੇ,ਛਾਤੀ ਨੂਰ ਥੀਂਉਹਦੀ ਅਬਾਦ ਹੋਗਈ
ਅਲ ਕਿੱਸਾ ਖ਼ੁਦਾ ਦੀ ਬਾਰਗਾਹ ਵਿਚ,ਕੋਈ ਕਬੂਲ ਬੁਲਬੁਲ ਦੀ ਫਰਿਆਦ ਹੋ ਗਈ
ਗੁਲਾਮਰਸੂਲ ਮਾਲੀ ਬੁਲਬੁਲ ਛੋੜ ਦਿਤੀ,ਤੇਆਜ਼ਾਦਹੋ ਬਹੁਦਿਲ-ਸ਼ਾਦ ਹੋ ਗਈ।੧੨



Sri Satguru Jagjit Singh Ji eLibrary NamdhariElibrary@gmail.com

## ੫੬. ਬਾਰਾਂਮਾਹ ਭਾਈ ਚੰਦਾ ਸਿੰਘ

ਦੋਹਰਾ–ਨਮਸਕਾਰ ਸਤਿਗੁਰਾਂ ਕੋ ਕਰਾਂ ਚਰਨੀ ਸੀਸ ਨਿਵਾਇ
ਬਾਰਾਂ ਮਾਹ ਸ੍ਰੀ ਸਤਿਗੁਰ ਕਾ ਉਚਰੋਂ, ਮੋ ਪਹਿ ਹੋਇ ਸਹਾਇ ।੧।
ਗਣਪਤ ਗੌਰਾਂ ਸਾਰਦਾ ਸਰਨ ਗੁਰਾਂ ਦੀ ਲੇਇ
ਨਾਨਕ ਨਿਹਫਲ ਜਾਤ ਹੈ, ਭਜਨ ਬਿਨਾ ਜੋ ਦੇਹ ।੨।
ਹਜਰੋਂ ਸ਼ਹਿਰ ਸੁਹਾਵਣਾ, ਸ੍ਰੀ ਸਤਿਗੁਰ ਲੀਆ ਅਵਤਾਰ
ਜੋ ਨਰ ਦਰਸ਼ਨ ਪਾਂਵਦੇ, ਸੋ ਭਉਜਲ ਉਤਰੇ ਪਾਰ ।੩।
ਜਗ ਮਗ ਜੋਤ ਬਿਰਾਜੀਆ, ਰਾਮਦਾਸ ਪੁਰੇ ਹਜ਼ੂਰ
ਜੋ ਨਰ ਸਰਨੀ ਜਾ ਪਏ, ਉਧਰੇ ਜਾਨ ਜਰੂਰ ।੪।

ਚੌਪਈ ਚੜ੍ਹਦੇ ਚੇਤਰ ਚਿਤ ਉਦਾਸ, ਚਲੀਏ ਸਤਿਗੁਰਾਂ ਦੇ ਪਾਸ,
ਕਰੀਏ ਹੱਥ ਜੋੜ ਅਰਦਾਸ, ਸਾਨੂੰ ਰਖੋ ਅਪਣੇ ਪਾਸ,
ਦੇਹੋ ਚਰਨਾਂ ਵਿਚ ਨਿਵਾਸ, ਮੈਂ ਔਗੁਣਹਾਰੀਆਂ ।
ਜਦ ਮੈਂ ਹੋਇ ਵੈਰਾਗਣ ਚਲੀ, ਚਰਖੇ ਤੰਦ ਨ ਲਾਹੀ ਛੱਲੀ,
ਘਰ ਤੋਂ ਤੁਰ ਕੇ ਭਈ ਅਕੱਲੀ, ਮੈਨੂੰ ਲੋਕ ਆਖਦੇ ਝੱਲੀ,
ਕਿਸੇ ਦੀ ਗੱਲ ਨ ਲਗਦੀ ਭਲੀ, ਮੈਂ ਬਲਿਹਾਰੀਆਂ ।
ਸਤਿਗੁਰ ਮੇਰਾ ਦੀਨ ਦਿਆਲ, ਲਧਾ ਰਾਮਦਾਸ ਪੁਰੇ ਵਿਚ ਭਾਲ,
ਦੇ ਕੇ ਸ਼ਬਦ ਤੇ ਕਰੇ ਨਿਹਾਲ, ਕੱਟੇ ਜਨਮ ਮਰਨ ਦੇ ਜਾਲ
ਮੈਂ ਸਤਿਗੁਰ ਤਾਰੀਆਂ ।

ਸੁਣ ਲਓ ਸੰਤ ਜਨਾਂ ਗੱਲ ਹੋਰ, ਮੈਨੂੰ ਭਜਨ ਲੈਣ ਦੀ ਲੋੜ,
ਤਾਂ ਮੈਂ ਪਹੁਤੀ ਸਤਿਗੁਰ ਕੋਲ, ਲਿਆ ਭਜਨ ਮੈਂ ਕਰਕੇ ਜੋਰ,
ਘਰ ਵਿਚ ਰਹੇ ਹਮੇਸ਼ਾ ਸ਼ੋਰ, ਸੱਸ ਕਢੇਂਦੀ ਮੰਦੇ ਬੋਲ,
ਨੀ ਤੂੰ ਜਾਣਾ ਕੂਕਿਆਂ ਕੋਲ, ਇਹੋ ਮੇਹਣੇ ਮਾਰਦੀ ।੧।

ਦੋਹਰਾ–ਚੇਤ ਮਹੀਨਾ ਬੀਤਿਆ, ਚੜ੍ਹਿਆ ਮਾਹਿ ਵਿਸਾਖ
ਸਿਖਾਂ ਦੇ ਮਨ ਸ਼ਾਦੀਆਂ,ਘਰ ਘਰ ਸ਼ਬਦ ਨਿਵਾਸ ।੬।

ਚੌਪਈ–ਅਗੋ ਵਿਸਾਖ ਮਹੀਨੇ ਚੜ੍ਹਦੇ, ਸਿੰਘ ਆਹਰ ਭੋਗ ਦਾ ਕਰਦੇ,
ਸਿੰਘਾਂ ਦੇ ਵਲ ਲਿਖਦੇ ਪੜ੍ਹਦੇ, ਸਾਨੂੰ ਜਾਣੋ ਆਪਣੇ ਬਰਦੇ,



Sri Satguru Jagjit Singh Ji eLibrary NamdhariElibrary@gmail.com

ਦਰਸ਼ਨ ਦੇਹੋ ਕਿਰਪਾ ਕਰਕੇ, ਆਉਣ ਜਸ ਗੁਰਾਂ ਦਾ ਪੜ੍ਹਦੇ,
ਪਾਉਣ ਭੋਗ ਕੜਾਹੇ ਕਰਦੇ, ਨਾਲੇ ਖੇਡਦੇ ।
ਸਿੰਘ ਘਰ ਘਰ ਭੋਗ ਪੁਆਵਣ, ਸੰਗਤਾਂ ਦਰਸ਼ਨ ਨੂੰ ਚਲ ਆਵਣ,
ਰਾਗੀ ਸੋਹਣੇ ਸ਼ਬਦ ਸੁਨਾਵਣ, ਸਿੰਘ ਹੋ ਮਸਤਾਨੇ ਜਾਵਣ,
ਖੁਲ੍ਹੇ ਕੇਸ ਤੇ ਛਾਤੀ ਲਾਵਨ, ਮੇਰੇ ਸਤਿਗੁਰ ਦੇ ਮਨ ਭਾਵਣ,
ਜਦੋਂ ਓਹ ਲੇਟਦੇ ।

ਦਰਸਨ ਕਰਨ ਬਡੇ ਜਨ ਭਾਗੀ, ਜੇਹੜੇ ਹੈਸਨ ਬਹੁਤ ਤਿਆਗੀ,
ਓਹ ਭੀ ਰੋ ਰੋ ਹੋਣ ਵੈਰਾਗੀ, ਜਿਨ੍ਹਾਂ ਨੂੰ ਚੋਟ ਸ਼ਬਦ ਦੀ ਲਾਗੀ,
ਮਨ ਵਿਚ ਚਾਹ ਦਰਸ਼ਨ ਦੀ ਜਾਗੀ, ਓਹ ਦਰਸਨ ਦੇਖਦੇ ।
ਭਾਈ ਚੰਦਾ ਸਿੰਘ ਦੀ ਕਹਿਣੀ, ਗੁਰ ਰਾਮਦਾਸਪੁਰੇ ਵਿਚ ਰਹਿਣੀ,
ਦਲਕੇ ਦਰਸਨ ਦੇਖੀਏ ਨੈਣੀ, ਸਤਿਗੁਰ ਸਬਦ ਸੁਣਾਉਂਦੇ ਬੈਣੀ,
ਕੰਮ ਵਿਸੇਖ ਏਹ ।੨।

ਦੋਹਰਾ—ਜੇਠ ਮਹੀਨੇ ਲਿਖਿਆ, ਬਹਿ ਗੋਰੇ ਨੰਦਨ ਵਲ
ਏਹ ਸਿੰਘ ਬਾਝ ਅਕਾਲ ਦੇ, ਹੋਰ ਨ ਕਰਦੇ ਗੱਲ ।

ਚੌਪਈ—ਚੜ੍ਹਦੇ ਜੇਠ ਧੁਪ ਕੁਵਾਹੀ, ਪਰਵਰਤੀਛਨ ਵਣੀਂ ਕਪਾਹੀ,
ਗੋਰੇ ਬਹਿ ਬਹਿ ਕਰਨ ਸਲਾਹੀ, ਏਹ ਸਿੰਘ ਸਾਥੋਂ ਡਰਦੇ ਨਾਹੀ,
ਜੇਹੜੇ ਹੋ ਮਸਤਾਨੇ ਜਾਹੀ, ਕੂਕਾਂ ਮਾਰਨ ਵਿਚ ਚੁਰਾਹੀਂ,
ਇਹਨਾਂ ਨੂੰ ਖੌਫ ਕਿਸੇ ਦਾ ਨਾਹੀਂ, ਬਾਝ ਅਕਾਲ ਦੇ ।
ਸਤਿਗੁਰ ਅੰਮ੍ਰਿਤਸਰ ਜੀ ਆਵਣ, ਅਗੋਂ ਗੋਰੇ ਬਾਉਂ ਹੁੰਙਾਉਣ,
ਸਿੰਘ ਜਾ ਕੇ ਆਸਣ ਲਾਵਣ, ਸੰਗਤਾਂ ਗੁਰ ਦੇ ਦਰਸ਼ਨ ਪਾਵਣ,
ਟੇਕਣ ਮਥੇ ਦਰਬ ਚੜ੍ਹਾਵਣ, ਸਤਿਗੁਰ ਸਚਾ ਸਬਦ ਸੁਨਾਵਣ,
ਕ੍ਰਿਪਾ ਧਾਰ ਕੇ ।

ਸਤਿਗੁਰ ਆਪ ਹੁਕਮ ਚੜ੍ਹਾਏ, ਸੰਗਤ ਸਭ ਅਕਾਲ ਬੁਲਾਏ,
ਗੋਰਾ ਮੂੰਹ ਵਿਚ ਉਂਗਲ ਪਾਏ, ਸਾਡਾ ਧੜਕ ਕਲੇਜਾ ਜਾਏ,
ਐਸਾ ਕੌਣ ਅਕਾਲ ਹਟਾਏ, ਏਹਾ ਗੱਲ ਭਾਲਦੇ ।
ਚੰਦਾ ਸਿੰਘ ਗੁਰ ਤੋਂ ਬਲਿਹਾਰੀ, ਜਿਸਨੇ ਅਚਰਜ ਕਲਾ ਦਿਖਾਰੀ,
ਨਿੰਦਿਆ ਕਰਦੇ ਸਭ ਪੁਜਾਰੀ, ਉਨ੍ਹਾਂ ਦੀ ਮਤ ਪੂਜਾ ਨੇ ਮਾਰੀ,
ਕਦੀ ਆਉਗ ਉਨ੍ਹਾਂ ਦੀ ਵਾਰੀ, ਜਾ ਵਸ ਪਉਨ ਦਿਆਲ ਦੇ ।

ਦੋਹਰਾ—ਜੇਠ ਮਹੀਨਾ ਗੁਜਰਿਆ ਘਾਮ ਕੀਆ ਪ੍ਰਵੇਸ਼
ਗੁਰ ਰਹਿਤ ਬਤਾਈ ਖਾਲਸੇ ਇਸ਼ਨਾਨ ਕਰੋ ਸਣ ਕੇਸ ।



Sri Satguru Jagjit Singh Ji eLibrary NamdhariElibrary@gmail.com

ਚੌਪਈ–ਚੜ੍ਹਦੇ ਹਾੜ ਧੁਪ ਦਾ ਜ਼ੋਰ, ਜਾਂਦੇ ਸਿੰਘ ਸਿੰਘਾਂ ਦੇ ਕੋਲ,
ਅਗੋਂ ਪਿਆਵਣ ਸ਼ਰਬਤ ਘੋਲ, ਪੜ੍ਹਦੇ ਸ਼ਬਦ ਵਜਾਵਣ ਢੋਲ,
ਮੁਖ ਥੀਂ ਬੋਲਣ ਅੰਮ੍ਰਿਤ ਬੋਲ, ਉਹ ਰੰਗ ਬਣਾਂਵਦੇ।
ਵਜੇ ਢੋਲਕ ਛੈਣੇ ਖੜਕਣ, ਹੱਲੇ ਦੇ ਸ਼ਬਦ ਕਲੇਜੇ ਰੜਕਣ,
ਬੀਬੀਆਂ ਵਾਂਗ ਕਬੂਤਰ ਫੜਕਣ, ਕਰਦੀਆਂ ਨਿਰਤ ਪੈਰ ਨਹੀਂ ਅਟਕਣ,
ਖੁਲ੍ਹੇ ਕੇਸ ਗਲਾਂ ਵਿਚ ਲਟਕਣ, ਸ਼ੋਭਾ ਪਾਂਵਦੇ।
ਵਿਚ ਪ੍ਰੇਮੀ ਸਿੰਘ ਭੀ ਆਵਣ, ਪਖੇ ਝੱਲਣ ਪਾਣੀ ਪਿਆਵਣ,
ਮੁਠੀਆਂ ਭਰਨ ਥਕੇਵੇਂ ਲਾਹਵਣ, ਬਰਤਨ ਮਾਂਜਨ ਟਹਿਲ ਕਮਾਵਣ,
ਸੋਭਾ ਸੰਗਤ ਦੇ ਵਿਚ ਪਾਵਨ, ਜਾਂ ਹਰਿ ਗੁਣ ਗਾਂਵਦੇ।
ਸੁਣ ਭਾਈ ਚੰਦਾ ਸਿੰਘ ਗਲ ਏਹ, ਚਲਕੇ ਸਰਨ ਗੁਰਾਂ ਦੀ ਲੇਹ,
ਸਤਿਗੁਰ ਨਾਮ ਪਦਾਰਥ ਦੇਹ, ਭਜਨ ਬਿਨਾਂ ਬਿਰਥਾ ਜਾਂਦੀ ਦੇਹ,
ਏਹਾ ਗੱਲ ਚਾਹੁੰਦੇ।੧੧।

ਦੋਹਰਾ–ਹਾੜ ਮਹੀਨਾ ਬੀਤਿਆ ਰੁਤ ਸਾਵਣ ਦੀ ਆਈ।
ਗੁਰ ਹੁਕਮ ਚੜ੍ਹਾਇਆ ਖਾਲਸੇ, ਕੱਛ ਪਹਿਨੇ ਬੀਬੀ ਮਾਈ।੧੨।

ਚੌਪਈ–ਅਗੇ ਸਾਵਣ ਮਹੀਨੇ ਚੜ੍ਹਦੇ, ਗੋਰੇ ਬਹਿ ਕੇ ਕੌਂਸਲ ਕਰਦੇ,
ਸਾਡੇ ਚਿਤ ਸਿੰਘਾਂ ਥੋਂ ਡਰਦੇ, ਏਹ ਸਿੰਘ ਸ਼ੋਰ ਸ਼ਰਾਬੇ ਕਰਦੇ,
ਸਤਿਗੁਰ ਬਹਿ ਜਾਵੇ ਵਿਚ ਘਰ ਦੇ, ਗੋਰਾ ਆਖਦਾ।
ਗੋਰੇ ਬਚਨ ਏਤਨਾ ਕਹਿਆ, ਸਤਿਗੁਰਾਂ ਸਤਿਬਚਨ ਮੰਨ ਲਇਆ,
ਜੇਹੜਾ ਨਿਵਿਆ ਸੋ ਜਿਤ ਗਇਆ, ਕੇਹਾ ਫਿਕਰ ਤੁਹਾਨੂੰ ਪਇਆ,
ਜੇਹੜਾ ਲਿਖਿਆ ਕਦੇ ਨ ਰਹਿਆ ਹੁਕਮ ਅਕਾਲ ਦਾ।
ਅਗੇ ਹੋਆ ਕੰਸ ਰਾਜਾ ਹੰਕਾਰੀ, ਉਸਨੇ ਭੈਣ ਕੈਦ ਕਰ ਡਾਰੀ,
ਜੰਮੇ ਲੜਕਾ ਲੜਕੀ ਮਾਰੀ, ਨਜੂਮੀਆਂ ਕਹੀ ਹਕੀਕਤ ਸਾਰੀ,
ਬਿਜਲੀ ਹੋਇ ਗਗਨ ਚਮਕਾਰੀ, ਹੋਇਆ ਕ੍ਰਿਸ਼ਨ ਚੰਦ ਔਤਾਰੀ,
ਕੰਸ ਪਛਾੜਦਾ।
ਸਤਿਗੁਰ ਆ ਬੈਠੇ ਘਰ ਬਾਰ, ਸੂਬੇ ਕੀਤੇ ਸਭ ਤਿਆਰ,
ਜੇਹੜੇ ਆਦ ਅੰਤ ਦੇ ਯਾਰ, ਜੁਗ ਜੁਗ ਧਾਰਨ ਨਾਲ ਔਤਾਰ,
ਦਿਤੇ ਸਭ ਦੇਸਾਂ ਤੇ ਚਾੜ੍ਹ, ਜਾ ਕੇ ਆਵੇ ਕਾਜ ਸਵਾਰ,
ਇਹੁ ਕ੍ਰਿਤ ਕਰਤਾਰ ਦੀ।੧੩।

ਦੋਹਰਾ–ਸਾਵਣ ਸਹਿਜੇ ਗੁਜ਼ਰਿਆ ਰੁਤ ਭਾਦਰੋਂ ਦੀ ਆਈ।
ਗੁਰ ਕਰਣ ਕਾਰਣ ਸਮਰਥ ਹੈ, ਭੁਲੀ ਫਿਰੇ ਲੁਕਾਈ।੧੪।

ਚੌਪਈ–ਭਾਦਰੋਂ ਭਰਮ ਕੀਆ ਗੁਰ ਦੂਰ, ਪਹੁਤੇ ਸਤਿਗੁਰ ਪਾਸ ਹਜ਼ੂਰ,
ਕੀਤੀ ਟਹਿਲ ਪਈ ਮਨਜ਼ੂਰ, ਬਖਸ਼ੀ ਰਿਧ ਸਿਧ ਭਰਪੂਰ, ਅਪਣੇ ਖਾਲਸੇ।



Sri Satguru Jagjit Singh Ji eLibrary NamdhariElibrary@gmail.com

ਇਕ ਬਿਹੰਗਮ ਸਿੰਘ ਬਣਾਏ, ਸਾਰਿਆਂ ਨਗਰਾਂ ਵਿਚ ਬੈਠਾਏ,
ਸ਼ਬਦ ਬਾਣੀਆਂ ਕੰਠ ਕਰਾਏ, ਸਤਿਗੁਰ ਘਰ ਘਰ ਲੰਗਰ ਲਾਏ,
ਭੁੱਖਾ ਨੰਗਾ ਕੋਈ ਨਾ ਜਾਏ, ਵੇਖ ਬੀਚਾਰ ਕੇ।
ਇਕ ਨਿੰਦਕ ਨਿੰਦਾ ਕਰਦੇ, ਬੰਨ ਬੰਨ ਪੰਡ ਸਿਰਾਂ ਤੇ ਧਰਦੇ,
ਜੇਹੜੇ ਬੜੇ ਬੜੇ ਸਿਰਕਰਦੇ, ਲੇਖਾ ਧਰਮਰਾਇ ਦਾ ਭਰਦੇ,
ਓਹ ਨਰਕ ਸਿਧਾਰਦੇ।

ਸੁਣ ਭਾਈ ਚੰਦਾ ਸਿੰਘ ਨਿਦਾਨੇ, ਸਿੰਘ ਹੁੰਦੇ ਬਹੁ ਮਸਤਾਨੇ,
ਜੇਹੜੇ ਗੁਝੇ ਭਜਨ ਕਮਾਂਦੇ, ਇਕ ਜਾ ਬਾਹਰ ਸਮਾਧਾਂ ਲਾਂਦੇ,
ਇਕ ਸੋਹਨ ਹਰਿ ਗੁਣ ਗਾਂਦੇ, ਕਿਆ ਜਾਣਾ ਮੈਂ ਕੇਹੜੇ ਭਾਂਦੇ,
ਉਸ ਅਕਾਲ ਨੂੰ।੧੫।

ਦੋਹਰਾ–ਅਸੂ ਅਸੀਂ ਪਛਾਣਿਆ, ਗੁਰ ਪੂਰਣ ਅਵਤਾਰ।
ਗੁਰ ਧਰਮ ਚਲਾਇਆ ਜਗਤ ਵਿਚ, ਹੋਵਨ ਜੈ ਜੈ ਕਾਰ।੧੬।

ਚੌਪਈ–ਅਸੂ ਆਸ ਗੁਰਾਂ ਦੀ ਰੱਖੀ, ਨਿਤ ਮੈਂ ਦਰਸ਼ਨ ਵੇਖਾਂ ਅੱਖੀਂ,
ਸਤਿਗੁਰ ਨਾਮ ਪਦਾਰਥ ਦਿਤਾ ਬੈਠ ਕਨਾਰੇ ਚੱਖੀਂ,
ਕੀ ਪਰਵਾਹ ਕਿਸੇ ਦੀ ਓਨਾਂ ਗੁਰੂ ਜਿਨ੍ਹਾਂ ਦਾ ਪੱਖੀ,
ਸਤਿਗੁਰ ਬਿਰਦ ਤੁਮਾਰਾ ਕਹੀਏ ਲਾਜ ਬਿਰਦ ਦੀ ਰੱਖੀਂ
ਬਿਰਦ ਬੀਚਾਰ ਕੇ।

ਸਤਿਗੁਰ ਕਮਰਕਸਾ ਜਦ ਕਰਦੇ, ਆਸਣ ਚੀਨੀ ਉਤੇ ਧਰਦੇ,
ਅਗੇ ਸਿੰਘ ਅੜਦਲਾਂ ਕਰਦੇ, ਮਾਨੋਂ ਰਵਿ ਸਸ ਦੋਨੋਂ ਡਰਦੇ,
ਮਸਤਾਨੇ ਹੱਥ ਸਲੋਤ੍ਰ ਫੜਦੇ, ਜਿਉਂ ਕਪਿ ਰਾਮਚੰਦ ਦੇ ਚੜ੍ਹਦੇ ਲੰਕਾ ਮਾਰਨੇ।
ਸਤਿਗੁਰ ਚੀਨੀ ਤੇ ਹੁੰਦੇ ਅਸਵਾਰ, ਸੂਬੇ ਸੋਭਾ ਪਾਵਨ ਨਾਲ,
ਚੜ੍ਹਦੀ ਜਿਉਂ ਹੰਸਾਂ ਦੀ ਡਾਰ, ਸੋਹੇ ਚੰਦ ਜਿਵੇਂ ਪਰਵਾਰ,
ਬਣਦੀ ਜੰਞ ਲਾੜੇ ਦੇ ਨਾਲ, ਫੌਜਾਂ ਸੋਹਨ ਜਿਵੇਂ ਸਰਦਾਰ,
ਐਸਾ ਕਵਣ ਜੋ ਕਰੈ ਬੀਚਾਰ ਏਸ ਅਵਤਾਰ ਦੀ।
ਸੁਣ ਭਾਈ ਚੰਦਾ ਸਿੰਘ ਗੁਰ ਭਾਈ, ਸਤਿਗੁਰ ਸੰਗਤ ਆਪ ਬਣਾਈ,
ਸਾਜੇ ਚਾਰ ਵਰਨ ਦੇ ਭਾਈ, ਗਲ ਮਾਲਾ ਸੀਸ ਖੰਡਾ ਸੋਭਾ ਪਾਈ,
ਜਿਉਂ ਭਾਲ ਸ਼ਿਵਾਂ ਦੇ ਚੰਦ ਸੁਹਾਈ, ਗੁਰ ਦੀ ਮਹਿਮਾ ਬਰਨ ਨ ਜਾਈ
ਅਪਰ ਅਪਾਰ ਦੀ।੧੭।

ਦੋਹਰਾ–ਗੁਰ ਧਰਮ ਰਖਣ ਵਾਸਤੇ, ਜੁਗ ਜੁਗ ਲਏ ਅਵਤਾਰ।
ਨਿੰਦਕ ਚੁਣ ਚੁਣ ਮਾਰਨੇ, ਕਰਨੇ ਅਸੁਰ ਸੰਘਾਰ।੧੮।
ਚੌਪਈ–ਕੌਤਕ ਕਰਮ ਧਰਮ ਗੁਰ ਲਾਏ, ਭੁਲੇ ਜਾਂਦੇ ਮਾਰਗ ਪਾਏ,
ਸਤਿਗੁਰ ਸਚ ਸੁਚ ਦ੍ਰਿੜਾਏ, ਮਾਸ ਸ਼ਰਾਬ ਤੇ ਲੀਨ ਹਟਾਏ,



Sri Satguru Jagjit Singh Ji eLibrary NamdhariElibrary@gmail.com

ਗੋਰਾ ਖੌਫ਼ ਸਿੰਘਾਂ ਤੋਂ ਖਾਏ, ਨਹੀਂ ਖ਼ੈਰ ਗੁਜ਼ਾਰਦੇ ।
ਕਰਦੇ ਪਹਿਰ ਰਾਤੀਂ ਇਸ਼ਨਾਨ, ਪੜ੍ਹਦੇ ਬਾਣੀ ਲਾਇ ਧਿਆਨ,
ਢਾਹਨ ਮੜ੍ਹੀਆਂ ਗੋਰ ਮੁਕਾਮ, ਸਤਿਗੁਰ ਬਹਿੰਦੇ ਲਾਇ ਦੀਵਾਨ,
ਰਾਗੀ ਵਾਰ ਆਸਾ ਦੀ ਲਾਨ, ਸਿੰਘ ਹੋ ਮਸਤਾਨੇ ਜਾਣ.
ਓਹ ਭਬਕਾਂ ਮਾਰਦੇ ।

ਸਤਿਗੁਰ ਹੋਰ ਹੁਕਮ ਚੜ੍ਹਾਏ, ਸਾਰੀ ਸੰਗਤ ਤਾਈਂ ਸੁਣਾਏ,
ਏਹ ਮਲੇਛ ਲੰਦਨੋਂ ਆਏ, ਏਨਾਂ ਬੁਚੜਖ਼ਾਨੇ ਲਾਏ,
ਸਾਨੂੰ ਦੁਖ ਗਊਆਂ ਦਾ ਖਾਏ, ਸਿੰਘੋ ! ਸੀਸ ਦੇਵਣੇ ਆਏ,
ਨਾਇ ਕਰਤਾਰ ਦੇ ।

ਚੰਦਾ ਸਿੰਘ ਏਹ ਗੁਰਾਂ ਦੀ ਰੀਤ, ਕਮਰ ਕਸ ਕੇ ਖਲੇ ਸ਼ਹੀਦ,
ਜਿਨ੍ਹਾਂ ਗੁਰ ਬਚਨੀ ਪਰਤੀਤ, ਦੇਣੇ ਕੀਏ ਧਰਮ ਤੋਂ ਸੀਸ,
ਉਹ ਹੋਏ ਤਿਆਰ ਨੇ ।

ਓਨਾਂ ਸ਼ਸਤਰ ਜਾਏ ਚਲਾਏ, ਮਾਰੇ ਬੁਚੜ ਖ਼ਾਕ ਰਲਾਏ,
ਕੱਟੇ ਗਊਆਂ ਦੇ ਗਲ ਫਾਹੇ, ਦਿਓਤਿਆਂ ਜੈ ਜੈ ਕਾਰ ਬੁਲਾਏ,
ਧਰਮ ਵੀਚਾਰ ਕੇ ।੧੯।

ਦੋਹਰਾ–ਚੁਗਲਾਂ ਚੁਗਲੀ ਮਾਰ ਕੇ ਦਿਤੇ ਸਿੰਘ ਫੜਾਇ ।
ਜੋ ਦਸਮੇਂ ਜਾਮੇਂ ਲਿਖਿਆ ਅਜ ਰਖੇ ਕੌਣ ਹਟਾਇ ।੨੦।

ਚੌਪਈ–ਚੜ੍ਹਦੇ ਮਘਰ ਪਾਲੇ ਪੌਂਦੇ, ਜਿਨ ਮਨ ਪ੍ਰੀਤ ਉਹ ਸੁਖ ਨ ਸੌਂਦੇ,
ਮਨ ਨੂੰ ਨਾਮ ਦੇ ਨਾਲ ਪਰੋਂਦੇ, ਜਪ ਜਪ ਮੈਲ ਦਿਲਾਂ ਦੀ ਧੋਂਦੇ,
ਸੋ ਗੁਰੂ ਚਿਤਾਰਦੇ ।

ਉਹਨਾਂ ਸਿੰਘਾਂ ਤੋਂ ਕੁਰਬਾਨ, ਜੇਹੜੇ ਗੁਰ ਦੇ ਬਚਨ ਕਮਾਨ,
ਕਰਦੇ ਸਣ ਕੇਸੀਂ ਇਸ਼ਨਾਨ, ਹਿਰਦੇ ਗੁਰ ਦਾ ਧਾਰਨ ਧਿਆਨ,
ਉਹ ਆਪ ਤਰੇ ਕੁਲ ਤਾਰਦੇ ।

ਜਿਨ੍ਹਾਂ ਗੁਰ ਦੇ ਬਚਨ ਕਮਾਏ, ਉਹ ਤੇ ਫੇਰ ਜੂਨ ਨਹੀਂ ਆਏ,
ਵਾਸੇ ਜਾਏ ਸ਼ਹੀਦੀ ਪਾਏ, ਸਤਿਗੁਰ ਬਾਹੋਂ ਪਕੜ ਲੰਘਾਏ,
ਭਵਜਲ ਪਾਰ ਤੇ ।

ਚੰਦਾ ਸਿੰਘ ਗੁਰ ਖੇਲ ਰਚਾਏ, ਬਿਚੇ ਮੁਖਬਰ ਚਾਇ ਬਣਾਏ,
ਫਿਰਦੇ ਕੁੱਤੇ ਜਿਉਂ ਹਲਕਾਏ, ਦਿਸਨ ਸਿੰਘ ਤੇ ਜਾਇ ਅਟਕਾਏ,
ਜਿਥੇ ਲੰਗਰ ਝਾਤੀਆਂ ਪਾਏ, ਸਿੰਘਾਂ ਸੋਟਾ ਪਕੜ ਹਟਾਏ,
ਪਰ੍ਹਾਂ ਦੁਰਕਾਰ ਕੇ ।੨੧।

ਦੋਹਰਾ–ਪੋਹ ਮਹੀਨਾ ਚੜ੍ਹਦਿਆਂ, ਪਾਲੇ ਪਉਂਦੇ ਜ਼ੋਰ ।
ਸਿੰਘ ਹੋ ਮਸਤਾਨੇ ਖੇਡਦੇ, ਸੁਣ ਸ਼ਬਦਾਂ ਦੀ ਘਨਘੋਰ ।੨੨।



Sri Satguru Jagjit Singh Ji eLibrary NamdhariElibrary@gmail.com

ਚੌਪਈ–ਚੜ੍ਹਦੇ ਪੋਹ ਤੇ ਕੱਕਰ ਕੋਰੇ, ਸਤਿਗੁਰ ਹੁਕਮਨਾਮੇ ਲਿਖ ਤੋਰੇ,
ਸੂਬੇ ਸੱਦੇ ਅਪਣੇ ਕੋਲੇ, ਲਿਖਿਆ ਸਭ ਸੰਗਤਾਂ ਆਵਨ,
ਵੇਖ ਅਰਦਾਸ ਤੇ ਢਿਲ ਨ ਲਾਵਨ, ਦਰਸਨ ਰਾਮਦਾਸ ਪੁਰੇ ਦੇ ਪਾਵਣ,
ਮੇਲੇ ਮਾਘ ਦੇ।

ਲਿਖੇ ਹੁਕਮਨਾਮੇ ਜਦ ਗਏ, ਸਿੰਘਾਂ ਧਰ ਸੀਸ ਤੇ ਲਏ,
ਮਨ ਵਿਚ ਚਾਉ ਬਹੁਤ ਚੜ੍ਹ ਗਏ,ਘਰ ਵਿਚ ਕਰਨ ਸਲਾਹੀਂ ਬਹੇ,
ਕੇਹੜਾ ਚਲੀਏ ਕੇਹੜਾ ਰਹੇ, ਏਹ ਮਤੇ ਪਕਾਂਵਦੇ।
ਸਿੰਘ ਹੋਏ ਸਭੇ ਤਿਆਰ, ਮਾਲਵਾ ਮਾਝਾ ਦੜਪ ਤੇ ਬਾਰ,
ਆਏ ਜਮਨਾ ਦੇ ਸਰਦਾਰ, ਾਗੇ ਜੋ ਭਾਵੈ ਕਰਤਾਰ,
ਮਾਈਆਂ ਬੀਬੀਆਂ ਹੋਰ ਹਜ਼ਾਰ, ਜਿਨ੍ਹਾਂ ਲਾਹ ਕੇ ਸੁਟੇ ਹਾਰ ਸ਼ੀਂਗਾਰ
ਗੁਰਾਂ ਦੇ ਸਾਹਮਣੇ।

ਚੰਦਾ ਸਿੰਘ ਸਿੰਘ ਸਭ ਆਏ, ਸਤਿਗੁਰਾਂ ਲਾਂਗਰੀ ਲੰਗਰ ਲਾਏ,
ਬੀੜੀਆਂ ਲੋਹਾਂ ਧਰੇ ਕੜਾਹੇ, ਕਰ ਪਰਸਾਦ ਤੇ ਭੋਗ ਪੁਆਏ,
ਸਿੰਘਾਂ ਬਸਤ੍ਰ ਹੋਮ ਕਰਾਏ,ਚੜ੍ਹ ਮਲੇਰਕੋਟਲੇ ਧਾਏ, ਮਰਾਂਗੇ ਮਾਰਕੇ।੨੩।

ਦੋਹਰਾ–ਸੀਸ ਧਰਮ ਤੇ ਦੇਣ ਨੂੰ, ਸਿੰਘ ਚਲੇ ਹੋਣ ਸ਼ਹੀਦ।
ਸਤਿਗੁਰ ਪ੍ਰਦੇਸ ਸਿਧਾਨਗੇ, ਮਾਨੋ ਬਿਸਵੇ ਬੀਸ।੨੪।

ਚੌਪਈ–ਚੜ੍ਹਦੇ ਮਾਘ ਖੁਲ੍ਹੀ ਬਸੰਤ, ਸਤਿਗੁਰ ਸੱਦੇ ਸਭ ਮਹੰਤ,
ਜਿਹੜੇ ਨਗਰਾਂ ਵਿਚ ਬਣਾਏ, ਉਹ ਭੀ ਸਭ ਦਰਸਨ ਨੂੰ ਆਏ,
ਲੈ ਪ੍ਰਕਰਮਾ ਸੀਸ ਨਿਵਾਏ, ਸਤਿਗੁਰ ਆਦਰ ਦੇ ਬਹਾਏ,ਵਿਚ ਦੀਵਾਨ ਦੇ।
ਜਾਂ ਸਿੰਘ ਬੈਠੇ ਵਿਚ ਦੀਵਾਨ, ਹਿਰਦੇ ਗੁਰ ਦਾ ਜਾਪ ਕਮਾਨ,
ਦਰਸ਼ਨ ਕਰਦੇ ਲਾਇ ਧਿਆਨ, ਸਤਿਗੁਰ ਬਚਨ ਬਿਲਾਸ ਸੁਣਾਨ,
ਸਿੰਘ ਹੋ ਮਸਤਾਨੇ ਜਾਣ, ਉਠ ਉਠ ਚਰਨੀ ਸੀਸ ਨਿਵਾਣ,
ਗੋਬਿੰਦ ਸਿੰਘ ਜਾਣ ਕੇ।
ਸਤਿਗੁਰ ਹੈ ਪੂਰਨ ਅਵਤਾਰ, ਇਸ ਨੇ ਕਰਨੇ ਚੋਜ ਅਪਾਰ,
ਆਇਆ ਰੂਪ ਬਾਰ੍ਹਵਾਂ ਧਾਰ, ਮਾਨੋਂ ਤਾਰਨ ਨੂੰ ਸੰਸਾਰ,
ਸੰਗਤ ਕੀਤੀ ਭਵਜਲੋਂ ਪਾਰ, ਚਾੜ੍ਹ ਬੇੜੇ ਨਾਮ ਕੇ।
ਚੰਦਾ ਸਿੰਘਾ ਗੁਰ ਰਚਿਆ ਭਾਣਾ, ਸਿੰਘ ਕਰਦੇ ਜੋਰ ਧਿਙਾਣਾ,
ਕਹਿੰਦੇ ਮਲੇਰਕੋਟਲੇ ਪੈਣਾ, ਜੰਞ ਗਿਆਨ ਸਿੰਘ ਦੀ ਜਾਣਾ,
ਬਦਲਾ ਲੈਣਾ ਪਾਸ ਪਠਾਣਾਂ, ਏਹੁ ਮਨ ਵੀਚਾਰਦੇ।੨੫।

ਦੋਹਰਾ–ਸਿੰਘ ਸ਼ਹੀਦੀਂ ਜਾ ਰਲੇ, ਸਤਿਗੁਰ ਚਲੇ ਪਰਦੇਸ।
ਸੰਗਤਾਂ ਮੁੜ ਘਰ ਤੋਰੀਆਂ, ਆਪੋ ਆਪਣੇ ਦੇਸ।੨੬।



Sri Satguru Jagjit Singh Ji eLibrary NamdhariElibrary@gmail.com

ਚੌਪਈ–ਮਹੀਨੇ ਫੱਗਣ ਕੀਆ ਪਰਵਾਸ, ਸਤਿਗੁਰ ਕੀਤਾ ਚਿਤ ਉਦਾਸ,
ਜਿਵੇਂ ਰਾਮ ਚਲੇ ਬਨਬਾਸ, ਸੀਤਾ ਲਛਮਨ ਲੈ ਗਏ ਸਾਥ,
ਏਥੇ ਨਾਨੂੰ ਸਿੰਘ ਲੈ ਗਏ, ਪਿਛੇ ਵਾਂਗ ਭਰਥ ਭਾਈ ਰਹੇ
ਦੁਖ ਸੁਖ ਜਿਸ ਤੇ ਸੰਗਤ ਕਹੇ, ਮੈਂ ਬਲਿਹਾਰੀਆਂ।
ਬੈਠੇ ਖ਼ੌਫ਼ ਖਾਂਵਦੇ ਗੋਰੇ, ਪੈ ਗਏ ਨੰਦਨ ਦੇ ਵਿਚ ਝੋਰੇ,
ਸੂਬੇ ਫੜ ਦੇਸਾਂ ਮੇਂ ਤੋਰੇ, ਜਿਥੇ ਗੁਰ ਦੇ ਸੂਬੇ ਗਏ,
ਓਥੇ ਭਜਨ ਸਭੋ ਕੋਈ ਲਏ, ਗੁਰ ਦਾ ਕਹਿਣਾ ਕਿਉਂ ਕਰ ਰਹੇ,
ਸਭ ਦੇਸ ਉਧਾਰਣੇ।

ਸਤਿਗੁਰ ਬਾਝੋਂ ਚੈਨ ਨ ਕੋਈ, ਸੰਗਤ ਸਭ ਉਦਾਸੀ ਹੋਈ,
ਰਾਤੀਂ ਨੈਣੀਂ ਨੀਂਦ ਨ ਆਵੈ, ਤਾਰੇ ਗਿਣਦਿਆਂ ਰੈਣ ਬਿਹਾਵੈ,
ਮਾਨੋਂ ਪਾਣੀ ਅੰਨ ਨ ਭਾਵੈ, ਦਿਨ ਦਿਨ ਗ਼ਮ ਗੁਰਾਂ ਦਾ ਖਾਵੈ,
ਐਸਾ ਕੌਣ ਜੋ ਆਣ ਮਿਲਾਵੈ, ਮੈਂ ਕਰਾਂ ਸਿਰ ਵਾਰਨੇ।
ਚੰਦਾ ਸਿੰਘਾ ਗੁਰ ਗਏ ਪਰਦੇਸ, ਮਾਨੋਂ ਬ੍ਰਹਮ ਰਾਜ ਦੇ ਦੇਸ,
ਅੱਗੋਂ ਸਾਗਰ ਸਰਨੀ ਆਇਆ, ਉਸ ਜੋੜੇ ਹਥ ਤੇ ਸੀਸ ਨਿਵਾਇਆ,
ਧੰਨ ਭਾਗ ਮੈਂ ਦਰਸਨ ਪਾਇਆ, ਜੇਹੜੇ ਦੇਸ ਸਤਿਗੁਰ ਗਏ,
ਜਾਗ ਭਾਗ ਦੇਸ ਦੇ ਪਏ, ਸਾਧੂ ਜਸ ਗੁਰਾਂ ਦਾ ਗਹੇ,
ਸੰਗਤ ਬਖਸ਼ ਭੁਲ ਚੁਕ ਲਏ, ਉਧਰੇ ਲੋਕ ਬੈਕੁੰਠੇ ਗਏ
ਜਿਨ ਦਰਸ਼ਨ ਪਾਇਆ।

ਸਤਿਗੁਰ ਜਾ ਬੈਠੇ ਪਰਦੇਸ, ਸੰਗਤ ਰਹਿੰਦੀ ਮੈਲੇ ਵੇਸ,
ਮਨ ਵਿਚ ਚਿੰਤਾ ਕਰਨ ਹਮੇਸ਼, ਸਤਿਗੁਰ ਆਵੋ ਆਪਣੇ ਦੇਸ,
ਕਿਸੇ ਵਾਰ ਕਰੋ ਪਰਵੇਸ਼, ਅੰਦਰ ਭਾਂਵਦੇ।

ਜੇਹੜੇ ਸਿੰਘ ਗੁਰਾਂ ਦੇ ਪਿਆਰੇ, ਲੰਘ ਕੇ ਗਏ ਸਮੁੰਦਰ ਖਾਰੇ,
ਸਤਿਗੁਰ ਬੈਠੇ ਬਿਚ ਚਉਬਾਰੇ, ਫੇਰਨ ਮਾਲਾ ਤਪ ਨੂੰ ਧਾਰੇ, ਜਪਦੇ ਨਾਮ ਨੂੰ।
ਸਤਿਗੁਰ ਬਹੁਤੇ ਬਰਸ ਗੁਜ਼ਾਰੇ, ਸਾਨੂੰ ਦੇ ਕੇ ਘਲਦਾ ਲਾਰੇ,
ਅਸੀਂ ਔਗਣ ਕੀਤੇ ਭਾਰੇ, ਸਾਥੋਂ ਬਿਛੜੇ ਸਤਿਗੁਰ ਪਿਆਰੇ,
ਸੰਗਤ ਸਾਧ ਉਡੀਕਣ ਸਾਰੇ, ਜਿਉਂ ਅਜੁਧਿਆ ਰਾਮ ਨੂੰ।
ਗੁਰ ਦੀ ਜੁਗ ਜੁਗ ਜੋਤ ਸਵਾਈ, ਹੁਣ ਤਾ ਰੁਤ ਮਿਲਣੇ ਦੀ ਆਈ,
ਸੰਗਤ ਦਰਸ਼ਨ ਦੀ ਸਧਰਾਈ, ਭਰਥ ਵਾਂਗ ਉਡੀਕੇ ਭਾਈ,
ਦਰਸਨ ਦੇਹੋ ਰਘੁਪਤਿ ਰਾਈ, ਕਿਰਪਾ ਧਾਰ ਕੇ।
ਬੀਬੀ ਨੰਦਾ ਸਾਡੀ ਭੈਣ, ਪਿਤਾ ਬਿਨ ਰਤੀ ਨ ਆਵੈ ਚੈਨ,
ਹੋਇ ਵੈਰਾਗਣ ਭਰਦੀ ਨੈਣ, ਪੁਛਦੀ ਭਾਈ ਸਜਣ ਸੈਣ,
ਸਤਿਗੁਰ ਕਦੋਂ ਕੁ ਦਰਸਨ ਦੇਣ, ਮਿਲਾਂ ਗਲ ਧਾਇ ਕੇ।੨੭।



Sri Satguru Jagjit Singh Ji eLibrary NamdhariElibrary@gmail.com

ਦੋਹਰਾ—ਇਕ ਦਿਨ ਸ੍ਰੀ ਸਤਿਗੁਰੂ, ਬੈਠੇ ਵਿਚ ਧਿਆਨ।
ਕਲ ਮਾਤਾ ਹਥ ਬੰਨ੍ਹਕੇ, ਪਾਸ ਖਲੋਤੀ ਆਨ।੨੮।
ਫੌਜਾਂ ਮੇਰੀਆਂ ਭੁਖੀਆਂ ਮੰਗਦੀਆਂ ਪੈਨ੍ਹਣ ਖਾਣ,
ਕਲ ਮਾਤਾ ਨੂੰ ਫੁਰਮਾਇਆ ਤੂ ਵਿਚ ਪਠਾਣਾਂ ਜਾਹਿ।
ਨਾਰਦ ਡਉਰੂ ਵਜਾਇਗਾ, ਤੂੰ ਸੁਤੀ ਕਲਾ ਜਗਾਇ।੨੯।
ਸਤਿਗੁਰ ਬੋਲੇ ਮੁਖ ਥੀਂ ਬੈਣ, ਘਲੇ ਸ਼ਹੀਦ ਰੂਸ ਨੂੰ ਲੈਣ,
ਫੜ ਸਲੋਤ੍ਰ ਮਾਰਨ ਪੈਣ, ਲਿਖੇ ਹੁਕਮਨਾਮੇ ਹਥ ਦੇਣ, ਜੋ ਆਪ ਅਕਾਲ ਦੇ।
ਦੋਹਰਾ—ਹੁਕਮਨਾਮਾ ਹਥ ਦੇਇ ਕੇ, ਬਚਨ ਸੁਣਾਇਆ ਏਹ।
ਤੈਨੂੰ ਹੁਕਮ ਅਕਾਲ ਦਾ ਚੜ੍ਹ ਲਾਹੌਰ ਲੈ ਦੇਹ।੩੦।
ਚੌਪਈ—ਜਦੋਂ ਰੂਸ ਕਚਹਿਰੀ ਆਇਆ, ਪਾਸ ਸੱਦ ਵਜ਼ੀਰ ਬਹਾਇਆ,
ਰਾਤੀਂ ਨਜ਼ਰ ਖਾਲਸਾ ਆਇਆ, ਉਸਨੇ ਭਵਜਲ ਬੁਰਾ ਦਿਖਾਇਆ,
ਮੁਖ ਥੀਂ ਕਰੜਾ ਬਚਨ ਸੁਣਾਇਆ, ਚੜ੍ਹੋ ਲਾਹੌਰ ਤੇ।
ਵਜ਼ੀਰ ਨੇ ਸੁਣੀ ਹਕੀਕਤ ਸਾਰੀ, ਆਪਣੇ ਚਿਤ ਵਿਚ ਇਹ ਧਾਰੀ,
ਪੈਂਡੇ ਦੂਰ ਤੇ ਮੁਸ਼ਕਲ ਭਾਰੀ, ਕੀਤੀ ਫ਼ੌਜਾਂ ਦੀ ਤਿਆਰੀ,
ਵਜੇ ਧੌਂਸੇ ਸ਼ੁਤਰੀ ਕਾਲੀ, ਚੜ੍ਹੇ ਪੰਜਾਬ ਤੇ।
ਫ਼ੌਜਾਂ ਚੜ੍ਹ ਰੂਸ ਦੀਆਂ ਧਾਈਆਂ, ਫਿਰ ਗਈਆਂ ਲੰਦਨ ਵਿਚ ਦੁਹਾਈਆਂ,
ਓਧਰੋਂ ਗੋਰੇ ਕਰਦੇ ਧਾਈਆਂ, ਦਿਨੋਂ ਦਿਨ ਹੋਸਨ ਬਹੁਤ ਲੜਾਈਆਂ,
ਮਰਸਨ ਬੇਟੇ ਜਾਏ ਮਾਈਆਂ, ਬਹਿ ਬਹਿ ਰੋਵਨ ਧੀਆਂ ਪਰਾਈਆਂ
ਪੱਲੂ ਪਾਇ ਕੇ।
ਬਿਸ਼ਨ ਸਿੰਘ ਗੁਰੂ ਕਾ ਲਾਲ, ਫ਼ੌਜਾਂ ਰਹਿਣ ਸ਼ਹੀਦੀ ਨਾਲ,
ਕੀਤੇ ਸਤਿਗੁਰ ਨਾਲ ਕਰਾਰ, ਉਹ ਭੀ ਹੋਏ ਆਣ ਤਿਆਰ,
ਅਗੇ ਜੋ ਭਾਵੇ ਕਰਤਾਰ, ਹੁਕਮ ਅਕਾਲ ਦਾ।
ਪਠਾਣ ਨਿਤ ਉਠ ਕਰਦੇ ਸ਼ੋਰ, ਗੋਰੇ ਹਟ ਲੱਥੇ ਪਸ਼ੌਰ,
ਪਿਛੇ ਰਖ ਲਿਆ ਲਾਹੌਰ, ਦਿਲ ਵਿਚ ਕਰਨ ਸਲਾਹੀਂ ਹੋਰ,
ਭਾਣਾ ਕੋਈ ਨ ਸਕਦਾ ਮੋੜ, ਜੋ ਆਪ ਅਕਾਲ ਦਾ।
ਜਦ ਰੂਸ ਪੰਜਾਬੇ ਆਵੇ, ਪਵੇ ਕਾਲ ਮੁਲਖ ਰੁਲ ਜਾਵੇ,
ਦੁਨੀਆ ਮਰੇ ਅੰਨ ਕੇ ਹਾਵੇ, ਠੱਗ ਚੋਰ ਬਹੁ ਲੁਟ ਲੁਟ ਖਾਵੇ,
ਬਚੇ ਸੋ ਜੋ ਗੁਰ ਸਰਨੀ ਆਵੇ, ਇਕ ਮਨ ਹੋਇ ਕੇ ਨਾਮ ਧਿਆਵੇ,
ਉਸ ਅਕਾਲ ਦਾ।
ਸਤਿਗੁਰ ਫੇਰ ਪੰਜਾਬੇ ਆਵਨ, ਅਗਲੀਆਂ ਸਫਾਂ ਸਭਿ ਉਠਾਵਨ,
ਨਵੇਂ ਹੋਰ ਨਿਸ਼ਾਨ ਝੁਲਾਵਨ, ਜਗ ਵਿਚ ਸ੍ਰੀ ਅਕਾਲ ਜਪਾਵਨ,
ਅਸੁਰ ਸੰਘਾਰ ਕੇ।



Sri Satguru Jagjit Singh Ji eLibrary NamdhariElibrary@gmail.com

## ੫੭. ਬਾਰਾਂਮਾਹ ਨਾਰਾਇਣ ਸਿੰਘ

ਦੋਹਰਾ—ਚੇਤ੍ਰ ਚਿਖਾ ਸਮਾਨ ਹੈ, ਜਿਸ ਮੈਂ ਪੜਿਓ ਵਿਯੋਗ
ਰਾਧੇ ਹੱਡੀਂ ਧਸ ਗਿਆ, ਹਿਜਰ ਸ਼ਾਮ ਦਾ ਰੋਗ।

ਚੇਤ੍ਰ ਚਿੰਤਾਵਾਨ ਖਲੋਤੀ, ਸ੍ਰੀ ਕ੍ਰਿਸ਼ਣ ਛਪ ਗਏ ਨੀ
ਤਰੁਟੇ ਹਾਰ ਸ਼ਿੰਗਾਰ ਸਰੀਰੋਂ, ਪ੍ਰਿਥਵੀ ਤੇ ਝੜ ਪਏ ਨੀ
ਰੱਤੇ ਪਲੰਘ ਤੇ ਲਾਲ ਸਿਰ੍ਹਾਣੇ, ਬਿਨਾਂ ਸ਼ਾਮ ਭੱਠ ਪਏ ਨੀ
ਅਤਰ ਫੁਲੇਲ ਨਰਾਇਣ ਸਿੰਘਾ, ਭੀ ਰੋਂਦੀ ਛਡ ਗਏ ਨੀ।੧।

ਬੌਰੀ ਬੌਰੀ ਹੋਇ ਰਾਹਿ ਉਡੀਕਾਂ ਕਿਉਂ ਇਤਨਾ ਚਿਰ ਲਾਇਆ ਈ।ਰਹਾਉ।

ਚੜ੍ਹਿਆ ਵਿਸਾਖ ਵਿਸਾਖੀ ਹੋਈ, ਕੂੰਜ ਵਾਂਗਣ ਕੁਰਲਾਂਦੀ ਮੈਂ
ਜੇ ਘਰ ਹੋਂਦੇ ਕ੍ਰਿਸ਼ਨ ਦੇਵ, ਤਾਂ ਸਈਓ ਮੇਲੇ ਜਾਂਦੀ ਮੈਂ
ਅਤਰ ਫੁਲੇਲ ਤੇਲ ਲਾ ਸੁਗੰਧਾਂ, ਹਾਰ ਫੁਲਾਂ ਗਲ ਪਾਂਦੀ ਮੈਂ
ਹਾਰ ਸ਼ਿੰਗਾਰ ਨਰਾਇਣ ਸਿੰਘਾ, ਕਰਕੇ ਸ਼ਾਮ ਰਿਝਾਂਦੀ ਮੈਂ।੨।

ਚੜ੍ਹਿਆ ਜੇਠ ਜਲਾਵਣ ਧੁਪਾਂ, ਲੋਵਾਂ ਤੱਤੀਆਂ ਪੈਂਦੀਆਂ ਨੀ
ਕੋਮਲ ਨਰਮ ਸਰੀਰ ਸ਼ਾਮ ਦਾ, ਉਸ ਦੀਆਂ ਚਿੰਤਾ ਖੈਂਦੀਆਂ ਨੀ
ਵਿਛੜਿਆ ਸ਼ਾਮ ਜਦੋਕਾ ਮੈਥੋਂ, ਹੰਝੂ ਨਹਿਰੀਂ ਵਹਿੰਦੀਆਂ ਨੀ
ਸਭ ਸਖੀਆਂ ਵੇ ਨਾਰਾਇਣਸਿੰਘਾ, ਟੋਕਾਂ ਕਰ ਸ਼ਰਮੇਂਦੀਆਂ ਨੀ।੩।

ਹਾੜ ਹਾਉਕੇ ਭਰੇ ਰਾਧਕੇ, ਆ ਮਿਲ ਬ੍ਰਿਜ ਦੇ ਸਾਈਆਂ ਵੇ
ਉਹ ਵੇਲਾ ਮੈਨੂੰ ਹੱਥ ਨ ਆਵੇ, ਜਿਸ ਦਿਨ ਅੱਖੀਆਂ ਲਾਈਆਂ ਵੇ
ਮਾਰ ਕਟਾਰੀ ਘਾਇਲ ਕੀਤੀ, ਬਿਰਹੋਂ ਮਾਰ ਮੁਕਾਈਆਂ ਵੇ
ਲਗੀ ਭੜਕ ਨਰਾਇਣ ਸਿੰਘਾ, ਭਾਹੁ ਹਿਜਰ ਦੀਆਂ ਤਾਈਆਂ ਵੇ।੪।

ਸਾਵਣ ਬਾਦਲ ਮੀਂਹ ਬਰਸਾਵਣ, ਅੰਬ ਫੁਲੇ ਫਲ ਡਾਲੀ ਜੀ
ਬਾਗ ਬਗੀਚੇ ਤੇ ਗੁਲਜ਼ਾਰਾਂ, ਚੰਬਾ ਖਿੜੀ ਗੁਲਾਲੀ ਜੀ
ਭਰ ਪਈਆਂ ਇਹ ਬਾਗ ਬਹਾਰਾਂ, ਸ਼ਾਮ ਨ ਦਿਤੀ ਵਿਖਾਲੀ ਜੀ
ਸੁੰਵੇ ਦਿਸਨ ਨਰਾਇਣ ਸਿੰਘਾ, ਬਾਗ ਉਜੜੇ ਬਿਨ ਮਾਲੀ ਜੀ।੫।



Sri Satguru Jagjit Singh Ji eLibrary NamdhariElibrary@gmail.com

ਭਾਦ੍ਰੋਂ ਭਾਂਬੜ ਇਸ਼ਕ ਮਚਾਇਆ, ਜੋਗਣ ਰੂਪ ਬਣਾਨੀਆਂ ਮੈਂ
ਖੁਲ੍ਹੀਆਂ ਲਿਟਾਂ ਗਲ ਵਿਚ ਖਫਣੀ, ਕੰਨੀ ਮੁੰਦਰਾਂ ਪਾਨੀਆਂ ਮੈਂ
ਭਗਵੇ ਤਨ ਪਰ ਕਪੜੇ ਪਹਿਰੇ, ਅੰਗ ਬਿਭੂਤ ਲਗਾਨੀਆਂ ਮੈਂ
ਸ਼ਹਿਰ ਬ ਸ਼ਹਿਰ ਨਾਰਾਇਣ ਸਿੰਘਾ, ਸ਼ਾਮ ਨੂੰ ਢੂੰਡਣ ਜਾਨੀਆਂ ਮੈਂ।੬।

ਅੱਸੂ ਆਤਸ਼ ਸ਼ਾਮ ਬ੍ਰਿਹੋਂ ਦੀ, ਹੱਡਾਂ ਨੂੰ ਪਈ ਤਾਂਦੀਆਂ
ਹੱਡੀਆਂ ਮਾਸ ਕੁਠਾਲੀ ਪਾ ਕੇ, ਤੱਤੀ ਨੂੰ ਭੜਕਾਂਦੀਆਂ
ਤੜਫਾਂ ਰੋਵਾਂ ਤੇ ਕੁਰਲਾਵਾਂ, ਕੂਕ ਪੇਸ਼ ਨਹੀਂ ਜਾਂਦੀਆਂ
ਤਰਸ ਨਾਰਾਇਣ ਸਿੰਘਾ ਨ ਆਵੀ, ਕਰ ਜੀਕੁਣ ਮਨ ਭਾਂਦੀਆਂ।੭।

ਕਾਤਕ ਕਮਲੀ ਫਿਰਾਂ ਬਾਂਵਰੀ, ਸ਼ਾਮ ਵਿਛੋੜੇ ਮਾਰੀ ਨੀ
ਦੋਸ਼ ਕਿਸੇ ਨਹੀਂ ਦੋਸ਼ ਕਰੰਮਾਂ, ਰੋਗ ਲਗਾ ਤਨ ਭਾਰੀ ਨੀ
ਖਾਵਣ ਪੀਵਣ ਸੌਣ ਨ ਭਾਵੇ, ਪ੍ਰੇਮ ਕੀਤੀ ਦੁਖਿਆਰੀ ਨੀ
ਰੋਗਣ ਇਸ਼ਕ ਨਾਰਾਇਣ ਸਿੰਘਾ, ਵੈਦ ਨ ਕਰੇਂਦੇ ਕਾਰੀ ਨੀ।੮।

ਮੱਘਰ ਮਾਹੀ ਦੇਹੀ ਸਾੜੀ, ਆਤਸ਼ ਸ਼ਾਮ ਵਿਛੋੜੇ ਦੀ
ਦੁਖੀ ਰੋਂਦਿਆਂ ਉਮਰ ਬੀਤਣੀ, ਲਿਖੀ ਕਿਸਮਤ ਤੋੜੇ ਦੀ
ਵਿਛੜਿਆ ਸ਼ਾਮ ਕਦਣ ਘਰ ਆਵੇ, ਫਾਲ ਪਵੇਨੀਆ ਡੋਰੇ ਦੀ
ਬਿਰਹੋਂ ਫੱਟੀ ਨਾਰਾਇਣ ਸਿੰਘਾ, ਨੰਦ ਮਹਰ ਦੇ ਛੋਹਰੇ ਦੀ।੯।

ਪੋਹ ਮਹੀਨੇ ਪਾਲੇ ਪਉਂਦੇ, ਬਰਫਾਂ ਪਾਉਨ ਕਹਿਰ ਦੀਆਂ ਨੀ
ਲੇਫ ਨਿਹਾਲੀਆਂ ਕੌਂਤਾਂ ਵਾਲੀਆਂ, ਸਬਜ਼ ਸਿਰ੍ਹਾਣੇ ਭਰਦੀਆਂ ਨੀ
ਤੁਧ ਬਿਨ ਰੋਗ ਰਜਾਈਆਂ ਓਢਣ, ਭੂਈਆਂ ਹੱਡੀਆਂ ਠਰਦੀਆਂ ਨੀ
ਮੋਹਰਾ ਤਾਮ ਨਾਰਾਇਣ ਸਿੰਘਾ, ਚੁਲੀਆਂ ਪੀਆਂ ਜ਼ਹਿਰ ਦੀਆਂ ਨੀ।੧੦

ਮਾਘ ਮਹੀਨੇ ਮਾਲੂਮ ਨਾਹੀ, ਸ਼ਾਮ ਕਦਣ ਘਰ ਆਵੇਗਾ
ਚਿਰੀ ਵਿਛੁੰਨੀ ਹੈਂਝੂ ਰੁੰਨੀ, ਕਮਲੀ ਨੂੰ ਗਲ ਲਾਵੇਗਾ
ਜਾ ਕੇ ਕੋਈ ਮੇਰਾ ਹਾਲ ਸੁਣਾਵੇ, ਕਿਹੜਾ ਕਾਸਦ ਜਾਵੇਗਾ
ਨਹੀਂ ਤਾਂ ਕਾਲ ਨਾਰਾਇਣ ਸਿੰਘਾ, ਸਿਰ ਮੇਰੇ ਨੂੰ ਖਾਵੇਗਾ।੧੧।

ਫੱਗਣ ਫੁਰੇ ਖੱਬੀ ਅੱਖ ਮੇਰੀ, ਬੈਠੀ ਸ਼ਗਨ ਮਨਾਨੀਆਂ ਮੈਂ
ਸਖੀਓ ਆਜ ਉਡੀਕ ਸ਼ਾਮ ਦੀ, ਪਲ ਪਲ ਔਂਸੀਆਂ ਪਾਨੀਆਂ ਮੈਂ
ਜੜਤੂ ਪਲੰਘ ਸਫੈਦ ਵਿਛਾਈਆਂ, ਖਾਤਰ ਸ਼ਾਮ ਵਿਛਾਨੀਆਂ ਮੈਂ
ਆਏ ਕ੍ਰਿਸ਼ਨ ਨਾਰਾਇਣ ਸਿੰਘਾ, ਸਦਕੇ ਸਦਕੇ ਜਾਨੀਆਂ ਮੈਂ।੧੨



Sri Satguru Jagjit Singh Ji eLibrary NamdhariElibrary@gmail.com

## ੫੮. ਬਾਰਾਂਮਾਹ ਹਿਦਾਇਤੁੱਲਾ

ਚੇਤਰ ਚਾਹ ਵਿਸਾਖ ਨੂੰ ਵਸਲ ਲੋੜਾਂ, ਚੜ੍ਹਿਆ ਜੇਠ ਜਾਨੀ ਮੇਰਾ ਪਾਰ ਗਿਆ
ਹਾੜ ਹਾੜੇ ਘੱਤਾਂ ਸਾਵਨ ਸਵਾਂ ਨਾਹੀ, ਭਾਦਉਂ ਭਉ ਲਗਾਇਕੇ ਯਾਰ ਗਿਆ
ਅਸੂ ਵਗਣ ਆਂਸੂ ਕੱਤਕ ਕੌਣ ਕੱਤੇ, ਮੱਘਰ ਮੁਕ ਰਹੀਆਂ ਸੋਹਣਾ ਮਾਰ ਗਿਆ
ਪੋਹ ਪਵਾਂ ਕੀਕਰ ਮਾਘ ਮਾਹੀ ਬਾਝੋਂ, ਫੱਗਣ ਫੂਕ ਹਦਾਇਤ ਨੂੰ ਸਾੜ ਗਿਆ ।
ਚੜ੍ਹਿਆ ਚੇਤ ਨਹੀਂ ਘਰ ਜਾਨੀ, ਰੋ ਰੋ ਧਾਹੀਂ ਮਾਰਾਂ ਮੈਂ
ਫੁਲਿਆ ਬਾਗ ਪਕੇ ਸਭ ਮੇਵੇ, ਕਿਸਦੀ ਨਜ਼ਰ ਗੁਜ਼ਾਰਾਂ ਮੈਂ
ਝੁਕਸਨ ਡਾਲੀ ਘਰ ਨਹੀਂ ਮਾਲੀ, ਪੀਆ ਬਾਝ ਬੇਕਾਰਾਂ ਮੈਂ
ਜਾ ਘਰ ਯਾਰ ਹਿਦਾਇਤ ਆਵੇ, ਤਾਂ ਦੇਖਾਂ ਗੁਲਜ਼ਾਰਾਂ ਮੈਂ ।੧।

ਚੜੇ ਬਿਸਾਖ ਵਿਸਾਖੀ ਕਰਕੇ, ਘਰੀਂ ਸੁਦਾਗਰ ਆਏ ਨੀ
ਨਾਹੀਂ ਖਬਰ ਅਸਾਡੇ ਜਾਨੀ, ਕਿਉਂ ਇਤਨੇ ਦਿਨ ਲਾਏ ਨੀ
ਖੁਲ੍ਹੇ ਕੇਸ ਗਲੇ ਵਿਚ ਮੇਰੇ, ਸਈਆਂ ਸੀਸ ਗੁੰਦਾਏ ਨੀ
ਕੌਣ ਹਿਦਾਇਤ ਖਬਰ ਲਿਆਵੇ, ਕੇਹੜਾ ਕਾਸਦ ਜਾਏ ਨੀ ।੨।

ਚੜ੍ਹਿਆ ਜੇਠ ਵਗਣ ਹੁਣ ਲੋਆਂ, ਗਰਮੀ ਧੁੰਮ ਧੁੰਮਾਈ ਏ
ਜ਼ਾਲਮ ਬਿਰਹੋਂ ਫੂਕ ਅਲੰਬਾ, ਆਤਸ਼ ਤੇਜ਼ ਮਚਾਈ ਏ
ਏਸ ਵਿਛੋੜੇ ਵਾਂਗ ਸ਼ਮ੍ਹਾ ਦੇ, ਮੇਰੀ ਜਾਨ ਜਲਾਈ ਏ
ਅਜੇ ਹਦਾਇਤ ਯਾਰ ਨ ਆਇਆ, ਜਾਨ ਮੇਰੀ ਘਬਰਾਈ ਏ ।੩।

ਚੜ੍ਹਿਆ ਹਾੜ ਘੱਤਾਂ ਮੈਂ ਹਾੜੇ, ਪੀਆ ਬਾਝ ਇਕੱਲੀ ਜੇ
ਮੁਦਤ ਹੋਈ ਪੰਧ ਉਡੀਕਾਂ, ਸੋਹਣੇ ਖਬਰ ਨ ਘੱਲੀ ਜੇ
ਵਾਂਙ ਜ਼ੁਲੈਖਾਂ ਯੂਸਫ ਪਿਛੇ, ਮੈਂ ਵੀ ਹੋਈ ਝੱਲੀ ਜੇ
ਲਗੋ ਇਸ਼ਕ ਹਦਾਇਤ ਉਸ ਨੂੰ, ਕਿਸਮਤ ਜਿੰਦੀ ਅਵੱਲੀ ਜੇ ।੪।

ਚੜ੍ਹਿਆ ਸਾਵਣ ਮੀਂਹ ਬਰਸਾਵਣ, ਸਈਆਂ ਪੀਘਾਂ ਪਾਈਆਂ ਨੇ
ਕਾਲੀਆਂ ਘਟਾਂ ਮੇਰੇ ਸਿਰ ਉਤੇ, ਜ਼ਾਲਮ ਇਸ਼ਕ ਚੜ੍ਹਾਈਆਂ ਨੇ
ਬਿਜਲੀ ਕੜਕੇ ਬਿਰਹੋਂ ਵਾਲੀ, ਨੈਣਾਂ ਝੜੀਆਂ ਲਾਈਆਂ ਨੇ
ਸੌਖਾ ਇਸ਼ਕ ਹਿਦਾਇਤ ਦਿਸੇ, ਇਸ ਵਿਚ ਸਖ਼ਤ ਬਲਾਈਆਂ ਨੇ ।੫।



Sri Satguru Jagjit Singh Ji eLibrary NamdhariElibrary@gmail.com

ਭਾਦੋਂ ਭਾ ਹਿਜਰ ਨੇ ਫੂਕੀ, ਖ਼ੂਨ ਬਦਨ ਦਾ ਸੜਿਆ ਜੇ
ਦੱਸ ਪੀਆ ਦੀ ਪੈਂਦੀ ਨਾਹੀ, ਛੀਵਾਂ ਮਹੀਨਾ ਚੜ੍ਹਿਆ ਜੇ
ਮੈਂ ਬਦਕਿਸਮਤ ਰੋਂਦੀ ਫਿਰਦੀ, ਨਾਗ ਇਸ਼ਕ ਦਾ ਲੜਿਆ ਜੇ
ਕੇਹੜੇ ਦੇਸ ਹਿਦਾਇਤ ਜਾਨੀ, ਕਿਸਮਤ ਮੇਰੀ ਖੜਿਆ ਜੇ ।੬।

ਅਸੂ ਆਣ ਸਤਾਇਆ ਮੈਨੂੰ, ਤਰਫ ਜੰਗਲ ਉਠ ਵਹਿਨੀ ਹਾਂ
ਕਰ ਕਰ ਯਾਦ ਪੀਆ ਨੂੰ ਰੋਵਾਂ, ਕੱਲੀ ਹੋ ਹੋ ਬਹਿਨੀ ਹਾਂ
ਜ਼ਾਲਮ ਬਿਰਹੋਂ ਪੈਣ ਨ ਦੇਂਦਾ, ਜੇ ਮੈਂ ਲੰਮੀ ਪੈਨੀ ਹਾਂ
ਜਾਨੀ ਬਾਝ ਹਿਦਾਇਤ ਰਾਤੀਂ, ਤਾਰੇ ਗਿਣਦੀ ਰਹਿਨੀ ਹਾਂ ।੭।

ਚੜ੍ਹਿਆ ਕੱਤਕ ਕੌਂਤ ਨ ਆਇਆ, ਹੁਣ ਮੈਂ ਢੂੰਡਣ ਜਾਵਾਂਗੀ
ਦੇਸ ਬਿਦੇਸ ਫਿਰਾਂਗੀ ਭੌਂਦੀ, ਜੋਗੀ ਭੇਸ ਬਣਾਵਾਂਗੀ
ਗੇਰੀ ਨਾਲ ਰੰਗਾਂਗੀ ਕਪੜੇ, ਕੰਨੀਂ ਮੁੰਦਰਾਂ ਪਾਵਾਂਗੀ
ਸੱਸੀ ਵਾਂਙ ਹਿਦਾਇਤ ਮੈਂ ਭੀ, ਪਲ ਵਿਚ ਜਾਨ ਗਵਾਵਾਂਗੀ ।੮।

ਮੱਘਰ ਮਾਰ ਮੁਕਾਇਆ ਮੈਨੂੰ, ਦੱਤ ਵਿਛੋੜੇ ਗਾਲੇ ਨੀ
ਸਾਡੇ ਵਲੋਂ ਕਿਉਂ ਚਿਤ ਚਾਇਆ, ਉਸ ਪੀਆ ਮਤਵਾਲੇ ਨੀ
ਅਗੇ ਰਾਤ ਹਿਜਰ ਦੀ ਲੰਮੀ, ਉਤੇ ਪੈ ਗਏ ਪਾਲੇ ਨੀ
ਜਾਨੀ ਕੋਲ ਹਿਦਾਇਤ ਨਾਹੀ, ਲਾਵਾਂ ਅੱਗ ਸਿਆਲੇ ਨੀ ।੯।

ਚੜ੍ਹਿਆ ਪੋਹ ਪਈਆਂ ਨੇ ਬਰਫਾਂ, ਕੋਈ ਖਬਰ ਨ ਵਾਲੀ ਨੂੰ
ਮੁੜਕੇ ਬਾਤ ਨ ਪੁਛੀ ਮੇਰੀ, ਛਡ ਗਿਆ ਬੇਹਾਲੀ ਨੂੰ
ਭਾਂਬੜ ਬਲਨ ਜਦੋਂ ਮੈਂ ਦੇਖਾਂ, ਉਸਦੇ ਪਲੰਘ ਨਿਹਾਲੀ ਨੂੰ
ਲਾ ਗਲ ਨਾਲ ਹਿਦਾਇਤ ਰੋਵਾਂ, ਲੇਫ ਸਿਰ੍ਹਾਣੇ ਖਾਲੀ ਨੂੰ ।੧੦।

ਮਾਘ ਮਹੀਨੇ ਮਾਹੀ ਬਾਝੋਂ, ਜੋ ਸੰਗ ਮੇਰੇ ਬੀਤੀ ਜੇ
ਸ਼ਾਲਾ ! ਦੁਸ਼ਮਨ ਨਾਲ ਨ ਹੋਵੇ, ਜਿਹੀ ਵਿਛੋੜੇ ਕੀਤੀ ਜੇ
ਜਾਨ ਤੱਤੀ ਦੀ ਵਾਂਙੂ ਕੋਹਲੂ, ਪੀੜ ਇਸ਼ਕ ਨੇ ਲੀਤੀ ਜੇ
ਜਾਣੇ ਉਹ ਇਹ ਗੱਲ ਹਿਦਾਯਤ, ਜ਼ਹਿਰ ਇਸ਼ਕ ਜਿਨ ਪੀਤੀ ਜੇ ।੧੧।

ਚੜ੍ਹਿਆ ਫਗਣ ਗਿਣਦੀ ਲਗਨ, ਉਮਰ ਰਹੀ ਦਿਨ ਥੋੜੇ ਜੀ
ਨਾਲ ਪੀਆ ਦੇ ਖੇਡਾਂ ਹੋਲੀ, ਇਹ ਦਿਲ ਮੇਰਾ ਲੋੜੇ ਜੀ
ਸਜਣ ਆਇਆ ਸੀਸ ਗੁੰਦਾਇਆ, ਪਹਿਨੇ ਜ਼ੇਵਰ ਜੋੜੇ ਜੀ
ਦਿਲਬਰ ਸੇਜ ਹਿਦਾਇਤ ਮਾਣੀ, ਭੁਲੇ ਸਭ ਵਿਛੋੜੇ ਜੀ ।੧੨।

---



Sri Satguru Jagjit Singh Ji eLibrary NamdhariElibrary@gmail.com

## ੫੯. ਬਾਰਾਂਮਾਹ ਜਵਾਹਰ ਯਾਰ

ਚੇਤ ਚਾਨਣੀ ਸੀਸ ਗੁੰਦਾਵੇ, ਬਸਤ੍ਰ ਪਹਿਨ ਇਰਾਨੀ ਸੂਹੇ ਸ਼ਾਹਾਨੀ
ਸੁੰਦਰ ਬਦਨ ਸਰੀਰ ਦੇਹੀ ਦਾ, ਮਾਰ ਕਰ ਗਿਆ ਫ਼ਾਨੀ ਲਾ ਗਿਆ ਕਾਨੀ
ਉਂਗਲੀਆਂ ਮੈਂ ਪੁਰ ਪੁਰ ਛੱਲੇ, ਦੇ ਗਿਆ ਯਾਰ ਮਦਾਨੀ ਖ਼ੂਬ ਨਿਸ਼ਾਨੀ
ਜਵਾਹਰ ਯਾਰ ਮੁਖ ਤੁਮ ਸੈ ਬੋਲੇ, ਹੋ ਕੇ ਰਹਾਂ ਇਸ੍ਰਾਨੀ ਸੱਚ ਕਰ ਜਾਨੀ ।੧।

ਚੜ੍ਹੇ ਵਿਸਾਖ ਬੁਰੀ ਸਭ ਕਹਿੰਦੇ, ਕੱਠੇ ਹੋਵਣ ਸਾਰੀ ਪੁਰਖ ਤੇ ਨਾਰੀ
ਮਾਰ ਕੋਰੜੇ ਕਾੜ ਕਾੜ ਮੇਰੀ, ਦੇਹੀ ਕੰਬ ਗਈ ਸਾਰੀ ਜੋਬਨ ਹਾਰੀ
ਦਿਨੇ ਰਾਤ ਮੈਂ ਪਈ ਤੜਫਦੀ ਜਲ ਵਿਚ ਮਛਲੀ ਮਾਰੀ ਕਰਕੇ ਨਿਆਰੀ
ਜਵਾਹਰ ਮੁਖ ਸੇ ਤੁਮ ਬੋਲੋ, ਅਰਜ਼ ਕਰੇ ਮ੍ਰਿਗ ਨਾਰੀ ਖੜੀ ਪਿਆਰੀ ।੨।

ਜੇਠ ਜੁਆਨੀ ਚੜ੍ਹੀ ਯਾਰ ਪੁਰ, ਜਾਨ ਪਈ ਬਰਰਾਵੇ ਪੇਸ਼ ਨ ਜਾਵੇ
ਤਨ ਮਨ ਦੇ ਵਿਚ ਬ੍ਰਿਹੁ ਚਮਕਦਾ,ਜਲਦੀ ਅੱਗ ਸਤਾਵੇ,ਮੈਂ ਲੈਂਦੀ ਹਾਵੇ
ਇਕ ਪਲ ਚੈਨ ਲੈਣ ਨਹੀਂ ਮੈਨੂੰ,ਭੁਲਕੇ ਨੀਂਦ ਨ ਆਵੇ ਉਮਰ ਵਿਹਾਵੇ
ਜਵਾਹਰ ਯਾਰ ਨਾਲ ਇਕ ਤੇਰੇ, ਬਸ ਮੇਰੀ ਬਣ ਆਵੇ ਜੇ ਗਲ ਲਾਵੇ ।੩।

ਹਾੜ ਹੈਰਾਨ ਹੋਈ ਬਿਨ ਪਿਆਰੇ, ਬਲ ਬਲ ਪੈਂਦੀਆਂ ਆਹੀਂ ਮਾਰਾਂ ਧਾਹੀਂ
ਸੱਸੀ ਬਣਕੇ ਪਈ ਢੂੰਡੇਦੀ, ਪੁੰਨੂੰ ਬਣ ਕੇ ਆਈਂ, ਸਿਰ ਦਾ ਸਾਈਂ
ਨੈਣ ਜੋੜ ਜਿਗਰ ਵਿਚ ਮਾਰੇ, ਇਹ ਦੁਖ ਸਹਿਆ ਨ ਜਾਈ ਕੂਕ ਸੁਣਾਈ
ਜਵਾਹਰ ਯਾਰ ਇਕ ਅਰਜ਼ ਬੰਦੀ ਦੀ, ਰੈਣ ਕੱਟ ਕੇ ਜਾਈਂ ਆ ਗਲ ਲਾਈ ।੪।

ਸਾਵਣ ਸ਼ੌਂਕ ਆਇਆ ਦਿਲ ਅੰਦਰ, ਹਾਰ ਸ਼ਿੰਗਾਰ ਲਗਾਏ ਸੀਸ ਗੁੰਦਾਏ
ਸੂਹੇ ਸੋਸਨੀ ਪਹਿਨ ਕਾਸ਼ਨੀ, ਨੈਣੀਂ ਸੁਰਮਾ ਪਾਏ ਯਾਰ ਰਿਝਾਏ
ਬਿੰਦੀ ਬੇਸਰ ਸਣੇ ਬੁਲਾਕੀ, ਮੋਤੀ ਨੱਥ ਵਿਚ ਪਾਏ ਲਟਕਣ ਛਾਏ
ਜਵਾਹਰ ਯਾਰ ਪਾਲੀ ਸੁਨਿਆਰੀ, ਸਹੀਆਂ ਖੇਲਣ ਜਾਏ ਸਰਨ ਪਕਾਏ ।੫।

ਭਾਦੋਂ ਭੌਰ ਫੁਲ ਪਰ ਲਪਟੇ, ਪੌਣ ਪੁਰੇ ਦੀ ਚਲਦੀ ਡਾਲੀ ਹਲਦੀ
ਸੱਸ ਨਿਣਾਨਾਂ ਮਾਰਨ ਤਾਨ੍ਹੇਂ, ਜ਼ੁਲਫ ਇਸ਼ਕ ਦੀ ਪਲਦੀ ਮਾਰ ਉਥਲਦੀ
ਆਦਮ ਰੂਪ ਜ਼ਨਾਨੀ ਸੂਰਤ, ਖਬਰ ਰਖੇ ਪਲ ਪਲ ਦੀ ਜ਼ਰਾ ਨ ਘੱਲਦੀ
ਜਵਾਹਰ ਯਾਰ ਕਿਉਂ ਨਾਲ ਅਸਾਡੇ, ਐਵੇਂ ਚਾਲਾਂ ਚਲਦੀ ਜ਼ਰਾ ਨ ਟਲਦੀ ।੬।



Sri Satguru Jagjit Singh Ji eLibrary NamdhariElibrary@gmail.com

ਅੱਸੂ ਆਸ ਕਰਾਂ ਦਿਲ ਅੰਦਰ, ਖ਼ੂਬ ਨਿਰਾਤੇ ਆਏ ਘਨੀਅਰ ਛਾਏ
ਬਾਗੀਂ ਬੋਲਨ ਮੋਰ ਕੋਕਲਾਂ, ਸੁਰਖ ਪਿੰਜਰੇ ਪਾਏ ਰੰਗ ਬਦਲਾਏ
ਕੱਚੀ ਨਾਰ ਕੁਵੇਲੇ ਫਸਗੀ, ਪਹਰੇ ਤੁਰਤ ਬਿਠਾਏ ਕਰ ਵਿਚ ਆਏ
ਜਵਾਹਰ ਯਾਰ ਇਕ ਮੌਤ ਮ੍ਰਿਗ ਦੀ, ਸੁੱਤੇ ਸ਼ੇਰ ਜਗਾਏ, ਕਿਨ ਸਮਝਾਏ ।੭।

ਕੱਤਕ ਕਾਨੀ ਲਗੀ ਕਾਲਜੇ, ਜਾਨ ਯਾਰ ਨੇ ਫਾਂਸੀ ਪਾ ਗਲ ਰੱਸੀ
ਪੁਰਜ਼ਾ ਪੁਰਜ਼ਾ ਤਨ ਸਭ ਹੋਇਆ, ਜਿਉਂ ਬੇਲਵੇ ਪੰਛੀ ਤੜਫਦੇ ਪੱਛੀ
ਕੱਲੀ ਕੂੰਜ ਵਿਛੋੜੀ ਡਾਰੋਂ, ਆਣ ਕੁਵੇਲੇ ਫਸੀ ਗਈ ਗ੍ਰਸੀ
ਜਵਾਹਰ ਯਾਰ ਮੈਂ ਢੂੰਡਾਂ ਤੈਨੂੰ, ਜਿਉਂ ਪੁੰਨੂੰ ਨੂੰ ਸੱਸੀ ਜਿੰਦ ਤਰੱਸੀ ।੮।

ਮੱਘਰ ਮਾਰੀ ਇਸ਼ਕ ਤੇਰੇ ਦੀ, ਪੈਰ ਨ ਸੇਜੇ ਪਾਵੇ ਪਾਲਾ ਖਾਵੇ
ਰਾਤ ਦਿਨੇ ਉਹ ਪਈ ਤੜਫਦੀ, ਗੋਡੇ ਹਿਕ ਨਾਲ ਲਾਵੇ ਨੀਂਦ ਨ ਆਵੇ
ਇਕ ਪਲ ਚੈਨ ਆਰਾਮ ਨ ਆਵੇ, ਨੀਂਦ ਨ ਨੈਣੀ ਆਵੇ ਰਾਤ ਵਿਹਾਵੇ
ਜਵਾਹਰ ਯਾਰ ਪਾਲੀ ਸੁਨਿਆਰੀ, ਤੇਰਾ ਇਸ਼ਕ ਕਮਾਵੇ ਗੱਾਨਾ ਹੱਥ ਪਾਵੇ ।੯।

ਪੋਹ ਪਿਆਰਾ ਨਜ਼ਰ ਨ ਆਵੇ, ਉਸ ਬਿਨ ਮੰਦਰ ਖਾਲੀ ਸੁੰਨੀ ਪਾਲੀ
ਸੁਰਖ ਚੂਨੜੀ ਪਈ ਚਮਕਦੀ, ਭੂਮ ਚਕ੍ਰ ਜਿਉਂ ਥਾਲੀ ਬੇਲੇ ਲਾਲੀ
ਰਾਤ ਅਨ੍ਹੇਰੀ ਖਰੀ ਡਰੌਣੀ, ਦਮਕੇ ਦਾਮਨੀ ਕਾਲੀ ਆਸ਼ਕ ਵਾਲੀ
ਜਵਾਹਰ ਯਾਰ ਇਕ ਤੇਰੇ ਬਾਝੋਂ, ਹੈ ਕੁਮਲਾ ਗਈ ਡਾਲੀ ਖਬਰ ਨ ਆਲੀ ।੧੦।

ਮਾਘ ਲਾਂਘ ਦਿਲ ਅੰਦਰ ਮੇਰੇ, ਸੁਫਨੇ ਪਾਇਆ ਘੇਰਾ, ਬਖਤ ਸਵੇਰਾ
ਵਡੀ ਫਜ਼ਰ ਤੇ ਕਊਆ ਬੋਲੇ, ਆਸ਼ਕ ਆ ਗਿਆ ਮੇਰਾ ਬੰਨ੍ਹ ਕੇ ਡੇਰਾ
ਚੜ੍ਹ ਕੋਠੇ ਤੇ ਵੇਖਣ ਲੱਗੀ, ਭਾਗ ਭਰਾ ਦਿਨ ਮੇਰਾ ਰੋਸ਼ਨ ਚੇਹਰਾ
ਜਵਾਹਰ ਯਾਰ ਮੈਂ ਦਿਆਂ ਸ਼ਰੀਨੀਂ, ਬਸੇ ਸੜੋਆ ਖੇੜਾ ਜਿਥੇ ਹੈ ਝੇੜਾ ।੧੧।

ਫੱਗਣ ਫੇਰ ਨ ਮੁੜਕੇ ਔਣਾ, ਇਸ ਦੁਨੀਆਂ ਤੇ ਆਇਆ ਧਰਮ ਕਮਾਇਆ
ਜਦ ਸੀ ਮੇਰੀ ਉਮਰ ਕੁਆਰੀ, ਤਦ ਮੈਂ ਨੇਹੁ ਲਗਾਇਆ ਯਾਰ ਬਣਾਇਆ
ਭੈਣ ਭਾਣਜੀ ਮਾਮਾ ਬਾਪੂ, ਜਾਣੇ ਚਾਚਾ ਤਾਇਆ ਜਿਸ ਲੜ ਲਾਇਆ
ਜਵਾਹਰ ਯਾਰ ਪਾਲੀ ਸੁਨਿਆਰੀ, ਜੁਦਾ ਬੰਗਲਾ ਪਾਇਆ ਯਾਰ ਸਵਾਇਆ।੧੨।





Sri Satguru Jagjit Singh Ji eLibrary NamdhariElibrary@gmail.com

## ੬੦. ਬਾਰਾਂਮਾਹ ਪਾਲ ਸਿੰਘ ਆਰਫ਼

ਚੇਤਰ ਚੈਨ ਨਾ ਇਕ ਪਲ ਉਸ ਨੂੰ, ਜਿਸ ਨੂੰ ਇਸ਼ਕ ਸਤਾਵੇ ਖ਼ੂਨ ਸੁਕਾਵੇ
ਬਾਝੋਂ ਯਾਰ ਦਿਸੇ ਜਗ ਖਾਲੀ, ਘਰ ਦਰ ਮੂਲ ਨ ਭਾਵੇ ਤਖਤ ਛੁਡਾਵੇ
ਮੇਹੀਂਵਾਲ ਸੋਹਣੀ ਦੀ ਖਾਤਰ, ਸਭ ਜਰ ਚਾਇ ਲੁਟਾਵੇ ਭੀਖ ਮੰਗਾਵੇ
ਬਿਨਾ ਦੀਦਾਰ ਯਾਰ ਦੇ ਇਕ ਪਲ, ਦਿਲ ਨੂੰ ਸਬਰ ਨ ਆਵੇ ਲੈਂਦਾ ਹਾਵੇ
ਜਿਸ ਨੂੰ ਤੀਰ ਲਗੇ ਇਸ਼ਕੇ ਦਾ, ਜੀਤਾ ਹੀ ਮਰ ਜਾਵੇ ਮੌਤ ਨਾ ਪਾਵੇ
ਪਾਲ ਸਿੰਘ ਤਬ ਛੱਡੇ ਖ਼ੂੰਨੀ, ਜਬ ਜਿੰਦ ਮਾਰ ਗੁਆਵੇ ਖ਼ਾਕ ਰਲਾਵੇ ।੧।

ਵੈਸਾਖ ਵੇਖ ਲੈ ਚਾਲ ਇਸ਼ਕ ਦੀ, ਜਿਸ ਦੇ ਦਿਲ ਵਿਚ ਵੜਦਾ ਓਹੀ ਸੜਦਾ
ਫੜ ਤਲਵਾਰ ਯਾਰ ਵਲ ਜਾਵੇ, ਮਰਨੋਂ ਮੂਲ ਨਾ ਡਰਦਾ ਵੀਣੀ ਫੜਦਾ
ਹੋ ਮਨਸੂਰ ਦੂਰ ਡਰ ਕਰਕੇ, ਅਨਲਹੱਕ ਉਚਰਦਾ ਸੂਲੀ ਚੜ੍ਹਦਾ
ਜਿੱਥੇ ਪੰਖ ਪੰਖ ਨਹੀਂ ਮਾਰੇ, ਪੈਰ ਉਥਾਹੀਂ ਧਰਦਾ ਬੇਸ਼ਕ ਮਰਦਾ
ਜੈਸੇ ਸ਼ਮ੍ਹਾ ਉਤੇ ਪਰਵਾਨਾ, ਤਿਉਂ ਦਿਲਬਰ ਪਰ ਜਰਦਾ ਖੌਫ ਨਾ ਕਰਦਾ
ਪਾਲ ਸਿੰਘ ਕੀ ਖੌਫ਼ ਤਿਨ੍ਹਾਂ ਨੂੰ, ਪ੍ਰੇਮ ਜਿਨ੍ਹਾਂ ਨੂੰ ਹਰਦਾ ਤੇਹੀ ਸਵਰਦਾ ।੨।

ਜੇਠ ਜਿਗਰ ਨੂੰ ਚੀਰੇ ਹਰਦਮ, ਐਸੀ ਬ੍ਰਿਹੋਂ ਕਟਾਰੀ ਇਸ਼ਕੇ ਵਾਰੀ
ਕਾਰਨ ਯਾਰ ਸਭੀ ਜਗ ਦੁਸ਼ਮਨ, ਹੋਵੇ ਮਾਰੋ ਮਾਰੀ ਤਰਫਾ ਚਾਰੀ
ਕਾਫਰ ਕਾਫਰ ਕਹੇ ਹਮੇਸ਼ਾ, ਸਾਨੂੰ ਖਲਕਤ ਸਾਰੀ ਜੋ ਨਰ ਨਾਰੀ
ਨਾ ਹਮ ਮੋਮਨ ਨਾ ਹਮ ਕਾਫਰ, ਮੇਰਾ ਮਜ਼੍ਹਬ ਗ਼ੁਫਾਰੀ ਤੇ ਨਿਰੰਕਾਰੀ
ਪਹਲ਼ੇ ਸੀਸ ਤਲੀ ਪਰ ਧਰਕੇ, ਪੀਛੇ ਲਾਵੇ ਯਾਰੀ ਨਾਲ ਪਿਆਰੀ
ਪਾਲ ਸਿੰਘ ਤੂੰ ਦੇਖ ਜ਼ਿਕਰੀਆ, ਚੀਰ ਦੀਆ ਧਰ ਆਰੀ ਨਾਲ ਖੁਆਰੀ ।੩।

ਹਾੜ ਹਮੇਸ਼ਾਂ ਹਰਿ ਹਰਿ ਕਰਕੇ, ਆਪੇ ਹਰਿ ਹੋ ਜਾਵੇ ਆਪ ਗੁਵਾਵੇ
ਜੈਸੇ ਬੀਜ ਆਪ ਫੁਟ ਪਹਿਲੇ, ਪੀਛੇ ਬ੍ਰਿਛ ਬਨਾਵੇ ਖ਼ੂਬ ਸੁਹਾਵੇ
ਕਤਰਾ ਆਪ ਸਮੁੰਦਰ ਹੋਵੇ, ਜਾ ਵਿਚ ਸਿੰਧ ਸਮਾਵੇ ਦ੍ਵੈਤ ਮਿਟਾਵੇ
ਜਾ ਮੁਖ ਦੇਖੇ ਦਿਲਬਰ ਵਾਲਾ, ਜੋ ਸਿਰ ਤਲੀ ਟਿਕਾਵੇ ਖੌਫ ਨਾ ਖਾਵੇ
ਯਾਰੋ ਯਾਰ ਕਹੇ ਹਰ ਵੇਲੇ, ਦੂਈ ਦੂਰ ਹਟਾਵੇ 'ਮੈਂ ਹਕ' ਗਾਵੇ
ਪਾਲ ਸਿੰਘ ਜਿਸ ਯਾਰ ਮਿਲੇ ਘਰ, ਉਹ ਕਿਉਂ ਜੰਗਲ ਧਾਵੇ ਕਿਉਂ ਕੁਰਲਾਵੇ।੪।



Sri Satguru Jagjit Singh Ji eLibrary NamdhariElibrary@gmail.com

ਸਾਵਨ ਸਾਰੇ ਦਿਸੇ ਦਿਲਬਰ, ਜਿਧਰ ਅੱਖ ਉਠਾਵਾਂ ਨਜ਼ਰ ਟਿਕਾਵਾਂ
ਕਿਸ ਦੀ ਖਾਤਰ ਮੱਕੇ ਜਾਵਾਂ, ਓਥੋਂ ਕੀ ਕੁਝ ਪਾਵਾਂ ਤੇ ਲੈ ਆਵਾਂ
ਜਿਸ ਨੂੰ ਮਿਲਣਾ ਥਾ ਸੋ ਮਿਲਿਆ, ਹੁਣ ਕੀ ਵੇਸ ਵਟਾਵਾਂ ਕਿਸ ਦਿਖਲਾਵਾਂ
ਮੇਰਾ ਖੇਲ ਮੈਂ ਹੀ ਹਰਿ ਰੰਗੀ, ਕਿਸ ਨੂੰ ਬੇਦ ਪੜ੍ਹਾਵਾਂ ਜਾਪ ਜਪਾਵਾਂ
ਦੁਨੀਆਂ ਦੁਸ਼ਮਨ ਹੋਵੇ ਪਲ ਮੈਂ, ਜੈਸੇ ਸਾਚ ਸੁਨਾਵਾਂ ਖੱਲ ਲਹਾਵਾਂ
ਪਾਲ ਸਿੰਘ ਨਹੀਂ ਛਪਦਾ ਮੈਥੀਂ, ਕੀਕਰ ਇਸ਼ਕ ਛਪਾਵਾਂ 'ਮੈਂ ਹੱਕ' ਗਾਵਾਂ ।੫।

ਭਾਦਰੋਂ ਭੂਤ ਪਾਂਚ ਸਭ ਪਸਰੇ, ਜੋ ਦੀਸੇ ਸੰਸਾਰਾ, ਬਹੁ ਪਰਕਾਰਾ
ਸੁਪਨ ਸਮਾਨ ਤਮਾਸ਼ੇ ਸਭ ਹੀ, ਈਸ਼ਰ ਜਾਣਨਹਾਰਾ, ਲਏ ਨਜ਼ਾਰਾ
ਰੰਗ ਰੰਗ ਦੇ ਟਹਿਕਨ ਬੂਟੇ, ਜਗਤ ਖਿਲੀ ਗੁਲਜ਼ਾਰਾ ਅਪਰ ਅਪਾਰਾ
ਕਾਦਰ ਕੁਦਰਤ ਸਾਜੀ ਐਸੇ, ਜੈਸੇ ਖੇਲ ਮਦਾਰਾ ਪਲਕ ਪਸਾਰਾ
ਚੌਦਾਂ ਤਬਕ ਕੀਏ ਇਕ ਪਲ ਮੈਂ, ਸੂਰਜ ਚਾਂਦ ਸਤਾਰਾ ਬੇਸ਼ੁਮਾਰਾ
ਪਾਲ ਸਿੰਘ ਕੋਈ ਜਾਨ ਨਾ ਸਕੇ, ਪੀਰ ਵਲੀ ਅਵਤਾਰਾ ਖੇਲ ਤੁਮਾਰਾ ।੬।

ਅਸੂ ਅਪਨੇ ਮਤਲਬ ਦੇ ਹੈਂ, ਮਾਤ ਪਿਤਾ ਸੁਤ ਭਈ ਔਰ ਲੁਕਾਈ
ਪੈਸਾ ਦੇਖ ਯਾਰ ਹੈਂ ਲਾਖੋਂ, ਬਿਨ ਪੈਸੇ ਨਹੀਂ ਕਾਈ ਲੈ ਅਜ਼ਮਾਈ
ਸੁਖ ਮੈਂ ਸਭੇ ਫਿਰਨ ਚੁਫੇਰੇ, ਦੁਖ ਬਣੇ ਭਜ ਜਾਈ ਰਹੇ ਨਾ ਕਾਈ
ਪੰਡਤ ਕਾਜ਼ੀ ਸਭੀ ਲੁਟੇਰੇ, ਬੈਠੇ ਜਾਲ ਵਿਛਾਈ ਮਕਰ ਫੈਲਾਈ
ਆਪ ਭੁਲੇ ਫਾਥੇ ਤ੍ਰਿਕਾਂਡੀਂ, ਸਾਰੀ ਖਲਕ ਭੁਲਾਈ ਉਲਟ ਭੜਾਈ
ਪਾਲ ਸਿੰਘ ਦੇਵੋ ਤੁਮ ਏਥੇ, ਆਗੇ ਮਿਲਸੀ ਜਾਈ ਐਸੇ ਖਾਈ ।੭।

ਕੱਤਕ ਕਰੇ ਕੀ ਮੌਤ ਉਸ ਨੂੰ, ਜੇਹੜਾ ਮੋਇਆ ਜੀਤਾ ਹੂਆ ਅਤੀਤਾ
ਅਠੇ ਪਹਿਰ ਫਿਰੇ ਮਸਤਾਨਾ, ਮਸਤ ਪਿਆਲਾ ਪੀਤਾ ਸਾਥ ਪਰੀਤਾ
ਜਾਤ ਸਫਾਤ ਨਾ ਫਕਰਾਂ ਸੰਦੀ, ਭੇਖ ਨਹੀਂ ਕੋਈ ਕੀਤਾ ਡਿੰਭ ਨਾ ਲੀਤਾ
ਦੁਨੀਆ ਛੋਡ ਮਿਲੇ ਸੰਗ ਦਿਲਬਰ, ਢਾਹ ਭਰਮ ਕੀ ਭੀਤਾ ਤੇ ਮਨ ਜੀਤਾ
ਹਮੈਂ ਕੁਰਾਹੀ ਕਾਫਰ ਬਿਗਰੇ, ਢਾਹ ਜਗਤ ਕੀ ਰੀਤਾ ਮਿਲ ਗਏ ਮੀਤਾ
ਪਾਲ ਸਿੰਘ ਸਮ ਜਾਨੇ ਗੁਰਮੁਖ, ਉਜਲ ਜਿਨਕੀ ਨੀਤਾ ਸਾਫ ਅਤੀਤਾ ।੮।

ਮਘਰ ਮਗਨ ਰਹਣ ਹਰਿ ਹਾਲੇ, ਬੂਝ ਅਪਕੋ ਪਿਆਰੇ ਛੋਡ ਪੁਵਾਰੇ
ਥਾਵਰ ਜੰਗਮ ਜੀਵ ਜੰਤ ਲੌਂ, ਤੂਹੀ ਹਰ ਪਰਕਾਰੇ ਤਰਫਾ ਚਾਰੇ
ਕਿਧਰੇ ਰਾਜਾ ਕਿਧਰੇ ਪਰਜਾ, ਰੰਗ ਤੁਮਾਰੇ ਸਾਰੇ ਦੇਖ ਬਿਚਾਰੇ
ਸਾਗਰ ਏਕ ਦੇਖ ਲਖ ਲਹਿਰਾਂ, ਬੀਰਜ ਬ੍ਰਿਛ ਪਸਾਰੇ ਫੂਲ ਹਜ਼ਾਰੇ
ਕਿਸ ਦਾ ਜਾਪ ਜਪੇਂ ਹਰ ਵੇਲੇ, ਤੂੰ ਖੁਦ ਹੀ ਕਰਤਾਰੇ ਦੂਈ ਡਾਰੇ
ਪਾਲ ਸਿੰਘ ਜਿਸ ਦਿਲਬਰ ਮਿਲਿਆ, ਸੋਏ ਪਾਂਵ ਪਸਾਰੇ ਜਿਉਂ ਨਰ ਨਾਰੇ ।੯।



Sri Satguru Jagjit Singh Ji eLibrary NamdhariElibrary@gmail.com

ਪੋਹ ਪਰਮੇਸ਼ਰ ਪ੍ਰੇਮ ਬਿਨਾ, ਨਹਿ ਪ੍ਰੇਮ ਕਰੇ ਸੋ ਪਾਵੇ ਨਾਮ ਧਿਆਵੇ
ਪ੍ਰੇਮ ਦੇਖ ਕੇ ਕ੍ਰਿਸ਼ਨ ਘਨਈਆ, ਸਾਥ ਗੋਪੀਆਂ ਗਾਵੇ ਨਾਚ ਨਚਾਵੇ
ਧੰਨਾ ਗਨਕਾ ਔਰ ਭੀਲਨੀ, ਪ੍ਰੇਮ ਕਰੇ ਪ੍ਰਭ ਪਾਵੇ ਤੇ ਗੁਨ ਗਾਵੇ
ਜਾਤ ਪਾਤ ਨਹੀਂ ਪੂਛੇ ਕੋਈ, ਪ੍ਰੇਮ ਕਰੇ ਸੋ ਭਾਵੇ ਬੇਦ ਬਤਾਵੇ
ਬੇੜਾ ਬੇਦ ਮਲਾਹ ਸੰਤ ਸਭ, ਪੈਸਾ ਪ੍ਰੇਮ ਲਿਆਵੇ ਸੋ ਚੜ੍ਹ ਜਾਵੇ
ਪਾਲ ਸਿੰਘ ਕਰ ਪ੍ਰੇਮ ਸੰਤ ਸਿਉਂ, ਊਚ ਨੀਚ ਤਰ ਜਾਵੇ ਪਾਰ ਲੰਘਾਵੇ ।੧੦।

ਮਾਘ ਮਸਤ ਰਹਿੰਦੇ ਨਿਤ ਆਸ਼ਕ, ਪੀ ਕਰ ਵਸਲ ਪਿਆਲੇ ਦਿਲਬਰ ਵਾਲੇ
ਦਿਲ ਤੇ ਖੌਫ ਨ ਰਖਦੇ ਰੱਤੀ, ਸੋਵਨ ਹੋਏ ਸੁਖਾਲੇ ਏਕ ਨਰਾਲੇ
ਸੋਹਨੀ ਸੂਰਤ ਦੇਖ ਪੀਆ ਦੀ ਰਹਿਣ ਸਦਾ ਮਤਵਾਲੇ ਮਸਤ ਖਿਆਲੇ
ਜਾਤ ਬਰਨ ਕੁਲ ਲਾਜ ਨਾ ਰਾਖਨ, ਤੋੜੇ ਤਸਬੀਆਂ ਮਾਲੇ ਸਾਗਰ ਡਾਲੇ
ਸੂਰਜ ਇਸ਼ਕੇ ਵਾਲਾ ਚੜ੍ਹਿਆ, ਦੂਰ ਦੂਈ ਦੇ ਪਾਲੇ ਕੀਏ ਸੁਜਾਲੇ
ਪਾਲ ਸਿੰਘ ਲੈ ਅਗਨ ਗਿਆਨ ਕੀ, ਕਰਮ ਕਾਂਡ ਸਭ ਬਾਲ ਰਹੇ ਅਕਾਲੇ ।੧੧।

ਫਗਣ ਫੂਲ ਖਿਲੇ ਬਹੁਰੰਗੀ, ਟਹਿਕ ਰਹੀਆਂ ਗੁਲਜ਼ਾਰਾਂ ਖੂਬ ਬਹਾਰਾਂ
ਚੰਬਾ ਮਰੂਆ ਔਰ ਕੇਵੜਾ, ਫੂਲੇ ਫੂਲ ਹਜ਼ਾਰਾਂ ਬਹੁ ਪਰਕਾਰਾਂ
ਰਲ ਮਿਲ ਹੋਰੀ ਖੇਲਨ ਗਾਵਨ, ਧਾਵਨ ਵਿਚ ਬਜ਼ਾਰਾਂ ਸਭ ਨਰ ਨਾਰਾਂ
ਨੈਣ ਜਿਨ੍ਹਾਂ ਦੇ ਬਲਨ ਮਸਾਲਾਂ, ਹੁਸਨ ਜਿਵੇਂ ਤਲਵਾਰਾਂ ਸੈਫ ਕਟਾਰਾਂ
ਜੇਕਰ ਯਾਰ ਮਿਲੇ ਇਕ ਵਾਰੀ, ਲੱਖ ਵਾਰ ਸਿਰ ਵਾਰਾਂ ਆਪ ਗੁਜ਼ਾਰਾਂ
ਪਾਲ ਸਿੰਘ ਪਿਆਰੇ ਨੂੰ ਮਿਲ ਕਰ, ਭੁਲ ਗਈਆਂ ਸਭ ਕਾਰਾਂ ਬਿਨ ਦਿਲਦਾਰਾਂ ।੧੨।



Sri Satguru Jagjit Singh Ji eLibrary NamdhariElibrary@gmail.com

## ੬੧. ਬਾਰਾਂਮਾਹ ਹਸਨ ਸ਼ਾਮ ਕਾ

ਚੇਤ ਚੰਬੇਲੀ ਖਿੜ ਰਹੀ ਸਾਜਨ, ਤੈਂ ਕਿਉਂ ਚਿਤ ਉਦਾਸ ਕੀਆ
ਸੂਕੇ ਬਨ ਪਲਾਸ ਜੋ ਫੂਲੇ, ਮੋਰ ਚਕੋਰਾਂ ਵਾਸ ਕੀਆ
ਆੜੂ ਸੇਬ ਸਭ ਸਖੀਆਂ ਮੌਲੇ, ਤੋਤੇ ਬੋਲਨ ਪਾਸ ਪੀਆ
ਹਸਨਸ਼ਾਮ ਨਹੀਂ ਮੁੜ ਘਰ ਆਏ, ਮੋਹ ਲੈ ਚਲੇ ਪਾਸ ਪੀਆ ।੧।

ਚੜ੍ਹੇ ਵਿਸਾਖ ਸਭੀ ਬਨ ਫੂਲੇ, ਬਾਗੀਂ ਬੜੀ ਬਹਾਰ ਸਈਓ
ਕੰਤਾਂ ਵਾਲੀਆਂ ਹਸਰਸ ਮੰਗਨ, ਫੁਲ ਗੁਲਾਬੀ ਹਾਰ ਸਈਓ
ਸੀਸ ਗੁੰਦਾਵਨ ਧੜੀ ਲਗਾਵਨ, ਤੀਰ ਨੈਣਾਂ ਦੇ ਮਾਰ ਸਈਓ
ਹਸਨਸ਼ਾਮ ਨਹੀਂ ਮੁੜ ਘਰ ਆਇਆ, ਵਗਦੇ ਨੈਣ ਝਲਾਰ ਸਈਓ ।੨।

ਚੜ੍ਹਦੇ ਜੇਠ ਜਿਠਾਣੀ ਮੇਰੀ, ਮਾੜੀ ਪਲੰਘ ਬਿਛਾਤੀ ਹੈ
ਰਾਤ ਦਿਨੇ ਰਹੇ ਪਾਸ ਪੀਆ ਦੇ, ਹਸ ਰਸ ਮੁਖ ਛਿਪਾਤੀ ਹੈ
ਡਰਦੀ ਛੇਜੇ ਪਾਉਂ ਨਾ ਧਰਦੀ, ਅਪਨਾ ਆਪ ਬਚਾਤੀ ਹੈ
ਹਸਨਸ਼ਾਮ ਨਹੀਂ ਮੁੜ ਘਰ ਆਇਆ, ਸੋ ਨਿਤ ਖੂੰਡਰ ਕਾਤੀ ਹੈ ।੩।

ਚੜ੍ਹਦੇ ਹਾੜ ਹਟਾਂ ਨਹੀਂ ਹਰਗਿਜ਼, ਤੈਨੂੰ ਢੂੰਡਾਂ ਬਨ ਬਨ ਮੈਂ
ਸਿਰ ਪਰ ਤਿਖੀ ਧੁਪ ਸਹਾਂ ਨਿਤ, ਭਸਮ ਲਗਾਵਾਂ ਸਭ ਤਨ ਮੈਂ
ਖੋਲ੍ਹ ਜਟਾਂ ਸਿਰ ਭਸਮ ਰਮਾਵਾਂ, ਬਣਾਂ ਉਦਾਸਨ ਸੰਤਨ ਮੈਂ
ਹਸਨਸ਼ਾਮ ਨਹੀਂ ਮੁੜ ਘਰ ਆਇਆ, ਪ੍ਰੀਤ ਲਗਾਵਾਂ ਕੰਤਨ ਮੈਂ ।੪।

ਚੜ੍ਹਦੇ ਸਾਵਨ ਚਾਰ ਚੁਫੇਰੇ, ਘਟਾਂ ਕਾਲੀਆ ਝੁਕ ਰਹੀ ਹੈ
ਮੀਂਹ ਜੋ ਬਰਸੇ ਘਨੀਅਰ ਗਰਜੇ, ਸਭੀ ਲੁਕਾਈ ਲੁਕ ਰਹੀ ਹੈ
ਬਿਜਲੀ ਲਿਸ਼ਕੇ ਲਿਸ਼ਕ ਡਰਾਵੇ,ਆਸ ਜੀਵਨ ਦੀ ਚੁਕ ਰਹੀ ਹੈ
ਹਸਨ ਸ਼ਾਮ ਨਹੀਂ ਮੁੜ ਘਰ ਆਇਆ, ਜਿੰਦ ਵਿਚਾਰੀ ਮੁਕ ਰਹੀ ਹੈ ।੫।

ਭਾਦਰੋਂ ਭੜਕ ਲਗੀ ਤਨ ਰਾਮਾ, ਨਾ ਸੁਖ ਅੰਦਰ ਚੈਨ ਮੇਰੇ
ਕਿਸ ਨੂੰ ਕਿੱਸਾ ਆਖ ਸੁਣਾਵਾਂ, ਕੋਈ ਨਾ ਸੁਣਦਾ ਵੈਣ ਮੇਰੇ
ਨੈਣੀਂ ਨਜ਼ਰ ਨਾ ਆਵੇ ਪਿਆਰਾ, ਤ੍ਰੁਪ ਤ੍ਰੁਪ ਆਂਸੂ ਪੈਣ ਮੇਰੇ
ਹਸਨ ਸ਼ਾਮ ਨਹੀਂ ਮੁੜ ਘਰ ਆਇਓ, ਪਲ ਪਲ ਤਰਸਣ ਨੈਣ ਮੇਰੇ ।੬।



Sri Satguru Jagjit Singh Ji eLibrary NamdhariElibrary@gmail.com

ਚੜ੍ਹਦੇ ਅੱਸੂ ਅਸਾਂ ਨਹੀਂ ਰਹਿਣਾ, ਰਲਸਾਂ ਝੁੰਡ ਫਕੀਰਾਂ ਮੈਂ
ਮਸਰੂ ਮਲਮਲ ਖਾਸਾ ਸਾਰਾ, ਪਾੜ ਕਰਾਂ ਸਭ ਲੀਰਾਂ ਮੈਂ
ਜੋਗਨ ਹੋਵਾਂ ਭੇਸ ਵਟਾਵਾਂ, ਬਸਤਰ ਅਪਨੇ ਚੀਰਾਂ ਮੈਂ
ਹਸਨ ਸ਼ਾਮ ਨਹੀਂ ਮੁੜ ਘਰ ਆਇਓ, ਢੂੰਡਾਂ ਜੰਡ ਕਰੀਰਾਂ ਮੈਂ ।੭।

ਚੜ੍ਹਦੇ ਕੱਤਕ ਕਿਤ ਵਲ ਜਾਵਾਂ, ਕਿਤੇ ਨਾ ਪੈਂਦੀ ਦੱਸ ਮੈਨੂੰ
ਕੱਲੀ ਕੂੰਜ ਵਾਂਗ ਕੁਰਲਾਵਾਂ, ਸਭ ਜਗ ਜਾਂਦਾ ਹੱਸ ਮੈਨੂੰ
ਬਿਰਹੋਂ ਕਸਾਈ ਨਿਤ ਉਠ ਪੈਂਦਾ, ਪਾ ਗਇਓਂ ਕਿਸ ਦੇ ਵਸ ਮੈਨੂੰ
ਹਸਨ ਸ਼ਾਮ ਨਹੀਂ ਘਰ ਮੁੜ ਆਇਓ, ਲਾ ਗਿਉਂ ਕਾਨੀ ਕਸ ਮੈਨੂੰ ।੮।

ਚੜ੍ਹਦੇ ਮਘਰ ਮਾਹਿ ਇਕੇਲੀ, ਅੱਗ ਲਗਾਂ ਖਾਨ ਪਾਨ ਪੀਆ
ਸਭਨਾਂ ਸਹੀਆਂ ਸੀਸ ਗੁੰਦਾਏ, ਅੰਚਲ ਮਲ ਮਲ ਜਾਨ ਪੀਆ
ਫੁਲਾਂ ਰੰਗੀ ਸੇਜ ਵਿਛਾਵਨ, ਗਲ ਅਪਣੇ ਸੇ ਲਾਨ ਪੀਆ
ਹਸਨ ਸ਼ਾਮ ਨਹੀਂ ਮੁੜ ਘਰ ਆਇਆ, ਨਾ ਸੁਖ ਕੁਛ ਅਰਾਮ ਪੀਆ ।੯।

ਚੜ੍ਹਦੇ ਪੋਹ ਜੋ ਪਾਲਾ ਪੈਂਦਾ, ਨੈਣੀਂ ਨੀਂਦ ਨਾ ਆਤੀ ਹੈ
ਦਿਲ ਵਿੱਚ ਇਸ਼ਕ ਤੰਦੂਰ ਤਪਾਇਆ, ਬਿਰਹੋਂ ਬੈਠ ਤਪਾਤੀ ਹੈ
ਤਨ ਤਾਂਬਾ ਜੋ ਲਾਲ ਹੈ ਕੀਤਾ, ਆਤਸ਼ ਜਿਉਂ ਜਲਾਤੀ ਹੈ
ਹਸਨ ਸ਼ਾਮ ਜਿਨ ਜਿਨ ਸੰਗ ਹਸਤੇ, ਸੋ ਨਿਤ ਖ਼ੁਸ਼ ਕਰਾਤੀ ਹੈ ।੧੦।

ਚੜ੍ਹਦੇ ਮਾਘ ਨਹੀਂ ਘਰ ਜਾਨੀ, ਕਿਤ ਬਿਧ ਸੀਸ ਗੁੰਦਾਵਾਂ ਮੈਂ
ਜ਼ੁਲਫਾਂ ਬਿਸੀਅਰ ਫੂਕ ਡਰਾਵਨ, ਅੰਚਲ ਤੋੜ ਵਧਾਵਾਂ ਮੈਂ
ਸੱਦ ਕਰ ਰਮਲੀ ਫਾਲ ਪਵਾਵਾਂ, ਜੋਗੀ ਪੁਛਣ ਜਾਵਾਂ ਮੈਂ
ਹਸਨ ਸ਼ਾਮ ਉਹ ਜਿਤ ਵਲ ਦਸਦੇ, ਉਤ ਵਲ ਢੂੰਡਨ ਜਾਵਾਂ ਮੈਂ ।੧੧।

ਚੜ੍ਹਦੇ ਫਗਨ ਫਾਗ ਜੋ ਰਚਿਆ, ਰਲ ਮਿਲ ਸਹੀਆਂ ਸੰਗ ਪੀਆ
ਕੇਸਰ ਘੋਲ ਲਿਆ ਵਿੱਚ ਗੜਵੇ, ਛਿੜਕਨ ਰੰਗੋ ਰੰਗ ਪੀਆ
ਲਾਲ ਗੁਲਾਲੀ ਮੁਖ ਪਰ ਮਾਰਨ, ਕਰਦੀਆਂ ਜ਼ੋਰ ਨਿਸੰਗ ਪੀਆ
ਹਸਨ ਸ਼ਾਮ ਸੰਗ ਖੇਲਨ ਹੋਲੀ, ਕਰ ਆਪਸ ਮੇਂ ਜੰਗ ਪੀਆ ।੧੨।



Sri Satguru Jagjit Singh Ji eLibrary NamdhariElibrary@gmail.com

## ੬੨. ਬਾਰਾਂਮਾਹ ਮੁਸਾਫ਼ਰ ਸ਼ਾਇਰ

ਚੇਤਰ ਚਿਤ ਸੁਹਾਵਨੀ ਰੁਤ ਰੱਬਾ, ਸ਼ਾਖਾਂ ਰੰਗ-ਬਰੰਗੀਆਂ ਫੁਲੀਆਂ ਨੀ
ਵੇਖ ਫੁਲ ਰਵੇਲ ਤੇ ਚੰਬਿਆਂ ਤੇ, ਮਸਤ ਫਿਰਦੀਆਂ ਬੁਲਬੁਲਾਂ ਭੁੱਲੀਆਂ ਨੀ
ਅੰਬਰੋਂ ਵਗੀ ਵਾਉ ਵਿਛੋੜਿਆਂ ਦੀ, ਕਲੀਆਂ ਟੁੱਟ ਜ਼ਮੀਨ ਤੇ ਡੁਲ੍ਹੀਆਂ ਨੀ
ਘਰ ਆ ਮੁਸਾਫਰਾ ਤੁਧ ਬਾਝੋਂ, ਮੇਰੇ ਗਲੇ ਵਿੱਚ ਮੇਢੀਆਂ ਖੁਲ੍ਹੀਆਂ ਨੀ ।੧।

ਚੜ੍ਹੇ ਮਾਹ ਬੇਸਾਖ ਬੇਸਾਰ ਹੋਈਆਂ, ਫਿਰਾਂ ਕੂੰਜ ਵਾਂਗੂ ਕੁਰਲਾਂਵਦੀ ਮੈਂ
ਦਿਨ ਲੰਘਦਾ ਰੋਂਦੜੀ ਧੋਂਦੜੀ ਨੂੰ, ਤਾਰੇ ਗਿਣਦਿਆਂ ਰਾਤ ਵਿਹਾਂਵਦੀ ਮੈਂ
ਜਿਸ ਵੇਲੜੇ ਅੱਖੀਆਂ ਲਾ ਬੈਠੀ, ਉਸ ਵੇਲੜੇ ਨੂੰ ਪਛੋਤਾਂਵਦੀ ਮੈਂ
ਘਰ ਆ ਮੁਸਾਫਰਾ ਤੁਧ ਬਾਝੋਂ, ਫਿਰਾਂ ਕਮਲੀ ਕਾਗ ਉਡਾਂਵਦੀ ਮੈਂ ।੨।

ਗਿਆ ਗੁਜ਼ਰ ਬਿਸਾਖ ਜਾਂ ਤੱਤੜੀ ਨੂੰ, ਚੜ੍ਹਿਆ ਜੇਠ ਮਹੀਨੜਾ ਕਹਿਰ ਦਾ ਏ
ਫਿਰਾਂ ਮਛਲੀ ਵਾਂਗ ਤੜਫਦੀ ਮੈਂ, ਧੂਆਂ ਨਿਕਲੇ ਸੀਨਿਓਂ ਲਹਿਰਦਾ ਏ
ਵੈਰੀ ਜਾਨ ਦਾ ਕੁਲ ਜਹਾਨ ਹੋਇਆ, ਸੱਜਨ ਆਦਮੀ ਇਕ ਨ ਸ਼ਹਿਰ ਦਾ ਏ
ਘਰ ਆ ਮੁਸਾਫਰਾ ਤੁਧ ਬਾਝੋਂ, ਅੱਖੀਂ ਰੋਂਦੀਆਂ ਨੀਰ ਨ ਠਹਿਰਦਾ ਏ ।੩।

ਚੜ੍ਹੇ ਹਾੜ ਫਰਾਕ ਦੇ ਕਰਾਂ ਹਾੜੇ, ਹੋਈ ਰੋਂਦੜੀ-ਧੋਂਦੜੀ ਝੱਲੀਆਂ ਮੈਂ
ਕਦੀ ਬੈਠ ਕੇ ਵਿਚ ਸਹੇਲੀਆਂ ਦੇ, ਪੰਜ ਸੱਤ ਨ ਲਾਹੀਆਂ ਛੱਲੀਆਂ ਮੈਂ
ਅੱਗੋਂ ਕੋਈ ਜਵਾਬ ਨਾ ਆਂਵਦਾ ਏ, ਲਿਖ ਚਿਠੀਆਂ ਸੈਂਕੜੇ ਘੱਲੀਆਂ ਮੈਂ
ਘਰ ਆ ਮੁਸਾਫਰਾ ਤੁਧ ਬਾਝੋਂ, ਮਹਿਲ ਛੱਡ ਅਰੂੜੀਆਂ ਮੱਲੀਆਂ ਮੈਂ ।੪।

ਸਾਵਣ ਸਾਂਵਿਆਂ ਦੀ ਆਈ ਰੁਤ ਰੱਬਾ, ਸਈਆਂ ਸਾਰੀਆਂ ਹਾਰ ਸ਼ਿੰਗਾਰ ਕੀਤੇ
ਗਹਿਣੇ ਕਪੜੇ ਲਾ ਕੇ ਵਾਂਗ ਪਰੀਆਂ, ਰੰਗਾ ਰੰਗ ਦੇ ਨਕਸ਼ ਨਿਗਾਰ ਕੀਤੇ
ਕਰਮਾਂ ਵਾਲੀਆਂ ਰਾਂਗਲੀ ਸੇਜ ਉਤੇ, ਸੀਨੇ ਰੱਜ ਕੇ ਠੰਢੜੇ ਠਾਰ ਕੀਤੇ
ਘਰ ਆ ਮੁਸਾਫਰਾ ਤੁਧ ਬਾਝੋਂ, ਸਾਨੂੰ ਕਿਸ ਨੇ ਰੰਗ ਵਿਸਾਰ ਕੀਤੇ ।੫।

ਭਾਦੋਂ ਭੜਕਦੀ ਭਾਹ ਫਰਾਕ ਵਾਲੀ, ਫਿਰਾਂ ਕਮਲੀ, ਦੇਵੇ ਨ ਦਾਦ ਕੋਈ
ਕੇਹੀ ਤੱਤੜੀ ਘੜੀ ਮੈਂ ਨਿਹੁੰ ਲਾਇਆ, ਚਾੜ੍ਹੀ ਰੱਬ ਨ ਤੋੜ ਮੁਰਾਦ ਕੋਈ
ਜਾਨੀ ਦੇਖ ਕੇ ਅਸਾਂ ਪਿਆਰ ਪਾਇਆ, ਸਾਨੂੰ ਹੋ ਕੇ ਮਿਲਿਆ ਜੱਲਾਦ ਕੋਈ
ਘਰ ਆ ਮੁਸਾਫਰਾ ਤੁਧ ਬਾਝੋਂ, ਜਗ ਜੀਵਣਾ ਨਹੀਂ ਸੁਆਦ ਕੋਈ ।੬।



Sri Satguru Jagjit Singh Ji eLibrary NamdhariElibrary@gmail.com

ਅਸੂ ਆਸ ਤੁਸਾਡੜੀ ਵਿੱਚ ਮਾਹੀਆ, ਮਾਸੇ ਮਾਸ ਤੇ ਰੱਤੀਆਂ ਰੱਤ ਮੇਰੀ
ਕਿਹਾ ਸਜਣਾਂ ਮੱਲ ਪਰਦੇਸ ਬੈਠੋਂ, ਜਾਨ ਵਿੱਚ ਫਰਾਕ ਦੇ ਘੱਤ ਮੇਰੀ
ਜੋੜ ਜੋੜਿਆ ਲਖ ਵਸੀਲਿਆਂ ਦਾ, ਛੱਡੀ ਕਲਮ ਤਕਦੀਰ ਪਰਤ ਮੇਰੀ
ਘਰ ਆ ਮੁਸਾਫਰਾ ਤੁਧ ਬਾਝੋਂ, ਰਹੀ ਹੋਸ਼ ਨ ਬਜਾ ਨ ਵੱਤ ਮੇਰੀ ।੭।

ਕੱਤੀਂ ਕਦੀ ਤੇ ਮੋੜ ਮੁਹਾਰ ਮਾਹੀਆਂ, ਕਿਥੇ ਜਾਇਕੇ ਮੁਦਤਾਂ ਲਾਈਆਂ ਨੀ
ਕਾਂਗਾਂ ਚਾੜ੍ਹੀਆਂ ਦਰਦ ਫਰਾਕ ਤੇਰੇ, ਰੁੜ੍ਹਦੀਆਂ ਜਾਣ ਭਲਿਆਂ ਦੀ ਜਾਈਆਂ ਨੀ
ਮਹੀਂਵਾਲਿਆ ! ਜਾਣ ਨਾ ਜਾਣ ਭਾਵੇਂ, ਸੋਹਣੀ ਲਾਇਕੇ ਤੋੜ ਨਿਭਾਈਆਂ ਨੀ
ਘਰ ਆ ਮੁਸਾਫਰਾ ਤੁਧ ਬਾਝੋਂ, ਮਿਹਣੇ ਦੇਂਦੀਆਂ ਕੁਲ ਹਮਸਾਈਆਂ ਨੀ ।੮।

ਮੱਘਰ ਮੋੜ ਮੁਹਾਰ ਮੈਂ ਵਾਰ ਘੱਤੀ, ਹੱਸ ਰਸ ਕੇ ਮੁਖ ਦਿਖਾ ਮੈਨੂੰ
ਆਪ ਰਿਹੋਂ ਖਲੋਤੜਾ ਕੰਢਿਆਂ ਤੇ, ਧੱਕਾ ਦਿਤੋ ਈ ਸ਼ੌਹ ਦਰਿਆ ਮੈਨੂੰ
ਤੇਰੇ ਮਿਲਣ ਦੀ ਸਿਕ ਚਰੋਕਣੀ ਸੀ, ਗਲੇ ਲਾਵਣੇ ਦਾ ਰਿਹਾ ਚਾਅ ਮੈਨੂੰ
ਘਰ ਆ ਮੁਸਾਫਰਾ ਤੁਝ ਬਾਝੋਂ, ਮੰਗੀ ਮੌਤ ਨ ਦੇਵੇ ਖੁਦਾ ਮੈਨੂੰ ।੯।

ਪੋਹ ਪੈਣ ਪਾਲੇ ਕਿਸੇ ਕਹਿਰ ਵਾਲੇ, ਬਿਰਹੋਂ ਸਰਦੀਆਂ ਸਿਰੇ ਤੇ ਟੁੱਟੀਆਂ ਨੀ
ਲੈਕੇ ਲੇਫ ਨਿਹਾਲੀਆਂ ਸੌਣ ਸਈਆਂ, ਅਸਾਂ ਲਾਹ ਰਜ਼ਾਈਆਂ ਸੁੱਟੀਆਂ ਨੀ
ਕਰਮਾਂ ਵਾਲੀਆਂ ਰਾਂਗਲੀ ਸੇਜ ਉਤੇ, ਸੀਨੇ ਸੱਜਣਾਂ ਲਾ ਕੇ ਘੁਟੀਆਂ ਨੀ
ਘਰ ਆ ਮੁਸਾਫਰਾ ਤੁਝ ਬਾਝੋਂ, ਅਖੀਂ ਰੋਂਦੀਆਂ ਨੀਰ ਨਿਖੁੱਟੀਆਂ ਨੀ ।੧੦।

ਚੜ੍ਹੇ ਮਾਘ ਤੇ ਮੁਖੜਾ ਮੋੜ ਮਾਹੀਆ, ਕਿਥੇ ਜਾ ਪਰਦੇਸ ਤੂੰ ਮੱਲਿਆ ਏ
ਜਿਵੇਂ ਹੀਰ ਨੂੰ ਤਾਂਘ ਰੰਝੇਟੜੇ ਦੀ, ਸੀਨਾ ਸਾਂਗ ਅਸਾਡੜਾ ਸੱਲਿਆ ਏ
ਤੇਰੇ ਇਸ਼ਕ ਨੇ ਮਾਰਕੇ ਚੂਰ ਕੀਤਾ, ਬੰਦ ਬੰਦ ਅਸਾਡੜਾ ਹੱਲਿਆ ਏ ।
ਘਰ ਆ ਮੁਸਾਫਰਾ ਤੁਧ ਬਾਝੋਂ, ਰੂਹ ਛੱਡ ਕਲਬੂਤ ਨੂੰ ਚਲਿਆ ਏ ।੧੧।

ਫਗਣ ਫਿਰੀ ਬਹਾਰ ਬਸੰਤ ਵਾਲੀ, ਲਿਖ ਲਿਖ ਕੇ ਚਿਠੀਆਂ ਘੱਲੀਆਂ ਨੀਂ
ਹੁਬ-ਵਤਨ ਨੇ ਜੀਅ ਉਦਾਸ ਕੀਤਾ, ਦਿਲ ਵਿੱਚ ਮੁਹੱਬਤਾਂ ਹੱਲੀਆਂ ਨੀ
ਚੋਗਾ ਚੁਗਦੀਆਂ ਨੂੰ ਪਿਛਾ ਯਾਦ ਆਇਆ, ਕੂੰਜਾਂ ਮਾਰ ਉਡਾਰੀਆਂ ਚੱਲੀਆਂ ਨੀ
ਰੱਬ ਉਨ੍ਹਾਂ ਮੁਸਾਫਰਾਂ ਯਾਰ ਮੇਲੇ, ਵਾਟਾਂ ਜਿਨ੍ਹਾਂ ਮਹਿਬੂਬ ਦੀਆਂ ਮੱਲੀਆਂ ਨੀ ।੧੨।





Sri Satguru Jagjit Singh Ji eLibrary NamdhariElibrary@gmail.com

## ੬੩. ਬਾਰਾਂਮਾਹ ਮੋਤੀ ਰਾਮ

ਚੇਤਰ ਚਿਤ ਵਿਚ ਸਮਝ ਪਿਆਰੇ, ਦੁਨੀਆਂ ਕੂੜਾ ਬਾਣਾ ਈ
ਜਿਨ੍ਹਾਂ ਨਾਲ ਤੂੰ ਲਾਈ ਦੋਸਤੀ, ਓਹਨਾਂ ਭੀ ਚਲੇ ਜਾਣਾ ਈ
ਸਭ ਦੇ ਸਿਰ ਤੇ ਕਾਲ ਕੂਕਦਾ, ਕਿਆ ਰਾਜਾ ਕਿਆ ਰਾਣਾ ਈ
ਮੋਤੀ ਰਾਮ ਤੂੰ ਸਮਝ ਪਿਆਰੇ, ਜਗ ਵਿਚ ਰਹਿਣ ਨਮਾਣਾ ਈ।੧।
ਬਿਸਾਖ ਬਿਸਾਰਿਓ ਨਾਮ ਸਾਈਂ ਦਾ, ਆਕੜ ਆਕੜ ਚਲਨਾ ਏਂ ਤੂੰ
ਖਾਏਂ ਖੁਰਾਕਾਂ ਪਹਿਨ ਪੁਸ਼ਾਕਾਂ ਜਮ ਦਾ ਬਕਰਾ ਪਲਨਾ ਏਂ ਤੂੰ
ਚਾਰ ਦਿਹਾੜੇ ਰੈਨ ਬਸੇਰਾ, ਮਹਿਲ ਮਾੜੀਆਂ ਮੱਲਨਾ ਏਂ ਤੂੰ
ਮੋਤੀ ਰਾਮ ਤੂੰ ਸਮਝ ਪਿਆਰੇ ਅੰਤ ਖ਼ਾਕ ਵਿਚ ਰਲਨਾ ਏਂ ਤੂੰ।੨।
ਜੇਠ ਮਾਯਾ ਦਾ ਮਾਨ ਨਾ ਕਰੀਏ, ਏਹ ਹੈ ਕਾਗ ਬਨੇਰੇ ਦਾ
ਪਲ ਵਿਚ ਆਵੇ ਛਿਨ ਵਿਚ ਜਾਵੇ, ਸੈਰ ਕਰੇ ਚੌਫੇਰੇ ਦਾ
ਇਕ ਮਨ ਹੋ ਕੇ ਰਾਮ ਨਾ ਜਪਿਓ, ਕਿਆ ਨਫਾ ਦਿਲ ਤੇਰੇ ਦਾ
ਮੋਤੀ ਰਾਮ ਤੂੰ ਸਮਝ ਪਿਆਰੇ, ਅੰਤ ਕਾਲ ਜਮ ਘੇਰੇ ਦਾ।੩।
ਹਾੜ ਹੋਸ਼ ਕਰ ਦਿਲ ਵਿਚ ਪਿਆਰੇ, ਕਾਲ ਨਗਾਰਾ ਵਜਦਾ ਈ
ਏਹ ਦੁਨੀਆਂ ਭਾਂਡੇ ਦੀ ਨਿਆਈਂ, ਜੋ ਘੜਿਆ ਸੋ ਭਜਦਾ ਈ
ਮਾਯਾ ਜੋੜੀ ਲੱਖ ਕਰੋੜੀ, ਅਜੇ ਨਾ ਮੂਰਖ ਰੱਜਦਾ ਈ
ਮੋਤੀ ਰਾਮ ਤੂੰ ਸਮਝ ਪਿਆਰੇ, ਕਾਲ ਨਗਾਰਾ ਵਜਦਾ ਈ।੪।
ਸਾਵਨ ਸ਼ੌਕ ਮਾਇਆ ਦਾ ਕਰਨੈਂ, ਸਾਈਂ ਦਾ ਸ਼ੌਕ ਨਾ ਕੀਤੋ ਈ
ਜਿਸ ਸਾਹਿਬ ਤੈਨੂੰ ਪੈਦਾ ਕੀਤਾ, ਉਸਦਾ ਨਾਮ ਨਾ ਲੀਤੋ ਈ
ਅਪਣੀ ਹੱਥੀਂ ਜਾਣ ਬੁਝਕੇ ਜ਼ਹਿਰ ਪਿਆਲਾ ਪੀਤੋ ਈ
ਮੋਤੀ ਰਾਮ ਤੂੰ ਸਮਝ ਪਿਆਰੇ, ਜਨਮ ਅਕਾਰਥ ਕੀਤੋ ਈ।੫।
ਭਾਦਰੋਂ ਭਾਰ ਪਿਆ ਸਿਰ ਤੇਰੇ, ਕਿਸ ਵਿਧ ਭਾਰ ਉਤਾਰੇਂਗਾ
ਡੂੰਘੀ ਨਦੀ ਕਹਿਰ ਦੀਆਂ ਲਹਿਰਾਂ, ਕੰਢੇ ਬੈਠ ਪੁਕਾਰੇਂਗਾ
ਅੰਤ ਸਮੇਂ ਤੇਰਾ ਕੋਈ ਨਾ ਬੇਲੀ, ਰੋ ਰੋ ਆਹੀਂ ਮਾਰੇਂਗਾ
ਮੋਤੀਰਾਮ ਤੂੰ ਸਮਝ ਪਿਆਰੇ, ਜਿਤ ਕੇ ਬਾਜ਼ੀ ਹਾਰੇਂਗਾ।੬।



Sri Satguru Jagjit Singh Ji eLibrary NamdhariElibrary@gmail.com

ਅੱਸੂ ਓੜਕ ਚਲਨਾ ਪਿਆਰੇ, ਦਮ ਦਾ ਰੈਣ ਬਸੇਰਾ ਈ
ਸਭ ਦਾ ਵਾਸ ਜੰਗਲ ਵਿਚ ਹੋਸੀ, ਜੋ ਕੋਈ ਭੁਲਾ ਭਲੇਰਾ ਈ
ਜਿਸ ਸਾਈਂ ਤੈਨੂੰ ਪੈਦਾ ਕੀਤਾ, ਸੋਈ ਠਾਕਰ ਤੇਰਾ ਈ
ਮੋਤੀ ਰਾਮ ਤੂੰ ਸਮਝ ਪਿਆਰੇ, ਸਿਰ ਤੇ ਭਾਰ ਘਨੇਰਾ ਈ ।੭।

ਕੱਤਕ ਕਿਸਮਤ ਭਲੀ ਓਹਨਾਂ ਦੀ, ਜਿਨ੍ਹਾਂ ਨਾਮ ਜਪ ਲੀਤਾ ਈ
ਸੋਈ ਅਮਰ ਜਗਤ ਵਿਚ ਹੋਏ, ਜਿਨ੍ਹਾਂ ਭਜਨ ਉਸਦਾ ਕੀਤਾ ਈ
ਰਾਮ ਨਾਮ ਦਾ ਪ੍ਰੇਮ ਪਿਆਲਾ, ਭਰ ਕੇ ਕਦੀ ਨਾ ਪੀਤਾ ਈ
ਮੋਤੀ ਰਾਮ ਤੂੰ ਸਮਝ ਪਿਆਰੇ, ਜਨਮ ਅਕਾਰਥ ਕੀਤਾ ਈ ।੮।

ਮੱਘਰ ਮਗਨ ਹੋਯੋਂ ਵਿਚ ਦਿਲ ਦੇ, ਆਪ ਖ਼ੁਦਾ ਕਹਾਵੇਂਗਾ
ਸਭ ਦੇ ਸਿਰ ਤੇ ਕਰੇਂ ਤਦਬੀਰਾਂ, ਸਭ ਪਰ ਹੁਕਮ ਚਲਾਵੇਂਗਾ
ਓਥੇ ਤੇਰਾ ਕੋਈ ਨਾ ਬੇਲੀ, ਰੋ ਰੋ ਹਾਲ ਵੰਞਾਵੇਂਗਾ
ਮੋਤੀ ਰਾਮ ਤੂੰ ਸਮਝ ਪਿਆਰੇ, ਰਾਹ ਅਵੱਲੇ ਜਾਵੇਂਗਾ ।੯।

ਪੋਹ ਪਿਆਰਾ ਯਾਦ ਨਾ ਕੀਤਾ, ਕੱਤੀ ਗੱਲ ਨਕਾਰੀ ਤੂੰ
ਐਸਾ ਨਾਮ ਅਮੋਲਕ ਪ੍ਰਭ ਦਾ, ਨਾ ਲੀਤਾ ਇਕ ਵਾਰੀ ਤੂੰ
ਬਾਰ ਬਾਰ ਸਮਝਾ ਰਹੇ ਤੈਨੂੰ, ਇਕ ਨਾ ਨਜ਼ਰ ਵਿਚਾਰੀ ਤੂੰ
ਮੋਤੀ ਰਾਮ ਤੂੰ ਸਮਝ ਪਿਆਰੇ, ਜਦ ਕਦ ਕਰੇਂ ਖੁਆਰੀ ਤੂੰ

ਮਾਘ ਮਾਣ ਨਾ ਕਰੀਏ, ਬੰਦੇ !, ਨਾਲ ਗਰੀਬੀ ਦੇ ਰਹਿਣਾ ਈ
ਜੇ ਕੋਈ ਆਖੇ ਗੱਲ ਵਧੀਕੀ, ਓਹ ਭੀ ਸਿਰ ਤੇ ਸਹਿਣਾ ਈ
ਉਚੇ ਹੋ ਕੇ ਮੂਲ ਨ ਬਹੀਏ, ਨੀਵੇਂ ਹੋ ਕੇ ਬਹਿਣਾ ਈ
ਮੋਤੀ ਰਾਮ ਤੂੰ ਸਮਝ ਪਿਆਰੇ, ਬਾਜ਼ੀ ਨੂੰ ਜਿਤ ਲੈਣਾ ਈ ।੧੧।

ਫੱਗਣ ਪਕੜਿਆ ਜਦੋਂ ਜਮਾਂ ਨੇ, ਪੇਸ਼ ਨ ਚਲੇ ਕੋਈ ਤੇਰੀ
ਰਾਮ ਭੁਲਾਯਾ ਕਿਆ ਫਲ ਪਾਯਾ, ਪੱਛੋਤਾਵੇਂਗਾ ਫੇਰੀ
ਬਾਰ ਬਾਰ ਸਮਝਾ ਰਹੇ ਤੈਨੂੰ, ਸਾਹਿਬ ਦੇ ਦਰ ਹੋ ਢੇਰੀ
ਮੋਤੀ ਰਾਮ ਤੂੰ ਸਮਝ ਪਿਆਰੇ, ਅੰਤ ਕਾਲ ਤੈਨੂੰ ਆ ਘੇਰੀ ।੧੨।





Sri Satguru Jagjit Singh Ji eLibrary NamdhariElibrary@gmail.com

## ੬੪. ਬਾਰਾਂਮਾਹ ਦਰਦਮੰਦਾਂ (ਰਹੀਮ ਯਾਰ)

ਚੇਤਰ ਚਾਉ ਸਜਨ ਗਏ ਵਾਗਾਂ, ਸਾਥੋਂ ਦਿਲ ਦੀਆਂ ਚਾ ਕੇ ਜੀ
ਨਵੀਂ ਵਿਆਹੀ ਦਰਦਾਂ ਫਾਹੀ, ਕੀ ਖੱਟਿਆ ਨੇਹੁੰ ਲਾ ਕੇ ਜੀ
ਵਾਂਙ ਜ਼ੁਲੈਖ਼ਾਂ ਕਮਲੀ ਕੀਤਾ, ਯੂਸਫ ਸੁਫਨੇ ਆ ਕੇ ਜੀ
ਆਪ 'ਰਹੀਮ' ਕਿਨਾਰੇ ਬੈਠਾ, ਸਾਨੂੰ ਨਦੀ ਰੁੜ੍ਹਾ ਕੇ ਜੀ ।੧।

ਵਿਸਾਖ ਵਿਸਾਖੀ ਸਹੀਆਂ ਨ੍ਹਾਵਣ, ਨਾਲ ਹੰਝੂ ਮੁਖ ਧੋਵਾਂ ਮੈਂ
ਸਈਆਂ ਹਾਰ ਸ਼ਿੰਗਾਰ ਲਗਾਵਨ, ਮੋਤੀ ਅਸ਼ਕ ਪਰੋਵਾਂ ਮੈਂ
ਖਲਕ ਪੀਆ ਦੇ ਗਾਵਨ ਗਾਵੇ, ਵੈਣ ਦੁਖਾਂ ਦੇ ਛੋਹਵਾਂ ਮੈਂ
ਵੇਖ 'ਰਹੀਮ' ਪਿਆਰੇ ਬਾਝੋਂ, ਉਠਦੀ ਬਹਿੰਦੀ ਰੋਵਾਂ ਮੈਂ ।੨।

ਜੇਠ ਮਹੀਨਾ ਹੇਠ ਗ਼ਮਾਂ ਦੇ, ਸੱਥਰ ਵਾਂਙ ਵਿਛਾਈਆਂ ਮੈਂ
ਬਿਰਹੋਂ ਜਟ ਲਗਾ ਲੜ ਮੇਰੇ, ਵਾਂਗ ਕਣਕ ਦੇ ਗਾਹੀਆਂ ਮੈਂ
ਜੋਗ ਗ਼ਮਾਂ ਦੀ ਦਿਲ ਤੇ ਫਿਰਦੀ,ਜੁਦਾ ਜੁਦਾ ਕਰ ਚਾਈਆਂ ਮੈਂ
ਵੇਖ 'ਰਹੀਮ' ਇਸ ਇਸ਼ਕ ਤੇਰੇ ਨੇ, ਛੱਜੀਂ ਪਾ ਉੜਾਈਆਂ ਮੈਂ ।੩।

ਹਾੜ ਕਾੜ ਗ਼ਮਾਂ ਦੀਆਂ ਧੁਪਾਂ, ਜਾਨ ਕੀਤੀ ਚਾ ਮਾਂਦੀ ਵੇ
ਆਤਸ਼ ਇਸ਼ਕ ਸੀਨੇ ਵਿਚ ਫੂਕੀ, ਨ ਪੀਂਦੀ ਨ ਖਾਂਦੀ ਵੇ
ਹਿਜਰ ਕੁਠਾਲੀ ਦੇ ਵਿਚ ਪੈ ਕੇ, ਹੁਣ ਮੈਂ ਗਲਦੀ ਜਾਂਦੀ ਵੇ
ਕੱਖ ਰਹੀਮ ਵਸਲ ਦਾ ਪਾਵੀਂ, ਹੋ ਜਾਵਾਂ ਫਿਰ ਚਾਂਦੀ ਵੇ ।੪।

ਸਾਵਨ ਸਰਕ ਗਿਆ ਉਸ ਕੋਲੋਂ, ਜਿਸਦਾ ਦਿਲਬਰ ਯਾਰ ਨਹੀਂ
ਜਿਸ ਤਨ ਲਗੇ ਸੋ ਤਨ ਜਾਣੇ, ਦੂਜੇ ਨੂੰ ਇਤਬਾਰ ਨਹੀਂ
ਏਸ ਵਿਛੋੜੇ ਕੋਲੋਂ ਮੈਨੂੰ, ਮੁਸ਼ਕਲ ਚੜ੍ਹਨਾ ਦਾਰ ਨਹੀਂ
ਆਖ ਰਹੀਮ ਪਿਆਰੇ ਬਾਝੋਂ, ਜੀਵਨ ਕੁਝ ਦਰਕਾਰ ਨਹੀਂ ।੫।

ਭਾਦੋਂ ਭਾਹ ਅਸਾਡੇ ਵਰਤੀ, ਡਾਢੇ ਦੀ ਤਕਦੀਰ ਸਹੀਓ
ਛੁਟਿਆ ਤੀਰ ਜੁਦਾਈ ਵਾਲਾ,ਗਿਆ ਕਲੇਜਾ ਚੀਰ ਸਹੀਓ
ਉਸਦੀ ਚਲੀ ਕਿਸੇ ਨ ਵੱਲੀ, ਆਖਣ ਪੀਰ ਫਕੀਰ ਸਹੀਓ
ਸੋਈਓ ਮਰ੍ਹਮ ਰਹੀਮ ਲਗਾਵੇ, ਜਿਸਨੇ ਲਾਇਆ ਤੀਰ ਸਹੀਓ ।੬।



Sri Satguru Jagjit Singh Ji eLibrary NamdhariElibrary@gmail.com

ਅਸੂਜ ਅਸਾਂ ਕੀ ਕੀਤਾ ਅੜਿਆ, ਇਸ ਦੁਨੀਆਂ ਤੇ ਆ ਕੇ ਵੇ
ਤੁਹਮਤ ਤੇ ਬਦਨਾਮੀ ਖੱਟੀ, ਨਾਲ ਤੇਰੇ ਨੇਹੁੰ ਲਾ ਕੇ ਵੇ
ਤੇਰੇ ਉਤੇ ਦੋਸ਼ ਕੀ ਪਿਆਰੇ, ਆਈਆਂ ਲੇਖ ਲਿਖਾ ਕੇ ਵੇ
ਵੱਸ 'ਰਹੀਮ' ਹੋਵੇ ਜੇ ਮੇਰੇ, ਮਰ ਜਾਵਾਂ ਕੁਝ ਖਾ ਕੇ ਵੇ ।੭।

ਕਤਕ ਕੌਂਤ ਗਿਆ ਹੈ ਜਦ ਦਾ, ਹਾਰ ਸ਼ਿੰਗਾਰ ਨਾ ਭਾਵੇ ਨੀ
ਗਹਿਣਾ ਸੁੰਜਾ ਰਹਣਾ ਮੈਨੂੰ, ਡੱਬੇ ਵਿਚ ਡਰਾਵੇ ਨੀ
ਖਾਣਾ ਮਾਸ ਹੱਡਾਂ ਦਾ ਖਾਂਦਾ, ਪੀਵਣ ਰੱਤ ਸੁਕਾਵੇ ਨੀ
ਆਖ ਰਹੀਮ ਪਿਆਰੇ ਬਾਝੋਂ, ਲਗੀ ਕੌਣ ਬੁਝਾਵੇ ਨੀ ।੮।

ਮੱਘਰ ਮਾਰ ਗ਼ਮਾਂ ਨੇ ਮੈਨੂੰ, ਕੀਤਾ ਚਕਨਾਚੂਰ ਸਈਓ
ਹਿਜਰ ਭੱਠੀ ਵਿਚ ਜਿੰਦੜੀ ਪੈ ਕੇ, ਹੋ ਗਈ ਵਾਂਗ ਮਨੂਰ ਸਹੀਓ
ਆਸ਼ਕ ਸੜਦੇ ਭੁਜ ਭੁਜ ਵੜਦੇ, ਜ਼ਾਲਮ ਇਸ਼ਕ ਤੰਦੂਰ ਸਹੀਓ
ਵੇਖ 'ਰਹੀਮ' ਪਿਆਰੇ ਬਾਝੋਂ, ਸੀਨੇ ਵਿਚ ਨਸੂਰ ਸਹੀਓ ।੯।

ਪੋਹ ਮਹੀਨੇ ਪਹੁ ਨ ਫੁਟੀ, ਰਾਤ ਅਜ਼ਾਬਾਂ ਵਾਲੀ ਵੇ
ਤੇਰੇ ਪਾਲੇ ਪੈ ਗਏ ਛਾਲੇ, ਅੱਗ ਹਿਜਰ ਨੇ ਬਾਲੀ ਵੇ
ਸੁਫਨੇ ਦੇ ਵਿਚ ਆਵੇਂ ਜਾਵੇਂ, ਸੇਜ ਵੇਖਾਂ ਤੇ ਖਾਲੀ ਵੇ
ਜੇ ਕਰ ਗਲੇ ਰਹੀਮ ਲਗਾਵੇਂ, ਹੋ ਜਾਵਾਂ ਖੁਸ਼ਹਾਲੀ ਵੇ ।੧੦।

ਮਾਘ ਮਹੀਨੇ ਮਾਹੀ ਬਾਝੋਂ, ਮੱਝ ਅਕੇਲਾ ਕੀਤਾ ਮੈਂ
ਸਬਰੋਂ ਅਜਰ ਮਿਲੇਂਦਾ ਸੁਣਿਆ, ਸਬਰ ਪਿਆਲਾ ਪੀਤਾ ਮੈਂ
'ਸੁਮਨ ਬੁਕਰਮ' ਸੂਈ ਲੈਕੇ, ਫੱਟ ਜਿਗਰ ਦਾ ਸੀਤਾ ਮੈਂ
ਥੋੜੀ ਦਿਨੀਂ ਰਹੀਮ ਸਜਨ ਨੂੰ, ਵਿਚ ਕਲਾਵੇ ਲੀਤਾ ਮੈਂ ।੧੧।

ਫੱਗਣ ਫਾਹੀ ਦੇ ਵਿਚ ਫਾਬੀ, ਆਕਾ ! ਤੇਰੀ ਗੋਲੀ ਮੈਂ
ਜਲਦੀ ਆਵੀਂ ਦੇਰ ਨ ਲਾਵੀਂ, ਜਾਨ ਅਜ਼ਾਬਾਂ ਡੋਲੀ ਮੈਂ
ਆ ਵੜ ਵੇਹੜੇ ਸੰਝ ਸਵੇਰੇ, ਸੁਖ ਦੀ ਖੇਡਾਂ ਹੋਲੀ ਮੈਂ
ਮੰਗਾਂ ਖੈਰ 'ਰਹੀਮ' ਸੱਜਣ ਦੀ, ਲੰਮੀ ਕਰ ਕਰ ਝੋਲੀ ਮੈਂ ।੧੨।

ਮੈਂ ਸੁੱਤੀ ਤੇ ਕਿਸਮਤ ਜਾਗੀ, ਕੌਂਤ ਕਹਿਆ, ਲੈ ਆਇਆ ਮੈਂ
'ਮੂਤੂਆ ਕਬਲ ਅਨਤਮੂਤੂ', ਮਰ ਕੇ ਦਰਸ਼ਨ ਪਾਇਆ ਮੈਂ
ਵਾਂਙ ਜ਼ੁਲੈਖਾਂ ਚੜ੍ਹੀ ਜੁਆਨੀ, ਯੂਸਫ ਨੂੰ ਗਲ ਲਾਇਆ ਮੈਂ
ਦਰਦਮੰਦਾਂ ਦੀ ਖ਼ਾਤਰ ਸਹੀਓ, ਬਾਰਾਂਮਾਹ ਬਣਾਇਆ ਮੈਂ ।੧੩।

---



Sri Satguru Jagjit Singh Ji eLibrary NamdhariElibrary@gmail.com

## ੬੫. ਬਾਰਾਂਮਾਹ ਮੁਹੰਮਦੀ (ਰਹੀਮਯਾਰ)

ਚੇਤਰ ਚਿਤ ਹਮੇਸ਼ਾਂ ਕਰਦਾਂ ਵਿਚ ਮਦੀਨੇ ਜਾਵਾਂ ਮੈਂ
ਰੋਜ਼ੇ ਪਾਕ ਨਬੀ ਦੇ ਉਤੋਂ, ਅਪਣੀ ਜਾਨ ਘੁਮਾਵਾਂ ਮੈਂ
ਜੇਕਰ ਹੋਵੇ ਹਜ਼ੂਰੀ ਪੂਰੀ, ਸਾਰੇ ਮਤਲਬ ਪਾਵਾਂ ਮੈਂ
ਰਬ ਰਹੀਮ ਕਰੀਮ ਕਾਦਰ ਤੋਂ, ਏਹੋ ਹਰਦਮ ਚਾਹਵਾਂ ਮੈਂ ।੧।

ਬੈਸਾਖ ਬਸਾਖੀ ਲੋਕੀ ਜਾਵਣ, ਮੈਂ ਤੜਪਾਂ ਮਦੀਨੇ ਨੂੰ
ਜਿਸਦੀ ਦੌਲਤ ਦੀਨ ਦੁਨੀ ਸਭ, ਵੇਖਾਂ ਉਸ ਖ਼ਜ਼ੀਨੇ ਨੂੰ
ਕਿਤ ਤਿਆਰੀ ਕਰਾਂ ਵਿਚਾਰੀ, ਮੈਂ ਸੁਬਹਾਨ ਮਹੀਨੇ ਨੂੰ
ਵੇਖਣ ਬਾਝ ਮੁਹੰਮਦ ਤੇਰੇ, ਭੱਠ ਘੱਤਾਂ ਇਸ ਜੀਨੇ ਨੂੰ ।੨।

ਜੇਠ ਹੇਠ ਰੋਜ਼ੇ ਦੇ ਜਾ ਕੇ, ਆਖਾਂ ਅਪਣੇ ਵਾਲੀ ਨੂੰ
ਐ ਮਹਿਬੂਬ ਹਬੀਬ ਖ਼ੁਦਾ ਦੇ, ਪਾਵੋ ਖੈਰ ਸਵਾਲੀ ਨੂੰ
ਤੂੰ ਸਖੀਆਂ ਦਾ ਸਖੀ ਮੁਹੰਮਦ, ਸੀਰ ਕਰੋ ਚਾ ਖਾਲੀ ਨੂੰ
ਬਾਝ ਦੀਦਾਰ ਕਦੇ ਨਾ ਛੋੜਾਂ, ਮੈਂ ਰੋਜ਼ੇ ਦੀ ਜਾਲੀ ਨੂੰ ।੩।

ਹਾੜ੍ਹ ਮਹੀਨੇ ਹਾੜ੍ਹੇ ਦਿਲ ਵਿਚ, ਹਜ਼ਰਤ ਕਰਾਂ ਬਥੇਰੇ ਮੈਂ
ਜੇਕਰ ਰਬ ਸਬੱਬ ਬਣਾਵੇ, ਰੋਜ਼ੇ ਪਹੁੰਚਾਂ ਤੇਰੇ ਮੈਂ
ਏਹੋ ਸਿਕ ਦਿਲੇ ਵਿਚ ਰਹਿੰਦੀ, ਲਵਾਂ ਚੁਤਰਫੀ ਫੇਰੇ ਮੈਂ
ਇਕ ਇਸ਼ਾਰਾ ਕਾਫੀ ਹਜ਼ਰਤ, ਪਹੁੰਚਾਂ ਸੰਝ ਸਵੇਰੇ ਮੈਂ ।੪।

ਸਾਵਣ ਸੌਂ ਜਾਵਣ ਸਭ ਸਖੀਆਂ, ਨੀਂਦ ਕਦੋਂ ਦੁਖਿਆਰੀ ਨੂੰ
ਪਿਛਲੀ ਰਾਤੀਂ ਕਿਤ ਉਡੀਕਾਂ, ਹਜ਼ਰਤ ਮੈਂ ਅਸਵਾਰੀ ਨੂੰ
ਸ਼ਰਬਤ ਸੰਦਲ ਪਿਲਾਵੋ ਹਜ਼ਰਤ, ਦੂਰ ਕਰੋ ਬੀਮਾਰੀ ਨੂੰ
ਕਦੀ ਮਦੀਨੇ ਸੱਦ ਮੁਹੰਮਦ, ਆਜਜ਼ ਔਗਣਹਾਰੀ ਨੂੰ ।੫।

ਭਾਦੋਂ ਭਾਗ ਉਨ੍ਹਾਂ ਦੇ ਚੰਗੇ, ਕੀਤੇ ਜਿਨ੍ਹਾਂ ਨਜ਼ਾਰੇ ਜੀ
ਵੇਖਣ ਵਾਲੇ ਜਿਸਨੇ ਵੇਖੇ, ਦੋਹੀਂ ਜਹਾਨੀਂ ਤਾਰੇ ਜੀ
ਹਿੰਦ ਸਿੰਧ ਵਿਚ ਰੁਲਣ ਹਮੇਸ਼ਾਂ, ਮੈਂ ਜਿਹੇ ਕਰਮਾਂ ਮਾਰੇ ਜੀ
ਪੜ੍ਹਨੇ ਸੁਣਨੇ ਲਿਖਣੇ ਵਾਲੇ, ਸੱਦ ਮਦੀਨੇ ਸਾਰੇ ਜੀ ।੬।



Sri Satguru Jagjit Singh Ji eLibrary NamdhariElibrary@gmail.com

ਅਸੂਜ ਆਸ ਹੋਵੇ ਤਾਂ ਪੂਰੀ, ਜਾਂ ਕਿਸਮਤ ਬੇਦਾਰ ਹੋਵੇ
ਬਖ਼ਤ ਕਮਬਖ਼ਤ ਜੇ ਯਾਵਰ ਹੋਵਣ, ਕਿਉਂ ਨਾ ਫੇਰ ਦੀਦਾਰ ਹੋਵੇ
ਸ਼ਰਬਤ ਸੰਦਲ ਮਿਲੇ ਜੇ ਮੈਨੂੰ, ਗ਼ਮ ਦਾ ਦੂਰ ਅਜ਼ਾਰ ਹੋਵੇ
ਕਲਮਾ ਆਖ ਮੁਹੰਮਦ ਵਾਲਾ, ਬੇੜਾ ਸ਼ਹੁ ਥੀਂ ਪਾਰ ਹੋਵੇ ।੭।

ਕੱਤਕ ਕੌਂਤ ਮਦੀਨੇ ਅੰਦਰ, ਵਿਚ ਪੰਜਾਬ ਖਰਾਬ ਬੰਦੀ
ਆਤਸ਼ ਇਸ਼ਕ ਤੁਸਾਡੀ ਹਜ਼ਰਤ, ਕੀਤੀ ਭੁੰਨ ਕਬਾਬ ਬੰਦੀ
ਰੱਬ ਰਹੀਮ ਕੋਲੋਂ ਨਿਤ ਮੰਗੇ, ਤੇਰਾ ਵਸਲ ਸ਼ਰਾਬ ਬੰਦੀ
ਤੇਰੇ ਹਿਜਰੋਂ ਪਾਕ ਮੁਹੰਮਦ, ਸਿਰ ਪਰ ਲੱਖ ਅਜ਼ਾਬ ਬੰਦੀ ।੮।

ਮੱਘਰ ਮਾਰ ਵਿਛੋੜੇ ਤੇਰੇ, ਕੀਤੀ ਚਾ ਮਸਤਾਨੀ ਜੀ
ਮਾਂ ਪਿਉ ਖੇਸ਼ ਕਬੀਲਾ ਮੈਨੂੰ, ਆਖਣ ਸਭ ਦੀਵਾਨੀ ਜੀ
ਦੀਨ ਦੁਨੀ ਵਿਚ ਜ਼ਾਹਰ ਬਾਤਨ, ਤੂੰ ਹੀ ਦਿਲ ਦਾ ਜਾਨੀ ਜੀ
ਇਕ ਨਜ਼ਾਰਾ ਬਖਸ਼ੋ ਮੈਨੂੰ, ਐ ਮਹਿਬੂਬ ਸੁਜਾਨੀ ਜੀ ।੯।

ਪੋਹ ਮਹੀਨੇ ਪਹੁ ਫੁਟਣ ਦੇ, ਵੇਲੇ ਮੈਂ ਉਠ ਬਹਿਨੀ ਆਂ
ਮਿੰਨਤਾਂ ਕਰਕੇ ਨਿਤ ਸਬਾ ਨੂੰ, ਇਹ ਸੁਨੇਹੇ ਕਹਿਨੀ ਆਂ
ਪੁਛ ਸਬਾ ਤੂੰ ਰੋਜ਼ੇ ਜਾ ਕੇ, ਕਦੋਂ ਮਦੀਨੇ ਵਹਿਨੀ ਆਂ
ਬਾਝ ਖੁਦਾਵੰਦ ਕੋਈ ਨਾ ਜਾਣੇ, ਜੋ ਸਦਮੇ ਸਿਰ ਸਹਿਨੀ ਆਂ ।੧੦।

ਮਾਘ ਮਹੀਨੇ ਮਾਹੀ ਬਾਝੋਂ, ਮਾਹੀ ਮਾਹੀ ਕਰਦੀ ਹਾਂ
ਲੈ ਲੈ ਨਾਮ ਤੁਸਾਡਾ ਹਜ਼ਰਤ, ਬਹਿਰ ਗਮਾਂ ਵਿਚ ਤਰਦੀ ਹਾਂ
ਇਸ਼ਕ ਤੁਸਾਡੇ ਅੰਦਰ ਹਜ਼ਰਤ, ਦੁਖ ਹਜ਼ਾਰਾਂ ਜਰਦੀ ਹਾਂ
ਯਾ ਮੁਹੰਮਦ ਯਾ ਮੁਹੰਮਦ, ਉਠਦੀ ਬਹਿੰਦੀ ਪੜ੍ਹਦੀ ਹਾਂ ।੧੧।

ਫਗਣ ਫਾਹੀ ਵਿਚੋਂ ਹਰਨੀ, ਹਜ਼ਰਤ ਤੁਸਾਂ ਛੁੜਾਈ ਏ
ਮੇਰੀ ਜਾਨ ਵਿਛੋੜੇ ਤੇਰੇ, ਫਾਹੀ ਦੇ ਵਿਚ ਫਾਹੀ ਏ
ਗੁਲਸ਼ਨ ਦੇ ਵਿਚ ਮੁੜ ਕੇ ਹਜ਼ਰਤ, ਰੁਤ ਗੁਲਾਂ ਦੀ ਆਈ ਏ
ਖ਼ਾਤਰ ਪਾਕ ਮੁਹੰਮਦ ਤੇਰੀ, ਸੋਹਣੀ ਸੇਜ ਸਜਾਈ ਏ ।੧੨।

ਆਮਦ ਆਮਦ ਅਹਿਮਦ ਕੀਤੀ, ਸਭ ਜਗ ਨੂਰੋ ਨੂਰ ਹੋਇਆ
ਡਿਗੇ ਲਾਤਉਜ਼ੀ ਬੁਤ ਦੋਵੇਂ, ਐਸਾ ਨੂਰ ਜ਼ਹੂਰ ਹੋਇਆ
ਘਰ ਅੰਧੇਰ ਦੇ ਕੰਬਣ ਲਗੇ, ਕੁਫਰ ਸ਼ਿਰਕ ਸਭ ਦੂਰ ਹੋਇਆ
ਕਲਮਾ ਆਖ ਰਹੀਮ ਨਬੀ ਦਾ, ਬਾਰਾਂਮਾਹ ਮਨਜ਼ੂਰ ਹੋਇਆ ।੧੩।

---



Sri Satguru Jagjit Singh Ji eLibrary NamdhariElibrary@gmail.com

## ੬੬. ਬਾਰਾਂਮਾਹ ਮੁਹੰਮਦੀ (ਕਰੀਮ ਕਖਸ਼ ਬਦਰ)

ਚੇਤਰ ਚਿੰਤਾ ਹਰਦਮ ਚਮਕੇ, ਤਰਫ ਮਦੀਨੇ ਜਾਵਾਂ ਮੈਂ
ਪਕੜਾਂ ਜਾਲੀ ਰੋਜ਼ੇ ਸੰਦੀ, ਰੋ ਰੋ ਹਾਲ ਸੁਣਾਵਾਂ ਮੈਂ
ਭਾਹੁ ਵਿਛੋੜੇ ਇਹ ਜਗ ਖਾਇਆ, ਵਸਲੋਂ ਪਾਣੀ ਪਾਵਾਂ ਮੈਂ
ਜੇਕਰ ਯਾਰੀ ਕਰੇ ਨਸੀਬਾ, ਬਦਰ ਪੀਆ ਸੰਗ ਲਾਵਾ ਮੈਂ ।੧।

ਕਰਨ ਵਿਸਾਖ ਤਿਆਰੀ ਸਹੀਆਂ, ਰਲ ਮਿਲ ਨ੍ਹਾਵਣ ਜਾਵਣ ਨੂੰ
ਉਠ ਉਠ ਪਵੇ ਪਲੰਗ ਦਰਿੰਦਾ, ਮੈਂ ਤੱਤੀ ਦੇ ਖਾਵਣ ਨੂੰ
ਮੈਂ ਤੱਤੀ ਤੇ ਤੱਤ ਭਭੂੱਤੀ, ਜੰਮੀ ਦਰਦ ਉਠਾਵਣ ਨੂੰ
ਤੇਰੇ ਬਾਝ ਰਸੂਲਾ ਕੇਹੜਾ, ਕਢਾਂ ਹਾਲ ਸੁਣਾਵਣ ਨੂੰ ।੨।

ਜੇਠ ਹੇਠ ਗ਼ਮਾਂ ਦੇ ਆਈ, ਦਰਦ ਵਿਛੋੜਾ ਖਾਂਦਾ ਜੇ
ਜਲਦ ਮਦੀਨੇ ਸੱਦੋ ਹਜ਼ਰਤ, ਨਹੀਂ ਅਜ਼ੀਜ਼ ਮਰ ਜਾਂਦਾ ਜੇ
ਖਾਕ ਸਿਰੇ ਤੇ ਚੱਕ ਗਰੀਬਾਂ, ਜੋਗੀ ਭੇਸ ਬਣਾਂਦਾ ਜੇ
ਆਈ ਜਾਨ ਲਬਾਂ ਤੇ ਹਜ਼ਰਤ, ਦਮ ਦਮ ਦਰਦ ਸਤਾਂਦਾ ਜੇ ।੩।

ਹਾੜ ਮਹੀਨੇ ਹਾੜੇ ਘੱਤਾਂ, ਰੋ ਰੋ ਹਾਲ ਵੰਜਾਵਾਂ ਮੈਂ
ਦੂਤੀ ਦੁਸ਼ਮਣ ਕੁਲ ਜ਼ਮਾਨਾ, ਕਿਉਂ ਕਰ ਜਾਨ ਬਚਾਵਾਂ ਮੈਂ
ਚੋਰੀ-ਛੁਪੇ ਭਾਈਆਂ ਕੋਲੋਂ, ਤਰਫ ਮਦੀਨੇ ਜਾਵਾਂ ਮੈਂ
ਉਹ ਕਿਹੜਾ ਦਿਨ ਭਾਗੀਂ ਭਰਿਆ, ਜਦ ਪੀਆ ਅੰਗ ਲਾਵਾਂ ਮੈਂ ।੪।

ਸਾਵਣ ਸੌਣ ਨ ਬਿਰਹੋਂ ਦੇਂਦਾ, ਰੋ ਰੋ ਚੀਕਾਂ ਮਾਰਾਂ ਮੈਂ
ਆ ਮਹਿਬੂਬ ਹਬੀਬ ਖੁਦਾ ਦੇ, ਕਿਸ ਦਰ ਜਾਇ ਪੁਕਾਰਾਂ ਮੈਂ
ਦੁਸ਼ਮਨ ਪਾਲੇ ਦੂਤੀ ਵੇਹੜੇ, ਕਿਕਰ ਉਮਰ ਗੁਜ਼ਾਰਾਂ ਮੈਂ
ਅਜੇ ਨ ਲੱਭਾ ਤੂੰ ਤੇ ਜਾਨੀ, ਜਿੰਦ ਤੇਰੇ ਤੋਂ ਵਾਰਾਂ ਮੈਂ ।੫।

ਭਾਦਰੋਂ ਭਾਹ ਵਿਛੋੜੇ ਭੜਕੀ, ਜਲ ਬਲ ਕੋਇਲਾ ਹੋਵਾਂਗੀ
ਖਾਲੀ ਮਹਿਲ ਡਰਾਵਣ ਸਈਓ, ਹੰਝੂ ਹਾਰ ਪਰੋਵਾਂਗੀ
ਘਰ ਦੇ ਵਾਲੀ ਜਾਤ ਨਾ ਪੁਛੀ, ਕਿਸ ਅੱਗੇ ਜਾ ਰੋਵਾਂਗੀ
ਚਲ ਮਦੀਨੇ ਖਾਵਿੰਦ ਅੱਗੇ, ਹੁਣ ਹੱਥ ਬੰਨ੍ਹ ਖਲੋਵਾਂਗੀ ।੬।



Sri Satguru Jagjit Singh Ji eLibrary NamdhariElibrary@gmail.com

ਅਸੂਜ ਆਸ ਨਹੀਂ ਕੁਝ ਬਾਕੀ, ਮੈਂ ਐਸੀ ਕੁਰਲਾਂਦੀ ਹਾਂ
ਤੇਰੇ ਦਰਦ ਵਿਛੋੜੇ ਹਜ਼ਰਤ, ਖ਼ੂਨ ਜਿਗਰ ਦਾ ਖਾਂਦੀ ਹਾਂ
ਲਿਖਿਆ ਲੇਖ ਨਸੀਬ ਅਜ਼ਲ ਦਾ, ਇਹ ਝੋਲੀ ਹੁਣ ਪਾਂਦੀ ਹਾਂ
ਸਰਵਰੇ ਆਲਮ ਦੁਹੀਂ ਜਹਾਨੀਂ, ਤੇਰੀ ਗੋਲੀ ਬਾਂਦੀ ਹਾਂ ।੭।

ਕੱਤਕ ਕੌਣ ਸੁਣੇ ਫ਼ਰਿਆਦਾਂ, ਤੂੰ ਸਰਵਰ ਸੁਲਤਾਨਾ ਹੈਂ
ਤੂੰ ਮਹਿਬੂਬ ਰਸੂਲ ਖ਼ੁਦਾ ਦਾ, ਵਾਲੀ ਦੋਹੀਂ ਜਹਾਨਾ ਹੈ
ਤੇਰੀ ਖਾਤਰ ਪੈਦਾ ਹੋਇਆ, ਜੋ ਜ਼ਿਮੀ ਅਸਮਾਨਾ ਹੈ
ਦੁਨੀਆਂ ਅੰਦਰ ਹਸ਼ਰ ਦਿਹਾੜੇ, ਤੂੰ ਮੇਰਾ ਖਸਮਾਨਾ ਹੈ ।੮।

ਮੱਘਰ ਮੁਕ ਰਹੀ ਹਾਂ ਹਜ਼ਰਤ, ਆਇ ਕਰੋ ਦਿਲਦਾਰੀ ਮੈਂ
ਲੱਖ ਲੱਖ ਵਾਰੀ ਵਾਰੀ ਜਾਵਾਂ, ਘੋਲ ਘੱਤਾਂ ਇਕ ਵਾਰੀ ਮੈਂ
ਪੇਸ਼ ਕਬੀਲਾ ਘੋਲ ਘੁਮਾਵਾਂ, ਹੋ ਕੁਰਬਾਨ ਨਕਾਰੀ ਮੈਂ
ਜੇ ਇਕ ਝੱਟ ਮੁਯੱਸਰ ਆਵੇ, ਦੁਹੀਂ ਜਹਾਨੀਂ ਤਾਰੀ ਮੈਂ ।੯।

ਪੋਹ ਮਹੀਨੇ ਸਰਵਰ ਬਾਝੋਂ ਜੋ ਸੰਗ ਮੇਰੇ ਬੀਤੀ ਜੇ
ਸ਼ਾਲਾ ਦੁਸ਼ਮਣ ਨਾਲ ਨ ਹੋਵੇ, ਜੇਹੀ ਵਿਛੋੜੇ ਕੀਤੀ ਜੇ
ਕੀ ਆਖਾਂ ਮੈਂ ਇਸ਼ਕ ਕਵੱਲੀਆਂ, ਮੌਤ ਆਪੇ ਮੰਗ ਲੀਤੀ ਜੇ
ਜ਼ਹਿਰ ਪਿਆਲੀ ਇਸ਼ਕੇ ਵਾਲੀ, ਮਿਤ ਆਖੀ ਮੈਂ ਪੀਤੀ ਜੇ ।੧੦।

ਮਾਹੀ ਮਾਘ ਨ ਮੈਂ ਘਰ ਆਏ, ਖਾਲੀ ਸੇਜ ਡਰਾਵੇਗੀ
ਪਈਆਂ ਬਰਫਾਂ ਸਰਦੀ ਸ਼ੁਰਕੀ, ਸਿਰ ਦੀ ਪੀੜ ਖਪਾਵੇਗੀ
ਬੇਲੀ ਮੇਲੀ ਸੰਗ ਨ ਬੇਲੀ, ਬਦਰ ਹਵੇਲੀ ਖਾਵੇਗੀ
ਐ ਹਜ਼ਰਤ ਦੀਦਾਰ ਦਿਖਾਵੇਂ, ਥੋਕ ਕਲੇਜੇ ਜਾਵੇਗੀ ।੧੧।

ਫਗਣ ਫੂਕੀ ਸੂਹੇ ਸਾਵੇ, ਤੈਂ ਬਾਝੋਂ ਕੁਝ ਯਾਦ ਨਹੀਂ
ਗੁਜ਼ਰਿਆ ਸਾਲ ਨ ਸੱਜਣ ਆਏ, ਜਾਂ ਕੋਈ ਫ਼ਰਿਆਦ ਨਹੀਂ
ਐ ਮਕਬੂਲ ਰਸੂਲ ਖ਼ੁਦਾ ਦੇ, ਬਿਨ ਤੇਰੇ ਦਿਲ ਸ਼ਾਦ ਨਹੀਂ
ਜਾਇ ਪੁਕਾਰਾਂ ਵਿਚ ਮਦੀਨੇ, ਕਿਉਂ ਹੁੰਦੀ ਇਮਦਾਦ ਨਹੀਂ ।੧੨।





Sri Satguru Jagjit Singh Ji eLibrary NamdhariElibrary@gmail.com

## ੬੭. ਬਾਰਾਂਮਾਹ ਰਹੀਮ ਬਖਸ਼ ਸਾਅਦ

ਚੇਤਰ ਚਾ ਹਮੇਸ਼ਾ ਰਹਿੰਦਾ, ਸ਼ਹਿਰ ਮਦੀਨੇ ਜਾਵਣ ਦਾ
ਭੂਰੀ ਵਾਲੇ ਮਸਤ ਮਾਹੀ ਪਰ, ਜਿੰਦੜੀ ਘੋਲ ਘੁਮਾਵਣ ਦਾ
ਬਣ ਪਰਵਾਨਾ ਓਸ ਸ਼ਮ੍ਹਾ ਤੇ, ਜਾ ਕੇ ਜਾਨ ਜਲਾਵਣ ਦਾ
ਹਾਜ਼ਰ ਹੋ ਦਰਬਾਰ ਨਬੀ ਦੇ, ਰੋ ਰੋ ਹਾਲ ਸੁਣਾਵਣ ਦਾ ।੧।

ਵਿਸਾਖ ਫਿਰਾਕ ਤੁਸਾਡੇ ਸ਼ਾਹਾ, ਦਿਲ ਮੇਰੇ ਨੂੰ ਘੇਰ ਲਿਆ
ਦੁਨੀਆਂ ਦੇ ਸਭ ਕਾਰੋਬਾਰੋਂ, ਇਕੋ ਵਾਰੀ ਫੇਰ ਲਿਆ
ਸੱਦ ਸ਼ਤਾਬੀ ਵਿਚ ਹਜ਼ੂਰੀ, ਹਿਜਰੋਂ ਸਾੜ ਬਥੇਰ ਲਿਆ
ਸਾਅਦ ਬਿਚਾਰੇ ਦਾ ਦਿਲ ਪੁਰਜ਼ੇ, ਕਰ ਤੇਰੀ ਸ਼ਮਸ਼ੇਰ ਲਿਆ ।੨।

ਜੇਠ ਜੁਦਾਈਆਂ ਕਾਹਨੂੰ ਪਾਈਆਂ, ਜੇ ਤੂੰ ਆਪ ਸਹੇੜੀ ਮੈਂ
ਭਾਵੇਂ ਚੰਗੀ ਭਾਵੇਂ ਮੰਦੀ, ਓੜਕ ਬੰਦੀ ਤੇਰੀ ਮੈਂ
ਰੱਬ ਰਹੀਮ ਚੜ੍ਹਾਈ ਪਿਆਰੋਂ, ਉਪਰ ਤੇਰੀ ਬੇੜੀ ਮੈਂ
ਨਾਲ ਮੁਹੱਬਤ ਪਾਰ ਲੰਘਾਵੀਂ, ਪਵਾਂ ਨ ਘੁੰਮਣਘੇਰੀ ਮੈਂ ।੩।

ਹਾੜ ਮਹੀਨੇ ਹਾੜੇ ਕਰ ਕਰ, ਨਿਤ ਰਹਾਂ ਕੁਰਲਾਂਦੀ ਮੈਂ
ਵਿਚ ਦਰਬਾਰ ਨਬੀ ਸਾਹਿਬ ਦੇ, ਰੋ ਰੋ ਹਾਲ ਬਤਾਂਦੀ ਮੈਂ
ਬਰਕ ਅੱਲ੍ਹਾ ਦੀਦਾਰ ਦਿਓ ਜੀ, ਨਾਹੀ ਤੇ ਮਰ ਜਾਂਦੀ ਮੈਂ
ਯਾ ਰਸੂਲ ਆਓ ਸ਼ਤਾਬੀ, ਨਾਮ ਲਇਆਂ ਸ਼ਰਮਾਂਦੀ ਮੈਂ ।੪।

ਸਾਵਣ ਗਾਵਣ ਗਾਵਾਂ ਤੇਰੇ, ਦਰਦ ਵਿਛੋੜੇ ਵਾਲੇ ਮੈਂ
ਜਾਂ ਜੰਮੀ ਨ ਡਿਠੇ ਕੋਈ, ਦਿਨ ਦੋ ਚਾਰ ਸੁਖਾਲੇ ਮੈਂ
ਤਰਸ ਰਹੀਆਂ ਇਕ ਦਰਸ ਤੇਰੇ ਨੂੰ, ਅੰਦਰ ਖ਼ੁਆਬ ਖਿਆਲੇ ਮੈਂ
ਤੂੰ ਲੁਕ ਬੈਠੋਂ ਦਿਲ ਮੇਰੇ ਵਿਚ, ਅਰਬ ਅਜਮ ਸਭ ਭਾਲੇ ਮੈਂ ।੫।

ਭਾਦਰੋਂ ਭਾਹ ਬੁਝਾਓ ਜਲਦੀ, ਨਾਲ ਕਲੇਜੇ ਲਾ ਰਾਤੀਂ
ਕਰ ਖਾਂ ਰਹਿਮ ਰਹੀਮ ਕਹਾਵੇਂ, ਬਣ ਕੇ ਬੇਪਰਵਾਹ ਰਾਤੀਂ
ਨਾ ਤਰਸਾ ਹਮੇਸ਼ਾ ਮੈਨੂੰ, ਸੋਹਣਾ ਮੁਖ ਦਿਖਾ ਰਾਤੀਂ
ਦਿਲ ਦੀ ਆਸ ਰਹੀਮ ਬਖਸ਼ ਦੀ, ਪੂਰੀ ਕਰਕੇ ਜਾ ਰਾਤੀਂ ।੬।



Sri Satguru Jagjit Singh Ji eLibrary NamdhariElibrary@gmail.com

ਅਸੂਜ ਆਸ ਮੁਰਾਦਾਂ ਸਭੇ, ਦਿਲ ਤੋਂ ਲਾਹ ਹਟਾਈਆਂ ਮੈਂ
ਤੇਰੇ ਪਾਕ ਜਮਾਲ ਕਰਨ ਨੂੰ, ਫਿਰਨੀਆਂ ਹਾਲ ਸੁਦਾਈਆਂ ਮੈਂ
ਆ ਪੀਆ ਗਲ ਲਾ ਸ਼ਤਾਬੀ, ਦਰਦ ਵਿਛੋੜੇ ਤਾਈਆਂ ਮੈਂ
ਦੇਹ ਦੀਦਾਰ ਰਹੀਮ ਬਖਸ਼ ਨੂੰ, ਹੁਣ ਨ ਤਾਬ ਜੁਦਾਈਆਂ ਮੈਂ ।੭।

ਕੱਤੀਂ ਕੌਣ ਪੁਚਾਵੇ ਮੈਨੂੰ, ਸ਼ੀਰਬ ਦੇ ਵਿਚਕਾਰ ਭਲਾ
ਰੋ ਰੋ ਅਰਜ਼ ਗੁਜ਼ਾਰਾਂ ਜਾ ਕੇ, ਸੋਹਣੇ ਦੇ ਦਰਬਾਰ ਭਲਾ
ਬਰਦੀਮਾਨੀ ਲਾਹ ਪਿਆਰੇ, ਮੈਨੂੰ ਦੇਹ ਦੀਦਾਰ ਭਲਾ
ਇਕੋ ਨਜ਼ਰ ਮੁਹੱਬਤ ਵਾਲੀ, ਉਪਰ ਸਾਅਦ ਉਲਾਰ ਭਲਾ ।੮।

ਮੱਘਰ ਮਨ ਵਿਚ ਖੁਆਹਸ਼ ਮੇਰੇ, ਅਜ ਮਦੀਨੇ ਹੋਵਾਂ ਮੈਂ
ਫੜ ਕੇ ਜਾਲੀ ਰੌਜ਼ੇ ਵਾਲੀ, ਵਿਚ ਹਜ਼ੂਰ ਖਲੋਵਾਂ ਮੈਂ
ਕੱਢ ਗੁਬਾਰ ਦਿਲੇ ਦਾ ਸਾਰਾ, ਉਚੀ ਉਚੀ ਰੋਵਾਂ ਮੈਂ
ਨਾਮਾ ਅਮਲ ਗ਼ੁਨਾਹਾਂ ਵਾਲਾ, ਸਾਰਾ ਸਾਅਦਾ ! ਧੋਵਾਂ ਮੈਂ ।੯।

ਪੋਹ ਪਿਆਰੇ ਪਾਓ ਫੇਰਾ, ਜਾਨ ਤੁਸਾਂ ਤੋਂ ਘੋਲੀ ਮੈਂ
ਪਾਓ ਖ਼ੈਰ ਸ਼ਿਤਾਬੀ ਮੈਨੂੰ, ਅੱਡ ਖਲੋਤੀ ਝੋਲੀ ਮੈਂ
ਜੇਕਰ ਲੱਖ ਗੁਨਾਹਾਂ ਲੱਦੀ, ਓੜਕ ਤੇਰੀ ਗੋਲੀ ਮੈਂ
ਸਾਅਦ ਪੀਆ ਗਲ ਲਾ ਸ਼ਤਾਬੀ, ਬਹੁਤ ਗ਼ਮਾਂ ਨੇ ਰੋਲੀ ਮੈਂ ।੧੦।

ਮਾਘ ਮਹੀਨੇ ਵਲ ਮਦੀਨੇ, ਮੈਨੂੰ ਕਰੋ ਤਿਆਰ ਸਈਓ
ਜਦ ਤਕ ਮੈਂ ਨ ਅੱਖੀਂ ਵੇਖਾਂ, ਦਿਲ ਨੂੰ ਨਹੀਂ ਕਰਾਰ ਸਈਓ
ਉਥੇ ਮੇਰਾ ਸਰਵਰ ਆਲਮ, ਉਮੱਤ ਦਾ ਗਮਖ਼ਾਰ ਸਈਓ
ਚੰਦ ਮੁਨੱਵਰ ਲਾਟਾਂ ਮਾਰੇ, ਬੁਰਕੇ ਦੇ ਵਿਚਕਾਰ ਸਈਓ ।੧੧।

ਫੱਗਣ ਭਾਗਾਂ ਵਾਲੀਆਂ ਓਹੋ, ਕਰਨ ਸਦਾ ਜੋ ਦਰਸ਼ਨ ਨੂੰ
ਦਾਊਦ ਅੰਦਰ ਲੰਮੀਆਂ ਵਾਟਾਂ, ਮੈਂ ਕਿਉਂ ਜੰਮੀ ਤਰਸਨ ਨੂੰ
ਰਹਿਮਤ ਦਾ ਕੋਈ ਬੱਦਲ ਭੇਜੋ, ਇਸ ਵਤਨ ਪਰ ਬਰਸਨ ਨੂੰ
ਨੇੜੇ ਸੱਦ ਰਹੀਮ ਬਖਸ਼ ਨੂੰ, ਨਿਤ ਜਮਾਲੋਂ ਪਰਸਨ ਨੂੰ ।੧੨।





Sri Satguru Jagjit Singh Ji eLibrary NamdhariElibrary@gmail.com

## ੬੮. ਬਾਰਾਂਮਾਹ ਅਹਿਮਦਦੀਨ

ਚੇਤਰ ਚੜ੍ਹਿਆ ਮਾਹ ਉਦਾਸੀ, ਤਰਫ ਮਦੀਨੇ ਜਾਣਾ ਮੈਂ
ਲੱਗੀ ਆਤਸ਼ ਹਿਜਰਾਂ ਵਾਲੀ, ਭੁੱਲਾ ਪੀਣਾ ਖਾਣਾ ਮੈਂ
ਪਤਾ ਨਿਸ਼ਾਨੀ ਦੱਸ ਨ ਗਇਆ, ਢੂੰਢਾਂ ਕੌਣ ਟਿਕਾਣਾ ਮੈਂ
ਅਹਿਮਦਦੀਨ ਮਦੀਨੇ ਚੱਲਾਂ, ਮੱਲਾਂ ਦੇਸ ਬਿਗਾਨਾ ਮੈਂ ।੧।

ਵਿਸਾਖ ਵਿਸਾਖੀ ਦੇਖਣ ਕਾਰਨ, ਘਰੀਂ ਸੁਦਾਗਰ ਆਏ ਨੀ
ਕੀ ਜਾਣਾ ਦਿਲਦਾਰ ਪਿਆਰੇ, ਕੇਹੜੇ ਦੇਸ ਵਸਾਏ ਨੀ
ਕਿਸਮਤ ਵਾਲੀਆਂ ਜ਼ੇਵਰ ਪਾਏ, ਕੌਂਤਾਂ ਨੂੰ ਦਿਖਲਾਏ ਨੀ
ਅਹਿਮਦਦੀਨ ਮੁਸਾਫਰ ਸਾਡੇ, ਕਿਉਂ ਇਤਨੇ ਦਿਨ ਲਾਏ ਨੀ ।੨।

ਜੇਠ ਜੁਦਾਈ ਜਾਨ ਜਲਾਈ, ਵੈਰੀ ਕੁਲ ਜਹਾਨ ਸੱਜਣ
ਕੂਕਾਂ ਮਾਰਾਂ ਚੈਨ ਨ ਆਵੇ, ਦਿਲ ਨੂੰ ਨਾ ਅਰਮਾਨ ਸੱਜਣ
ਲੱਗਣ ਤੀਰ ਕਲੇਜੇ ਅੰਦਰ, ਦੁਖੀ ਮੇਰੀ ਜਾਨ ਸੱਜਨ
ਅਹਿਮਦਦੀਨ ਮਦੀਨੇ ਜਾ ਕੇ, ਜਾਨ ਕਰਾਂ ਕੁਰਬਾਨ ਸੱਜਨ ।੩।

ਹਾੜ ਮਹੀਨੇ ਕਰ ਕਰ ਹਾੜੇ, ਰੋ ਰੋ ਹੋਈ ਝੱਲੀ ਮੈਂ
ਮਿਲ ਮਾਹੀ ਰੋਂਦੀ ਦੁਖਿਆਰੀ, ਦਰਦ ਫਿਰਾਕਾਂ ਸੱਲੀ ਮੈਂ
ਸੁਕਦੀ ਜਾਨ ਵਿਛੋੜੇ ਅੰਦਰ, ਰਾਖ ਬਦਨ ਪਰ ਮਲੀ ਮੈਂ
ਅਹਿਮਦਦੀਨ ਸੱਜਨ ਦੀ ਖਾਤਰ, ਜੰਗਲ ਫਿਰਾਂ ਇਕੱਲੀ ਮੈਂ ।੪।

ਸਾਵਣ ਸਈਆਂ ਰਲ ਮਿਲ ਸਭੇ, ਲਾਵਣ ਹਾਰ ਸ਼ਿੰਗਾਰ ਸੱਜਣ
ਨਾਜ਼ ਕਰੇਂਦੀਆਂ ਪਰੀਆਂ ਵਾਗੂੰ, ਪਰਚਾਵਣ ਦਿਲਦਾਰ ਸੱਜਣ
ਮੈਂ ਬਦਕਿਸਮਤ ਰੋਂਦੀ ਫਿਰਦੀ, ਖਬਰ ਨਾ ਸ਼ਾਹ ਅਬਰਾਰ ਸੱਜਣ
ਅਹਿਮਦਦੀਨ ਮੁਸਾਫਰ ਆਜ਼ਿਜ਼, ਰੋਂਦੀ ਅੰਦਰ ਬਾਹਰ ਸੱਜਣ ।੫।

ਭਾਦੋਂ ਭਾਹ ਜੁਦਾਈ ਵਾਲੀ, ਸੀਨੇ ਦੇ ਵਿਚਕਾਰ ਸਨਮ
ਰੋ ਰੋ ਖੂਨ ਸੁਕਾਇਆ ਚਸ਼ਮਾਂ, ਆਜ਼ਜ਼ ਸਖਤ ਲਾਚਾਰ ਸਨਮ
ਜੀਵਨ ਨਾਲੋਂ ਮਰਨਾ ਬਿਹਤਰ, ਜਿਸਦਾ ਕੋਲ ਨ ਯਾਰ ਸਨਮ
ਅਹਿਮਦਦੀਨ ਅਰਬ ਦਾ ਪਿਆਰਾ, ਮੈਨੂੰ ਗਿਆ ਵਿਸਾਰ ਸਨਮ ।੬।



Sri Satguru Jagjit Singh Ji eLibrary NamdhariElibrary@gmail.com

ਅੱਸੂ ਅਸਾਂ ਗ਼ਮਾਂ ਵਿਚ ਸਾਰੀ, ਆਸੀਂ ਉਮਰ ਗੁਜ਼ਾਰੀਆ
ਕਦੀ ਨ ਮਾਹੀ ਗਲੇ ਲਗਾਇਆ, ਦਿਲ ਨੂੰ ਬੇਕਰਾਰੀਆ
ਰੋਵਾਂ ਫਜ਼ਰੀਂ ਉਠ ਸਵੇਰੇ, ਕਰ ਕਰ ਗਿਰੀਆਜ਼ਾਰੀਆ
ਅਹਿਮਦਦੀਨ ਵਿਖਾ ਮੁਖ ਜਲਦੀ, ਜੀਵਦਿਆਂ ਇਕ ਵਾਰੀਆ ।੭।

ਕੱਤੀਂ ਵੱਤੀਂ ਤਰਫ ਮਦੀਨੇ, ਏ ਸੁਬ੍ਹਾ ਦੀਏ ਵਾਏ ਨੀ
ਚੁੰਮ ਚੁੰਮ ਕਦਮ ਸੱਜਣ ਦੇ ਦੱਸੀਂ, ਮੇਰੇ ਹਾਲ ਵਿਹਾਏ ਨੀ
ਸੁਕਦੀ ਜਾਨ ਹਿਜਰ ਦੇ ਅੰਦਰ, ਆਤਸ਼ ਜਿਗਰ ਜਲਾਏ ਨੀ
ਅਹਿਮਦਦੀਨ ਪੰਜਾਬ ਮੁਲਕ ਵਿਚ, ਦਮ ਦਮ ਦਰਦ ਸਵਾਏ ਨੀ ।੮।

ਮੱਘਰ ਮਾਰ ਇਸ਼ਕ ਨੇ ਹਜ਼ਰਤ, ਦਰਦਾਂ ਵਿਚ ਰੁਲਾਈ ਜੀ
ਹਿਜਰ ਅਲੰਬਾ ਵਿਚ ਜਿਗਰ ਦੇ, ਜਿਸਦੀ ਲਾਟ ਸਵਾਈ ਜੀ
ਇਕ ਵਾਰੀ ਦੀਦਾਰ ਦਿਖਾਓ, ਜਾਨ ਲਬਾਂ ਪਰ ਆਈ ਜੀ
ਅਹਿਮਦਦੀਨ ਮਦੀਨੇ ਜਾ ਕੇ, ਰੋ ਰੋ ਕਰਾਂ ਦੁਹਾਈ ਜੀ ।੯।

ਪੋਹ ਚੜ੍ਹਿਆ ਦਿਲ ਜਾਨੀ ਮਿਲਿਆ, ਕੀਤਾ ਕਰਮ ਸਤਾਰ ਸੱਜਨ
ਦੋ ਘੜੀਆਂ ਦੀ ਰਾਹਤ ਦੇ ਕੇ, ਮਾਰਿਆ ਸਿਰੋਂ ਉਲਾਰ ਸੱਜਨ
ਮਾਰ ਮੁਕਾਇਆ ਦਿਲਬਰ ਮੈਨੂੰ, ਖ਼ਾਬੋਂ ਹੋਇਆ ਬੇਦਾਰ ਸੱਜਨ
ਅਹਿਮਦਦੀਨ ਦਮ ਜ਼ਿੰਦਗੀ ਦੇ, ਗੁਜ਼ਰਨ ਹੋ ਖਵਾਰ ਸੱਜਨ ।੧੦।

ਮਾਘ ਮਾਹੀ ਨੂੰ ਤਰਸ ਨ ਆਇਆ, ਦਿਲਬਰ ਛੋੜ ਸਿਧਾਇਆ ਏ
ਅਚਨਚੇਤੀ ਤੀਰ ਹਿਜਰ ਨੇ, ਵਿਚ ਜਿਗਰ ਦੇ ਲਾਇਆ ਏ
ਲਗਣ ਜ਼ਖਮ ਕਲੇਜੇ ਅੰਦਰ, ਰੋ ਰੋ ਖੂਨ ਵਹਾਇਆ ਏ
ਅਹਿਮਦਦੀਨ ਮਾਹੀ ਬਿਨ ਮੈਨੂੰ, ਦਰਦਾਂ ਮਾਰ ਮੁਕਾਇਆ ਏ ।੧੧।

ਫੱਗਣ ਫਿਰੀ ਬਹਾਰ ਗੁਲਾਬੀ, ਦਿਲ ਨੂੰ ਬੇਕਰਾਰੀ ਏ
ਦੁਖਾਂ ਅੰਦਰ ਜਾਨ ਆਜ਼ਜ਼ ਦੀ, ਰੋਵਾਂ ਜ਼ਾਰੋਜ਼ਾਰੀ ਏ
ਕੱਟਣ ਦਿਨ ਮੁਹਾਲ ਅਸਾਨੂੰ, ਜੀਵਨ ਕਿਸੇ ਨ ਕਾਰੀ ਏ
ਅਹਿਮਦਦੀਨ ਰੋਂਦੀ ਮਰ ਜਾਸਾਂ, ਸਿਕਦੀ ਜਾਨ ਬਿਚਾਰੀ ਏ ।੧੨।



Sri Satguru Jagjit Singh Ji eLibrary NamdhariElibrary@gmail.com

## ੬੯. ਬਾਰਾਂਮਾਹ ਮਿਅਰਾਜੁਲਦੀਨ ਸ਼ਾਦ

ਚੇਤਰ ਚਿੰਤਾ ਦਿਲ ਮੇਰੇ ਵਿਚ, ਕਦੋਂ ਮਦੀਨੇ ਜਾਵਾਂ ਮੈਂ
ਬਾਝ ਪੀਆ ਨ ਖੇਲਾਂ ਹੋਲੀ, ਨ ਪੀਵਾਂ ਨ ਖਾਵਾਂ ਮੈਂ
ਫੜ ਕੇ ਜਾਲੀ ਰੋਜ਼ੇ ਵਾਲੀ, ਅਰਜ਼ਾਂ ਪਈ ਸੁਣਾਵਾਂ ਮੈਂ
'ਸ਼ਾਦ' ਵਿਛੋੜੇ ਦਿਲਬਰ ਅੰਦਰ, ਰਾਤ ਦਿਨੇ ਕੁਰਲਾਵਾਂ ਮੈਂ ।੧।

ਵੈਸਾਖ ਵਾਸਾ ਹੁਣ ਔਖੜੀ ਨਗਰੀ, ਸੀਰਬ ਵਾਲਿਆ ਸਾਈਆਂ ਵੇ
ਤੇਰੇ ਬਾਝੋਂ ਦਿਲਬਰ ਜਾਨੀ, ਰੋ ਰੋ ਦਿਆਂ ਦੁਹਾਈਆਂ ਵੇ
ਆ ਦਿਲਬਰ ਲੈ ਸਾਰ ਬੰਦੀ ਦੀ, ਮੁਦਤਾਂ ਬਹੁਤ ਵਿਹਾਈਆਂ ਵੇ
ਸਦਾ ਸੁਹਾਗਣ 'ਸ਼ਾਦ' ਉਹ ਜਣੀਆਂ, ਦਿਲਬਰ ਨੇ ਗਲ ਲਾਈਆਂ ਵੇ ।੨।

ਜੇਠ ਜੁਦਾਈ ਦਿਲਬਰ ਮਾਹੀ, ਰੋ ਰੋ ਹਾਲ ਵੰਞਾਇਆ ਏ
ਮਾਹੀ ਦੇ ਵਲ ਰਾਹੀ ਹੋਵਾਂ, ਵੱਠਾ ਦਿਲ ਘਬਰਾਇਆ ਏ
ਨ ਕੋਈ ਪਤਾ ਦੇਸ ਮਾਹੀ ਦਾ, ਨਾ ਹੀ ਸੁਣਿਆ ਆਇਆ ਏ
'ਸ਼ਾਦ' ਕਰੇ ਫ਼ਰਿਆਦ ਹਿਜਰ ਦੀ, ਕਿਉਂ ਜਾਨੀ ਚਿਰ ਲਾਇਆ ਏ ।੩।

ਹਾੜ ਮਹੀਨੇ ਹਾੜੇ ਕਰਦੀ, ਰੋਜ਼ੇ ਦੇ ਵਲ ਖਲੀਆਂ ਮੈਂ
ਨ ਕੋਈ ਪਰਤ ਜਵਾਬੀ ਆਇਆ, ਲੱਖਾਂ ਚਿਠੀਆਂ ਘੱਲੀਆਂ ਮੈਂ
ਤੇਰੇ ਦਿਲਬਰ ਵਿਚ ਵਿਛੋੜੇ, ਵਾਂਗ ਮਸਾਲਾਂ ਬਲੀਆਂ ਮੈਂ
'ਸ਼ਾਦ' ਕੂੰਜ ਵਾਂਗੂ ਕੁਰਲਾਵਾਂ, ਨਹੀਂ ਡਾਰਾਂ ਵਿਚ ਰਲੀਆਂ ਮੈਂ ।੪।

ਸੌਣ ਸੂਲੀ ਤੇ ਜਾਨ ਤੜਫਦੀ, ਦਿਲਬਰ ਬਾਝ ਦੀਦਾਰ ਤੇਰੇ
ਪਹੁੰਚ ਮਦੀਨੇ ਕਰਾਂ ਜ਼ਿਆਰਤ, ਵੇਖਾਂ ਮੈਂ ਗੁਲਜ਼ਾਰ ਤੇਰੇ
ਮੁਦਤ ਗੁਜ਼ਰੀ ਵਿਛੜਿਆਂ ਮਾਹੀ, ਤੇਰੇ ਨਾਲ ਪਿਆਰ ਮੇਰੇ
ਤੇਰੇ ਬਾਝ 'ਸ਼ਾਦ' ਸੱਜਨ ਨਿਤ, ਰਹਿੰਦੇ ਅਸੀਂ ਬੀਮਾਰ ਤੇਰੇ ।੫।

ਭਾਦੋਂ ਭਾਹ ਕਲੇਜੇ ਭੜਕੇ, ਦਹਿੰਦੀ ਨਿਤ ਉਬਾਲ ਸੱਜਨ
ਰੋ ਰੋ ਹੋਈ ਦੀਵਾਨੀ ਝੱਲੀ, ਅੱਖੀਆਂ ਹੋਈਆਂ ਲਾਲ ਸੱਜਨ
ਆ ਸੁਫਨੇ ਵਿਚ ਦਿਲਬਰ ਮੈਨੂੰ, ਸੋਹਣੀ ਸ਼ਕਲ ਵਿਖਾਲ ਸੱਜਨ
'ਸ਼ਾਦ' ਹੋਵੇ ਕੁਰਬਾਨ ਓਸ ਥੀਂ, ਵਾਂਗ ਪਤੰਗ ਮਿਸਾਲ ਸੱਜਨ ।੬।



Sri Satguru Jagjit Singh Ji eLibrary NamdhariElibrary@gmail.com

ਅੱਸੂ ਅਸਾਂ ਨੂੰ ਖਬਰ ਨ ਕੋਈ, ਕਿਥੇ ਗਏ ਦਿਲਦਾਰ ਸੱਜਨ
ਵਿਚ ਜੁਦਾਈ ਦਿਲਬਰ ਮਾਹੀ, ਰਹਿੰਦੀ ਮੈਂ ਬੇਜ਼ਾਰ ਸੱਜਨ
ਤੇਰੇ ਬਾਝੋਂ ਦੂਹੀਂ ਜਹਾਨੀਂ, ਨਹੀਂ ਕੋਈ ਗ਼ਮਖ਼ਾਰ ਸੱਜਨ
ਸ਼ਾਦ ਦਿਲੇ ਵਿਚ ਤਾਂਘ ਹੈ ਮੇਰੇ, ਦੇਵੀਂ ਆ ਦੀਦਾਰ ਸੱਜਨ ।੭।

ਕੱਤਕ ਕੇਹੜਾ ਮਹਿਰਮ ਮੇਰਾ, ਜਿਹੜਾ ਦਿਲਬਰ ਕੋਲੇ ਜਾਵੇ ਜੀ
ਹੱਥ ਜਾ ਜੋੜੇ ਦਿਲਬਰ ਅੱਗੇ, ਮੇਰੀ ਅਰਜ਼ ਸੁਣਾਵੇ ਜੀ
ਹਿਜਰ ਫਿਰਾਕ ਦਿਲਬਰ ਤੇਰਾ, ਰਾਤ ਦਿਨੇ ਸਤਾਵੇ ਜੀ
ਸ਼ਾਦ ਦਿਲਬਰ ਮਾਹੀ ਢੋਲ ਸਿਪਾਹੀ, ਵਾਗਾਂ ਮੋੜ ਲਿਆਵੇ ਜੀ ।੮।

ਮੱਘਰ ਮੋਮ ਹੋਵਣ ਸੁਣ ਪੱਥਰ, ਹਾਲ ਮੇਰਾ ਦੁਖਿਆਰੀ ਦਾ
ਐਡਾ ਦਰਦ ਫਿਰਾਕ ਸਤਾਇਆ, ਦਿਲਬਰ ਨਹੀਂ ਵਿਸਾਰੀ ਦਾ
ਕਦ ਦਿਲ ਸੱਦ ਮਦੀਨੇ ਹੋਵੇ, ਦਿਨ ਤੇ ਰਾਤ ਵਿਚਾਰੀਦਾ
ਸ਼ਾਦ ਤੇਰੇ ਹਿਜਰ ਵਿਚ ਫਿਰਦਾ, ਬਣਿਆ ਕੰਮ ਲਾਚਾਰੀ ਦਾ ।੯।

ਪੋਹ ਪੀਵਾਂ ਮੈਂ ਜਾਮ ਵਸਲ ਦਾ, ਜੇ ਹਾਦੀ ਫੁਰਮਾਵੇ ਮੈਂ
ਰੁੜ੍ਹਦੀ ਕਿਸ਼ਤੀ ਫਿਰੇ ਸਮੁੰਦਰ, ਬੰਨੇ ਜੇ ਪਹੁੰਚਾਵੇ ਮੈਂ
ਅੱਡ ਖਲੀ ਝੋਲੀ ਦਰ ਉਤੇ, ਦਿਲਬਰ ਖੈਰ ਜੇ ਪਾਵੇ ਮੈਂ
ਸਭ ਮੁਰਾਦਾਂ ਪੂਰੀਆਂ ਹੋਵਣ, ਸ਼ਾਦ ਜਦੋਂ ਗਲ ਲਾਵੇ ਮੈਂ ।੧੦।

ਮਾਘ ਮਹੀਨੇ ਮੰਗ ਮੰਗ ਥੱਕੀ, ਤੇਰਾ ਮੈਂ ਦੀਦਾਰ ਸੱਜਨ
ਸੱਦ ਨਜੂਮਾਂ ਫਾਲਾਂ ਪਾਵਾਂ, ਮਿਲਸੀਂ ਕੇਹੜੇ ਵਾਰ ਸੱਜਨ
ਦਿਲਬਟ ਬਾਝੋਂ ਝੱਲੀ ਹੋਈ, ਦਿਲਬਰ ਨੂੰ ਨਹੀਂ ਸਾਰ ਸੱਜਨ
ਨਾਮ ਤੇਰੇ ਦਾ ਵਿਰਦ ਹਮੇਸ਼ਾ, ਸ਼ਾਦ ਨੂੰ ਏਹੋ ਕਾਰ ਸਜਨ ।੧੧।

ਫਗਣ ਫਾਹ ਗ਼ਮਾਂ ਦਾ ਗਲ ਵਿਚ, ਰੋ ਰੋ ਹੋਈ ਦੀਵਾਨੀ ਮੈਂ
ਹਰ ਵੇਲੇ ਮੈਂ ਪਈ ਪੁਕਾਰਾਂ, ਆ ਮਿਲ ਜਾਨੀ ਜਾਨੀ ਮੈਂ
ਹਿਜਰ ਫਿਰਾਕ ਤੇਰੇ ਦੇ ਅੰਦਰ, ਫਿਰ ਗਈ ਡਾਢੀ ਕਾਨੀ ਮੈਂ
ਮਿਅਰਾਜ ਖ਼ਤਮ ਹੋਏ ਬਾਰਾਂਮਾਹ, ਕਲਮ਼ਾ ਕਹਾਂ ਜ਼ਬਾਨੀ ਮੈਂ ।੧੨।





Sri Satguru Jagjit Singh Ji eLibrary NamdhariElibrary@gmail.com

## ੧੦. ਬਾਰਾਂਮਾਹ ਮੁਹੰਮਦੀ (ਚੰਨਣ ਦੀਨ)

ਚੇਤਰ ਚਿਤ ਮੇਰਾ ਨਿਤ ਕਰਦਾ, ਝੇੜੇ ਕੁਲ ਮੁਕਾਵਾਂ ਮੈਂ
ਪੜ੍ਹ ਬਿਸਮਿੱਲਾ ਮੁਲਕ ਪੰਜਾਬੋਂ, ਆਪਣਾ ਕਦਮ ਉਠਾਵਾਂ ਮੈਂ
ਜੋਗਣ ਬਣ ਕੇ ਭੇਸ ਵਟਾ ਕੇ, ਸ਼ਹਿਰ ਮਦੀਨੇ ਜਾਵਾਂ ਮੈਂ
ਪਾਕ ਮੁਹੰਮਦ ਸਰਵਰ ਤਾਈਂ, ਦਿਲ ਦਾ ਹਾਲ ਸੁਣਾਵਾਂ ਮੈਂ ।੧।

ਮਾਹ ਬਿਸਾਖ ਬਸੇਰੇ ਡੇਰੇ, ਸਭੇ ਛੋੜ ਇਥਾਈਂ ਮੈਂ
ਨੰਗੇ ਪੈਰੀਂ ਤਰਫ ਮਦੀਨੇ, ਵੈਸਾਂ ਚਾਈਂ ਚਾਈਂ ਮੈਂ
ਜਾ ਵੇਖਾਂ ਜੇ ਨਾਲ ਨਸੀਬਾਂ, ਰੌਜ਼ੇ ਅਨਵਰ ਤਾਈਂ ਮੈਂ
ਫੜ ਕੇ ਜਾਲੀ ਰੌਜ਼ੇ ਵਾਲੀ, ਕਰਸਾਂ ਸਿਫ਼ਤ ਸਨਾਈਂ ਮੈਂ ।੨।

ਜੇਠ ਜਦੋਂ ਇਹ ਪੂਰੀ ਕਰਸੀ, ਦਿਲ ਦੀ ਰੱਬ ਮੁਰਾਦ ਮਿਰੀ
ਦੁਖਾਂ ਗ਼ਮਾਂ ਦਲੀਲਾਂ ਵਿਚੋਂ, ਹੋਸੀ ਜਾਨ ਆਜ਼ਾਦ ਮਿਰੀ
ਅਰਜ਼ ਕਰੇਸੀ ਰੌਜ਼ੇ ਅੱਗੇ, ਜਿੰਦੜੀ ਹੋ ਕੇ ਸ਼ਾਦ ਮਿਰੀ
ਯਾ ਨਬੀ ਅੱਲ੍ਹਾ ਬਾਝ ਤੁਸਾਡੇ, ਕੌਣ ਸੁਣੇ ਫਰਿਆਦ ਮਿਰੀ ।੩।

ਹਾੜ ਹਵਾੜ ਦਿਲ ਦੀਆਂ ਕੱਢਾਂ, ਕਿਸ ਦੇ ਅੱਗੇ ਸਾਰੀ ਮੈਂ
ਦਰਦਾਂ ਦੁਖ ਸੁਣਾਵਾਂ ਸਾਰੇ, ਕਿਸਨੂੰ ਦਰਦਾਂ ਮਾਰੀ ਮੈਂ
ਹਜ਼ਰਤ ਬਾਝ ਤੁਸਾਡੇ ਦਰ ਦੇ, ਕਿਤ ਵਲ ਜਾਂ ਨਿਕਾਰੀ ਮੈਂ
ਨਾਮ ਤੁਸਾਡੇ ਤੋਂ ਯਾ ਹਜ਼ਰਤ, ਹਰਦਮ ਹਾਂ ਬਲਹਾਰੀ ਮੈਂ ।੪।

ਸਾਵਣ ਸੈਰ ਕਰਨ ਸਭ ਸਹੀਆਂ, ਰਲ ਮਿਲ ਬਾਗ਼ ਬਹਾਰਾਂ ਦੀ
ਸਿਰ ਮੇਰੇ ਤੇ ਗੱਜੇ ਬਿਜਲੀ, ਦੁਖਾਂ ਗ਼ਮਾਂ ਹਜ਼ਾਰਾਂ ਦੀ
ਛੇਤੀ ਸਾਰ ਲਓ ਯਾ ਹਜ਼ਰਤ !, ਪਾਪੀਆਂ ਔਗੁਣਹਾਰਾਂ ਦੀ
ਕਰਮ ਕਮਾਓ ਬਖਸ਼ਸ਼ ਹੋਵੇ, ਐਬਾਂ ਬਾਝ ਸ਼ੁਮਾਰਾਂ ਦੀ । ੫।

ਭਾਦੋਂ ਭਾਵੇ ਇਹ ਗੱਲ ਮੈਨੂੰ, ਉਮਰ ਨ ਮੁਫ਼ਤ ਵੈਰਾਨ ਕਰਾਂ
ਚਲ ਕੇ ਅੰਦਰ ਸ਼ਹਿਰ ਮਦੀਨੇ, ਬਖਸ਼ਸ਼ ਦਾ ਸਾਮਾਨ ਕਰਾਂ
ਪਾਕ ਨਬੀ ਦੇ ਰੌਜ਼ੇ ਉਤੋਂ, ਸਦਕੇ ਆਪਣੀ ਜਾਨ ਕਰਾਂ
ਵਾਰੀ ਜਾਵਾਂ ਤੇ ਸਿਰ ਵਾਰਾਂ, ਤਨ ਮਨ ਸਭ ਕੁਰਬਾਨ ਕਰਾਂ ।੬।



Sri Satguru Jagjit Singh Ji eLibrary NamdhariElibrary@gmail.com

ਅੱਸੂ ਅੰਦਰ ਹਿਜਰ ਤੁਸਾਡੇ, ਰੋ ਰੋ ਹਾਲ ਵੰਞਾਨੀਆਂ
ਕਰ ਕਰ ਯਾਦ ਮਦੀਨੇ ਤਾਈਂ, ਰਾਤ ਦਿਨੇ ਕੁਰਲਾਨੀਆਂ
ਜੋ ਕੋਈ ਆਣ ਪੁਛੇ ਮੈਂ ਉਸਨੂੰ, ਇਹ ਗੱਲ ਆਖ ਸੁਨਾਨੀਆਂ
ਉਸਦੇ ਹਿਜਰ ਸਤਾਇਆ ਮੈਨੂੰ, ਜਿਹਦੀ ਗੁਲਾਮ ਸਦਾਨੀਆਂ ।੭।

ਕੱਤਕ ਕਦੀ ਮਦੀਨੇ ਸੰਦੀ, ਜੇ ਕੋਈ ਸਿਫਤ ਸੁਣਾਂਦਾ ਹੈ
ਸੁਣਦਿਆਂ ਸਾਰ ਉਸ ਵੇਲੇ ਮੈਥੋਂ, ਸਭ ਕਿਝ ਵਿਸਰ ਜਾਂਦਾ ਹੈ
ਖਾਣਾ ਪੀਣਾ ਫਿਰਨਾ ਟੁਰਨਾ, ਕੋਈ ਕੰਮ ਨ ਭਾਂਦਾ ਹੈ
'ਚਲ ਉਠ ਛੇਤੀ ਸ਼ਹਿਰ ਮਦੀਨੇ', ਜੀਉੜਾ ਇਹ ਗੱਲ ਆਂਹਦਾ ਹੈ ।੮।

ਮੱਘਰ ਮਰਜ਼ ਜੁਦਾਈ ਵਾਲੀ, ਕੀਤਾ ਹਾਲ ਵੀਰਾਨ ਮੇਰਾ
ਲੀਤਾ ਘੇਰ ਵਜੂਦ ਤਮਾਮੀ, ਦੁਖਾਂ ਦਰਦਾਂ ਆਨ ਮੇਰਾ
ਐਪਰ ਦਰਸ਼ਨ ਪਾਕ ਨਬੀ ਦਾ, ਅਸਲੀ ਹੈ ਦਰਮਾਂ ਮੇਰਾ
ਦਿਓ ਦੀਦਾਰ ਕਰੋ ਯਾ ਹਜ਼ਰਤ, ਇਤਨਾ ਕੰਮ ਅਸਾਨ ਮੇਰਾ ।੯।

ਪੋਹ ਪੁਕਾਰ ਸੁਣੋ ਹੁਣ ਹਜ਼ਰਤ, ਸਦਕਾ ਅਮਲ ਪਿਆਰੀ ਦਾ
ਬਖਸ਼ੋ ਜਾਮ ਸ਼ਰਾਬ ਵਸਲ ਦਾ, ਦੁਖ ਟੁੱਟੇ ਦੁਖਿਆਰੀ ਦਾ
ਅੱਠਾਂ ਪਹਿਰਾ ਵਿਚ ਯਾ ਹਜ਼ਰਤ, ਹੈ ਕੰਮ ਇਹ ਨਿਕਾਰੀ ਦਾ
ਪਿਛਲੀ ਰਾਤ ਮਦੀਨੇ ਵਲੋਂ, ਤੱਕਾਂ ਰਾਹ ਸਵਾਰੀ ਦਾ ।੧੦।

ਮਾਘ ਮਹੀਨੇ ਸੱਦ ਮੁਹੰਮਦ, ਇਸ ਕੰਬਖਤ ਮੂੰਹ ਕਾਲੀ ਨੂੰ
ਚਾਰੇ ਤਰਫ ਫਿਰਾਂ ਤੇ ਚੁੰਮਾਂ, ਤੇਰੇ ਰੌਜ਼ੇ ਆਲੀ ਨੂੰ
ਰੋ ਰੋ ਅਰਜ਼ ਕਰਾਂ ਰੱਬ ਅੱਗੇ, ਫੜ ਰੌਜ਼ੇ ਦੀ ਜਾਲੀ ਨੂੰ
ਯਾ ਰੱਬ ਬਖਸ਼ ਤੁਫੈਲ ਨਬੀ ਦੀ, ਲੱਖਾਂ ਐਬਾਂ ਵਾਲੀ ਨੂੰ ।੧੧।

ਫਗਣ ਫੋਲੀਂ ਐਬ ਨ ਮੇਰੇ, ਲਬਾਂ ਉਤੇ ਜਦ ਸਾਸ ਹੋਵੇ
ਯਾ ਰੱਬਾ ਸਾਈਆਂ ਵਕਤ ਨਜ਼ਾ ਦੇ, ਪੂਰੀ ਇਤਨੀ ਆਸ ਹੋਵੇ
ਦਿਲ ਵਿਚ ਸ਼ੌਕ ਤੇਰੇ ਦੇ ਬਾਝੋਂ, ਹੋਰ ਨ ਕੁਛ ਵਿਸ਼ਵਾਸ਼ ਹੋਵੇ
ਮੂੰਹੋਂ ਨਿਕਲੇ ਨਾਮ ਮੁਹੰਮਦ, ਤਾਂ ਸਭ ਮਤਲਬ ਰਾਸ ਹੋਵੇ ।੧੨।

ਬਰਸਿਆ ਬੱਦਲ ਰਹਿਮਤ ਵਾਲਾ, ਐਸਾ ਰਹਿਮ ਨਜ਼ੂਲ ਹੋਇਆ
ਜਿਸ ਜਿਸ ਪੜ੍ਹਿਆ ਸੁਣਿਆ ਲਿਖਿਆ, ਸਭ ਨੂੰ ਇਸ਼ਕ ਰਸੂਲ ਹੋਇਆ
ਚੰਨਣ ਦੀਨਾ ਮਤਲਬ ਤੇਰਾ, ਸਾਰਾ ਅਜ ਹਸੂਲ ਹੋਇਆ
ਬਰਕਤ ਪਾਕ ਨਬੀ ਦੀ ਕਰ ਕੇ, ਬਾਰਾਂਮਾਹ ਮਕਬੂਲ ਹੋਇਆ ।੧੩।

---



Sri Satguru Jagjit Singh Ji eLibrary NamdhariElibrary@gmail.com

## ੭੧. ਬਾਰਾਂਮਾਹ ਗੌਂਸੀਆ (ਚੰਨਣ ਦੀਨ)

ਮਾਹ ਮੁਹੱਰਮ ਮਹਿਰਮ ਹੋ ਕੇ, ਕੌਣ ਕਰੇ ਇਮਦਾਦ ਮਿਰੀ
ਸੁਣ ਕੇ ਅਰਜ਼ ਕਰੇਸੀ ਮੱਦਦ, ਮੀਰਾ ਵਿਚ ਬਗ਼ਦਾਦ ਮਿਰੀ
ਜੈਂ ਦੇ ਅੱਗੇ ਸ਼ਾਮ ਸੁਬਾਹੀਂ, ਹਰਦਮ ਹੈ ਫਰਿਆਦ ਮਿਰੀ
ਯਾ ਸ਼ਾਹ ਅਬਦੁਲ ਕਾਦਰ ਆਲੀ, ਪੂਰੀ ਕਰੋ ਮੁਰਾਦ ਮਿਰੀ ।੧।

ਮਾਹ ਸਫਰ ਸਭ ਸੇਵਨ ਤੈਨੂੰ, ਤਾਲਬ ਕੁਲ ਸੰਸਾਰ ਤੇਰਾ
ਜੋ ਮੰਗੇ ਸੋ ਲਵੇ ਸਵਾਲੀ, ਇਸਮ ਸ਼ਰੀਫ ਪੁਕਾਰ ਤੇਰਾ
ਕਰ ਹੁਣ ਮਤਲਬ ਮੇਰਾ ਹਾਸਿਲ, ਹੈ ਆਲੀ ਦਰਬਾਰ ਤੇਰਾ
ਮੇਰਾ ਕਦੀ ਨ ਮੋੜੇ ਕਹਿਣਾ, ਰੱਬ ਸਤਾਰ ਗ਼ੁਫਾਰ ਤੇਰਾ ।੨।

ਰੱਬੀਉੱਲਵਲ ਕੁਤਬੇ ਵਾਲਾ, ਚੰਨ ਨੂਰਾਨੀ ਚੜ੍ਹਿਆ ਹੈ
ਮੀਰਾ ਇਲਮ ਵਲਾਇਤ ਵਾਲਾ, ਵਲੀਆਂ ਤੈਥੋਂ ਪੜ੍ਹਿਆ ਹੈ
ਡਿਗਾ ਆ ਤੁਸਾਡੇ ਦਰ ਤੇ, ਮਤਲਬ ਜੈਂ ਦਾ ਅੜਿਆ ਹੈ
ਮੈਂ ਭੀ ਛੋੜ ਵਸੀਲੇ ਸਭੇ, ਦਾਮਨ ਤੇਰਾ ਫੜਿਆ ਹੈ ।੩।

ਰੱਬਲੁਸਾਨੀ ਹਿੰਮਤ ਹੋਈ, ਜਿਤ ਵਲ ਤੇਰਾ ਧਿਆਨ ਹੋਇਆ
ਬਾਦ ਨਬੀ ਇਸਹਾਬ ਤਮਾਮੀ, ਤੇਰਾ ਆਲੀਸ਼ਾਨ ਹੋਇਆ
ਸੁਣਕੇ ਸਿਫਤ ਸਨਾ ਤੁਸਾਡੀ, ਜੇਹੜਾ ਬੇਈਮਾਨ ਹੋਇਆ
ਮੀਰਾ ਦੁਹੀਂ ਜਹਾਨੀਂ ਉਸਦਾ, ਬਿਲਕੁਲ ਗੁੰਮ ਨਿਸ਼ਾਨ ਹੋਇਆ ।੪।

ਮਾਹ ਜਮਾਦੁਲਵਲ ਜਿਸ ਨੇ, ਤੇਰੀ ਸਿਫਤ ਪੁਕਾਰੀ ਹੈ
ਦੀਨ ਦੁਨੀ ਵਿਚ ਦੁਹੀਂ ਜਹਾਨੀਂ, ਉਸ ਦੇ ਸਿਰ ਸਰਦਾਰੀ ਹੈ
ਬਾਰੀਂ ਬਰਸੀਂ ਡੁਬੀ ਬੇੜੀ, ਕਿਸ ਨੇ ਪਾਰ ਉਤਾਰੀ ਹੈ
ਗੌਂਸਲੁਆਜ਼ਮ ਸ਼ਾਹ ਜੀਲਾਨੀ, ਤੇਰੀ ਜ਼ਾਤ ਨਿਆਰੀ ਹੈ ।੫।

ਮਾਹ ਜਮਾਦੀ ਆਖਰ ਜਲਦੀ, ਮੀਰਾ ਮੈਂ ਵਲ ਖਿਆਲ ਕਰੀਂ
ਸ਼ਫਕਤ ਨਾਲ ਅਨਾਇਤ ਮੈਨੂੰ, ਅਪਣਾ ਇਸ਼ਕ ਕਮਾਲ ਕਰੀਂ
ਹਾਲ ਮੇਰੇ ਤੇ ਨਜ਼ਰ ਕਰਮ ਦੀ, ਮੀਰਾ ਤੂੰ ਇਸ ਹਾਲ ਕਰੀਂ
ਇਸ ਮੁਹਤਾਜ ਸਵਾਲੀ ਸੰਦਾ, ਨਾਹੀਂ ਰੱਦ ਸਵਾਲ ਕਰੀਂ ।੬।



Sri Satguru Jagjit Singh Ji eLibrary NamdhariElibrary@gmail.com

ਮਾਹ ਰੱਜਬ ਰਸੂਲ ਅੱਲ੍ਹਾ ਨੇ, ਤੈਂ ਪਰ ਕਦਮ ਟਿਕਾਇਆ ਹੈ
ਕੁਲ ਵਲੀਆਂ ਦੀ ਗਰਦਨ ਉਤੇ, ਕਦਮ ਤੁਸਾਡਾ ਆਇਆ ਹੈ
ਯਾ ਸ਼ਾਹ ਅਬਦੁਲ ਕਾਦਰ ਆਲੀ,ਜਿਸ ਪਰ ਤੇਰਾ ਸਾਇਆ ਹੈ
ਵਿਚ ਦਰਬਾਰ ਖ਼ੁਦਾਵੰਦ ਵਾਲੇ, ਉਸ ਦਾ ਕਦਰ ਸਵਾਇਆ ਹੈ ।੭।

ਮਾਹ ਸ਼ੁਅਬਾਨ ਸ਼ੁਜ਼ਾਇਤ ਤੇਰੀ, ਜਾਣੇ ਰੱਬ ਕਦੀਰ ਮੀਰਾ
ਮਿਟੀ ਤਾਈਂ ਸੋਨਾ ਕਰਦੀ, ਨਜ਼ਰ ਤੇਰੀ ਅਕਸੀਰ ਮੀਰਾ
ਰੁਤਬਾ ਤੇਰਾ ਸਭ ਥੀਂ ਅਲ੍ਹਾ, ਤੂੰ ਪੀਰਾਂ ਦਾ ਪੀਰ ਮੀਰਾ
ਸਭੇ ਦਰ ਤੇਰੇ ਤੇ ਬਰਦੇ, ਪੀਰ ਫ਼ਕੀਰ ਅਮੀਰ ਮੀਰਾ ।੮।

ਮਾਹ ਰਮਜ਼ਾਨ ਰਿਹਾ ਕਰ ਗ਼ਮ ਥੀਂ, ਆ ਹੁਣ ਬਹੁਤ ਸ਼ਤਾਬ ਮੀਰਾ
ਬਹਿਰ ਗ਼ਮਾਂ ਵਿਚ ਕਿਸ਼ਤੀ ਮੇਰੀ, ਹੋਵੇ ਨ ਗ਼ਰਕਾਬ ਮੀਰਾ
ਹਿਜਰ ਤੇਰੇ ਦੀ ਆਤਸ਼ ਕੀਤਾ, ਤਨ ਮਨ ਮਿਸਲ ਕਬਾਬ ਮੀਰਾ
ਹਾਲ ਹੈਰਾਨ ਹੋਇਆ ਹੁਣ ਮੇਰਾ, ਵਿਚ ਪੰਜਾਬ ਖ਼ਰਾਬ ਮੀਰਾ ।੯।

ਮਾਹ ਸ਼ਵਾਲ ਸ਼ਤਾਬ ਪੰਜਾਬੋਂ, ਮੈਨੂੰ ਕਰ ਆਜ਼ਾਦ ਮੀਰਾ
ਅਪਣਾ ਰੋਜ਼ਾ ਪਾਕ ਦਿਖਾਕੇ, ਕਰ ਦਿਲ ਮੇਰਾ ਸ਼ਾਦ ਮੀਰਾ
ਜੀਉਂਦੀ ਜਾਨ ਇਕ ਵਾਰ ਤੁਸਾਡਾ, ਹੋਵੇ ਜੇ ਅਰਸ਼ਾਦ ਮੀਰਾ
ਇਕ ਪਲ ਮੂਲ ਨ ਦੇਰ ਲਗਾਵਾਂ ਪਹੁੰਚਾਂ ਵਿਚ ਬਗ਼ਦਾਦ ਮੀਰਾ ।੧੦।

ਮਾਹ ਜ਼ਕੀਦਾ ਜ਼ਿੰਦਗੀ ਅੰਦਰ, ਪਹੁੰਚਾਂ ਜੇ ਦਰਬਾਰ ਤੇਰੇ
ਪੜ੍ਹਾਂ ਖਲੋ ਕੇ ਰੋਜ਼ੇ ਅੱਗੇ, ਮੀਰਾ ਵਸਫ਼ ਹਜ਼ਾਰ ਤੇਰੇ
ਸੁਣ ਸੁਣ ਤੇਰੇ ਸਦਕੇ ਹੋਵਣ, ਸਭੇ ਆਸ਼ਕ ਜ਼ਾਰ ਤੇਰੇ
ਮੈਂ ਵੀ ਦਿਲੋਂ ਬ ਜਾਨੋਂ ਹੋਵਾਂ, ਯਾ ਮੀਰਾ ਬਲਹਾਰ ਤੇਰੇ ।੧੧।

ਮਾਹ ਜ਼ੀਅਲ ਹੱਜ ਜ਼ਿਆਰਤ ਕਰਕੇ,ਮੁੜਸਾਂ ਦੇਸ ਨ ਆਵਾਂ ਮੈਂ
ਰੋਜ਼ੇ ਪਾਕ ਤੁਸਾਡੇ ਉਤੇ, ਹਜ਼ਰਤ ਡੇਰਾ ਲਾਵਾਂ ਮੈਂ
ਸ਼ਾਮ ਸੁਬਾਹੀਂ ਤੇਰੇ ਉਤੋਂ, ਮੀਰਾ ਸਦਕੇ ਜਾਵਾਂ ਮੈਂ
ਨਾਲ ਫਿਰ ਤੇਰੇ ਦਰ ਦਾ ਬਰਦਾ, ਦੋ ਜਗ ਵਿਚ ਸਦਾਵਾਂ ਮੈਂ ।੧੨।

ਬਾਰਾਂਮਾਹ ਗੌਂਸੀਆ ਐਸਾ, ਅੱਲ੍ਹਾ ਨੇ ਮਕਬੂਲ ਕੀਤਾ
ਜਿਸ ਜਿਸ ਪੜ੍ਹਿਆ ਸੁਣਿਆ ਉਸਦਾ, ਮਤਲਬ ਰੱਬ ਹਸੂਲ ਕੀਤਾ
ਚੰਨਣ ਦੀਨਾ ਤੂੰ ਇਸ ਵਿਚੋਂ, ਨਵਾਂ ਕਮਾਲ ਵਸੂਲ ਕੀਤਾ
ਹਜ਼ਰਤ ਗੌਂਸਉਲ ਆਜ਼ਮ ਤੈਨੂੰ, ਇਸ ਕੰਮ ਵਿਚ ਮਸ਼ਗੂਲ ਕੀਤਾ ।੧੩।

---



Sri Satguru Jagjit Singh Ji eLibrary NamdhariElibrary@gmail.com

## ੭੨. ਬਾਰਾਂਮਾਹ ਮੁਹੰਮਦੀ (ਪੀਰ ਨੇਕ ਆਲਮ)

ਚੇਤਰ ਚਾ ਦਿਲ ਚਾ ਚਰੋਕਾ, ਕਿਵੇਂ ਮਦੀਨੇ ਜਾਵਾਂ ਮੈਂ
ਸਿਰ ਨੀਵਾਂ ਕਰ ਸਦਕੇ ਥੀਵਾਂ, ਰੌਜ਼ੇ ਝਾਤੀ ਪਾਵਾਂ ਮੈਂ
ਫੜ ਕੇ ਜਾਲੀ ਰੌਜ਼ੇ ਵਾਲੀ, ਰੋ ਰੋ ਹਾਲ ਸੁਣਾਵਾਂ ਮੈਂ
ਜਦ ਲਗ ਬਣਨ ਨਾ ਜ਼ਾਮਨ ਪੀਰਾ, ਦਰ ਤੋਂ ਸੀਸ ਨਾ ਚਾਵਾਂ ਮੈਂ ।੧।

ਵਿਚ ਵਿਸਾਖ ਵਿਸਾਰ ਨਾ ਨਬੀਆ, ਆਜਿਜ਼ ਔਗਣਹਾਰੀ ਨੂੰ
ਤੁਧ ਬਿਨ ਕੌਣ ਕੋਈ ਜੋ ਸੁਣਸੀ, ਦੁਖਿਆਰੀ ਦੀ ਜ਼ਾਰੀ ਨੂੰ
ਅੱਡ ਜੰਬੀਲ ਦਵਾਰ ਤੇਰੇ ਤੇ, ਕਰਾਂ ਸਦਾ ਲਾਚਾਰੀ ਨੂੰ
ਭਰੇ ਭੰਡਾਰੋਂ ਚਕ ਨਾ ਪੀਰਾ, ਚੁਟਕਾ ਪਾ ਭਿਖਾਰੀ ਨੂੰ ।੨।

ਜੇਠ ਜਿਗਰ ਵਿਚ ਸਿਕ ਸੱਜਣ ਦੀ, ਭਾਂਬੜ ਫੂਕ ਮਚਾਇਆ ਏ
ਪਹੁੰਚ ਮਦੀਨੇ ਕਰਾਂ ਜ਼ਿਆਰਤ, ਦਮ ਦਮ ਸ਼ੌਕ ਸਵਾਇਆ ਏ
ਆਖਾਂ ਬਾਰਸ਼ ਪਾ ਕਰਮ ਦੀ, ਗ਼ਫਲਤ ਬਾਗ਼ ਸੁਕਾਇਆ ਏ
ਓਸ ਮਾਲੀ ਦੀ ਰਾਖੀ ਲੋੜਾਂ, ਜਿਸ ਪੀਰਾਂ ਰੁਖ ਲਾਇਆ ਏ ।੩।

ਹਾੜ ਹਾੜੇ ਕਰ ਚੀਕਾਂ ਰੌਜ਼ੇ, ਦਿਲ ਦੇ ਦਾਗ਼ ਦਿਖਾਲਾਂ ਮੈਂ
ਮਿਸਲ ਸਵਾਲੀ ਫੜ ਕੇ ਜਾਲੀ, ਰੋ ਰੋ ਗੁੰਮਰ ਨਿਕਾਲਾਂ ਮੈਂ
ਅੰਦਰ ਬਾਹਰ ਹਰਮ ਦਾ ਤਕ ਤਕ, ਸਰਵਰ ਲੋੜਾਂ ਭਾਲਾਂ ਮੈਂ
ਛਡਾਂ ਫੇਰ ਨਾ ਯਾ ਰਬ ਪੀਰਾ, ਜੋ ਗੁਜ਼ਰੇ ਸਿਰ ਜਾਲਾਂ ਮੈਂ ।੪।

ਸਾਵਣ ਸੂਲ ਪ੍ਰੇਮ ਦੇ ਸੀਨੇ, ਨੈਣੀਂ ਨੀਂਦ ਨਾ ਮਾਸ਼ਾ ਏ
ਲੂੰ ਲੂੰ ਸਿਕ ਦੇਖਾਂ ਉਹ ਨਗਰੀ, ਜਿਸ ਵਿਚ ਸ਼ਹੁ ਦਾ ਵਾਸਾ ਏ
ਕਹਿਣ ਸਵਾਲਣ ਦੂਰੋਂ ਆਈ, ਸਿਰ ਨੰਗਾ ਹਥ ਕਾਸਾ ਏ
ਪੀਰਾ ਆਣ ਢੱਠੀ ਦਰ ਉਸਦੇ, ਜਿਸ ਬਿਨ ਹੋਰ ਨਾ ਪਾਸਾ ਏ ।੫।

ਭਾਦੋਂ ਭਾ ਕਲੇਜੇ ਭੜਕੇ, ਪਹੁੰਚਾਂ ਕਿਵੇਂ ਮਦੀਨੇ ਮੈਂ
ਛਾਤੀ ਨਾਲ ਗ਼ਿਲਾਫ ਲਗਾਵਾਂ, ਪਾਵਾਂ ਠੰਢਕ ਸੀਨੇ ਮੈਂ
ਵਿਚ ਹਜ਼ੂਰ ਗੁਜ਼ਾਰਾਂ ਬਾਕੀ, ਹਫਤੇ ਸਾਲ ਮਹੀਨੇ ਮੈਂ
ਲਿਖ ਲਿਖ ਸ਼ੁਕਰ ਅਲਾਵਾਂ ਪੀਰਾ, ਤਕ ਤਕ ਯਾਰ ਨਗੀਨੇ ਮੈਂ ।੬।



Sri Satguru Jagjit Singh Ji eLibrary NamdhariElibrary@gmail.com

ਅਸੂ ਅਸਾਂ ਗੁਨਾਹੀਆਂ ਹਜ਼ਰਤ, ਤੁਧ ਬਿਨ ਤਕੀਆ ਕਿਸ ਦਾ ਏ
ਜਿਉਂ ਜਿਉਂ ਤੇਲ ਨਿਖੁਟਦਾ ਜਾਂਦਾ, ਤਿਉਂ ਤਿਉਂ ਦੀਵਾ ਹਿਸਦਾ ਏ
ਪਹੁੰਚ ਸ਼ਤਾਬ ਇਹ ਪੰਧ ਉਖੇਰਾ, ਤੁਧ ਬਿਨ ਜੀਅ ਨਾ ਵਿਸਦਾ ਏ
ਭਾਰੇ ਭਾਰ ਚੁਕੇ ਜਿਸ ਪੀਰਾ, ਔਖਾ ਪੈਂਡਾ ਤਿਸ ਦਾ ਏ ।੭।

ਕੱਤੀਂ ਕੌਣ ਤੇਰੇ ਬਿਨ ਹਾਮੀ, ਰੋਜ਼ ਹਸ਼ਰ ਬਦਕਾਰਾਂ ਦਾ
ਤਕੀਆ ਜ਼ਾਤ ਤੇਰੀ ਤੇ ਸਾਰਾ, ਅਸਾਂ ਚੋਰਾਂ ਤੇ ਯਾਰਾਂ ਦਾ
ਬਿਨਾਂ ਤਬੀਬ ਸਹਾਰਾ ਕਿਹੜਾ, ਬਣੀਆਂ ਵਿਚ ਬੀਮਾਰਾਂ ਦਾ
ਤੁਧ ਬਿਨ ਕੋਈ ਨਾ ਪਾਸਾ ਪੀਰਾ, ਔਖੇ ਵਕਤ ਲਾਚਾਰਾਂ ਦਾ ।੮।

ਮੱਘਰ ਮਾਰ ਮੁਕਾਇਆ ਮੈਨੂੰ, ਸ਼ੌਕ ਵਿਰਾਗ ਤੁਸਾਡੇ ਨੇ
ਕੀਕੁਰ ਪਹੁੰਚਾਂ ਸ਼ਹਿਰ ਮਦੀਨੇ, ਹਜ਼ਰਤ ਪੰਧ ਦੁਰਾਡੇ ਨੇ
ਮੈਂ ਅਨਜਾਣ ਤੇ ਰਾਹਜ਼ਨ ਵਾਟੇ, ਦੂਤੀ ਦੁਸ਼ਮਣ ਡਾਢੇ ਨੇ
ਉਹ ਖਿਚਣ ਤੇ ਪਹੁੰਚਾਂ ਪੀਰਾ, ਜੋ ਸਿਰਤਾਜ ਅਸਾਡੇ ਨੇ ।੯।

ਪੋਹ ਪੀਆ ਬਿਨ ਪਵੇ ਨਾ ਨੀਂਦਰ, ਤੜਫ ਤੜਫ ਉਠ ਬਹਿਨੀ ਹਾਂ
ਹੋ ਬੇਤਾਬ ਵਿਰਾਗ ਉਹਦੇ ਥੀਂ, ਰੋ ਰੋ ਦਿਲ ਵਿਚ ਕਹਿਨੀ ਹਾਂ
'ਯਾਰ ਨਗੀਨੇ ਸ਼ਹਿਰ ਮਦੀਨੇ, ਮੈਂ ਕਿਉਂ ਜੇਹਲਮ ਰਹਿਨੀ ਹਾਂ'
ਫਾਲ ਨਿਕਾਲ ਦਿਖਾਲ ਵੇ ਪੀਰਾ, ਕਦੋਂ ਮਦੀਨੇ ਵਹਿਨੀ ਹਾਂ ।੧੦।

ਮਾਘ ਮਹੀਨੇ ਤਾਂਘ ਸੱਜਣ ਦੀ, ਭਾਂਬੜ ਫੂਕ ਮਚਾਏ ਨੇਂ
ਮੁੜ ਮੁੜ ਪੈਰ ਉਨ੍ਹਾਂ ਦੇ ਚੁੰਮਾਂ, ਜੋ ਯਸਰਬ ਥੀਂ ਆਏ ਨੇ
ਆਖੋ ਜਲਦ ਸੁਣਾਨ ਸੁਨੇਹੇ, ਜੋ ਉਸ ਯਾਰ ਪਹੁੰਚਾਏ ਨੇ
ਵਾਹ ਨਸੀਬ ਤਿਨ੍ਹਾਂ ਦੇ ਪੀਰਾ, ਜਿਨ੍ਹਾਂ ਦਰਸ਼ਨ ਪਾਏ ਨੇ ।੧੧।

ਫੱਗਣ ਫੇਰਾ ਪਾ ਓਏ ਸ਼ੇਰਾ, ਦਰਦਾਂ ਘੇਰਾ ਪਾਇਆ ਏ
ਜਾਨ ਉਦਾਸ ਹਵਾਸ ਨਾ ਕਾਇਮ, ਸਾਸ ਲਬਾਂ ਤੇ ਆਇਆ ਏ
ਵਿਚ ਉਡੀਕਾਂ ਨਿਕਲਣ ਡੀਕਾਂ, ਚੀਕਾਂ ਸ਼ੋਰ ਮਚਾਇਆ ਏ
ਪੀਰ ਜ਼ਈਫ ਨਹੀਫ਼ ਬਿਚਾਰਾ, ਇਸ਼ਕ ਸ਼ਰੀਫ਼ ਸਤਾਇਆ ਏ ।੧੨।

ਵਿਚ ਮੈਦਾਨ ਸ਼ਫਾਇਤ ਵਾਲੇ, ਜਦ ਝੰਡਾ ਆ ਲਾਸੇਂ ਤੂੰ
ਵਲ ਸਵਫ ਨਈਤੀ ਵਾਲਾ, ਸਰ ਪਰ ਤਾਜ ਰਖਾਸੇਂ ਤੂੰ
ਕਹੇ ਫਿਤਰਜ਼ੀ ਸ਼ੱਕ ਨਾ ਕੋਈ, ਜੋ ਮੰਗਸੇਂ ਸੋ ਪਾਸੇਂ ਤੂੰ
ਨੇਕ ਅਲ੍ਹਾ ਨੂੰ ਫਿਰਿਆ ਹਜ਼ਰਤ, ਕਿਉਂ ਨਾ ਨਾਲ ਲਿਜਾਸੇਂ ਤੂੰ ।੧੩।

---



Sri Satguru Jagjit Singh Ji eLibrary NamdhariElibrary@gmail.com

## ੭੩. ਬਾਰਾਂਮਾਹ ਮੇਲਾ ਰਾਮ (ਦਰ ਫਿਰਾਕ ਰਸੂਲ)

ਚੇਤਰ ਚਿਤ ਨੂੰ ਲਗੀ ਉਦਾਸੀ, ਚਾਹਾਂ ਵੈਦ ਰਸੂਲ ਸਈਓ
ਰੌਜ਼ੇ ਪਾਕ ਨਬੀ ਦੇ ਜਾ ਕੇ, ਕੱਢਾਂ ਦਿਲ ਦੇ ਸੂਲ ਸਈਓ
ਸ਼ੁਕਰ ਕਰਾਂ ਮੈਂ ਲੱਖ ਲੱਖ ਵਾਰੀ, ਹੋਵੇ ਅਰਜ਼ ਕਬੂਲ ਸਈਓ
ਕਰਸਾਂ ਮੇਲੇ ਵੈਦ ਨਬੀ ਵਲੀ, ਜੋ ਰੱਬ ਦੇ ਮਕਬੂਲ ਸਈਓ ।੧।

ਵਿਸਾਖ ਹੋਰ ਨ ਵਾਲੀ ਹਜ਼ਰਤ, ਕਿਸ ਦਰ ਅਰਜ਼ ਗੁਜ਼ਾਰਾਂ ਮੈਂ
ਲੰਘ ਅਗੇਰੇ ਗਈਆਂ ਸਈਆਂ, ਰੋ ਰੋ ਆਹੀਂ ਮਾਰਾਂ ਮੈਂ
ਹਰਫ ਕੁਰਾਨ ਨ ਜਾਣਾਂ ਤੱਤੀ, ਕਿਵੇਂ ਨਿਮਾਜ਼ ਗੁਜ਼ਾਰਾਂ ਮੈਂ
ਰਹਿਮ ਕਰੀਂ ਤੂੰ ਅਪਣਾ ਅਹਿਮਦ, ਮੇਲੇ ਤਨ ਮਨ ਵਾਰਾਂ ਮੈਂ ।੨।

ਜੇਠ ਜਿਨ੍ਹਾਂ ਦੇ ਅਮਲ ਚੰਗੇ ਸਨ, ਉਹ ਟੁਰ ਗਈ ਮਦੀਨੇ ਨੂੰ
ਮੈਂ ਤੱਤੜੀ ਵਿਚ ਦੋਜ਼ਖ ਜਲਦੀ, ਢੂੰਡਾਂ ਯਾਰ ਨਗੀਨੇ ਨੂੰ
ਦਰਸ ਜਦੋਂ ਰੌਜ਼ੇ ਦਾ ਹੋਸੀ, ਠੰਢ ਪਵੇ ਤਦ ਸੀਨੇ ਨੂੰ
ਮੇਲੇ ਦਰਸ ਮੁਹੰਮਦ ਖਾਤਰ, ਵਾਰਾਂ ਮਾਲ ਖਜ਼ੀਨੇ ਨੂੰ ।੩।

ਹਾੜ ਹੱਸਦੀ ਖ਼ਲਕਤ ਮੈਨੂੰ, ਹੋ ਗਈ ਕਮਲੀ ਝੱਲੀ ਮੈਂ
ਲਗੀ ਕਰਦ ਫਿਰਾਕ ਦਰਦ ਦੀ, ਰੋਂਦੀ ਬੈਠ ਇਕੱਲੀ ਮੈਂ
ਕਿਸਮਤ ਸੜੀ ਕੁਰਾਨ ਨ ਪੜ੍ਹਿਆ, ਖਾਲੀ ਹੱਥੀਂ ਚਲੀ ਮੈਂ
ਮੇਲੇ ਅਮਲਾਂ ਬਾਝ ਬਹਿਸ਼ਤੋਂ, ਕਢ ਦੋਜ਼ਖ ਵਿਚ ਘੱਲੀ ਮੈਂ ।੪।

ਸਾਵਣ ਸਿਕ ਦੀਦਾਰ ਤੇਰੇ ਦੀ, ਹੋਰ ਨ ਕੁਝ ਦਿਲ ਚਾਹਵੇ ਜੀ
ਲੋਕੀ ਖੁਸ਼ੀ ਮਨਾਵਣ ਸਈਓ, ਮੈਨੂੰ ਹਿਜਰ ਸਤਾਵੇ ਜੀ
ਦਿਨ ਨੂੰ ਸਈਆਂ ਵਿਚ ਨ ਕੱਤਾਂ, ਰਾਤੀਂ ਪਲੰਘ ਡਰਾਵੇ ਜੀ
ਮੇਲੇ ਯਾਰ ਮੁਹੰਮਦ ਜੇਕਰ, ਸਬਰ ਦਿਲੇ ਨੂੰ ਆਵੇ ਜੀ ।੫।

ਭਾਦੋਂ ਭਾਹ ਸੜਾਂ ਦੋਜ਼ਖ ਦੀ, ਬਿਨ ਅਮਲਾਂ ਪਈ ਰੋਵਾਂ ਮੈਂ
ਕਲਮਾ ਕੀਤਾ ਯਾਦ ਨ ਤੇਰਾ, ਕਿਵੇਂ ਸੁਖੱਲੀ ਹੋਵਾਂ ਮੈਂ
ਹੱਜ ਮਦੀਨੇ ਦਾ ਨ ਕੀਤਾ, ਜ਼ੁਲਫਾਂ ਤੱਤੀ ਖੋਹਵਾਂ ਮੈਂ
ਮੇਲੇ ਵਿਚ ਜਮਾਤ ਨਬੀ ਦੀ, ਜਾ ਕਰ ਕਿਵੇਂ ਖਲੋਵਾਂ ਮੈਂ ।੬।



Sri Satguru Jagjit Singh Ji eLibrary NamdhariElibrary@gmail.com

ਅਸੂਜ ਆਸ ਨ ਹੋਵੇ ਪੂਰੀ, ਰੋਵਾਂ ਜ਼ਾਰੋ ਜ਼ਾਰ ਸਈਓ
ਬਿਨ ਦਰਬਾਰ ਮੁਹੰਮਦ ਕਿਥੇ, ਜਾ ਕੇ ਕਰਾਂ ਪੁਕਾਰ ਸਈਓ
ਬਿਨਾ ਰਸੂਲ ਨ ਜਗ ਵਿਚ ਮੇਰਾ, ਹੋਰ ਕੋਈ ਗ਼ਮਖ਼ਾਰ ਸਈਓ
ਮੇਲੇ ਸ਼ਰਮਾਂ ਓਸ ਨੂੰ ਸਭ ਜੋ, ਉੱਮਤ ਦਾ ਸਰਦਾਰ ਸਈਓ ।੭।

ਕੱਤਕ ਕਲਮਾ ਯਾਦ ਨ ਕੀਤਾ, ਮੂਲ ਮਸੀਤ ਨ ਵੜੀਆਂ ਮੈਂ
ਸਈਆਂ ਖਤਮ ਕੁਰਾਨ ਚਾ ਕੀਤੇ, ਨ ਹਰਫ ਨਿਮਾਜ਼ ਦਾ ਪੜ੍ਹੀ ਆਂ ਮੈਂ
ਸਿਜਦੇ ਸੀਸ ਝੁਕਾਯਾ ਨਾ ਮੈਂ, ਨਾ ਮੰਜ਼ਲ ਤੇ ਚੜ੍ਹੀ ਆਂ ਮੈਂ
ਮੇਲੇ ਤੱਤੀ ਕਈ ਸਖਤੀਆਂ, ਸਿਰ ਅਪਣੇ ਤੇ ਜਰੀਆਂ ਮੈਂ ।੮।

ਮੱਘਰ ਮਰਨਾ ਯਾਦ ਨ ਹੈਸੀ, ਜਿਸ ਦਮ ਚੜ੍ਹੀ ਜਵਾਨੀ ਮੈਂ
ਝੂਠਾ ਹੁਸਨ ਘੜੀ ਦਾ ਪਹਿਰਾ, ਹੋ ਗਈ ਵੇਖ ਦੀਵਾਨੀ ਮੈਂ
ਯਾਦ ਰਸੂਲ ਨ ਆਇਆ ਮੈਨੂੰ, ਖੋ ਬੈਠੀ ਜ਼ਿੰਦਗਾਨੀ ਮੈਂ
ਮੇਲੇ ਯਾਰ ਸੱਜਨ ਦੀ ਉਸ ਦਮ ਮੂਲ ਨ ਸਾਰ ਪਛਾਨੀ ਮੈਂ ।੯।

ਪੋਹ ਪਿਆਰੇ ਪਿਆਰੇ ਅਹਿਮਦ, ਤੈਨੂੰ ਹਾਕਮ ਰੱਬ ਬਣਾਇਆ ਸੀ
ਜਿਸ ਦਮ ਦੁਨੀਆਂ ਤੇ ਕੁਝ ਨਹੀਂ ਸੀ, ਤੈਨੂੰ ਚਾ ਪੁਜਾਇਆ ਸੀ
ਤਾਜ ਲੌਲਾਕ ਪਾਇਆ ਸਿਰ ਤੇਰੇ, ਹੇਠਾਂ ਬਰਕ ਸੁਹਾਇਆ ਸੀ
ਉਮਤ ਆਪਣੀ ਤਾਈਂ ਮੇਲੇ, ਰੱਬ ਕੋਲੋਂ ਬਖਸ਼ਾਇਆ ਸੀ ।੧੦।

ਮਾਘ ਮਹੀਨੇ ਸਵਾਲ ਮੇਰਾ ਇਕ, ਹਜ਼ਰਤ ਤੈਥੋਂ ਵਾਰੀ ਜੀ
ਕਲਮਾ ਬਖਸ਼ ਨਾਮ ਮੌਲੇ ਦੇ, ਜੋ ਤੇਰੀ ਸਰਦਾਰੀ ਜੀ
ਉੱਮਤ ਤੇਰੀ ਵਿਚੋਂ ਪਾਪਣ, ਕਰਨਾ ਰਹਿਮ ਗ਼ੁਫਾਰੀ ਜੀ
ਮੇਲੇ ਦੀਦ ਤੇਰੇ ਰੌਜ਼ੇ ਦੀ, ਫੇਰ ਵੇਖਾਂ ਇਕ ਵਾਰੀ ਜੀ ।੧੧।

ਫੱਗਣ ਭਰੀ ਬਹਾਰ ਫੁਲਾਂ ਦੀ, ਹਾਰ ਸ਼ਿੰਗਾਰ ਲਗਾਵਾਂ ਮੈਂ
ਕਲਮਾ ਪੜ੍ਹਕੇ ਪਾਕ ਨਬੀ ਦਾ, ਮਨ ਦੇ ਭਰਮ ਮਿਟਾਵਾਂ ਮੈਂ
ਅੱਠੇ ਪਹਿਰ ਰਹੇ ਚਾਹ ਦਿਲ ਵਿਚ, ਤਰਫ ਮਦੀਨੇ ਜਾਵਾਂ ਮੈਂ
ਮੇਲੇ ਪਾਕ ਨਬੀ ਦੇ ਰੌਜ਼ੇ, ਜਾ ਕੇ ਭੁੱਲ ਬਖਸ਼ਾਵਾਂ ਮੈਂ ।੧੨।



Sri Satguru Jagjit Singh Ji eLibrary NamdhariElibrary@gmail.com

## ੭੪. ਬਾਰਾਂਮਾਹ ਮਿਲਖੀ ਰਾਮ (ਦਰ ਸ਼ਾਨੇ ਰਸੂਲ)

ਚੜ੍ਹਿਆ ਚੇਤ ਚਲੋ ਨੀ ਸਈਓ, ਦੀਦ ਰੌਜ਼ੇ ਦੇ ਪਾਈਏ ਨੀ
ਨਾਲ ਖੁਸ਼ੀ ਦੇ ਕਲਮਾ ਪੜ੍ਹਕੇ, ਜਾ ਕੇ ਸੀਸ ਨਿਵਾਈਏ ਨੀ
ਔਗੁਣ ਸਾਰੇ ਅਗਲੇ ਪਿਛਲੇ, ਤੋਬਾ ਕਰ ਬਖਸ਼ਾਈਏ ਨੀ
ਮਿਲਖੀ ਹੱਜ ਕਬੂਲ ਜੇ ਹੋਵੇ, ਵਿਚ ਬਹਿਸ਼ਤਾਂ ਜਾਈਏ ਨੀ ।੧।

ਮਾਹ ਵਿਸਾਖ ਵਿਸਾਰ ਕੇ ਧੰਦੇ, ਵਲ ਮਦੀਨੇ ਜਾਈਏ ਨੀ
ਖ਼ਾਕ ਰੋਜ਼ੇ ਦੀ ਸੁਰਮਾ ਬਦਲੇ, ਅੱਖੀਂ ਦੇ ਵਿਚ ਪਾਈਏ ਨੀ
ਗ਼ੈਰ ਖਿਆਲ ਭੁਲਾ ਦਿਲੋਂ ਹੁਣ, ਗੀਤ ਨਬੀ ਦੇ ਗਾਈਏ ਨੀ
ਮਿਲਖੀ ਕਦਮਾਂ ਦੇ ਵਿਚ ਰੁਲੀਏ,ਮੁੜਕੇ ਨਾ ਘਰ ਆਈਏ ਨੀ ।੨।

ਜੇਠ ਜਿਨ੍ਹਾਂ ਨੂੰ ਮਿਲ ਗਏ ਸਰਵਰ,ਕਿਸਮਤ ਉਨ੍ਹਾਂ ਦੀ ਚੰਗੀ ਜੇ
ਸਿਜਦਾ ਕਰਦਿਆਂ ਵਿਚ ਕਦਮਾਂ ਦੇ, ਸਾਰੀ ਉਮਰਾ ਲੰਘੀ ਜੇ
ਸ਼ੌਕ ਲਿਲਾਰੀ ਲਾਗਾਂ ਲਾਈਆਂ, ਜਾਨ ਰੰਗਣ ਵਿਚ ਰੰਗੀ ਜੇ
ਮਿਲਖੀ ਪਲ ਵਿਚ ਹੋਵੇ ਪੂਰੀ, ਮਨੋ ਮੁਰਾਦ ਜੋ ਮੰਗੀ ਜੇ ।੩।

ਹਾੜ ਮਹੀਨੇ ਹਰ ਇਕ ਕੋਲੋਂ, ਤਾਨ੍ਹੇ ਝਿੜਕਾਂ ਖਾਵਾਂ ਮੈਂ
ਇਹ ਦਿਲ ਕਰਦਾ ਜੋਗਣ ਬਣਕੇ, ਤਰਫ ਮਦੀਨੇ ਜਾਵਾਂ ਮੈਂ
ਭਗਵਾ ਚੋਲਾ ਗਲ ਵਿਚ ਪਾ ਕੇ, ਤਨ ਤੇ ਭਸਮ ਲਗਾਵਾਂ ਮੈਂ
ਮਿਲਖੀ ਸ਼ਾਇਦ ਏਸ ਬਹਾਨੇ, ਦੀਦ ਨਬੀ ਦੇ ਪਾਵਾਂ ਮੈਂ ੪।

ਸਾਵਣ ਸਵਣ ਵਿਸਾਰ ਕੇ ਸਈਆਂ,ਵਿਚ ਮਸੀਤੀਂ ਵੜੀਆਂ ਨੀ
ਮੈਂ ਤੱਤੀ ਇਕ ਹਰਫ ਨ ਜਾਣਾਂ, ਉਨ੍ਹਾਂ ਨਿਮਾਜ਼ਾਂ ਪੜ੍ਹੀਆਂ ਨੀ
ਕਲਮਾਂ ਮਨੋਂ ਭੁਲਾਂਦੀਆਂ ਨਾਹੀਂ,ਮੁਖ ਤੇ ਲਾਲੀਆਂ ਚੜ੍ਹੀਆਂ ਨੀ
ਮਿਲਖੀ ਜੋਹੀਆਂ ਬਾਹਰ ਮਸੀਤੋਂ, ਕਾਫਰਾਂ ਵਾਂਗੂ ਖੜੀਆਂ ਨੀ ।੫।

ਭਾਦੋਂ ਭਰ ਗਈ ਜ਼ਿੰਦਗੀ ਮੇਰੀ, ਐਬ ਚਿੱਕੜ ਦੇ ਨਾਲ ਸਈਓ
ਕੀਕਰ ਧੋਵਾਂ ਵਲ ਨ ਆਵੇ, ਮੈਲਾ ਰੰਗ ਕਮਾਲ ਸਈਓ
ਧੋਬੀ ਮੁਰਸ਼ਦ ਮਿਲੇ ਮੈਨੂੰ, ਪਲ ਵਿਚ ਹੋਵਾਂ ਨਿਹਾਲ ਸਈਓ
ਮਿਲਖੀ ਭਾਗ ਉਨ੍ਹਾਂ ਦੇ ਚੰਗੇ, ਮਿਲੇ ਜਿਨ੍ਹਾਂ ਉਹ ਲਾਲ ਸਈਓ ।੬।



Sri Satguru Jagjit Singh Ji eLibrary NamdhariElibrary@gmail.com

ਅੱਸੂ ਆਸ ਕਦ ਹੋਸੀ ਪੂਰੀ, ਫਾਲ ਜੋਗੀਆ ! ਪਾਵੀਂ ਵੇ
ਕਦੋਂ ਪਿਆਰਾ ਮਿਲੇ ਅਸਾਨੂੰ, ਠੀਕ ਪ੍ਰਸ਼ਨ ਇਹ ਲਾਵੀਂ ਵੇ
ਮੂਰਖ ਜਗ ਨ ਹਸੇ ਮੈਨੂੰ, ਹੌਲੀ ਗੱਲ ਸੁਣਾਵੀਂ ਵੇ
ਮਿਲਖੀ ਸਬਰ ਕਰਾਂ ਮੈਂ ਕਿਚਰਕ, ਸੱਚੀ ਬਾਤ ਬਤਾਵੀਂ ਵੇ ।੭।

ਕੱਤਕ ਕਹਿਆ ਨਜੂਮੀਆਂ ਮੈਨੂੰ, ਸੁਣ ਤੂੰ ਨਾਲ ਧਿਆਨ ਕੁੜੇ
ਜਾਗ ਸਵੇਰੇ ਮੰਗ ਦੁਆਈਂ, ਰੱਖੀਂ ਵਿਰਦ ਕੁਰਾਨ ਕੁੜੇ
ਪੰਜੇ ਵਖਤ ਨਿਮਾਜ਼ ਗੁਜ਼ਾਰੀਂ, ਛਡਕੇ ਖੁਦੀ ਗੁਮਾਨ ਕੁੜੇ
ਮਿਲਖੀ ਮੁਸ਼ਕਲ ਕੰਮ ਜੋ ਤੇਰਾ, ਕਰਸੀ ਰੱਬ ਅਸਾਨ ਕੁੜੇ ।੮,

ਮੱਘਰ ਮਰਨਾ ਬਿਹਤਰ ਮੇਰਾ, ਕਿਸ ਕੰਮ ਜਗ ਤੇ ਜੰਮੀ ਮੈਂ
ਨੇਕੀ ਸਭ ਕਮਾਵਣ ਸਈਆਂ, ਔਗੁਣਹਾਰ ਨਿਕੰਮੀ ਮੈਂ
ਨਾਮ ਇਲਮ ਦਾ ਹਰਫ ਨ ਜਾਣਾ, ਹੋਈ ਉਚੀ ਲੰਮੀ ਮੈਂ
ਮਿਲਖੀ ਜਾਪੇ ਰੋਂਦੀ ਜਾਸਾਂ, ਐਸੀ ਤੱਤ-ਕਰੰਮੀ ਮੈਂ ।੯।

ਪੋਹ ਪਿਆਰੇ ਸ਼ਾਨ ਲੌਲਾਕੀ, ਤਾਜ ਅਰਸ਼ ਤੋਂ ਆਇਆ ਏ
ਅਲਫ ਅੱਲ੍ਹਾ ਤੇ ਇਸ ਮੁਹੰਮਦ, ਬਿਸਮਿਲ੍ਹਾ ਥੀਂ ਪਾਇਆ ਏ
ਨੂਰੋ ਨੂਰ ਹੋਈ ਸਭ ਦੁਨੀਆਂ, ਮੁਖੜਾ ਚੰਦ ਸੁਹਾਇਆ ਏ
ਮਿਲਖੀ ਮਾਲਕ ਕੁਲ ਦੁਨੀਆਂ ਦੇ, ਅਹਿਮਦ ਨਾਮ ਰਖਾਇਆ ਏ ।੧੦।

ਮਾਘ ਮਾਹੀ ਨਹੀਂ ਮਿਲਦਾ ਨਾਹੀਂ, ਝੂਠਾ ਸ਼ੋਰ ਮਚਾਨੀ ਆਂ
ਵਲਨੇ ਨਿਕੀ ਖੇਡਾਂ ਅੰਦਰ, ਸੁੱਤੀ ਰੈਨ ਵਿਹਾਨੀ ਆਂ
ਮੂਰਖ ਗਾਫਲ ਅਮਲਾਂ ਬਾਝੋਂ, ਦੀਦ ਪੀਆ ਦੇ ਚਾਹਨੀ ਆਂ
ਮਿਲਖੀ ਖੋਟ ਭਿੜੇ ਚਿਤ ਮੇਰੇ, ਬਾਹਰੋਂ ਨੇਕ ਬਤਾਨੀ ਆਂ ।੧੧।

ਫੱਗਣ ਫਿਰੀਆਂ ਮੈਂ ਜਗ ਸਾਰੇ, ਵੈਦ ਨ ਪੂਰਾ ਅਹਿਲ ਦਾ ਜੇ
ਮਰਜ਼ ਦਿਨੋਂ ਦਿਨ ਵਧਦੀ ਜਾਵੇ, ਫਰਕ ਨ ਪੈਂਦਾ ਤਿਲ ਦਾ ਜੇ
ਖੁਸ਼ਕ ਚਮਨ ਸ਼ਾਖਾਂ ਬਿਨ ਮਾਲੀ, ਫੁਲ ਕਲੂਬ ਨ ਖਿਲਦਾ ਜੇ
ਅਜ ਮਿਲਖੀ ਘਰ ਸੱਜਨ ਆਇਆ, ਸੋਹਣਾ ਮਹਿਰਮ ਦਿਲ ਦਾ ਜੇ ।੧੨।





Sri Satguru Jagjit Singh Ji eLibrary NamdhariElibrary@gmail.com

# ੭੫. ਬਾਰਾਂਮਾਹ ਮੁਹੰਮਦੀ (ਮਿਲਖੀ ਰਾਮ)

ਚੇਤਰ ਚੰਦ ਨਬੀ ਦੀ ਸੂਰਤ, ਚਲ ਕੇ ਦਰਸ਼ਨ ਪਾਈਏ ਨੀ
ਸੋਹਣੇ ਸ਼ਹਿਰ ਮਦੀਨੇ ਅੰਦਰ, ਖੁਸ਼ੀਆਂ ਈਦ ਮਨਾਈਏ ਨੀ
ਰੋਜ਼ੇ ਪਾਕ ਮੁਬਾਰਕ ਉਤੋਂ, ਸਦਕੇ ਸਦਕੇ ਜਾਈਏ ਨੀ
ਮਿਲਖੀ ਸਿਫਤਾਂ ਕਰ ਕਰ ਉਹਦੀਆਂ, ਬਾਕੀ ਉਮਰ ਲੰਘਾਈਏ ਨੀ ।੧।

ਚੜ੍ਹੇ ਵਿਸਾਖ ਵਿਸਾਰ ਨ ਦੇਵੀਂ, ਔਗੁਣਹਾਰ ਨਕਾਰੀ ਨੂੰ
ਸਦਕਾ ਹਸਨ ਹੁਸਨ ਦਾ ਬਖਸ਼ੀਂ, ਮੈਂ ਕਰਮਾਂ ਦੀ ਮਾਰੀ ਨੂੰ
ਰਾਤ ਗੁਜ਼ਾਰਾਂ ਤਾਰੇ ਗਿਣ ਕੇ, ਫਜ਼ਰੇ ਤਾਂਘ ਬੇਚਾਰੀ ਨੂੰ
ਮਿਲਖੀ ਸ਼ਰਬਤ ਤੇਰੇ ਦਰਸ ਦਾ, ਕਾਫ਼ੀ ਏਸ ਬਿਮਾਰੀ ਨੂੰ ।੨।

ਜੇਠ ਜਵਾਨੀ ਐਵੇਂ ਗੁਜ਼ਰੀ, ਪੜ੍ਹੀ ਨਿਮਾਜ਼ ਮਸੀਤੀ ਨਾ
ਬਹਿ ਕੇ ਕਦੀ ਕੁਰਾਨ ਨ ਸੁਣਿਆ, ਪ੍ਰੇਮ ਪਿਆਲੀ ਪੀਤੀ ਨਾ
ਚੁਗਲੀ ਨਿੰਦਿਆ ਬਦੀ ਬਖੀਲੀ, ਗੱਲ ਭਲੇ ਦੀ ਕੀਤੀ ਨਾ
ਮਿਲਖੀ ਤੋਬਾ ਬਖਸ਼ੇ ਹਜ਼ਰਤ, ਕਰਸਾਂ ਕਦੀ ਅਨੀਤੀ ਨਾ ।੩।

ਹਾੜ ਹੈਰਾਨ ਹੋਇਆ ਦਿਲ ਮੇਰਾ, ਕਿਵੇਂ ਮਦੀਨੇ ਆਵਾਂ ਮੈਂ
ਜਾਨ ਬੀਮਾਰ ਗਰੀਬੀ ਨਾਲੇ, ਏਸ ਗੱਲੇ ਘਬਰਾਵਾਂ ਮੈਂ
ਚਿੰਤਾ ਫਿਕਰ ਹਮੇਸ਼ਾਂ ਰਹਿੰਦਾ, ਨ ਕੁਝ ਪੀਵਾਂ ਖਾਵਾਂ ਮੈਂ
ਮਿਲਖੀ ਕੀਕੁਰ ਪਾਕ ਨਬੀ ਜੀ, ਖੁਲ੍ਹੇ ਦਰਸ਼ਨ ਪਾਵਾਂ ਮੈਂ ।੪।

ਚੜ੍ਹਿਆ ਸਾਵਣ ਸੌਣ ਨ ਦੇਵੇ, ਤੇਰਾ ਪਿਆਰਾ ਰਸੂਲ ਅੱਲ੍ਹਾ
ਪੀਰਾਂ ਵਲੀਆਂ ਕੁਤਬਾਂ ਉਤੇ, ਤੂ ਮੁਖ਼ਤਾਰ ਰਸੂਲ ਅੱਲ੍ਹਾ
ਗੋਤੇ ਗ਼ਮ ਦਰਿਆ ਵਿਚ ਖਾਵਾਂ, ਕਰਦੇ ਪਾਰ ਰਸੂਲ ਅੱਲ੍ਹਾ
ਮਿਲਖੀ ਪਾਪੀ ਤੇਰੇ ਦਰ ਤੇ, ਕਰੇ ਪੁਕਾਰ ਰਸੂਲ ਅੱਲ੍ਹਾ ।੫।

ਭਾਦੋਂ ਭਜਨ ਕਦੀ ਨ ਕੀਤਾ, ਹਜ਼ਰਤ ਪਾਕ ਨਿਰਾਲੇ ਦਾ
ਪੜ੍ਹੇ ਨਿਮਾਜ਼ ਨ ਰਖੇ ਰੋਜ਼ੇ, ਐਬ ਪਾਪੀ ਦਿਲ ਕਾਲੇ ਦਾ
ਭਾਗਾਂ ਵਾਲੇ ਵੇਖਣ ਜਲਵਾ, ਪਿਆਰੇ ਅੱਲ੍ਹਾ ਵਾਲੇ ਦਾ
ਮਿਲਖੀ ਮੁਖੜਾ ਇਸ਼ਕ ਦਿਖਾਸੀ, ਉੱਮਤ ਦੇ ਰਖਵਾਲੇ ਦਾ ।੬।



Sri Satguru Jagjit Singh Ji eLibrary NamdhariElibrary@gmail.com

ਅੱਸੂ ਅਰਜ਼ੀ ਵਿਚ ਮਦੀਨੇ, ਬਾਵੇ ਸੁਬਾਹ ! ਪੁਚਾਵੀਂ ਨੀ
ਕਹਿ ਦੇਈਂ ਤੜਫੇ ਆਸ਼ਕ ਤੇਰੀ, ਰੋ ਰੋ ਹਾਲ ਸੁਨਾਵੀਂ ਨੀ
ਖਬਰੇ ਨਜ਼ਰ ਮੇਹਰ ਦੀ ਕਰਦੇ, ਮੇਰੀ ਸਿਫਾਰਸ਼ ਲਾਵੀਂ ਨੀ
ਮਿਲਖੀ ਕਿਧਰੇ ਭੁਲ ਨ ਜਾਵੀਂ, ਇਹਦਾ ਜਵਾਬ ਲਿਆਵੀਂ ਨੀ ।੭।

ਕੱਤਕ ਕਰਮ ਚੰਗਾ ਨ ਕੋਈ, ਆਖਰ ਮੈਂ ਪਛਤਾਵਾਂਗੀ
ਵਕਤ ਹਸ਼ਰ ਦੇ ਅੱਲ੍ਹਾ ਨਬੀ ਨੂੰ, ਕੀ ਮੈਂ ਮੁਖ ਦਿਖਾਵਾਂਗੀ
ਜਦੋਂ ਹਿਸਾਬ ਹੋਵੇਗਾ ਮੇਰਾ, ਕੋਲ ਖਲੀ ਸ਼ਰਮਾਵਾਂਗੀ
ਮਿਲਖੀ ਖੋਟੇ ਅਮਲਾਂ ਵਾਲੀ, ਦੋਜ਼ਖ ਦੇ ਵਿਚ ਜਾਵਾਂਗੀ ।੮।

ਮਘਰ ਮਨ ਕਮਜਾਤ ਹਰਾਮੀ, ਐਬਾਂ ਵਿਚ ਗ਼ਲਤਾਨ ਸਹੀਓ
ਦਿਲ ਪਲੀਤ ਮਸੀਤ ਕੀ ਜਾਵੇ, ਸੁਹਬਤ ਨਾਲ ਸ਼ੈਤਾਨ ਸਹੀਓ
ਨੀਂਦ ਆਵੇ ਦਿਲ ਨਾਹੀਂ ਕਰਦਾ, ਜੇ ਮੈਂ ਪੜ੍ਹਾਂ ਕੁਰਾਨ ਸਹੀਓ
ਮਿਲਖੀ ਔਗੁਣਹਾਰ ਬੰਦੀ ਨੂੰ, ਜਾਣੇ ਕੁਲ ਜਹਾਨ ਸਹੀਓ ।੯।

ਪੋਹ ਪਿਆਰਾ ਦਿਸੇ ਮਦੀਨੇ, ਮੌਤੋਂ ਸਖ਼ਤ ਜੁਦਾਈ ਏ
ਰੋਵਾਂ ਤੜਫਾਂ ਪੇਸ਼ ਨਾ ਜਾਵੇ, ਚੋਟ ਇਸ਼ਕ ਨੇ ਲਾਈ ਏ
ਨਬੀ ਅੱਲ੍ਹਾ ਦਾ ਕੋਈ ਮਿਲਾਵੇ, ਦੇਂਦੀ ਫਿਰਾਂ ਦੁਹਾਈ ਏ
ਮਿਲਖੀ ਭਾਗ ਤੱਤੀ ਦੇ ਖੋਟੇ, ਸੂਰਤ ਨਜ਼ਰ ਨ ਆਈ ਏ ।੧੦।

ਮਾਘ ਮੁਹੰਮਦ ਪਿਆਰੇ ਵਾਲਾ, ਮੁਖ ਦਿਖਾ ਦੇ ਅੱਲ੍ਹਾ ਜੀ
ਸੋਹਣੇ ਆਪਣੇ ਪਾਕ ਨਬੀ ਦਾ, ਮੇਲ ਕਰਾ ਦੇ ਅੱਲ੍ਹਾ ਜੀ
ਹਜ਼ਰਤ ਬਾਝੋਂ ਜੱਗ ਅੰਧੇਰਾ, ਚੰਦ ਚੜ੍ਹਾ ਦੇ ਅੱਲ੍ਹਾ ਜੀ
ਮਿਲਖੀ ਬਖਸ਼ਣਹਾਰ ਸਦਾਵੇਂ, ਆਸ ਪੁਚਾ ਦੇ ਅੱਲ੍ਹਾ ਜੀ ।੧੧।

ਫੱਗਣ ਫਿਰਾਂ ਦੁਹਾਈਆਂ ਦੇਂਦੀ, ਆਲਮ ਕੰਨ ਨ ਧਰਦੇ ਨੀ
ਮਿੰਨਤਾਂ ਕਰਨੀ ਹਾਂ ਭੇਦ ਨ ਦੇਂਦੇ ਆਸ਼ਕ ਜੋ ਦਿਲਬਰ ਦੇ ਨੀ
ਘਰ ਵਿਚ ਮੈਨੂੰ ਸਜਨ ਮਿਲਿਆ, ਨੈਣ ਦਰਸ ਪਏ ਕਰਦੇ ਨੀ
ਮਿਲਖੀ ਪਾਣ ਮੁਰਾਦਾਂ ਕਿਉਂ ਨਾ, ਮੰਗਤੇ ਜੋ ਉਸ ਦਰ ਦੇ ਨੀ ।੧੨।



Sri Satguru Jagjit Singh Ji eLibrary NamdhariElibrary@gmail.com

## ੭੬. ਬਾਰਾਂਮਾਹ ਸ੍ਰੀ ਕ੍ਰਿਸ਼ਨ (ਮਿਲਖੀ ਰਾਮ)

ਚੇਤਰ ਚਿੰਤਾ ਦੇ ਵਿਚ ਰੋਵਾਂ, ਸ਼ਾਮ ਕਦੀ ਨਾ ਆਵੇ ਨੀ
ਦਰਸ਼ਨ ਬਾਝੋਂ ਜਾਨ ਪਿਆਰੀ, ਕੂੰਜ ਵਾਂਗੂ ਕੁਰਲਾਵੇ ਨੀ
ਬੇਪਰਵਾਹ ਨਾਲ ਅੱਖੀਆਂ ਲਗੀਆਂ, ਪੇਸ਼ ਕੋਈ ਨਾ ਜਾਵੇ ਨੀ
ਮਿਲਖੀ ਬੰਸੀ ਵਾਲੇ ਬਾਝੋਂ, ਗ਼ਮ ਹੱਡਾਂ ਨੂੰ ਖਾਵੇ ਨੀ ।੧।

ਵਿਸਾਖ ਵਿਸਾਰ ਕੇ ਮੈਂ ਤੱਤੀ ਨੂੰ ਕੁਬਜਾਂ ਦੇ ਘਰ ਜਾਂਦਾ ਈ
ਜੂਠੇ ਬੇਰ ਭੀਲਨੀ ਦੇ ਖਾ ਕੇ, ਗਨਕਾ ਪਾਰ ਲੰਘਾਂਦਾ ਈ
ਭਗਤ ਸੁਦਾਮਾ ਤਾਰ ਕੇ ਸਖੀਓ, ਸਾਗ ਬਿਦਰ ਘਰ ਖਾਂਦਾ ਈ
ਮਿਲਖੀ ਨਾਲ਼ ਨ ਬੋਲੇ ਪਿਆਰਾ, ਸਭ ਦੀ ਆਸ ਪੁਜਾਂਦਾ ਈ ।੨।

ਜੇਠ ਜਿਨ੍ਹਾਂ ਤੇ ਨਜ਼ਰ ਤੁਹਾਡੀ, ਉਨ੍ਹਾਂ ਨੂੰ ਪਾਰ ਲੰਘਾਂਦੇ ਓ
ਪ੍ਰਹਿਲਾਦ ਭਗਤ ਦੀ ਖਾਤਰ ਹਰਿ ਜੀ, ਕੀੜੀ ਰੂਪ ਬਣਾਂਦੇ ਓ
ਗਰੜ ਉਤੇ ਅਸਵਾਰੀ ਕਰ ਕੇ, ਗਜ ਕੇ ਫੰਧ ਛੁਡਾਂਦੇ ਓ
ਮਿਲਖੀ ਪਾਪੀ ਅਰਜ਼ਾਂ ਕਰਦਾ, ਹੁਣ ਕਿਉਂ ਮੁਖ ਭਵਾਂਦੇ ਓ ।੩।

ਹਾੜ ਹਸ ਕੇ ਗਵਰਧਨ ਪਰਬਤ, ਉਂਗਲੀ ਉਤੇ ਖਲਾਇਆ ਸੀ
ਕਾਲੀ ਨਾਗ ਨੂੰ ਫਿਰ ਜਮਨਾਂ ਤੇ, ਜਾ ਕੇ ਦਰਸ ਦਿਖਾਇਆ ਸੀ
ਨਰਸੀ ਭਗਤ ਦੀ ਹੁੰਡੀ ਤਾਰੀ, ਸਾਂਵਲ ਸ਼ਾਹ ਸਦਾਇਆ ਸੀ
ਮਿਲਖੀ ਕੋਲ ਜੇ ਆਉਣਾ ਨਹੀਂ ਸੀ, ਪਹਿਲੋਂ ਪਜਾਰ ਕਿਉਂ ਪਾਇਆ ਸੀ ।੪।

ਸਾਵਨ ਸਖੀਆਂ ਨਾਲ ਸਾਂਵਲਾ, ਰਲ ਮਿਲ ਪੀਂਘਾਂ ਪਾਂਦਾ ਏ
ਸੁੰਦਰ ਸੋਹਣਾ ਕ੍ਰਿਸ਼ਨ ਮੁਰਾਰੀ, ਰਲ ਮਿਲ ਰਾਸ ਰਚਾਂਦਾ ਏ
ਦਿਲ ਚੁਰਾ ਕੇ ਲੈ ਜਾਇ ਕ੍ਰਿਸ਼ਨ, ਬੰਸੀ ਜਦੋਂ ਬਜਾਂਦਾ ਏ
ਮਿਲਖੀ ਮਾਲਕ ਭੇਸ ਬਦਲ ਕੇ, ਲੀਲ੍ਹਾ ਪਿਆ ਰਚਾਂਦਾ ਏ ।੫।

ਭਾਦੋਂ ਭਰ ਭਰ ਹੰਝੂ ਡੋਲ੍ਹਾਂ, ਨਾਲ ਕਿਸੇ ਨਾ ਬੋਲਾਂ ਨੀ
ਜੋ ਜੋ ਕਾਹਨ ਘਨੱਯੇ ਕੀਤੀ, ਕਿਸ ਅਗੇ ਦੁਖ ਫੋਲਾਂ ਨੀ
ਓਹਦੇ ਬਿਨਾਂ ਕੋਈ ਆਸਰਾ ਨਾਹੀਂ, ਦਿਨੇ ਰਾਤ ਪਈ ਡੋਲਾਂ ਨੀ
ਮਿਲਖੀ ਥਾਂ ਥਾਂ ਵਾਂਗ ਸ਼ੁਦੈਣਾਂ, ਸ਼ਾਮ ਸੁੰਦਰ ਨੂੰ ਟੋਲਾਂ ਨੀ ।੬।



Sri Satguru Jagjit Singh Ji eLibrary NamdhariElibrary@gmail.com

ਅੱਸੂ ਆਸ ਨਾ ਹੋਈ ਪੂਰੀ, ਰੋ ਰੋ ਹਾਲ ਵੰਞਾਵਾਂ ਮੈਂ
ਇਹ ਦਿਲ ਕਰਦਾ ਜੋਗਣ ਬਣਕੇ, ਬਿੰਦਰਾਬਨ ਵਿਚ ਜਾਵਾਂ ਮੈਂ
ਭੋਛਨ ਫੂਕ ਸੁਟਾਂ ਵਿਚ ਵੇਹੜੇ, ਭਗਵਾਂ ਚੋਲਾ ਪਾਵਾਂ ਮੈਂ
ਮਿਲਖੀ ਕਾਰਨ ਭੇਸ ਬਣਾ ਕੇ, ਭਿਛਿਆ ਦਰਸ ਲਿਆਵਾਂ ਮੈਂ ।੭।

ਕੱਤਕ ਕਿਸਮਤ ਨੇਕ ਜਿਨ੍ਹਾਂ ਦੀ, ਆਪ ਉਹਨਾਂ ਘਰ ਆਏ ਨੀ
ਖੁਸ਼ੀ ਮਨਾਵਨ ਛੇਜ ਵਿਛਾਵਨ, ਹਾਰ ਸ਼ਿੰਗਾਰ ਲਗਾਏ ਨੀ
ਭਾਗ ਉਨ੍ਹਾਂ ਦੇ ਚੰਗੇ ਸਮਝੋ, ਜਿਨ੍ਹਾਂ ਦਰਸ਼ਨ ਪਾਏ ਨੀ
ਮਿਲਖੀ ਖੁਸ਼ੀ ਮਨਾਵਣ ਸੱਈਆਂ, ਮੈਨੂੰ ਹਿਜਰ ਸਤਾਏ ਨੀ ।੮।

ਮੱਘਰ ਮਨ ਵਿਚ ਕਰੇ ਦਲੀਲਾਂ, ਰਾਤੀਂ ਔਂਸੀਆਂ ਪਾਵਾਂ ਮੈਂ
ਵਾਂਗ ਸ਼ੁਦੈਣਾਂ ਬੰਨੇ ਬੰਨੇ, ਦਿਨ ਨੂੰ ਕਾਗ ਉਡਾਵਾਂ ਮੈਂ
ਗ਼ਮ ਸ਼ਾਮ ਦਾ ਲਗਾ ਐਸਾ, ਨਾ ਕੁਝ ਪੀਵਾਂ ਖਾਵਾਂ ਮੈਂ
ਮਿਲਖੀ ਦਿਲ ਨਹੀਂ ਲਗਦਾ ਮੇਰਾ, ਸਈਓ ਕਿਧਰੇ ਜਾਵਾਂ ਮੈਂ ।੯।

ਪੋਹ ਪਿਆਰਾ ਬੰਸੀ ਵਾਲਾ, ਕਰਦਾ ਨਹੀਂ ਖਿਆਲ ਸਈਓ
ਭੌਂਦੀ ਫਿਰਦੀ ਵਾਂਗ ਸ਼ੁਦੈਣਾਂ, ਦਿਸੇ ਨਾ ਨੰਦ ਲਾਲ ਸਈਓ
ਤਾਨੇ ਤੀਰ ਜਗਤ ਦੇ ਰੋਕਾਂ, ਸੀਨਾਂ ਕਰ ਕੇ ਢਾਲ ਸਈਓ
ਮਿਲਖੀ ਆਸ ਨਾ ਹੋਸੀ ਪੂਰੀ, ਚਿਟੇ ਹੋ ਗਏ ਵਾਲ ਸਈਓ ।੧੦।

ਮਾਘ ਮਹੀਨੇ ਮੋਈ ਜੀਵਾਂ, ਦੇਵੇ ਸ਼ਾਮ ਦਿਖਾਲੀ ਜੇ
ਮੋਰ ਮੁਕਟ ਮੱਥੇ ਤਿਲਕ ਬਿਰਾਜੇ, ਸੂਰਤ ਭੋਲੀ ਭਾਲੀ ਜੇ
ਭਿਛਿਆ ਦਰਸ਼ਨ ਮੰਗਾਂ ਹਮੇਸ਼ਾਂ, ਨੈਣ ਗਰੀਬ ਸਵਾਲੀ ਜੇ
ਮਿਲਖੀ ਭਰਸੀ ਤਾਂ ਚੁਪ ਕਰਸੀ, ਹਾਲੀ ਭਾਂਡਾ ਖਾਲੀ ਜੇ ।੧੧।

ਫਗਨ ਫੇਰ ਸਈਆਂ ਸਭ ਰਲ ਕੇ, ਨਵੀਂ ਪੁਸ਼ਾਕ ਵਟਾਵਣ ਜੀ
ਨਾਲ ਸ਼ਾਮ ਦੇ ਹੋਲੀ ਖੇਡਨ, ਲਾਲ ਗੁਲਾਲ ਉਡਾਵਣ ਜੀ
ਭਰ ਪਿਚਕਾਰੀ ਮਾਰਨ ਸਖੀਆਂ, ਸੌ ਸੌ ਖੁਸ਼ੀ ਮਨਾਵਣ ਜੀ
ਮਿਲਖੀ ਜੇਹੀਆਂ ਦਰਸ਼ਨ ਬਾਝੋਂ, ਰੋ ਰੋ ਹਾਲ ਵੰਞਾਵਣ ਜੀ ।੧੨।





Sri Satguru Jagjit Singh Ji eLibrary NamdhariElibrary@gmail.com

## ੭੭. ਬਾਰਾਂਮਾਹ ਕ੍ਰਿਸ਼ਨ ਲੀਲ੍ਹਾ (ਹਕੂਮਤ ਜਨ)

ਚਚਾ ਚੇਤ੍ਰ ਮਹੀਨੇ ਦੇ ਵਿਚ, ਸਾਂਵਰੇ ਕੀਤੀ ਤਿਆਰੀ ਹੈ
ਬ੍ਰਿਹੁੰ ਅਗਨਿ ਦੇ ਬਾਣ ਤਿਖੇਰੇ, ਵੇਦਨ ਮੈਂ ਤਨ ਮਾਰੀ ਹੈ
ਹਿਕਮਤ ਹੋਸ਼ ਨ ਰਹੀ ਤਿਲ ਜਿਤੀ, ਸੁਧ ਬੁਧ ਛੀਨੀ ਸਾਰੀ ਹੈ
ਕਹੇ ਹਕੂਮਤ ਬਿਨਾਂ ਕ੍ਰਿਸ਼ਨ ਦੇ, ਜੀਵਨ ਜਨਮ ਖੁਆਰੀ ਹੈ ।੧।

ਵਵਾ ਵਿਸਾਖ ਮਹੀਨੇ ਦੇ ਵਿਚ, ਸਈਆਂ ਚੂਰੀ ਕੁੱਟੀ ਹੈ
ਬਿਨਾ ਕ੍ਰਿਸ਼ਨ ਮੈਨੂੰ ਖਾਵਨ ਆਵੇ, ਦਿਸੇ ਜ਼ਹਿਰ ਦੀ ਗੁੱਟੀ ਹੈ
ਹਾਰ ਸ਼ਿੰਗਾਰ ਮੈਨੂੰ ਭਾਵੇ ਨਾਹੀਂ, ਬੈਂਸੀ ਵਾਲੇ ਦਿਲ ਲੁੱਟੀ ਹੈ
ਕਹੇ ਹਕੂਮਤ ਮਿਲਾਂ ਕ੍ਰਿਸ਼ਨ ਕੋ, ਪੀਵਾਂ ਅੰਮ੍ਰਿਤ ਘੁੱਟੀ ਹੈ ।੨।

ਜੇਠ ਜਾਣਾ ਜੇ ਏਵੇਂ ਕਰੇਂਦਾ, ਪਲਰੋਂ ਪਕੜ ਖੜਾਵਾਂ ਮੈਂ
ਸਾਵੇ ਸੂਹੇ ਉਤਰ ਤਨੇ ਤੋਂ, ਅੰਗ ਬਿਭੂਤਿ ਰਮਾਵਾਂ ਮੈਂ
ਤੇਰੇ ਵਿਛੋੜੇ ਮੈਨੂੰ ਘਾਇਲ ਕੀਤਾ, ਕੂੰਜ ਵਾਂਗ ਕੁਰਲਾਵਾਂ ਮੈਂ
ਕਹੇ ਹਕੂਮਤ ਮਿਲਾਂ ਕ੍ਰਿਸ਼ਨ ਕੋ, ਸਿਮਰ ਸਿਮਰ ਫਲ ਪਾਵਾਂ ਮੈਂ ।੩।

ਅਕਸਰ ਹਾੜ ਮਹੀਨੇ ਦੇ ਵਿਚ, ਪੀਆ ਬਾਝ ਨ ਭਾਵਾਂ ਮੈਂ
ਛੁਟਕੀ ਬਰਛੀ ਲਗ ਗਈ ਤਨ ਵਿਚ, ਰੋ ਰੋ ਹਾਲ ਵੰਞਾਵਾਂ ਮੈਂ
ਗੁਝਰੀ ਭਾਹ ਵਿਛੋੜੇ ਵਾਲੀ, ਤੜਫ ਤੜਫ ਮਰ ਜਾਵਾਂ ਮੈਂ
ਕਹੇ ਹਕੂਮਤ ਮਿਲਾਂ ਕ੍ਰਿਸ਼ਨ ਕਉ, ਆਜਜ਼ ਅਰਜ਼ ਸੁਣਾਵਾਂ ਮੈਂ ।੪।

ਸਾਵਣ ਸ਼ਾਮ ਸਲੋਣੇ ਬਿਨਾਂ, ਸੂਲਾਂ ਰਾਤ ਨਿਬ ਹੀ ਹੈ
ਬਾਦਰ ਗਰਜੇ ਬਿਜਲੀ ਚਮਕੇ, ਸ਼ਾਮ ਘਟਾ ਬਣ ਆਈ ਹੈ
ਔਘੜ ਘਾਟੀ ਪੰਧ ਅਵੇਰਾ, ਕਿਸਨੂੰ ਹਾਲ ਸੁਣਾਈ ਹੈ
ਕਹੈ ਹਕੂਮਤ ਮਿਲਾਂ ਕ੍ਰਿਸ਼ਨ ਕਉ, ਚਰਨਾਂ ਤੇ ਚਿਤ ਲਾਈ ਹੈ ।੫।

ਭਾਦੋਂ ਭਰਮ ਮੇਰੇ ਮਨ ਜਾਗਿਆ, ਪੀਆ ਪੀਆ ਪੁਕਾਰਾਂ ਮੈਂ
ਸ਼ਾਮ ਸਾਂਵਰੀਆ ਨਜ਼ਰ ਨ ਆਵੇ, ਵਤਦੀ ਕਾਗ ਉਡਾਰਾਂ ਮੈਂ
ਸੇਜ ਸਵਾਂ ਮੋਕੋ ਨੀਂਦ ਨ ਆਵੇ, ਤੂਲ ਸਿਰ੍ਹਾਣੇ ਸਾੜਾਂ ਮੈਂ
ਕਹੈ ਹਕੂਮਤ ਮਿਲਾਂ ਕ੍ਰਿਸ਼ਨ ਕਉ, ਚਰਨਾਂ ਤੇ ਚਿਤ ਡਾਰਾਂ ਮੈਂ ।੬।



Sri Satguru Jagjit Singh Ji eLibrary NamdhariElibrary@gmail.com

ਅੱਸੂਨ ਆਸ ਮੇਰੇ ਮਨ ਈਹਾ, ਪੀਆ ਪੀਆ ਮੈਂ ਪਈ ਕਰਦੀ
ਛੁਟਕੀ ਕਾਨੀ ਲਗ ਗਈ ਮਨ ਵਿਚ, ਹਾਡ ਮਾਸ ਕੋ ਪਈ ਚਰਦੀ
ਉਡਰੀ ਚਿਣਗ ਪਈ ਤਨ ਊਪਰ, ਜਾਨ ਜਿਗਰ ਦੇ ਵਿਚ ਵੜਦੀ
ਕਹੇ ਹਕੂਮਤ ਮਿਲਾਂ ਕ੍ਰਿਸ਼ਨ ਕਉ, ਲੂੰ ਲੂੰ ਮੇਰੇ ਵੰਞੇ ਠਰਦੀ ।੭।

ਕਾਰਤਕ ਕਰਮ ਮੇਰੇ ਉਦੇ ਹੋਏ, ਸਾਂਵਰੇ ਰਾਸ ਰਚਾਈ ਹੈ
ਮੋਰ ਮੁਕਟ ਮਾਥੇ ਬਾਰਾਂ ਬਿਰਾਜੇ, ਬੈਂਸਰੀ ਧੁਨੀ ਸੁਣਾਈ ਹੈ
ਤਾਲ ਮ੍ਰਿਦੰਗ ਤੰਬੂਰਾ ਵਾਜੇ, ਸੰਖਾਂ ਜੰਗ ਮਚਾਈ ਹੈ
ਕਹੇ ਹਕੂਮਤ ਮਿਲਾਂ ਕ੍ਰਿਸ਼ਨ ਕਉ, ਲੋਕ ਦੇਵੇ ਵਧਾਈ ਹੈ ।੮।

ਮੱਘਰ ਮੌਜ ਮੇਰੇ ਮਨ ਈਹਾ, ਪੀਆ ਪੀਆ ਕਰ ਬੋਲਾਂ ਮੈਂ
ਗੋਕਲ ਜੀ ਦਾ ਗਲੀ ਤੇ ਕੂਚਾ, ਇਕ ਇਕ ਝੂੰਗਾ ਫੋਲਾਂ ਮੈਂ
ਇਸਥਿਤ ਸ਼ੌਕ ਰਖਾਂ ਸੋਹਣੇ ਤੇ ਜ਼ਰਾ ਦਿਲ ਨ ਡੋਲਾਂ ਮੈਂ
ਕਹੇ ਹਕੂਮਤ ਮਿਲਾਂ ਕ੍ਰਿਸ਼ਨ ਕਉ, ਚਰਨਾਂ ਤੇ ਚਿਤ ਘੋਲਾਂ ਮੈਂ ।੯।

ਪਪਾ ਪੋਹ ਮਹੀਨੇ ਦੇ ਵਿਚ, ਸਾਂਵਰੇ ਪੜ੍ਹੀ ਪਠਾਈ ਹੈ
ਦੁਰਮਤਿ ਦੂਰ ਰਹੀ ਮਨ ਉਤੋਂ, ਦਿਲ ਵਿਚ ਖੁਸ਼ੀ ਆਈ ਹੈ
ਤੇਲ ਫੁਲੇਲ ਤੇ ਅਤਰ ਕੇਵੜਾ, ਧੜੀ ਖੂਬ ਗੁੰਦਾਈ ਹੈ
ਕਹੈ ਹਕੂਮਤ ਮਿਲਾਂ ਕ੍ਰਿਸ਼ਨ ਕਉ, ਲੋਕੀ ਦੇਵੇ ਵਧਾਈ ਹੈ ।੧੦।

ਮਾਘੀ ਮੂਰਤਿ ਸ਼ਾਮ ਦੇਖ ਕਰ, ਫੂਲੋਂ ਸੇਜ ਵਿਛਾਈ ਹੈ
ਨੁਗਦੀ ਪੇੜਾ ਰਾਮ ਖੀਰਨੀ, ਭਾਂਤ ਭਾਂਤ ਮਿਠਿਆਈ ਹੈ
ਲੇ ਭੇਟ ਸਾਂਵਰੇ ਆਗੇ ਰਾਖੀ, ਸਾਂਵਰੀ ਫਾਗ ਗਾਈ ਹੈ
ਕਹੈ ਹਕੂਮਤ ਸ਼ਾਮ ਸਲੋਣੇ, ਮਨ ਦੀ ਆਸ ਪੁਜਾਈ ਹੈ ।੧੧।

ਫਾਗਣ ਫਾਗ ਖੇਲੇ ਪ੍ਰਭੁ ਮੇਰਾ, ਅਤਰ ਅੰਬੀਰ ਕੀ ਛਬ ਭਾਰੀ
ਸੰਗ ਗੋਪੀਆਂ ਖੇਲੈ ਸਾਂਵਰਾ, ਖੁਸ਼ ਵਸੇ ਊਹਾਂ ਬ੍ਰਿਜ ਸਾਰੀ
ਰਲ ਮਿਲ ਸਈਆਂ ਦਿਓ ਵਧਾਈਆਂ, ਅੰਗ ਅੰਗ ਖਿਲੀ ਗੁਲਜ਼ਾਰੀ
ਕਹੈ ਹਕੂਮਤ ਫਗਣ ਮੌਸਮ ਸੇ, ਆਣ ਮਿਲੇ ਗਿਰਧਾਰੀ ।੧੨।





Sri Satguru Jagjit Singh Ji eLibrary NamdhariElibrary@gmail.com

## ੭੮. ਬਾਰਾਂਮਾਹ ਬੰਸੀ ਵਾਲੇ ਦਾ (ਖੁਸ਼ੀ ਰਾਮ ਆਰਿਫ਼)

ਚੇਤਰ ਚਿੰਤਾ ਲਗੀ ਉਦਾਸੀ, ਚਿਤ ਨੂੰ ਚੈਨ ਨ ਆਵੇ ਨੀ
ਬ੍ਰਿਹੋਂ ਕਾਤੀ ਮੇਰੀ ਛਾਤੀ, ਸੌ ਸੌ ਵਾਰ ਚਲਾਵੇ ਨੀ
ਸੁਣਦਾ ਸ਼ਾਮ ਨ ਮੇਰੀ ਕੋਈ, ਕੌਣ ਉਹਨੂੰ ਸਮਝਾਵੇ ਨੀ
ਖੁਸ਼ੀ ਰਾਮ ਇਕ ਪਿਆਰੇ ਬਾਝੋਂ, ਸੁੰਞਾ ਮਹਲ ਡਰਾਵੇ ਨੀ ।੧।

ਮਾਹ ਵਿਸਾਖੇ ਕੋਹੜਾ ਆਖੇ, ਥਾਂ ਥਾਂ ਮਜ਼ੇ ਉਡਾਂਦਾ ਈ
ਜੂਠੇ ਬੇਰ ਭੀਲਾਂ ਦੇ ਖਾਵੇ, ਦਿਲ ਤੇ ਮੂਲ ਨ ਲਾਂਦਾ ਈ
ਮੈਨੂੰ ਵਿਚ ਖਿਆਲ ਨ ਲਿਆਵੇ, ਕੁਬਜਾਂ ਦੇ ਵਲ ਜਾਂਦਾ ਈ
ਖੁਸ਼ੀ ਰਾਮ ਹੈ ਖੁਸ਼ੀ ਪਿਆਰਾ, ਮਨ ਦੀ ਈਨ ਮਨਾਂਦਾ ਈ ।੨।

ਜੇਠ ਜਿਨ੍ਹਾਂ ਦੀ ਕਿਸਮਤ ਅੱਛੀ, ਉਹਦੀ ਆਸ ਪੁਜਾਂਦੇ ਹੋ
ਨਾਗਾਂ ਤਾਈਂ ਜਮਨਾ ਅੰਦਰ, ਦਰਸ਼ਨ ਦਾਨ ਦਿਵਾਂਦੇ ਹੋ
ਬਿੰਦ੍ਰਾਬਨ ਵਿਚ ਰਾਸ ਰਚਾਈ, ਆਪਣਾ ਆਪ ਵਿਖਾਂਦੇ ਹੋ
ਖੁਸ਼ੀ ਰਾਮ ਆਰਾਮ ਨ ਪਾਵੇ, ਗਿਣ ਗਿਣ ਚੋਟਾਂ ਲਾਂਦੇ ਹੋ ।੩।

ਹਾੜ ਹਮੇਸ਼ਾਂ ਅਰਜ਼ਾਂ ਕਰਦੀ, ਤੈਨੂੰ ਤਰਸ ਨ ਆਇਆ ਏ
ਗੋਵਰਧਨ ਨੂੰ ਉਂਗਲੀ ਉਤੇ, ਚੁਕ ਕੇ ਤੁਸਾਂ ਭਵਾਇਆ ਏ
ਗਰੜ ਸਵਾਰੀ ਕਰੋ ਬਹਾਰੀ, ਫੌਰਨ ਹੁਕਮ ਬਜਾਇਆ ਏ
ਖੁਸ਼ੀ ਰਾਮ ਆਜ਼ਾਦ ਕਰੋ, ਗਜ ਨੂੰ ਜਿਵੇਂ ਬਚਾਇਆ ਏ ।੪।

ਸਾਵਣ ਸੁਧ ਨ ਲੈਂਦਾ ਮੇਰੀ, ਸ਼ਾਮਾਂ ਭਰਮਾਂ ਵਾਲਾ ਜੀ
ਦਿਲ ਦਾ ਭੇਦ ਨ ਦਸਦਾ ਮੈਨੂੰ, ਫੜਿਆ ਉਲਟਾ ਚਾਲਾ ਜੀ
ਨੰਦ ਦਾ ਛੋਟਾ ਦਿਲ ਦਾ ਖੋਟਾ, ਅੰਦਰ ਬਾਹਰ ਕਾਲਾ ਜੀ
ਖੁਸ਼ੀ ਰਾਮ ਜੇ ਉਹ ਘਰ ਆਵੇ, ਖੁਲ੍ਹੇ ਭਰਮ ਦਾ ਤਾਲਾ ਜੀ ।੫।

ਭਾਦ੍ਰੋਂ ਭਾ ਬ੍ਰਿਹੋਂ ਦੀ ਭੜਕੀ, ਆ ਕੇ ਜ਼ਰਾ ਬੁਝਾਓ ਜੀ
ਨਜ਼ਰ ਮਿਹਰ ਦੀ ਕਰ ਦਾਸੀ ਤੇ, ਨਾਲ ਗਲੇ ਦੇ ਲਾਓ ਜੀ
ਤਰਸ ਰਹੀ ਮੈਂ ਕਈ ਬਰਸਾਂ ਦੀ,ਦਰਸ਼ਨ ਦਾਨ ਦਿਲਾਓ ਜੀ
ਖੁਸ਼ੀ ਰਾਮ ਦਾਸੀ ਦੀ ਆ ਕਰ, ਮਨ ਦੀ ਆਸ ਪੁਚਾਓ ਜੀ ।੬।



Sri Satguru Jagjit Singh Ji eLibrary NamdhariElibrary@gmail.com

ਅਸੂਜ ਆਸ ਜੇ ਹੋਵੇ ਪੂਰੀ, ਜਾਨ ਉਹਦੇ ਤੋਂ ਵਾਰਾਂ ਮੈਂ
ਬਾਕੀ ਉਮਰਾ ਬਿੰਦ੍ਰਾਬਨ ਵਿਚ, ਏਵੇਂ ਬੈਠ ਗੁਜ਼ਾਰਾਂ ਮੈਂ
ਕੌਣ ਸੁਣੇ ਫਰਿਆਦ ਹਮਾਰੀ, ਜਿਥੇ ਕਰਾਂ ਪੁਕਾਰਾਂ ਮੈਂ
ਖੁਸ਼ੀ ਰਾਮ ਉਹ ਸ਼ਾਮ ਜੇ ਆਵੇ, ਕਿਉਂ ਦੁਖ ਐਡ ਸਹਾਰਾਂ ਮੈਂ ।੭।

ਕੱਤਕ ਕਦੀ ਤਾਂ ਦਰਸ਼ਨ ਦੇ ਜਾ, ਸੁੰਦਰ ਸ਼ਾਮ ਮੁਰਾਰੀ ਜੀ
ਬਖਸ਼ ਦਿਓ ਤਕਦੀਰ ਸਭੀ ਮੈਂ, ਜਾਨ ਤੇਰੇ ਤੋਂ ਵਾਰੀ ਜੀ
ਸੁੰਦਰ ਸ਼ਕਲ ਮੁਹੱਬਤ ਵਾਲੀ, ਲਗੇ ਬਹੁਤ ਪਿਆਰੀ ਜੀ
ਖੁਸ਼ੀ ਰਾਮ ਮੈਂ ਤੇਰੀ ਬਰਦੀ, ਲੱਖ ਵਾਰੀ ਬਲਹਾਰੀ ਜੀ ।੮।

ਮੱਘਰ ਮਾਰ ਨ ਮੋਈ ਅੱਗੇ, ਰਾਤੀਂ ਗਿਣਾਂ ਸਿਤਾਰੇ ਮੈਂ
ਦਿਨੇ ਅਵਾਰਾ ਵਿਚ ਬਜ਼ਾਰਾਂ, ਘਰ ਨੂੰ ਜੰਦਰੇ ਮਾਰੇ ਮੈਂ
ਜੰਗਲ ਦੇ ਵਿਚ ਕਈ ਜ਼ਮਾਨੇ, ਦਿਨ ਤੇ ਰਾਤ ਗੁਜ਼ਾਰੇ ਮੈਂ
ਖੁਸ਼ੀ ਰਾਮ ਜੇ ਦਰਸ਼ਨ ਦੇਵੇ, ਰੱਜ ਕੇ ਲਵਾਂ ਨਜ਼ਾਰੇ ਮੈਂ ।੯।

ਪੋਹ ਪਿਆ ਹੈ ਹੋਰ ਤਕਾਜ਼ਾ, ਦੱਸੇ ਨ ਨੰਦ ਲਾਲਾ ਨੀ
ਜੋਗਣ ਬਣ ਕੇ ਬਣ ਬਣ ਢੂੰਡਾਂ, ਢੂੰਡਾਂ ਸ਼ਹਿਰ ਮਹਾਲਾ ਨੀ
ਬਰਕਤ ਰਾਮ ਨਾਮ ਦੀ ਸਈਓ, ਚਾਰੋਂ ਤਰਫ ਉਜਾਲਾ ਨੀ
ਖੁਸ਼ੀ ਰਾਮ ਨ ਦਰਸ਼ਨ ਦੇਂਦਾ, ਪਿਆਰਾ ਬੰਸੀ ਵਾਲਾ ਨੀ ।੧੦।

ਮਾਘ ਮਹੀਨੇ ਗੁਜ਼ਰੇ ਯਾਰਾਂ, ਦਰਸ਼ਨ ਦੇਂਦਾ ਸ਼ਾਮ ਨਹੀਂ
ਬਿਲਕੁਲ ਬੇਕਲ ਬੇਕਲ ਹੋਈ, ਦਿਨ ਤੇ ਰਾਤ ਆਰਾਮ ਨਹੀਂ
ਏਹੋ ਕਜ਼ੀਆ ਰਹੇ ਹਮੇਸ਼ਾਂ, ਹੋਂਦੀ ਉਮਰ ਤਮਾਮ ਨਹੀਂ
ਖੁਸ਼ੀ ਰਾਮ ਜੇ ਰਾਮ ਨ ਥੀਵੀ, ਖੁਸ਼ੀ ਮੇਰਾ ਫਿਰ ਰਾਮ ਨਹੀਂ ।੧੧।

ਫੱਗਣ ਫਿਰਿਆ ਹੋਰ ਜ਼ਮਾਨਾ, ਫਿਰ ਵੀ ਸ਼ਾਮ ਨ ਆਇਆ ਏ
ਡਿਠੇ ਸਾਲ ਹਿਜਰ ਦੇ ਸਾਰੇ, ਚੜ੍ਹਦੇ ਸਾਲ ਭੁਲਾਇਆ ਏ
ਉਮਰਾ ਬੀਤੀ ਕੈਦ ਅਲਮ ਵਿਚ, ਹਿਜਰੋਂ ਜੀ ਘਬਰਾਇਆ ਏ
ਖੁਸ਼ੀ ਰਾਮ ਇਹ ਦਿਲ ਦਿਲਬਰ ਨੂੰ, ਦੇ ਕੇ ਆਪ ਗੰਵਾਇਆ ਏ ।੧੨।





Sri Satguru Jagjit Singh Ji eLibrary NamdhariElibrary@gmail.com

## ੭੯. ਬਾਰਾਂਮਾਹ ਪ੍ਰਹਿਲਾਦ ਭਗਤ

ਚੇਤਰ ਚਰਨੀ ਮੈਂ ਤੇਰੀ ਸਰਨੀ, ਤੂੰ ਮੇਰੀ ਰਛਪਾਲ ਕਰੀਂ
ਸੰਤਾਂ ਤਾਰਨ ਦੁਸਟ ਬਿਦਾਰਨ, ਜੋ ਤੂੰ ਮੇਰੀ ਬਾਂਹ ਫੜੀ
ਜੈ ਜਗ ਕਾਰਨ ਦੁਖ ਨਿਵਾਰਨ, ਤੂੰ ਸ਼ੰਕਰ ਦੀਨ ਨਾਥ ਹਰੀ
ਸੰਖ ਚੱਕ੍ਰ ਗਦਾ ਪਦਮ ਸੁਦਰਸ਼ਨ ਨਾਰਾਇਣ ਅਵਤਾਰ ਧਰੀ ।੧।
ਵੈਸਾਖ ਆਸਰਾ ਤੇਰਾ ਮੈਨੂੰ, ਸੁਣ ਪੁਕਾਰ ਬ੍ਰਿਜ ਨਾਥ ਹਰੀ
ਹਰਗਿਜ਼ ਨਾਮ ਨਾ ਛੋਡੂੰ ਤੇਰਾ, ਪੜਾ ਰਹੂੰ ਸਰਨੀ ਤੇਰੀ
ਮਹਾਂ ਅਸੁਰ ਹੈ ਪਿਤਾ ਹਮਾਰਾ, ਜਪਣ ਨਾਂ ਦੇਂਦਾ ਨਾਮ ਹਰੀ
ਸੰਖ ਚੱਕ੍ਰ ਗਦਾ ਪਦਮ ਸੁਦਰਸ਼ਨ ਨਾਰਾਇਣ ਅਵਤਾਰ ਧਰੀ ।੨।
ਜੇਠ ਜ਼ੋਰ ਜਬ ਕੀਆ ਅਸੁਰ ਨੇ, ਪਰਬਤ ਪਰ ਸੇ ਗੇਰ ਦੀਆ
ਤੂੰ ਭਗਤਾਂ ਕੇ ਅੰਗ ਸੰਗ ਹੈ, ਹਾਥੋਂ ਉਪਰ ਬੋਚ ਲੀਆ
ਸ਼ਿਵਸਨਕਾਦਿਕ ਤੇ ਬ੍ਰਹਮਾਦਿਕ, ਧਿਆਨ ਧਰੇਂ ਖਿਨ ਏਕ ਘਰੀ
ਸੰਖ ਚਕ੍ਰ ਗਦਾ ਪਦਮ ਸੁਦਰਸ਼ਨ, ਨਾਰਾਇਣ ਅਵਤਾਰ ਧਰੀ ।੩।
ਹਾੜ ਹੈਰਾਨ ਹੋਈ ਘੁਮਿਆਰੀ, ਆਵਾ ਉਸ ਨੇ ਚਾੜ੍ਹ ਦੀਆ
ਬਚੇ ਨਾਮ ਬਿਲਰੀਆ ਕੇਰੇ, ਜਲਤੀ ਅਗਨ ਮੈਂ ਰਾਖ ਲੀਆ
ਸੁਣ ਪ੍ਰਤੀਤ ਹੋਈ ਘੁਮਿਆਰੀ ਮੁਖ ਤੇ ਬੋਲੇ ਹਰੀ ਹਰੀ
ਸੰਖ ਚਕ੍ਰ ਗਦਾ ਪਦਮ ਸੁਦਰਸ਼ਨ ਨਾਰਾਇਣ ਅਵਤਾਰ ਧਰੀ ।੪।
ਸਾਵਣ ਸਰਨੀ ਆ ਕਰ ਤੇਰੀ, ਜ਼ਹਿਰ ਪਿਆਲਾ ਪੀਤਾ ਮੈਂ
ਤੂੰ ਭਗਤਾਂ ਕੇ ਅੰਗ ਸੰਗ ਹੈਂ, ਜ਼ਹਿਰ ਅਸਰ ਨ ਕੀਤਾ ਹੈ
ਦ੍ਰੋਪਤੀ ਜੀ ਕੀ ਲਜਿਆ ਰਾਖੀ, ਛਿਨ ਮੈਂ ਲੰਕਾ ਦੂਰ ਕਰੀ
ਸੰਖ ਚੱਕ੍ਰ ਗਦਾ ਪਦਮ ਸੁਦਰਸ਼ਨ ਨਾਰਾਇਣ ਅਵਤਾਰ ਧਰੀ ।੫।
ਭਾਦ੍ਰੋਂ ਭਵਨ ਜਬ ਪੜਨੇ ਲਾਗੇ, ਜਪਣ ਨ ਦੇਂਦਾ ਨਾਮ ਹਰੀ
ਤੇਰੇ ਨਾਮ ਕਾ ਮਿਲੇ ਤਸੀਹਾ, ਤੈਂ ਕਿਉਂ ਇਤਨੀ ਦੇਰ ਕਰੀ
ਸੁਰ ਨਰ ਮੁਨ ਜਨ ਸਾਰਦ ਨਾਰਦ, ਧਰਨ ਧ੍ਰੂ ਛਿਨ ਏਕ ਘਰੀ
ਸੰਖ ਚੱਕ੍ਰ ਗਦਾ ਪਦਮ ਸੁਦਰਸ਼ਨ ਨਾਰਾਇਣ ਅਵਤਾਰ ਧਰੀ ।੬।



Sri Satguru Jagjit Singh Ji eLibrary NamdhariElibrary@gmail.com

ਅੱਸੂ ਆਸ ਲਗੀ ਦਿਲ ਅੰਦਰ, ਤੇਰਾ ਸਿਮਰਨ ਕਰਤਾ ਹੂੰ
ਹੋ ਗਰੀਬ ਅਧੀਨ ਮੈ ਤੇਰਾ ਮੁਖ ਸੇ ਨਾਮ ਨਾ ਛਡਤਾ ਹੂੰ
ਮੇਰੀ ਜਾਨ ਕੋ ਮਿਲੇ ਤਸੀਹਾ, ਤੈਂ ਕਿਉਂ ਇਤਨੀ ਦੇਰ ਕਰੀ
ਸੰਖ ਚੱਕ੍ਰ ਗਦਾ ਪਦਮ ਸੁਦਰਸ਼ਨ, ਨਾਰਾਇਣ ਅਵਤਾਰ ਧਰੀ ।੭।

ਕੱਤਕ ਕੀਜੈ ਕਾਮ ਹਮਾਰਾ, ਹੋ ਗਰੀਬ ਮੈਂ ਕਹਿਤਾ ਹੂੰ
ਪਿਤਾ ਹਮਾਰਾ ਭੀੜ ਸੈ ਕਰਦਾ, ਉਹ ਭੀ ਸਿਰ ਪਰ ਸਹਿਤਾ ਹੂੰ
ਮਹਾਂ ਅਸੁਰ ਹੈ ਪਿਤਾ ਹਮਾਰਾ, ਮਾਰਨ ਕੋ ਉਨ ਤੇਗ ਫੜੀ
ਸੰਖ ਚੱਕ੍ਰ ਗਦਾ ਪਦਮ ਸੁਦਰਸ਼ਨ, ਨਾਰਾਇਣ ਅਵਤਾਰ ਧਰੀ ।੮।

ਮੱਘਰ ਮਨ ਮੈਂ ਐਸੀ ਆਈ, ਤੱਤਾ ਥੰਭ ਤਪਾਇ ਦੀਆ
ਚਲੋ ਪੁਤ੍ਰ ਹੁਣ ਮਿਲੋ ਥੰਭ ਨੂੰ, ਰਾਮ ਤੁਮਾਰਾ ਕਹਾਂ ਗਿਆ
ਦੇਖ ਖੌਫ ਜਬ ਖਾਯਾ ਭਗਤ ਨੇ, ਮੁਖ ਸੇ ਬੋਲੇ ਹਰੀ ਹਰੀ
ਸੰਖ ਚੱਕ੍ਰ ਗਦਾ ਪਦਮ ਸੁਦਰਸ਼ਨ, ਨਾਰਾਇਣ ਅਵਤਾਰ ਧਰੀ ।੯।

ਪੋਹ ਪਲਕ ਦੀ ਖਬਰ ਨਾ ਮੈਨੂੰ, ਅਨਹਦ ਬਾਜੇ ਬਾਜ ਰਹੇ
ਕੀੜੀ ਰੂਪ ਧਰਾ ਨਾਰਾਇਣ, ਥੰਭਨ ਊਪਰ ਗਾਜ ਰਹੇ
ਮੁਝ ਮੈਂ ਤੁਝ ਮੈਂ ਖੜਗ ਥੰਭ ਮੈਂ, ਜਬ ਦੇਖਾ ਸੀਆ ਰਾਮ ਹਰੀ
ਸੰਖ ਚੱਕ੍ਰ ਗਦਾ ਪਦਮ ਸੁਦਰਸ਼ਨ ਨਾਰਾਇਣ ਅਵਤਾਰ ਧਰੀ ।੧੦।

ਮਾਘ ਮਾਣ ਹੈ ਤੇਰਾ ਮੈਨੂੰ, ਤੇਰੀ ਓਟ ਉਰ ਮਾਹਿ ਧਰੀ
ਜਹਿੰ ਜਹਿੰ ਭੀੜ ਬਨੀ ਭਗਤਨ ਕੋ, ਤਹਿੰ ਤਹਿੰ ਤੁਮਨੇ ਰੱਛ ਕਰੀ
ਭਗਤ ਵਛਲ ਹੈ ਬਿਰਦ ਆਪ ਕਾ, ਤੁਮ ਸ੍ਵਾਮੀ ਪ੍ਰਿਤਪਾਲ ਹਰੀ
ਸੰਖ ਚੱਕ੍ਰ ਗਦਾ ਪਦਮ ਸੁਦਰਸ਼ਨ ਨਾਰਾਇਣ ਅਵਤਾਰ ਧਰੀ ।੧੧।

ਫਗਣ ਕੋਈ ਫਰਿਆਦ ਨਾ ਸੁਣਦਾ, ਅਪਨੀ ਰਲ ਮਿਲ ਕਰਤੇ ਹੈਂ
ਸਭਨੇ ਮਿਲ ਕੇ ਕਰੀ ਖੁਆਰੀ, ਉਸ ਤੇ ਮੂਲ ਨ ਡਰਤੇ ਹੈਂ
ਲੈ ਹੋਲਕਾ ਜਬ ਚੜ੍ਹੀ ਚਿਖਾ ਪਰ, ਅੱਗ ਕਹਿਰ ਦੀ ਆਨ ਬਲੀ
ਸੰਖ ਚੱਕ੍ਰ ਗਦਾ ਪਦਮ ਸੁਦਰਸ਼ਨ ਨਾਰਾਇਣ ਅਵਤਾਰ ਧਰੀ ।੧੨।

ਥੰਭ ਫੋੜਾ ਹਰਨਾਖਸ਼ ਮਾਰੇ, ਅਰ ਨਰ ਸਿੰਘ ਅਵਤਾਰ ਧਰੇ
ਵਿਚ ਦਰਵਾਜ਼ੇ ਘੇਰ ਲੀਆ ਹੈ, ਬਿਨ ਹਥਿਆਰੀਂ ਕਤਲ ਕਰੇ
ਪ੍ਰਹਿਲਾਦ ਭਗਤ ਦੀ ਰੱਛਿਆ ਕਾਰਨ, ਰਘੁਬਰ ਸਿਰ ਪੁਰ ਹਾਥ ਧਰੇ
ਸੰਖ ਚੱਕ੍ਰ ਗਦਾ ਪਦਮ ਸੁਦਰਸ਼ਨ, ਨਾਰਾਇਣ ਅਵਤਾਰ ਧਰੇ ।੧੩।

---



Sri Satguru Jagjit Singh Ji eLibrary NamdhariElibrary@gmail.com

## ੮੦. ਬਾਰਾਂਮਾਹ ਨਰਸੀ ਭਗਤ (ਲਾਲ ਦਾਸ ਵੈਰਾਗੀ)

ਚੇਤਰ ਚਿਤ ਵਿਚ ਚੇਤ ਉਸ ਨੂੰ, ਜਿਸ ਨੂੰ ਸੇਵਨ ਸਾਰੇ, ਕੂਟਾਂ ਚਾਰੇ
ਤੇਤੀ ਕ੍ਰੋੜ ਜਿਸ ਕੀਆ ਦੇਵਤਾ, ਸੂਰਜ ਚੰਦਰਮਾਂ ਤਾਰੇ, ਦੇਨ ਉਲਾਰੇ
ਸਪਤ ਦੀਪ ਨੌਂ ਖੰਡ ਜੋ ਕੀਨੇ, ਰਿਖੀ ਰਿਖੀਸ਼ਰ ਭਾਰੇ, ਨਜ਼ਾਰੇ ਨਜ਼ਾਰੇ
ਲਾਲ ਜੀ ਦਾਸ ਕਹੈ ਬੈਰਾਗੀ, ਰਾਮ ਚਰਨ ਚਿਤ ਧਾਰੇ, ਠਾਕੁਰ ਦੁਆਰੇ ।੧।

ਵੈਸਾਖ ਲਾਜ ਭਗਤਾਂ ਦੀ ਰਖਦਾ, ਜੁਗ ਜੁਗ ਹੋਹੁ ਸਹਾਈ, ਜਾਦੋ ਰਾਈ
ਨਾਮੇ ਭਗਤ ਪਰ ਭੀੜ ਬਨੀ, ਪ੍ਰਭੂ ਮੋਈ ਧੇਨ ਜਿਵਾਈ, ਕਲਾ ਦਿਖਾਈ
ਰਵਿਦਾਸ ਭਗਤ ਤੇ ਪੀਪਾ ਗਨਕਾ,ਗਜ ਕੀ ਬੰਦ ਛੁੜਾਈ.ਡੇਰ ਨਾ ਲਾਈ
ਲਾਲ ਜੀ ਦਾਸ ਕਹੈ ਬੈਰਾਗੀ, ਤਾਰਿਓ ਸਧਨਾ ਕਸਾਈ ਮੀਰਾਂ ਬਾਈ ।੨।

ਜੇਠ ਜੂਨਾ ਗੜ ਨਗਰੀ ਦੇ ਵਿਚ, ਭਗਤ ਹੋਯਾ ਇਕ ਨਰਸੀ, ਸੇਵਾ ਕਰਸੀ
ਤੀਰਥ ਬਾਸੀ ਦੋ ਸਾਧ ਚਲੇ ਹੈਂ,ਪਾਸ ਉਨ੍ਹਾਂ ਦੇ ਜ਼ਰ ਸੀ, ਕਿਤ ਵਲ ਧਰਸੀ
ਜਾਇ ਨਗਰ ਵਿਚ ਪ੍ਰਾਪਤ ਹੋਏ, ਤਕ ਲਿਆ ਉਹਦਾ ਘਰ ਸੀ, ਮੂਰਤ ਪਰਸੀ
ਲਾਲ ਜੀ ਦਾਸ ਕਹੈ ਬੈਰਾਗੀ, ਅਗਲੇ ਸਿਰੇ ਪਰ ਤਰਸੀ, ਹੁੰਡੀ ਕਰਸੀ ।੩।

ਹਾੜ ਹੋਰ ਕੋਈ ਸ਼ਾਹ ਭਾਲ ਲੈ ਨਰਸੀ ਕਿਹਾ ਬੁਲਾ ਕੇ, ਸੀਸ ਨਿਵਾ ਕੇ
ਮੈਂ ਗਰੀਬ ਅਨਾਥ ਵਿਚਾਰਾ, ਧਰੋ ਹੋਰ ਥੇ ਜਾਕੇ, ਮਨ ਪਤੀਆ ਕੇ
ਜਾ ਨਰ ਕਿਸੇ ਹਾਂਸੀ ਕੀਨੀ, ਭੇਜਿਆ ਤੁਮੇ ਸਿਖਾ ਕੇ, ਤੇ ਭਰਮਾ ਕੇ
ਲਾਲ ਜੀ ਦਾਸ ਕਹੈ ਬੈਰਾਗੀ, ਜਾਈਓ ਭੋਜਨ ਪਾ ਕੇ, ਤ੍ਰਿਪਤ ਮਿਟਾ ਕੇ ।੪।

ਸਾਵਨ ਸਕਲ ਨਗਰ ਉਨ ਪਰਸੇ, ਦੀਸੇ ਤੁਮ੍ਹਾਰਾ ਦੁਆਰਾ, ਤੇ ਸ਼ਾਹੂਕਾਰਾ
ਇਕ ਹੁੰਡੀ ਮੋਹ ਲਿਖ ਦੀਜੋ, ਕਰੀਯੋ ਕਾਜ ਹਮਾਰਾ, ਸ੍ਵਾਰਥ ਭਾਰਾ
ਕਾਗਤ ਕਲਮ ਦਵਾਤ ਹਥ ਲੀਨੀ, ਹਿਰਦੇ ਬੈਠ ਵਿਚਾਰਾ, ਮਨ ਵਿਚ ਧਾਰਾ
ਹੁੰਡੀ ਕੀਨੀ ਸਾਂਵਲ ਸ਼ਾਹ ਪੁਰ, ਲੈ ਟੁਰਿਆ ਵਣਜਾਰਾ, ਸਾਧ ਪਿਆਰਾ ।੫।

ਭਾਦਰੋਂ ਭਰਮ ਨ ਕਰਦੇ ਸਾਧੂ, ਸਭ ਤੀਰਥ ਪਰਸਾਏ ਮਨ ਵਿਚ ਲਜਾਏ
ਬੱਦ੍ਰੀ ਨਾਥ ਤੇ ਕਾਂਸ਼ੀਪੁਰੀ ਵਿਚ, ਕਰਨ ਮੁਕਾਮ ਸੋ ਆਏ, ਡੇਰ ਨ ਲਾਏ
ਫਲਗੂ ਉਤੇ ਗੋਯਾ ਜੋ ਕਰਦੇ, ਜਗਨ ਨਾਥ ਵਲ ਧਾਏ, ਨਹੀਂ ਅਟਕਾਏ
ਲਾਲ ਜੀ ਦਾਸ ਕਹੇ ਬੈਰਾਗੀ, ਨਗਰ ਦੁਆਰਕਾ ਆਏ ਰਾਹ ਪੁਛਾਏ ।੬।



Sri Satguru Jagjit Singh Ji eLibrary NamdhariElibrary@gmail.com

ਅੱਸੂ ਆਸ ਹੁੰਡੀ ਦੀ ਲਗ ਰਹੀ, ਕਰਦੇ ਮਜ਼ਲਾਂ ਭਾਰੀ ਬਹੁਤ ਕਰਾਰੀ
ਨਗਰ ਦੁਵਾਰਕਾ ਆਇ ਜੋ ਪਹੁੰਚੇ, ਦਿਲ ਵਿਚ ਬਾਤ ਬਿਚਾਰੀ ਮਨ ਮੈਂ ਧਾਰੀ
ਸਾਂਵਲ ਸ਼ਾਹ ਦੀ ਹੱਟ ਜੋ ਪੁਛਦੇ, ਕੋਈ ਨਾ ਦਸੇ ਬਪਾਰੀ ਤੇ ਘਰ ਬਾਰੀ
ਲਾਲ ਜੀ ਦਾਸ ਕਹੈ ਉਨ ਸੰਤਨ ਕੀ,ਗਈ ਦ੍ਰਵ ਖੁਸ ਸਾਰੀ ਹੋਸ਼ ਗਈ ਮਾਰੀ।੭।

ਕੱਤਕ ਕਰਨ ਦਲੀਲਾਂ ਸਾਧੂ, ਰਾਤ ਦਿਨੇ ਵਿਚ ਮਨ ਦੇ ਮਾਰੇ ਧਨ ਦੇ
ਖਾਣ ਮੂਰਛਾ ਹੋਣ ਬਿਆਕੁਲ, ਸੁਧ ਨਾ ਰਹੀ ਵਿਚ ਤਨ ਦੇ ਸੀਸ ਬਦਨ ਦੇ
ਸਾਂਵਲ ਸ਼ਾਹ ਨੇ ਆਨ ਬੁਲਾਇਆ,ਪਈ ਬੁਲੇਲ ਵਿਚ ਕੰਨ ਦੇ ਓਸੇ ਬੈਨ ਦੇ
ਕਾਗਜ਼ ਦੀਜੋ ਦਮ ਭਰ ਲੀਜੋ, ਚਾਹੀਏ ਤੁਮ ਜਿਸ ਸੰਨ ਦੇ ਸ਼ਾਹ ਪਰਖਨ ਦੇ ।੮।

ਮਘਰ ਮੇਹਰ ਮੇਰੇ ਪੁਰ ਕੀਜੋ, ਹੁੰਡੀ ਹਮ ਕੋ ਦੀਜੋ ਦਮੜੇ ਲੀਜੋ
ਬਹੁਤ ਸੰਨਾਂ ਦੇ ਰਖੇ ਤੋੜੇ, ਵਿਚ ਦੌਲਤ ਦੇ ਭੀਜੋ ਜ਼ਰਾ ਨ ਛੀਜੋ
ਨਰਸੀ ਹਮਰੀ ਸ਼ਾਹ ਜੋ ਸਾਧੋ, ਦਯਾ ਜਗਤ ਪੁਰ ਕੀਜੋ ਮੈਂ ਪੁਰ ਰੀਝੋ
ਲਾਲਜੀ ਦਾਸ ਕਹੋ ਨਰਸੀ ਭਗਤ ਕੋ,ਹੁੰਡੀ ਮੋਹ ਪੁਰ ਕੀਜੋ ਨਾਮ ਲਿਖ ਦੀਜੋ।੯।

ਪੋਹ ਪਰਸ ਸਭ ਤੀਰਥ ਸਾਧੂ, ਜੂਨਾ ਗੜ ਵਲ ਆਏ ਨਹੀਂ ਅਟਕਾਏ
ਦੇਖ ਸ਼ਕਲ ਸਾਧੂ ਦੀ ਨਰਸੀ, ਭੀਤਰ ਨੂੰ ਛਿਪ ਜਾਏ ਖੌਫ਼ ਜੋ ਖਾਏ
ਸਾਧੂ ਨਰਸੀ ਨੂੰ ਇਉਂ ਉਠ ਬੋਲੇ, ਦਮੜੇ ਹਮ ਨੇ ਪਾਏ ਲੀਏ ਸਵਾਏ
ਲਾਲ ਜੀ ਦਾਸ ਕਹੇ ਤੁਮਰੇ ਕਾਰਨ, ਦਰਸ਼ਨ ਪ੍ਰਭੁ ਕੇ ਪਾਏ ਪਾਪ ਮਿਟਾਏ ।੧੦।

ਮਾਘ ਮਹਾਤਮ ਦੇ ਵਿਚ ਲਿਖਿਆ, ਭਗਤ ਹੋਇ ਹੁਣ ਕੇਤੀ ਬਾਤ ਪਛੇਤੀ
ਗੁਰ ਨਾਨਕ ਤੇ ਭਗਤ ਕਬੀਰ, ਮੂਲ ਨਾਮ ਦੇ ਸੇਤੀ ਅਮਲਾਂ ਸੇਤੀ
ਨਾਮ ਪਾਪ ਨੂੰ ਇਉਂ ਕੱਟ ਸੁਟੇ, ਜਿਉਂ ਲੋਹੇ ਨੂੰ ਰੇਤੀ ਕਟਦੀ ਛੇਤੀ
ਲਾਲ ਜੀ ਦਾਸ ਕਹੈ ਠਾਕੁਰ ਧੰਨੇ ਦਾ, ਕ੍ਰੋੜ ਦੇਵਤਾ ਤੇਤੀ ਤੋੜਦੇ ਖੇਤੀ ।੧੧।

ਫਗਣ ਫੁਲ ਚੰਬੇਲੀ ਲਾਚੀਆਂ, ਲੌਂਗ ਸਪਾਰੀ ਭੇਟ ਤੁਮਾਰੀ
ਸਭ ਸਖੀਆਂ ਫੇਰ ਨਾਲ ਕ੍ਰਿਸ਼ਨ ਦੇ, ਭਰ ਮਾਰਨ ਪਿਚਕਾਰੀ ਕੇਸਰ ਡਾਰੀ
ਅਤਰ ਅੰਬੀਰ ਗੁਲਾਲ ਉਡਤ ਹੈ, ਹੋਲੀ ਹੋ ਰਹੀ ਭਾਰੀ ਤੇ ਇਕ ਵਾਰੀ
ਲਾਲ ਜੀ ਦਾਸ ਗੜ੍ਹ ਜੂਨਾਂ ਵਾਲਾ,ਡਿਗਿਆ ਸ਼ਰਨ ਤੁਮਾਰੀ ਕ੍ਰਿਸ਼ਨ ਮੁਰਾਰੀ।੧੨



Sri Satguru Jagjit Singh Ji eLibrary NamdhariElibrary@gmail.com

## ੯੧. ਬਾਰਾਂਮਾਹ ਰਾਣੀ ਸੁੰਦਰਾਂ ਕਾ (ਕਵੀ ਕਾਲੀਦਾਸ)

ਚੇਤਰ ਚਿੰਤਾ ਨਾਲ ਉਦਾਸੀ, ਕਿਤ ਵਲ ਗਏ ਰਾਮ ਬਨਬਾਸੀ
ਗਲ ਵਿਚ ਪਾ ਪ੍ਰੇਮ ਦੀ ਫਾਸੀ ਹੁਣ ਨਹੀਂ ਪਤਾ ਕਦੋਂ ਘਰ ਆਸੀ, ਕਿਤ ਵਲ ਜਾਂ ਗੀ
ਜੋਗੀ ਨਿਕਲ ਗਿਆ ਚੁੱਪ ਕੀਤੀ, ਮੁੜ ਕੇ ਸਾਰ ਨਾ ਸਾਡੀ ਲੀਤੀ
ਡਾਢੀ ਨਾਲ ਅਸਾਡੇ ਬੀਤੀ, ਜਾਂਦੀ ਵਾਰ ਤੁਸਾਂ ਕਹੀ ਕੀਤੀ, ਮੈਂ ਮਰ ਜਾਂ ਗੀ।
ਜੀਵਨ ਕੋਲੋਂ ਮਰਨ ਚੰਗੇਰਾ, ਪਿਆਰੇ ਬੁਰਾ ਵਿਛੋੜਾ ਤੇਰਾ
ਤੇਰੇ ਅੱਗੇ ਉਜ਼ਰ ਨਾ ਮੇਰਾ, ਜੀਊਂਦੀ ਜਾਨ ਕਰੇਂ ਜੇ ਫੇਰਾ, ਤਾਂ ਬਚ ਰਹਾਂਗੀ।
ਕਾਲੀਦਾਸਾ ਹਬ ਪਿਆਰੇ, ਚਾਹੇ ਰੱਖੇ ਚਾਹੇ ਮਾਰੇ,
ਭੁਲ ਖਲੋਤੇ ਭੁਲਨਹਾਰੇ, ਮਨ ਵਿਚ ਮਿਹਰ ਪਵੇ ਤੇ ਤਾਰੇ, ਅਰਜ਼ ਸੁਨਾਂ ਗੀ।੧।

ਦੋਹਰਾ—ਚੜ੍ਹੇ ਵਿਸਾਖ ਪਿਆਰਿਆ, ਮੋਹ ਸੰਗ ਨੇਹੁੰ ਨ ਕੀਨ।
ਤੜਫਤ ਰਹੀ ਵਿ ਰੋਗ ਮੇਂ, ਜਿਉਂ ਪਾਨੀ ਬਿਨ ਮੀਨ।

ਚੜ੍ਹੇ ਵਿਸਾਖ ਕਲੇਜਾ ਛਣਿਆ, ਤਾਣਾ ਇਸ਼ਕ ਹੋਰਾਂ ਨੇ ਤਣਿਆ
ਭੈੜੀ ਮਾਂ ਦੁਹਾਂ ਨੂੰ ਜਣਿਆ, ਮੇਰਾ ਹਾਲ ਫਕੀਰਾਂ ਬਣਿਆ, ਬਾਝੋਂ ਯਾਰ ਦੇ।
ਪੰਜਾਂ ਮੁੰਡਿਆਂ ਦੀ ਰਲ ਬਹਿਣੀ, ਬੁੱਧੀ ਉਜੜ ਗਈ ਨ ਰਹਿਣੀ
ਵਰਤੀ ਸੰਤ ਜਨਾਂ ਦੀ ਕਹਿਣੀ, ਜਦ ਹੁਣ ਆਣ ਪਏ ਸਿਰ ਸਹਿਣੀ, ਆਹੀਂ ਮਾਰਦੇ।
ਸੁਣ ਮੁਨਿਆਦ ਉਮਰ ਦੀ ਪੁੱਗੀ, ਹੋਈ ਨਾਲ ਗ਼ਮਾਂ ਜਿੰਦ ਭੁੱਗੀ
ਦੋ ਦਿਨ ਚੋਗ ਨ ਰਲਕੇ ਚੁਗੀ, ਪਾਵਾਂ ਵਾਂਗ ਫ਼ਕੀਰਾਂ ਝੁੱਗੀ, ਦਰ ਦਿਲਦਾਰ ਦੇ।
ਕਾਲੀਦਾਸ ਸਵਾਰ ਸਵਾਰਥ, ਜੀਊਣਾ ਬੁਰਾ ਬਿਨਾਂ ਪਰਮਾਰਥ
ਕੌੜੇ ਲਗਦੇ ਭੋਗ ਪਦਾਰਥ, ਸਹੀਓ! ਜਾਂਦਾ ਜਨਮ ਅਕਾਰਥ, ਬਿਨਾ ਵਿਚਾਰ ਦੇ।੨।

ਦੋਹਰਾ—ਜੇਠ ਜ਼ਬਾਨੀ ਆਪਣੀ, ਜ਼ਰਾ ਨ ਕੀਤੀ ਗੱਲ।
ਬਿਛੜਨ ਦਾ ਦੁਖ ਬੁਰਾ ਹੈ, ਪਿਆ ਕਲੇਜੇ ਸੱਲ।

ਚੜ੍ਹਿਆ ਜੇਠ ਵਗਦੀਆਂ ਲੋਆਂ, ਅੰਦਰ ਬਾਹਰ ਵੜਦੀ ਰੋਵਾਂ
ਪਲ ਭਰ ਸੁਖ ਦੇ ਨਾਲ ਨਾ ਸੋਵਾਂ, ਚਾਰੇ ਚਿਕੜ ਭਰੀਆਂ ਧੋਵਾਂ, ਮਲ ਮਲ ਕੰਨੀਆਂ।
ਖੁਲ੍ਹੇ ਵਾਲ ਬੈਰਾਗਨ ਹੋਈ, ਦਿਲ ਦਾ ਮਰਮ ਨ ਜਾਣੇ ਕੋਈ
ਬੱਧੇ ਹੱਥ ਕਰਾਂ ਅਰਜ਼ੋਈ, ਅੜਿਆ! ਹੁਣ ਮੈਂ ਤੇਰੀ ਹੋਈ, ਸਭੇ ਮੰਨੀਆਂ।



Sri Satguru Jagjit Singh Ji eLibrary NamdhariElibrary@gmail.com

ਲੱਗਾ ਰੋਗ ਇਸ਼ਕ ਦਾ ਭਾਰੀ, ਹੁਣ ਨਹੀਂ ਜਾਂਦੀ ਦਿਲੋਂ ਬੀਮਾਰੀ
ਤੂੰਹੇ ਵੈਦ ਤੇਰੇ ਹੱਥ ਕਾਰੀ, ਗਈਆਂ ਮੁੱਜ ਕਰਦਿਆਂ ਜ਼ਾਰੀ, ਅੱਖੀਂ ਰੋਨੀਆਂ ।
ਤੇਰਾ ਇਸ਼ਕ ਕਸਾਈ ਘਾਤੀ, ਕਾਲੀਦਾਸ ਪਕੜ ਕੇ ਕਾਤੀ
ਚੜ੍ਹਕੇ ਬੈਠ ਰਿਹਾ ਹੈ ਛਾਤੀ, ਦਿਲਬਰ ਪਾ ਅਸਾਂ ਵਲ ਝਾਤੀ, ਹੋਈਆਂ ਅੰਨ੍ਹੀਆਂ ।
ਦੋਹਰਾ—ਹਾੜੇ ਹਾੜੇ ਕਰੇਨੀਆਂ, ਕੀਤਾ ਦਰਦ ਬਿਹੋਸ਼
ਕਿਸਮਤ ਲੈਣੀ ਆਪਣੀ, ਨਹੀਂ ਕਿਸੇ ਸਿਰ ਦੋਸ਼ ।
ਟੁਰਿਆ ਹਾੜ ਵਿਸਾਰ ਅਵੇਤਾ, ਸੀਨਾ ਤਾਪ ਇਸ਼ਕ ਦੇ ਤੱਤਾ
ਮਾਹੀ ਮੂਲ ਨਾ ਛਡਦਾ ਚੱਤਾ, ਖ਼ਬਰੇ ਕਿਨ੍ਹਾਂ ਦੇ ਰੰਗ ਰੱਤਾ, ਅਸਾਂ ਵਿਸਾਰ ਕੇ ।
ਲੋਕੋ ! ਕਰੋ ਅਜੇ ਕੋਈ ਹੀਲਾ, ਸੱਜਨ ਲਭੇ ਛੈਲ ਛਬੀਲਾ
ਹੋਇਆ ਰੰਗ ਵਸਾਰੋਂ ਪੀਲਾ, ਸੁੱਕਾ ਮਾਸ ਹੋਇਆ ਤਨ ਤੀਲਾ, ਦੂਰ ਗਏ ਮਾਰ ਕੇ ।
ਅੰਦਰ ਕੌਣ ਮੇਰੇ ਕੀ ਖੜਕੇ, ਵੇਖਾਂ ਚੋਰ ਕਲੇਜਾ ਧੜਕੇ
ਕੋਈ ਲਭੇ ਅੰਦਰ ਵੜ ਕੇ, ਬਾਹੋਂ ਪਕੜ ਲਿਆਵਾਂ ਫੜ ਕੇ, ਤਨ ਮਨ ਵਾਰ ਕੇ ।
ਕਾਲੀਦਾਸ ਕੁਝ ਨਹੀਂ ਪਲੇ, ਸਜਨ ਰੁੱਠੇ ਜੇਹੜੀ ਗੱਲੇ
ਜੋਗੀ ਜੰਗਲ ਕੇਹੜੇ ਮੱਲੇ, ਮੁੜ ਨਾ ਪਰਤ ਸੁਨੇਹੜੇ ਘਲੇ, ਅਸਾਂ ਉਜਾੜ ਕੇ ।
ਦੋਹਰਾ—ਸਾਵਣ ਬਰਸੇ ਮੀਂ ਘੁਲਾਂ, ਲੱਥੀ ਰਹੀ ਫੁਹਾਰ
ਜੇ ਪੀਆ ਅਪਣਾ ਲੋੜਦੀ, ਮੈਨੂੰ ਛਡਦੀ ਮਾਰ ।
ਚੜ੍ਹਿਆ ਸਾਵਣ ਰਲ ਮਿਲ ਸਹੀਆਂ, ਸੱਭੇ ਪੀਂਘਾਂ ਪਾਵਣ ਗਈਆਂ
ਗੱਲਾਂ ਮਨ ਦੀਆਂ ਮਨ ਵਿਚ ਰਹੀਆਂ, ਜਾਂਦੀ ਵਾਰ ਨਹੀਂ ਕਰ ਗਈਆਂ,
ਨਾਲ ਪਿਆਰਿਆਂ ।
ਬੂੰਦਾਂ ਕਿਰਨ ਛਮਾ ਛਮ ਬਰਸਨ, ਸਾਡੇ ਨੈਣ ਪੀਆ ਨੂੰ ਤਰਸਨ
ਹਾਜੀ ਹੱਜ ਮੱਕੇ ਦਾ ਪਰਸਨ, ਸਾਨੂੰ ਤੀਰਥ ਤੇਰਾ ਦਰਸ਼ਨ, ਚਿੱਤ ਖਲਾਰਿਆਂ ।
ਠੰਢੀ ਵਾ ਪੁਰੇ ਦੀ ਵੱਗੇ, ਬਾਝੋਂ ਕੰਤ ਨਾ ਚੰਗੀ ਲੱਗੇ
ਜੇਹੜਾ ਕੀਤਾ ਆਇਆ ਅੱਗੇ, ਕਾਲੇ ਗਏ ਤੇ ਆਏ ਬੱਗੇ, ਹਿੰਮਤ ਹਾਰਿਆਂ ।
ਆਵੇ ਮੌਤ ਮੇਰਾ ਗਲ ਘੁਟੇ, ਸਾਡੀ ਜਿੰਦ ਅਜ਼ਾਬੋਂ ਛੁਟੇ
ਪੰਜਾਂ ਧਾੜਵੀਆਂ ਘਰ ਲੁਟੇ, ਖੁਦ ਹੋ ਬਹਾਂ ਖੁਦੀ ਜੇ ਟੁਟੇ, ਖ਼ੁਦੀ ਨੂੰ ਮਾਰਿਆਂ ।
ਦੋਹਰਾ—ਭਾਦਰੋਂ ਭੁਲੀ ਵੇਖਕੇ, ਕੀਤਾ ਨਹੀਂ ਖਿਆਲ
ਸਭੇ ਉਲਟੀ ਆਖਦੇ, ਪ੍ਰੇਮ ਨਗਰ ਦੀ ਚਾਲ ।
ਭਾਦਰੋਂ ਭੜਕ ਉਠੀ ਤਨ ਭਾਹ, ਤੇਰਾ ਗਿਆ ਵਿਛੋੜਾ ਖਾ
ਸ਼ਾਮਾ ! ਫੇਰ ਕਦੀ ਘਰ ਆ, ਤੂੰਹੇਂ ਮਾਰੀਂ ਤੂੰਹੇਂ ਜਿਵਾ, ਆਖਾਂ ਠੀਕ ਜੀ ।
ਤੇਰੇ ਬਾਝ ਨਾ ਮੇਰੀ ਥਾਂ, ਭੈਣਾਂ ਵੀਰ ਨ ਬਾਬਲ ਮਾਂ,
ਕਿਸ ਦੇ ਹਥ ਫੜਾਈ ਬਾਂਹ, ਸੱਜਨ ਲੈ ਲੈ ਤੇਰਾ ਨਾਂ, ਰਹੀ ਉਡੀਕ ਜੀ ।
ਖਲੀ ਉਡੀਕਾਂ ਤੇਰਾ ਰਾਹ, ਮਾਹੀ ਨਾਲ ਦੁਖਾਂ ਦੇ ਆਹ



Sri Satguru Jagjit Singh Ji eLibrary NamdhariElibrary@gmail.com

ਡੁੱਬੀ ਤਦੋਂ ਨ ਆਇਆ ਸਾਹ, ਗੋਤੇ ਲਵਾਂ ਨ ਲਗਦੀ ਵਾਹ, ਮਾਰਾਂ ਚੀਕ ਜੀ।
ਕਾਲੀਦਾਸਾ ਕਰ ਹੁਸ਼ਿਆਰੀ, ਘਰ ਘਰ ਹੁੰਦੀ ਚੋਰਾ ਕਾਰੀ
ਵਿਸ਼ਿਆਂ ਲੁਟ ਲਏ ਸੰਸਾਰੀ, ਕਾਮੀ ਕ੍ਰੋਧੀ ਤੇ ਹੰਕਾਰੀ, ਜੋ ਨਜ਼ਦੀਕ ਜੀ।

ਦੋਹਰਾ–ਅਸੂਜ ਮਾਹ ਨਾ ਭਾਂਵਦਾ, ਮਨ ਨੂੰ ਹਾਰ ਸ਼ਿੰਗਾਰ
ਜਾਲਾਂ ਅਗਨ ਲਗਾਇਕੇ, ਕੰਤ ਬਿਨਾਂ ਘਰ ਬਾਰ।

ਅੱਸੂ ਆਇਆ ਨਵਾਂ ਜ਼ਮਾਨਾ, ਤਰਲੇ ਲੈਂਦਾ ਭੌਰ ਨਿਮਾਣਾ
ਆਣ ਨਿਖੁਟਾ ਪਾਣੀ ਦਾਣਾ, ਜਰ ਹੁਣ ਪਿੰਜਰਾ ਭਯਾ ਪੁਰਾਣਾ, ਪੰਛੀ ਚਲਿਆ।
ਕਿਸ ਕਲਬੂਤ ਮਿਟੀ ਦਾ ਘੜਿਆ, ਦਸੋ ਕੌਣ ਇਹਦੇ ਵਿਚ ਵੜਿਆ
ਜਿਨ੍ਹਾਂ ਇਲਮ ਬੇਨੁਕਤਾ ਪੜ੍ਹਿਆ, ਸੂਲੀ ਆਸ਼ਕ ਹੋ ਕੇ ਚੜ੍ਹਿਆ, ਦਿਲ ਨੂੰ ਠੱਲ੍ਹਿਆ।
ਜੇਹੜਾ ਬਾਤਿਨ ਸੋਈ ਜ਼ਾਹਿਰ, ਜੇਹੜਾ ਅੰਦਰ ਸੋਈ ਬਾਹਰ,
ਜੇਹੜੇ ਮਾਰਫਤੋਂ ਨਹੀਂ ਮਾਹਿਰ, ਭਜ ਭਜ ਅੰਦਰ ਵੜਦੇ ਕਾਇਰ,
ਇਸ਼ਕ ਨਾ ਝੱਲਿਆ।
ਦਾਸਾਂ ਪਰਮੇ ਚੌਦਾਂ ਭੋਣ. ਗੁਰ ਬਿਨ ਮਿਟੇ ਨ ਆਵਾਗੌਣ,
ਜਿਚਰ ਨਾ ਵੇਖੇ ਅੰਦਰ ਕੌਣ, ਆਤਸ਼ ਖ਼ਾਕ ਨਾ ਪਾਣੀ ਪੌਣ, ਕੀ ਸੰਗ ਰਲਿਆ।

ਦੋਹਰਾ–ਕੱਤੇ ਕਿਸਨੂੰ ਪੁਛੀਏ, ਦੇਵੇ ਕੌਣ ਸਲਾਹ
ਐਸਾ ਸਤਿਗੁਰੂ ਆ ਮਿਲੇ, ਦੇਵੇ ਆਸ ਪੁਜਾ।

ਕੱਤੇ ਕਿਸਮਤ ਬੁਰੀ ਖਰਾਬ. ਡਾਢਾ ਦੇਂਦਾ ਇਸ਼ਕ ਅਜ਼ਾਬ,
ਤੜਫਾਂ ਮਾਹੀਂ ਜਿਵੇਂ ਬੇਆਬ, ਜਦ ਦਾ ਦਿਤਾ ਤੁਸਾਂ ਜਵਾਬ, ਸਾਡਾ ਹੋਰ ਨਾ।
ਸਜਨ ਡਾਢਾ ਇਸ਼ਕ ਸਤਾਈਆਂ, ਜਿਉਂ ਕਰ ਬੱਕਰਾ ਹੱਥ ਕਸਾਈਆਂ,
ਸਿਰ ਤੇ ਝੱਲ ਸਭੇ ਬੁਰਿਆਈਆਂ, ਅਖੀਂ ਨਾਲ ਤੁਸਾਡੇ ਲਾਈਆਂ, ਤਾਂ ਭੀ ਜ਼ੋਰ ਨਾ।
ਪੇਕਾ ਸਹੁਰਾ ਰੱਖ ਨ ਸਕੇ, ਹਰ ਕੋਈ ਨਜ਼ਰ ਦੂਈ ਦੀ ਤੱਕੇ,
ਸਾਰੇ ਮੇਰੇ ਕੋਲੋਂ ਅੱਕੇ, ਜਿਧਰ ਜਾਵਾਂ ਓਧਰ ਧੱਕੇ, ਰਖਦੀ ਗੋਰ ਨਾ।
ਕਾਲੀਦਾਸਾ ਦਾਉ ਨ ਫੱਬੇ, ਥੱਕੀ ਭਾਲ ਟਿਕਾਣੇ ਸਭੇ,
ਵਸਤ ਗਵਾਚੀ ਕਿਧਰੋਂ ਲਭੇ, ਸਤਿਗੁਰ ਸੱਤਵੇਂ ਅੰਦਰ ਦੱਬੇ, ਜਿਥੇ ਚੋਰ ਨਾ।

ਦੋਹਰਾ–ਮੱਘਰ ਦਸਦੇ ਦੂਰ ਸਭ, ਤੇਰੀ ਯਾਰ ਗਲੀ
ਆਸ਼ਕ ਨਜ਼ਰਾਂ ਲੈ ਟੁਰੇ. ਧਰ ਕੇ ਸੀਸ ਤਲੀ।

ਮੱਘਰ ਆ ਗਿਆ ਹੁਣ ਮਾਹ, ਤੇਰਾ ਗਿਆ ਵਿਛੋੜਾ ਖਾ
ਲਗੀ ਦਿਲ ਮੇਰੇ ਨੂੰ ਢਾਹ, ਜੇਕਰ ਹੋਣਾ ਅੰਤ ਫ਼ਨਾਹ, ਕਿਸ ਦਾ ਮਾਨ ਜੀ।
ਵੈਰੀ ਮੋਹ ਦੁਖਾਂ ਦਾ ਕਾਰਨ, ਵਿਰਲੇ ਕਾਮ ਕ੍ਰੋਧ ਨੂੰ ਮਾਰਨ
ਖਲੀਆਂ ਬਾਹਵਾਂ ਸੰਤ ਪੁਕਾਰਨ, ਪਰ ਨਾ ਮੂਰਖ ਲੋਕ ਵਿਚਾਰਨ, ਬਿਨਾਂ ਗਿਆਨ ਜੀ।
ਗੱਲ ਗਵਾਰਾਂ ਜ਼ਰਾ ਨਾ ਜਾਤੀ, ਆਸ਼ਕ ਲੋਕਾਂ ਰਮਜ਼ ਪਛਾਤੀ
ਉਹਨਾਂ ਪੀਤੀ ਆਬਹਯਾਤੀ, ਜਿਨ੍ਹਾਂ ਵਿਚੋਂ ਮੈਂ ਗਵਾਤੀ, ਸੋ ਪਰਵਾਨ ਜੀ।



Sri Satguru Jagjit Singh Ji eLibrary NamdhariElibrary@gmail.com

ਦੋਹਰਾ–ਪੋਹ ਪੀਆ ਕੀ ਆਸ ਹੈ, ਮਤ ਹੋ ਜਾਏ ਮੇਲ
ਉਲਟਾ ਪੁਲਟਾ ਕਰ ਦੀਆ, ਕਰਮਗਤੀ ਨੇ ਖੇਲ ।
ਚੜ੍ਹਿਆ ਪੋਹ ਪੀਆ ਦੀ ਆਸ, ਤਦ ਤਕ ਆਸ ਜਿਚਰ ਤਕ ਸਾਸ
ਜੀਉੜਾ ਰਹਿੰਦਾ ਨਿੱਤ ਉਦਾਸ, ਰੱਤੀ ਰੱਤ ਨਾ ਮਾਸਾ ਮਾਸ, ਬਿਰਹੋਂ ਸਾੜੀਆਂ ।
ਸੱਜਨ ਰਹਿਆ ਮੇਰਾ ਮਨ ਲੋਚ, ਨਾ ਰਿਹਾ ਊਠ ਨਾ ਖੁਰਾ ਖਰੋਚ
ਅੰਧੀ ਰਾਤੀਂ ਗਏ ਬਲੋਚ, ਲੁਟੀ ਗਈ ਤੇ ਆਈ ਸੋਚ, ਨਹੀਂ ਉਘਾੜੀਆਂ ।
ਤੇਰੇ ਇਸ਼ਕ ਕੀਤਾ ਮਸ਼ਹੂਰ, ਖਬਰਾਂ ਹੋਈਆਂ ਨੇੜੇ ਦੂਰ,
ਬਿਰਹੋਂ ਕੀਤਾ ਚਿਕਨਾਚੂਰ, ਦੱਸੀ ਰਮਜ਼ ਜਦੋਂ ਮਨਸੂਰ, ਸੂਲੀ ਚਾੜ੍ਹੀਆਂ ।
ਕੁਲ ਫ਼ਨਾਹ ਤੁਹੈਂ ਤੂੰ ਬਾਕੀ, ਦਿਲਬਰ ਦਿਲ ਦਿਲੀ ਤੇ ਆਕੀ
ਬੰਦਾ ਆਬ ਹੈ ਨਾ ਖ਼ਾਕੀ, ਹਰਦਮ ਥਾਏਂ ਤੇਰੀ ਜਾ ਕੀ, ਲਾਨੈ ਤਾਰੀਆਂ ।
ਦੋਹਰਾ–ਮਾਘ ਅਸਾਂ ਨੂੰ ਮਾਰ ਕੇ, ਆਪ ਗਿਓਂ ਹੋ ਅੱਡ
ਲਾਏ ਤੋੜ ਨਿਬਾਹੀਏ, ਵਿਚ ਨਾ ਦੇਈਏ ਛੱਡ ।
ਮਾਘ ਮਹੀਨਾ ਬੁਰਾ ਸਤਾਂਦਾ, ਵੈਰੀ ਹੱਡਾਂ ਨੂੰ ਕੜਕਾਂਦਾ
ਲੱਗਾ ਦਾਗ਼ ਦਿਲੋਂ ਨਹੀਂ ਜਾਂਦਾ, ਨਹੀਂ ਕੋਈ ਪਾਣੀ ਪਾ ਬੁਝਾਂਦਾ ਦਿਲ ਦੀ ਅੱਗ ਨੂੰ ।
ਕਦ ਤਕ ਜ਼ਖਮ ਜਿਗਰ ਦੇ ਸੀਵਾਂ, ਨਾ ਮੈਂ ਮਰਾਂ ਨਾ ਮੈਂ ਜੀਵਾਂ
ਨੰਗਾ ਝਾਟਾ ਮਸਤਕ ਨੀਵਾਂ, ਦਿਲਬਰ ਪੰਜਾਂ ਦੇ ਵਿਚ ਛੀਵਾਂ, ਲੱਭੋ ਠੱਗ ਨੂੰ ।
ਵਿਚੋ ਵਿਚ ਕਲੇਜਾ ਭੁੱਜੇ, ਸਹਿਣੇ ਬਾਝ ਨਹੀਂ ਕੁਝ ਸੁਝੇ
ਮਾਰੇ ਤੀਰ ਨੈਣਾਂ ਨੇ ਗੁਝੇ, ਕਰ ਲੈ ਹੋਰ ਜਿਦੇਂ ਤੈਂ ਪੁਜੇ, ਫੜੇ ਅਲੱਗ ਨੂੰ ।
ਦਾਸਾ ਹੋਰ ਜ਼ਮਾਨੇ ਆਏ, ਸਾਜਨ ਤੇਰੇ ਦਰੋਂ ਧਕਾਏ
ਕਾਵਾਂ ਥਾਏਂ ਮੋਰ ਬਹਾਏ, ਬਗਲੇ ਰਖੇ ਹੰਸ ਉਡਾਏ, ਖਬਰਾਂ ਜੱਗ ਨੂੰ ।
ਦੋਹਰਾ–ਫਾਗਨ ਫੁਲਵਾੜੀ ਸਭੀ, ਸੁੰਦਰ ਫੂਲ ਰਹੀ ।
ਮੌਤ ਹੰਡੋਲਾ ਪਾਇ ਕੇ, ਸਿਰ ਪਰ ਝੂਲ ਰਹੀ ।
ਫਗਣ ਛੇਤੀ ਕਰੋ ਇਲਾਜ, ਸੰਘੋਂ ਲੰਘਦਾ ਨਹੀਂ ਅਨਾਜ
ਵੈਰੀ ਇਸ਼ਕ ਹੱਡਾਂ ਦਾ ਖਾਜ, ਹੱਥਾਂ ਵਿਚ ਉਡਾਇਆ ਬਾਜ, ਡੋਰਾਂ ਰਹਿ ਗਈਆਂ ।
ਕਿਤ ਗਏ ਜੋਗ ਜੁਗਤ ਕੇ ਜੋਗੀ, ਕਿਧਰ ਗਏ ਪਰਮ ਰਸ ਭੋਗੀ
ਮੰਤਰ ਮਾਰ ਕੀਤਾ ਅਠਰੋਗੀ, ਮੇਰੇ ਵਾਂਗ ਕੋਈ ਘਰ ਸੋਗੀ, ਕਲਮਾਂ ਵਹਿ ਗਈਆਂ ।
ਡਾਢੇ ਨਾਲ ਨਹੀਂ ਕੋਈ ਜ਼ੋਰਾ, ਰੋ ਰੋ ਹੋ ਗਿਆ ਸਿਰ ਖੋਰਾ
ਤੈਨੂੰ ਤਰਸ ਨਾ ਆਇਆ ਭੋਰਾ, ਕਿਧਰ ਗਿਓਂ ਚਿਤ ਦਿਆ ਚੋਰਾ !
ਮੰਜੇ ਪੈ ਗਈਆਂ ।
ਦਾਸਾ ਹੋਏ ਮਾਹ ਬਤੀਤ, ਜੋਗੀ ਮੂਲ ਨਾ ਆਇਆ ਮੀਤ
ਥੋਥੀ ਨਿਕਲੀ ਅੰਤ ਪ੍ਰੀਤ, ਅੱਗੋਂ ਕਰਨੀ ਨਹੀਂ ਪਰਤੀਤ, ਗੱਲਾਂ ਲੈ ਗਈਆਂ ।

---



Sri Satguru Jagjit Singh Ji eLibrary NamdhariElibrary@gmail.com

## ੯੨. ਬਾਰਾਂਮਾਹ ਸੰਤ ਪ੍ਰੀਤਮ ਸਿੰਘ ਕੌਮੀ ਦੀਵਾਨਾ

ਚੜ੍ਹਦੇ ਚੇਤ੍ਰ ਚਿਤ ਘਬਰਾਇਆ, ਸੋਹਣਾ ਨਜ਼ਰ ਨ ਆਇਆ ਈ
ਢੂੰਡ ਥੱਕੀ ਮੈਂ ਜੰਗਲ ਬੇਲੇ, ਰੋ ਰੋ ਹਾਲ ਵੰਞਾਇਆ ਈ
ਜ਼ੁਲਫਾਂ ਖੁਲ੍ਹੀਆਂ ਗਲ ਵਿਚ ਮੇਰੇ, ਤੀਰ ਕਾਲਜੇ ਲਾਇਆ ਈ
ਸੁੰਦ੍ਰ ਸਿੰਘ ਪਈ ਜਿੰਦੜੀ ਤੜਫੇ, ਯਾਰ ਨ ਫੇਰਾ ਪਾਇਆ ਈ ।੧।

ਵਿਸਾਖ ਵਿਸਾਰਾਂ ਨ ਮੈਂ ਤੈਨੂੰ, ਤੇਰਾ ਨਾਮ ਧਿਆਵਾਂ ਮੈਂ
ਨੈਣੀਂ ਨੀਰ ਹੈ ਨਾਲੇ ਚਲਦਾ, ਬੈਠ ਔਂਸੀਆਂ ਪਾਵਾਂ ਮੈਂ
ਤੇਰੇ ਬਾਝ ਨ ਸਾਜਨ ਮੇਰਾ, ਕਿਸ ਨੂੰ ਹਾਲ ਸੁਣਾਵਾਂ ਮੈਂ
ਸੁੰਦਰ ਸਿੰਘ ਨੂੰ ਪਿਆ ਵਿਛੋੜਾ, ਖਲੀ ਹੀ ਕਾਂਗ ਉਡਾਵਾਂ ਮੈਂ ।੨।

ਚੜ੍ਹਿਆ ਜੇਠ ਜੁਦਾਈਆਂ ਵਾਲਾ, ਤੀਰ ਬ੍ਰਿਹੋਂ ਨੇ ਮਾਰੇ
ਪੀਤੇ ਪ੍ਰੇਮ ਪਿਆਲੇ ਜੇਹੜੇ, ਤੁਸਾਂ ਅੱਜ ਵਿਸਾਰੇ
ਯਾਰਾਂ ਬਾਝੋਂ ਨਹੀਂ ਬਹਾਰਾਂ, ਰੋਂਦੇ ਨੈਣ ਵਿਚਾਰੇ
ਸੁੰਦਰ ਸਿੰਘ ਨੂੰ ਪਿਆ ਵਿਛੋੜਾ, ਵਿਛੜੇ ਯਾਰ ਪਿਆਰੇ ।੩।

ਚੜ੍ਹਦੇ ਹਾੜ ਕਰਾਂ ਮੈਂ ਹਾੜੇ, ਜੇ ਪ੍ਰੀਤਮ ਗਲ ਲਾਵੇ
ਵਿਚ ਵਿਛੋੜੇ ਮੈਂ ਪਈ ਮਰਦੀ, ਤਰਸ ਜਗ ਨ ਖਾਵੇ
ਪੀਆ ਬਾਝੋਂ ਲਗੇ ਨਾ ਜੀਆ, ਆਤਸ਼ ਇਸ਼ਕ ਮਚਾਵੇ
ਸੁੰਦਰ ਸਿੰਘ ਮੈਂ ਵੰਡਾਂ ਸ਼ੀਰਨੀ, ਪ੍ਰੀਤਮ ਦਰਸ ਵਿਖਾਵੇ ।੪।

ਚੜ੍ਹਦੇ ਸਾਵਨ ਸਾਂਵੇ ਆਏ, ਸਈਆਂ ਪੀਂਘਾਂ ਪਾਵਨ
ਰਲ ਮਿਲ ਸਈਆਂ ਗੀਤ ਗਾਉਂਦੀਆਂ, ਹਾਰ ਸ਼ਿੰਗਾਰ ਲਗਾਵਨ
ਇਕ ਦੂਜੇ ਨੂੰ ਦੇਵਨ ਝੂਟੇ, ਸਾਨੂੰ ਗ਼ਮ ਦੇ ਆਵਨ
ਸੁੰਦਰ ਸਿੰਘ ਸਾਨੂੰ ਪ੍ਰੀਤਮ ਬਾਝੋਂ, ਸਾਂਵੇਂ ਮੂਲ ਨਾ ਭਾਵਨ ।੫।

ਚੜ੍ਹਦੇ ਭਾਦਰੋਂ ਭਾਹ ਭੜਕੇਂਦੀ, ਤਨ ਮਨ ਨੂੰ ਪਈ ਜਾਲੇ
ਬਾਝ ਪੀਆ ਦੇ ਭਈ ਬਿਰਾਗਨ, ਹੱਡ ਜੁਦਾਈਆਂ ਗਾਲੇ
ਵਾਂਗ ਮੱਛੀ ਦੇ ਜਾਨ ਤੜਫਦੀ, ਪੀਆ ਨਾ ਮੂੰਹ ਦਿਖਾਲੇ
ਸੁੰਦਰ ਸਿੰਘ ਨੂੰ ਯਾਰ ਨਾ ਮਿਲਦੇ, ਫਿਰਦੇ ਹੋ ਮਤਵਾਲੇ ।੬।



Sri Satguru Jagjit Singh Ji eLibrary NamdhariElibrary@gmail.com

ਅੱਸੂ ਅਸਰ ਖ਼ੁਦਾ ਦੀ ਹੋਈ, ਨਬਜ਼ ਨਾ ਜਾਣੇ ਕੋਈ
ਪ੍ਰੀਤਮ ਬਾਝੋਂ ਵੈਦ ਨਾ ਮੇਰਾ, ਕੀ ਕਰੇਗਾ ਕੋਈ
ਇਲਾਜ ਨਾ ਹੋਵੇ ਇਸ ਮਰਜ਼ ਦਾ, ਸੋਹਣੀ ਨੀਰ ਡੁਬ ਮੋਈ
ਸੁੰਦਰ ਸਿੰਘ ਸੀ ਡਰਦਾ ਜਿਥੋਂ, ਸੋਈ ਆ ਗੱਲ ਹੋਈ ।੭।

ਚੜ੍ਹਦੇ ਕੱਤੇ ਕਿਤ ਵਲ ਵੱਤੇਂ, ਘਰ ਸੂਤਰ ਨਾ ਕੱਤੇਂ ਨੀ
ਖਸਮ ਵਲੋਂ ਚਾ ਕਸਮ ਉਠਾਈ, ਨਾਲ ਬਿਗਾਨਿਆਂ ਵਤੇ ਨੀ
ਤੈਨੂੰ ਪ੍ਰੀਤਮ ਗਲ ਨਾ ਲਾਸੀ, ਰੋ ਰੋ ਜ਼ੁਲਫ਼ਾਂ ਪੱਟੇ ਨੀ
ਸੁੰਦਰ ਸਿੰਘ ਵਿਸਾਰ ਪੀਆ ਨੂੰ, ਕੀ ਖੱਟੀ ਪਈ ਖੱਟੇਂ ਨੀ ।੮।

ਮਘਰ ਮਨ ਮੇਂ ਸੋਚ ਨ ਕੀਤੀ, ਨਿਹੁੰ ਹੋਰ ਥੇ ਲਾਨੀ ਏਂ
ਸ਼ਰਮ ਹਯਾ ਨੂੰ ਦੂਰ ਚਾ ਕੀਤਾ, ਖ਼ਤ ਬਤੇਰੇ ਪਾਨੀ ਏਂ
ਗੱਲ ਕਰੇ ਕੋਈ ਗੱਲੋਂ ਫੜਦੀ, ਜ਼ਰਾ ਨਹੀਂ ਸ਼ਰਮਾਨੀ ਏਂ
ਸੁੰਦਰ ਸਿੰਘ ਹੁਣ ਤੇਰੇ ਬਾਝੋਂ, ਹੋਯਾ ਆਣ ਸੈਲਾਨੀ ਏਂ ।੯।

ਚੜ੍ਹਦੇ ਪੋਹ ਪਉਨ ਹੁਣ ਪਾਲੇ, ਹੱਡ ਵਿਛੋੜੇ ਗਾਲੇ ਨੀ
ਮਾਰ ਜੁਦਾਈਆਂ ਚੂਰ ਚਾ ਕੀਤਾ, ਇਸ਼ਕ ਮੁਆਤੇ ਬਾਲੇ ਨੀ
ਅੱਗ ਵਿਛੋੜੇ ਵਾਲੀ ਬਲਦੀ, ਜਿਗਰ ਹਮੇਸ਼ਾਂ ਜਾਲੇ ਨੀ
ਸੁੰਦਰ ਸਿੰਘ ਨੇ ਬੁਰਾ ਕਮਾਇਆ, ਕੀਤੇ ਕੌਲ ਨਾ ਪਾਲੇ ਨੀ ।੧੦।

ਮਾਘ ਮਰਜ਼ ਹੈ ਬੁਰੀ ਇਸ਼ਕ ਦੀ, ਰਾਤ ਦਿਨੇ ਨਾ ਸੌਂਦੀ ਮੈਂ
ਦੁਖਾਂ ਦੀ ਸੂਈ ਫ਼ਿਕਰ ਦਾ ਧਾਗਾ, ਹੰਝੂ ਫੁਲ ਪਰੋਂਦੀ ਮੈਂ
ਵਿਛੋੜੇ ਮਾਰ ਮੁਕਾਇਆ ਮੈਨੂੰ, ਗੋਸ਼ੇ ਬੈਠ ਕੇ ਰੋਂਦੀ ਮੈਂ
ਸੁੰਦਰ ਸਿੰਘ ਦਾ ਪ੍ਰੀਤਮ ਮਿਲਿਆ, ਖਲੀਆਂ ਕਾਗ ਉਡੌਂਦੀ ਮੈਂ ।੧੧।

ਫੱਗਣ ਫਿਕਰ ਲਗਾ ਦਿਲ ਮੇਰੇ, ਮੇਰਾ ਯਾਰ ਨਾ ਬੋਲੇ ਨੀ
ਅਗੋ ਸ਼ੌਕ ਦਾ ਸ਼ਰਬਤ ਦੇਂਦੇ, ਹੁਣ ਜ਼ਹਿਰ ਪਿਆਲੇ ਘੋਲੇ ਨੀ
ਮੁਖ ਵੇਖੇ ਤਾਂ ਮੁਖ ਛਿਪਾਏ, ਛਪ ਛਪ ਹੋਵੇ ਉਹਲੇ ਨੀ
ਸੁੰਦਰ ਸਿੰਘ ਜਿਨ੍ਹਾਂ ਯਾਰ ਵਿਸਾਰੇ, ਸਿਰ ਵਿਚ ਵੱਜਣ ਪੌਲੇ ਨੀ ।੧੨।





Sri Satguru Jagjit Singh Ji eLibrary NamdhariElibrary@gmail.com

## ੯੩. ਬਾਰਾਂਮਾਹ ਸੰਤ ਸੁੰਦਰ ਸਿੰਘ ਕੌਮੀ ਦੀਵਾਨਾ

ਚੜ੍ਹਦੇ ਚੇਤਰ ਚਿਤ ਚੁਰਾਇਆ, ਵਰਤੇ ਰੱਬ ਦੇ ਭਾਣੇ ਕੋਈ ਨ ਜਾਣੇ
ਤੱਤੀ ਤੜਫਾਂ ਵਿਚ ਵਿਛੋੜੇ, ਜਿਉਂ ਰੇਤੂ ਵਿਚ ਦਾਣੇ ਸਮਝ ਸਿਆਣੇ
ਦਿਨੇ ਚੈਨ ਨਾ ਨੀਂਦ ਨ ਰਾਤੀਂ, ਤੂੰ ਸੁਖ ਰਲੀਆਂ ਮਾਣੇ ਰੋਜ਼ ਲੰਘਾਣੇ
ਸੁੰਦਰ ਸਿੰਘ ਨੂੰ ਗਲੇ ਲਗਾਵੀਂ, ਬਿਰਹੁੰ ਬਿਦਰਦ ਰਵਾਣੇ ਹੋਇ ਨਿਤਾਣੇ ।੧।

ਵਿਸਾਖ ਵਿਖਾਲ ਅਸਾਂ ਨੂੰ ਮੁਖੜਾ, ਚੰਦੋਂ ਦੂਣ ਸਵਾਇਆ ਰੱਬ ਬਣਾਇਆ
ਕੀ ਤਕਸੀਰ ਗੁਲਾਮਾਂ ਕੀਤੀ, ਜਿਸਤੋਂ ਚਾ ਭੁਲਾਇਆ ਅੰਗ ਨ ਲਾਇਆ
ਅੰਗ ਸਾਕ ਨ ਤੇਰੇ ਬਾਝੋਂ, ਦੁਖਾਂ ਆਣ ਸਤਾਇਆ ਬਹੁ ਘਬਰਾਇਆ
ਸੁੰਦਰ ਸਿੰਘ ਨੂੰ ਗਲੇ ਲਗਾਵੀਂ, ਤੇਰੇ ਇਸ਼ਕ ਸਤਾਇਆ ਤੇ ਤਨ ਤਾਇਆ ।੨।

ਜੇਠ ਜ਼ੋਰ ਨ ਕੋਈ ਗੁਲਾਮਾ, ਬਿਨ ਦੰਮਾਂ ਥੀਂ ਬਰਦੀ ਤੇਰੇ ਘਰ ਦੀ
ਦਰਸ਼ਨ ਪਿਆਸ ਅਸਾਂ ਨੂੰ ਲੱਗੀ, ਏਸੇ ਦੁਖ ਵਿਚ ਮਰਦੀ ਆਹ ਨ ਕਰਦੀ
ਜਾਗਣ ਭਾਗ ਕਦੋਂ ਬਦਬਖ਼ਤਾਂ, ਦਾਸਣ ਹੋਵਾਂ ਦਰਦੀ ਤੇ ਦਿਲਬਰ ਦੀ
ਸੁੰਦਰ ਸਿੰਘ ਨੂੰ ਗਲੇ ਲਗਾਵੀਂ, ਤੇਰੇ ਤਰਲੇ ਕਰਦੀ ਵਰਤੀ ਜ਼ਰਦੀ ।੩।

ਹਾੜ ਹੋਰ ਨ ਜ਼ੋਰ ਅਸਾਂ ਵਿਚ, ਇਕੋ ਜ਼ੋਰ ਜੁ ਤੇਰੇ ਦਰ ਦੇ ਚੇਰੇ
ਨ ਕੁਝ ਇਲਮ ਨ ਅਕਲ ਅਲੌਕਕ, ਨ ਧਨ ਪੱਲੇ ਮੇਰੇ ਐਬ ਬਤੇਰੇ
ਤੂੰ ਸ਼ਰਦਾਰ ਸੋਹਣਿਆਂ ਸੰਦਾ, ਨਜ਼ਰ ਵਟੂ ਹਾਂ ਤੇਰੇ ਝੋਕ ਝੇਕੇਰੇ
ਸੁੰਦਰ ਸਿੰਘ ਨੂੰ ਗਲੇ ਲਗਾਵੀਂ, ਇਸ਼ਕ ਤੇਰੇ ਨੇ ਘੇਰੇ ਜਾਨ ਹੁਲੇਰੇ ।੪।

ਸਾਵਣ ਸਈਆਂ ਰਲ ਮਿਲ ਬਾਗੀਂ, ਜਾ ਕੇ ਪੀਂਘਾਂ ਪਾਵਣ ਜੀ ਪਰਚਾਵਣ
ਰੰਗਾ ਰੰਗ ਪੁਸ਼ਾਕਾਂ ਪਾ ਕੇ, ਪੀਆ ਨੂੰ ਗਲ ਲਗਾਵਨ ਸੈਨ ਚਲਾਵਣ
ਮੈਂ ਤੱਤੀ ਦੇ ਪੀ ਗੁਜਰਾਤੇ, ਸਾਰੇ ਦੁਖੜੇ ਜਾਵਣ ਤੇ ਸੁਖ ਆਵਣ
ਸੁੰਦਰ ਸਿੰਘ ਨੂੰ ਗਲੇ ਲਗਾਵੀਂ, ਸਾਂਵੇ ਮੂਲ ਨ ਭਾਵਨ ਜ਼ਖਮ ਲਗਾਵਣ ।੫।

ਭਾਦਰੋਂ ਭਾਹ ਵਿਛੋੜੇ ਵਾਲੀ, ਤਨ ਤੰਦੂਰ ਤਪਾਇਆ ਤਰਸ ਨ ਆਇਆ
ਸੇਜ ਸੂਲਾਂ ਤੇ ਲੇਫ ਨਿਹਾਲੀ, ਭਾਂਬੜ ਬਲਦਾ ਆਇਆ ਸੌਣ ਨ ਭਾਇਆ
ਇਕ ਪਲ ਘੜੀ ਅਰਾਮ ਨ ਉਨ੍ਹਾਂ, ਨਜ਼ਰੀਂ ਯਾਰ ਨ ਆਇਆ ਦੂਰ ਸਿਧਾਇਆ
ਸੁੰਦਰ ਸਿੰਘ ਨੂੰ ਗਲੇ ਲਗਾਵੀਂ, ਮਾਂਹ ਅੱਸੂ ਦਾ ਆਇਆ ਸੁਖ ਨ ਪਾਇਆ।੬।



Sri Satguru Jagjit Singh Ji eLibrary NamdhariElibrary@gmail.com

ਅੱਸੂ ਅਸੀਂ ਯਾਰ ਦੇ ਦਰ ਦੇ, ਕੂਕਰ ਹਾਂ ਰਖਵਾਲੇ ਭੌਂਕਣ ਵਾਲੇ
ਪਾਗਲ ਪਟਾ ਪ੍ਰੇਮ ਦਾ ਮੈਨੂੰ, ਤੁਸੀਂ ਖਿਚਣ ਵਾਲੇ ਤੇ ਮਤਵਾਲੇ
ਸੱਚੇ ਯਾਰ ਤਾਂ ਕਦਮ ਲੱਗੀਏ, ਦੁਰਕਾਰੇ ਹਟ ਚਾਲੇ ਹੋ ਨਿਰਾਲੇ
ਸੁੰਦਰ ਸਿੰਘ ਨੂੰ ਗਲੇ ਲਗਾਵੀਂ, ਦੋਵੇਂ ਬਾਂਹ ਉਠਾਲੇ ਹੋ ਰਖਵਾਲੇ ।੭।

ਕੱਤੇ ਕਰਮ ਜਿਨ੍ਹਾਂ ਦੇ ਚੰਗੇ, ਪਾਸ ਪੀਆ ਦੇ ਬਹਿੰਦੇ ਦੁਖੜੇ ਕਹਿੰਦੇ
ਪ੍ਰੀਤਮ ਸੁਣ ਸੁਣ ਅਰਜ਼ ਉਨ੍ਹਾਂ ਦੀ ਕੋਲ ਤਿਨ੍ਹਾਂ ਦੇ ਬਹਿੰਦੇ ਮੁਖ ਥੀਂ ਕਹਿੰਦੇ
ਅਸੀਂ ਬਰਦੇ ਨਫਰ ਤੁਸਾਂ ਦੇ, ਤੁਸੀਂ ਕਿਉਂ ਸਾਰ ਨ ਲੈਂਦੇ ਛਪ ਛਪ ਬਹਿੰਦੇ
ਸੁੰਦਰ ਸਿੰਘ ਨੂੰ ਗਲੇ ਲਗਾਵੀਂ, ਕੌਣ ਵੇਲੇ ਦੇ ਕਹਿੰਦੇ, ਦੁਖੜੇ ਸਹਿੰਦੇ ।੮।

ਮੱਘਰ ਮੈਂ ਨਿਮਾਣੀ ਮਾਹੀ, ਤੇਰਾ ਮਾਣਾ ਮੈਨੂੰ ਦਸਾਂ ਕੈਂਹਨੂੰ
ਦਰ ਤੇਰੇ ਦੀ ਪਿਆਰੀ ਹਰਦਮ, ਖਬਰ ਨਹੀਂ ਕੁਛ ਤੈਨੂੰ ਕੂਕਾਂ ਕੈਂਹ ਨੂੰ
ਆ ਝਬਦੇ ਗਲ ਲੱਗ ਅਸਾਡੇ, ਬ੍ਰਿਹੋਂ ਸਤਾਯਾ ਮੈਨੂੰ ਭਾਹ ਬਲੈ ਨੂੰ
ਸੁੰਦਰ ਸਿੰਘ ਨੂੰ ਗਲੇ ਲਗਾਵੀਂ, ਆਖਾਂ ਮੁੜ ਮੁੜ ਤਹਿ ਨੂੰ ਖਬਰ ਨ ਤੈਨੂੰ ।੯।

ਪੋਹ ਪਾਲੇ ਵਿਚ ਮੇਰਿਆ ਸਾਈਆਂ ! ਪਲਕ ਨ ਲਗੇ ਮੇਰੀ ਦੁਖਾਂ ਘੇਰੀ
ਸੱਧਰ ਆਵੇ ਲੈ ਗਲ ਲਾਵਾਂ, ਸੂਰਤ ਯੂਸਫ ਕੇਰੀ, ਸੁਘੜ ਘਨੇਰੀ
ਅੜੀਓ ਭਾਗ ਉਨ੍ਹਾਂ ਦੇ ਚੰਗੇ, ਜੋ ਪੀਆ ਦੀ ਚੇਰੀ ਹੋਈ ਭਲੇਰੀ
ਸੁੰਦਰ ਸਿੰਘ ਨੂੰ ਗਲੇ ਲਗਾਵੀਂ, ਭੁਲ ਬਖਸ਼ੇਂ ਹੁਣ ਮੇਰੀ ਚਾਕਰ ਤੇਰੀ ।੧੦।

ਮਾਘ ਮਾਨ ਹੈ ਤੇਰਾ ਮੈਨੂੰ, ਮੇਰੇ ਸਿਰ ਦੇ ਸਾਈਆਂ ਘੋਲ ਘੁਮਾਈਆਂ
ਮਿਸਲ ਬਿਰਾਗਣ ਹਾਲ ਬਣਾਇਆ, ਜ਼ੁਲਫਾਂ ਗਲ ਵਿਚ ਪਾਈਆਂ,
ਮਾਹੀ ਢਾਈਆਂ
ਕਦਮ ਤੇਰੇ ਦੀ ਖ਼ਾਕ ਜੁ ਸੁਰਮਾਂ, ਵਿਚ ਅੱਖੀਆਂ ਦੇ ਪਾਈਆਂ ਭਰ ਸਲਾਈਆਂ
ਸੁੰਦਰ ਸਿੰਘ ਨੂੰ ਗਲੇ ਲਗਾਵੀਂ, ਕਿਉਂ ਤੂ ਦੇਰੀਆਂ ਲਾਈਆਂ
ਮੇਰਿਆ ਸਾਈਆਂ ।੧੧।

ਫੱਗਣ ਫਿਕਰ ਲਗਾ ਦਿਲ ਅੰਦਰ, ਜਾਨ ਕੰਦਲ ਵਿਚ ਅੜਦੀ ਹਾਵੇ ਭਰਦੀ
ਕਰੋ ਕੋਈ ਹੀਲਾ ਪ੍ਰੀਤਮ ਆਵੇ, ਮੈਂ ਹਾਂ ਅਰਜ਼ਾਂ ਕਰਦੀ ਤੇਰੀ ਬਰਦੀ
ਦੁਖਾਂ ਘੇਰੀ ਚਾਰ ਚੌਫੇਰੀ, ਮੁਖੜੇ ਵਰਤੀ ਜ਼ਰਦੀ ਗੱਲ ਨ ਕਰਦੀ
ਸੁੰਦਰ ਸਿੰਘ ਹੁਣ ਤੇਰੀ ਹੋਈ, ਲੋੜ ਨਹੀਂ ਨ ਜ਼ਰ ਦੀ, ਦੂਜੇ ਘਰ ਦੀ ।੧੨।



Sri Satguru Jagjit Singh Ji eLibrary NamdhariElibrary@gmail.com

## ੯੪. ਬਾਰਾਂਮਾਹ ਹਕੀਕੀ ਮਜਾਜ਼ੀ (ਕੁੰਦਨ ਰਾਮ)

ਚੇਤ ਚਿੰਤਾ ਹੋਈ ਰਬ ਕੇ ਮਿਲਣ ਕੀ, ਕਦ ਦਰਸਨ ਦਖਲਾਮੇਗਾ
ਸੂਰਤ ਬਰਾਗਣ ਫਿਰਾਂ ਮੈਂ ਕੰਵਾਰੀ, ਕਦ ਬਾਲਮ ਪਰਣਾਮੇਗਾ
ਸੀਸ ਸੁਹਾਗ ਸੁੰਨਾ ਬਿਨ ਸਾਂਈ, ਕਿਸ ਮੌਸਮ ਗੁੰਦਾਮੇਂਗਾ
ਕੁੰਦਨ ਰਾਮ ਸੁਹਾਗ ਪਟਯਾਰੀ, ਕਦੋਂ ਮਹਿਆਈ ਪਾਮੇਗਾ ।੧।
ਚੇਤ ਚਿੰਤਾ ਤੂ ਮਤ ਕਰ ਪਿਆਰੀ, ਰੱਬ ਆਸ਼ਕ ਮਿਲ ਜਾਵੇਗਾ
ਜਿਸ ਖਾਤਰ ਤੂੰ ਫਿਰੇਂ ਭਟਕਦੀ, ਰੁਤ ਸਰਦੀ ਕੀ ਆਵੇਗਾ
ਸੁਫਲ ਸੁਹਾਗਣ ਕਰ ਦਿਓ ਤੈਨੂੰ, ਘਰ ਅੰਬਰਸਰ ਪਾਵੇਗਾ
ਕੁੰਦਨ ਰਾਮ ਆਸ਼ਕ ਰਬ ਪਿਆਰਾ, ਅੰਮ੍ਰਿਤ ਆਪ ਛਕਾਵੇਗਾ ।੨।
ਬਸਦੀ ਬਸਾਖ ਕਰੀਂ ਵਸ ਕਰਮਾ, ਮੈਨੂੰ ਡੀਕਾਂ ਤੇਰੀ ਜੀ
ਅੰਨ ਧਨ ਗਜਾਨ ਪਦਾਰਬ ਬਾਝੋਂ, ਸੁਤਾ ਭਟਕਦੀ ਮੇਰੀ ਜੀ
ਨਗਨ ਢਕੀਂ ਸੁਭ ਬਸਤ੍ਰ ਦੇ ਕੇ, ਤੈਂ ਅੱਖੀਆਂ ਕਿਉਂ ਫੇਰੀ ਜੀ
ਕੁੰਦਨ ਰਾਮ ਆਸ਼ਕ ਰਬ ਪਿਆਰੇ, ਦਿਲ ਵਿਚ ਦਈਂ ਦਲੇਰੀ ਜੀ ।੩।
ਬਸ ਤੂ ਬਸਾਖ ਬ੍ਰਹਮ ਕੀ ਪਿਆਰੀ, ਛਡ ਦੇ ਮੇਰ ਪਰਾਈ ਤੂੰ
ਮੇਰ ਪਰਾਈ ਮੌਤ ਨਸ਼ਾਨੀ, ਕਿਉਂ ਮਰਦੀ ਅਨ ਆਈ ਤੂੰ
ਨੇਕੀ ਛੋਡ ਬਦੀ ਨੂੰ ਖਟਦੀ, ਕਿਉਂ ਕਰਦੀ ਬੁਰਿਆਈ ਤੂੰ
ਕੁੰਦਨ ਰਾਮ ਸਮਝ ਸੁਰਤ ਨਾਰੀ, ਖਟ ਲੈ ਜਗਤ ਭਲਿਆਈ ਤੂੰ ।੪।
ਜੇਠ ਜਵਾਨੀ ਜੋਬਨ ਢਲਦਾ, ਧੁਪ ਤਪਤ ਕੀ ਮਾਰੀ ਕਾ
ਮਾਨਸਰਾਂ ਵਿਚ ਪਾਣੀ ਹੈਨੀ, ਹੀਲਾ ਕਿਆ ਪਨਿਹਾਰੀ ਕਾ
ਹੰਸ ਪੰਖੇਰੂ ਭੁਖਾਂ ਫਿਰਦਾ, ਪ੍ਰੂਟਨ ਬ੍ਰਹਿਮ ਤੇਰੀ ਪਿਆਰੀ ਕਾ
ਕੁੰਦਨ ਰਾਮ ਆਸ਼ਕ ਰਬ ਪਿਆਰੇ, ਸੌਦਾ ਕਿਸਮਤ ਸਾਰੀ ਕਾ ।੫।
ਜੇਠ ਜਮ੍ਹਾ ਰਖ ਖਾਤਰ, ਪਿਆਰੀ ਗਰਮ ਸਰਦ ਨਾ ਹੋਈਂ ਤੂੰ
ਮਾਨਸਰਾਂ ਵਿਚ ਅੰਮ੍ਰਿਤ ਬਰਸੂ, ਲਾਲ ਜਵਾਹਰ ਬੋਈ ਤੂੰ
ਹੀਰੇ ਮਾਣਕ ਮੋਤੀ ਉਪਜੂ, ਚੁਗ ਚੁਗ ਹਾਰ ਪਰੋਈ ਤੂੰ
ਕੁੰਦਨ ਰਾਮ ਬ੍ਰਹਮ ਕੀ ਪਿਆਰੀ, ਗੁਪਤ ਜੁਗਤ ਕਰ ਕੋਈ ਤੂੰ ।੬।



Sri Satguru Jagjit Singh Ji eLibrary NamdhariElibrary@gmail.com

ਹਾੜ ਹਰਖ ਹੋਰ ਕਿਸ ਪਰ ਮੇਰਾ, ਤੇਰੇ ਬਾਝੋਂ ਸਾਈਂ ਜੀ
ਖੁਸ਼ਕ ਜ਼ਮੀਨ ਨੀਰ ਬਿਨ ਤਰਸੈ, ਅੰਮ੍ਰਿਤ ਜਲ ਬਰਸਾਈਂ ਜੀ
ਅੰਮ੍ਰਿਤ ਪੀਣ ਦੋਸਤ ਤੇਰਾ, ਆਦਰ ਗੈਲ ਪਲਾਈਂ ਜੀ
ਕੁੰਦਨ ਰਾਮ ਆਸ਼ਕ ਰਬ ਪਿਆਰੇ, ਪਿਆਸੀ ਨਾ ਤਰਸਾਈਂ ਜੀ ।੭।

ਹਾੜ ਹਰੀ ਤੇਰਾ ਬਾਲਮ ਸਾਈਂ, ਮੇਹਰ ਕੇ ਘਰ ਆਵੇਗਾ
ਗਰਜ ਘੋਰ ਕੇ ਅੰਮ੍ਰਿਤ ਬਰਸੂ, ਕਿਸਮਤ ਕਾ ਮਿਲ ਜਾਵੇਗਾ
ਜਗਤ ਨਾਥ ਮਾਂਗ ਹਥ ਤੈਂ ਪਸਾਰੇ, ਬੰਡੇ ਔਂਦਾ ਬਿਆਵੇਗਾ
ਕੁੰਦਨ ਰਾਮ ਆਸ਼ਕ ਰਬ ਪਿਆਰਾ, ਕਾਂਇਆ ਸਰਦ ਬਣਾਵੇਗਾ ।੮।

ਸਾਵਣ ਸੂਕ ਗਈ ਪੀਆ ਮੇਘਨ, ਬਾਰਸ਼ ਤੂੰ ਕਦ ਪਾਮੇਗਾ
ਅੰਮ੍ਰਿਤ ਭਰੀ ਲੰਬੋਰਾਂ ਤੇਰੀ, ਕਿਸ ਮੌਕੇ ਬਰਸਾਮੇਗਾ
ਚਾਰ ਜੁਗਾਂ ਕੀ ਮੈਂ ਪਿਆਸੀ ਫਿਰਦੀ, ਹਰਿ ਰਸ ਕਦੋਂ ਪਲਾਮੇਗਾ
ਕੁੰਦਨ ਰਾਮ ਆਸ਼ਕ ਰੱਬ ਪਿਆਰੇ, ਅੰਮ੍ਰਿਤ ਕਦ ਬਰਤਾਮੇਗਾ ।੯।

ਸਾਵਣ ਸੰਤ ਸੋਹਾਗਣਿ ਸਾਈਂ, ਆਦਰ ਗੈਲ ਬਲਾਈ ਤੂੰ
ਚਰਨ ਸੰਤਾਂ ਕੇ ਧੋ ਕੇ ਪੀ ਲੀਂ, ਗੰਗਾ ਜਲ ਕਰ ਬਰਤਾਈਂ ਤੂੰ
ਗਿਆਨ ਗੁਰਾਂ ਕਾ ਅੰਮ੍ਰਿਤ ਬਰਸੇ, ਦੂਹਰੇ ਗੱਫੇ ਲਾਈ ਤੂੰ
ਕੁੰਦਨ ਰਾਮ ਹਰੀ ਰਸ ਅੰਮ੍ਰਿਤ, ਹਰਦਮ ਪੀ ਸਰਦਾਈ ਤੂੰ ।੧੦।

ਭਾਦੋਂ ਭਰੀ ਜਵਾਨੀ ਮੇਰੀ, ਬਾਲਮ ਬਿਨੈ ਬਗਾਨੀ ਜੀ
ਮਧ ਜੋਬਨ ਬਿਨ ਬਾਲਮ ਬਿਰਥਾ, ਚੜ੍ਹਦੀ ਉਮਰ ਜਵਾਨੀ ਜੀ
ਟੋਂਦੀ ਤੇਰੀ ਅਰਧ ਸਰੀਰੀ, ਆ ਮਿਲ ਕਿਉਂ ਤੜਫਾਨੀ ਜੀ
ਕੁੰਦਨ ਰਾਮ ਆਸ਼ਕ ਰਬ ਬਾਝੋਂ, ਧ੍ਰਿਗ ਮੇਰੀ ਜਿੰਦਗਾਨੀ ਜੀ ।੧੧।

ਭਾਦੋਂ ਭਰਮ ਕਰੀਂ ਦਿਲ ਦੂਰੋਂ, ਰਬ ਆਸ਼ਕ ਕੀ ਪਿਆਰੀ ਤੂੰ
ਬ੍ਰਹਮ ਬਰਾਗੀ ਬਾਲਮ ਤੇਰਾ, ਮੈਹਮਾ ਛੇਜ ਸ਼ਿੰਗਾਰੀ ਤੂੰ
ਆਦਰ ਅਤਰ ਸਬਰ ਕਰ ਆਸਨ, ਪਤਿਬਰਤਾ ਜੋ ਨਾਰੀ ਤੂੰ
ਕੁੰਦਨ ਰਾਮ ਆਸ਼ਕ ਰਬ ਮਿਲਜੂ, ਦੋਇ ਹਥ ਪਸਾਰੀ ਤੂੰ ।੧੨।

ਅਸੂ ਆਸਾ ਪੂਰੀ ਕਰਦੇ, ਰਬ ਆਸਕ ਤੇਰੀ ਪਿਆਰੀ ਮੈਂ
ਬਾਲਮ ਬਾਝ ਰੋਵਾਂ ਦੁਖ ਕਿਸ ਪਾ, ਕੂਕਾਂ ਮਾਰ ਪੁਕਾਰੀ ਮੈਂ
ਉਮਰ ਸੋਹਾਗਣ ਕਰਦੇ ਮੈਨੂੰ, ਤੇਰੇ ਬਾਝ ਨਕਾਰੀ ਮੈਂ
ਕੁੰਦਨ ਰਾਮ ਆਸ਼ਕ ਰਬ ਮਿਲ ਲੈ, ਮੈਹਮਾ ਛੇਜ ਸ਼ਿੰਗਾਰੀ ਮੈਂ ।੧੩।



Sri Satguru Jagjit Singh Ji eLibrary NamdhariElibrary@gmail.com

ਅਸੂ ਆਇਆ ਸਾਂਈਂ ਤੇਰਾ, ਕਰ ਬੈਠੀ ਸਰਦਾਰੀ ਤੂੰ
ਫਿਕਰ ਹੰਦੇਸਾ ਛੋਡ ਬਰਾਗਨ, ਭੋਗ ਅੰਮ੍ਰਿਤ ਸਾਰੀ ਤੂ
ਰਾਜੇ ਜਨਕ ਵਾਂਗ ਹੋ ਜਾ ਨਸੇਸਕ, ਗੁਰੂ ਨਾਨਕ ਕੀ ਪਿਆਰੀ ਤੂ
ਕੁੰਦਨ ਰਾਮ ਆਸ਼ਕ ਰਬ ਆਇਆ, ਕਰ ਲੈ ਖ਼ਾਤਰਦਾਰੀ ਤੂੰ ।੧੪।

ਦੋਹਰਾ–ਛੇਜ ਬਛਾ ਲੀ ਰੰਗਲੀ, ਪੜਦੇ ਰਖ ਲੇ ਦੋ
ਤਨ ਦਿਆਂ ਮਨ ਨਾ ਦਿਆਂ, ਸੁਹਾਗਣ ਕਿਸ ਬਿਧ ਹੋ ।
ਤਨ ਮਨ ਕੇ ਨੰਗ ਨਮੋਸ਼ ਕਾ, ਪੜਦਾ ਦਿਆ ਸਭ ਖੋਲ੍ਹ
ਸੁਫਲ ਸੁਹਾਗਣ ਹੋ ਗਈ, ਇਸ਼ਕ ਮਿਲਿਆ ਬਿਨ ਮੋਲ ।

ਕਾਫੀ–ਕੱਤਕ ਕੰਥ ਬਸੇ ਹਰਮੰਦਰ, ਘਟ ਅੰਬਰਸਰ ਪਾਇਆ ਜੀ
ਗੁਪਤ ਗੁਫਾ ਵਿਚ ਚਾਨਣ ਕੀਤਾ, ਦੀਪਕ ਤੇਲ ਪਵਾਇਆ ਜੀ
ਨੀਤ ਨਵਾਰ ਅਰਾਮ ਕੀਆ ਜਬ, ਗਜਾਨ ਗਲੇਫ ਹੰਢਾਯਾ ਜੀ
ਕੁੰਦਨ ਰਾਮ ਸਬਰ ਕੇ ਆਸਨ, ਆਸ਼ਕ ਰੱਬ ਬਿਠਾਯਾ ਜੀ ।੧੫।

ਕੱਤਕ ਕੰਥ ਬਿਠਾਯਾ ਆਸਨ, ਕੀਤਾ ਸ਼ਗਨ ਮਠਿਆਈ ਕਾ
ਸੁਫਲ ਸੁਹਾਗਣ ਲੰਡੂ ਬੰਡੇ, ਸੈਨ ਭਗਤ ਆਯਾ ਨਾਈ ਕਾ
ਸੱਦ ਲਿਆ ਸਭ ਭਾਈਚਾਰਾ, ਨਿਉਂਦਾ ਦਿਆਂ ਵਧਾਈ ਕਾ
ਕੁੰਦਨ ਰਾਮ ਸ਼ੁਕਰ ਲਖ ਬਾਰੀ, ਦਰਸ਼ਨ ਕੀਤਾ ਸਾਂਈ ਕਾ ।੧੬।

ਮੱਘਰ ਮਲਾਹਜਾ ਕਰ ਲੈ ਬਾਲਮ, ਕੱਟ ਦਲਿਦਰ ਸਾਰਾ ਜੀ
ਹਾਕਮ ਹਕੀਮ ਖੁਦਾ ਤੂ ਮੇਰਾ, ਕਿਸ ਕਾ ਹੋਰ ਸਹਾਰਾ ਜੀ
ਭਗਤਾਂ ਕੀ ਹਰ ਬਿਰਤ ਸੁਆਮੀ, ਆਸਰਾ ਲੀਆ ਤੁਮਾਰਾ ਜੀ
ਕੁੰਦਨ ਰਾਮ ਆਸ਼ਕ ਰਬ ਬਾਝੋਂ, ਦਰਦੀ ਕੌਨ ਹਮਾਰਾ ਜੀ ।੧੭।

ਮੱਘਰ ਮੇਲ ਪੀਆ ਗੈਲ ਹੋਯਾ, ਰੁਤ ਸਰਦੀ ਕੀ ਆਈ ਜੀ
ਸਰਦੀ ਸਾਹੁਰੇ ਹਾਜ਼ਰ ਹੋਈ, ਗਰਮੀ ਬਿਦਾ ਕਰਾਈ ਜੀ
ਸੁਰਤ ਕੰਵਾਰੀ ਬਾਵਾ ਆਦਮ, ਗੈਲ ਕਾਜ਼ੀ ਪਰਨਾਈ ਜੀ
ਕੁੰਦਨ ਰਾਮ ਆਸ਼ਕ ਰਬ ਮਿਲ ਗਿਆ, ਕਲਮ ਨਮਾਜ ਪੜ੍ਹਾਈ ਜੀ ।੧੮।

... ... ... ... ... ...





Sri Satguru Jagjit Singh Ji eLibrary NamdhariElibrary@gmail.com

## ੮੫. ਬਾਰਾਂਮਾਹ ਹਕੀਕੀ (ਇਸਮਾਈਲ ਨਕੋਦਰੀ)

ਚੇਤੋਂ ਚੈਨ ਨਾ ਆਵੇ ਮੈਨੂੰ, ਰੁਖਸਤ ਹੋਏ ਜਾਨੀ ਯੂਸਫ ਸਾਨੀ
ਛੋੜ ਗਏ ਤਨਹਾ ਅਸਾਨੂੰ, ਮਾਰ ਕਲੇਜੇ ਕਾਨੀ ਫਿਰਾਂ ਦੀਵਾਨੀ
ਲਾਤਕਾਨਾ ਤੂੰ ਸਿਨ ਰਹਮਤੁਲਾ, ਇਹ ਗੱਲ ਦਿਲ ਨੇ ਮਾਨੀ ਤੂੰ ਸੁਣ ਜਾਨੀ
ਇਸਮਾਈਲ ਜੇ ਮਿਲੇ ਪਿਆਰਾ, ਰਹਾਂ ਉਹਦੀ ਅਹਿਸਾਨੀ ਦੋਹੀਂ ਜਹਾਨੀਂ ।੧।

ਵਿਸਾਖ ਵਿਸਾਖੀ ਜਾਵਣ ਸਈਆਂ, ਸਭ ਰਲ ਕਰਨ ਤਿਆਰੀ ਵਾਰੋ ਵਾਰੀ
ਰੰਗ ਬਰੰਗੇ ਜ਼ੇਵਰ ਪਾਵਨ, ਲੈਣ ਉਤੇ ਫੁਲਕਾਰੀ ਤੇ ਜ਼ਰ ਕਾਰੀ
ਮਗ਼ਫਰਤ ਵਾਲੇ ਦਰਵਾਜ਼ੇ, ਪਹੁੰਚੀਂ ਕਰ ਅਸਵਾਰੀ ਤੇ ਹੁਸ਼ਿਆਰੀ
ਇਸਮਾਈਲਾ ਬਾਝ ਪੀਆ ਮੈਂ, ਐਵੇਂ ਉਮਰ ਗੁਜ਼ਾਰੀ ਔਗੁਣਹਾਰੀ ।੨।

ਜੇਠੋਂ ਜੇਠ ਨਾ ਖਾਵਿੰਦ ਮੇਰਾ, ਕਿਸ ਪਰ ਕਰਾਂ ਗੁਜ਼ਾਰਾ ਮਹਿਰਮ ਯਾਰਾ
ਘਰ ਵਿਚ ਸੱਸ ਨਿਨਾਣ ਨਾ ਮੇਰੀ, ਏਹੋ ਬੜਾ ਖੁਆਰਾ ਮੁਸ਼ਕਲ ਭਾਰਾ
ਕੁਲਾਸ਼ਇਨ ਮੁਹੀਤੁਨ ਜੋ ਕੇਹਾ, ਖਲਕਤ ਕਰੇ ਪੁਕਾਰਾ ਉਚਾ ਸਾਰਾ
ਇਸਮਾਈਲ ਤਅੱਜਬ ਏਹੋ, ਕਿਉਂਕਰ ਰਹਿਆ ਨਿਆਰਾ ਫੇਰ ਪਿਆਰਾ ।੩।

ਹਾੜੋਂ ਏਸ ਇਸ਼ਕ ਦੀ ਆਤਸ਼, ਮੈਂ ਫਿਰ ਕੇਹੀ ਸਤਾਈ ਦਿਆਂ ਦੁਹਾਈ
ਨੀਂਦਰ ਭੁਖ ਜ਼ੁਲੈਖ਼ਾਂ ਵਾਲੀ, ਪਹਿਲੀ ਰਮਜ਼ ਬਤਾਈ ਹੋਸ਼ ਗਵਾਈ
ਇਨਅਲ੍ਹਾ ਮਾਉਸੱਾਬਰੀਂ, ਰਬ ਸੱਚੇ ਫੁਰਮਾਈ ਆਇਤ ਆਈ
ਇਸਮਾਈਲਾ ਜੇ ਸਬਰ ਕਰੇਂ, ਤਾਂ ਹੋਵੇ ਖੁਸ਼ੀ ਸਵਾਈ ਵਿਚ ਖੁਦਾਈ ।੪।

ਚੜ੍ਹਿਆ ਸਾਵਨ ਮੀਂਹ ਬਰਸਾਵਨ, ਬੱਦਲ ਬਰਸਨ ਬਾਰਾਂ ਨਾਲ ਬਹਾਰਾਂ
ਮੇਂਡਕ ਔਰ ਪਪੀਹਾ ਬੋਲੇ, ਮੋਰ ਚਕੋਰ ਹਜ਼ਾਰਾਂ ਫਿਰਦੀਆਂ ਡਾਰਾਂ
ਬੱਦਲ ਗੱਜੇ ਬਿਜਲੀ ਚਮਕ ਡਰਾਵੇ, ਹਮਦੋ ਹਮਦ ਪੁਕਾਰਾਂ ਆਹੀਂ ਮਾਰਾਂ
ਇਸਮਾਈਲ ਪੀਆ ਘਰ ਆਵੇ, ਤਾਂ ਮੈਂ ਸ਼ੁਕਰ ਗੁਜ਼ਾਰਾਂ ਲੱਖ ਹਜ਼ਾਰਾਂ ।੫।

ਭਾਦੋਂ ਭਾ ਹਿਜਰ ਦੀ ਭੜਕੇ, ਕੂਕਾਂ ਕਰ ਕਰ ਆਹੀਂ ਖਲੀਆਂ ਬਾਹੀਂ
ਰਾਤ ਦਿਨੇ ਆਰਾਮ ਨਾ ਮੈਨੂੰ, ਯਾ ਰਬ ਮੇਲ ਕਦਾਈਂ ਜਾਨੀ ਤਾਈਂ
ਅੱਲ੍ਹਾ ਅਕਬਰ ਮੈਂ ਆਖਾਂ, ਤੂੰ ਆਪੇ ਮੈਂ ਨਾਹੀਂ ਸਮਝ ਸਵਾਈਂ
ਇਸਮਾਈਲਾ ਮਿਰੇ ਅੱਲਾ ਬੀਂ, ਜਾਗ੍ਹਾ ਖਾਲੀ ਨਾਹੀਂ ਹਰ ਹਰ ਜਾਈਂ ।੬।



Sri Satguru Jagjit Singh Ji eLibrary NamdhariElibrary@gmail.com

ਔਸੁ ਆਸ ਦਿਲੇ ਵਿਚ ਕਰਕੇ, ਪੀਰ ਮੁਰੀਦ ਧਿਆਵਾਂ ਸ਼ਗਨ ਮਨਾਵਾਂ
ਜੇ ਘਰ ਆਵੇ ਪ੍ਰੀਤਮ ਮੇਰਾ, ਅੰਗਣ ਜ਼ਿਕਰ ਅਲਾਵਾਂ ਮੰਗਲ ਗਾਵਾਂ
ਇਲਅੱਲਹ ਆਖ ਜ਼ਬਾਨੀ, ਲੈ ਪ੍ਰੀਤਮ ਗਲ ਲਾਵਾਂ ਦੂਜ ਹਟਾਵਾਂ
ਇਸਮਾਈਲਾ ਹੋ ਖੁਸ਼ਹਾਲੀ, ਗ਼ਮ ਨੂੰ ਮਾਰ ਹਟਾਵਾਂ ਮਗਰੋਂ ਲਾਹਵਾਂ ।੭।

ਚੜ੍ਹਿਆ ਕੱਤਕ ਕੰਤ ਨਾ ਆਇਆ, ਏਹੋ ਬੜੀ ਖੁਆਰੀ ਮੁਸ਼ਕਲ ਭਾਰੀ
ਸਈਆਂ ਤਾਨ੍ਹੇ ਦੇਵਨ ਮੈਨੂੰ, ਖਾਵਿੰਦ ਮਨੋਂ ਵਿਸਾਰੀ ਔਗੁਣਹਾਰੀ
ਨਹਨ ਅਕਰਬ ਕੁਨੀ ਸੁਣ ਕੇ, ਫਿਰ ਕਿਉਂ ਰਹੀ ਕੁਆਰੀ ਐਡੀ ਸਾਰੀ
ਇਸਮਾਈਲ ਪੀਆ ਘਰ ਜਿਸ ਦੇ, ਉਹ ਹੈ ਬੜੀ ਸੁਚਿਆਰੀ ਆਕਿਲ ਭਾਰੀ।੮।

ਚੜ੍ਹਿਆ ਮੱਘਰ ਪਹਿਲ ਸਿਆਲਾ, ਰੁਤ ਪਾਲੇ ਦੀ ਆਈ ਗਰਮੀ ਚਾਈ
ਤੂੰਹੇਂ ਪਾਲਾ ਚਾਹ ਹਟਾਵੇਂ, ਤੁਧ ਬਿਨ ਹੋਰ ਨਾ ਕਾਈ ਵਿਚ ਖੁਦਾਈ
ਅਲਾਇਨਸਾਨੋਸਿੱਰੀ ਕਹਿ ਕੇ, ਫਿਰ ਕਿਉਂ ਕਰੇਂ ਜੁਦਾਈ ਕੀ ਦਿਲ ਆਈ
ਇਸਮਾਈਲ ਪਿਆਰੇ ਬਾਝੋਂ, ਜ਼ਾਇਆ ਹੋਈ ਕਮਾਈ ਮੁਫ਼ਤ ਗਵਾਈ ।੯।

ਚੜ੍ਹਿਆ ਪੋਹ ਪੀਆ ਘਰ ਨਾਹੀਂ, ਕੂਕਾਂ ਨ੍ਹਾਰੇ ਕਰਦੀ ਤੇ ਰੰਗ ਜ਼ਰਦੀ
ਅੰਦਰ ਸ਼ੇਰ ਦਿਖਾਲੀ ਦੇਂਦਾ, ਕਾਲੀ ਰਾਤ ਕਹਿਰ ਦੀ ਜੰਗਲ ਫਿਰਦੀ
ਰਾਹ ਨਾ ਜਾਣਾ ਕੈਂ ਦਰ ਜਾਣਾ, ਮਹਿਰਮ ਨਾਹਿੰ ਨੱਗਰ ਦੀ ਤੇਰੇ ਘਰ ਦੀ
ਇਸਮਾਈਲਾ ਮੈਂ ਹਾਂ ਉਸ ਦੀ, ਬਟਦੀ ਉਜ਼ਰ ਨਾ ਕਰਦੀ ।੧੦।

ਚੜ੍ਹਦੇ ਮਾਘ ਮਹੀਨੇ ਮੈਨੂੰ, ਲਾਗੀ ਸ਼ਹੁ ਦਾ ਆਇਆ ਖ਼ਤ ਲਿਆਇਆ
ਤੈਂ ਕੀ ਖਰਚ ਪੱਲੇ ਦਾ ਕੀਤਾ, ਕੇਹੜਾ ਦਾਜ ਰੰਗਾਇਆ ਆਖ ਸੁਣਾਇਆ
ਕਾਲੂਬਿੱਲਾ ਕਿਹਾ ਤੈਂ ਉਥੇ, ਏਥੇ ਆਣ ਭੁਲਾਇਆ ਲਾਲਚ ਮਾਇਆ
ਇਸਮਾਈਲ ਜਵਾਬ ਕੀ ਕਰਸੇਂ, ਜਾਂ ਫਿਰ ਅਜਲੀ ਆਇਆ
ਆਖ ਸੁਣਾਇਆ ।੧੧।

ਫੱਗਣ ਫੇਰ ਤਿਆਰੀ ਹੋਈ, ਲੁਕ ਲੁਕ ਫਿਰਦੀ ਡਰਦੀ ਅੰਦਰ ਵੜਦੀ
ਨਾ ਕੁਝ ਪੱਲੇ ਖਰਚ ਨਾ ਤੋਸ਼ਾ, ਪੈਂਡਾ ਜ਼ੋਰ ਜ਼ਬਰ ਦੀ ਸੋਚਾਂ ਕਰਦੀ
ਮੈਂ ਬਿਨ ਤਾਰੂ ਤਰਨ ਨਾ ਜਾਣਾ, ਦਿਲ ਡਰਦੇ ਪੱਬ ਧਰਦੀ ਹਾਥ ਨਾ ਸਰਦੀ
ਇਸਮਾਈਲ ਜੇ ਦਿਲ ਦਾ ਮਹਿਰਮ, ਮਿਲ ਜਾਏ ਉਹ ਦਰਦੀ ਫੇਰ ਨਾ ਮਰਦੀ।੧੨



Sri Satguru Jagjit Singh Ji eLibrary NamdhariElibrary@gmail.com

## ੯੬. ਬਾਰਾਂਮਾਹ ਸ਼ਾਹ ਨੂਰ ਆਲਮ

ਚੜ੍ਹਦੇ ਚੇਤ ਭੁਲੇ ਸਭ ਚੇਤੇ, ਰਾਹ ਵਤਨ ਦਾ ਯਾਦ ਨਹੀਂ
ਉਮਰ ਬੰਦੇ ਦੀ ਕੱਚ ਬਰਾਬਰ, ਇਸਦੀ ਕੁਝ ਬੁਨਿਆਦ ਨਹੀਂ
ਬਾਦਸ਼ਾਹ ਸਭ ਹੂਏ ਜ਼ਿਮੀਂ ਦੇ, ਰਹਿਣਾ ਸਦਾ ਆਬਾਦ ਨਹੀਂ
ਸ਼ਾਹ ਨੂਰ ਆਲਮ ਬਾਝ ਅੱਲ੍ਹਾ ਦੇ, ਸੁਣਦਾ ਕੋਈ ਫ਼ਰਿਆਦ ਨਹੀਂ ।੧।
ਚੜ੍ਹੇ ਵੈਸਾਖ ਬਹਾਰ ਫੁਲਾਂ ਦੀ, ਕੋਈ ਕਿਸਮਤ ਵਾਲਾ ਚੁਣਸੀ
ਰੂਹ ਬੁਤ ਦਾ ਇਹ ਤਾਣਾ ਪੇਟਾ, ਅਜ਼ਰਾਈਲ ਫਿਰ ਬੁਣਸੀ
ਦਰਜ਼ੀ ਕੱਟ ਤ੍ਰੋਪੇ ਲਾਸੀ, ਕੋਈ ਫ਼ਰਿਆਦ ਨ ਸੁਣਸੀ
ਸ਼ਾਹ ਨੂਰ ਆਲਮ ਜਾਨ ਵਜੂਦੋਂ, ਗਈ ਹੋਈ ਫੇਰ ਨ ਮੁੜਸੀ ।੨।
ਚੜ੍ਹਦੇ ਜੇਠ ਤੇ ਹੇਠ ਮਿਟੀ ਦੇ, ਪਗੜ ਫਰਿਸ਼ਤਾ ਖੜਸੀ
ਖੋਲ੍ਹ ਕਿਤਾਬਾਂ ਅਮਾਲਾਂ ਵਾਲੀ, ਜੋ ਚਾਹੇ ਸੋ ਕਰਸੀ
ਮਾਂ ਪਿਉ ਭੈਣਾ ਸੱਜਣ ਭਾਈ, ਹਾਮੀ ਕੋਈ ਨ ਭਰਸੀ
ਸ਼ਾਹ ਨੂਰ ਆਲਮ ਕੱਲ ਸਚਿਆਂ ਦੀ, ਸਿਰ ਅਮਲਾਂ ਦੇ ਚੜ੍ਹਸੀ ।੩।
ਚੜ੍ਹਦੇ ਹਾੜ ਉਧਾਰ ਕਰੇਂਸੇ, ਅਜ਼ਰਾਈਲ ਨ ਛੋੜੇਗਾ
ਪਾ ਕਮੰਦ ਗਲੇ ਵਿਚ ਤੈਨੂੰ, ਮੁੜ ਮੁੜ ਹੱਡ ਮਰੋੜੇਗਾ
ਟੰਗ ਥੀਂ ਆਈ ਜ਼ਰਦੀ ਤੇਰੇ, ਤਾਂ ਫਿਰ ਤੇਲ ਨਚੋੜੇਗਾ
ਸ਼ਾਹ ਨੂਰ ਆਲਮ ਕੱਢ ਘਰਾਂ ਥੀਂ, ਤਰਫ ਕਬਰ ਦੀ ਟੋਰੇਗਾ ।੪।
ਚੜ੍ਹਦੇ ਸਾਵਣ ਉਹ ਗ਼ਮ ਖਾਵਣ, ਜਿਨ੍ਹਾਂ ਕੱਚ ਵਿਹਾਝੇ ਨੀ
ਬਾਝ ਈਮਾਨ ਮਿਲੇ ਨ ਢੋਈ, ਭਾਵੇਂ ਪੜ੍ਹਦੇ ਲੱਖ ਜਨਾਜ਼ੇ ਨੀ
ਇਸ ਦੁਨੀਆਂ ਤੇ ਰਹਿਣ ਨ ਦੇਂਦੇ, ਪਾਂਦੇ ਸਫਰ ਦੁਰਾਡੇ ਨੀ
ਸ਼ਾਹ ਨੂਰ ਆਲਮ ਉਸ ਸਾਹਿਬ ਅਗੇ, ਕਿਆ ਆਜਜ਼ ਕਿਆ ਰਾਜੇ ਨੀ।੫।
ਚੜ੍ਹਦੇ ਭਾਦੋਂ ਭਾਹ ਦੋਜ਼ਖ ਦੀ, ਬਲ ਬਲ ਦੇਇ ਅਲੰਬੇ ਨੀ
ਸਿਰ ਤੇ ਭਾਰ ਗ਼ਮਾਂ ਦੀ ਗਠੜੀ, ਤਨ ਮਨ ਮੇਰਾ ਕੰਬੇ ਨੀ
ਮੁਰਸ਼ਦ ਪਾਕ ਰਸੂਲ ਇਲਾਹੀ ਜੇਹੜਾ, ਓੜਕ ਲਾਸੀ ਦੰਦੇ ਨੀ
ਸ਼ਾਹ ਨੂਰ ਉਹ ਰਬ ਨੂੰ ਭਾਵਣ, ਅਮਲ ਜਿਨ੍ਹਾਂ ਦੇ ਚੰਗੇ ਨੀ ।੬।



Sri Satguru Jagjit Singh Ji eLibrary NamdhariElibrary@gmail.com

ਚੜ੍ਹਿਆ ਅਸੂ ਆਸ ਜੀਵਨ ਦੀ, ਓੜਕ ਨੂੰ ਫਿਰ ਮਰਨਾ ਮੈਂ
ਬੱਧੇ ਭਾਰ ਮੁਸਾਫਰ ਹੋਏ, ਚਾ ਸਿਰੇ ਤੇ ਧਰਨਾ ਮੈਂ
ਕਦਮ ਟਿਕਾਵੀਂ ਅਗਾਲ ਨ ਜਾਵੀਂ, ਭਾਰ ਇਸ ਔਖਿਆਂ ਕਰਨਾ ਮੈਂ
ਸ਼ਾਹ ਨੂਰ ਆਲਮ ਹਿਸਾਬ ਕਬਰ ਦਾ, ਗਿਣ ਗਿਣ ਲੇਖਾ ਭਰਨਾ ਮੈਂ ।੭।

ਚੜ੍ਹਿਆ ਕੱਤਾ ਕਬਰ ਉਡੀਕੇ, ਓੜਕ ਨੂੰ ਮਰ ਜਾਣਾ ਹੈ
ਇਥੇ ਲੋੜੇਂ ਲੇਫ ਸਿਰ੍ਹਾਣਾ, ਓਥੇ ਖਾਕ ਟਿਕਾਣਾ ਹੈ
ਜਿਸ ਬੁਤ ਦੀ ਤੂੰ ਪੂਜਾ ਕਰਨੈਂ, ਉਹਨੂੰ ਕੀੜਿਆਂ ਖਾਣਾ ਹੈ
ਸ਼ਾਹ ਨੂਰ ਆਲਮ ਉਥੇ ਸੱਜਣ ਦੁਸ਼ਮਣ, ਕਿਸੇ ਨ ਫੇਰਾ ਪਾਣਾ ਹੈ ।੮।

ਚੜ੍ਹਦੇ ਮਘਰ ਚੋਰ ਠਗਣ, ਉਹ, ਸਭ ਨੀ ਉਸ ਜਾਨੀ ਦੇ
ਦੀਵਾ ਬਾਲ ਅੰਨ੍ਹੇਰੇ ਦਸਣ. ਲੁੱਟਣ ਮਤਾਅ ਜ਼ਿੰਦਗਾਨੀ ਦੇ
ਲੂੰ ਲੂੰ ਦੀ ਉਹ ਕਰਨ ਤਲਾਸ਼ੀ, ਵਾਕਫ਼ ਇਲਮ ਹਕਾਨੀ ਦੇ
ਸ਼ਾਹ ਨੂਰ ਆਲਮ ਸਭ ਝੂਠੇ ਦਾਅਵੇ, ਦੁਨੀਆਂ ਹੁਸਨ ਜਵਾਨੀ ਦੇ ।੯।

ਚੜ੍ਹਦੇ ਪੋਹ ਜੰਗਲ ਟੁਰ ਜਾਵਾਂ, ਜਿਥੇ ਸ਼ੇਰ ਦਰਿੰਦੇ ਨੀ
ਨਾਲ ਗ਼ਜ਼ਬ ਦੇ ਮਾਰਨ ਗਰਜਾਂ, ਅਕਲ ਫਿਕਰ ਨਸ ਜਾਂਦੇ ਨੀ
ਬਾਹੋਂ ਪਗੜ ਜ਼ਿਮੀਂ ਤੇ ਮਾਰਨ, ਬੇਰੇ ਵਢ ਵਢ ਖਾਂਦੇ ਨੀ
ਸ਼ਾਹ ਨੂਰ ਆਲਮ ਉਥੇ ਥੋੜੇ ਬਹੁਤੇ, ਨੇਕ ਅਮਲ ਛੁਟਕਾਂਦੇ ਨੀ ।੧੦।

ਚੜ੍ਹਿਆ ਮਾਘ ਮੁਕੇ ਸਭ ਝੇੜੇ, ਆਖ਼ਰ ਦੁਨੀਆਂ ਫ਼ਾਨੀ ਏ
ਤਮ੍ਹਾਂ ਤਾਂ ਕੁਲ ਏਥੇ ਰਹਿਸੀ, ਜਦ ਖਤਮ ਹੋਸੀ ਜ਼ਿੰਦਗਾਨੀ ਏ
ਇਕ ਲਖ ਚੱਵੀ ਹਜ਼ਾਰ ਪੈਗੰਬਰ, ਕੋਈ ਨ ਰਹਿਆ ਮਕਾਨੀ ਏ
ਸ਼ਾਹ ਨੂਰ ਆਲਮ ਜੋ ਅੰਦਰ ਲੋੜੇਂ, ਚਲਿਆ ਦਿਲਬਰ ਜਾਨੀ ਏ ।੧੧।

ਚੜ੍ਹਦੇ ਫਗਣ ਫਾਹ ਗਲੇ ਵਿਚ, ਪਾਰ ਹਜ਼ੂਰ ਲਿਜਾਵਣਗੇ
ਤ੍ਰੈ ਸੌ ਸੱਠ ਜਵਾਬ ਮੰਗਣਗੇ, ਜ਼ਰਾ ਦੇਰ ਨ ਲਾਵਣਗੇ
ਮੁਨਕਰ ਅਤੇ ਨਕੀਰ ਫਰਿਸ਼ਤੇ, ਗੁਰਜਾਂ ਕੱਢ ਵਿਖਾਵਣਗੇ
ਸ਼ਾਹ ਨੂਰ ਆਲਮ ਮੋਮਨ ਕੋਲੋਂ, ਸੁਣ ਕਲਮਾ ਹਟ ਜਾਵਣਗੇ ।੧੨।





Sri Satguru Jagjit Singh Ji eLibrary NamdhariElibrary@gmail.com

## ੯੭. ਬਾਰਾਂਮਾਹ ਵੈਰਾਗ (ਵਰਿਆਮ ਸਿੰਘ)

ਚੇਤ ਚਿਤਵ ਲੈ ਤੂੰ ਮਨ ਮੇਰੇ, ਜੋ ਲਿਖਿਆ ਸੋ ਹੋਣਾ ਏ
ਸਾਂਈ ਨੇ ਤੈਨੂੰ ਨਹੀਂ ਬਤਾਇਆ, ਨਾ ਪਿੱਟਣਾ ਤੇ ਰੋਣਾ ਏ
ਤੈਂ ਵੀ ਪੈਰ ਪਸਾਰ ਕੇ ਇਕ ਦਿਨ, ਰੱਜ ਬਥੇਰਾ ਸੌਣਾ ਏਂ
ਦੇਸ ਸੁਧਾਰਾ ਜੇ ਤੈਂ ਮਰਨਾ, ਤਾਂ ਕਿਉਂ ਸੱਤਿਆ ਖੋਣਾ ਏਂ ।੧।

ਵਸਾਖ ਵਸਾਹ ਨਾ ਕਰ ਜਿੰਦ ਮੇਰੀ, ਲੱਦਗੇ ਭਾਰੀ ਭਾਰੀ ਨੀ
ਰੌਣ ਕੰਸ ਤੇ ਹਰਨਾਕਸ਼ ਨੂੰ, ਜਾਣੇ ਦੁਨੀਆਂ ਸਾਰੀ ਨੀ
ਧਨੰਤਰ ਜੇਹਾਂ ਦੀ ਕੋਈ ਨਾ ਚੱਲੀ, ਨਾਲ ਕਾਲ ਦੇ ਕਾਰੀ ਨੀ
ਦੇਸ ਸੁਧਾਰ ਕਵੀਸ਼ਰ ਕਹਿੰਦਾ, ਦੁਨੀਆਂ ਆਖਰ ਹਾਰੀ ਨੀ ।੨।

ਜੇਠ ਜ਼ੋਰ ਨਾ ਕਰ ਤੂੰ ਭਾਈ, ਮੰਨ ਓਸਦੇ ਭਾਣੇ ਨੂੰ
ਜਿਸ ਸਾਈਂ ਨੇ ਪੈਦਾ ਕੀਤਾ, ਆਪੇ ਦੇਊ ਖਾਣੇ ਨੂੰ
ਜ਼ੀਦੀ ਡਾਢੇ ਨਾਲ ਪਰੀਤੀ, ਨਹੀਂ ਪਛਾਣੇ ਰਾਣੇ ਨੂੰ
ਦੇਸ ਸੁਧਾਰਾ ਖਾ ਲੈ ਮੇਵਾ, ਨੀਵਾਂ ਕਰ ਕੇ ਡਾਹਣੇ ਨੂੰ ।੩।

ਹਾੜ ਹੋਸ਼ ਕੀ ਮਾਰੀ ਤੇਰੀ, ਭੁਲਦੀ ਵਾਰੀ ਵਾਰੀ ਨੀ
ਕਾਮ ਕ੍ਰੋਧ ਦੇ ਨਾਲ ਤੈਂ ਮਿਲ ਕੇ, ਉਮਰ ਗਵਾ ਲੀ ਸਾਰੀ ਨੀ
ਪੈਂਡਾ ਮੁਸ਼ਕਲ ਪੰਧ ਦੂਰ ਦਾ, ਸਿਰ ਤੇ ਗੱਠੜੀ ਭਾਰੀ ਨੀ
ਦੇਸ ਸੁਧਾਰ ਕਵੀਸ਼ਰ ਕਹਿੰਦਾ, ਬਣ ਸਾਂਈ ਦੀ ਨਾਰੀ ਨੀ ।੪।

ਸੌਣ ਨੂੰ ਸੁਣ ਲੈ ਤੂੰ ਜਿੰਦ ਮੇਰੀ, ਬੰਨ੍ਹ ਜਮਾਂ ਨੇ ਲੈਣਾ ਹੈ
ਲੈ ਲੈ ਖਰਚ ਘਨੇਰਾ ਪੱਲੇ, ਲੰਬੇ ਰਸਤੇ ਪੈਣਾ ਹੈ
ਰਹਿਗੇ ਦੂਰ ਹਮੈਤੀ ਤੇਰੇ, ਪਲੰਘ ਉਜਾੜੀਂ ਡਹਿਣਾ ਹੈ
ਦੇਸ ਸੁਧਾਰਾ ਰਾਮ ਸਹਾਈ, ਏਹ ਬੰਦਾਂ ਦਾ ਕਹਿਣਾ ਹੈ ।੫।

ਭਾਦੋਂ ਭਰਮ ਨਾ ਕਰ ਮਨ ਮੇਰੇ, ਕਰ ਲੈ ਨੇਕ ਕਮਾਈ ਨੂੰ
ਕਰ ਲੈ ਤਿਆਰੀ ਤੂੰ ਭੀ ਜ਼ਾਣ ਦੀ,ਚਿਰ ਹੋ ਗਿਆ ਹੈ ਆਈ ਨੂੰ
ਸਿਰ ਤੈਂ ਹਥੀਂ ਆਪ ਮੁਨਾਇਆ, ਦੋਸ਼ ਦੇਮਦਾ ਨਾਈ ਨੂੰ
ਦੇਸ ਸੁਧਾਰਾ ਨਾਮ ਬਗ਼ੈਰਾਂ, ਤੇਰੀ ਧ੍ਰਿਗ ਕਮਾਈ ਨੂੰ ।੬।



Sri Satguru Jagjit Singh Ji eLibrary NamdhariElibrary@gmail.com

ਅੱਸੂ ਆਸ ਕਰ ਏਕ ਨਾਮ ਦੀ, ਜੀਹਨੇ ਪਾਰ ਲੰਘੌਣਾ ਹੈ
ਏਹੋ ਜਰਮ ਅਮੋਲ਼ਕ ਮੋਤੀ, ਬਾਰ ਬਾਰ ਨਹੀਂ ਔਣਾ ਹੈ
ਜੇ ਤੂੰ ਕਰ ਲੈਂ ਨੇਕ ਕਮਾਈ, ਜਸ ਦੁਨੀਆਂ ਨੇ ਗੌਣਾ ਹੈ
ਦੇਸ ਸੁਧਾਰਾ ਅੰਤ ਤੁਮਾਰਾ, ਪਲੰਘ ਉਜਾੜੀਂ ਡੌਹਣਾ ਹੈ ।੭।

ਕੱਤਕ ਕਿਸਮਤ ਮਾੜੀ ਤੇਰੀ, ਪਾਪ ਘਨੇਰੇ ਕਰਦਾ ਹੈਂ
ਵਿਸ਼ਿਆਂ ਖਾਤਰ ਫਿਰੇਂ ਭੌਂਕਦਾ, ਸਿਰ ਤੇ ਮੇਹਣੇ ਜਰਦਾ ਹੈਂ
ਨਾਲ ਹਥਾਂ ਦੇ ਫੂਕਣ ਤੈਨੂੰ, ਜੀਹਦੀ ਖਾਤਰ ਮਰਦਾ ਹੈਂ
ਦੇਸ ਸੁਧਾਰ ਮੁਸਾਫਰ ਕਹਿੰਦਾ, ਤੂੰ ਮੂਰਖ ਨਾ ਡਰਦਾ ਹੈਂ ।੮।

ਮੱਘਰ ਮੇਰੇ ਮਨ ਜਪ ਲੈ ਨਾਮ ਨੂੰ, ਜੇ ਕਿਸਮਤ ਹੈ ਚੰਗੀ ਜੀ
ਮਾਰਨ ਗੁਰਜਾਂ ਨਾਲ ਜੋਰ ਦੇ, ਕਰ ਕੇ ਜੂਹੀ ਨੰਗੀ ਜੀ
ਨਰਕ ਅਠਾਰਾਂ ਦੇ ਵਿਚ ਪਾ ਕੇ, ਕਰਨ ਵਧੇਰੇ ਤੰਗੀ ਜੀ
ਦੇਸ ਸੁਧਾਰ ਉਹਾਂ ਘੁਟ ਪਾਣੀ, ਨਾ ਮਿਲਦੀ ਹੈ ਮੰਗੀ ਜੀ ।੯।

ਪੋਹ ਪਲਕ ਨਾ ਵਿਸਰ ਓਸਨੂੰ, ਜੀਹਦਾ ਕੁਲ ਪਸਾਰਾ ਹੈ
ਬੰਨ ਲੈ ਤੁਲ੍ਹਾ ਨਾਮ ਦਾ ਬੰਦੇ, ਅਗੇ ਸਾਗਰ ਭਾਰਾ ਹੈ
ਪੁਤ੍ਰ ਪੋਤ੍ਰੇ ਨਾਰ ਪਿਆਰੀ, ਨਾ ਕੋਈ ਸੁਤ ਦਾਰਾ ਹੈ
ਦੇਸ ਸੁਧਾਰਾ ਜੋ ਜਗ ਆਵੇ, ਅੰਤ ਕਾਲ ਨੇ ਮਾਰਾ ਹੈ ।੧੦।

ਮਾਘ ਮੇਰੇ ਮਨ ਦੇਖ ਖੋਜ ਕੇ, ਅੰਦਰ ਤੇਰੇ ਵਸਦਾ ਹੈ
ਤੇਰੇ ਅੰਦਰ ਸਦਾ ਬਿਰਾਜੇ, ਏਕ ਘੜੀ ਨਾ ਨਸਦਾ ਹੈ
ਕਿਉਂ ਨਾ ਖਾਵੇ ਮੂਰਖ ਬੰਦੇ, ਉਹ ਮੇਵਾ ਜੋ ਰਸਦਾ ਹੈ
ਦੇਸ ਗੁਲਾਮਾ ਦੇਖ ਤੁਸਾਨੂੰ, ਓ ਰੱਬ ਡਾਢਾ ਹਸਦਾ ਹੈ ।੧੧।

ਫਗਣ ਫੇਰ ਫਿਰੇ ਦਿਨ ਮੇਰੇ, ਰਮਜ਼ ਓਸਦੀ ਪਾਈ ਨੀ
ਸਭ ਦੇ ਨਾਲੋਂ ਤੋੜ ਪਰੀਤੀ, ਨਾਲ ਰਾਮ ਦੇ ਲਾਈ ਨੀ
ਸੀਸ਼ ਕਾਟ ਕੇ ਧਰਿਆ ਅੱਗੇ, ਰਬ ਡਾਢੇ ਨੂੰ ਭਾਈ ਨੀ
ਕਵੀਰੇਣ ਜੀ ਸੇਜ ਰੰਗੀਲੀ, ਵਿਚ ਸੁਰਗ ਦੇ ਡਾਈ ਨੀ ।੧੨।





Sri Satguru Jagjit Singh Ji eLibrary NamdhariElibrary@gmail.com

## ੯੮. ਬਾਰਾਂਮਾਹ ਵਿਯੋਗ (ਕਿਸ਼ਨ ਸਿੰਘ ਕਕਰਾਲਾ)

ਚੜ੍ਹਿਆ ਚੇਤ ਨਾ ਚਿਤ ਨੂੰ ਚੈਨ ਆਵੇ, ਪਾਵਾਂ ਵੈਣ ਪਸ਼ੀ ਭਿੰਨੇ ਨੈਣ ਦੋਵੇਂ
ਮੈਨੂੰ ਨੀਂਦ ਅਰਾਮ ਹਰਾਮ ਹੋਇਆ, ਐਵੇਂ ਜਾਣ ਪਏ ਦਿਨ ਰੈਣ ਦੋਵੇਂ
ਲਗੀ ਅੱਗ ਵਿਛੋੜੇ ਦੀ ਵਿਚ ਸੀਨੇ, ਗਏ ਉਠ ਮੈਥੋਂ ਸੁਖ ਚੈਨ ਦੋਵੇਂ
ਇਸ਼ਕ ਆਸ਼ਕ ਮਸ਼ੂਕ ਨੂੰ ਇਕ ਕਰੇ, ਜਿਵੇਂ ਸ਼ਕਲ ਇਕੋ ਐਨ ਗ਼ੈਨ ਦੋਵੇਂ
ਕਿਸ਼ਨ ਸਿੰਘ ਦਿਲ ਇਸ਼ਕ ਆ ਲੜਨ ਲਗੇ, ਜਿਵੇਂ ਜੰਗ ਵਿਚ ਹਸਨ ਹੁਸੈਨ ਦੋਵੇਂ।੧
ਚੜ੍ਹਿਆ ਮਾਹ ਬਿਸਾਖ ਬੈਰਾਗ ਲੱਗਾ, ਨਾਗ ਇਸ਼ਕ ਮੈਨੂੰ ਡੰਗ ਮਾਰ ਗਿਆ
ਜ਼ਾਰ ਜ਼ਾਰ ਰੋਵਾਂ ਭੁਲੀ ਕਾਰ ਸਾਰੀ, ਸੁਧ ਸਾਰ ਘਰ ਬਾਰ ਵਿਸਾਰ ਗਿਆ
ਮੈਥੋਂ ਸੋਹਰੇ ਪੇਈਅੜੇ ਗਏ ਦੋਵੇਂ, ਦੀਨ ਦੁਨੀ ਦੇ ਕੰਮ ਤੋਂ ਮਾਰ ਗਿਆ
ਜਿਸ ਯਾਰ ਕਾਰਨ ਮਾਰਨ ਲੋਗ ਤਾਅਨੇ, ਉਹ ਭੀ ਦੇ ਨਾ ਰੱਜ ਦਿਦਾਰ ਗਿਆ
ਕਿਸ਼ਨ ਸਿੰਘ ਮੈਂ ਕਮਲੀ ਹੋਇ ਗਈ, ਪਿਆਰਾ ਪ੍ਰੇਮ ਜਾਦੂ ਸਿਰ ਡਾਰ ਗਿਆ ।੨।
ਆਇਆ ਜੇਠ ਜਹਾਨ ਦੇ ਵਿਚ ਸ਼ੋਹਰਤ, ਹੋਈ ਤੁਧ ਕਾਰਨ ਯਾਰ ਪਿਆਰਿਆ ਓਏ
ਓਸੇ ਘੜੀ ਦੀ ਨਾਗਣੀ ਲੜੀ ਮੈਨੂੰ, ਡਿੱਗੀ ਜ਼ੁਲਫ ਦੀ ਤਾਰ ਪਿਆਰਿਆ ਓਏ
ਇਕੇ ਆਇਕੇ ਦੇਹ ਦੀਦਾਰ ਮੈਨੂੰ, ਇਕੇ ਮਾਰ ਤਲਵਾਰ ਪਿਆਰਿਆ ਓਏ
ਅੱਖੀ ਲਾਇਕੇ ਕੰਡ ਵਲਾਇ ਬੈਠੋਂ, ਬਰਛੀ ਮਾਰ ਵਿਸਾਰ ਪਿਆਰਿਆ ਓਏ
ਕਿਸ਼ਨ ਸਿੰਘ ਦਿਲ ਨਕਸ਼ ਨਿਗਾਰ ਤੇਰਾ, ਪਿਆ ਸਬਰ ਕਰਾਰ ਪਿਆਰਿਆ ਓਏ।੩
ਚੜ੍ਹੇ ਹਾੜ ਹਾੜੇ ਘੱਤਾਂ ਰਾਤ ਦਿਨੇ, ਮਿਲੀਂ ਆਪ ਓਇ ਦਿਲਬਰਾ ਵਾਸਤਾ ਈ
ਕੀਤੀ ਜਾਣਕੇ ਜਾਨ ਕੁਰਬਾਨ ਤੈਥੋਂ ਕੈਂ ਬਿਜਾਨ ਦਿਲਬਰਾ ਵਾਸਤਾਂ ਈ
ਤੱਕ ਤੱਕ ਕੇ ਅੱਖੀਆਂ ਥੱਕ ਗਈਆਂ, ਗਿਆ ਸ਼ਾਨ ਓਇ ਦਿਲਬਰਾ ਵਾਸਤਾ ਈ
ਤੇਰੇ ਬਾਝ ਏਹ ਵਸਦਾ ਸ਼ਹਿਰ ਦਿਸੇ, ਬੀਆਬਾਨ ਓਇ ਦਿਲਬਰਾ ਵਾਸਤਾ ਈ
ਕਿਸ਼ਨ ਸਿੰਘ ਮੈਨੂੰ ਅਠੇ ਪਹਿਰ ਰਹਿੰਦਾ, ਤੇਰਾ ਧਿਆਨ ਓਇ ਦਿਲਬਰਾ
ਵਾਸਤਾ ਈ ।੪।

ਸਾਵਨ ਸੇਜ ਤੇ ਸੁਤਿਆਂ ਸੁਖ ਨਾਹੀਂ, ਮੇਰੇ ਨੈਣ ਬਰਸਨ ਛਮ ਛਮ ਸਈਓ
ਘਟਾ ਕਾਲੀਆਂ ਮੇਂਹ ਤਾਂ ਬਾਲੀਆਂ ਨੀ, ਜ਼ੁਲਫਾਂ ਮਾਰ ਜਿਵੇਂ ਖਮ ਖਮ ਸਈਓ
ਗਿਆ ਦਮ ਤੇ ਹੋਇ ਬੇਦਮ ਰਹੀਆਂ, ਕਰਾਂ ਯਾਦ ਪਈ ਦਮ ਦਮ ਸਈਓ
ਐਸਾ ਕੰਮ ਹੋਵੇ ਖੁਲ੍ਹੇ ਹੋਣ ਰਸਤੇ, ਪ੍ਰਿਆਰਾ ਪਾਸ ਆਵੇ ਰਮ ਰਮ ਸਈਓ
ਕਿਸ਼ਨ ਸਿੰਘ ਮੈਂ ਹੀਰ ਭਰ ਨੈਣ ਰੋਵਾਂ, ਰਾਂਝਾ ਫੇਰ ਆਵੇ ਜੰਮ ਜੰਮ ਸਈਓ ।੫।
ਚੜ੍ਹੇ ਭਾਦਰੋਂ ਭੁਲੀ ਹਾਂ ਓਸ ਬੇਲੇ, ਜਿਸ ਵੇਲੜੇ ਲੱਗੀਆਂ ਅੱਖੀਆਂ ਨੀ
ਲੱਖੀਂ ਹਥ ਨਾ ਆਂਵਦਾ ਗਿਆ ਵੇਲਾ, ਵੇਲਾ ਇਸ਼ਕ ਦੇਵੇ ਭੰਨ ਵੱਖੀਆਂ ਨੀ
ਗਾਫਲ ਹੋਇਕੇ ਸੜੇ ਨੀਂ ਵਿਚ ਕੱਖਾ, ਹੇਠ ਜਿਨ੍ਹਾਂ ਦੇ ਘੋੜੀਆਂ ਲੱਖੀਆਂ ਨੀ



Sri Satguru Jagjit Singh Ji eLibrary NamdhariElibrary@gmail.com

ਆਤਸ਼ ਬ੍ਰਿਹੋਂ ਦੀ ਮੂਲ ਨਾ ਸਰਦ ਹੋਵੇ, ਸ਼ਰਬਤ ਪੀਏ ਤੇ ਝੱਲੀਏ ਪੱਖੀਆਂ ਨੀ
ਕਿਸ਼ਨ ਸਿੰਘ ਜਿਥੇ ਬਿਰਹੋਂ ਦੁਖ ਓਥੇ, ਜਿਵੇਂ ਖੰਡ ਉਤੇ ਬਹੁਤ ਮੱਖੀਆਂ ਨੀ।੬।
ਅਸੂ ਆਸ ਤੇਰੀ ਇਕੋ ਸਾਈਆਂ ਓਏ, ਤੇਰੇ ਬਾਝ ਨਾ ਆਸਰਾ ਹੋਰ ਕੋਈ
ਜੇਹੜੀ ਕਰੇਂ ਸੋ ਸਿਰ ਤੇ ਝੱਲਨੀ ਹੈ, ਤੇਰੇ ਨਾਲ ਨਾ ਜਾਂਵਦਾ ਜ਼ੋਰ ਕੋਈ
ਕਿਨੂੰ ਫੋਲਕੇ ਦਿਲ ਦੀ ਗੱਲ ਦੱਸਾਂ, ਨਹੀਂ ਕੰਨ ਧਰਦਾ ਮੇਰਾ ਸ਼ੋਰ ਕੋਈ
ਮੇਰੀ ਜਾਨ ਸ਼ਕੰਜੇ ਦੇ ਬਿਚ ਆਈ. ਲੈ ਗਿਆ ਚੁਰਾਇ ਚਿਤ ਚੋਰ ਕੋਈ
ਕਿਸ਼ਨ ਸਿੰਘ ਦੇ ਬਾਝ ਅਨੰਦ ਕਿਹਾ, ਬਿਨਾ ਚੰਦ ਅੰਗਾਰ ਚਕੋਰ ਕੋਈ।੭।
ਕੱਤੇ ਕਾਗ ਉਡਾਂਵਦੀ ਰਹਾਂ ਸਦਾ, ਖਾਤਰ ਯਾਰ ਦੀ ਔਂਸੀਆਂ ਪਾਵਨੀ ਆਂ
ਖੋਲ੍ਹ ਤਾਕੀਆਂ ਤੱਕ ਰਹੀ ਤਰਫ ਚਾਰੇ, ਪਿਆਰੇ ਬਾਝ ਪਈ ਗ਼ਮ ਖਾਵਨੀ ਆਂ
ਕਦੇ ਵੇਖ ਦੂਰੋਂ ਦਰਸ਼ਨ ਹੋਇ ਜਾਵੇ, ਤਾਂ ਭੀ ਰੋਇ ਰੋਇ ਨੀਰ ਵਹਾਵਨੀ ਆਂ
ਮਿਲਿਆਂ ਬਾਝ ਨਾ ਮਿਲਦੇ ਜ਼ਖ਼ਮ ਦਿਲ ਦੇ, ਐਵੇਂ ਹਠ ਰਖ ਬਖਤ ਲੰਘਾਵਨੀ ਆਂ
ਕਿਸ਼ਨ ਸਿੰਘ ਪਿਆਰੇ ਯਾਰ ਬਾਝੋਂ. ਐਵੇਂ ਉਮਰ ਦਾ ਰੱਬ ਵੰਞਾਵਨੀ ਆਂ।੮।
ਮੱਘਰ ਮਾਹ ਮੁਹੱਬਤਾਂ ਬਹੁਤ ਮੁਸ਼ਕਲ. ਨਿਹੁ ਲਾਵਨਾ ਖਾਵਣਾ ਜ਼ਹਿਰ ਲੋਕੋ
ਆਸ਼ਕ ਹੋਵਨਾ ਰੋਵਨਾ ਰਾਤ ਦਿਨੇ. ਇਹ ਇਸ਼ਕ ਮਜ਼ਾਜ਼ ਹੈ ਕਹਿਰ ਲੋਕੋ
ਮਰ ਜਾਵਣਾ ਜੀਂਦਿਆਂ ਪ੍ਰੀਤ ਕਰਨੀ. ਭਲਾ ਭਾਵਨਾ ਘਰ ਨਾ ਸ਼ਹਿਰ ਲੋਕੋ
ਏਸ ਇਸ਼ਕ ਦੇ ਬਹਿਰ ਦਾ ਅੰਤ ਨਾਹੀ, ਉਠੇ ਲਹਿਰ ਉਤੇ ਪਈ ਲਹਿਰ ਲੋਕੋ
ਕਿਸ਼ਨ ਸਿੰਘਾ ਪਿਆਰੇ ਤੇਰੀ ਯਾਦ ਅੰਦਰ, ਫਰਿਆਦ ਰੋਵੇ ਅੱਠੇ ਪਹਿਰ ਲੋਕੋ।੯।
ਆਇਆ ਪੋਹ ਤੇ ਪਾਲਿਆਂ ਜ਼ੋਰ ਪਾਇਆ, ਪਈ ਬਰਫ ਪਹਾੜ ਕਸ਼ਮੀਰ ਤਾਈਂ
ਚੜ੍ਹਿਆ ਤੱਤੀ ਨੂੰ ਇਸ਼ਕ ਦਾ ਤਾਪ ਕੇਹਾ, ਦਿੱਤਾ ਸਾੜ ਤਮਾਮ ਸਰੀਰ ਤਾਈਂ
ਜੋਗਣ ਹੋਇਕੇ ਬਦਰ ਮੁਨੀਰ ਵਾਂਗੂ. ਲਿਆਵਾਂ ਢੂੰਢਕੇ ਬੇਨਜ਼ੀਰ ਤਾਈਂ
ਭਾਂਬੜ ਬਲੇ ਵਿੱਚ ਲੇਫ ਨਿਹਾਲੀਆਂ ਦੇ, ਪਾਵਾਂ ਉਪਰੋਂ ਚਸ਼ਮਾਂ ਦੇ ਨੀਰ ਤਾਈਂ
ਕਿਸ਼ਨ ਸਿੰਘ ਉਹਦੇ ਮਿਲੇ ਸੁਖ ਹੋਸੀ. ਜਿਸ ਮਾਰਿਆ ਨੈਣਾਂ ਦੇ ਤੀਰ ਤਾਈਂ।੧੦।
ਚੜ੍ਹੇ ਮਾਘ ਮਲਾਮਤਾਂ ਮਿਲਨ ਮੈਨੂੰ, ਮਾਂਉ ਬਾਪ ਸਾਰੇ ਸਾਕ ਅੰਗ ਮਾਰਨ
ਸਈਆਂ ਕੋਲ ਨਾ ਬੋਲਕੇ ਫੋਲ ਆਖਾਂ, ਗਲ ਢੋਲ ਵਾਲੀ ਪਈਆਂ ਜ਼ੰਗ ਮਾਰਨ
ਉਹ ਜਾਨ ਤੋਂ ਜਾਨ ਤੋਂ ਤੰਗ ਆਵਨ, ਜਿਨ੍ਹਾਂ ਨਾਗ ਜ਼ੁਲਫਾਂ ਵਾਲੇ ਡੰਗ ਮਾਰਨ
ਘਰ ਬਾਰ ਹੋਵੇ ਸ਼ਹਿਰ ਕਹਿਰ ਦਿਸੇ. ਪਲੰਘ ਪੀਆ ਬਿਨ ਵਾਂਙ ਪਲੰਗ ਮਾਰਨ
ਕਿਸ਼ਨ ਸਿੰਘ ਜੋ ਨੰਗ ਮਲੰਗ ਹੋਵਨ, ਤਿਨਾਂ ਲੋਕ ਨਸ਼ੰਗ ਹੋ ਸੰਗ ਮਾਰਨ।੧੧।
ਫੱਗਣ ਫੁਲ ਖਿੜੇ ਰੰਗਾ ਰੰਗ ਬਾਗੀਂ, ਬੁਲਬੁਲ ਭੌਰ ਆਸ਼ਕ ਹੋ ਕੇ ਲਟਕ ਰਹੇ
ਸੂਰਤ ਵੇਖ ਮਹਿਬੂਬ ਦੀ ਖ਼ੂਬ ਸੁੰਦਰ, ਛੱਡ ਕੰਮ ਸਾਰੇ ਪਿਆਰੇ ਅਟਕ ਰਹੇ
ਜਿਵੇਂ ਵਿੱਚ ਮੈਦਾਨ ਦੇ ਸੈਫ ਚਮਕੇ, ਤਿਵੇਂ ਨੈਣ ਨੈਣਾਂ ਵਿੱਚ ਮਟਕ ਰਹੇ
ਪੰਖੀ ਫਸ ਜਾਂਦੇ ਜਿਵੇਂ ਜਾਲ ਅੰਦਰ, ਜ਼ੁਲਫਾਂ ਨਾਲ ਦਿਲ ਆਸ਼ਕਾਂ ਫਟਕ ਰਹੇ
ਕਿਸ਼ਨ ਸਿੰਘ ਪਿਆਰੇ ਬਾਝ ਹਰਦਮ, ਖਾਰ ਵਿੱਚ ਕਲੇਜੇ ਦੇ ਖਟਕ ਰਹੇ।੧੨।



Sri Satguru Jagjit Singh Ji eLibrary NamdhariElibrary@gmail.com

## ੮੯. ਬਾਰਾਂਮਾਹ ਦਿਲ ਫ਼ਿਰਾਕ (ਠਾਕਰ ਸਿੰਘ ਸੈਤਰੀ)

ਚੜ੍ਹਦੇ ਚੇਤਰ ਚਿੰਤਾ ਲਗ ਗਈ, ਕੀ ਤਦਬੀਰ ਬਣਾਵਾਂ ਮੈਂ
ਮੁਲਕ ਮਾਹੀ ਦਾ ਦੂਰ ਸੁਣੀਂਦਾ, ਕਿਸ ਬਿਧ ਖਬਰ ਪੁਚਾਵਾਂ ਮੈਂ
ਪੰਦਰਾਂ ਬਰਸ ਦੀ ਖਰੀ ਅਵਾਣੀ, ਮਾਪਿਆਂ ਤੋਂ ਸ਼ਰਮਾਵਾਂ ਮੈਂ
ਠਾਕਰ ਸਿੰਘਾ ਇਸ ਮਤਲਬ ਨੂੰ, ਕੀਕਰ ਜਲਦੀ ਪਾਵਾਂ ਮੈਂ ।੧।

ਚੜ੍ਹੇ ਵਿਸਾਖ ਵਿਸਾਰ ਨਾ ਛੋਡੀਂ, ਉਮਰੋਂ ਮੈਂ ਹੁਸ਼ਿਆਰ ਹੋਈ
ਡਾਲੀ ਵੇ ਡਾਲੀ ਲਗਗੇ ਫੁਲੜੇ, ਗੁਲਸ਼ਨ ਵਿਚ ਬਹਾਰ ਹੋਈ
ਚਿੜੀਆਂ ਤੋਤੇ ਕਰਨ ਕਲੋਲਾਂ, ਪਿੰਜਰੇ ਵਿਚ ਪੁਕਾਰ ਹੋਈ
ਠਾਕਰ ਸਿੰਘਾ ਇਕ ਜਿੰਦ ਮੇਰੀ, ਤੇਰੇ ਬਾਝ ਲਾਚਾਰ ਹੋਈ ।੨।

ਚੜ੍ਹਦੇ ਜੇਠ ਜਿਗਰ ਵਿਚ ਮੇਰੇ, ਛੁਟਣ ਤੀਰ ਜੁਦਾਈਆਂ ਦੇ
ਰੋਂਦਿਆਂ-ਧੋਂਦਿਆਂ ਨੀਰ ਨਾ ਸੁਕਦੇ, ਜ਼ਾਲਮ ਨੈਣ ਕਸਾਈਆਂ ਦੇ
ਕਿਸਮਤ ਮੇਰੀ ਰੋਸ਼ਨ ਹੋ ਗਈ, ਵਸ ਨਹੀਂ ਕੁਛ ਭਾਈਆਂ ਦੇ
ਠਾਕਰ ਸਿੰਘਾ ਤੇਰੇ ਬਦਲੇ, ਬੋਲ ਸਹਵਾਂ ਭਰਜਾਈਆਂ ਦੇ ।੩।

ਚੜ੍ਹਦੇ ਹਾੜ ਘੱਤਾਂ ਮੈਂ ਹਾੜੇ, ਆ ਮਿਲ ਕੂੰਜ ਨਿਮਾਣੀ ਨੂੰ
ਡਾਢੀਆਂ ਧੁਪਾਂ ਮੁਸ਼ਕਲ ਪੈਂਡੇ, ਤਰਸ ਰਹੀ ਘੁਟ ਪਾਣੀ ਨੂੰ
ਕਤ ਕਤ ਚਰਖੇ ਕਮਲੀ ਹੋ ਗਈ ਸੂਤ ਨਾ ਮਿਲਿਆ ਤਾਣੀ ਨੂੰ
ਠਾਕਰ ਸਿੰਘਾ ਪਛੋਤਾਵੇਂਗਾ, ਪੈਹਲੀ ਉਮਰ ਵਿਹਾਣੀ ਨੂੰ ।੪।

ਚੜ੍ਹਦੇ ਸਾਵਣ ਸਹੀਆਂ ਰਲਕੇ, ਸਾਂਵੇ ਖੇਡਨ ਗਈਆਂ ਵੇ
ਕਾਲੀਆਂ ਘਟਾਂ ਵਿਚ ਉਡਦੇ ਬਗਲੇ, ਛਮ ਛਮ ਬੂੰਦਾਂ ਪਈਆਂ ਵੇ
ਰੇਲ ਗੱਡੀ ਦੀ ਘੰਟੀ ਹੋ ਗਈ, ਸਭਨਾਂ ਟਿਕਟ ਲਈਆਂ ਵੇ
ਠਾਕਰ ਸਿੰਘਾ ਇਕ ਮੈਂ ਰਹਿ ਗਈ, ਹੋਰ ਸਭੇ ਚੜ੍ਹ ਗਈਆਂ ਵੇ ।੫।

ਚੜ੍ਹਦੇ ਭਾਦੋਂ ਭੇਜਾਂ ਕਿਸਨੂੰ, ਮੇਰੀ ਖਬਰ ਪੁਚਾ ਦੇਵੇ
ਗਲ ਵਿਚ ਪਲਾ ਹਥ ਜੋੜਕੇ, ਸਿਰ ਕਦਮਾਂ ਤੇ ਲਾ ਦੇਵੇ
ਮੈਂ ਵੇ ਕਮੀਨੀ ਆਜਜ਼ ਬੰਦੀ, ਸਾਰੀ ਗੱਲ ਸਮਝਾ ਦੇਵੇ
ਠਾਕਰ ਸਿੰਘਾ ਹੋ ਵਿਚ ਜ਼ਾਮਨ, ਜੇ ਰੱਬ ਆਸ ਪੁਚਾ ਦੇਵੇ ।੬।



Sri Satguru Jagjit Singh Ji eLibrary NamdhariElibrary@gmail.com

ਚੜ੍ਹਦੇ ਅਸੂ ਆਸ ਦਿਲੇ ਦੀ, ਜੇ ਪੂਰੀ ਹੋਵੇ ਮੇਰੀ ਵੇ
ਸੂਲ ਫਰਾਕ ਸਤਾਂਦਾ ਹਰਦਮ, ਦਰਦ ਗ਼ਮਾਂ ਨੇ ਘੇਰੀ ਵੇ
ਜ਼ਾਲਮ ਇਸ਼ਕ ਟਿਕਣ ਨਾ ਦੇਂਦਾ, ਛੁਟੀ ਦਰਦ ਅੰਧੇਰੀ ਵੇ
ਠਾਕਰ ਸਿੰਘਾ ਕਸਮ ਗੁਰੂ ਦੀ, ਤੂੰ ਮੇਰਾ ਮੈਂ ਤੇਰੀ ਵੇ ।੭।

ਚੜ੍ਹਦੇ ਕੱਤੇ ਕੰਤ ਨਾ ਮਿਲਿਆ, ਪੀਆ ਬਾਝ ਅਕੱਲੀ ਜੇ
ਖ਼ੂਨ ਬਦਨ ਦਾ ਸੁਕਦਾ ਜਾਂਦਾ, ਜਾਨ ਅਜਲ ਨੂੰ ਚਲੀ ਜੇ
ਮੁਦਤ ਹੋ ਗਈ ਨੈਣ ਤਰਸਦੇ, ਹੁਣ ਮੈਂ ਹੋ ਗਈ ਝੱਲੀ ਜੇ
ਠਾਕਰ ਸਿੰਘਾ ਪੇਸ਼ ਨਾ ਜਾਵੇ, ਗਲੀ ਸਬਰ ਦੀ ਮੱਲੀ ਜੇ ।੮।

ਚੜ੍ਹਦੇ ਮੱਘਰ ਮਾਤਾ ਮੇਰੀ, ਮੱਤੀਂ ਦੇ ਦੇ ਹਾਰੀ ਨੀ
ਛੋਟੀ ਉਮਰ ਨਦਾਨ ਬੱਚੀ ਤੂੰ, ਇਸ਼ਕ ਮੁਸੀਬਤ ਭਾਰੀ ਨੀ
ਬਾਦਲ ਗਰਜੇ ਬਿਜਲੀ ਚਮਕੇ, ਨੈਂ ਵਿਚ ਬੜੀ ਖੁਮਾਰੀ ਨੀ
ਠਾਕਰ ਸਿੰਘਾ ਭੁਲ ਕੇ ਲਾਈਆਂ, ਮੈਂ ਪਾਪਣ ਹਤਿਆਰੀ ਨੀ ।੯।

ਚੜ੍ਹਦੇ ਪੋਹ ਪਾਵੇ ਔਸੀਆਂ, ਨਾਲੇ ਕਾਗ ਉਡਾਵੇ ਨੀ
ਮਾਂ ਮੇਰੀ ਨੂੰ ਕਾਸਦ ਆ ਕੇ, ਚਿੱਠੀ ਹਥ ਫੜਾਵੇ ਨੀ
ਇਕ ਮਹੀਨੇ ਤਾਈਂ ਛੋਹਰੇ, ਦਿਲਬਰ ਤੇਰਾ ਆਵੇ ਨੀ
ਠਾਕਰ ਸਿੰਘਾ ਇਸ ਬੇੜੇ ਨੂੰ, ਸਤਿਗੁਰ ਬੰਨੇ ਲਾਵੇ ਨੀ ।੧੦।

ਚੜ੍ਹਦੇ ਮਾਘ ਮਾਹੀ ਮੇਰੇ ਦੀਆਂ, ਅਗਦੀ ਖਬਰਾਂ ਆਈਆਂ ਨੀ
ਰਲ-ਮਿਲ ਸਈਆਂ ਗੀਤ ਗੌਂਦੀਆਂ, ਬਹਿ ਕੇ ਦੇਣ ਵਧਾਈਆਂ ਨੀ
ਮਾਂ ਪਿਉ ਭੈਣਾਂ ਭਾਈ ਕੋੜਮਾਂ, ਸਭ ਦਿਲ ਖੁਸ਼ੀਆਂ ਆਈਆਂ ਨੀ
ਠਾਕਰ ਸਿੰਘਾ ਸ਼ਗਨ ਮਨਾਏ, ਸਭਨਾਂ ਚਾਚੀਆਂ ਤਾਈਆਂ ਨੀ ।੧੧।

ਚੜ੍ਹਦੇ ਫਗਣ ਫੁਲਵੇਂ ਮੋਤੀ, ਚੁਣ ਚੁਣ ਛੇਜ ਵਿਛਾਵਾਂ ਗੀ
ਹੱਥ ਸੋਹਣੇ ਦਾ ਖਾਸ ਪਕੜਕੇ, ਉਪਰ ਛੇਜ ਬਹਾਵਾਂਗੀ
ਹਾਰ ਸ਼ਿੰਗਾਰ ਲਗਾਕੇ ਸਾਰਾ, ਪਾਸ ਪੀਆ ਦੇ ਜਾਵਾਂਗੀ
ਠਾਕਰ ਸਿੰਘਾ ਅਰਜ਼ ਕਰਾਂਗੀ, ਛਾਤੀ ਨਾਲ ਲਗਾਵਾਂਗੀ ।੧੨।

ਲੌਂਦ ਮਹੀਨੇ ਲਗ ਗਈਆਂ ਝੜੀਆਂ ਪੈਂਦੀ ਖੂਬ ਪੁਹਾਰ ਕੁੜੇ
ਖੱਬੀ ਤਰਫੇ ਮੈਂ ਹੋ ਬੈਠੀ, ਸੱਜੀ ਤਰਫੇ ਯਾਰ ਕੁੜੇ
ਅਜ ਸੁਹਾਗਣ ਹੋ ਗਈ ਸਈਓ, ਸਾਂਭ ਲਿਆ ਘਰ ਬਾਰ ਕੁੜੇ
ਠਾਕਰ ਸਿੰਘਾ ਲੁਟ ਲੈ ਮੌਜਾਂ, ਜੀਉਣਾ ਚਾਰ ਦਿਹਾੜ ਕੁੜੇ ।੧੩।



Sri Satguru Jagjit Singh Ji eLibrary NamdhariElibrary@gmail.com

## ੯੦. ਬਾਰਾਂਮਾਹ ਕਵਿ ਰਾਮਦਾਸ

ਚੇਤਰ ਚਿਤ ਮੈਂ ਚਿੰਤਾ ਹੋਈ, ਰੋਈ ਵਾਰੋ ਵਾਰ ਕੁੜੇ
ਪੀਆ ਬਿਨਾ ਸਭ ਸੁੰਨਾ ਦਿਸਦਾ, ਖਾਲੀ ਹੱਟ ਬਜ਼ਾਰ ਕੁੜੇ
ਗਲ ਵਿਚ ਖੁਲ੍ਹੇ ਕੇਸ ਲਟਕਦੇ, ਭਾਵੇ ਨਹੀਂ ਸ਼ਿੰਗਾਰ ਕੁੜੇ
ਪਿਆਰੀ ਕਹੇ ਹੁਣ ਪਿਆਰੇ ਬਾਝੋਂ, ਦਿਲ ਨੂੰ ਨਹੀਂ ਕਰਾਰ ਕੁੜੇ ।੧।

ਚੇਤਰ ਬਿਸਾਖ ਬਿਸਾਰੀਂ ਨਾ, ਤੂੰ ਹੈਂ ਮੇਰਾ ਦਿਲ ਜਾਨੀ ਬੇ
ਤੇਰੇ ਬਿਨ ਮੈਂ ਐਸੇ ਤੜਫਾਂ, ਜਿਉਂ ਮਛਲੀ ਬਿਨ ਪਾਣੀ ਬੇ
ਦਰਸ਼ਨ ਆਨ ਦਿਖਾਮੀ ਪਿਆਰੇ, ਮੈਂ ਹਾਣੀ ਤੂੰ ਹਾਣੀ ਬੇ
ਤੂੰ ਪਿਆਰਾ ਮੈਂ ਪਿਆਰੀ ਤੇਰੀ, ਸੁੰਦਰ ਵੇਖ ਜੁਆਨੀ ਬੇ ।੨।

ਜੇਠ ਜ਼ਿਕਰ ਹੈ ਤੇਰਾ ਮੈਨੂੰ, ਤੂੰ ਮੇਰਾ ਹੈਂ ਦਰਦੀ ਬੇ
ਆਤਸ਼ ਭੜਕੀ ਤਨ ਮੇਰੇ ਨੂੰ, ਕਹਾਂ ਗਈ ਹੈ ਸਰਦੀ ਬੇ
ਲੋਆਂ ਫੂਕ ਦਿਤੀ ਰਤ ਮੇਰੀ, ਮੁਖ ਪੁਰ ਆਈ ਜ਼ਰਦੀ ਬੇ
ਮੁਖੜਾ ਆਨ ਦਿਖਾਮੀਂ ਪਿਆਰੇ, ਪਿਆਰੀ ਤੇਰੀ ਮਰਦੀ ਬੇ ।੩।

ਚੜ੍ਹਦੇ ਹਾੜ ਹਰਾਨ ਹੋਈ ਮੈਂ, ਕਿਸ ਨੂੰ ਹਾਲ ਸੁਨਾਮਾਂ ਨੀਂ
ਜਾਨੀ ਬਾਝੋਂ ਜਾਨ ਨਿਕਲ ਗਈ, ਕਰਦ ਕਲੇਜੇ ਖਾਮਾਂ ਨੀਂ
ਦਿਲਬਰ ਮੇਰਾ ਦਿਸਦਾ ਹੈ ਨਹੀਂ, ਹੁਣ ਕੀ 'ਲਾਜ ਬਣਾਮਾਂ ਨੀਂ
ਜੇਕਰ ਨਜ਼ਰ ਨਾ ਆਵੇ ਪਿਆਰਾ, ਜੋਗਣ ਵੇਸ ਬਟਾਮਾਂ ਨੀਂ ।੪।

ਚੜ੍ਹਦੇ ਸਾਵਣ ਸਈਆਂ ਰਲ ਕੇ, ਹਾਰ ਸ਼ਿੰਗਾਰ ਬਣਾਏ ਹੈਂ
ਪੀਂਘਾਂ ਪਾਵਨ ਗਾਵਨ ਮਿਲ ਕੇ, ਬਾਗੀਂ ਸ਼ੋਰ ਮਚਾਏ ਹੈਂ
ਖ਼ੁਸ਼ੀ ਹੋਈ ਦਿਲ ਸਈਆਂ ਕੇ, ਤਬ ਕੰਤ ਜਿਨ੍ਹਾਂ ਘਰ ਆਏ ਹੈਂ
ਪੀਆ ਪਿਆਰਾ ਨਜ਼ਰ ਨਾ ਆਵੇ, ਤੱਤੇ ਲੇਖ ਲਿਖਾਏ ਹੈਂ ।੫।

ਭਾਦਰੋਂ ਭੜਕ ਉਠੀ ਅੱਗ ਤਨ ਮੈਂ, ਪੀਆ ਕਿਤੇ ਨਾ ਦਿਸਦਾ ਨੀ
ਬੁਰਾ ਵਿਛੋੜਾ ਪਿਆ ਪੀਆ ਕਾ, ਪੀਉਂ ਪਿਆਲਾ ਬਿਸ ਦਾ ਨੀ
ਦੂਤੀ ਦੁਸ਼ਮਣ ਲੋਕ ਅਸਾਡੇ, ਨਾਉਂ ਲਵਾਂ ਕਿਸ ਕਿਸ ਦਾ ਨੀ
ਜੇਹੜਾ ਜਾਨੀ ਦਿਲ ਦਾ ਹੋਵੇ, ਬੁਰਾ ਵਿਛੋੜਾ ਤਿਸ ਦਾ ਨੀ ।੬।



Sri Satguru Jagjit Singh Ji eLibrary NamdhariElibrary@gmail.com

ਅੱਸੂ ਆਸ਼ਕ ਤੂੰ ਹੈਂ ਮੇਰਾ, ਤੇਰੀ ਜਗ ਮੈਂ ਬੋਲੀ ਬੇ
ਬਿਛੜੇ ਨੂੰ ਦਿਨ ਬਹੁਤੇ ਹੋਏ, ਫਟੀ ਬਦਨ ਕੀ ਚੋਲੀ ਬੇ
ਯਾ ਤੂੰ ਮੈਨੂੰ ਦਰਸ਼ਨ ਦੇਮੀਂ, ਨਹੀਂ ਤਾਂ ਮਾਰੀ ਗੋਲੀ ਬੇ
ਆ ਮਿਲ ਪਿਆਰੇ ਕਹੇ ਪਿਆਰੀ, ਤੂੰ ਮੇਰਾ ਹਮਜੋਲੀ ਬੇ ।੭।

ਕੱਤਕ ਕੌਣ ਕਲੋਲ ਕਰੇ ਹੁਣ, ਮੈਂ ਸੰਗ ਮੇਰੇ ਕੰਤਾ ਵੇ
ਇਸ਼ਕ ਵਣਜ ਦੀ ਸਾਰ ਕੀ ਜਾਣੇ, ਹੈ ਜਗ ਮੂਰਖ ਦੰਤਾ ਵੇ
ਤੂੰ ਰਸੀਆ ਰਸ-ਭਿੰਨਾ ਸੁੰਦਰ, ਬਹੁ ਚਤੁਰਾ ਨਹੀਂ ਅੰਤਾ ਵੇ
ਆ ਮਿਲ ਪਿਆਰੇ ਕਹੇ ਪਿਆਰੀ, ਤੂੰ ਮੇਰਾ ਭਗਵੰਤਾ ਵੇ ।੮।

ਮੱਘਰ ਮੌਤ ਜੇ ਆਵੇ ਮੈਨੂੰ, ਤਾਂ ਭੀ ਚੰਗੀ ਬਾਤ ਕੁੜੇ
ਮੈਂ ਜਾਨੀ ਬਿਨ ਤੜਫਾਂ ਸਈਓ, ਝੂਰਾਂ ਦਿਨ ਤੇ ਰਾਤ ਕੁੜੇ
ਦਿਲਬਰ ਮੇਰਾ ਕਹਾਂ ਗਿਆ ਨੀ,ਇਸ਼ਕ ਹੱਡਾਂ ਨੂੰ ਖਾਤ ਕੁੜੇ
ਪਿਆਰਾ ਨਜ਼ਰ ਨਾ ਆਵੇ ਮੈਨੂੰ,ਨੈਨੀ ਨੀਰ ਚੁਚਾਤ ਕੁੜੇ ।੯।

ਪੋਹ ਪਿਆਰਾ ਘਰ ਮੈਂ ਹੈ ਨਾ, ਪਵੇ ਗ਼ਜ਼ਬ ਦਾ ਪਾਲਾ ਨੀ
ਬਿਰਹੋਂ ਛੁਰੀ ਬਗਾਈ ਤਨ ਵਿੱਚ, ਦੁਖ ਵਿਛੋੜੇ ਵਾਲਾ ਨੀ
ਪ੍ਰੀਤ ਲਗਾ ਕੇ ਦਿਸਦਾ ਹੈ ਨਾ, ਲੱਗਾ ਇਸ਼ਕ ਨੂੰ ਤਾਲਾ ਨੀ
ਕਿਥੇ ਸਈਓ ਦੇਖਾਂ ਪਿਆਰਾ, ਸੁੰਦਰ ਰੂਪ ਨਿਰਾਲਾ ਨੀ ।੧੦।

ਮਾਘ ਮਾਨ ਕੀ ਕਰਨਾ ਸਈਓ, ਪੀਆ ਨਹੀਂ ਘਰ ਮੇਰਾ ਨੀ
ਰੋਗ ਸੋਗ ਨੇ ਕੱਠੇ ਹੋ ਕੇ, ਦਿਲ ਪਰ ਕੀਤਾ ਡੇਰਾ ਨੀ
ਖਾਣਾ ਪੀਣਾ ਛੁਟ ਗਿਆ ਹੈ, ਗ਼ਮ ਨੇ ਪਾਇਆ ਘੇਰਾ ਨੀ
ਵਾਰ ਵਾਰ ਬਲਹਾਰੇ ਜਾਵਾਂ, ਪੀਆ ਕਰੋ ਜੇ ਫੇਰਾ ਨੀ ।੧੧।

ਫੱਗਣ ਫਿਕਰ ਕਦੇ ਨਹੀਂ ਮਿਟਣਾ, ਬਿਨਾਂ ਪੀਆਂ ਕੇ ਆਏ ਨੀਂ
ਦੁਸ਼ਮਨ ਸਾਡੇ ਮਰਨ ਦੁਖੀ ਹੋ, ਜਿਨ੍ਹਾਂ ਵਿਛੋੜੇ ਪਾਏ ਨੀਂ
ਮਰਨਾ ਜੀਉਣਾ ਨਾਲ ਸਜਨ ਦੇ, ਆਸ਼ਕ ਨਾਮ ਕਹਾਏ ਨੀ
ਸਬਰ ਸ਼ੁਕਰ ਕਰ ਬਾਰਾਂਮਾਸੇ, ਚੋਜ਼ਕ ਨਾਲ ਲੰਘਾਏ ਨੀ ।੧੨।

ਚੜ੍ਹਦੇ ਲੌਂਦ ਲਹਿਰ ਅਬ ਹੋਈ, ਘਰ ਆਏ ਸਰਦਾਰ ਸਈਓ
ਪੀਆ ਪ੍ਰੇਮ ਸੈਂ ਮਿਲੇ ਤੀਆ ਕੋ, ਹੋ ਗਈ ਗਲ ਦਾ ਹਾਰ ਸਈਓ
ਪਿਆਰਾ ਪਿਆਰੀ ਖੁਸ਼ੀ ਹੋਏ ਤਬ, ਖੂਬ ਲਗੀ ਗੁਲਜ਼ਾਰ ਸਈਓ
ਰਾਮਦਾਸ ਕਵੀ ਰਾਮ ਸਿਮਰ ਲੈ, ਜਗ ਰਚਨਾ ਦਿਨ ਚਾਰ ਸਈਓ ।੧੩।



Sri Satguru Jagjit Singh Ji eLibrary NamdhariElibrary@gmail.com

## ੯੧. ਬਾਰਾਂਮਾਹ ਦਿਉਰ ਭਾਬੀ (ਗੋਪਾਲ ਸਿੰਘ)

ਚੇਤਰ ਚਿਤ ਉਦਾਸ ਦਿਓਰਾ ! ਕਿਥੇ ਜਾ ਕੇ ਬਹੀਏ ਵੇ
ਦੂਤੀ ਦੁਸ਼ਮਨ ਸਭ ਦੁਖ ਦੇਂਦੇ, ਜਾ ਕਿਤੇ ਵਲ ਰਹੀਏ ਵੇ
ਉਥੇ ਚਲ ਕੇ ਮੌਜਾਂ ਕਰੀਏ, ਜਿਥੇ ਤਿਲਕ ਨ ਪਈਏ ਵੇ
ਗੋਪਾਲ ਸਿੰਘਾ ਬਹਾਰਾਂ ਕਰੀਏ, ਫੇਰ ਖਬਰਾਂ ਆ ਲਈਏ ਵੇ ।੧।

ਚੜ੍ਹੇ ਵਿਸਾਖ ਵਿਸਾਖੀ ਆਈ, ਹੁਣ ਕੀ ਭਾਬੋ ਕਰੀਏ ਨੀ
ਲੋਕ ਵਿਸਾਖੀ ਅੰਮ੍ਰਿਤਸਰ ਕਰਦੇ, ਅਸੀਂ ਕਰਤਾਰਪੁਰ ਚਲੀਏ ਨੀ
ਮੇਲਾ ਮੌਜਾਂ ਨਾਲ ਦੇਖ ਕੇ, ਚਲ ਨਦੀ ਵਿੱਚ ਤਰੀਏ ਨੀ
ਦੇਵਰ ਕਹਿੰਦਾ ਭਾਬੋ ਨੂੰ, ਏਸ ਗਲੋਂ ਨਾ ਹਰੀਏ ਨੀ ।੨।

ਚੜ੍ਹਿਆ ਜੇਠ ਧੁਪਾਂ ਹੁਣ ਪਈਆਂ, ਦਿਓਰਾ ! ਕਿਥੇ ਜਾਈਏ ਵੇ
ਸਰਦ-ਖਾਨੇ ਸਰਦ ਫੁਹਾਰੇ, ਸ਼ਰਬਤ ਸਰਦ ਪਿਆਈਏ ਵੇ
ਸਰਦਾਈ ਸਭ ਸਰਦ ਮਿਸਾਲਾ, ਬਰਫਾਂ ਸਰਦ ਮੰਗਾਈਏ ਵੇ
ਗੋਪਾਲ ਸਿੰਘ ਲੈ ਸਰਦ ਮਜੂਨਾ, ਦੇਵਰ ਭਾਬੀ ਖਾਈਏ ਵੇ ।੩।

ਹਾੜ੍ਹ ਹੜੰਬਾ ਘਰ ਵਿੱਚ ਤਪਦਾ, ਭਾਬੋ ਬਾਗੀਂ ਜਾਈਏ ਨੀਂ
ਜਿਥੇ ਠੰਢੀ ਜਗ੍ਹਾ ਹੋਵੇ, ਉਥੇ ਚਲ ਸੁਖ ਪਾਈਏ ਨੀਂ
ਸਬਜ਼ ਮਜੂਨਾਂ ਨਾਲ ਮਿਠਾਈ, ਰਲ ਕੇ ਦੋਵੇਂ ਖਾਈਏ ਨੀਂ
ਗੋਪਾਲ ਸਿੰਘ ਸਾਰੇ ਦਿਨ ਰਹਿ ਕੇ, ਰਾਤੀਂ ਘਰ ਨੂੰ ਆਈਏ ਨੀ ।੪।

ਸਾਵਣ ਆਇਆ ਸੁਣ ਵੇ ਦਿਓਰਾ, ਕੇਹੀਆਂ ਬੂੰਦਾਂ ਵਰਸਨ ਵੇ
ਨੂਰ ਪੁਰੇ ਵਿੱਚ ਚਲ ਪਹਾੜੀਂ, ਦੇਵੀ ਦਰਸ਼ਨ ਪਰਸਨ ਵੇ
ਨਗਰ ਕੋਟ ਦਾ ਦਰਸ਼ਨ ਕਰੀਏ, ਨੈਣ ਬਹੁਤ ਪਏ ਤਰਸਨ ਵੇ
ਗੋਪਾਲ ਸਿੰਘਾ ਕਾਂਗੜੇ ਜਾ ਕੇ, ਕਰੀਏ ਦੇਵੀ ਦਾ ਦਰਸ਼ਨ ਵੇ ।੫।

ਭਾਦਰੋਂ ਦੇ ਵਿਚ ਦੇਖ ਕਾਂਗੜਾ, ਚਿਤ ਨਾ ਕਰਦਾ ਆਵਣ ਨੂੰ
ਕਾਲੀ ਘੱਟਾ ਜ਼ੋਰ ਕਰ ਚੜ੍ਹਦੀ, ਸੁੰਦਰ ਮੀਂਹ ਬਰਸਾਵਣ ਨੂੰ
ਮੋਲ੍ਹੇ ਧਾਰੀਂ ਬੱਦਲ ਵਰਸੇ, ਬਾਗੀਂ ਸ਼ੋਰ ਮਚਾਵਣ ਨੂੰ
ਗੋਪਾਲ ਸਿੰਘ ਬਾਗਾਂ ਵਿੱਚ ਚਲੀਏ, ਰਹੀਏ ਜੀਅ ਪਰਚਾਵਣ ਨੂੰ ।੬।



Sri Satguru Jagjit Singh Ji eLibrary NamdhariElibrary@gmail.com

ਅਸੂ ਦੇ ਵਿਚ ਸਭੀ ਸੰਗਤਾਂ, ਜੁਆਲਾ ਜੀ ਨੂੰ ਆਈਆਂ ਨੀ
ਤ੍ਰਿਥ ਅਸ਼ਟਮੀ ਜਿਸ ਦਿਨ ਹੋਈ,ਕੰਜਕਾਂ ਚੁਕ ਜਵਾਈਆਂ ਨੀ
ਰਵਾਲ ਸਰੇ ਨੂੰ ਦੇਵਰ ਭਾਬੀ, ਕੀਤੀਆਂ ਚਾ ਚੜ੍ਹਾਈਆਂ ਨੀ
ਗੋਪਾਲ ਸਿੰਘ ਬੇੜੇ ਦਾ ਦਰਸ਼ਨ, ਇਛਾ ਸਭ ਪੁਜਾਈਆਂ ਨੀ ।੭।

ਚੜ੍ਹਿਆ ਕੱਤਕ ਸੁਣ ਵੇ ਦੇਵਰ, ਧੁੰਮ ਪਈ ਹੈ ਸੰਗਾਂ ਦੀ
ਫਲ ਕੱਤਕ ਦਾ ਚੰਗਾ ਹੁੰਦਾ, ਜੇ ਨ੍ਹਾਈਏ ਜਾ ਕੇ ਗੰਗਾ ਜੀ
ਭਾਈ ਦੂਜ ਨੂੰ ਜਮਨਾ ਨ੍ਹਾਈਏ,ਇਸ ਤੋਂ ਹੋਰ ਨਾ ਚੰਗਾ ਜੀ
ਗੋਪਾਲ ਸਿੰਘ ਤੂੰ ਮਿੱਠਾ ਦੇਵਰ, ਇਹ ਗੱਲ ਤੈਥੋਂ ਮੰਗਾਂ ਜੀ ।੮।

ਮੱਘਰ ਚੜ੍ਹਿਆ ਸੁਣ ਵੇ ਦਿਉਰਾ, ਰੁਤ ਸਰਦੀ ਦੀ ਆਈ ਵੇ
ਰਾਤੀਂ ਪਾਲਾ ਪਵੇ ਵਧੇਰਾ, ਘਰ ਨੂੰ ਕਰੀਏ ਧਾਈ ਵੇ
ਸਬਜ਼ ਤੁਲਾਈ ਹੇਠ ਵਿਛਾਈਏ, ਉਪਰ ਲਾਲ ਰਜਾਈ ਵ
ਗੋਪਾਲ ਸਿੰਘ ਚਲ ਸਵੀਂਏ ਦੋਵੇਂ, ਦੇਵਰ ਤੇ ਭਰਜਾਈ ਵੇ ।੯।

ਚੜ੍ਹਿਆ ਪੋਹ ਪਾਲਾ ਹੁਣ ਦੇਵਰ, ਗਰਮ ਬਣਾਈਏ ਪਿੰਨੀਆਂ ਵੇ
ਹੋਰ ਮਸਾਲਾ ਥੋੜਾ ਪਾਈਏ, ਘਿਉ ਪਾਈਏ ਅਣਮਿਣਿਆ ਵੇ
ਐਸਾ ਦਿਲ ਨੂੰ ਖੁਸ਼ ਕਰ ਲਈਏ, ਬਣ ਜਾਵੇ ਅਣਗਿਣਿਆ ਵੇ
ਗੋਪਾਲ ਸਿੰਘਾ ਤੂੰ ਬੇੜਦੇ ਦਿਓਰਾ, ਸਿਰ ਸਦਕਾ ਤੇਰਾ ਬਣਿਆ ਵੇ ।੧੦।

ਰਾਤੀਂ ਤਿਲ ਲੋਂਹੜੀ ਵਿੱਚ ਪਾਈਏ, ਮਾਘ ਮਹੀਨਾ ਆਇਆ ਈ
ਜਾਵੀਂ, ਦਿਓਰਾ ! ਤਿਲ ਤੂੰ ਲਿਆਵੀਂ, ਮਾਘ ਮਹਾਤਮ ਲਿਆਇਆ ਈ
ਤਿਲ ਹੀ ਖਾਣਾ ਤਿਲ ਹੀ ਪੀਣਾ, ਤਿਲ ਹੀ ਦਾਨ ਕਰਾਇਆ ਈ
ਗੋਪਾਲ ਸਿੰਘ ਤਿਲ ਨ੍ਹਾਈਏ ਧੋਈਏ,ਤਿਲ ਹੀ ਹੇਠ ਵਿਛਾਇਆ ਈ ।੧੧।

ਫੱਗਣ ਫੁਲ ਬਸੰਤੀ ਦਿਓਰਾ, ਪੱਗ ਬਸੰਤੀ ਬੰਨ੍ਹੀਂ ਵੇ
ਗਲੇ ਬਸੰਤੀ ਝਗਲਾ ਪਾਏਂ, ਨਾਲ ਬਸੰਤੀ ਚੁੰਨੀ ਵੇ
ਦੇਵਰ ਨੂੰ ਹੈ ਦੇਂਦੀ ਭਾਬੀ, ਖਾਹ ਬਸੰਤੀ ਪਿੰਨੀ ਵੇ
ਗੋਪਾਲ ਸਿੰਘ ਫੁਲ ਦੇ ਬਸੰਤੀ, ਮੁਰਾਦ ਭਾਬੋ ਦੀ ਪੁੰਨੀ ਵੇ ।੧੨।





Sri Satguru Jagjit Singh Ji eLibrary NamdhariElibrary@gmail.com

## ੬੨. ਬਾਰਾਂਮਾਹ ਨੱਢੜਾ ਨਿਦਾਨ (ਪ੍ਰੇਮਦਾਸ)

ਚੇਤਰ ਚਿਤ ਉਦਾਸ ਸਈਓ ਨੀ, ਮੈਂ ਕਿਤ ਵਲ ਜਾਵਾਂ
ਨੀ ਮਾਂ ਨੱਢੜੇ ਨਿਦਾਨ, ਕੌਂਤ ਨਾਲ ਲਈਆਂ ਨੀ ਲਾਵਾਂ
ਨਿਜ ਜਣੇਂਦੀਏ ਨੀ ਸੁਣ ਭੋਲੀਏ ਮਾਏ !
ਸੇ ਲਾਗੀ ਮਰ ਜਾਣ, ਜਿਨ੍ਹਾਂ ਮੇਰੇ ਲਗਨ ਗਿਣਾਏ ।੧।
ਚੜ੍ਹੇ ਵਿਸਾਖ ਪੱਕੀ ਹੈ ਦਾਖ, ਫੁਲਾਂ ਪਰ ਲਾਲੀ ਆਈ
ਅਨੀ ਮਾਂ ਭਰ ਜੋਬਨ ਦੀ ਫੌਜ, ਬੰਦੀ ਦੇ ਸਿਰ ਪੁਰ ਆਈ
ਰਸ-ਭਰੀ ਛਾਤੀ ਮੇਰਾ ਜੀ ਤਰਸਾਵੇ
ਅਨੀ ਮਾਂ ਨੱਢੜੇ ਨਿਦਾਨ ਕੰਤ ਦੇ ਮਰਨੀਆਂ ਹਾਵੇ ।੨।
ਜੇਠ ਦੇ ਮਹੀਨੇ ਨੀ ਮਾਂ, ਮੈਂ ਜੰਮਦੀ ਨਾ ਦੁਖ ਹੁੰਦੇ
ਅਨੀ ਮਾਂ ! ਨੈਣ ਮੇਰੇ ਰਾਤ ਦਿਨ ਰੋਂਦੇ ਨੀ ਰਹਿੰਦੇ
ਚਿਤ ਦਾ ਕਰਕੇ ਚਾਉ ਨੀ ਮੈਂ ਸੇਜੇ ਜਾਂਦੀ
ਅਨੀ ਮਾਂ ! ਨੱਢੜਾ ਨਿਦਾਨ ਕੰਤ ਪੈ ਰਹੇ ਪਵਾਂਦੀਂ ।੩।
ਹਾੜ ਹਾਲ ਮੈਂ ਆਪਣਾ ਮਾਏ ! ਕਿਸਨੂੰ ਆਖ ਸੁਣਾਵਾਂ
ਅਨੀ ਮਾਂ ਇਹ ਦਿਲ ਗੋਸ਼ੇ ਰਖ ਮੈਂ ਔਸੀਆਂ ਪਾਵਾਂ
ਸਾਈਂ ਜੀ ਤੁਧ ਬਿਨ ਕੌਣ ਕਰੇ, ਮੇਰਾ ਖਸਮਾਨਾ
ਅਨੀ ਮਾਂ ਨੱਢੜਾ ਨਿਦਾਨ ਕੰਤ, ਕਦ ਹੋਗੁ ਸਿਆਣਾ ।੪।
ਸਾਵਣ ਦੇ ਮਹੀਨੇ ਬਾਦਲ ਘਣੀਅਰ ਕਾਲੇ
ਅਨੀ ਮਾਂ ਨੱਢੜਾ ਨਿਦਾਨ ਕੰਤ, ਪਰ ਰਹੇ ਨ ਨਾਲੇ
ਜੋਬਨ ਦਾ ਸਮੁੰਦਰ ਮੈਥੋਂ ਜਾਇ ਨ ਤਰਿਆ
ਅਨੀ ਮਾਂ ਕਹੈ ਦਾਸ ਪ੍ਰੇਮ, ਕਾਮ ਏਹ ਕਿਸੇ ਨ ਜਰਿਆ ।੫।
ਭਰ ਭਾਦਰੋਂ ਨੀ ਮੈਂ ਜ਼ੋਰ ਜਤਾਇਆ
ਅਨੀ ਮਾਂ ਖੇਡਕੇ ਚਮੂਣੇ ਘਰ ਨੱਢੜਾ ਨੀ ਆਇਆ
ਕੰਤ ਗਲ ਲਾਇ ਸੁੱਤੀ ਨੀ ਜ਼ੋਰ ਧਿਙਾਣੇ
ਅਨੀ ਮਾਂ ਹਸ ਰਸ ਦੀ ਸਾਰ ਨੱਢੜਾ ਮੂਲ ਨ ਜਾਣੇ ।੬।



Sri Satguru Jagjit Singh Ji eLibrary NamdhariElibrary@gmail.com

ਅੱਸੂ ਆਸ ਪਰਨ ਰੈਣ ਚੈਨ ਨਹੀਂ ਭੋਰੀ
ਅਨੀ ਮਾਂ ਵਰਜ ਰਹੀ ਨੈਣਾਂ ਨੂੰ, ਨੈਣ ਕਰਦੇ ਨੀ ਜੋਰੀ
ਤ੍ਰਿੰਞਣਾਂ ਦੇ ਵਿਚ ਬੈਠੀ ਹਾਂ ਸ਼ਰਮਿੰਦੇ ਦਾਅਵੇ
ਅਨੀ ਮਾਂ ਰੋਨੀ ਹਾਂ ਬਿਹਾਲ, ਇਹ ਦੁਖ ਸਹਿਆ ਨ ਜਾਵੇ ।੭।

ਕੱਤਕ ਕਰਕੇ ਸ਼ਿੰਗਾਰ ਸਈਆਂ ਬਣ-ਤਣ ਆਈਆਂ
ਅਨੀ ਮਾਂ ਮੌਲੀ ਮਹਿੰਦੀ ਲਾਇ ਕੇ ਧੜੀਆਂ ਸੀਸ ਗੁੰਦਾਈਆਂ
ਕਰ ਸੋਲਾਂ ਸ਼ਿੰਗਾਰ ਨੀ ਮੈਂ ਜਰਨੀ ਆਂ ਮਾਏ
ਜਿਨ੍ਹਾਂ ਨਾਲ ਮੈਂ ਖੇਡਦੀ ਸਾਂ, ਉਨ੍ਹਾਂ ਬਾਲ ਖਿਡਾਏ ।੮।

ਮੱਘਰ ਦੇ ਮਹੀਨੇ ਕੋਈ ਪੈਂਦੇ ਨੀ ਪਾਲੇ
ਅਨੀ ਮਾਂ ਪੁਛ ਰਹੀਆਂ ਨੱਢੜੇ ਨੂੰ ਵਰ ਕਿਉਂਕਰ ਗਾਲੇ
ਸੂਲਾਂ ਦੀ ਸੇਜ ਕੰਤ ਨੇ ਆਣ ਵਿਛਾਈ
ਅਨੀ ਮਾਂ ਰੋਂਦੀ ਪਈ ਬਿਹਾਲ, ਇਹ ਦੁਖ ਸਹਿਆ ਨ ਜਾਈ ।੯।

ਪੋਹ ਦੇ ਮਹੀਨੇ ਕੋਈ ਲੱਗੀਆਂ ਨੀ ਝੜੀਆਂ
ਅਨੀ ਮਾਂ ਨੱਢੜਾ ਨਿਦਾਨ ਕਰੇ ਕੂੜੀਆਂ ਨੀ ਅੜੀਆਂ
ਘੁੰਡ ਚੁਕ ਕੇ ਤੇ ਝਾਤੀਆਂ ਨੀ ਪਾਵੇ
ਅਨੀ ਮਾਂ ਨੱਢੜੇ ਨਿਦਾਨ ਕੰਤ ਨੂੰ ਸ਼ਰਮ ਨ ਆਵੇ ।੧੦।

ਮਾਘ ਦੇ ਮਹੀਨੇ ਨੱਢੜੇ ਸੁਰਤ ਸੰਭਾਲੀ
ਅਨੀ ਮਾਂ ਸੇਜ ਟਾਵਣ ਆਇਆ ਮਨ ਭਈ ਖੁਸ਼ਹਾਲੀ
ਕਰ ਸੋਲਾਂ ਸ਼ਿੰਗਾਰ ਕਾਮਣੀ ਅੰਗ ਲਗਾਈ
ਨੀ ਮਾਂ ਜੁਗਾਂ ਦੀ ਆਸ, ਮੇਰੇ ਸਾਈਂ ਆਪ ਪੁਜਾਈ ।੧੧।

ਫੱਗਣ ਦੇ ਮਹੀਨੇ ਫੁਲਾਂ ਵਿਚ ਵਾਸ ਘਨੇਰਾ
ਨੀ ਮਾਂ ਭਉਰੇ ਨੀ ਕੀਤਾ ਇਕ ਰੈਣ ਬਸੇਰਾ
ਫੁਲਾਂ ਦੀ ਸੇਜ ਕੰਤ ਨੇ ਆਣ ਵਿਛਾਈ
ਅਨੀ ਮਾਏ ਕਹੈ ਪ੍ਰੇਮ ਦਾਸ, ਸਾਈਂ ਮੇਰੇ ਪੂਰੀ ਪਾਈ ।੧੨।





Sri Satguru Jagjit Singh Ji eLibrary NamdhariElibrary@gmail.com

## ੬੩. ਬਾਰਾਂਮਾਹ ਰਾਧਾ ਵਿਰਲਾਪ (ਰਲਿਆਰਾਮ ਵ ਭਗਤ ਦੇਵੀਦਾਸ)

ਚੜ੍ਹਦੇ ਚੇਤਰ ਚਿਤਾਰਾਂ, ਪੀਆ ਪੀਆ ਮੈਂ ਪੁਕਾਰਾਂ
ਕੀਤੇ ਕੌਲ ਹਜ਼ਾਰਾਂ, ਆਇਆ ਪਾਸ ਨ ਢੋਲ
ਅਬ ਤੋ ਮਿਲ ਜਾ ਸ਼ਾਮਾ ! ਸਾਡੀ ਜਿੰਦੜੀ ਨ ਰੋਲ ।੧।
ਵਿਸਾਖ ਵਸ ਨਹੀਂ ਤੇਰੇ, ਖਟੇ ਭਾਗ ਹੈਂ ਮੇਰੇ
ਲਾਏ ਮਥਰਾ ਮੇਂ ਡੇਰੇ ਬੈਠੋਂ ਕੁਬਜਾ ਦੇ ਕੋਲ ਅਬ ਤੋ ਮਿਲ ਜਾ ਮੋਹਨਾ...।੨।
ਜੇਠ ਜੁਦਾ ਹੋਇਓਂ ਜਾਨੀ, ਲਾ ਕੇ ਬਿਰਹੋਂ ਦੀ ਕਾਨੀ
ਮੈਂ ਤੇ ਫਿਰਾਂ ਹੋ ਦੀਵਾਨੀ, ਵਾਲ ਸੀਸ ਦੇ ਖੋਲ੍ਹ ਅਬ ਤੋ ਮਿਲ ਜਾ ਕਾਨ੍ਹਾ...।੩।
ਹਾੜ ਹੋਇਆ ਰੰਗ ਪੀਲਾ, ਸੁਕ ਭਇਆ ਤਨ ਤੀਲਾ
ਕਰਾਂ ਕੌਣ ਮੈਂ ਹੀਲਾ, ਦੁਖ ਦੱਸਾਂ ਕੀਹਨੂੰ ਫੋਲ, ਅਬ ਤੋ ਮਿਲ ਜਾ ਸ਼ਾਮਾ...।੪।
ਸਾਵਣ ਸਜ ਸਜ ਸਈਆਂ, ਪੀਂਘਾਂ ਝੂਟ ਜੋ ਰਹੀਆਂ
ਮੈਂ ਤੇ ਗ਼ਮਾਂ ਵਿਚ ਪਈਆਂ, ਰਹੀਆਂ ਹੰਝੂਅੜੇ ਡੋਲ੍ਹ ਅਬ ਤੋ ਮਿਲ ਜਾ ......।੫।
ਭਾਦਰੋਂ ਭਸਮ ਰਮਾ ਕੇ, ਚੀਰ ਭਗਵੇ ਰੰਗਾ ਕੇ
ਭੇਸ ਜੋਗਣ ਬਣਾ ਕੇ, ਲਿਆਵਾਂ ਮਾਹੀ ਨੂੰ ਟੋਲ,ਅਬ ਤੋ ਮਿਲ ਜਾ ਸ਼ਾਮਾ...।੬।
ਅਸੂ ਆਸ ਘਨੇਰੀ, ਮੋਹੇ ਲਗ ਰਹੀ ਤੇਰੀ
ਦਿਓ ਦਰਸ ਇਕ ਵੇਰੀ, ਨਹੀਂ ਤੇ ਪੀਵਾਂ ਜ਼ਹਿਰ ਘੋਲ,ਅਬ ਤੋ ਮਿਲ ਜਾ......।੭।
ਕੱਤਕ ਕਰੇ ਕੋਈ ਕਾਰੀ, ਮਿਲੇ ਮਦਨ ਮੁਰਾਰੀ
ਮੈਂ ਤੇ ਹੋਈ ਦੁਖਿਆਰੀ, ਰਹੀਆਂ ਬਿਪਤਾ ਝੋਲ, ਅਬ ਤੋ ਮਿਲ ਜਾ......।੮।
ਮੱਘਰ ਮੇਹਰ ਕਰ ਪਿਆਰੇ, ਚਲੇ ਪ੍ਰਾਣ ਹਮਾਰੇ
ਬਿਨਾ ਲਾਲ ਤੁਮ੍ਹਾਰੇ, ਬਨ ਬਨ ਰਹੀ ਡੋਲ, ਅਬ ਤੋ ਮਿਲ ਜਾ......।੯।
ਪੋਹ ਪਾਸ ਨਹੀਂ ਆਵੇ, ਲਿਖ ਪਾਤੀ ਪਠਾਵੇ
ਅੱਲੇ ਜ਼ਖਮ ਦੁਖਾਵੇਂ, ਟਾਂਕੇ ਜਿਗਰ ਦੇ ਖੋਲ੍ਹ, ਅਬ ਤੋ ਮਿਲ ਜਾ......।੧੦।
ਮਾਘ ਮਾਲਣ ਦੇ ਪੈਰ, ਝੱਸ ਰਹਿਓਂ ਅੱਠੇ ਪਹਿਰ
ਮੇਰੇ ਨਾਲ ਲੀਤਾ ਵੈਰ, ਮੈਂ ਤੋ ਮਾਰੀ ਅਣਭੋਲ, ਅਬ ਤੋ ਮਿਲ ਜਾ......।੧੧।
ਫੱਗਣ ਫਾਗ ਰਹੀਆਂ ਖੇਲ, ਸਈਆਂ ਕੰਤ ਗਲ ਮੇਲ
ਲਾਵਣ ਅਤਰ ਫੁਲੇਲ, ਕਈ ਕਰਨ ਕਲੋਲ, ਅਬ ਤੋ ਮਿਲ ਜਾ......।੧੨।
ਲੌਂਦ ਲਾਲ ਨਹੀਂ ਆਏ, ਰਲਿਆ ਮਨ ਘਬਰਾਏ
ਬਾਰਾਂ ਮਾਸ ਸੁਣਾਏ, ਦੇਵੀਦਾਸ ਨੇ ਬੋਲ, ਅਬ ਤੋ ਮਿਲ ਜਾ......।੧੩।



Sri Satguru Jagjit Singh Ji eLibrary NamdhariElibrary@gmail.com

## ੯੪. ਬਾਰਾਂਮਾਹ ਨਾਅਤ (ਇਕਬਾਲ ਮੁਹੰਮਦ)

ਚੜ੍ਹਦੇ ਚੇਤ ਮਹੀਨੇ, ਲਿੱਲ੍ਹਾ ਸ਼ਹਿਰ ਮਦੀਨੇ
ਮੈਨੂੰ ਲਾਲ ਨਗੀਨੇ, ਸੱਦੋ ਆਪਣੇ ਈ ਕੋਲ
ਲਗਦੇ ਮਿਠੜੇ ਸਾਨੂੰ, ਮਕੀ ਮਦਨੀ ਦੇ ਬੋਲ ।
ਚੜ੍ਹਿਆ ਵਿਸਾਖ ਵਿਸਾਰੀ,ਹਜ਼ਰਤ ਮੈਂ ਦੁਖਿਆਰੀ
ਦੁਖਾਂ ਦਰਦਾਂ ਨੇ ਮਾਰੀ, ਵਿਚ ਹਿਜਰ ਦੇ ਰੋਲ, ਲਗਦੇ ਮਿਠੜੇ ਸਾਨੂੰ......
ਚੜ੍ਹਦੇ ਜੇਠ ਜਠੇਰੇ, ਬੋਲੇ ਬੋਲ ਬਥੇਰੇ
ਪੀਆ ਆ ਘਰ ਮੇਰੇ, ਦੱਸਾਂ ਦੁਖੜੇ ਮੈਂ ਫੋਲ, ਲਗਦੇ ਮਿਠੜੇ ਸਾਨੂੰ......
ਹਾੜ੍ਹੇ ਹਾੜ ਨਿਮਾਣੀ, ਘੱਤੇ ਦਰਦ ਰੰਜਾਣੀ
ਸੁਣੇ ਕੌਣ ਕਹਾਣੀ, ਦਰਦਾਂ ਵਾਲੀ ਦੇ ਬੋਲ, ਲਗਦੇ ਮਿਠੜੇ......
ਸਾਵਣ ਸੌਣ ਨ ਭਾਵੇ, ਨੈਣੀਂ ਨੀਂਦ ਨ ਆਵੇ
ਬਰਛੀ ਹਿਜਰ ਚਲਾਵੇ, ਕੁੱਠੀ ਮੈਂ ਅਣਭੋਲ ਲਗਦੇ ਮਿਠੜੇ ਸਾਨੂੰ......
ਭਾਦਰੋਂ ਭਾਗ ਨਿਕਾਰੇ, ਮੇਰੇ ਰਾਜ ਦੁਲਾਰੇ
ਤੇਰੇ ਬਾਝ ਪਿਆਰੇ, ਫਿਰ ਵੀ ਡਾਵਾਂ ਮੈਂ ਡੋਲ ਲਗਦੇ ਮਿਠੜੇ ਸਾਨੂੰ......
ਅਸੂ ਆਸ ਪੁਜਾਵੀਂ, ਹਿੰਦੋਂ ਅਰਬ ਬੁਲਾਵੀਂ
ਮੈਨੂੰ ਲੈ ਗਲ ਲਾਵੀਂ, ਕੂਕਾਂ ਵਾਂਙ ਮੈਂ ਕੋਲ, ਲਗਦੇ ਮਿਠੜੇ ਸਾਨੂੰ......
ਕੱਤਕ ਕੌਂਤ ਬੁਲਾਇਆ, ਉਤੇ ਅਰਸ਼ ਸਦਾਇਆ
ਨੁਕਤਾ ਮੀਮ ਦਾ ਪਾਇਆ, ਕਮਲੀ ਵਾਲੇ ਨੇ ਕੋਲ,ਲਗਦੇ ਮਿਠੜੇ ਸਾਨੂੰ......
ਮੱਘਰ ਮਾਰ ਮੁਕਾਈਆਂ, ਕਮਲੀ ਵਾਲਿਆ ਸਾਈਆਂ
ਅੱਖੀਂ ਤੈਂ ਸੰਗ ਲਾਈਆਂ, ਜਗ ਸੱਚਾ ਮੈਂ ਟੋਲ, ਲਗਦੇ ਮਿਠੜੇ ਸਾਨੂੰ......
ਪੋਹ ਪ੍ਰੇਮ ਪਿਆਲਾ, ਪੀਤਾ ਮੈਂ ਮਤਵਾਲਾ
ਤੇਰਾ ਨੂਰ ਉਜਾਲਾ, ਸੋਹਣਾ ਖਾਸ ਤ੍ਰੋਲ, ਲਗਦੇ ਮਿਠੜੇ ਸਾਨੂੰ...
ਮਾਘ ਮਗਰ ਤੁਸਾਡੇ, ਫਿਰੀ ਦੂਰ ਦੁਰਾਡੇ
ਪੀਆ ਨਾਲ ਅਸਾਡੇ, ਘੁੰਡ ਦਿਲੇ ਦੀ ਖੋਲ੍ਹ, ਲਗਦੇ ਮਿਠੜੇ ਸਾਨੂੰ......
ਫੱਗਣ ਫੂਕ ਜਲਾਈਆਂ, ਮੈਂ 'ਇਕਬਾਲ' ਦੁਹਾਈਆਂ
ਦੇਵਾਂ ਸਣ ਹਮਸਾਈਆਂ, ਮੈਨੂੰ ਕਰਨ ਕਲੋਲ
ਲਗਦੇ ਮਿਠੜੇ ਸਾਨੂੰ, ਮਕੀ ਮਦਨੀ ਦੇ ਬੋਲ ।......



Sri Satguru Jagjit Singh Ji eLibrary NamdhariElibrary@gmail.com

## ੯੫. ਬਾਰਾਂਮਾਹ ਸਾਬਰੀ (ਮੁਨਸ਼ੀ ਨਜ਼ੀਰ ਅਹਿਮਦ)

ਕਲੀਰੇ ਵਾਲਿਆ ਸਾਈਆਂ ! ਮੇਰੀ ਜਿੰਦੜੀ ਨ ਰੋਲ।
ਚੇਤਰ ਚਿੱਤ ਚਿਤਾਰਾਂ, ਸਾਬਰ ਪੀਰ ਪੁਕਾਰਾਂ, ਮਾਹੀ ਮੋੜ ਮੁਹਾਰਾਂ
ਸਦਕੇ ਘੱਤੀਆਂ ਮੈਂ ਘੋਲ,ਕਲੀਰੇ ਵਾਲਿਆ ਸਾਈਆਂ ! ਮੇਰੀ ਜਿੰਦੜੀ ਨ ਰੋਲ।
ਵਿਚ ਵੈਸਾਖ ਬਹਾਰਾਂ, ਫੁਲੇ ਗੁਲ ਗੁਲਜ਼ਾਰਾਂ
ਪਾਏ ਪੇਚ ਹਜ਼ਾਰਾਂ ਤੇਰੀ ਜ਼ੁਲਫ ਅਨਭੋਲ। ਕਲੀਰੇ ਵਾਲਿਆ.....
ਝੁੱਲੀਆਂ ਜੇਠ ਹਵਾਈਂ, ਸੀਨੇ ਭੜਕਣ ਭਾਹੀਂ
ਵੇਖੀਂ ਆਣ ਕਿਦਾਈਂ ਸੀਨਾ ਕਮਲੀ ਦਾ ਖੋਲ੍ਹ, ਕਲੀਰੇ ਵਾਲਿਆ !.....
ਜੀਵੇਂ, ਹਾੜ ਨੂੰ ਪਿਆਰੇ, ਸੂਰਜ ਚਮਕਾਂ ਮਾਰੇ
ਚਮਕਨ ਜ਼ਖਮ ਭੀ ਸਾਰੇ, ਮੇਰੀ ਦਿਲੜੀ ਨੂੰ ਫੋਲ, ਕਲੀਰੇ ਵਾਲਿਆ......
ਆਈਆਂ ਸਾਵਣ ਬਹਾਰਾਂ, ਵਾਹ ਵਾਹ ਪੈਣ ਫੁਹਾਰਾਂ
ਕਮਲੀ ਬਾਝੋਂ ਯਾਰਾਂ ਫਿਰਦੀ ਡਾਵਾਂ ਡੋਲ, ਕਲੀਰੇ ਵਾਲਿਆ......
ਭਾਦੋਂ ਭਾਹ ਬੁਖ਼ਾਰੋਂ, ਸੜਿਆ ਦਿਲ ਅੜ਼ਾਰੋਂ
ਦੇਵੀਂ ਨਾਲ ਪਿਆਰੋਂ, ਸ਼ਰਬਤ ਵਸਲ ਦਾ ਘੋਲ, ਕਲੀਰੇ ਵਾਲਿਆ......
ਅੱਸੂ ਆਸ ਤੁਸਾਡੀ, ਸਾਬਰ ਪੀਰ ਦੁਰਾਡੀ
ਈਹੋ ਮਰਜ਼ੀ ਹੈ ਸਾਡੀ, ਵਸੇਂ ਅੱਖੀਆਂ ਦੇ ਕੋਲ, ਕਲੀਰੇ ਵਾਲਿਆ......
ਕੱਤਕ ਕਟਕ ਬਲਾਈਂ, ਵਲ ਵਲ ਕੋਹਨ ਅਜਾਈਂ
ਅੱਲ੍ਹਾ ! ਬਖਸ਼ ਖ਼ਤਾਈਂ, ਬੋਲੀ ਮੰਦੜਾ ਜੋ ਬੋਲ, ਕਲੀਰੇ ਵਾਲਿਆ......
ਮੱਘਰ ਮਾਹ ਵਸਣ ਪਾਲੇ, ਬਿਰਹੋਂ ਤਨ ਮਨ ਜਾਲੇ
ਤੇਰੇ ਸਿਹਰ ਕੋ ਸਾਲੇ, ਛਡੀ ਜਾਨ ਝੰਜੋਲ, ਕਲੀਰੇ ਵਾਲਿਆ......
ਪੋਹ ਦੀਆਂ ਲੰਮੀਆਂ ਰਾਤਾਂ, ਮਾਰਨ ਸਾਂਗ ਫਿਰਾਕਾਂ
ਰਬ ਦਿਆ ਪਿਆਰਿਆ ! ਝਾਤਾਂ, ਕਦੀ ਪਾ ਅਣਭੋਲ ਕਲੀਰੇ ਵਾਲਿਆ......
ਮਾਘ ਮਿੰਨਤਾਂ ਕਰਦੀ, ਤੈਂਡੇ ਵਸਲ ਨੂੰ ਬਰਦੀ
ਤੱਤੀ ਜੀਉਂਦੀ ਨ ਮਰਦੀ, ਖਵਾਜਾ ਆ ਮੇਰੇ ਕੋਲ, ਕਲੀਰੇ ਵਾਲਿਆ......
ਫੱਗਣ ਫਸਿਆ ਗੁਨਾਹੀਂ, ਮਾਰੇ ਸਾਬਰੀ ਧਾਹੀਂ
ਫਜ਼ਲੋਂ ਪਾਰ ਲੰਘਾਈ, ਬੇੜੀ ਖਾਂਦੀ ਏ ਝੋਲ
ਕਲੀਰੇ ਵਾਲਿਆਂ ਸਾਈਆਂ ! ਮੇਰੀ ਜਿੰਦੜੀ ਨ ਰੋਲ।



Sri Satguru Jagjit Singh Ji eLibrary NamdhariElibrary@gmail.com

## ੯੬. ਬਾਰਾਂਮਾਹ ਪੁਰਦਰਦ (ਹਾਫਜ਼ ਮੁਹੰਮਦ ਦੀਨ ਦਰਦੀ)

ਸਾਈਆਂ ਵੇ ਮੇਰੀ ਜਿੰਦੜੀ ਨ ਰੋਲ, ਬਸਰੇ ਵਾਲਿਆ ਮਾਹੀਆ !
ਚੜ੍ਹਿਆ ਚੇਤ ਮਹੀਨਾ, ਹੋਇਆ ਮੁਸ਼ਕਲ ਜੀਣਾ
ਗ਼ਮਾਂ ਖਾ ਲਿਆ ਸੀਨਾ, ਸਈਆਂ ਕਰਨ ਕਲੋਲ ਬਸਰੇ ਵਾਲਿਆ ਮਾਹੀਆ !
ਵਿਸਾਖ ਵਸ ਨਹੀਂ ਮੇਰੇ, ਕੋਲ ਪਹੁੰਚਾਂ ਤੇਰੇ
ਕੀਤੇ ਜਤਨ ਬਥੇਰੇ, ਮਾਰੀ ਗਈ ਮੈਂ ਅਣਭੋਲ, ਬਸਰੇ ਵਾਲਿਆ ਮਾਹੀਆ !
ਜੇਠ ਜਦਨੀ ਜਾਨੀ, ਵਜੀ ਦਿਲ ਵਿਚ ਕਾਨੀ
ਕੀਤੀ ਇਸ਼ਕ ਦੀਵਾਨੀ, ਫਿਰਨੀ ਆਂ ਮੈਂ ਡਾਵਾਂਡੋਲ, ਬਸਰੇ ਵਾਲਿਆ ਮਾਹੀਆ !
ਹਾੜ ਹਾੜੇ ਕਰਦੀ, ਦੁਖ ਹਿਜਰ ਦੇ ਜਰਦੀ
ਬੇਪਰਵਾਹੀਓਂ ਡਰਦੀ, ਜੀਉੜਾ ਗਿਆ ਮੇਰਾ ਡੋਲ, ਬਸਰੇ ਵਾਲਿਆ ਮਾਹੀਆ !
ਸਾਵਣ ਸੋਹਣੇ ਮੇਰੇ, ਜਾਵਾਂ ਸਦਕੇ ਤੇਰੇ
ਲਿੱਲਾ ਪਾ ਘਰ ਫੇਰੇ, ਦੱਸਾਂ ਦੁਖੜੇ ਮੈਂ ਫੋਲ, ਬਸਰੇ ਵਾਲਿਆ ਮਾਹੀਆ !
ਭਾਦੋਂ ਭਾਗ ਨਿਕਾਰੇ, ਕਰ ਗਏ ਕੂਚ ਪਿਆਰੇ
ਵੱਜਣ ਕੂਚ ਨਗਾਰੇ ਬਖਸ਼ੀਂ ਵੇ ਬੋਲ ਕਬੋਲ, ਬਸਰੇ ਵਾਲਿਆ ਮਾਹੀਆ !
ਅੱਸੂ ਆਸ ਜ਼ਰੂਰੀ, ਮੌਲਾ ਕਰੇ ਪੂਰੀ
ਸੱਦ ਵਿਚ ਹਜ਼ੂਰੀ, ਦੇਸਾਂ ਜਿੰਦੜੀ ਮੈਂ ਘੋਲ, ਬਸਰੇ ਵਾਲਿਆ ਮਾਹੀਆ !
ਕੱਤਕ ਕਾਲਿਆ ਕਾਵਾਂ, ਤੇਰੇ ਸਦਕੇ ਜਾਵਾਂ
ਕੁੱਟ ਚੂਰੀਆਂ ਪਾਵਾਂ, ਜਾਵੀਂ ਮਾਹੀ ਦੇ ਕੋਲ, ਬਸਰੇ ਵਾਲਿਆ ਮਾਹੀਆ !
ਮੱਘਰ ਮਾਰ ਮੁਕਾਈ, ਤੇਰੇ ਇਸ਼ਕ ਕਸਾਈ
ਰੋ ਰੋ ਦੇਵਾਂ ਦੁਹਾਈ, ਰੁਲੇ ਤਤੜੀ ਦਾ ਖੋਲ, ਬਸਰੇ ਵਾਲਿਆ ਮਾਹੀਆ !
ਪੋਹ ਪਾਲਣਹਾਰੇ, ਦੋ ਜਗ ਤੇਰੇ ਸਹਾਰੇ
ਕਰ ਦੇਈਂ ਪਾਰ ਉਤਾਰੇ, ਮੇਰਾ ਖੁਲ੍ਹ ਜਾਏ ਨ ਪੋਲ, ਬਸਰੇ ਵਾਲਿਆ ਮਾਹੀਆ !
ਮਾਘ ਮਾਰਾਂ ਆਹੀਂ, ਕਰ ਕਰ ਖੜੀਆਂ ਬਾਹੀਂ
ਲਿਲ੍ਹਾ ਗਲ ਲਾਈਂ, ਕਦੀ ਸੱਦ ਲਏ ਜੇ ਕੋਲ, ਬਸਰੇ ਵਾਲਿਆ !
ਫੱਗਣ ਫਾਲ ਪਾ ਕੇ, ਦੱਸੀਂ ਪ੍ਰਸ਼ਨ ਲਾ ਕੇ
ਕਦੋਂ ਮਿਲਦਾ ਹੈ ਆ ਕੇ, ਵੇਖੀਂ 'ਦਰਦੀ' ਦੇ ਚੋਲ੍ਹ, ਬਸਰੇ ਵਾਲਿਆ।
ਬਸਰੇ ਵਾਲਿਆ ਮਾਹੀਆ ਸੱਦ ਲੈ ਅਪਣੇ ਤੂੰ ਕੋਲ
ਸਾਈਆਂ ਵੇ ਮੇਰੀ ਜਿੰਦੜੀ ਨ ਰੋਲ, ਬਸਰੇ ਵਾਲਿਆ ਮਾਹੀਆ !



Sri Satguru Jagjit Singh Ji eLibrary NamdhariElibrary@gmail.com

## ੯੭. ਬਾਰਾਂਮਾਹ ਕੰਤ ਮਹੇਲੀ (ਭਾਈ ਵੀਰ ਸਿੰਘ)

ਚੜ੍ਹ ਪਿਆ ਚੇਤਰ ਸੁਹਾਵਾ, ਮਿਠੀਆਂ ਵਗਣ ਹਵਾਈਂ
ਬਾਗੀਂ ਖਿੜੀਆਂ ਬਹਾਰਾਂ, ਖੁਸ਼ੀਆਂ ਡੁਲ੍ਹ ਡੁਲ੍ਹ ਪਈਆਂ।
ਕੰਤੇ ਆਣ ਸੁਣਾਈ, ਕੋਈ ਕੂਚ ਤਿਆਰੀ
ਉਡ ਗਏ ਹਥਾਂ ਦੇ ਤੋਤੇ, ਦਿਲ ਦੀਆਂ ਦਿਲ ਵਿਚ ਰਹੀਆਂ।
ਹਾਏ! ਚੇਤਰ ਮਹੀਨੇ, ਕੰਤੇ ਕੀਤੀ ਤਿਆਰੀ
ਲੀਤੇ ਤਰਲੇ ਬਤੇਰੇ, ਪੇਸ਼ ਕੋਈ ਨ ਗਈਆ।
ਚੜ੍ਹ ਪਿਆ ਘੋੜੇ ਤੇ ਮਾਹੀ, ਬਣ ਕੇ ਢੋਲ ਸਿਪਾਹੀ
ਤੁਰ ਗਿਆ ਦੂਰ ਮੁਹਿੰਮੀਂ, ਮੈਂ ਵਿਚ ਡੋਬਾਂ ਦੇ ਪਈਆਂ।੧।

... ... ...

ਚੜ੍ਹ ਪਿਆ ਜੇਠ, ਵੇ ਕੰਤਾ! ਤਪੀਆਂ ਭੋਆਂ ਤੇ ਵਾਵਾਂ
ਅੰਦਰ ਧੁਖਦਾ ਵਿਛੋੜੇ, ਛੋਜੇ ਲੁਛ ਲੁਛ ਰਹੀਆਂ।
ਲੋਆਂ ਮੈਨੂੰ ਚਾ ਘੱਲੀਂ, ਜੇਠਾ! ਅਰਜ਼ਾਂ ਹਾਂ ਕਰਦੀ,
ਤੱਤੀ ਵਾਉ ਦਾ ਝੋਲਾ, ਲੱਗੇ ਸਾਈਂ ਨ ਦੇਹੀ ਆ।੩।

... ... ...

ਚੜ੍ਹਿਆ ਸਾਵਣ ਮਹੀਨਾ, ਸਹੀਆਂ ਪੀਂਘਾਂ ਨੇ ਪਾਈਆਂ
ਸੂਲਾਂ ਵੱਜਣ ਕਲੇਜੇ, ਝਿੱਕੀ ਮੰਜੀ ਤੇ ਪਈਆਂ
ਸਹੀਆਂ ਟੁੰਬਦੀਆਂ ਆ ਆ, 'ਉਠ ਨੀ ਸਾਵੇਂ ਨੀ ਆਏ',
ਅੜੀਓ! ਮਾਹੀ ਵਿਹੂਣੀ, ਦੁਖਾਂ ਮਾਰ ਮੁਕਈਆਂ।
ਟੁਰ ਗਿਆ ਦੇਸ ਬਿਦੇਸੀਂ, ਛੋਡ ਕੇ ਹਾਇ ਇਕੱਲੀ
ਰੋ ਰੋ ਹੋਈ ਹਾਂ ਝੱਲੀ, ਜੀਉਂਦੀ ਤਾਹਨੂੰ ਹਾਂ ਰਹੀਆਂ।੫।

... ... ...

ਚੜ੍ਹਿਆ ਅੱਸੂ ਮਹੀਨਾ, ਰਾਤਾਂ ਠਰਦੀਆਂ ਜਾਵਣ
ਧੁਪਾਂ ਭਾਢੀਆਂ ਦਿਨ ਨੂੰ, ਤੇਰੇ ਫਿਕਰੀਂ ਮੈਂ ਪਈਆਂ।



Sri Satguru Jagjit Singh Ji eLibrary NamdhariElibrary@gmail.com

ਜੇਹੜੇ ਦੇਸੀਂ ਮੈਂ ਮਾਹੀ, ਸ਼ਾਲਾ ! ਧੁੱਪ ਨ ਪਾਵੀਂ,
ਮਾਹੀਆ ! ਮੋੜ ਲੈ ਵਾਗਾਂ, ਸਾਰੀ ਸਦਕੇ ਹੋ ਰਹੀਆਂ ।
ਆ ਜਾ ਆ ਜਾ ਵੇ ਕੰਤਾ ! ਆ ਕੇ ਦੇਖ ਪਿਆਰੀ
ਤੇਰੇ ਗ਼ਮ ਨੇ ਨਚੋੜੀ, ਰੱਤੀ ਰੱਤ ਨ ਰਹੀਆਂ ।੭।

... ... ...

ਰੋਂਦਿਆਂ ਮੱਘਰ ਆ ਪਹੁੰਚਾ, ਰੁਤਾਂ ਠੰਢੀਆਂ ਆਈਆਂ
ਭਰਾਏ ਲੇਫ਼ ਤੁਲਾਈਆਂ, ਕੰਤਾਂ ਵਾਲੀਆਂ ਸਹੀਆਂ ।
ਢੱਠੀ ਕੂੰਜ ਜਿਉਂ ਡਾਰੋਂ, ਆਪਣੇ ਕੰਤੋਂ ਵਿਛੁੰਨੀ
ਲੁੱਛਾਂ ਤੜਫਾਂ ਤੇ ਲੁੱਛਾਂ, ਕੂਕਾਂ ਕੂਕ ਕੁਰਲਈਆਂ ।੯।

... ... ...

ਚੜ੍ਹ ਪਿਆ ਮਾਘੋਂ ਮਹੀਨਾ, ਸੁੱਕੇ ਨੈਣ ਨ ਸਾਡੇ
ਬੱਦਲ ਭਰਿਆਂ ਦੇ ਵਾਂਙੂ, ਅੱਖਾਂ ਭਰੀਆਂ ਹੀ ਰਹੀਆਂ ।
ਝਾੜੇ ਪਾਲੇ ਨੇ ਖੰਭ ਨੇ, ਰੁੱਤਾਂ ਨਾਵਣ ਦੀ ਅਈਆਂ
ਬੇਲਾਂ ਬੂਟਿਆਂ ਦੀਆਂ ਅੱਖਾਂ, ਹੁਣ ਤਾਂ ਭਰ ਭਰ ਅਈਆਂ ।
ਐਪਰ ਰੋਇਆ 'ਵਿਛੋੜਾ', ਸਾਡਾ ਅੱਖੀਂ ਨ ਭਰ ਕੇ,
ਨੈਣ ਸੁਕਦੇ ਨ ਸਾਡੇ, ਰੋਂਦੀ ਬੁਕੀਂ ਹਾਂ ਰਹੀਆਂ ।
ਸੁਕ ਸੁਕ ਹੋਈ ਹਾਂ ਤੀਲਾ, ਆ ਕੇ ਵੇਖ ਖਾਂ ਕੰਤਾ !
ਤੇਰੇ ਬਾਝੋਂ ਪਿਆਰੇ, ਹੁਣ ਤਾਂ ਮੁਕੀ ਹੀ ਪਈਆਂ ।
ਆ ਕੇ ਵੇਖ ਖਾਂ ਬੂਟਾ, ਛਡ ਗੁਲਾਬ ਗਿਓਂ ਵੇ,
ਰਹਿ ਗਈ ਸੁੱਕੀ ਏ ਡਾਲੀ, ਸਾਰੀ ਝੰਬੀ ਮੈਂ ਪਈਆਂ ।੧੧।

... ... ...

[ਡਾ. ਬਲਬੀਰ ਸਿੰਘ ਜੀ ਦੀ ਕ੍ਰਿਪਾਲਤਾ ਦੁਆਰਾ ਪ੍ਰਾਪਤ





Sri Satguru Jagjit Singh Ji eLibrary NamdhariElibrary@gmail.com

# ੯੮. ਬਾਰਾਂਮਾਹ ਮੌਲਾ ਬਖਸ਼ ਕੁਸ਼ਤਾ

ਓ ਟਾਹਲੀ ਦਿਓ ਪੱਤਿਓ! ਕੀ ਖੜ ਖੜ ਲਾਈ ਜੇ
ਜਿਸ ਦੇਹੀ ਦਾ ਕਰਦੇ ਮਾਣ, ਉਹ ਦੇਹੀ ਪਰਾਈ ਜੇ !
ਓ ਟਾਹਲੀ ਦਿਓ ਪੱਤਿਓ ! ਚੜ੍ਹਿਆ ਆ ਕੇ ਚੇਤ
ਹੁਣ ਪਛਤਾਇਆਂ ਕੀ ਬਣੇ, ਜਦ ਚਿੜੀਆਂ ਚੁਗ ਲਿਆ ਖੇਤ ।
ਓ ਟਾਹਲੀ ਦਿਓ ਪੱਤਿਓ ! ਚੜ੍ਹਿਆ ਆਣ ਵਿਸਾਖ
ਲਾਜ ਲਵਾਈ ਆਗੂਆਂ, ਗਈ ਕੌਮ ਦੀ ਸਾਖ ।
ਓ ਟਾਹਲੀ ਦਿਓ ਪੱਤਿਓ ! ਚੜ੍ਹਿਆ ਆ ਕੇ ਜੇਠ
ਪੁਛੇ ਕੌਣ ਗਰੀਬ ਨੂੰ, ਐਸ਼ਾਂ ਕਰਦੇ ਸੇਠ ।
ਓ ਟਾਹਲੀ ਦਿਓ ਪੱਤਿਓ ! ਹਾੜ੍ਹੇ ਕਰਦਾ ਹਾੜ੍ਹ
ਜਿਨ੍ਹਾਂ ਨੂੰ ਮਿਤਰ ਜਾਣਿਆ, ਉਹ ਨਿਕਲੇ ਬਘਿਆੜ ।
ਓ ਟਾਹਲੀ ਦਿਓ ਪੱਤਿਓ ! ਕਹੇ ਸਾਵਣ ਦੀ ਪੌਣ
'ਲੁਟ ਲੁਟ ਖਾਵਣ ਵਾਲੜੇ, ਅੰਤ ਭੰਨਾਸਣ ਧੌਣ ।'
ਓ ਟਾਹਲੀ ਦਿਓ ਪੱਤਿਓ ! ਭਾਦੋਂ ਕਰੇ ਪੁਕਾਰ
ਅਦਲਾਬਦਲੀ ਸਮੇਂ ਦੀ, ਲੈ ਗਈ ਹਿਤ ਪਿਆਰ ।
ਓ ਟਾਹਲੀ ਦਿਓ ਪੱਤਿਓ ! ਮਿਲੀ ਅੱਸੂ ਵਿਚ ਖੁਲ੍ਹ
ਵੀਰ ਵੀਰਾਂ ਨੂੰ ਖਾ ਗਏ, ਗਈ ਮਨੁਖਤਾ ਭੁੱਲ ।
ਓ ਟਾਹਲੀ ਦਿਓ ਪੱਤਿਓ ! ਕੱਤਕ ਚੜ੍ਹਿਆ ਆਣ
ਮਿਲਖਾਂ ਵਾਲੇ ਰੁਲ ਗਏ, ਫਾਕੀਂ ਝੱਟ ਲੰਘਾਣ ।
ਓ ਟਾਹਲੀ ਦਿਓ ਪੱਤਿਓ ! ਮੱਘਰ ਕਰੇ ਬਿਚੈਨ
ਖੂਹ ਜੁ ਪੁੱਟਣ ਕਿਸੇ ਲਈ, ਖੁਦ ਖਾਤੇ ਵਿਚ ਪੈਣ ।
ਓ ਟਾਹਲੀ ਦਿਓ ਪੱਤਿਓ ! ਦਿਤਾ ਪੋਹ ਸਰਾਪ
ਵੀਰਾਂ ਦੇ ਲਹੂ ਜੰਮ ਗਏ, ਪੈ ਗਈ ਆਪੋ ਧਾਪ ।
ਓ ਟਾਹਲੀ ਦਿਓ ਪੱਤਿਓ ! ਮਾਘ ਦਿਖਾਇਆ ਖੇਲ
ਖਬਰੇ ਮੌਲਾ ਕਰ ਦੇਵੇ, ਵਿਛੜਿਆਂ ਦਾ ਮੇਲ ।
ਓ ਟਾਹਲੀ ਦਿਓ ਪੱਤਿਓ ! ਫੱਗਣ ਚੜ੍ਹਦੇ ਸਾਰ
'ਕੁਸ਼ਤਾ' ਸੁੱਤਾ ਜਾਗਿਆ, ਪੰਜਾਬੀ ਦਰਬਾਰ ।



Sri Satguru Jagjit Singh Ji eLibrary NamdhariElibrary@gmail.com

## ੯੯. ਬਾਰਾਂਮਾਹ ਅੰਮ੍ਰਿਤਾ ਪ੍ਰੀਤਮ

ਕਿੱਕਰਾ ਵੇ ਕੰਡਿਆਲਿਆ! ਉੱਤੋਂ ਚੜ੍ਹਿਆ ਚੇਤ,
ਜਾਗ ਪਈਆਂ ਅਜ ਪੈਲੀਆਂ, ਜਾਗ ਪਏ ਅਜ ਖੇਤ।
ਕਿੱਕਰਾ ਵੇ ਕੰਡਿਆਲਿਆ! ਚੜ੍ਹਿਆ ਅਜ ਵਿਸਾਖ,
ਸਾਮਰਾਜ ਦੇ ਮੂੰਹ 'ਤੇ, ਉਡ ਉਡ ਪੈਂਦੀ ਰਾਖ।
ਕਿੱਕਰਾ ਵੇ ਕੰਡਿਆਲਿਆ! ਉੱਤੋਂ ਚੜ੍ਹਿਆ ਜੇਠ,
ਉੱਸਲ ਵੱਟੇ ਭੰਨਦੀ, ਧਰਤੀ ਤੇਰੇ ਹੇਠ।
ਕਿੱਕਰਾ ਵੇ ਕੰਡਿਆਲਿਆ! ਉੱਤੋਂ ਚੜ੍ਹਿਆ ਹਾੜ,
ਕਿੰਨਾ ਕੁ ਚਿਰ ਹੋਂਵਦੀ, ਕੱਖ ਕਾਨ ਦੀ ਆੜ।
ਕਿੱਕਰਾ ਵੇ ਕੰਡਿਆਲਿਆ! ਅਗੋਂ ਚੜ੍ਹਿਆ ਸੌਣ,
ਦਾਵਾਨਲ ਹੈ ਸਮੇਂ ਦੀ, ਰੋਕ ਸਕੇ ਅਜ ਕੌਣ।
ਕਿੱਕਰਾ ਵੇ ਕੰਡਿਆਲਿਆ! ਭਾਦੋਂ ਹੈ ਇਸ ਵੇਰ,
ਵੇਲਣ ਵਿੱਚ ਨਪੀੜੀਆਂ, ਛੱਲਾਂ ਉੱਗੀਆਂ ਫੇਰ।
ਕਿੱਕਰਾ ਵੇ ਕੰਡਿਆਲਿਆ! ਅੱਸੂ ਚੜ੍ਹਿਆ ਅੱਜ,
ਅੱਜ ਨਾ ਲਾਰੇ ਲੱਗਦੇ, ਅੱਜ ਨਾ ਪੈਂਦੇ ਪੱਜ।
ਕਿੱਕਰਾ ਵੇ ਕੰਡਿਆਲਿਆ! ਕੱਤਕ ਬਦਲੇ ਤੌਰ,
ਨਵੇਂ ਜੁਗਾਂ ਦੇ ਬੁੱਤ ਵਿਚ, ਨਵੇਂ ਲਹੂ ਦਾ ਦੌਰ।
ਕਿੱਕਰਾ ਵੇ ਕੰਡਿਆਲਿਆ! ਮੱਘਰ ਚੜ੍ਹਿਆ ਆਣ,
ਕੋਈ ਇਕ ਪੱਤਰੀ ਲੋਹੇ ਦੀ, ਜੀਕਣ ਚੜ੍ਹਦੀ ਸਾਣ।
ਕਿੱਕਰਾ ਵੇ ਕੰਡਿਆਲਿਆ! ਉੱਤੋਂ ਚੜ੍ਹਿਆ ਪੋਹ,
ਹੱਕ ਜਿਨ੍ਹਾਂ ਦੇ ਆਪਣੇ, ਆਪ ਲੈਣਗੇ ਖੋਹ।
ਕਿੱਕਰਾ ਵੇ ਕੰਡਿਆਲਿਆ! ਉੱਤੋਂ ਚੜ੍ਹਿਆ ਮਾਘ,
ਕਰਨ ਸਵਾਰੀ ਸਮੇਂ 'ਤੇ, ਫੜਨ ਸਮੇਂ ਦੀ ਵਾਗ।
ਕਿੱਕਰਾ ਵੇ ਕੰਡਿਆਲਿਆ! ਫੱਗਣ ਚੜ੍ਹਿਆ ਆਨ,
ਲੋਕਾਂ ਦੇ ਇਸ ਜੁੱਗ ਵਿੱਚ, ਲੋਕ ਚੜ੍ਹਨ ਪਰਵਾਨ।

---



Sri Satguru Jagjit Singh Ji eLibrary NamdhariElibrary@gmail.com

## ੧੦੦. ਬਾਰਾਂਮਾਹ ਕਿਸਾਨਾਂ ਦਾ (ਗਿ: ਗੁਰਦਿਤ ਸਿੰਘ)

ਸਾਡੇ ਲੰਘ ਜਾਂਦੇ ਸਾਲ, ਸਾਰੇ ਹਾੜ ਤੇ ਸਿਆਲ, ਨਿੱਕੇ ਵੱਡੇ ਦਿਨ ਰਾਤ
ਹੇ ਹੋ-ਹਾ-ਹੇ-ਹੋ ਹਾ, ਬਸ ਗਿੱਟੀਆਂ ਹੀ ਗਿਣਦਿਆਂ ਢੋਲਾ, ਹੇ-ਹੋ-ਹਾ
ਚੜ੍ਹੇ ਚੇਤ ਨਵ ਸਾਲ, ਖਾਏ ਧਰਤੀ ਉਛਾਲ, ਪਏ ਛੋਲਿਆਂ ਪਟਾਕਾ ਅਸਮਾਨ ਖੋਹੇ ਝਾਟਾ
ਜਿਵੇਂ ਝਿੰਦੇ ਝਟੇ ਪਾਟਾ, ਬਸ ਜਿਵੇਂ ਪਾਟਾ ਪਾਟਾ, ਅਸਾਂ ਛੋਲੂਆ ਬਣਾਇਆ
ਹੋਲ੍ਹਾਂ ਭੁੰਨੀਆਂ ਲੈ ਝਿੰਘਾਂ, ਅਸਮਾਨੀ ਮੇਰਾ ਘੱਗਰਾ, ਮੈਂ ਕੇੜ੍ਹੀ ਕੀਲੀ ਟੰਗਾਂ !
ਨੀ ਮੈਂ ਔਸ ਕੀਲੀ ਟੰਗਾਂ, ਨੀ ਮੈਂ ਔਸ ਕੀਲੀ ਟੰਗਾਂ, ਕਣਕਾਂ ਦੀਆਂ ਬੱਲੀਆਂ-
ਹੇ-ਹੋ-ਹਾ-ਹੇ ਹੋ ਹਾ—ਨਿਕਲਣ ਦਿਨ ਗਿਣਦਿਆਂ ਢੋਲਾ, ਹੇ-ਹੋ-ਹਾ ।੧।

ਲੋਕੋ ! ਆਇਆ ਵੇ ਵੈਸਾਖ, ਫਲ ਪੱਕੇ ਹਰ ਸਾਖ਼, ਆਈ ਭੰਗੜੇ ਦੀ ਰੁੱਤ
ਅੰਦਰ ਹੋਏ ਕੁਤ-ਕੁੱਤ, ਖਾਧਾ ਗੁੜ ਵਾਲਾ ਮੰਨ, ਅਸਾਂ ਨਵਾਂ ਕੀਤਾ ਅੰਨ
ਤਿੱਖੇ ਦਾਤੀਆਂ ਦੇ ਦੰਦ, ਲੜੇ ਲਾਵ੍ਹਿਆਂ ਨੂੰ ਕੰਡ, ਥੱਕੇ ਡੋਲੇ ਅੱਕੇ ਦਿਲ,
ਤਾਂ ਵੀ ਗਾਈਏ ਹਿਲ ਹਿਲ, ਕੱਢ ਹੇਕਾਂ ਲੰਮੀਆਂ—ਹੇ-ਹੋ ਹਾ-ਹੇ-ਹੋ-ਹਾ;
ਪਏ ਖਲ੍ਹੀਆਂ ਚਿਣਦਿਆਂ ਢੋਲਾ, ਹੇ-ਹੋ-ਹਾ ।੨।

ਉਤੋਂ ਚੜ੍ਹ ਆਇਆ ਜੇਠ, ਸਾਡਾ ਸਭੋ ਕੁਝ ਖੇਤ, ਅਸੀਂ ਘਾਠ ਚੱਬੀ ਕੁੱਟ
ਚਾੜ੍ਹ ਲੂਣ ਵਾਲੀ ਪੁੱਠ, ਘਸੇ ਬਲਦਾਂ ਦੇ ਖੁਰ, ਗੱਜੇ ਤ੍ਰੰਦਲ ਬੇ-ਸੁਰ,
ਪਈਆਂ ਧੜਾਂ ਪਏ ਗਾਹ, ਕੋਈ ਚਲਦੀ ਨਾ ਵਾਹ, ਨ੍ਹੇਰੀ ਬੁਲ੍ਹੇ ਮੀਂਹ ਕਣੀਆ ਤੋਂ
ਹੇ-ਹੋਂ-ਹਾ—ਹੇ-ਹੋ-ਹਾ; ਦਿਲ ਵਿਚੇ ਵਿੱਚ ਗੁੰਨ੍ਹਦਿਆਂ ਢੋਲਾ, ਹੇ-ਹੋ-ਹਾ ।੩।

ਉਤੋਂ ਆ ਗਿਆ ਹਾੜ੍ਹ; ਹਾਲਾਂ ਕੱਢੇ ਨੀ ਸਿਆੜ, ਖਰਬੂਜੇ ਭੰਨੇ ਪੱਕੇ
ਅਸੀਂ ਖਾਧੇ ਬਹਿ ਕੇ ਨੱਕੇ, ਧੁਪਾਂ ਪੰਛੀ ਭੁੰਨੇ ਸੁੱਟ, ਰੋਹੀਏਂ ਉਠਦੇ ਪਏ ਭੋਖ
ਹੋਈ ਗਰਮੀ ਦੀ ਅੱਤ, ਨੀ ਕਪਾਹੇ ਕੱਢ ਪੱਤ, ਢੱਕ ਸਭਨਾਂ ਦੀ ਪੱਤ
'ਜੀਹਨੇ ਪਾਈ ਨਹੀਂ ਵਾਹ, ਓਹਦੇ ਖੇਤ ਪਿਆ ਘਾਹ' ਕੀ ਬੀਜਣਾ ਕੀ ਵੱਢਣਾ
ਹੇ-ਹੋ-ਹਾ-ਹੇ-ਹੋ-ਹਾ ਲੰਘੇ ਖੱਪਰ ਹੀ ਖਿਣਦਿਆਂ ਢੋਲਾ, ਹੇ-ਹੋ-ਹਾ ।੪।

ਚੜ੍ਹ ਪਿਆ ਜ਼ੋਰੀਂ ਸੌਣ, ਵੱਗੇ ਮੀਹਾਂ-ਭਿੱਜੀ ਪੌਣ, ਆਈਆਂ ਤੀਆਂ ਮੱਘੇ ਗਿੱਧਾ
ਅਸਾਂ ਪੂੜੇ ਵੀ ਪਕਾਏ, ਮਿੱਠਾ ਦਲੀਆ ਵੀ ਰਿੱਧਾ, ਆਏ ਪਸ਼ੂ ਰੱਜ ਘਰ
ਮਨ-ਭਾਉਂਦੇ ਚਰੇ ਚਰ੍ਹ, ਸਾਡੇ ਕੱਠੇ ਚਲੇ ਖੁਰ, ਮਰੇ ਸਾਲ ਝੂਰ ਝੂਰ
ਗਿਆ ਲਿੰਬਦਿਆਂ ਪੋਚਦਿਆਂ ਹੇ-ਹੋ-ਹਾ-ਹੇ-ਹੋ-ਹਾ; ਰੋੜੀ ਇਕ ਇਕ ਚਿਣਦਿਆਂ
ਢੋਲਾ, ਹੇ-ਹੋ-ਹਾ-ਹੇ ਹੋ ਹਾ ।੫।

ਚੜ੍ਹੀ ਭਾਦੋਂ ਉਗੀ ਖ਼ੁੰਮ, ਪਿਆ ਆਖਰਾਂ ਦਾ ਗੁੰਮ, ਕਿਸੇ ਚਿੱਭੜ ਮਤੀਰੇ
ਸਾਡੇ ਖੇਤੀਂ ਖਿੜੇ ਖੀਰੇ, ਸਾਡੀ 'ਨਆਈਂ' ਪਿਆ ਮੋਥਾ, ਅਸੀਂ ਖੇਤਿਆ ਲਾ ਜੋਤਾ
ਘਸੇ ਗੋਡ ਗੋਡ ਰੰਬੇ, ਘਸੇ ਪੱਛਾਂ ਨਾਲ ਅੰਬੇ, ਪੱਜ ਗੁੱਗੇ ਜੀ ਦੀ ਚੌਂਕੀ
ਟੁਰੇ ਮੇਲੇ ਮੁੰਡੇ ਸ਼ੌਂਕੀ, ਸੂਰਜ ਸੁਟੇ ਉਹ ਪਲੀਤੇ, ਜਿਨ੍ਹਾਂ ਹਰਨ ਕਾਲੇ ਕੀਤੇ
ਧੁਪਾਂ ਭਾਦੋਂ ਦੀਆਂ ਤਿੱਖੀਆਂ ਹੇ-ਹੋ-ਹਾ—ਹੇ-ਹੋ-ਹਾ, ਸਾਧ ਜੱਟਾਂ ਨੂੰ ਬਣਾਂਦੀਆਂ
ਢੋਲਾ, ਹੇ-ਹੋ-ਹਾ ।੬।



Sri Satguru Jagjit Singh Ji eLibrary NamdhariElibrary@gmail.com

ਅਸੂ ਆਸਾਂ ਦਾ ਮਹੀਨਾ, ਇੰਜ ਛੜੀਂਦਾ ਹੈ ਚੀਣਾ, ਅਸੀਂ ਬੱਕਲੀਆਂ ਧਰੀਆਂ
ਪੱਟ ਚੂਪੀਆਂ ਵੀ ਚਰ੍ਹੀਆਂ, ਸਾਡੇ ਖੇਤੀਂ ਸਿੱਟੇ ਪੱਕੇ, ਤੇ ਕਪਾਹ ਪਈ ਹੱਸੇ
ਮੱਕੀਆਂ ਨੇ ਕੱਢੇ ਬਾਬੂ, ਹੋਇਆ ਜੋਬਨ ਬੇ-ਕਾਬੂ, ਹਰ ਟਾਹਣੀ ਮੂੰਹ ਚੁੱਕ
ਜਿਵੇਂ ਹਰੀ ਭਰੀ ਕੁੱਖ, ਵਾਂਗ ਫਨੀਅਟ ਮੇਲੇ, ਪਏ ਘੂਕਣ ਗੁਲੇਲ, ਨਿੱਕਾ ਮੋਟਾ ਬਾਜਰਾ
ਹੇ-ਹੋ-ਹਾ-ਹੇ-ਹੋ-ਹਾ, ਰਾਖੀ ਚੱਲੀਆਂ ਰਿੰਨ੍ਹਦਿਆਂ ਢੋਲਾ, ਹੇ-ਹੋ-ਹਾ ।੭।

ਮਾਹ ਚੜ੍ਹ ਆਇਆ ਕੱਤਾ, ਸਾਡਾ ਖੇਤ ਆਇਆ ਭੱਤਾ, ਚੁਕੀ ਮਿੱਸੀ ਰੋਟੀ ਲੱਸੀ
ਸੋਹਣੀ ਟੱਪ ਆਈ ਕੱਸੀ, ਮਾਰੇ ਲੌਂਗ ਲਿਸ਼ਕਾਰੇ, ਖਾਵੇ ਲੱਕ ਲਚਕਾਰੇ,
ਅਸਾਂ ਦੋਹਰ ਚੌਹਰ ਪਾਈ. ਕਰ ਦੇਣੀ ਐ ਬਿਆਈ, 'ਜੱਟ ਚੜ੍ਹਿਆ ਸੁਹਾਗੇ
ਨਾ ਕੋਈ ਆਏ ਲਾਗੇ ਚਾਗੇ', ਵਧ ਰਾਤ ਦਿਨ ਖੂਨ, ਹੇ-ਹੋ-ਹਾ-ਹੇ-ਹੋ-ਹਾ
ਬੀਜੀ ਪੈਲੀ ਮਿਣਦਿਆਂ ਢੋਲਾ. ਹੇ-ਹੇ-ਹਾ ।੮।

ਮੱਘਰ ਚੜ੍ਹਿਆ ਚੜ੍ਹੀ ਠੰਢ, ਸਾਡੇ ਬਜਣ ਪਏ ਦੰਦ, ਘਰ ਦੇ ਦਾਣੇ ਦਿਤੇ ਬੀਜ
ਬਾਹਰੋਂ ਆਈ ਨਾ ਕੋਈ ਚੀਜ਼, ਅਸੀਂ ਮੁਰਮੁਰੇ ਭਨਾਏ, ਝੱਗੇ ਦੋਲੇ ਦੇ ਸੁਆਏ
ਡੂੰਗੇ ਸਿਟੇ ਪਿੜ ਸੁੱਟ, ਕੱਢੇ ਦਾਣੇ ਕੁੱਟ ਕੁੱਟ, ਸੁਟੇ ਟਾਂਡ ਘਰ ਢੋਹੁ, ਨਾਲੇ ਤੋਹੁ ਨਾਲੇ ਭੋਹ
ਸਾਡੇ ਘਰ 'ਕੁਝ' ਆਇਆ ਹੇ-ਹੋ-ਹਾ-ਹ-ਹੋ-ਹਾ, ਵਰ੍ਹਾ ਮਰਦਿਆਂ ਪਿੰਨਦਿਆਂ ਢੋਲਾ
ਹੇ-ਹੋ-ਹਾ ।੯।

ਆਇਆ ਪੋਹ ਕਕਰੀਲਾ, ਕੀਤਾ ਸਭਨਾਂ ਕੋਈ ਹੀਲਾ, ਰਲਾਇਆ ਹੋਰ੍ਹਾਂ ਨਿੱਕ-ਸੁੱਕ
ਅਸਾਂ ਤਿਲ੍ਹ ਹੀ ਲਏ ਕੁੱਟ, ਭਰੇ ਲੇਫ ਤੇ ਤਲਾਈਆਂ, ਲੋਕਾਂ ਭੱਠੀਆਂ ਮਘਾਈਆਂ
ਲਾਹ ਭੇਡਾਂ ਦੀ ਵੀ ਉਨ, ਸਠਾਂ ਕਪੜੇ ਲਏ ਉਣ, ਵਗ ਠੱਕਾ ਪਏ ਮੀਂਹ
ਲੜੇ ਸੱਪ ਪਏ ਸ਼ੀਂਹ, ਸਾਨੂੰ ਕੋਈ ਨਾ ਪਰਵਾਹ, ਸਾਡੇ ਖੇਤ ਨੇ ਉਗਾਹ
ਸਾਡਾ ਨਿੱਘ ਸਾਡਾ ਕੰਮ, ਲਵੇ ਹਰ ਥਾਂ ਹੀ ਸਿਝ, ਇਹ ਫੌਲਾਦੀ ਸਾਡਾ ਚਮ
ਛਡ ਨਿੱਘੀਆਂ ਬੁਕਲਾਂ, ਹੇ-ਹੋ-ਹਾ-ਹੇ-ਹੋ-ਹਾ ਰਾਤਾਂ ਲਘਣ ਸਿੰਵਦਿਆਂ ਢੋਲਾ
ਹੇ-ਹੋ-ਹਾ ।੧੦।

ਹੁਣ ਆ ਗਿਆ ਮਾਘ, ਧਰਤੀ ਮਾਤਾ ਪਈ ਜਾਗ, ਹੋਇਆ ਗੰਦਲਾਂ ਦਾ ਸਾਗ
ਆਇਆ ਚੇਹਰਿਆਂ ਤੇ ਭਾਗ. ਕੱਢੇ ਹਲ ਡੰਗੇ ਚਉ, ਖਾਧਾ ਤੱਤਾ ਤੱਤਾ ਗੁੜ
ਰੱਜ ਰੱਜ ਪੀਤਾ ਰਹੁ. ਕਿਸੇ ਕਿਸੇ ਦਿਨ ਸ਼ਾਮ. ਮੁੰਡੇ ਗਭਰੂ ਜੁਆਨ
ਸੁਕੇ ਹੱਡੀਂ ਡੇਡ ਲਾਉਣ. ਨਾਲੇ ਮੂੰਗਲੀ ਘੁੰਮਾਉਣ, ਮਘੇ ਕੌਡੀ-ਬਾਡੀ ਖੇਡ
ਕਦੇ ਖਿਦੋ ਲਿਆਉਣ ਰੇੜ੍ਹ, ਗੁਲਾ ਡੰਡਾ, ਡੇਡਾ ਡੁਕ, ਤੋੜੀ ਬਾੜ ਭੰਨੇ ਰੁਖ
ਘੁਸ-ਮੁਸੇ 'ਖਾਓ-ਪੀਓ' ਦੇ, ਹੇ-ਹੋ-ਹਾ-ਹੇ-ਹੋ-ਹਾ, ਗਏ ਕਿਣ ਮਿਣ ਕਰਦਿਆਂ ਢੋਲਾ
ਹੇ-ਹੇ-ਹਾ ।੧੧।

ਅੰਤ ਫਗਣ ਵੀ ਆਇਆ, ਸਾਡਾ ਵਰ੍ਹਾ 'ਗਿਆ ਆਇਆ', ਭੂੰਡੀ ਸਰ੍ਹਵਾਂ ਨੂੰ ਖਾਏ
ਸੋਨਾ ਮਿੱਟੀ ਬਣੀ ਜਾਏ, ਪਿਆਜੀ ਰਸ ਲਿਆ ਚੂਸ, ਹਾੜੀ ਹੋਈ ਪੀਲੀ ਭੂਕ
ਕਣਕਾਂ ਚਿ ਕਾਂਗਿਆਰੀ, ਬਣਾ ਖੜ੍ਹੀ ਘਟਾ ਕਾਲੀ; ਲੈ ਲੈ ਇਕ ਇਕ ਝੂੜਾ
ਕਰੀ ਦੇਵਤਿਆਂ ਜਿਉਂ ਪੂਜਾ, ਲੰਘੇ ਸਾਰੇ ਹਾੜ ਸਿਆਲ, ਸਾਡਾ ਰਿਹਾ ਉਹੋ ਹਾਲ
ਲਹਿਣੇਦਾਰਾਂ ਅੱਖਾਂ ਪਾੜੀਆਂ, ਹੇ-ਹੋ-ਹਾ, ਨਿਗਾਹ ਸਾਡੇ ਵਲ ਸਿਨ੍ਹਦਿਆਂ ਢੋਲਾ ਹੇ-ਹੋ-ਹਾ
ਅਸੀਂ ਧਰਤੀ ਦੇ ਗੀਤ, ਪਹਿਲੀ ਬਦਲ ਦੇਣੀ ਰੀਤ, ਅਸੀਂ ਧਰਤੀ ਦੇ ਜਾਏ
ਹੁਣ ਦਿਨ ਸਾਡੇ ਆਏ, ਅਸੀਂ ਧਰਤੀ ਦੇ ਪੁੱਤ, ਪਹਿਲੀ ਬਦਲ ਦੇਣੀ ਰੁੱਤ
ਅਸਾਂ ਬਦਲਣਾ ਜ਼ਮਾਨਾ, ਹੁਣ ਖਾਣੈ ਤੇ ਹੰਢਾਣਾ, ਅਸੀਂ ਜੁਗ ਪਲਟਾਣਾ
ਰਾਜ ਘਰ ਦਾ ਬਨਾਣਾ, ਭੁਖ ਨੰਗ ਨਾਲੋਂ ਲਾਹੁਣੀ, ਏਹ ਤਾਣੀ ਸੁਲਝਾਉਣੀ
ਜੋ ਲੰਘ ਗਈ ਸੋ ਲੰਘਗੀ, ਹੇ-ਹੋ-ਹਾ-ਹੇ-ਹੋ-ਹਾ; ਆਪਣਾ ਆਪ ਪਿੰਜਦਿਆਂ ਢੋਲਾ
ਹੇ-ਹੋ-ਹਾ ।੧੨।

---



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com